# ਰਾਮ ਸਰੂਪ ਅਣਖੀ
# ਦੀਆਂ
# ਸਾਰੀਆਂ ਕਹਾਣੀਆਂ

(ਭਾਗ ਪੰਜਵਾਂ)

## ਰਾਮ ਸਰੂਪ ਅਣਖੀ ਦੀਆਂ ਹੋਰ ਰਚਨਾਵਾਂ

- ਕੋਠੇ ਖੜਕ ਸਿੰਘ
- ਕੱਖਾਂ ਕਾਨਿਆਂ ਦੇ ਪੁਲ
- ਜਮੀਨਾਂ ਵਾਲੇ
- ਬਸ ਹੋਰ ਨਹੀਂ
- ਦੁੱਲੇ ਦੀ ਢਾਬ
- ਆਪਣੀ ਮਿੱਟੀ ਦੇ ਰੁੱਖ
- ਸੁਗੰਧਾਂ ਜਿਹੇ ਲੋਕ
- ਤੂੰ ਵੀ ਮੁੜ ਆ ਸਦੀਕ
- ਪਰਤਾਪੀ
- ਕੈਦਣ
- ਕਿੱਲੇ ਨਾਲ ਬੰਨ੍ਹਿਆ ਆਦਮੀ
- ਗੇਲੋ
- ਭੀਮਾ
- ਮਲ੍ਹੇ ਝਾੜੀਆਂ
- ਜ਼ਖ਼ਮੀ ਅਤੀਤ
- ਸੁਲਗਦੀ ਰਾਤ
- ਜਿਨ ਸਿਰ ਸੋਹਣਿ ਪੱਟੀਆਂ
- ਕਣਕਾਂ ਦਾ ਕਤਲੇਆਮ
- ਪਿੰਡ ਦੀ ਮਿੱਟੀ
- ਮੋਏ ਮਿੱਤਰਾਂ ਦੀ ਸ਼ਨਾਖਤ

# ਰਾਮ ਸਰੂਪ ਅਣਖੀ
# ਦੀਆਂ
# ਸਾਰੀਆਂ ਕਹਾਣੀਆਂ
## (ਭਾਗ ਪੰਜਵਾਂ)

ਸੰਗ੍ਰਹਿ ਕਰਤਾ : ਕਰਾਂਤੀ ਪਾਲ

# Ram Sarup Anakhi Dian Sarian Kahanian (Part-5)

## Editing by : Krantipal

•

# ਸਮਰਪਣ

ਛੋਟੇ ਵੀਰ
ਰਾਜਾ ਦਬੜੀਖਾਨੇ
ਦੇ ਨਾਂ

•



੦ ਅਸਲ ਵਿੱਚ ਲੇਖਕ ਓਸੇ ਮਾਹੌਲ ਨੂੰ ਲੈ ਕੇ ਲਿਖਦਾ ਹੈ, ਜਿਸ ਦਾ ਉਹਨੂੰ ਨਿੱਜੀ ਅਨੁਭਵ ਹੋਵੇ। ਮੈਨੂੰ ਤਾਂ ਪਿੰਡਾਂ ਦੇ ਨੇੜੇ ਦਾ ਅਨੁਭਵ ਹੈ। ਮੇਰਾ ਬਾਪ ਹਲਵਾਹਕ ਸੀ। ਅਸੀਂ ਜ਼ਮੀਨਾਂ ਵਾਲੇ ਹਾਂ। ਕਾਲਜ ਦੀ ਪੜ੍ਹਾਈ ਵਿੱਚੇ ਛੱਡ ਕੇ ਦੋ-ਤਿੰਨ ਸਾਲ ਮੈਂ ਖ਼ੁਦ ਵੀ ਖੇਤੀ ਦਾ ਕੰਮ ਕੀਤਾ ਸੀ। ਫੇਰ ਜਿਨ੍ਹਾਂ ਕਿਸਾਨ-ਲੋਕਾਂ ਵਿੱਚ ਮੇਰਾ ਬਚਪਨ ਬੀਤਿਆ, ਉਨ੍ਹਾਂ ਵਿੱਚ ਮੈਂ ਖੇਡਿਆ-ਪਲ਼ਿਆ, ਵੱਡਾ ਹੋ ਕੇ ਵੀ ਕੋਈ ਚੁਤਾਲੀ-ਪੰਤਾਲੀ ਸਾਲਾਂ ਦੀ ਉਮਰ ਤੱਕ ਜੱਟ-ਕਿਸਾਨਾਂ ਵਿੱਚ ਹੀ ਵਿਚਰਦਾ ਰਿਹਾ, ਮੈਨੂੰ ਤਾਂ ਉਨ੍ਹਾਂ ਲੋਕਾਂ ਦਾ ਹੀ ਪਤਾ ਹੈ। ਫੇਰ ਸਾਡੇ ਪਿੰਡ ਧੌਲ਼ਾ ਤੋਂ ਮਾਨਸਾ-ਬਠਿੰਡਾ ਵੱਲ ਸਾਡੀਆਂ ਰਿਸ਼ਤੇਦਾਰੀਆਂ ਸਨ, ਆਉਣ-ਜਾਣ ਸੀ, ਇਨ੍ਹਾਂ ਚਾਲ੍ਹੀ-ਪੰਜਾਹ ਪਿੰਡਾਂ ਵਿੱਚ ਮੇਰਾ ਸਾਰੀ ਉਮਰ ਦਾ ਤੋਰਾ-ਫੇਰਾ ਸੀ। ਇਨ੍ਹਾਂ ਚਾਲ੍ਹੀ-ਪੰਜਾਬ ਪਿੰਡਾਂ ਦਾ ਮਿੱਟੀ-ਪਾਣੀ ਮੈਨੂੰ ਜਾਣਦਾ ਹੈ। ਮੇਰੀਆਂ ਕਹਾਣੀਆਂ ਤੇ ਨਾਵਲਾਂ ਵਿੱਚ ਇਨ੍ਹਾਂ ਪਿੰਡਾਂ ਦੀ ਆਬੋ-ਹਵਾ ਹੈ, ਮਿੱਟੀ ਦੀ ਸੁਗੰਧ ਹੈ। ਮੇਰੀਆਂ ਰਚਨਾਵਾਂ ਇਨ੍ਹਾਂ ਪਿੰਡਾਂ ਦੇ ਦਾਇਰੇ ਵਿੱਚ ਹੀ ਘੁੰਮਦੀਆਂ ਹਨ। ਰਚਨਾ ਨੂੰ ਕੱਚਾ ਮਸਾਲਾ ਇੱਥੋਂ ਹੀ ਮਿਲਦਾ ਹੈ। ਇਸ ਦਾਇਰੇ ਵਿੱਚੋਂ ਬਾਹਰ ਕਿਧਰੇ ਜਾ ਕੇ ਰਚਨਾ ਦੀ ਭਾਲ ਕਰਾਂਗਾ ਤਾਂ ਮੇਰੀ ਕਲਮ ਭਟਕ ਜਾਵੇਗੀ।

ਇੰਗਲੈਂਡ ਆਪਣੇ ਚਹੇਤੇ ਨਾਵਲਕਾਰ ਥਾਮਸ ਹਾਰਡੀ ਦਾ ਜਨਮ-ਸਥਾਨ ਅਤੇ ਉਹਦੀ ਕਰਮ-ਭੂਮੀ ਦੇਖਣ ਗਿਆ ਤਾਂ ਮੈਨੂੰ ਮੇਰੀ ਸੋਚ ਦੀ ਪ੍ਰੋੜ੍ਹਤਾ ਮਿਲੀ ਕਿ ਹਾਡਰੀ ਵੀ ਮੇਰੇ ਵਾਂਗ ਹੀ ਸੋਚਦਾ-ਕਰਦਾ ਸੀ। ਉਹਦੇ ਸਾਰੇ ਨਾਵਲਾਂ ਦੇ ਘਟਨਾ-ਸਥਲ ਇੱਕ ਖ਼ਾਸ ਖੇਤਰ ਵਿੱਚੋਂ ਹਨ। ਇਸ ਵਿਸ਼ੇਸ਼ ਖੇਤਰ ਦਾ ਨਾਂ ਉਹਨੇ ਵੈਸੈਕਸ ਰੱਖਿਆ ਹੋਇਆ ਸੀ। ਮੇਰਾ ਵੈਸੈਕਸ ਮੇਰੇ ਪਿੰਡ ਧੌਲ਼ਾ ਤੋਂ ਲੈ ਕੇ ਮਾਨਸਾ-ਬਠਿੰਡਾ ਇਲਾਕੇ ਦੇ ਇਹ ਚਾਲ੍ਹੀ-ਪੰਜਾਹ ਪਿੰਡ ਹਨ।

ਇਸ ਤੱਥ ਨਾਲ ਵੀ ਮੈਨੂੰ ਬਹੁਤ ਤਸੱਲੀ ਮਿਲਦੀ ਹੈ ਕਿ ਦੁਨੀਆ ਦਾ ਬਿਹਤਰੀਨ ਸਾਹਿਤ ਖ਼ਾਸ ਕਰਕੇ ਗਲਪ-ਸਾਹਿਤ ਪਿੰਡਾਂ ਬਾਰੇ ਹੀ ਲਿਖਿਆ ਹੋਇਆ ਹੈ।

*ਮਲ੍ਹੇ ਝਾੜੀਆਂ (ਸ੍ਵੈ-ਜੀਵਨੀ) ਵਿੱਚੋਂ*

੦ ਬਾਪੂ ਦੀਆਂ ਰਚੀਆਂ ਸਾਰੀਆਂ ਕਹਾਣੀਆਂ ਨੂੰ ਇੱਕੋ ਜਗ੍ਹਾ ’ਤੇ ਇਕੱਠਾ ਕਰਨ ਦਾ ਅਰਥ ਹੈ ਕਿ ਉਨ੍ਹਾਂ ਦੀਆਂ ਸਮੁੱਚੀਆਂ ਕਹਾਣੀਆਂ ਨੂੰ ਸੰਭਾਲ ਕੇ ਰੱਖਣਾ।

ਇਤਫ਼ਾਕ ਇਹ ਕਹਾਣੀਆਂ ਮੈਂ ਉਦੋਂ ਸਾਰੀਆਂ ਪੜ੍ਹੀਆਂ ਜਦੋਂ ਉਹ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਸੋਚਦਾ ਹਾਂ ਇਹ ਕਹਾਣੀਆਂ ਜੇ ਮੈਂ ਉਨ੍ਹਾਂ ਦੇ ਜਿਉਂਦੇ ਜੀਅ ਪੜ੍ਹ ਲੈਂਦਾ ਤਾਂ ਕੋਈ ਸੰਵਾਦ ਉਨ੍ਹਾਂ ਨਾਲ ਰਚਾ ਸਕਦਾ ਸੀ ਕਿ ਇਹ ਫਲਾਣੀ ਕਹਾਣੀ ਦੀ ਘਟਨਾ/ਪਾਤਰ ਉਸ ਪਿੰਡ ਦੇ ਨੇ...

ਚਲੋ ਖ਼ੈਰ, ਜੋ ਹੋਣਾ ਸੀ ਹੋ ਗਿਆ। ਬਾਪੂ ਕਥਾਕਾਰ ਵੱਡਾ ਸੀ। ਉਸ ਨੂੰ ਕਹਾਣੀ ਕਹਿਣੀ ਆਉਂਦੀ ਸੀ, ਉਸ ਨੇ ਕਹਾਣੀਆਂ ਲਿਖੀਆਂ/ਨਾਵਲ ਲਿਖੇ, ਪਰ ਕਥਾਰਸ ਉਨ੍ਹਾਂ ਦੇ ਅੰਗ-ਸੰਗ ਰਿਹਾ।

ਕਹਾਣੀ ਦੇ ਖੇਤਰ ’ਚ ਮਕਬੂਲ ਬਾਪੂ, ਨਾਵਲ ਦੇ ਖੇਤਰ ਵਿੱਚ ਵੀ ਮਕਬੂਲ ਹੋਇਆ। ਨਾਵਲਗਿਰੀ ਨੇ ਉਨ੍ਹਾਂ ਦੀਆਂ ਕਹਾਣੀਆਂ ਨੂੰ ਢਾਹ ਲਾਈ, ਪਰ ਜਦੋਂ ਅਸੀਂ ਉਨ੍ਹਾਂ ਦੀਆਂ ਕਹਾਣੀਆਂ ਪੜ੍ਹਦੇ ਹਾਂ ਤੇ ਫਿਰ ਨਾਵਲ, ਉਦੋਂ ਇਹ ਗੱਲ ਸਮਝ ਆਉਂਦੀ ਹੈ ਕਿ ਉਨ੍ਹਾਂ ਨੇ ਕਹਾਣੀ ਛੱਡ ਕੇ ਨਾਵਲ ਲਿਖਣ ਦਾ ਰਾਹ ਕਿਉਂ ਅਪਣਾਇਆ। ਬਾਪੂ ਦੀਆਂ ਕਹਾਣੀਆਂ ਪੜ੍ਹ ਕੇ ਉਨ੍ਹਾਂ ਕਹਾਣੀਆਂ ਦੇ ਧੁਰ ਅੰਦਰ ਜਾ ਕੇ ਪਤਾ ਲਗਦਾ ਹੈ ਕਿ ਬਾਪੂ ਕਿੱਡਾ ਵੱਡਾ ਕਥਾਕਾਰ ਸੀ। ਕਈ ਕਹਾਣੀਆਂ ਪੜ੍ਹ ਕੇ ਤਾਂ ਅੰਦਰੋਂ ਆਵਾਜ਼ ਨਿੱਕਲਦੀ ਹੈ, “ਵਾਹ ਬਾਪੂ ਕਮਾਲ ਕਰਤੀ।”

ਇਹ ਕਹਾਣੀਆਂ ਜੀਵਨ ਦੇ ਉਨ੍ਹਾਂ ਰੰਗਾਂ ਨੂੰ ਬਿਖੇਰਦੀਆਂ ਹਨ ਜਿਹੜੇ ਰੰਗ ਸਮੇਂ ਦੀ ਧੂੜ ’ਚ ਫਿੱਕੇ ਪੈ ਗਏ।

ਐਨੀ ਸਾਦਗੀ ਨਾਲ ਸਰਲਤਾ ਦਾ ਪ੍ਰਗਟਾਵਾ ਕਰਦੀਆਂ ਇਹ ਕਹਾਣੀਆਂ ਪੰਜਾਬੀ ਕਹਾਣੀ ਦੀ ਪਰਿਭਾਸ਼ਾ ਸਿਰਜਣ ਦੇ ਸਮਰੱਥ ਬਣੀਆਂ ਹਨ ਜਿਸ ਨੇ ਇਹ ਸਿੱਧ ਕੀਤਾ ਹੈ ਕਿ ਅਣਖੀ ਜਿਉਂਦਾ ਹੈ...

4 ਮਾਰਚ, 2018

- ***ਕਰਾਂਤੀ ਪਾਲ***

# ਭਾਗ ਪੰਜਵਾਂ

# ਤਤਕਰਾ


| | | |
|---|---|---|
| 1. | ਉਸ ਦਾ ਦੁੱਖ | 13 |
| 2. | ਮੈਂ ਕਹਾਣੀ ਲਿਖਾਂਗਾ | 17 |
| 3. | ਆ 'ਗੇ ਓਏ | 22 |
| 4. | ਦੋਸਤੀ ਦਾ ਸਿਮਰਨ | 26 |
| 5. | ਧਰਮਾਤਮਾ | 30 |
| 6. | ਇੱਕ ਔਰਤ | 34 |
| 7. | ਨਸੀਮ ਦਾ ਘਰ | 39 |
| 8. | ਤੰਗ ਮੂਹਰੀ ਦੀ ਸਲਵਾਰ | 44 |
| 9. | ਚਾਚਾ ਜਾਵੇਦ | 50 |
| 10. | ਕੀ ਪਤਾ ਸੀ? | 54 |
| 11. | ਅਫ਼ਸੋਸ | 58 |
| 12. | ਪੁਰਾਣੀ ਜਲੂਣ | 64 |
| 13. | ਆਦਰਸ਼ਵਾਦੀ | 67 |
| 14. | ਰੇਸ਼ਮ ਦੀਆਂ ਗੰਢਾਂ | 73 |
| 15. | ਖੱਟਾ ਅੰਬ | 81 |
| 16. | ਛੱਪੜੀ ਵਿਹੜਾ | 87 |
| 17. | ਪਰਛਾਵਿਆਂ ਦਾ ਮੋਹ | 114 |
| 18. | ਸਾਈਡ ਬਿਜ਼ਨਸ | 119 |
| 19. | ਧੀ-ਧਿਆਣੀ | 125 |
| 20. | ਇੱਕ ਦਲੇਰ ਔਰਤ | 129 |
| 21. | ਚੜ੍ਹਦੀ ਕਲਾ | 135 |
| 22. | ਆਪਣੇ ਘੜੇ ਦਾ ਪਾਣੀ | 144 |
| 23. | ਹੱਡੀਆਂ | 148 |
| 24. | ਕਾਮਰੇਡ ਮਨਸ਼ਾ ਰਾਮ | 152 |

| | | |
|---|---|---|
| 25. | ਦਹਿਲ | 155 |
| 26. | ਆਪਣੀ ਧਰਤੀ | 161 |
| 27. | ਹਾਲਾਤ | 165 |
| 28. | ਭੀੜੀ ਗਲੀ | 171 |
| 29. | ਤਕਸੀਮ | 175 |
| 30. | ਪਤੀ | 180 |
| 31. | ਅਸਲੀ ਤੇ ਪੁਰਾਣੀ ਦੁਕਾਨ | 184 |
| 32. | ਭਲੇ ਵੇਲਿਆਂ ਦੀ ਗੱਲ | 188 |
| 33. | ਫ਼ਾਸਲੇ | 192 |
| 34. | ਸੰਦੂਕੜੀ | 197 |
| 35. | ਮਨਹੂਸ | 203 |
| 36. | ਜਵਾਰਭਾਟਾ | 209 |

# ਉਸ ਦਾ ਦੁੱਖ

ਕਿਸ ਨੂੰ ਪਤਾ ਸੀ, ਇਹ ਦਿਨ ਵੀ ਆਉਣਗੇ?

ਦੋਸਤ ਦਾ ਖ਼ਤ ਆਇਆ ਹੈ, 'ਸੁੱਖ ਦੇ ਦਿਨ ਜੇ ਨਹੀਂ ਰਹੇ ਤਾਂ ਰਹਿੰਦੇ ਦੁੱਖਾਂ ਦੇ ਦਿਨ ਵੀ ਨਹੀਂ। ਦਿਲ ਨੂੰ ਤਸੱਲੀ ਦੇਹ। ' ਪਰ ਕੀ ਕਰਾਂ, ਮਨ ਕਿਸੇ ਵੀ ਗੱਲ 'ਤੇ ਟਿਕਦਾ ਨਹੀਂ।

ਹੁਣੇ ਸ਼ੀਸ਼ੇ ਅੱਗੇ ਬੈਠ ਕੇ ਮਾਵਾ ਦਿੱਤੀ ਪੱਗ ਪਾਣੀ ਲਾ ਕੇ ਬੰਨ੍ਹੀ ਹੈ। ਪੱਗ ਬਹੁਤ ਸੋਹਣੀ ਬੱਝੀ ਹੈ, ਪਰ ਮਨ ਰੋ ਉੱਠਿਆ ਹੈ। ਕਿਸ ਨੂੰ ਕਹਾਂ– 'ਦੇਖੀਂ, ਚੰਗੀ ਬੱਝ ਗਈ?' ਕੰਮ 'ਤੇ ਜਾਣ ਦਾ ਵੇਲਾ ਹੁੰਦਾ ਹੈ, ਜਾਣਾ ਹੀ ਹੈ, ਰੋਟੀ?

'ਚੱਲਿਆ ਮੈਂ ਤਾਂ।'

'ਹੈਂ...'

'ਹਾਂ....'

'ਬਿੰਦ ਕੁ ਬਹਿ ਜਾ ਮੇਰੇ ਕੋਲ।'

ਉਸ ਦੇ ਮੰਜੇ ਦੀ ਬਾਹੀ 'ਤੇ ਬੈਠ ਜਾਂਦਾ ਹਾਂ। ਉਸ ਦਾ ਹੱਥ ਫੜ ਕੇ ਘੁੱਟਦਾ ਹਾਂ। ਜਾਣ ਦੀ ਕਾਹਲ ਵਿੱਚ ਹਾਂ। ਉਸ ਦੇ ਹੱਥ ਵਿਚੋਂ ਆਪਣਾ ਹੱਥ ਛੁਡਾਉਣ ਦਾ ਯਤਨ ਕਰਦਾ ਹਾਂ, ਪਰ ਮੇਰੇ ਹੱਥ ਨੂੰ ਕਾਲਜੇ ਨਾਲ ਲਾ ਕੇ ਕਾਹਨੂੰ ਕਾਲਜੇ ਵਿੱਚ ਖੁਭੋ ਕੇ ਕਹਿੰਦੀ ਹੈ– 'ਰਾਜ, ਕਦ ਮੁੜੇਂਗਾ ਹੁਣ?'

'ਦੋ ਵਜੇ।'

ਉਹ ਹਉਕਾ ਲੈਂਦੀ ਹੈ। ਕਹਿੰਦੀ ਹੈ– 'ਹਿੱਕ ਨਾਲ ਲੱਗ ਜਾ।'

'ਇਉਂ ਨਾ ਕਰ।'

'ਕਿਉਂ? ਉਸ ਨੇ ਮੇਰਾ ਹੱਥ ਫੜ ਰੱਖਿਆ ਹੈ।

'ਸਾਹਮਣੇ ਬੱਚੇ ਤੁਰੇ ਫਿਰਦੇ ਨੇ। ਕੀ ਕਹਿਣਗੇ?'

'ਚੰਗੇ, ਜਾਹ ਰਾਜ।'

ਤੁਰਨ ਲੱਗਦਾ ਹਾਂ। ਇੱਕ ਵਿਲਕਦੀ ਚਿਚਲਾਂਦੀ ਹੂੰਗਰ ਕੰਨੀਂ ਪੈਂਦੀ ਹੈ।

'ਕਿਉਂ?'

'ਜਣੀਂਦੀ ਕਾਲਜਾ ਕੱਢ ਲਿਆ ਕਾਸੇ ਨੇ। ਫੜੀਂ ਏਥੋਂ। ਦੱਬ ਕੇ ਘੁੱਟ ਲੈ।'

ਉਸ ਦੇ ਕਾਲਜੇ ਵਿੱਚ ਮੁੱਕੀ ਦਿੰਦਾ ਹਾਂ।

'ਤੇਰ੍ਹਵੀ ਤਾਂ ਕੀਤੀ ਸੀ ਰੱਬ ਨੇ, ਇਹ ਡੋਬ ਕਾਹਤੋਂ ਪੈਂਦੇ ਨੇ?'

'ਤੂੰ ਚਿੰਤਾ 'ਚ ਨਾ ਕਰਿਆ ਕਰ ਬਹੁਤਾ। ਦਿਲ ਨੂੰ ਖੜ੍ਹਾਅ ਹੁਣ।'

'ਚੰਦ , ਤੇਰਾ ਆਉਂਦੇ ਦਾ ਮੂੰਹ ਦੇਖਦੀ ਸੀ, ਜਾਂਦੇ ਦੀ ਪਿੱਠ ਦੇਖਦੀ ਸੀ। ਬੁੱਥ ਬਣ ਕੇ ਬੈਠ ਗਈ। ਹਾਏ! ਏਦੂੰ ਤਾਂ ਲੈਂ ਜਾਂਦਾ ਰੱਬ।'

'ਦੇਖ, ਤੇਰਾ ਕੁਝ ਨਹੀਂ ਵਿਗੜਿਆ। ਮੌਜਾਂ ਨਾਲ ਬੈਠ ਹੁਣ। ਸੇਵਾ ਤੇਰੀ ਪੂਰੀ ਹੋਏਗੀ। ਸਾਰਾ ਟੱਬਰ ਹੱਥ 'ਤੇ ਥੁੱਕ ਲੈਂਦਾ ਐ। ਤੈਨੂੰ ਝੋਰਾ ਕਿਹੜੀ ਗੱਲ ਦਾ?'

'ਤੇਰਾ ਰਾਜ ਖੁੱਸ ਗਿਆ ਲਾਲ। ਤੇਰੇ ਕਰਮਾਂ 'ਚ ਸੁੱਖ ਨਹੀਂ ਸੀ।'

ਟੋਹ ਕੇ ਮੇਰਾ ਚਿਹਰਾ ਫੜਦੀ ਹੈ। ਮੱਥਾ, ਅੱਖਾਂ, ਨੱਕ, ਗੱਲ੍ਹਾਂ ਤੇ ਫਿਰ ਠੋਡੀ ਉੱਤੋਂ ਹੱਥ ਫੇਰ ਕੇ ਕਹਿੰਦੀ ਹੈ– 'ਮੂੰਹ ਦੇਖੇ, ਨਿੱਕਾ ਜਿਹਾ ਬਣ ਗਿਆ। ਹਾਏ!'... ਤੇ ਉਸ ਨੂੰ ਫਿਰ ਡੋਬ ਪੈ ਜਾਂਦਾ ਹੈ।

'ਕਿੱਥੇ ਲੈ ਜਾਵਾਂ ਦੱਸ ਤੈਨੂੰ ਹੁਣ? ਲੁਧਿਆਣਾ, ਚੰਡੀਗੜ੍ਹ, ਅੰਮ੍ਰਿਤਸਰ ਸਭ ਦੇਖ ਲਿਆ। ਹੁਣ ਤਾਂ ਦਿਲ ਨੂੰ ਪੱਥਰ ਬਣਾਅ।'

ਕੁਝ ਦੇਰ ਉਹ ਚੁੱਪ ਰਹਿੰਦੀ ਹੈ। ਤੇ ਫਿਰ ਪੁੱਛਦੀ ਹੈ– 'ਛੋਟਾ?'

'ਆਹ ਖੜ੍ਹਾ ਐ।'

'ਚੱਲਿਆ ਪੁੱਤ ਸਕੂਲ ਨੂੰ?'

'ਹਾਂ ਮਾਂ।'

'ਉਰੇ ਹੋ, ਉਹ ਉਸ ਦੇ ਸਿਰ ਨੂੰ ਗੋਦੀ ਵਿੱਚ ਲੈ ਕੇ ਚੁੰਮਦੀ ਹੈ ਤੇ ਫਿਰ ਪੁੱਛਦੀ ਹੈ– 'ਵੱਡਾ?'

ਉਹ ਆਪਣੇ ਆਪ ਹੀ ਆਪਣਾ ਸਿਰ ਉਸ ਦੀ ਗੋਦੀ ਵਿੱਚ ਧਰ ਦਿੰਦਾ ਹੈ। ਚੁੰਮਦੀ ਹੈ। ਦੋਵਾਂ ਦੇ ਹੱਥਾਂ ਦੇ ਪਿਆਰ ਲੈਂਦੀ ਹੈ– 'ਚੰਗਾ ਪੁੱਤ, ਜਾਓ।'

ਉਸ ਦਾ ਹੱਥ ਘੁੱਟਦਾ ਹਾਂ। ਕਹਿੰਦਾ ਕੁਝ ਨਹੀਂ। ਚਲਿਆ ਜਾਂਦਾ ਹਾਂ। ਦੋਵੇਂ ਲੜਕੇ ਸਕੂਲ ਨੂੰ ਜਾਂਦੇ ਹਨ। ਉਨ੍ਹਾਂ ਦੇ ਚਿਹਰੇ ਲਟਕੇ ਹੋਏ ਹਨ। ਛੋਟੇ ਦੀਆਂ ਮਿਰਗਛਾਲਾਂ ਕਿੱਧਰ ਗਈਆਂ? ਵੱਡੇ ਦਾ ਚਾਅ?

ਲੇਟ ਹਾਂ। ਸਾਥੀ ਉਸ ਦੀ ਸੁੱਖ ਸਾਂਦ ਪੁੱਛਦੇ ਹਨ।

'ਠੀਕ ਐ।ਠੀਕ ਈ ਐ।'

ਵਕਤ ਦਾ ਪਾਬੰਦ, ਦੂਜਿਆਂ ਨਾਲ ਲੜਦਾ ਹੁੰਦਾ– 'ਜਦ ਪਤਾ ਐ ਇਸ ਵਕਤ ਪਹੁੰਚਣਾ ਐਂ ਫਿਰ ਯਾਰ ਨਿੱਤ ਈ ਲੇਟ ਆਉਣ ਦਾ ਮਤਲਬ? ਹੋਇਆ ਕੋਈ ਮਜ਼ਬੂਰੀ...'

ਸੋਚਦਾ ਹਾਂ, ਇਸ ਮਜ਼ਬੂਰੀ ਦੀ ਉਮਰ?

ਘਰ ਆਉਂਦਾ ਹਾਂ। ਆਉਂਦਾ ਸਾ, ਪਾਣੀ ਦਾ ਗਲਾਸ ਨਾਲ ਦੀ ਨਾਲ ਲਿਆ ਕੇ ਮੇਜ਼ 'ਤੇ ਰੱਖ ਦਿੰਦੀ ਸੀ। ਮੰਜੇ 'ਤੇ ਬੈਠ ਜਾਂਦਾ ਹਾਂ। ਪੈੜ ਚਾਲ ਸੁਣ ਕੇ ਹੀ ਉਹ ਸਮਝ ਗਈ ਹੈ। ਵੱਡੇ ਨੂੰ ਅਵਾਜ਼ ਮਾਰਦੀ ਹੈ। ਕਿਤੇ ਨਹੀਂ। ਛੋਟੇ ਨੂੰ । ਕਿਤੇ ਨਹੀਂ। ਤੇ ਫਿਰ ਪੈਂਦਾ ਉੱਤੇ ਬੈਠੀ ਉਸ ਦੀਆਂ ਲੱਤਾਂ ਘੁੱਟ ਰਹੀ ਮਾਂ ਨੂੰ ਹੀ ਉਹ ਕਹਿੰਦੀ ਹੈ– 'ਏਥੇ, ਪਾਣੀ ਦਾ ਗਲਾਸ ਲਿਆ ਦੇ, ਆਪਣੇ ਪੁੱਤ ਨੂੰ।'

'ਨਹੀਂ ਮਾਂ, ਮੈਂ ਆਪ ਹੀ ਪੀ ਲਵਾਂਗਾ।'

'ਮਾਂ, ਕਾਲਜਾ! ਉਹ ਕਰਾਹ ਕੇ ਕਹਿੰਦੀ ਹੈ। ਮਾਂ ਉਸ ਦੇ ਕਾਲਜੇ 'ਤੇ ਹੱਥ ਧਰਦੀ ਹੈ। ਪਾਣੀ ਦੀ ਕੋਈ ਲੋੜ ਨਹੀਂ।

‘ਬੇਬੇ?’

‘ਹਾਂ, ਪੁੱਤ।’

‘ਇੱਕ ਗੱਲ ਕਹਾਂ?’

‘ਹਾਂ ਦੱਸ ਧੀਏ?’

‘ਆਪਦੇ ਪੁੱਤ ਦਾ ਵਿਆਹ ਕਰ ਦੇਹ।’

ਇਹ ਗੱਲ ਉਹ ਕਈ ਵਾਰ ਮੈਨੂੰ ਕਹਿ ਚੁੱਕੀ ਹੈ। ਮਾਂ ਕੋਲ, ਪਰ ਅੱਜ ਹੀ।

‘ਲੈ, ਹੈ ਕਮਲੀ, ਤੂੰ?’ ਮਾਂ ਕਹਿੰਦੀ ਹੈ।

‘ਤੈਨੂੰ ਕਿੰਨੀ ਵਾਰ ਸਮਝਾਇਆ ਐ, ਮੈਨੂੰ ਵਿਆਹ ਦੀ ਕੋਈ ਲੋੜ ਨਹੀਂ। ਹੁਣ ਕੋਈ ਉਮਰ ਐ? ਤੇ ਇਨ੍ਹਾਂ ਬੱਚਿਆਂ ਦਾ ਜੀਵਨ ਬਰਬਾਦ ਕਰਨਾ ਐ। ਬਿਗਾਨੀ ਧੀ ਤਾਂ ਰੋਲ ਕੇ ਮਾਰ ਦਏਗੀ ਇਨ੍ਹਾਂ ਨੂੰ। ਕਿਸੇ ਦੇ ਕੀ ਲੱਗਦੇ ਨੇ ਇਹ? ਤੂੰ ਜਿਉਂਦੀ ਰਹਿ ਬੱਸ।’

‘ਮੈਨੂੰ ਤਾਂ ਤੇਰਾ ਝੋਰਾ ਹੋ ਗਿਆ, ਲਾਲ। ਜੇ ਰੱਬ ਮੇਰੀ ਫ਼ਰਿਆਦ ਸੁਣ ਲਵੇ, ਤੇਰੀ ਓਵੇਂ ਜਿਵੇਂ ਟਹਿਲਣ ਲੱਗ ਜਾਵਾਂ।’

‘ਮੇਰੇ ਦੱਸ ਕੀ ਗੋਲੀ ਵੱਜੀ ਐ? ਕੀ ਹੋਇਐ ਮੈਨੂੰ? ਮੈਂ ਆਪਣਾ ਆਪ ਸੰਭਾਲਣ ਜੋਗਾ ਬਥੇਰਾ ਆ। ਮੇਰਾ ਫਿਕਰ ਨਾ ਤੂੰ ਕਰ। ਮੈਨੂੰ ਤਾਂ ਸਗੋਂ ਤੇਰੀ ਸੇਵਾ ਕਰਕੇ ਹੁਣ ਸੁੱਖ ਮਿਲਦਾ ਐ। ਮਾਂ ਵਿਹੜੇ ਵਿੱਚ ਚਲੀ ਜਾਂਦੀ ਹੈ। ਜਾਂ ਸ਼ਾਇਦ ਦੂਜੇ ਕਮਰੇ ਵਿੱਚ।

‘ਕਿਉਂ ਜੁੜਨੇ ਸੀ ਮੇਰੇ ਹੱਥ ਤੇਰੇ ਨਾਲ? ਉਹ ਕਹਿੰਦੀ ਹੈ।

‘ਜੁੜਨੇ ਹੀ ਸਨ, ਜੁੜ ਗਏ।’

‘ਮੇਰੇ ਕਰਮਾਂ ’ਚ ਤਾਂ ਫ਼ਰਕ ਹੈ ਈ ਸੀ, ਮੇਰੇ ਨਾਲ ਤੇਰਾ ਜੀਵਨ ਵੀ ਦੁਖੀ ਹੋ ਗਿਆ।’

ਚੁੱਪ ਹਾਂ।

ਕਰਮਾਂ ਵਿੱਚ ਕੋਈ ਵਿਸ਼ਵਾਸ ਨਹੀਂ, ਪਰ.... ਉਸ ਦੇ ਕੋਲ ਹੀ ਆਪਣੇ ਮੰਜੇ ’ਤੇ ਲੇਟ ਗਿਆ ਹਾਂ। ਜ਼ਰਾ ਕੁ ਅੱਖ ਲੱਗੀ ਹੈ, ਝਟਕੇ ਜਿਹੇ ਨਾਲ ਜਾਗ ਪਿਆ ਹਾਂ। ਬੈਠਾ ਹੋ ਗਿਆ ਹਾ। ਉਸ ਦੇ ਹੱਥ ਵਿੱਚ ਮੂੰਗੀ ਦੇ ਦਾਣੇ ਹਨ। ਗਿਣ ਰਹੀ ਹੈ।

‘ਇਹ ਕੀ ਕਰਦੀ ਐਂ?’

‘ਕੁੱਛ ਨਹੀਂ।’

‘ਫੇਰ ਵੀ? ਇਹ ਦਾਣੇ?’

‘ਦੇਖਦੀ ਆਂ, ਸੰਸਾਰ ਦਿਸੇਗਾ?’

‘ਤੇ ਫਿਰ?’

‘ਕਦੇ ਦਾਣਾ ਵਧ ਜਾਂਦੈ, ਕਦੇ ਪੂਰੇ। ਛੋਈ ਬਣ ਕੇ ਰਹਿ ਗਈ ਹੈ ਜ਼ਿੰਦਗੀ।

ਕੱਲ ਧੋਤੀ ਹੋਈ ਪੈਂਟ ਪਾ ਕੇ ਗਿਆ। ਪਿਸ਼ਾਬ ਕਰਕੇ ਪੰਪ ’ਤੇ ਹੱਥ ਧੋਣ ਤੋਂ ਬਾਅਦ ਜੇਬ੍ਹ ਵਿੱਚ ਹੱਥ ਮਾਰਿਆ, ਰੁਮਾਲ ਨਹੀਂ ਸੀ। ਰੋਣ ਨਿਕਲ ਗਿਆ। ਧੋਤੀ ਪੈਂਟ ਖੂੰਟੀ ’ਤੇ ਲਟਕ ਰਹੀ ਹੁੰਦੀ। ਉਸ ਦੀ ਜੇਬ੍ਹ ਵਿੱਚ ਨਵਾਂ ਧੋਤਾ ਰੁਮਾਲ ਵੀ ਹੁੰਦਾ। ਨਿੱਕੇ ਨਿੱਕੇ ਕੰਮ ਵੀ ਇਹੀ ਕਰਦੀ। ਆਪਣੀ ਆਦਤ ਹੁਣ ਕਦ ਬਣੇਗੀ। ਇਹ ਨਿੱਕੇ ਨਿੱਕੇ ਝੋਰੇ ਹੀ ਲੈ ਡੁੱਬਣਗੇ।

ਦੋਸਤ ਪਤਾ ਲੈਣ ਆਉਂਦੇ ਹਨ। ਸਾਰੀ ਕਹਾਣੀ ਸੁਣਨ ਤੋਂ ਪਹਿਲਾਂ ਸਭ ਦਾ ਇੱਕੋ ਧਰਵਾਸ.... ਭਾਈ, ਕੋਈ ਪੈਸੇ ਟਕੇ ਦੀ ਲੋੜ ਹੋਵੇ ਤਾਂ ਦੱਸੀਂ। ਸੰਗੀਂ ਨਾ। ਜਿੰਨੇ ਕੁ ਜੋਗੇ ਹੈਗੇ ਆਂ, ਹਾਜ਼ਰ ਆਂ।' ਬੱਸ ਠੀਕ ਐ। ਅਜੇ ਤਾਂ ਸਰੀ ਜਾਂਦੈ।' ਇੱਕੋਂ ਜਵਾਬ ਹੁੰਦਾ ਹੈ।

ਦਿਲ ਕਹਿੰਦਾ ਹੈ– 'ਨਾ ਤਾਂ ਤੁਹਾਡੇ ਹਮਦਰਦੀ ਭਰੇ ਸ਼ਬਦਾਂ ਨਾਲ ਮੇਰਾ ਕੁਝ ਬਣਨਾ ਐਂ ਤੇ ਨਾ ਹੀ ਪੈਸਿਆਂ ਨਾਲ। ਮੈਂ ਤਾਂ ਉਨ੍ਹਾਂ ਪਲਾਂ ਦੀ ਉਡੀਕ ਵਿੱਚ ਆਂ, ਜਦ ਇਹ ਮੇਰੇ ਵੱਲ ਝਾਕ ਕੇ ਕਹੇਗੀ... ਹੁਣ ਤੂੰ ਪੱਗ ਬਹੁਤ ਛੋਟੀ ਬੰਨ੍ਹਣ ਲੱਗ ਪਿਆ। ਤੇਰੇ ਤਾਂ ਵੱਡੀ ਸਾਰੀ ਪੱਗ ਈ ਚੰਗੀ ਲੱਗਦੀ ਐ, ਫੁੱਲਵੀਂ ਜਿਹੀ । ਹੂੰ, ਐਡਾ ਮੂੰਹ, ਝੱਕਰੇ ਜਿੱਡਾ, ਪੱਗ ਭੋਰਾ ਕੁ?' ♦

# ਮੈਂ ਕਹਾਣੀ ਲਿਖਾਂਗਾ

ਦਿਨ ਛਿਪੇ ਜਿਹੇ ਮੋਟਰ ਸਾਈਕਲ ਲੈ ਕੇ ਉਹ ਅਚਾਨਕ ਮੇਰੇ ਕੋਲ ਆ ਗਿਆ। ਬਕਸੇ ਵਿਚੋਂ ਕੱਪੜੇ ਦੇ ਝੋਲੇ ਵਿੱਚ ਪਾ ਕੇ ਵਲੈਤੀ ਬੋਤਲ ਉਸ ਨੇ ਕੱਢੀ ਤੇ ਕਮਰੇ ਵਿੱਚ ਆ ਬੈਠਾ। ਮੋਟਰ ਸਾਈਕਲ ਵਿਹੜੇ ਵਿੱਚ ਹੀ ਖੜ੍ਹਾ ਰਹਿਣ ਦਿੱਤਾ। ਆਉਣ ਸਾਰ ਉਸ ਨੇ ਪਾਣੀ ਦਾ ਜੱਗ ਤੇ ਕੱਚ ਦੇ ਗਿਲਾਸ ਮੰਗਵਾਏ। ਉਸ ਦੀ ਗੱਲਬਾਤ ਤੋਂ ਮੈਂ ਅੰਦਾਜ਼ਾ ਲਾਇਆ, ਉਸ ਨੇ ਪਹਿਲਾਂ ਹੀ ਪੀਤੀ ਹੋਈ ਹੈ।

ਇੱਕ ਇੱਕ ਪੈੱਗ ਜਦ ਅਸੀਂ ਲੈ ਬੈਠੇ, ਮੈਂ ਪੁੱਛਿਆ–

'ਅੱਜ ਕਿੱਧਰੋਂ?'

'ਮਾਨਸਾ ਗਿਆ ਸੀ। ਮੁੜਦਾ ਹੋਇਆ, ਮੈਂ ਸੋਚਿਆ, ਬਾਈ ਨੂੰ ਵੀ ਮਿਲਦਾ ਜਾਵਾਂ।'

'ਅੱਛਾ ਅੱਛਾ, ਫੇਰ ਤਾਂ ਬਹੁਤ ਚੰਗੀ ਗੱਲ ਕੀਤੀ ਯਾਰ।' ਮੈਂ ਕਿਹਾ।

ਇੱਕ ਇੱਕ ਪੈੱਗ ਉਸ ਨੇ ਹੋਰ ਪਾ ਦਿੱਤਾ।

'ਹੌਲੀ ਹੌਲੀ ਪੀਵਾਂਗੇ, ਐਡੀ ਕੀ ਕਾਹਲੀ ਹੈ?' ਮੈਂ ਆਖਿਆ। ਉਹ ਕਹਿੰਦਾ, ਮੈਂ ਰਹਿੰਦਾ ਨਹੀਂ ਪਿੰਡ ਪਹੁੰਚਣੈ।'

'ਕਿਉਂ, ਇਹ ਕੀ ਗੱਲ ਹੋਈ? ਹੁਣ ਕਿਹੜਾ ਵੇਲਾ ਐ ਜਾਣ ਦਾ? ਵੀਹ ਮੀਲ ਕਿੱਡੀ ਦੂਰ ਪਿਐ ਤੇਰਾ ਪਿੰਡ। ਬੂਟ ਲਾਹ ਦੇ, ਆਹ ਚੱਪਲਾਂ ਪਾ ਲੈ। ਕੋਟ ਟੰਗ ਦੇ ਕਿੱਲੀ ਉੱਤੇ। ਸੂਤ ਹੋ ਕੇ ਬੈਠ। ਕੁੜਤਾ ਪਜਾਮਾ ਦੇਵਾਂ?' ਮੈਂ ਕਿਹਾ।

ਉਸ ਨੇ ਸਿਰ ਮਾਰ ਦਿੱਤਾ– 'ਨਹੀਂ ਬਾਈ, ਜਾਵਾਂਗਾ ਤਾਂ ਮੈਂ ਜ਼ਰੂਰ ਈ।'

ਮੇਰੀ ਸਮਝ ਵਿੱਚ ਕੋਈ ਗੱਲ ਨਾ ਆਈ। ਮੈਂ ਚੁੱਪ ਹੋ ਗਿਆ। 'ਤਾਂ ਫੇਰ ਰੋਟੀ ਤਾਂ ਖਾ ਈ ਜਾਂਦਾ।' ਮੈ ਕਹਿ ਦਿੱਤਾ।

'ਹਾਂ, ਰੋਟੀ ਦੀ ਗੱਲ ਮੰਨੀ।' ਉਸ ਨੇ ਆਪਣੇ ਪੈੱਗ ਇੱਕੋਂ ਸਾਹ ਪੀ ਲਿਆ। ਮੈਂ ਆਪਣੇ ਪੈੱਗ ਦੀਆਂ ਦੋ ਘੁੱਟਾਂ ਅੰਦਰ ਲੰਘਾਈਆਂ ਤੇ ਰੋਟੀ ਛੇਤੀ ਤਿਆਰ ਕਰਵਾਉਣ ਲਈ ਵਿਹੜੇ ਵਿੱਚ ਆਇਆ।

ਛੇ ਕੁ ਮਹੀਨੇ ਪਹਿਲਾਂ ਭਾਈ ਭਗਤੇ ਆਪਣੇ ਇੱਕ ਦੋਸਤ ਨੂੰ ਮਿਲਣ ਮੈਂ ਗਿਆ ਹੋਇਆ ਸਾਂ। ਉਸ ਦੋਸਤ ਕੋਲ ਉਸ ਦਿਨ ਅਮਰਪਾਲ ਵੀ ਆਇਆ ਹੋਇਆ ਸੀ। ਅਮਰਪਾਲ ਕਿਸੇ ਸਮੇਂ ਉਸ ਦਾ ਕੁਲੀਗ ਰਿਹਾ ਸੀ ਤੇ ਮੇਰੇ ਵਾਂਗ ਹੀ ਉਸ ਨੂੰ ਮਿਲਣ ਗਿਆ ਹੋਇਆ ਸੀ। ਪੁਰਾਣੀਆਂ ਗੱਲਾਂ ਦਾ ਹੜ੍ਹ ਆ ਗਿਆ ਸੀ। ਪੈੱਗ ਪੀ ਕੇ ਇੱਕ

ਜਣਾ ਗੱਲ ਸ਼ੁਰੂ ਕਰਦਾ ਤੇ ਅਗਲਾ ਪੈੱਗ ਲੈਣ ਤੱਕ ਉਸੇ ਗੱਲ ਨੂੰ ਸੁਣਾਈ ਜਾਂਦਾ ਰਹਿੰਦਾ। ਤੇ ਫਿਰ ਉਸ ਦੀ ਗੱਲ ਮੁੱਕੀ ਤੋਂ ਹੋਰ ਜਣਾ ਆਪਣਾ ਪੈੱਗ ਲੈ ਕੇ ਗੱਲ ਸ਼ੁਰੂ ਕਰ ਦਿੰਦਾ। ਉਸ ਰਾਤ ਅਸੀਂ ਬਹੁਤ ਦੇਰ ਤੱਕ ਸ਼ਰਾਬ ਪੀਂਦੇ ਰਹੇ। ਸਵੇਰੇ ਉੱਥੋਂ ਤੁਰਨ ਲੱਗਿਆਂ ਆਪਣਾ ਨਵੀਂ ਕਹਾਣੀ ਸੰਗ੍ਰਹਿ ਮੈਂ ਅਮਰਪਾਲ ਨੂੰ ਦੇ ਆਇਆ ਸਾਂ। ਉਸ ਦਿਨ ਵੀ ਉਸ ਕੋਲ ਮੋਟਰ ਸਾਈਕਲ ਸੀ। ਮੇਰੇ ਆਉਣ ਤੋਂ ਪਿੱਛੋਂ ਉਹ ਉੱਥੋਂ ਚਲਿਆ ਗਿਆ ਹੋਵੇਗਾ। ਉਸ ਦਾ ਪਿੰਡ ਤਾਂ ਭਾਈ ਭਗਤੇ ਤੋਂ ਨੇੜੇ ਹੀ ਸੀ।

ਤੇ ਫਿਰ ਮੇਰੇ ਉਸ ਕਹਾਣੀ ਸੰਗ੍ਰਹਿ ਵਿੱਚ ਦਿੱਤੀਆਂ ਮੇਰੀਆਂ ਹੋਰ ਪੁਸਤਕਾਂ ਦੇ ਨਾਂ ਪੜ੍ਹ ਕੇ ਅਮਰਪਾਲ ਨੇ ਮੇਰੇ ਹੋਰ ਕਹਾਣੀ ਸੰਗ੍ਰਹਿ ਵੀ ਮੈਥੋਂ ਮੰਗਵਾਏ ਸਨ।

ਵਾਪਸ ਕਮਰੇ ਵਿੱਚ ਜਦ ਮੈਂ ਆਇਆ, ਉਹ ਗੁੰਮ ਸੁੰਮ ਬੈਠਾ ਧਰਤੀ ਵੱਲ ਝਾਕ ਰਿਹਾ ਸੀ। ਕੋਟ ਲਾਹ ਕੇ ਕੁਰਸੀ ਦੀ ਪਿੱਠ ’ਤੇ ਵਿਛਾ ਦਿੱਤਾ ਹੋਇਆ ਸੀ। ਸਵੇਰ ਦਾ ਰਿੰਨ੍ਹਿਆ ਤਪਲੇ ਵਿੱਚ ਪਿਆ ਸਰ੍ਹੋਂ ਦਾ ਸਾਗ ਪਿੱਤਲ ਦੀ ਬਾਟੀ ਵਿੱਚ ਮੈਂ ਗਰਮ ਕਰਵਾ ਲਿਆਇਆ ਸਾਂ। ਵਿੱਚ ਮਖਣੀ ਦਾ ਰੁੱਗ ਵੀ ਪਵਾ ਲਿਆ ਸੀ। ਕੁਰਸੀ ਉੱਤੇ ਜਦ ਮੈਂ ਬੈਠਾ, ਮੇਰੇ ਗਿਲਾਸ ਦੀ ਪਹਿਲਾਂ ਹੀ ਬਚੀ ਪਈ ਸ਼ਰਾਬ ਵਿੱਚ ਉਸ ਨੇ ਹੋਰ ਸ਼ਰਾਬ ਪਾਈ ਤੇ ਆਪਣੇ ਗਿਲਾਸ ਵਿੱਚ ਪੂਰਾ ਪੈੱਗ ਪਾ ਕੇ ਨਾਲ ਦੀ ਨਾਲ ਹੀ ਪੀ ਗਿਆ। ਬਾਟੀ ਵਿਚੋਂ ਸਾਗ ਦਾ ਚਮਚਾ ਲੈਂਦਿਆਂ ਉਸ ਨੇ ਮੈਨੂੰ ਆਪਣਾ ਪੈੱਗ ਪੀਣ ਲਈ ਇਸ਼ਾਰਾ ਕੀਤਾ। ਮੈਂ ਦੋ ਘੁੱਟਾ ਹੀ ਭਰ ਸਕਿਆ। ਇੱਕੋ ਸਾਹ ਸਾਰਾ ਪੈੱਗ ਮੈਥੋਂ ਕਦੇ ਵੀ ਨਹੀਂ ਪੀਤਾ ਗਿਆ।

‘ਬਾਈ, ਤੂੰ ਕਹਾਣੀਕਾਰ ਐਂ, ਮੇਰੀ ਕਹਾਣੀ ਵੀ ਲਿਖਦੇ ਇੱਕ।’ ਉਸ ਦੇ ਬੁੱਲ੍ਹਾਂ ’ਤੇ ਫਿੱਕੀ ਜਿਹੀ ਮੁਸਕਾਨ ਸੀ।

ਮੈਂ ਹੱਸਣ ਲੱਗਿਆ।

ਉਹ ਗੰਭੀਰ ਹੋ ਗਿਆ। ਹੱਸਦਾ ਹੋਇਆ ਮੈਂ ਉਸ ਨੂੰ ਚੰਗਾ ਨਹੀਂ ਲੱਗਿਆ ਹੋਵਾਂਗਾ।

ਮੇਰੇ ਜ਼ਿਹਨ ਵਿੱਚ ਕਈ ਆਦਮੀ ਆਏ, ਜਿਨ੍ਹਾਂ ਨੇ ਆਪਣੀਆਂ ਕਹਾਣੀਆਂ ਮੈਥੋਂ ਲਿਖਵਾਈਆਂ ਸਨ ਤੇ ਇੱਕ ਦੋ ਦੀ ਬਦਨਾਮੀ ਤਾਂ ਮੇਰੇ ਗਲ ਹੀ ਆ ਪਈ ਸੀ।

“ਨਹੀਂ ਬਾਈ ਤੂੰ ਗੱਲ ਸੁਣ ਲੈ। ਤੈਨੂੰ ਚੰਗੀ ਲੱਗੀ ਤਾਂ ਲਿਖ ਦੇਵੀ। ਨਾ ਚੰਗੀ ਲੱਗੀ ਤਾਂ....।”

“ਨਹੀਂ ਨਹੀਂ ਯਾਰ, ਤੂੰ ਸੁਣਾ। ਮੈਂ ਜ਼ਰੂਰ ਕਹਾਣੀ ਲਿਖਾਂਗਾ,” ਮੈਂ ਦਿਲਚਸਪੀ ਦਿਖਾਈ।

“ਚੰਗਾ, ਇਹ ਪਹਿਲਾ।” ਮੇਰੇ ਪੈੱਗ ਦੀ ਰਹਿੰਦੀ ਸ਼ਰਾਬ ਵੱਲ ਉਸ ਨੇ ਹੱਥ ਕੀਤਾ।

ਇਸ ਵਾਰ ਵੀ ਮੈਂ ਦੋ ਘੁੱਟਾਂ ਹੀ ਪੀਤੀਆਂ। ਦੋ ਘੁੱਟਾਂ ਰਹਿ ਗਈਆਂ।

ਤੇ ਫਿਰ ਉਸ ਨੇ ਜੋ ਕੁਝ ਦੱਸਿਆ, ਉਹ ਇਹ ਸੀ ਕਿ ਜਦ ਉਹ ਬਠਿੰਡੇ ਹੁੰਦਾ ਸੀ, ਉਨ੍ਹਾਂ ਦੇ ਦਫ਼ਤਰ ਵਿੱਚ ਇੱਕ ਔਰਤ ਸੀ। ਉਸ ਵਾਲੇ ਕਮਰੇ ਵਿੱਚ ਹੀ ਬੈਠਦੀ ਹੁੰਦੀ। ਚੁੱਪ ਕੀਤੀ ਜਿਹੀ ਰਹਿੰਦੀ। ਅੱਖਾਂ ਵਿੱਚ ਹੀ ਮੁਸਕਰਾਉਂਦੀ। ਪੋਲਾ ਪੋਲਾ ਬੋਲਦੀ। ਇੱਕ

ਦਿਨ ਅਚਾਨਕ ਹੀ ਉਸ ਨੇ ਅਮਰਪਾਲ ਨੂੰ ਇੱਕ ਚਿੱਟ ਫੜਾਈ– "ਮੈਂ ਤੁਹਾਨੂੰ ਪਿਆਰ ਕਰਦੀ ਹਾਂ।" ਤੇ ਫਿਰ ਅਕਸਰ ਹੀ ਉਹ ਮਿਲਣ ਲੱਗੇ ਸਨ। ਕਦੀ ਕਿਸੇ ਕਮਰੇ ਵਿੱਚ, ਕਦੇ ਬਾਹਰ ਖੇਤਾਂ ਵਿੱਚ। ਉਹ ਵਿਆਹੀ ਹੋਈ ਸੀ। ਇੱਕ ਮੁੰਡਾ ਵੀ ਸੀ। ਉਸ ਦਾ ਪਤੀ ਬਵਾਸੀਰ ਦਾ ਅਪ੍ਰੇਸ਼ਨ ਕਰਵਾ ਕੇ ਹਸਪਤਾਲ ਵਿੱਚ ਪਿਆ ਹੋਇਆ ਸੀ। ਉਨ੍ਹਾਂ ਦਿਨਾਂ ਵਿੱਚ ਬੱਸ ਸਟੈਂਡ ਨੇੜੇ ਐੱਫ. ਸੀ. ਆਈ. ਦੇ ਮਾਲ ਗੋਦਾਮਾਂ ਨਾਲ ਬਣੇ ਇੱਕ ਚੌਕੀਦਾਰ ਦੇ ਕੁਆਰਟਰ ਵਿੱਚ ਉਹ ਅਮਰਪਾਲ ਨੂੰ ਮਿਲੀ ਸੀ। ਪਤੀ ਤਾਂ ਹਸਪਤਾਲ ਵਿੱਚ ਸੀ।

ਕੁੜੀ ਜੰਮੀ, ਪਰ ਮਿਲਣਾ ਬੰਦ। ਗੱਲਬਾਤ ਤਾਂ ਕਰ ਲੈਂਦੀ, ਪਰ ਅਸਲ ਗੱਲ ਨੂੰ ਟਾਲ ਜਾਂਦੀ। ਅਮਰਪਾਲ ਨੂੰ ਗੁੱਸਾ ਚੜ੍ਹਦਾ। ਪਰ ਇਸ ਗੱਲ 'ਤੇ ਤਾਂ ਉਹ ਆਉਂਦੀ ਹੀ ਨਹੀਂ ਸੀ। ਛੇ ਮਹੀਨੇ ਤੱਕ ਉਸ ਨੂੰ ਮਿਲਣ ਦੀ ਆਸ ਵਿੱਚ ਆਪਣੇ ਜਿਗਰ ਦੀ ਰੱਤ ਪੀਂਦਾ ਰਿਹਾ। ਪਤਾ ਨਹੀਂ ਕਿਉਂ, ਅਮਰਪਾਲ ਦੀ ਸੀਟ 'ਤੇ ਉਨ੍ਹਾਂ ਦੇ ਅਫ਼ਸਰ ਵੱਲੋਂ ਦਫ਼ਤਰ ਦੇ ਇੱਕ ਕਾਂ-ਡੋਡ ਜਿਹਾ ਕਲਰਕ ਚੈਂਚਲ ਸਿੰਘ ਨੂੰ ਬਿਠਾ ਦਿੱਤਾ ਗਿਆ ਸੀ ਤੇ ਉਸ ਨੂੰ ਕਿਸੇ ਹੋਰ ਕਮਰੇ ਵਿੱਚ। ਇੱਕ ਦਿਨ ਥੋੜ੍ਹੀ ਜਿਹੀ ਇਕਾਂਤ ਲੱਭ ਕੇ ਉਸ ਨੇ ਐਨਾ ਹੀ ਪੁੱਛਿਆ-'ਰੇਸ਼ਮਾ, ਹੁਣ ਕੀ ਹੋ ਗਿਐ ਤੈਨੂੰ?" ਤਾਂ ਉਸ ਨੇ ਝੱਟ ਕਹਿ ਦਿੱਤਾ- "ਮੈਨੂੰ ਬੁਲਾਇਆ ਨਾ ਕਰੋ, ਚੈਂਚਲ ਨੋਟ ਕਰਦਾ ਰਹਿੰਦੈ।" ਏਸੇ ਗੱਲ ਨੂੰ ਲੈ ਕੇ ਉਹ ਤਾਂ ਕਿੰਨੇ ਹੀ ਦਿਨ ਸੋਚਦਾ ਰਿਹਾ, ਚੈਂਚਲ ਹੀ ਕਿਉ ਨੋਟ ਕਰਦਾ?

ਫਿਰ ਤਾਂ ਸਾਫ਼ ਹੀ ਹੋ ਗਿਆ ਸੀ ਕਿ ਹੁਣ ਉਹ ਚੈਂਚਲ ਨਾਲ ਫਿਰਨ ਲੱਗੀ ਸੀ। ਰੇਸ਼ਮਾ ਨੂੰ ਦੇਖ ਕੇ ਉਸ ਦੀਆਂ ਅੱਖਾਂ ਵਿੱਚ ਲਹੂ ਉਤਰ ਆਉਂਦਾ। ਕਮਾਲ ਦੀ ਗੱਲ ਸੀ, ਉਹ ਜਦ ਵੀ ਮਿਲਦੀ, ਸਤਿ ਸ੍ਰੀ ਅਕਾਲ ਬੁਲਾਉਂਦੀ, ਘਰ ਦਾ ਹਾਲ ਚਾਲ ਵੀ ਪੁੱਛ ਲੈਂਦੀ। ਅਮਰਪਾਲ ਮੱਚੇ ਬੁਝੇ ਜਵਾਬ ਦਿੰਦਾ। ਉਸ ਦਾ ਜੀਅ ਕਰਦਾ ਕਿ ਉਹ ਰੇਸ਼ਮਾ ਨੂੰ ਗੋਲੀ ਨਾਲ ਭੁੰਨ੍ਹ ਦੇਵੇ। ਪਰ ਉਹ ਸੋਚਦਾ- 'ਸਿਹਰੇ ਬੰਨ੍ਹ ਕੇ ਥੋੜ੍ਹਾ ਲਿਆਂਦੀ ਸੀ ਇਹ? ਦੋ ਢਾਈ ਸਾਲ ਹੰਢਾ ਗਈ-ਇਹਦੇ ਪੱਲੇ ਦਾ।

ਸਾਰੀ ਗੱਲ ਸੁਣ ਕੇ ਮੈਂ ਕਿਹਾ, "ਤਾਂ ਉਹ ਕੁੜੀ ਤੇਰਾ ਤੁਖ਼ਮ ਸੀ?"

"ਹਾਂ ਬਈ , ਮੇਰੀ। ਸਾਰੇ ਨੈਣ ਨਕਸ਼ ਮੇਰੇ ਉੱਤੇ ਨੇ। ਰੰਗ ਵੀ ਮੇਰੇ ਵਰਗਾ ਈ ਐ।"

"ਹੁਣ ਤਾਂ ਤਕੜੀ ਉਡਾਰ ਹੋਣੀ ਐ।"

"ਹਾਂ, ਅੱਠ ਨੌ ਸਾਲ ਦੀ ਐ। ਤੀਜੀ ਜਮਾਤ ਵਿੱਚ ਪੜ੍ਹਦੀ ਐ। ਪਿਛਲੇ ਸਾਲ ਮੈਂ ਉਨ੍ਹਾਂ ਦੇ ਘਰ ਗਿਆ ਸੀ, ਦੇਖਿਆ ਤਾਂ ਹਉਕਾ ਨਿਕਲ ਗਿਆ ਮੇਰਾ। ਕਿੱਦਾ ਦਾ ਸੰਸਾਰ ਐ ਇਹ। ਖ਼ੂਨ ਦੀ ਸਾਂਝ ਹੋ ਕੇ ਵੀ ਕੋਈ ਕਿਸੇ ਦਾ ਨਹੀਂ ਹੁੰਦਾ।"

"ਰੇਸ਼ਮਾ ਦੇ ਪਤੀ ਨੂੰ ਨਹੀਂ ਸ਼ੱਕ ਹੋਇਆ ਹੋਵੇਗਾ ਕਿ ਉਹ ਕੁੜੀ ਉਸ ਦੀ ਨਹੀਂ?'

"ਉਹ ਨੂੰ ਕੀ ਸ਼ੱਕ ਹੋਣਾ ਸੀ ਬਾਈ, ਉਹ ਤਾਂ ਗਧਾ ਆਦਮੀ ਐ। ਮੱਝਾਂ ਦਾ ਵਪਾਰੀ ਐ। ਪੈਸੇ ਦਾ ਪੁੱਤ। ਕੀੜੀ ਦੇ ਰਾਹ ਆਟਾ ਨਹੀਂ ਜਾਣ ਦਿੰਦਾ। ਇਸੇ ਕਰਕੇ ਤਾਂ ਰੇਸ਼ਮਾ ਤੋਂ ਨੌਕਰੀ ਕਰਵਾਉਂਦੈ।"

ਬੋਤਲ ਵਿੱਚ ਦੋ ਤਿੰਨ ਪੈੱਗ ਹੀ ਰਹਿ ਗਏ ਲੱਗਦੇ ਸਨ। ਅਮਰਪਾਲ ਕਾਫ਼ੀ ਦੇਰ ਬੋਲਦਾ ਰਿਹਾ ਸੀ। ਸ਼ਰਾਬ ਪੀਣ ਤਾਂ ਜਿਵੇਂ ਉਸ ਨੂੰ ਯਾਦ ਹੀ ਨਹੀਂ ਰਹਿ ਗਿਆ ਸੀ।

ਮੇਰੀਆਂ ਦੋ ਉਂਗਲਾਂ ਵੀ ਉਵੇਂ ਦੀਆਂ ਉਵੇਂ ਪਈਆਂ ਹੋਈਆਂ ਸਨ। ਇਸ ਵਾਰ ਮੈਂ ਹੀ ਕਿਹਾ–"ਹੋਰ ਪਾ ਲੈ.....।" ਪੈੱਗ ਪਾਉਣ ਦੀ ਥਾਂ ਉਹ ਲੰਮੇ ਲੰਮੇ ਸਾਹ ਲੈਣ ਲੱਗਿਆ। ਤੇ ਫਿਰ ਬੋਤਲ ਚੁੱਕ ਕੇ ਉਸ ਦਾ ਗਿਲਾਸ ਮੈਂ ਅੱਧੇ ਤੋਂ ਬਹੁਤਾ ਭਰ ਦਿੱਤਾ। ਆਪਦੀ ਸ਼ਰਾਬ ਵਿੱਚ ਦੋ ਕੁ ਉਂਗਲਾ ਹੋਰ ਪਾ ਲਈ। ਉਸ ਦੇ ਗਿਲਾਸ ਵਿੱਚ ਪਾਣੀ ਵੀ ਮੈਂ ਹੀ ਪਾਇਆ। ਉਹ ਸਾਰੇ ਪੈੱਗ ਨੂੰ ਇੱਕੋਂ ਸਾਹ ਪੀ ਗਿਆ। ਇਸ ਵਾਰ ਤਾਂ ਮੈਂ ਵੀ ਸਾਰਾ ਸੰਘੋਂ ਥੱਲੇ ਸੁੱਟਣ ਦੀ ਕੋਸ਼ਿਸ਼ ਕੀਤੀ, ਪਰ ਕਾਮਯਾਬ ਨਹੀਂ ਹੋ ਸਕਿਆ।

"ਪਿਛਲੇ ਸਾਲ ਜਦੋਂ ਤੂੰ ਗਿਆ ਸੀ, ਰੇਸ਼ਮਾ ਕਿਸ ਤਰ੍ਹਾਂ ਪੇਸ਼ ਆਈ?" ਮੈਂ ਪੁੱਛਿਆ।

"ਉਸ ਦਾ ਪਤੀ ਹੀ ਸਾਰਾ ਸਮਾਂ ਮੇਰੇ ਕੋਲ ਬੈਠਾ ਰਿਹਾ। ਉਹ ਤਾਂ ਪਹਿਲਾਂ ਚਾਹ ਦੀ ਵੱਡੀ ਗੜਵੀ ਰੱਖ ਗਈ ਤੇ ਦੋ ਗਿਲਾਸ ਤੇ ਫਿਰ ਕੁੜੀ ਦੇ ਹੱਥ ਰੋਟੀ ਭੇਜ ਦਿੱਤੀ। ਆਪ ਤਾਂ ਅੱਖਾਂ ਵੀ ਸਾਂਝੀਆਂ ਨਾ ਕੀਤੀਆਂ। ਚਾਹ ਤੋਂ ਰੋਟੀ ਦੇ ਸਫ਼ਰ ਤੱਕ ਉਸ ਦੇ ਸਫ਼ਰ ਤੱਕ ਉਸ ਦਾ ਪਤੀ ਮੱਝਾਂ ਦੇ ਸੌਦਿਆਂ ਦੀਆਂ ਵਾਰਤਾਵਾਂ ਸੁਣਾਉਂਦਾ ਰਿਹਾ। ਉੱਥੇ ਜਾਣ ਵੇਲੇ ਅਤੇ ਢਾਈ ਘੰਟੇ ਉਸ ਦੇ ਪਤੀ ਦੀ ਝੱਖ ਸੁਣਨ ਤੋਂ ਬਾਅਦ ਉੱਥੋਂ ਆਉਣ ਵੇਲੇ ਰੇਸ਼ਮਾ ਦੀ ਤਾਂ ਸਿਰਫ਼ ਸਤਿ ਸ੍ਰੀ ਅਕਾਲ ਹੀ ਮਿਲੀ।

'ਫਿਰ ਤਾਂ ਯਾਰ...।"

'ਹਾਂ, ਦੇਖ ਲੈ ਬਾਈ, ਮੇਰਾ ਜਵਾਕ ਜੰਮ ਕੇ ਵੀ ਉਸ ਦਾ ਮੇਰੇ ਨਾਲ ਹੁਣ ਕੋਈ ਸਬੰਧ ਨਹੀਂ।"

"ਇਹ ਦੁਨੀਆ ਹੈ ਪਿਆਰੇ, ਇੱਥੇ ਕਿਸੇ ਦਾ ਕੋਈ ਨਹੀਂ। ਪਲ ਛਿਣ ਦਾ ਮੇਲਾ ਹੈ। ਕਿਸੇ ਨੂੰ ਕਿਸੇ ਦਾ ਇੰਤਜ਼ਾਰ ਨਹੀਂ। ਵਰਤਮਾਨ ਨੂੰ ਹੀ ਹੰਢਾਇਆ ਜਾ ਰਿਹੈ। ਅਤੀਤ ਦਾ ਮੋਹ ਹੈ, ਨਾ ਭਵਿੱਖ ਦਾ ਵਿਸਵਾਸ਼। ਤੂੰ ਅਤੀਤੀ ਨੂੰ ਫੜਨ ਦੀ ਕੋਸ਼ਿਸ਼ ਛੱਡ ਦੇ ਅਮਰਪਾਲ। ਜੋ ਹੁਣ ਹੈ, ਉਸ ਨਾਲ ਹੀ ਚੱਲ।"

"ਛੱਡ ਕਿਵੇਂ ਦੇਵਾਂ ਬਾਈ, ਮੇਰੇ ਦਿਲ ਵਿਚੋਂ ਤਾਂ ਇਹ ਗੱਲ ਨਿਕਲਦੀ ਹੀ ਨਹੀਂ।" ਤੇ ਉਹ ਫਿਰ ਲੰਮੇ ਲੰਮੇ ਸਾਹ ਲੈਣ ਲੱਗਿਆ।

'ਹੁਣ ਕੀਹਦੇ ਨਾਲ ਐ, ਰੇਸ਼ਮਾ?"

ਉਸ ਨੇ ਢਿੱਲਾ ਜਿਹਾ ਜਵਾਬ ਦਿੱਤਾ– 'ਹੁਣ ਕਿਸੇ ਹੋਰ ਨਾਲ ਹੋਣੀ ਐ, ਕੀ ਪਤਾ ਕੀਹਦੇ ਨਾਲ ਐ। ਬਿਗਾਨੇ ਆਦਮੀ ਤੋਂ ਬਿਨ੍ਹਾ ਉਹ ਰਹਿ ਨ੍ਹੀ ਸਕਦੀ।"

ਵਿਹੜੇ ਵਿਚੋਂ ਮਾਂ ਨੇ ਅਵਾਜ਼ ਮਾਰੀ। ਮੈਂ ਉੱਠਿਆ ਤੇ ਰੋਟੀ ਪਵਾ ਕੇ ਲੈ ਆਇਆ। ਰੋਟੀ ਖਾਣ ਲੱਗੇ ਤਾਂ ਉਸ ਨੇ ਬੋਤਲ ਵਿਚੋਂ ਬਚਦੀ ਸ਼ਰਾਬ ਮੇਰੇ ਗਿਲਾਸ ਵਿੱਚ ਪਾਉਣੀ ਚਾਹੀ। ਪਰ ਮੇਰੇ ਨਾਂਹ ਕਹਿਣ ਉੱਤੇ ਉਸ ਨੇ ਆਪਣੇ ਗਿਲਾਸ ਵਿੱਚ ਬੋਤਲ ਨੂੰ ਉਲਟਿਆ ਤੇ ਬਿਨ੍ਹਾਂ ਪਾਣੀਓਂ ਹੀ ਪੀ ਗਿਆ। ਉਸ ਨੇ ਬਹੁਤ ਘੱਟ ਰੋਟੀ ਖਾਧੀ। ਮੈਂ ਉਸ ਨੂੰ ਪੁੱਛਿਆ ਵੀ–ਹੋਰ ਸ਼ਰਾਬ ਲਿਆਵਾ? ਸਾਈਕਲ 'ਤੇ ਹੁਣ ਫੜ ਲਿਆਉਨਾਂ ਬੋਤਲ । ਪਰ ਉਸ ਨੇ ਨਾਂਹ ਕਰ ਦਿੱਤੀ। ਮੈਥੋਂ ਪਹਿਲਾਂ ਹੀ ਹੱਥ ਧੋ ਲਏ। ਥਾਲੀ ਵਿੱਚ ਪਈ ਇੱਕ ਰੋਟੀ ਮੈਂ ਖਾਧੀ ਤੇ ਹੱਥ ਧੋਣ ਲੱਗਿਆ। ਉਹ ਖੜ੍ਹਾ ਹੋ ਕੇ ਆਪਣਾ ਕੋਟ ਪਾਉਣ ਲੱਗ ਪਿਆ। ਮੈਂ ਕਿਹਾ– "ਹੁਣ ਬਹੁਤ ਹਨੇਰਾ ਹੋ ਗਿਐ, ਹੁਣ ਨਾ ਜਾਹ। ਐਕਸੀਡੈਂਟ ਕਰ ਬੈਠੇਗਾ।" ਪਰ ਉਹ ਮੰਨਿਆ ਨਹੀਂ।

ਉਹ ਕਮਰੇ 'ਚੋਂ ਬਾਹਰ ਜਾਣ ਲੱਗਿਆ ਤਾਂ ਉਸ ਦਾ ਹੱਥ ਘੁੱਟ ਕੇ ਮੈਂ ਆਖਿਆ– "ਅਮਰਪਾਲ, ਏਸ ਸਾਰੀ ਗੱਲ ਨੂੰ ਦਿਲ 'ਚੋਂ ਕੱਢ ਦੇ।"

"ਨਹੀਂ ਬਾਈ, ਮੈਂ ਕਦੇ ਰੇਸ਼ਮਾ ਦੀ ਕੁੜੀ ਨੂੰ ਚੁੱਕ ਲਿਆਵਾਂਗਾ।"

"ਕੁੜੀ ਤੂੰ ਕੀ ਕਰਨੀ ਐ?"

"ਉਸ ਦਾ ਵਿਆਹ ਮੈਂ ਕਰਾਂਗਾ।"

ਉਸ ਦੀ ਇਸ ਗੱਲ 'ਤੇ ਮੈਂ ਹੱਸਣਾ ਚਾਹੁੰਦਾ ਸਾਂ, ਪਰ ਪਤਾ ਨਹੀਂ ਮੈਥੋਂ ਅਜਿਹਾ ਕਿਉਂ ਨਹੀਂ ਹੋ ਸਕਿਆ। ♦

# ਆ 'ਗੇ ਓਏ

'ਆ 'ਗੇ ਓਏ!' ਪਿੰਡ ਦੀ ਲਹਿੰਦੀ ਗੁੱਠ ਵਿਚੋਂ ਉੱਚੀ ਅਵਾਜ਼ ਉੱਠੀ। ਪਿੰਡ ਦੇ ਵਿਚਾਲੇ ਜਿਹੇ ਕਿਸੇ ਹੋਰ ਨੇ ਦਹਿਸ਼ਤ ਵਿੱਚ ਆ ਕੇ ਆਪਣੇ ਕੋਠੇ ਤੋਂ ਉਸ ਉੱਚੀ ਅਵਾਜ਼ ਦੀ ਨਕਲ ਲਾਹੀ। ਬਿਨ੍ਹਾਂ ਸੋਚੇ ਵਿਚਾਰੇ ਹੀ ਹੋਕਰਾ ਮਾਰ ਦਿੱਤਾ- 'ਆ 'ਗੇ ਓਏ! ਤੇ ਫਿਰ ਪਿੰਡ ਦੇ ਖੱਬਿਓਂ ਸੱਜਿਓਂ, ਏਧਰੋਂ ਉੱਧਰੋਂ ਕਈ ਅਵਾਜਾਂ ਆਉਣ ਲੱਗੀਆਂ- 'ਆ 'ਗੇ.... ਆ 'ਗੇ....ਸਾਰਾ ਪਿੰਡ ਜਾਗ ਉੱਠਿਆ। ਕਾਵਾਂ ਰੌਲੀ ਪਈ ਹੋਈ ਸੀ। ਹਰ ਘਰ ਸਮਝਦਾ ਜਿਵੇਂ ਕਾਲੇ ਕੱਛੇ ਵਾਲਾ ਉਨ੍ਹਾਂ ਦੇ ਕੋਠੇ 'ਤੇ ਹੀ ਆ ਰਿਹਾ ਹੋਵੇ।

ਗਰਮੀਆਂ ਦੇ ਦਿਨ ਸਨ। ਲੋਕ ਛੱਤਾਂ 'ਤੇ ਪਏ ਹੁੰਦੇ। ਦਰਵਾਜ਼ਿਆਂ ਦੇ ਅੰਦਰਲੇ ਕੁੰਡਿਆਂ ਨੂੰ ਜਿੰਦੇ ਲੱਗੇ ਹੁੰਦੇ। ਕੋਠਿਆਂ 'ਤੇ ਪੱਕੇ ਰੋੜਿਆ ਦੇ ਢੇਰ ਲਾ ਕੇ ਰੱਖਦੇ। ਗੰਡਾਸੇ, ਟਕੂਏ, ਬਰਛੇ ਤੇ ਗੰਧਾਲੇ, ਜਿਸ ਘਰ ਵਿੱਚ ਜੋ ਵੀ ਸੀ, ਮੰਜਿਆਂ ਹੇਠ ਰੱਖ ਲੈਂਦੇ। ਘਰ ਦੇ ਜੀਆਂ ਵਿਚੋਂ ਇੱਕ ਜਣਾ ਹਮੇਸ਼ਾਂ ਜਾਗਦਾ ਰਹਿੰਦਾ। ਸਾਰੀ ਰਾਤ...

ਕਾਲੇ ਕੱਛੇ ਵਾਲਿਆਂ ਸਬੰਧੀ ਤਰ੍ਹਾਂ ਤਰ੍ਹਾਂ ਦੀਆਂ ਅਫ਼ਵਾਹਾਂ ਸਨ। ਇੱਕ ਗੱਲ ਆਮ ਸੀ ਕਿ ਬੰਦੇ ਦੇ ਤੇੜ ਸਿਰਫ਼ ਕਾਲਾ ਕੱਛਾ ਹੁੰਦਾ ਹੈ, ਬਾਕੀ ਸਰੀਰ 'ਤੇ ਕੋਈ ਕੱਪੜਾ ਨਹੀਂ। ਪਿੰਡੇ 'ਤੇ ਤੇਲ ਮਲ ਕੇ ਰੱਖਦੇ ਹਨ। ਕੋਈ ਉਨ੍ਹਾਂ ਨੂੰ ਫੜਨਾ ਚਾਹੇ ਤਾ ਖਿਡਾਰੀਆਂ ਵਾਂਗ ਝੱਟ ਛੁਡਾ ਕੇ ਪਰ੍ਹਾਂ ਜਾ ਖੜੇ ਹੁੰਦੇ ਹਨ। ਅੱਖਾਂ ਲਾਲ ਝਰੰਗ ਤੇ ਡਰਾਉਣੀਆਂ। ਹੱਥ ਵਿੱਚ ਕੋਈ ਤੇਜ ਧਾਰ ਹਥਿਆਰ ਹੁੰਦਾ ਹੈ, ਜਿਸ ਨਾਲ ਸੁੱਤੇ ਪਏ ਬੰਦੇ ਦੀ ਲੱਤ ਬਾਂਹ ਵੱਢ ਦੇਂਦੇ ਹਨ। ਕੰਨ ਕੱਟ ਦਿੰਦੇ ਹਨ। ਹੱਥ ਨੂੰ ਨਹੀਂ ਛੱਡਦੇ। ਮਿੰਟਾਂ ਸਕਿੰਟਾਂ ਦੇ ਹਿਸਾਬ ਆਉਂਦੇ ਤੇ ਅਗਲੇ ਦਾ ਕੋਈ ਵੀ ਅੰਗ ਵੱਢ ਕੇ ਔਹ ਗਏ- ਔਹ ਗਏ। ਅਫ਼ਵਾਹ ਸੀ ਕਿ ਸ਼ਹਿਰਾਂ ਦੇ ਹਸਪਤਾਲਾਂ ਵਿੱਚ ਅਨੇਕਾਂ ਲੋਕ ਦਾਖ਼ਲ ਹਨ- ਕਿਸੇ ਦਾ ਕੰਨ ਨਹੀਂ, ਕਿਸੇ ਦਾ ਹੱਥ ਨਹੀਂ ਤੇ ਕਿਸੇ ਦੀ ਲੱਤ ਨਹੀਂ।

ਉਹ ਜਿਸ ਪਿੰਡ ਵਿੱਚ ਵੀ ਆਏ, ਰਾਤ ਨੂੰ ਉਸ ਵੇਲੇ ਆਏ, ਜਦੋਂ ਲੋਕ ਗੂਹੜੀ ਨੀਂਦ ਸੌਂ ਰਹੇ ਹੁੰਦੇ। ਅੱਧੀ ਰਾਤ ਤੋਂ ਪਹਿਲਾਂ, ਜਦੋਂ ਨੀਂਦ ਦਾ ਪਹਿਲਾ ਲੋਰ ਆਉਂਦਾ ਹੈ ਜਾਂ ਫੇਰ ਵੱਡੇ ਤੜਕੇ ਜਦੋਂ ਨੀਂਦ ਨੇ ਪੂਰਾ ਬਲ ਕੀਤਾ ਹੁੰਦਾ ਹੈ। ਬੰਦੇ ਨੂੰ ਜਗ ਜਹਾਨ ਦੀ ਕੋਈ ਸੁਰਤ ਨਹੀਂ ਰਹਿ ਗਈ ਹੁੰਦੀ।

ਕੋਈ ਕਹਿੰਦਾ ਸੀ ਕਿ ਇਹ ਗੁਆਂਢੀ ਦੇਸ਼ ਪਾਕਿਸਤਾਨ ਦੇ ਭੇਜੇ ਬੰਦੇ ਹਨ। ਕੋਈ ਆਖਦਾ-ਲੁੱਟਾਂ ਖੋਹਾਂ ਕਰਨ ਵਾਲੇ ਬਦਮਾਸ਼ ਟੋਲਿਆਂ ਨੇ ਨਵਾਂ ਢੰਗ ਤਰੀਕਾ

ਲੱਭਿਆ ਹੈ। ਕਿਸੇ ਦਾ ਮੱਤ ਸੀ ਕਿ ਇਹ ਵੇਲੇ ਦੀ ਸਰਕਾਰ ਦੀ ਕੋਈ ਚਾਲ ਹੈ ਤਾਂ ਕਿ ਲੋਕ ਖਾੜਕੂਆਂ ਦੀ ਦਹਿਸ਼ਤ ਵੱਲੋਂ ਆਪਣਾ ਧਿਆਨ ਹਟਾ ਕੇ ਏਧਰ ਕਾਲੇ ਕੱਛੇ ਵਾਲਿਆਂ ਨੂੰ ਹੀ ਆਪਣਾ ਮੁੱਖ ਮਸਲਾ ਬਣਾ ਲੈਣ। ਸਰਕਾਰ ਦੀ ਇਹ ਚਾਲ ਵੀ ਹੋ ਸਕਦੀ ਹੈ ਕਿ ਕਾਲੇ ਕੱਛੇ ਵਾਲਿਆਂ ਤੋਂ ਡਰਦੇ ਪਿੰਡਾਂ ਦੇ ਲੋਕ ਰਾਤਾਂ ਨੂੰ ਜਾਗਦੇ ਰਹਿਣ ਤੇ ਖਾੜਕੂਆਂ ਨੂੰ ਪਿੰਡ ਵੜਨ ਦਾ ਮੌਕਾ ਨਾ ਮਿਲੇ। ਮਸ਼ਹੂਰ ਸੀ ਕਿ ਕੁਝ ਪਿੰਡਾਂ ਦੇ ਲੋਕਾਂ ਨੇ ਕਾਲੇ ਕੱਛੇ ਵਾਲੇ ਨੂੰ ਫੜ ਕੇ ਮਾਰ ਦਿੱਤਾ ਸੀ। ਕਿਸੇ ਕਿਸੇ ਪਿੰਡ ਕਾਲੇ ਕੱਛੇ ਦੇ ਬਹਾਨੇ ਖਾੜਕੂ ਬੰਦੇ ਹੀ ਮਾਰ ਦਿੱਤੇ ਗਏ। ਇਹ ਵੀ ਸੁਣਿਆ ਜਾ ਰਿਹਾ ਸੀ ਕਿ ਜਿਹੜੇ ਲੋਕ ਗੜਬੜ ਫੈਲਾਉਣ ਦੇ ਮਕਸਦ ਨਾਲ ਕਾਲੇ ਕੱਛੇ ਵਾਲਿਆਂ ਨੂੰ ਭੇਜਦੇ ਹਨ, ਉਹ ਇਨ੍ਹਾਂ ਨੂੰ ਵੱਡੀਆਂ ਵੱਡੀਆਂ ਰਕਮਾਂ ਦੇਂਦੇ ਹਨ ਤੇ ਹੋਰਨਾਂ ਸੂਬਿਆਂ ਦੇ ਜੁਰਾਇਮ ਪੇਸ਼ਾ ਲੋਕ ਏਧਰ ਪੰਜਾਬ ਵਿੱਚ ਆ ਕੇ ਇਹ ਧੰਦਾ ਕਰਨ ਲੱਗ ਪਏ ਸਨ।

ਉਨ੍ਹਾਂ ਦਿਨਾਂ ਵਿੱਚ ਪਿੰਡਾਂ ਨੂੰ ਅਜੀਬ ਹਦਾਇਤਾਂ ਸਨ। ਅੱਠ ਵਜੇ ਰਾਤ ਤੋਂ ਬਾਅਦ ਹਥਾਈਆਂ ਦੀ ਸੱਥ ਵਿੱਚ, ਫਲ੍ਹੋਵਾਰਗੇ ਖੁੰਢਾਂ ’ਤੇ ਤੇ ਖੂਹਾਂ ਡੇਰਿਆਂ ਦੀਆਂ ਚੌਂਕੜੀਆਂ ’ਤੇ ਕੋਈ ਨਾ ਬੈਠੇ। ਗਲੀਆਂ ਵਿੱਚ ਰਾਤਾਂ ਨੂੰ ਕੋਈ ਨਾ ਫਿਰੇ। ਪਿੰਡ ਦਾ ਦੇਸੀ ਸ਼ਰਾਬ ਦਾ ਠੇਕਾ ਫੂਕ ਦਿੱਤਾ ਗਿਆ। ਸ਼ਰ੍ਹੇਆਮ ਦਾਰੂ ਕੋਈ ਨਹੀਂ ਪੀਂਦਾ ਸੀ। ਪਿੰਡ ਦੇ ਲੋਕਾਂ ਕੋਲ ਗੁੱਝੇ ਗੁੱਝੇ ਨਜਾਇਜ਼ ਹਥਿਆਰ ਸਨ। ਲਸੰਸੀਏ ਡਰ ਡਰ ਕੇ ਦਿਨ ਕੱਟਦੇ। ਬਹੁਤਿਆਂ ਦੇ ਹਥਿਆਰ ਖੋਹੇ ਜਾ ਚੁੱਕੇ ਸਨ। ਹਵਾਈ ਫਾਇਰ ਕਰਨ ਦਾ ਸਵਾਲ ਹੀ ਪੈਂਦਾ ਨਹੀਂ ਸੀ ਹੁੰਦਾ। ਰਾਤ ਦੇ ਘੁੱਪ ਹਨੇਰੇ ਵਿੱਚ ਕੋਈ ਆਪਣੇ ਘਰੋਂ ਉੱਠ ਕੇ ਦੂਜੇ ਅਗਵਾੜ ਜਾਣ ਦੀ ਹਿੰਮਤ ਨਹੀਂ ਰੱਖਦਾ ਸੀ। ਅਵਾਰਾ ਕੁੱਤਿਆਂ ਨੂੰ ਮਾਰ ਮੁਕਾ ਦਿੱਤਾ ਗਿਆ। ਪਾਲਤੂ ਕੁੱਤੇ ਭੌਂਕਣਾ ਛੱਡ ਗਏ। ਉਨ੍ਹਾਂ ਨੂੰ ਸੰਗਲੀ ਪਾ ਕੇ ਰਾਖਵੇਂ ਥਾਂ ’ਤੇ ਬੰਨ੍ਹ ਦਿੱਤਾ ਜਾਂਦਾ।

ਰਾਤਾਂ ਨੂੰ ਪਿੰਡ ਇਉਂ ਲੱਗਦਾ, ਜਿਵੇਂ ਪਿੰਡ ਕਿਧਰੇ ਕੋਈ ਹੋਵੇ ਹੀ ਨਾ। ਕੋਈ ਅਵਾਜ਼ ਨਹੀਂ, ਕਿਧਰੇ ਕੋਈ ਰੋਸ਼ਨੀ ਨਹੀਂ, ਪਿੰਡ ਦੀਆਂ ਗਲੀਆਂ ਵਿੱਚ ਮੌਤ ਜਿਹਾ ਸੰਨਾਟਾ ਹੁੰਦਾ। ਜਿਵੇਂ ਪਿੰਡ ਦੇ ਸਾਹ ਸੁੱਕ ਚੁੱਕੇ ਹੋਣ। ਸੂਰਜ ਛਿਪਦੇ ਹੀ ਅਗਵਾੜ ਦੀਆਂ ਸੁੰਨੀਆਂ ਸਹਿਮੀਆਂ ਸੱਥਾਂ ਸਮਿਆਂ ਦਾ ਮਾਤਮ ਕਰ ਰਹੀਆ ਹੁੰਦੀਆਂ।

ਉਸ ਰਾਤ ਕੋਠਿਆਂ ’ਤੇ ਪਏ ਪੱਕੇ ਰੋੜੇ ਮੀਂਹ ਦੀਆਂ ਵਾਛੜਾਂ ਵਾਂਗ ਵਰ੍ਹੇ। ਪਰ ਰੋੜੇ ਹਵਾ ਵਿੱਚ ਹੀ ਕਿਧਰੋਂ ਤੈਰ ਗਏ। ਧਿਰੇ ਕਿਸੇ ਦੇ ਸ਼ਾਇਦ ਹੀ ਕੋਈ ਰੋੜਾ ਵੱਜਿਆ ਹੋਵੇ। ਕਿਸੇ ਨੇ ਕਿਸੇ ਪਾਸਿਓ ਘਬਰਾਹਟ ਵਿੱਚ ਹਵਾਈ ਫਾਇਰ ਵੀ ਕਰ ਦਿੱਤਾ ਤੇ ਫਿਰ ਕਿਸੇ ਦੂਜੇ ਪਾਸਿਓਂ ਇੱਕ ਹੋਰ ਫਾਇਰ। ਕਈ ਫਾਇਰ ਹੋ ਗਏ। ਫਾਇਰ ਲਗਾਤਾਰ ਵੀ ਹੁੰਦੇ ਰਹੇ। ਜਿਵੇਂ ਕੋਈ ਮੈਦਾਨੇ ਜੰਗ ਹੋਵੇ।

ਪਹਿਲੇ ਲੋਰ ਦੀ ਨੀਂਦ ਲੋਕ ਅਜੇ ਮਸ੍ਹਾਂ ਹੀ ਸੁੱਤੇ ਸਨ। ਦਾਰੂ ਪੀ ਕੇ ਬੰਦੇ ਬੁੜ੍ਹਕ ਕੇ ਉੱਠੇ ਤੇ ਆਪਣੇ ਘਰਾਂ ਦੇ ਬੂਹਿਆਂ ਅੱਗੇ ਆ ਖੜ੍ਹੇ। ਰੌਲਾ ਸੁਣਿਆ ਤਾਂ ਬੋਲੇ... ‘ਸਾਲਿਓ! ਕੀ ਹੋ ਗਿਆ ਪਿੰਡ ਨੂੰ? ਘਰ ਦੇ ਬਾਰ ਅੱਗਿਓਂ ਅਗਾਂਹ ਤੁਰ ਪਏ, ਗਲੀ ਵਿੱਚ ਆ ਗਏ। ਹਥਾਈ ਦੇ ਸੱਥ ਸੁੰਨੀ ਪਈ ਸੀ। ਕਿਸੇ ਸਰਾਬੀ ਨੇ ਉੱਚੀ ਸਾਰੀ ਚੀਕ ਮਾਰ ਦਿੱਤੀ। ਓਧਰ ਦੂਜੇ ਅਗਵਾੜ ਵਿੱਚ ਕਿਸੇ ਨੇ ਬੱਕਰਾ ਬੁਲਾ ਦਿੱਤਾ। ਹੋਰ ਕਿਧਰੇ

ਉੱਚੀਆਂ ਤੇ ਤਿੱਖੀਆਂ ਗਾਲ੍ਹਾਂ ਦਾ ਮੀਂਹ ਵਰ੍ਹਨ ਲੱਗਿਆ। ਪਿੰਡ ਜਿਵੇਂ ਛਪਾਰ ਦਾ ਮੇਲਾ ਬਣ ਉੱਠਿਆ ਹੋਵੇ। ਜਿਵੇਂ ਕਿਧਰੇ ਕੋਈ ਵੱਡੇ ਘਰ ਦੀ ਬਰਾਤ ਉਤਰੀ ਹੋਵੇ ਸ਼ੁਗਲ ਮੇਲੇ ਚੱਲ ਰਹੇ ਹੋਣ। ਰੌਲੇ ਗੌਲੇ ਵਿੱਚ ਸਿੰਘਾਪੁਰੀਆਂ ਦਾ ਮੈਂਗਲ ਬੁੜ੍ਹਾ ਘਰੋਂ ਬਾਹਰ ਹੋਇਆ ਤੇ ਦੂਜੇ ਅਗਵਾੜ ਦੁਰਗੀ ਬਾਮ੍ਹਣੀ ਦੇ ਜਾ ਵੜਿਆ। ਉਹ ਨੂੰ ਕਈ ਮਹੀਨਿਆਂ ਬਾਅਦ ਮਸ੍ਹਾਂ ਇਹ ਮੌਕਾ ਮਿਲਿਆ ਸੀ।

ਪਿੰਡ ਖਾਸਾ ਚਿਰ ਜਾਗਦਾ ਰਿਹਾ। ਰੌਲਾ ਗੌਲਾ ਸਿਖ਼ਰ ’ਤੇ ਜਾ ਕੇ ਮੱਧਮ ਪੈਣ ਲੱਗਿਆ ਤੇ ਫੇਰ ਸ਼ਾਂਤੀ ਵਰਤਣ ਲੱਗੀ। ਪਿੰਡ ਮੁਕੰਮਲ ਤੌਰ ਤੇ ਖ਼ਾਮੋਸ਼ ਹੋ ਗਿਆ। ਕਿਧਰੇ ਦੂਰ ਕੋਈ ਕੁੱਤਾ ਭੌਂਕ ਰਿਹਾ ਸੀ। ਕੁੱਤਾ ਭੌਂਕਣ ਦੀ ਅਵਾਜ਼ ਪਿੰਡ ਦੇ ਜਿਉਂਦਾ ਜਾਗਦਾ ਹੋਣ ਦਾ ਸਬੂਤ ਸੀ।

ਫੌਜੀ ਸੰਤਾ ਸੂੰ, ਰਿਟਾਇਰਡ ਪਟਵਾਰੀ ਮੇਘਰਾਜ ਤੇ ਪੰਚਾਇਤ ਮੈਂਬਰ ਦੇਵਾ ਸਿੰਘ ਘਰਾਂ ਵਿਚੋਂ ਨਿਕਲ ਕੇ ਆਪਣੇ ਅਗਵਾੜ ਦੀ ਸੱਥ ਵਿੱਚ ਚੌਕੜੀ ’ਤੇ ਆ ਬੈਠੇ। ਅਕਾਸ਼ ਤਾਰਿਆਂ ਨਾਲ ਭਰਿਆ ਹੋਇਆ ਸੀ। ਰਾਤ ਅੱਧੀ ਬੀਤ ਚੁੱਕੀ ਹੋਵੇਗਾ। ਹਵਾ ਰੁਮਕ ਰਹੀ ਸੀ। ਪਿੰਡ ਵਿੱਚ ਜਿਵੇਂ ਕੋਈ ਵੀ ਡਰ ਭੈਅ ਨਾ ਰਹਿ ਗਿਆ ਹੋਵੇ। ਉਹ ਗੱਲਾਂ ਕਰਨ ਲੱਗੇ, ਫੌਜੀ ਆਖ ਰਿਹਾ ਸੀ– ‘ਐਦੂੰ ਤਾਂ ਗੋਰਿਆਂ ਦਾ ਰਾਜ ਹੀ ਚੰਗਾ ਸੀ। ਦੇਖਿਆ ਸੀ ਕਦੇ ਇਉਂ ਹੁੰਦਾ। ਅਖੇ–ਸੱਥਾਂ ਵਿੱਚ ਨਾ ਬੈਠੋ, ਤਾਸ਼ ਨਾ ਖੇਡੋ, ਖੰਘੋ ਵੀ ਨਾ, ਪੈੱਗ ਸ਼ੈੱਗ ਬੰਦ। ਚੰਗੀ ਅਜ਼ਾਦੀ ਮਿਲੀ ਬਈ।’

ਮੈਂਬਰ ਬੋਲਿਆ– ‘ਕਿਉਂ ਬਈ, ਕਾਲੇ ਕੱਛੇ ਆਲਾ ਤਾਂ ਚਾਹੇ ਕੋਈ ਆਇਆ ਜਾਂ ਨਹੀਂ, ਪਰ ਪਿੰਡ ਨੂੰ ਸਾਹ ਜਿਹਾ ਆ ਗਿਆ। ਸੁਣਿਆ ਸੀ ਲਲਕਾਰ ਜੈਲੇ ਦਾ? ਕੱਢ ’ਤਾ ਨਾਂ ਬਾਹਰ ਵੱਖੀਆਂ ਦਾ ਸਾਰਾ ਜਾਲਾ।’

ਪਟਵਾਰੀ ਕਹਿੰਦਾ– ‘ਦੁਨੀਆ ਔਖੀ ਬਹੁਤ ਐ, ਭਾਈ । ਸਾਰਾ ਕੁਛ ਈ ਬੰਦ ਹੋ ਗਿਆ, ਕਲਬੂਤ ਤੁਰੇ ਫਿਰਦੇ ਐ, ਰੂਹ ਤਾਂ ਹੈ ਨ੍ਹੀ ਕਿਸੇ ’ਚ।’

ਉਹ ਕਾਫ਼ੀ ਦੇਰ ਬੈਠੇ ਰਹੇ। ਦੂਰੋਂ ਕਿਸੇ ਦੀ ਪੈੜ ਚਾਲ ਸੁਣੀ। ਉਹ ਡਰੇ ਨਹੀਂ।

ਫ਼ੌਜੀ ਕਹਿੰਦਾ– ‘ਆਪਣੇ’ ਗਵਾੜ ਦਾ ਈ ਬੰਦਾ ਲਗਦੈ ਕੋਈ।’

‘ਪਿੰਡ ’ਚੋਂ ਵੀ ਹੋ ਸਕਦੈ ਕਿਧਰੋਂ। ’ ਮੈਂਬਰ ਆਖ ਰਿਹਾ ਸੀ।

ਪਟਵਾਰੀ ਕਹਿੰਦਾ– ‘ਕੋਈ ਕਾਲਾ ਕੱਛਾ ਨਾ ਹੋਵੇ ਭੈੜਿਓ। ਐਵੇਂ ਜਾਹ ਜਾਂਦੀ ਕਰ ਦੇਵੇ।’

‘ਨਹੀਂ, ਇਹ ਤਾਂ.... ਫ਼ੌਜੀ ਨਿਡਰ ਸੀ।

‘ਦੇਖ ਲੈਨੇ ਆਂ, ਨੇੜੇ ਆ ਲੈਣ ਦਿਓ।’ ਮੈਂਬਰ ਦੀ ਦਿਲਜਮੀ ਸੀ।

‘ਸੋਟੀਆਂ ਤਿਆਰ ਰੱਖੋ। ਕੀਹ ਐ ਭਾਈ?’ ਪਟਵਾਰੀ ਪੱਬਾਂ ਭਾਰ ਹੋ ਕੇ ਬੈਠ ਗਿਆ।

ਸਿੰਘਾਪੁਰੀਆਂ ਦਾ ਮੈਂਗਲ ਸੀ। ਬੰਦੇ ਬੈਠੇ ਦੇਖ ਕੇ ਉਹ ਖੰਘੂਰਾ ਮਾਰਨ ਲੱਗਿਆ। ਉਹ ਆਪ ਹੀ ਬੋਲਿਆਂ– ‘ਕਿਹੜੇ ਓਂ ਬਈ?’

ਫ਼ੌਜੀ ਉਹ ਦਾ ਬੋਲ ਸੁਣ ਕੇ ਬੁੜ੍ਹਕਿਆ– ‘ਲੈ ਬਈ, ਇਹ ਤਾਂ ਬੁੜ੍ਹਾ ਸੂੰ ਐ।’

ਮੈਂਬਰ ਬੋਲਿਆ–‘ਵਾਹ ਬਈ ਵਾਹ, ਐਸ ਵੇਲੇ ਕਿੱਧਰੋਂ ਸਿੰਘਾਪੁਰ ਆਲਿਆਂ?’

ਪਟਵਾਰੀ ਨੇ ਹਾਜ਼ਰੀ ਲਵਾਈ ‘ਕਿਉਂ, ਟੱਕਰਿਆ ਕਿਧਰੇ ਕੋਈ ਕਾਲੇ ਕੱਛੇ ਆਲਾ?’

‘ਊਂ! ਕਾਲਾ ਕੱਛਾ ਨਾ ਕਿਤੇ। ਪਿੰਡ ਨੇ ਆਵਦੀ ਗਰਦ ਜ੍ਹੀ ਝਾੜਨੀ ਸੀ, ਝਾੜ ’ਲੀ। ਮੈਂਗਲ ਖੜ੍ਹਾ ਖੜ੍ਹਾ ਬੋਲ ਰਿਹਾ ਸੀ।

ਉਹ ਤਿੰਨੇ ਵੀ ਉੱਠ ਖੜ੍ਹੇ। ਚਾਰੇ ਜਣੇ ਘਰਾਂ ਨੂੰ ਤੁਰੇ ਜਾਂਦੇ ਗੱਲਾਂ ਕਰਦੇ ਜਾ ਰਹੇ ਸਨ। ਆਖ ਰਹੇ ਸਨ–ਕਾਲੇ ਕੱਛੇ ਵਾਲੇ ਬੰਦੇ ਕਿਧਰੇ ਕੋਈ ਨਹੀਂ। ਐਵੇਂ ਅਫ਼ਵਾਹਾਂ ਫੈਲ ਰਹੀਆਂ ਹਨ। ਸ਼ਹਿਰਾਂ ਦੇ ਹਸਪਤਾਲਾਂ ਵਿੱਚ ਹੱਥ ਪੈਰ ਵੱਢੇ ਵਾਲਾ ਇੱਕ ਵੀ ਕੋਈ ਮਰੀਜ਼ ਦਾਖ਼ਲ ਨਹੀਂ। ਅਖ਼ਬਾਰਾਂ ਨੂੰ ਖਬਰਾਂ ਭੇਜਣ ਵਾਲੇ ਬੰਦੇ ਆਪ ਜਾ ਕੇ ਦੇਖ ਕੇ ਆਏ ਹਨ।

ਰਾਤ ਦੀ ਰਾਤ ਹੀ ਪਿੰਡ ਨੂੰ ਸੌਖਾ ਸਾਹ ਆਇਆ ਸੀ। ਅਗਲੀ ਰਾਤ ਫੇਰ ਓਹੀ ਸਹਿਮ ਸੀ, ਓਹੀ ਦਹਿਸ਼ਤ ਤੇ ਪਿੰਡ ਵਿੱਚ ਲੱਗੀਆਂ ਓਹੀ ਬੰਦਸ਼ਾਂ। ♦

# ਦੋਸਤੀ ਦਾ ਸਿਮਰਨ

ਬੇਬੇ ਨੇ ਦੱਸਿਆ–"ਸਰਦੂਲ ਮਰ ਗਿਆ।"

"ਕਿਵੇਂ ਮਰ ਗਿਆ?" ਸੁਣ ਕੇ ਮੇਰੀ ਜਾਨ ਨਿਕਲ ਗਈ ਹੋਵੇ ਜਿਵੇਂ।

"ਮੰਜੇ 'ਚ ਈ ਸੁੱਤਾ ਪਿਆ ਰਹਿ ਗਿਆ। ਤੈਨੂੰ ਪਤੈ, ਦਮਾ ਸੀ ਉਹ ਨੂੰ। ਰਾਤ ਨੂੰ ਕਿਤੇ ਖੰਘ ਦਾ ਗੁਲਫ਼ਾ ਸੰਘ 'ਚ ਅੜ ਗਿਆ, ਸਾਹ ਬੰਦ ਹੋ ਗਿਆ। ਮਰ ਗਿਆ ਬੱਸ।" ਬੇਬੇ ਨੇ ਸੁਭਾਇਕੀ ਗੱਲ ਕੀਤੀ। ਪਰ ਮੇਰੇ ਲਈ ਇਹ ਬੜੀ ਦੁਖਦਾਇਕ ਖ਼ਬਰ ਸੀ। ਸਰਦੂਲ ਮੇਰਾ ਬਚਪਨ ਦਾ ਯਾਰ ਸੀ। ਬੜਾ ਹੀ ਦਰਵੇਸ਼।

ਆਪਣੇ ਪਿੰਡ ਨਾਲੋਂ ਸਬੰਧ ਟੁੱਟੇ ਨੂੰ ਵਰ੍ਹੇ ਬੀਤ ਗਏ ਸਨ। ਐਡੀ ਦੂਰ ਬੈਠਾ ਸਾਂ। ਤੇ ਫੇਰ ਮੇਰੀ ਨੌਕਰੀ ਵੀ ਕੁਝ ਅਜਿਹੀ ਸੀ। ਛੇਤੀ ਛੇਤੀ ਮੈਥੋਂ ਪਿੰਡ ਦਾ ਗੇੜਾ ਨਾ ਵੱਜਦਾ। ਵਰ੍ਹੇ ਛਮਾਹੀ ਹੀ ਚੱਕਰ ਲੱਗਦਾ। ਕਦੇ ਕਦੇ ਤਾਂ ਡੇਢ ਦੋ ਸਾਲ ਵੀ ਲੰਘ ਜਾਂਦੇ।

ਵੱਡਾ ਭਾਈ ਤੇ ਬਾਪੂ ਕਦੋਂ ਦੇ ਗੁਜ਼ਰ ਚੁੱਕੇ ਸਨ। ਹੁਣ ਭਤੀਜਾ ਸੀ ਤੇ ਭਤੀਜੇ ਦਾ ਪਰਿਵਾਰ। ਮਾਂ ਬੈਠੀ ਸੀ। ਉਮਰ ਚਾਹੇ ਉਹ ਦੀ ਅੱਸੀਆਂ ਤੋਂ ਟੱਪ ਚੁੱਕੀ ਸੀ, ਪਰ ਉਹ ਦੀ ਕਾਠੀ ਤਕੜੀ ਸੀ। ਅੱਖਾਂ ਦੀ ਨਜ਼ਰ ਘਟ ਗਈ ਸੀ, ਦੰਦ-ਜਾੜ੍ਹਾਂ ਵੀ ਨਹੀਂ ਸਨ। ਪਰ ਸੋਟੀ ਫੜ ਕੇ ਸਾਰੇ ਅਗਵਾੜ ਵਿੱਚ ਘਰ ਘਰ ਦੀ ਸੁੱਖ ਸਾਂਦ ਪੁੱਛਣ ਦਾ ਕੰਮ ਪਹਿਲਾਂ ਵਾਂਗ ਜਾਰੀ ਸੀ। ਕਿਸੇ ਦੀਆਂ ਦੋ ਸੁਣੀਆਂ, ਕਿਸੇ ਨੂੰ ਦੋ ਸੁਣਾ ਦਿੱਤੀਆਂ। ਗੱਲਾਂ ਉਹ ਦੀ ਆਕਸੀਜਨ ਸੀ। ਅਗਵਾੜ ਕੀ, ਉਹ ਨੂੰ ਤਾਂ ਸਾਰੇ ਪਿੰਡ ਦੀ ਖ਼ਬਰ ਸਾਰ ਸੀ।

ਬੇਬੇ ਮੇਰਾ ਖ਼ਬਰਨਾਮਾ ਸੀ। ਬਹੁਤੀਆਂ ਗੱਲਾਂ ਦਾ ਪਤਾ ਓਸੇ ਤੋਂ ਲੱਗਦਾ। ਪਿੰਡ ਵਿੱਚ ਕੀ ਅਣਹੋਣੀ ਹੋ ਗਈ। ਕਿਹੜਾ ਬੁੜ੍ਹਾ ਮਰ ਗਿਆ ਤੇ ਕਿਹੜੀ ਬੁੜ੍ਹੀ। ਕੀਹਦੀ ਕੁੜੀ ਵਿਆਹੀ ਗਈ ਤੇ ਕੀਹਦੇ ਮੁੰਡੇ ਦੀ ਮੰਗ ਛੁਟ ਗਈ। ਕਿਹੜੇ ਘਰ ਦਾ ਵੰਡ ਵੰਡਾਰਾ ਹੋ ਗਿਆ। ਅਗਵਾੜ ਦੇ ਕਿਹੜੇ ਘਰ ਦਾ ਕਿਹੜੇ ਘਰ ਨਾਲ ਕਿਹੜੀ ਗੱਲ ਪਿੱਛੇ ਵਟਿੱਟ ਪੈ ਗਿਆ ਹੈ।

ਨਵੀਂ ਉਮਰ ਦੇ ਮੁੰਡੇ ਕੁੜੀਆਂ ਮੈਨੂੰ ਤਾਂ ਸ਼ਾਇਦ ਜਾਣਦੇ ਹੋਣਗੇ, ਪਰ ਮੈਂ ਉਨ੍ਹਾਂ ਨੂੰ ਨਹੀਂ ਪਹਿਚਾਣਦਾ ਸੀ। ਮੁੜ੍ਹੰਗੇ ਤੋਂ ਹੀ ਅੰਦਾਜ਼ਾ ਲਾਉਣ ਦੀ ਕੋਸ਼ਿਸ਼ ਕਰਦਾ ਕਿ ਉਹ ਕੀਹਦਾ ਮੁੰਡਾ ਹੋ ਸਕਦਾ ਹੈ ਜਾਂ ਕੀਹਦੀ ਕੁੜੀ। ਮੇਰੇ ਲਈ ਕਿੰਨਾ ਬਦਲ ਗਿਆ ਸੀ। ਪਿੰਡ। ਜਿਵੇਂ ਕੋਈ ਦੂਜਾ ਪਿੰਡ ਹੋਵੇ। ਜਿਵੇਂ ਮੈਂ ਇਸ ਲਈ ਓਪਰਾ ਹੋ ਗਿਆ ਹੋਵਾਂ।

ਪਰ ਹਾਂ, ਮੇਰੇ ਹਾਣੀ ਬੰਦੇ ਤੇ ਵੱਡੀ ਉਮਰ ਦੇ ਲੋਕ ਜਿਵੇਂ ਮੇਰੇ ਆਪਣੇ ਹੋਣ। ਉਨ੍ਹਾਂ ਕਰਕੇ ਹੀ ਤਾਂ ਇਹ ਪਿੰਡ ਮੇਰਾ ਆਪਣਾ ਸੀ। ਕੋਈ ਵੀ ਮਿਲਦਾ, ਮੇਰਾ ਹਾਲ ਚਾਲ ਪੁੱਛਦਾ। ਬੁੜ੍ਹੀਆਂ ਮੇਰੇ ਜੁਆਕ ਜੱਲਿਆਂ ਦੀ ਸੁੱਖ ਸਾਂਦ ਪੁੱਛਦੀਆਂ।

ਤੇ ਅੱਜ ਬੇਬੇ ਜਿੰਨੀਆਂ ਵੀ ਗੱਲਾਂ ਸੁਣਾ ਰਹੀ ਸੀ, ਮੇਰਾ ਉਨ੍ਹਾਂ ਵੱਲ ਕੋਈ ਖ਼ਾਸ ਧਿਆਨ ਨਹੀਂ ਸੀ। ਸਰਦੂਲ ਦੀ ਗੱਲ ਕਰਕੇ ਉਹ ਨੇ ਮੈਨੂੰ ਸੁੰਨ ਮਿੱਟੀ ਬਣਾ ਦਿੱਤਾ ਸੀ। ਜਦੋਂ ਵੀ ਮੈਂ ਪਿੰਡ ਆਉਂਦਾ, ਸਰਦੂਲ ਦੇ ਘਰ ਜ਼ਰੂਰ ਜਾਂਦਾ। ਉਹ ਦੇ ਨਾਲ ਪੁਰਾਣੀਆਂ ਗੱਲਾਂ ਕਰਕੇ ਜਿਵੇਂ ਢਿੱਡ ਭਰ ਜਾਂਦਾ ਹੋਵੇ, ਢਿੱਡ ਜਿਵੇਂ ਹੌਲਾ ਹੋ ਜਾਦਾ। ਉਹ ਦੇ ਬੋਲ ਵਿੱਚ ਚਾਹੇ ਉਹ ਪੁਰਾਣੀ ਜੁਆਨੀ ਪਹਿਰੇ ਵਾਲੀ ਮੜਕ ਨਹੀਂ ਰਹਿ ਗਈ ਸੀ, ਪਰ ਗੱਲ ਕਰਨ ਦਾ ਅੰਦਾਜ਼ ਓਹੀ ਸੀ। ਕਾਗਜ਼ ਦੇ ਟੁਕੜੇ ਨੂੰ ਗੋਲ ਕਰਕੇ ਤੇ ਕਾਗਜ਼ ਦੀ ਬੱਤੀ ਕੰਨ ਵਿੱਚ ਪਾ ਕੇ ਹੀ ਉਸ ਨੂੰ ਨਵੀਂ ਗੱਲ ਔੜਦੀ। ਚੁੱਕਵੀਂ ਗੱਲ ਕਰਦਾ। ਚਹੇਡੀ ਬੜਾ ਸੀ। ਬੇਬੇ ਨੇ ਸਾਰੀਆਂ ਗੱਲਾਂ ਮੁਕਾ ਕੇ ਮੈਨੂੰ ਸੁਝਾਅ ਦਿੱਤਾ ਕਿ ਮੈਂ ਸਰਦੂਲ ਦੇ ਘਰ ਉਹ ਦੀ ਮਾਂ ਕੋਲ ਬੈਠ ਆਵਾਂ। ਬੇਬੇ ਨੂੰ ਸਰਦੂਲ ਨਾਲ ਮੇਰੀ ਪੱਕੀ ਯਾਰੀ ਦਾ ਪਤਾ ਸੀ। ਕਹਿੰਦੀ–'ਤੂੰ ਤਾਂ ਉਹ ਨੂੰ ਸਰਦੂਲ ਅਰਗਾ ਈ ਐਂ। ਜਾਵੇਂਗਾ ਤਾਂ ਹਰ ਕੁਰ ਦੀ ਆਤਮਾ ਠਰੂਗੀ, ਭਾਈ। ਜ਼ਰੂਰ ਜਾਈਂ।"

ਭਤੀਜਾ ਹਾਲੇ ਖੇਤੋਂ ਨਹੀਂ ਮੁੜਿਆ ਸੀ। ਭਤੀਜੇ ਦੇ ਜੁਆਕ ਮੁੰਡਾ ਤੇ ਕੁੜੀ ਮੇਰੇ ਗੋਦੀ ਵਿੱਚ ਬੈਠ ਕੇ ਮੈਥੋਂ ਪਿਆਰ ਲੈ ਗਏ ਸਨ। ਨੂੰਹ ਪੈਰੀਂ ਹੱਥ ਲਾ ਗਈ ਸੀ। ਚਾਹ ਕਰਕੇ ਪਿਆ ਦਿੱਤੀ ਸੀ। ਬੇਬੇ ਨੂੰ ਵੀ। ਦਿਨ ਢਲਣ ਲੱਗਿਆ ਸੀ। ਮੈਂ ਦੁਪਹਿਰੇ ਜਿਹੇ ਆਇਆ ਸਾਂ। ਚਾਹੁੰਦਾ ਸਾਂ, ਘੰਟਾ ਕੁ ਲਾਵਾਂ ਤੇ ਮੁੜ ਜਾਵਾਂ। ਏਥੇ ਹੋ ਕੇ ਮੈਂ ਹੋਰ ਪਿੰਡ ਵੀ ਜਾਣਾ ਚਾਹੁੰਦਾ ਸੀ। ਪਰ ਭਤੀਜੇ ਨਾਲ ਇੱਕ ਖ਼ਾਸ ਗੱਲ ਕਰਨੀ ਜ਼ਰੂਰੀ ਸੀ। ਅਖ਼ੀਰ ਮੈਂ ਫ਼ੈਸਲਾ ਕੀਤਾ ਕਿ ਅੱਜ ਦੀ ਰਾਤ ਇੱਥੇ ਹੀ ਰਹਿੰਦੇ ਹਾਂ। ਭਤੀਜੇ ਨਾਲ ਰਾਤ ਨੂੰ ਸੰਵਾਰ ਕੇ ਗੱਲ ਹੋ ਜਾਵੇਗੀ। ਭੱਜ ਦੁੜੱਕੇ ਵਿੱਚ ਗੱਲ ਦਾ ਸੁਆਦ ਨਹੀਂ ਆਉਂਦਾ।

ਘਰੋਂ ਉੱਠ ਕੇ ਮੈਂ ਸੱਥ ਵਿੱਚ ਹਥਾਈ ਦੇ ਪਿੱਪਲ ਥੱਲੇ ਤਖ਼ਤਪੋਸ਼ 'ਤੇ ਆ ਬੈਠਾ। ਏਥੇ ਹੋਰ ਬੰਦੇ ਵੀ ਬੈਠੇ ਸਨ। ਮੈਂ ਸਾਰਿਆਂ ਵੱਲ ਹੱਥ ਜੋੜੇ ਤੇ ਸਤਿ ਸ੍ਰੀ ਅਕਾਲ ਬੁਲਾਈ। ਇਕੱਲੇ ਇਕੱਲੇ ਦਾ ਨਾਉਂ ਲੈ ਕੇ ਹਾਲ ਚਾਲ ਪੁੱਛਿਆ। ਇਹ ਸਭ ਵੱਡੀ ਉਮਰ ਦੇ ਸਨ। ਤੇ ਫੇਰ ਉਨ੍ਹਾਂ ਵਿਚੋਂ ਇੱਕ ਨੇ ਮੇਰਾ ਹਾਲ ਚਾਲ ਪੁੱਛਿਆ। ਜਿਵੇਂ ਸਾਰਿਆਂ ਨੇ ਮੇਰਾ ਹਾਲ ਚਾਲ ਪੁੱਛਿਆ ਹੋਵੇ। ਮੈਂ ਦੇਖਿਆ, ਇਹ ਉਹੀ ਪੁਰਾਣਾ ਤਖ਼ਤਪੋਸ਼ ਸੀ। ਇੱਥੇ ਬੈਠ ਕੇ ਹੀ ਸਰਦੂਲ ਰੌਣਕਾਂ ਲਾਉਂਦਾ ਹੁੰਦਾ।

ਸਰਦੂਲ ਨੂੰ ਦਮੇ ਦੀ ਬਿਮਾਰੀ ਪਹਿਲਾਂ ਤੋਂ ਹੀ ਹੋਵੇਗੀ। ਮੇਰਾ ਉਹ ਦੇ ਨਾਲ ਜਦੋਂ ਸਬੰਧ ਹੋਇਆ, ਮੈਂ ਤਾਂ ਉਹ ਨੂੰ ਖੰਘਦੇ ਦਾ ਖੰਘਦਾ ਦੇਖਿਆ। ਉਹ ਦਾ ਸਾਹ ਉਲਟ ਜਾਂਦਾ ਤੇ ਉਹ ਦਾ ਬੁਰਾ ਹਾਲ ਹੋ ਜਾਂਦਾ। ਕਿੰਨਾਂ ਕਿੰਨਾ ਚਿਰ ਉਹ ਤੋਂ ਬੋਲਿਆ ਨਹੀਂ ਜਾਂਦਾ ਸੀ। ਘਰ ਦੀ ਕੱਢੀ ਦਾਰੂ ਦਾ ਪਊਆ ਉਹ ਦੀ ਨਿੱਤ ਦੀ ਦਵਾਈ ਸੀ। ਉਹ ਦਾ ਸਾਹ ਟਿਕਿਆ ਰਹਿੰਦਾ। ਨੀਂਦ ਸੰਵਾਰ ਕੇ ਆ ਜਾਂਦੀ। ਦਾਰੂ ਪੀ ਕੇ ਉਹ ਰੋਟੀ ਵੀ ਚੰਗੀ ਖਾ ਲੈਂਦਾ ਸੀ। ਉਨ੍ਹਾਂ ਦਿਨਾਂ ਵਿੱਚ ਇੱਕ ਪਊਆ ਡੇਢ ਦੋ ਰੁਪਏ ਦਾ ਆ ਜਾਂਦਾ। ਪਿੰਡ ਵਿੱਚ ਬਹੁਤ ਸਨ ਘਰ ਦੀ ਕੱਢਣ ਵਾਲੇ। ਪੀਂਦੇ ਤੇ ਵੇਚਦੇ। ਕੁਝ ਇੱਕ ਨੇ ਤਾਂ ਇਹ ਧੰਦਾ ਹੀ ਬਣਾ ਰੱਖਿਆ ਸੀ। ਪੁਲਿਸ ਨਾਲ ਮਿਲ ਕੇ ਕੀ ਨਹੀਂ ਕੀਤਾ ਜਾ ਸਕਦਾ।

ਸਰਦੂਲ ਦਿਨ ਛਿਪਣ ਤੋਂ ਪਹਿਲਾਂ ਪਊਆ ਲਿਆ ਕੇ ਘਰ ਰੱਖ ਦਿੱਦਾ। ਤੇ ਫੇਰ ਸੱਥ ਵਿੱਚ ਤਖ਼ਤਪੋਸ਼ 'ਤੇ ਬੈਠ ਕੇ ਕੰਨਾਂ ਦੀ ਮੈਲ ਕੱਢਦਾ ਤੇ ਉੱਚਾ ਉੱਚਾ ਬੋਲ ਕੇ ਗੱਲਾਂ ਸੁਣਾਉਂਦਾ।ਕੜਾਕੇਦਾਰ ਗੱਲ ਕਰਦਾ, ਜਿਵੇਂ ਪੀਣ ਤੋਂ ਪਹਿਲਾਂ ਹੀ ਉਹ ਨੂੰ ਨਸ਼ਾ ਚੜ੍ਹਿਆ ਹੋਇਆ ਹੋਵੇ।

ਉਹ ਪੁਰਾਣੇ ਵਕਤਾਂ ਦੀਆਂ ਚਾਰ ਜਮਾਤਾਂ ਪੜ੍ਹਿਆ ਹੋਇਆ ਸੀ। ਉਰਦੂ ਦੇ ਅਖ਼ਬਾਰ ਨੂੰ ਚਰ੍ਹੀ ਵਾਂਗੂੰ ਵੱਢਦਾ। ਉਹ ਅਖ਼ਬਾਰ ਦਾ ਨਿੱਤ ਦਾ ਗਾਹਕ ਸੀ। ਉਹ ਦੁਨੀਆ ਭਰ ਦੇ ਰਾਜਨੀਤਿਕ ਮਾਮਲਿਆਂ ਤੋਂ ਜਾਣੂ ਰਹਿੰਦਾ।

ਤੇ ਅੱਜ ਸੱਥ ਵਿੱਚ ਪਤਾ ਨਹੀਂ ਕਿਵੇਂ ਕਿਸੇ ਨੇ ਸਰਦੂਲ ਦੀ ਗੱਲ ਛੇੜ ਦਿੱਤੀ। ਹਾਂ ਸੱਚ, ਇਹ ਗੱਲ ਲੈ ਕੇ, ਅਖੇ-"ਹੁੰਦਾ ਅੱਜ ਸਰਦੂਲ ਤਾਂ ਕੀ ਆਪਾਂ ਨੂੰ ਇਉਂ ਚੁੱਪ ਬੈਠਣ ਦਿੰਦਾ? ਉਹ ਤਾਂ ਅਗਲੇ ਦੇ ਢਿੱਡ ਵਿਚੋਂ ਗੱਲ ਕੱਢਵਾ ਲੈਂਦਾ ਸੀ।"

ਨੰਬਰਦਾਰਾਂ ਦਾ ਹਰਨੇਕ, ਜਿਹੜਾ ਹੁਣੇ ਆ ਕੇ ਬੈਠਾ ਸੀ, ਕਹਿੰਦਾ-"ਸੀ ਤਾਂ ਸਾਲਾ ਛਿਲਕਾਂ ਦਾ ਘੋੜਾ ਜ੍ਹਾ, ਗੱਲਾਂ ਦੇਖ ਕਿਵੇਂ ਦਮਾਕ ਪਾੜ ਪਾੜ ਆਉਂਦੀਆਂ ਹੁੰਦੀਆਂ ਉਹ ਨੂੰ।"

"ਅੱਖਰਾਂ ਦਾ ਸਿਆਣੂ ਸੀ ਭਾਈ, ਗੱਲਾਂ ਕਿਵੇਂ ਨਾ ਆਉਣ। ਉਹ ਦੀਆਂ ਚਾਰ ਤਾਂ ਅੱਜ ਕੱਲ੍ਹ ਦੇ ਚੌਂਦਾਂ ਪੜ੍ਹੇ ਦਾ ਮੁਕਾਬਲਾ ਕਰਦੀਆਂ ਸੀ।" ਤੇਲੂ ਤਖਾਣ ਨੇ ਸਰਦੂਲ ਵਰਗਾ ਹੀ ਕੜਕਵਾਂ ਬੋਲ ਕੱਢਿਆ।

"ਉਹ ਦਾ ਤਾਂ ਭਾਈ ਪਊਆ ਬੋਲਦਾ ਹੁੰਦਾ। ਆਪ ਉਹ ਦੇ 'ਚ ਕਿੱਥੇ ਜਾਨ ਸੀ ਹੱਡੀਆਂ ਦੀ ਮੁੱਠੀ 'ਚ।" ਕਿਸੇ ਹੋਰ ਨੇ ਉਹ ਦਾ ਐਬ ਨਿਰਖਿਆ।

"ਗੱਲਾਂ ਈ ਗੱਲਾਂ ਸੀ ਉਹ ਦੇ ਕੋਲ, ਹੋਰ ਕੀ ਸੀ? ਕੰਮ ਦਾ ਤਾਂ ਡੱਕਾ ਦੂਹਰਾਂ ਨ੍ਹੀਂ ਸੀ ਕਰਦਾ, ਜਿਵੇਂ ਜ਼ਮੀਨ ਸੀ....

"ਤਾਂ ਹੀ ਕੋਈ ਸਾਕ ਨਾ ਹੋਇਆ ਉਹ ਨੂੰ। ਖਵਾਉਂਦਾ ਕਿੱਥੋਂ?" ਤੇਲੂ ਨੇ ਪਹਿਲੇ ਦੀ ਗੱਲ ਵਿਚੋਂ ਕੱਟ ਦਿੱਤੀ।

"ਓਏ, ਉਹ ਕਮਜ਼ੋਰ ਸੀ, ਭਾਈ। ਉਹ ਨੂੰ ਆਪ ਦੀਂਹਦਾ ਸੀ। ਕਹੀ ਕਿੱਥੋਂ ਚਲਾ ਲੈਂਦਾ ਉਹ? ਖਾਧਾ ਤਾਂ ਪਿਆ ਸੀ, ਖੰਘ ਦਾ।" ਨੰਬਰਦਾਰਾਂ ਦੇ ਹਰਨੇਕ ਨੇ ਉਹ ਦਾ ਪੱਖ ਪੂਰਿਆ।

ਮੇਰੇ ਦਿਮਾਗ ਵਿੱਚ ਸਰਦੂਲ ਦੀ ਮਾਂ ਘੁੰਮ ਰਹੀ ਸੀ। ਕਿਵੇਂ ਉਹ ਆਥਣ ਉੱਗਣ ਪੁੱਤ ਦੀ ਰੋਟੀ ਦਾ ਆਹਰ ਜਿਹਾ ਕਰਦੀ ਫਿਰਦੀ। ਉਹ ਸਰਦੂਲ ਦੀ ਮਨਪਸੰਦ ਦਾਲ ਸਬਜ਼ੀ ਰਿੰਨ੍ਹਦੀ। ਉਹ ਦੇ ਕੱਪੜੇ ਧੋ ਕੇ ਉਨ੍ਹਾਂ ਨੂੰ ਲਾਜਵਰ ਵਾਲੇ ਪਾਣੀ ਵਿੱਚ ਡੋਬਦੀ। ਕਿਵੇਂ ਉਹ ਆਪਣੀ ਮਾਂ 'ਤੇ ਹੁਕਮ ਜਿਹੇ ਚਲਾਉਂਦਾ ਰਹਿੰਦਾ-"ਬੇਬੇ, ਇਹ ਨਾ ਕਰੀਂ, ਬੇਬੇ, ਆਹ ਕਰਦੀਂ...."

ਕਦੇ ਕਦੇ ਅਸੀਂ ਉਨ੍ਹਾਂ ਦੇ ਘਰ ਇਕੱਠੇ ਬੈਠ ਕੇ ਦਾਰੂ ਪੀਂਦੇ। ਮੇਰੇ ਨਾਲ ਦਾਰੂ ਪੀ ਕੇ ਉਹ ਨੂੰ ਖ਼ੁਸ਼ੀ ਹੁੰਦੀ। ਉਹ ਬੜਾ ਹਿਸਾਬੀ ਕਿਤਾਬੀ ਬੰਦਾ ਸੀ। ਆਖਦਾ-"ਲੈ ਬਈ, ਮੈਂ ਤਾਂ ਪਊਏ ਦਾ ਭਾਈਵਾਲ ਆਂ, ਆਹ ਫੜ ਦੋ ਰੁਪਈਏ। ਤੂੰ ਜਿੰਨੀ ਪੀਣੀ ਐ, ਲੈ ਆ।"

ਕਦੇ ਕਦੇ ਉਹ ਆਂਡਿਆਂ ਦੀ ਸਬਜ਼ੀ ਬਣਵਾਉਂਦਾ, ਇੱਕ ਵਾਰ ਅਸੀਂ ਕੁੱਕੜ ਵੱਢਣ ਦੀ ਸਲਾਹ ਬਣਾਈ। ਮਜ਼੍ਹਬੀਆਂ ਵਿਹੜੇ ਜਾ ਕੇ ਕੁੱਕੜ ਲੈ ਆਏ। ਅੱਧੇ ਪੈਸੇ ਉਹ ਨੇ ਦਿੱਤੇ, ਅੱਧੇ ਮੈਂ। ਹੁਣ ਉਹ ਨੂੰ ਮਾਰੀਏ ਕਿਵੇਂ? ਨਾ ਉਹ ਨੂੰ ਪਤਾ, ਨਾ ਮੈਨੂੰ। ਅਖ਼ੀਰ ਅਸੀਂ ਇੱਟਾਂ ਦੇ ਇੱਕ ਪੁਰਾਣੇ ਭੱਠੇ ਵਿੱਚ ਉਹ ਨੂੰ ਲੈ ਗਏ। ਚਾਕੂ ਸਾਡੇ ਕੋਲ ਸੀ।ਮੈਂ ਕੁੱਕੜ ਨੂੰ ਟੰਗਾਂ ਤੋਂ ਫੜ ਕੇ ਰੱਖਿਆ। ਉਹ ਨੇ ਮਸ੍ਹਾਂ ਉਹ ਦੀ ਗਰਦਨ ਵੱਢੀ। ਕੁੱਕੜ ਖੰਭ ਫੜਫੜਾਉਂਦਾ ਮੇਰੇ ਹੱਥਾਂ ਵਿਚੋਂ ਨਿਕਲ ਪਿਆ। ਛਾਲਾਂ ਮਾਰਦਾ ਭੱਠੇ ਵਿਚੋਂ ਪਾਰ ਗਿਆ। ਅਸੀਂ ਉਹ ਦੇ ਮਗਰ ਭੱਜੇ। ਜਦੋਂ ਨੂੰ ਅਸੀਂ ਭੱਠੇ ਵਿਚੋਂ ਬਾਹਰ ਆਏ, ਉਹ ਪਤਾ ਨਹੀਂ ਕਿੱਥੇ ਜਾ ਡਿੱਗਿਆ ਸੀ। ਭੱਠੇ ਨੇੜੇ ਕਪਾਹਾਂ ਤੇ ਮੱਕੀਆਂ ਦੇ ਖੇਤ ਸਨ। ਇੱਕ ਘੰਟਾ ਲਾ ਕੇ ਅਸੀਂ ਮਸ੍ਹਾਂ ਕਿਤੇ ਕੁੱਕੜ ਦੀ ਲਾਸ਼ ਲੱਭੀ।

ਮਗਰੋਂ ਕਈ ਵਰ੍ਹਿਆਂ ਤੱਕ ਮੈਂ ਤੇ ਸਰਦੂਲ ਜਦੋਂ ਉਸ ਕੁੱਕੜ ਦੀ ਗੱਲ ਛੇੜਦੇ ਤਾਂ ਬੜੇ ਹੱਸਦੇ।"

ਫੇਰ ਮੈਨੂੰ ਜਦੋਂ ਵੀ ਕਦੇ ਘਰ ਦੀ ਕੱਢੀ ਦਾਰੂ ਪੀਣ ਦਾ ਮੌਕਾ ਮਿਲਦਾ, ਸਰਦੂਲ ਯਾਦ ਆਉਂਦਾ। ਦਾਰੂ ਦੀ ਕੱਚੀ ਕੱਚੀ ਖ਼ੁਸ਼ਬੂ ਦੇ ਨਾਲ ਹੀ ਜਿਵੇਂ ਉਹ ਦਾ ਖ਼ਿਆਲ ਮੱਥੇ ਵਿੱਚ ਆ ਵੜਦਾ ਹੋਵੇ। ਹਾੜ੍ਹਾ ਲਾ ਕੇ ਗੰਢੇ ਦੀਆਂ ਫਾੜੀਆਂ ਕਰਚ ਕਰਚ ਕਰਕੇ ਖਾਣਾ। ਅੰਬ ਦੇ ਆਚਾਰ ਦੀ ਚੀਰੀ ਹੋਈ ਗੁਠਲੀ ਚੂਸੀਂ ਜਾਂਦਾ..... ਕਿਆ ਅੰਦਾਜ਼ ਸੀ ਉਹ ਦਾਰੂ ਪੀਣ ਦਾ।

ਜਿਵੇਂ ਸੱਥ ਵਿੱਚ ਗੱਲਾਂ ਕਰਦੇ ਬੰਦਿਆਂ ਵੱਲ ਮੇਰਾ ਉੱਕਾ ਹੀ ਧਿਆਨ ਨਾ ਰਹਿ ਗਿਆ ਹੋਵੇ। ਉਹ ਪਤਾ ਨੀ ਕੀ ਕਹਿ ਗਏ ਸਨ। ਤੇ ਹੁਣ ਬੱਗੂ ਬੁੜ੍ਹਾ ਆਖ ਰਿਹਾ ਸੀ– "ਭਾਈ, ਕਿਵੇਂ ਸੀ ਚਾਹੇ, ਇੱਕ ਉਹ ਦੇ 'ਚ ਪੱਕਾ ਗੁਣ ਸੀ। ਮਜਾਲ ਐ–ਕਿਸੇ ਦੀ ਭੈਣ ਕੰਨੀ ਕਦੇ ਅੱਖ ਭਰ ਕੇ ਝਾਕਿਆ ਹੋਵੇ।"

ਸਾਰੇ ਅਗਵਾੜ ਦੇ ਡੰਗਰ ਪਸ਼ੂ ਖੇਤੋਂ ਆ ਚੁੱਕੇ ਸਨ। ਬੰਦੇ ਵੀ ਇੱਕ ਇੱਕ ਕਰਕੇ ਤਖ਼ਤਪੋਸ਼ ਤੋਂ ਉੱਠਣ ਲੱਗੇ। ਮੈਂ ਘਰੋਂ ਮਿੱਥ ਕੇ ਆਇਆ ਸੀ ਕਿ ਸਰਦੂਲ ਦੀ ਮਾਂ ਕੋਲ ਜਾਵਾਂਗਾ। ਉਹ ਦੇ ਨਾਲ ਸਰਦੂਲ ਦਾ ਦੁੱਖ ਸੁੱਖ ਕਰਾਂਗਾ। ਪਰ ਲੋਕਾਂ ਮੂੰਹੋਂ ਉਹ ਦੇ ਬਾਰੇ ਐਨੀਆਂ ਗੱਲਾਂ ਸੁਣ ਕੇ ਤੇ ਆਪਣੇ ਦਿਮਾਗ਼ ਵਿੱਚ ਉਹ ਦਾ ਐਨਾ ਸਾਰਾ ਸਿਮਰਨ ਕਰਕੇ ਜਿਵੇਂ ਉਹ ਦੀ ਮਾਂ ਕੋਲ ਜਾਣ ਦੀ ਲੋੜ ਹੀ ਨਾ ਰਹਿ ਗਈ ਹੋਵੇ। ਮੈਂ ਭਤੀਜੇ ਬਾਰੇ ਸੋਚਣ ਲੱਗਿਆ। ਉਹ ਹੁਣ ਤੱਕ ਤਾਂ ਜ਼ਰੂਰ ਖੇਤੋਂ ਆ ਚੁੱਕਿਆ ਹੋਵੇਗਾ।

ਅਗਲੀ ਵਾਰ ਜਦੋਂ ਮੈਂ ਪਿੰਡ ਗਿਆ ਤਾਂ ਸੁਣਿਆ ਕਿ ਸਰਦੂਲ ਦੀ ਮਾਂ ਵੀ ਨਹੀਂ ਰਹੀ। ਬੇਬੇ ਨੇ ਮੈਨੂੰ ਦੱਸਿਆ ਕਿ ਪਿਛਲੀ ਵਾਰੀ ਜਦੋਂ ਮੈਂ ਆਇਆ ਸੀ ਤੇ ਸਰਦੂਲ ਦੀ ਮਾਂ ਕੋਲ ਨਹੀਂ ਗਿਆ ਸੀ ਤਾਂ ਉਹ ਘਰ ਉਲਾਂਭਾ ਦੇ ਕੇ ਗਈ ਸੀ–"ਜਿਉਂਦਿਆਂ ਦੇ ਮੇਲੇ ਹੁੰਦੇ ਨੇ, ਭਾਈ। ਹੁਣ ਕੌਣ ਆਉਂਦੇ ਕੋਈ ਮੇਰੇ ਕੋਲ। ਇਹੀ ਤੇਰਾ ਮੁੰਡਾ ਨਿੱਤ ਹਿਣਕਦਾ ਹੁੰਦਾ, ਸਰਦੂਲ ਕੋਲ। ਸੱਥ ਵਿੱਚ ਆ ਕੇ ਬੈਠਾ ਰਿਹਾ। ਗਹਾਂ ਮੇਰੇ ਕੋਲ ਆ ਜਾਂਦਾ ਤਾਂ ਕੀ ਉਹ ਦੇ ਪੈਰ ਘਸ ਜਾਂਦੇ।" ♦

# ਧਰਮਾਤਮਾ

ਗੂੜ੍ਹੇ ਸਿਆਲ ਦੀ ਇੱਕ ਸਵੇਰ। ਉਹ ਸਾਰਾ ਟੱਬਰ ਚੁੱਲ੍ਹੇ ਮੂਹਰੇ ਬੈਠਾ ਚਾਹ ਪੀ ਰਿਹਾ ਸੀ। ਮੱਕੀ ਦੇ ਗੁੱਲਾਂ ਦਾ ਰੁੱਗ ਸੁੱਟਦੇ ਤੇ ਜਦੋਂ ਅੱਗ ਦੀ ਲਾਟ ਨਿਕਲਦੀ, ਉਹ ਪੈਰਾਂ ਦੀਆਂ ਅੱਡੀਆਂ ਪਿਛਾਂਹ ਨੂੰ ਖਿਸਕਾਉਂਦੇ। ਲੱਤਾਂ ਤੱਕ ਪਹੁੰਚੇ ਸੇਕ ਨੂੰ ਘੱਟ ਕਰਨ ਲਈ ਸੁਕੜੰਜਾਂ ਪਲੋਸਣ ਲੱਗਦੇ। ਠੱਕ ਠੱਕ ਦੀ ਮੱਧਮ ਆਵਾਜ਼ ਸੁਣ ਕੇ ਸਭ ਦਾ ਧਿਆਨ ਵਿਹੜੇ ਵੱਲ ਹੋ ਗਿਆ। ਮਾਂ ਨੇ ਮੁੰਡੇ ਨੂੰ ਕਿਹਾ–“ਰਾਜੂ, ਦੇਖ ਵੇ, ਕੌਣ ਐ?”

ਮੁੰਡਾ ਸਣੇ ਗਿਲਾਸ ਵਿਹੜੇ ਵਿੱਚ ਆਇਆ ਤੇ ਫੇਰ ਹੌਲੀ ਦੇ ਕੇ ਬੋਲਿਆ–“ਬੱਗੂ ਬੁੜ੍ਹਾ ਐ।”

ਐਨੇ ਨੂੰ ਉਹ ਦਰਵਾਜ਼ੇ ਦੀ ਦਿਹਲੀ ਟੱਪ ਆਇਆ ਸੀ। ਵਿਹੜੇ ਵਿੱਚ ਪੈਰ ਰੱਖਦੇ ਹੀ ਬੋਲਿਆ–“ਦੇਵਤਿਆ...”

ਨਰੈਣੇ ਨੇ ਮੂੰਹ ਵਿਚਲੀ ਘੁੱਟ ਸੰਘੋਂ ਥੱਲੇ ਕਰਕੇ ਬਾਕੀ ਬਚਦੀ ਚਾਹ ਦਾ ਗਿਲਾਸ ਚੁੱਲ੍ਹੇ ਦੇ ਓਟੇ ਕੋਲ ਰੱਖ ਦਿੱਤਾ ਤੇ ਬੋਲਿਆ–“ਆ ਜਾ ਬੱਗਾ ਸਿਆਂ, ਗਾਹਾਂ ਈ ਲੰਘ ਆ। ਆ ਜਾ ਸੇਕ ਲੈ।”

“ਹਾਂ ਬਈ, ਠੰਡ ਤਾਂ ਅੱਜ ਕੜਾਕੇ ਕੱਢੀਂ ਜਾਂਦੀ ਐ।” ਬੱਗੂ ਦੀ ਸੋਟੀ ਵਿਹੜੇ ਦੀ ਪੱਕੀ ਮਿੱਟੀ ’ਤੇ ਖੜਕ ਰਹੀ ਸੀ।

ਝਲਾਨੀ ਵਿਚੋਂ ਮੁੰਡਾ, ਮੁੰਡੇ ਦੀ ਮਾਂ ਤੇ ਕੁੜੀ ਉੱਠ ਕੇ ਵਰਾਂਡੇ ਵਿੱਚ ਜਾ ਬੈਠੇ। ਤੇ ਫੇਰ ਮੁੰਡੇ ਨੇ ਖੇਸੀ ਦੀ ਬੁੱਕਲ ਮਾਰੀ ਤੇ ਬਾਹਰ ਨੂੰ ਤੁਰ ਪਿਆ। ਕੁੜੀ ਨੇ ਬਹੁਕਰ ਚੁੱਕ ਲਈ। ਮਾਂ ਰਿੜਕਣੇ ਦਾ ਰੱਸਾ ਖੋਲ੍ਹਣ ਲੱਗੀ।

ਬੱਗੂ ‘ਹਰੇ ਰਾਮ–ਹਰੇ ਰਾਮ’ ਕਰਦਾ ਚੁੱਲ੍ਹੇ ਅੱਗੇ ਪੀੜ੍ਹੀ ’ਤੇ ਜਾ ਬੈਠਾ। ਹੱਥ ਸੇਕਣ ਲੱਗਿਆ। ਨਰੈਣੇ ਨੇ ਗੁੱਲਿਆਂ ਦਾ ਰੁੱਗ ਚੁੱਲ੍ਹੇ ਵਿੱਚ ਸੁੱਟ ਕੇ ਥੱਲੇ ਪਏ ਪਤੀਲੇ ਦਾ ਢੱਕਣ ਚੁੱਕਿਆ, ਵਿੱਚ ਚਾਹ ਹੈਗੀ ਸੀ। ਪਤੀਲਾ ਉਹ ਨੇ ਚੁੱਲ੍ਹੇ ’ਤੇ ਧਰ ਦਿੱਤਾ। ਕਹਿੰਦਾ–“ਚਾਹ ਦਿਨਾਂ ਤੈਨੂੰ। ਠਾਰੀ ਤਾਂ ਕੰਜਰ ਦੀ...”

“ਨਾ ਬਈ, ਇਹ ਗੱਲ ਨ੍ਹੀਂ। ਚਾਹ ਜਮਾਂ ਛਕ ਕੇ ਘਰੋਂ ਤੁਰਿਆ ਸੀ ਮੈਂ ਤਾਂ।”

“ਨਹੀਂ, ਤੱਤੀ ਹੋ ਲੈਣ ਏ। ਨਾਲੇ ਮੈਂ ਪੀ ਲੂੰ।”

“ਤੂੰ ਪੀ ਜੀਅ ਸਕਦੇ। ਮੈਂ ਭਲਾ, ਦੇਵਤਿਆਂ, ਥੋਡੇ ਘਰ ਦਾ ਖਾ ਕੇ ਭਾਰ ਚੜ੍ਹੌਣੈਂ ਆਵਦੇ ਸਿਰ? ਥੋਨੂੰ ਤਾਂ ਦਿੱਤਾ ਬਣਦੈ। ਰਾਮ ਰਾਮ, ਤੂੰ ਪੀ।” ਬੱਗੂ ਮਿੱਠਾ ਬੋਲਦਾ ਸੀ।

ਚਾਹ ਉੱਬਲੀ ਤੋਂ ਪਤੀਲਾ ਨਰੈਣੇ ਨੇ ਥੱਲੇ ਲਾਹ ਲਿਆ। ਟੋਕਰੇ ਵਿਚੋਂ ਦੋ ਸੁੱਚੇ ਗਿਲਾਸ ਲੈ ਕੇ ਚਾਹ ਪਾ ਲਈ। ਨਹੀਂ ਨਹੀਂ ਕਰਦੇ ਬੱਗੂ ਨੇ ਗਿਲਾਸ ਫੜ ਲਿਆ ਤੇ

ਘੁੱਟ ਭਰ ਕੇ ਕਹਿੰਦਾ–"ਚੰਗਾ ਫੇਰ, ਤੇਰੀ ਸਲਾਹ। ਇਹ ਭਾਰ ਉਤਾਰ ਦਿਆਂਗੇ ਫੇਰ ਕਦੇ।"

ਨਰੈਣੇ ਉਹ ਦੇ ਕੋਲ ਬੈਠਾ ਚਾਹ ਤਾਂ ਪੀ ਰਿਹਾ ਸੀ, ਪਰ ਨਿਗਾਹ ਉਹ ਦੀ ਉਹ ਦੀਆਂ ਗੱਲਾਂ ਵੱਲ ਸੀ। ਇੱਕ ਗੱਲ ਜਿਹੜੀ ਬੱਗੂ ਹੁਣੇ ਕਹੇਗਾ, ਉਹ ਤੋਂ ਨਰੈਣਾ ਪਹਿਲਾਂ ਹੀ ਜਾਣੀ ਜਾਣ ਸੀ ਉਹ ਸਹਿਮਿਆਂ ਬੈਠਾ ਸੀ। ਇਹ ਗੱਲ ਤਾਂ ਉਹ ਨੂੰ ਓਦੋਂ ਹੀ ਖੁੜਕ ਗਈ ਸੀ, ਜਦੋਂ ਬੱਗੂ ਦੀ ਸੋਟੀ ਵਿਹੜੇ ਵਿੱਚ ਠੱਕ ਠੱਕ ਕਰਕੇ ਵੱਜਦੀ ਆ ਰਹੀ ਸੀ। ਸੋਟੀ ਦੀ ਠੱਕ ਠੱਕ ਜਿਵੇਂ ਨਰੈਣੇ ਦੇ ਮੱਥੇ ਵਿੱਚ ਕਿੱਲਾਂ ਵਾਂਗ ਠੁਕਦੀ ਜਾ ਰਹੀ ਹੋਵੇ।

ਨਰੈਣਾ ਕੋਲ ਜ਼ਮੀਨ ਥੋੜ੍ਹੀ ਸੀ। ਬੱਸ ਟੱਬਰ ਮਸ੍ਹਾਂ ਪਲਦਾ। ਵੱਡੀ ਕੁੜੀ ਦੇ ਵਿਆਹ ਵੇਲੇ ਲਿਆ ਵਿਆਜੂ ਰੁਪਈਆ ਓਵੇਂ ਦੀ ਓਵੇਂ ਸਿਰ ਖੜ੍ਹਾ ਸੀ। ਪੂਰਾ ਵੀਹ ਹਜ਼ਾਰ। ਇਹ ਵੀਹ ਹਜ਼ਾਰ ਬੱਗੂ ਦੀ ਬਹੀ ਵਿੱਚ ਲਿਖਿਆ ਹੋਇਆ ਸੀ। ਤਿੰਨ ਸਾਲ ਹੋ ਚੁੱਕੇ ਸਨ। ਇੱਕ ਕੌਡੀ ਵੀ ਵਾਪਸ ਨਹੀਂ ਹੋ ਸਕੀ। ਬੱਗੂ ਹਰ ਵਰ੍ਹੇ ਨਾਮਾ ਕਰਦਾ। ਵਿਆਜ ਲੱਗ ਕੇ ਨਵੀਂ ਰਕਮ ਖੜ੍ਹੀ ਹੋ ਜਾਂਦੀ। ਵੀਹ ਹਜ਼ਾਰ ਤੋਂ ਵਧ ਕੇ ਹੁਣ ਪਤਾ ਨਹੀਂ ਕਿੰਨੀ ਰਕਮ ਬਣ ਚੁੱਕੀ ਹੋਵੇਗੀ। ਨਰੈਣੇ ਨੂੰ ਕੋਈ ਹਿਸਾਬ ਨਹੀਂ ਸੀ। ਉਹ ਤਾਂ ਬੱਸ ਬਹੀ 'ਤੇ ਗੂਠਾ ਲਾਉਣ ਜਾਣਦਾ ਸੀ।

ਲੈਣ ਵੇਲੇ ਤਾਂ ਸੋਚਿਆ ਸੀ ਕਿ ਉਹ ਕਮਾਈ ਕਰਕੇ ਦੋ ਸਾਲਾਂ ਵਿੱਚ ਹੀ ਵਿਆਜੂ ਪੈਸਾ ਸਾਰਾ ਉਤਾਰ ਦੇਵੇਗਾ, ਪਰ ਖੇਤੀ ਤਾਂ ਕੁਦਰਤ ਦੇ ਵੱਸ ਹੈ। ਕਦੇ ਗੜੇ ਪੈ ਗਏ। ਕਦੇ ਬਹੁਤਾਂ ਮੀਂਹ ਪੈ ਗਿਆ ਜਾਂ ਕਿਸੇ ਸਾਲ ਬਿਲਕੁੱਲ ਹੀ ਨਾ ਪਿਆ। ਫ਼ਸਲ ਨੂੰ ਕੋਈ ਕੀੜਾ ਲੱਗ ਗਿਆ। ਤਿੰਨੇ ਸਾਲ ਉਹ ਦੀ ਫ਼ਸਲ ਚੰਗੀ ਨਹੀਂ ਹੋਈ ਸੀ।

ਬੱਗੂ ਹਰ ਸਾਲ ਆਖਦਾ, ਹਰ ਸਾਲ ਕੀ ਹਾੜ੍ਹੀ ਸੌਣੀ ਆਖਦਾ–"ਚੱਲ ਵਿਆਜ ਈ ਮੋੜ। ਫੇਰ 'ਕੱਠਾ ਭਾਰ ਚੁੱਕ ਕੇ ਔਖਾ ਹੋਏਂਗਾ। ਦੇਵਤਾ, ਤੇਰੀ ਮਰਜ਼ੀ ਐ।"

ਇਸ ਸਾਲ ਤਾਂ ਉਹ ਦੋ ਵਾਰ ਆਖ ਚੁੱਕਿਆ ਸੀ–"ਰਕਮ ਬਹੁਤੀ ਹੋ 'ਗੀ, ਦੇਵਤਾ। ਐਤਕੀ ਕਣਕ ਕੱਢ ਕੇ ਸਾਰਾ ਮੋੜ ਦੇ। ਕਿਵੇਂ ਕਰ, ਤੂੰ ਜਾਣ ਤੂੰ ਜਾਣ।"

ਨਰੈਣਾ ਸੋਚਦਾ–"ਕਣਕ ਦੀ ਫ਼ਸਲ ਸਾਰੀ ਵੇਚ ਕੇ ਬੱਗੂ ਤਾਂ ਨਿਬੜਜੂ, ਪਰ ਘਰ ਕਿਵੇਂ ਚੱਲੂ? ਠੂਠਾ ਫੜਨਾ ਪਊ। ਹੋਰ ਗਰਜ਼ਾਂ ਕਿੰਨੀਆਂ ਨੇ।" ਫੇਰ ਉਹ ਫ਼ਿਕਰ ਕਰਦਾ–"ਕੀ ਪਤਾ ਫ਼ਸਲ ਕਿੰਨੀ ਕੁ ਹੋਊਗੀ? ਰੱਬ ਦੇ ਘਰ ਦਾ ਕੀ ਵਸਾਹ, ਕਿਹੜੀ ਆਫ਼ਤ ਆ ਡਿੱਗੇ?"

ਸਿਰ ਚੜ੍ਹੇ ਪੈਸਿਆਂ ਦਾ ਖ਼ਿਆਲ ਦਿਮਾਗ਼ ਵਿੱਚ ਲਿਆ ਕੇ ਉਹ ਨੂੰ ਹੁਣ ਛੋਟੀ ਕੁੜੀ ਵਿਹੁ ਲਗਦੀ। ਉਹ ਝੁਰਦਾ ਇਹ ਵੀ ਕੌੜੀ ਵੇਲ ਵਾਂਗੂੰ ਵਧੀ ਜਾਂਦੀ ਹੈ। ਨਿੱਤ ਗਿੱਠ ਵਾਰ ਆਉਂਦੈ। ਕਿੱਥੋਂ ਬਤਾਰੂ ਜੰਮ ਲਿਆ।

ਚਾਹ ਪੀ ਕੇ ਬੱਗੂ ਆਪਣਾ ਜੂਠਾ ਗਿਲਾਸ ਆਪ ਮਾਂਜਣ ਲੱਗਿਆ। ਨਰੈਣਾ ਕਹਿ ਰਿਹਾ ਸੀ–"ਬੱਗਾ ਸਿਆਂ ਰਹਿਣ ਦੇ, ਆਪੇ ਮਾਂਜ ਲੂਗੀ ਤੇਰੀ ਪਰੋਤਣੀ।"

ਉਹ ਕਹਿੰਦਾ–"ਪਾਪ ਚੜ੍ਹੌਣੈ। ਮੇਰਾ ਜੂਠਾ ਗਿਲਾਸ ਪਰੋਤਣੀ ਮਾਂਜੇ, ਐਡਾ ਭਾਰ। ਤੀਰਥ ਐ ਪਰੋਹਤਣੀ ਤਾਂ–ਹਾਅ।"

ਸੁੱਕ ਮਾਂਜ ਕੀਤਾ ਗਿਲਾਸ ਬੱਗੂ ਨੇ ਪਰ੍ਹਾਂ ਰੱਖਿਆ ਤੇ ਨਰੈਣੇ ਤੋਂ ਤੱਤੇ ਪਾਣੀ ਦੀ ਚੂਲੀ ਲੈ ਕੇ ਸੁਆਹ ਨਾਲ ਲਿੱਬੜੇ ਹੱਥ ਧੋ ਲਏ। 'ਹਰੇ ਰਾਮ-ਹਰੇ ਰਾਮ' ਕਰਦਾ ਹੱਥ ਸੇਕਣ ਲੱਗਿਆ। ਨਰੈਣੇ ਨੇ ਗੁੱਲਾਂ ਦਾ ਰੁੱਗ ਹੋਰ ਸੁੱਟ ਦਿੱਤਾ। ਫੇਰ ਬੱਗੂ ਨੇ ਪੈਰ ਸੇਕੇ। ਫੇਰ ਅੱਗ ਦੀ ਲਾਟ 'ਤੇ ਹੱਥ ਸੇਕ ਉਹ ਆਪਣੇ ਚਿਹਰੇ 'ਤੇ ਫੇਰਨ ਲੱਗਿਆ ਤੇ ਫੇਰ ਨਰੈਣੇ ਵੱਲ ਗੁੱਝੀਆਂ ਅੱਖਾਂ ਨਾਲ ਝਾਕਿਆ। ਪੁੱਛਿਆ-"ਫੇਰ ਦੇਵਤਿਆ?"

"ਫਰਮਾਅ" ਨਰੈਣਾ ਜਿਵੇਂ ਪਹਿਲਾਂ ਹੀ ਜਾਣਦਾ ਹੋਵੇ।

"ਐਤਕੀਂ ਫੇਰ।"

"ਬੱਗਾ ਸਿਆਂ, ਸਾਰੇ ਤਾਂ ਮੈਂ ਦੇ ਨ੍ਹੀਂ ਸਕਦਾ।" ਨਰੈਣੇ ਨੇ ਕੋਰਾ ਜਵਾਬ ਦਿੱਤਾ।

"ਤਿੰਨ ਸਾਲ ਤੋਂ ਉੱਨੇ ਤਾਂ ਕਾਨੂੰਨ ਵੀ ਨ੍ਹੀਂ ਕਹਿੰਦਾ। ਫੇਰ ਸੌ ਉਲਝਾਅ ਪੈਂਦੇ। ਸਾਰਾ ਮੋੜ।" ਬੱਗੂ ਵੀ ਕਿੱਲ ਵਾਂਗ ਠੁਕ ਗਿਆ।

"ਸਾਰਿਆਂ ਦੀ ਤਾਂ ਬੇਵਾਹ ਐ।"

"ਫੇਰ ਹੋਰ ਕਰ।"

"ਹੋਰ ਕਿੱਕੂੰ?" ਨਰੈਣੇ ਦੀਆਂ ਅੱਖਾਂ ਵਿੱਚ ਅਣਮੱਚੇ ਗੁੱਲਾਂ ਦਾ ਧੂੰਆਂ ਪੈਣ ਲੱਗਿਆ। ਉਹ ਫੂਕਣੀ ਚੁੱਕ ਕੇ ਫੂਕਾਂ ਮਾਰਨ ਲੱਗਿਆ। ਅੱਗ ਮੂੰਹ ਤਾਂ ਖੋਲ੍ਹਦੀ, ਪਰ ਲਾਟ ਨਾ ਨਿਕਲਦੀ।

"ਦੋ ਕਿੱਲੇ ਗਹਿਣੇ ਕਰਦੇ ਫੇਰ।" ਬੱਗੂ ਬਹੁਤ ਅਧੀਨ ਜਿਹਾ ਬਣ ਕੇ ਆਖ ਗਿਆ।

ਨਰੈਣੇ ਹੱਥੋਂ ਫੂਕਣੀ ਭੁੰਜੇ ਡਿੱਗ ਪਈ। ਬੋਲਿਆ ਨਹੀਂ ਗਿਆ।

ਬੱਗੂ ਹੀ ਫੇਰ ਬੋਲਿਆ-"ਹੋਰ ਫੇਰ, ਦੂਜਾ ਅਲਾਜ ਤਾਂ ਇਹੀ ਐ।"

ਹੁਣ ਨਰੈਣਾ ਨਾ ਤਾਂ ਚੁੱਲ੍ਹੇ ਵਿੱਚ ਗੁੱਲ ਸੁੱਟ ਰਿਹਾ ਸੀ ਤੇ ਨਾ ਹੀ ਸ਼ਾਇਦ ਉਨ੍ਹਾਂ ਦੋਵਾਂ ਨੂੰ ਠੰਡ ਲੱਗਦੀ ਸੀ। ਨਰੈਣੇ ਦੇ ਤਾਂ ਅੰਦਰੋਂ ਹੀ ਜਿਵੇਂ ਕੋਈ ਸੇਕ ਉੱਠ ਖੜੋਤਾ ਹੋਵੇ। ਉਹ ਦੇ ਮੱਥੇ 'ਤੇ ਸਿੱਲ੍ਹ ਆ ਗਈ।

"ਵਿਚਾਰ ਕਰ ਲੀਂ। ਚੌਥੇ ਪੰਜਵੇਂ ਮੈਂ ਫੇਰ ਆਊਂ।" ਉੱਠਣ ਲੱਗਿਆ ਬੱਗੂ ਬੋਲਿਆ।

ਨਰੈਣਾ ਭੁੱਬਲ 'ਤੇ ਡੱਕੇ ਨਾਲ ਲਕੀਰਾਂ ਕੱਢ ਰਿਹਾ ਸੀ। ਲਕੀਰਾਂ ਦੇ ਚਾਰਖ਼ਾਨੇ ਬਣਾਉਂਦਾ, ਫੇਰ ਢਾਹ ਦਿੰਦਾ। ਸੁਆਹ ਪੱਧਰ ਕਰ ਕੇ ਫੇਰ ਲਕੀਰਾਂ ਕੱਢਣ ਲੱਗਦਾ। ਚੁੱਲ੍ਹਾ ਠੰਡਾ ਹੋਇਆ ਪਿਆ ਸੀ।

ਨਰੈਣੇ ਦੀ ਘਰਵਾਲੀ ਦੁੱਧ ਰਿੜਕ ਕੇ ਝਲਾਨੀ ਵਿੱਚ ਆਈ ਤੇ ਉਹ ਨੂੰ ਇਉਂ ਬੈਠਾ ਦੇਖ ਕੇ ਫਿਕਰ ਕਰਨ ਲੱਗੀ। ਪੁੱਛਿਆ-"ਕੀ ਬੋਲਦਾ ਸੀ ਬੱਗੂ?"

"ਕੜੱਕੀ" ਉਹ ਨੇ ਇੱਕੋ ਸ਼ਬਦ ਵਿੱਚ ਸਾਰੀ ਗੱਲ ਮੁਕਾਉਣੀ ਚਾਹੀ।

"ਫੇਰ ਵੀ?" ਔਰਤ ਨੇ ਖੋਲ੍ਹ ਕੇ ਦੱਸਣ ਲਈ ਕਿਹਾ।

"ਜਾਂ ਤਾਂ, ਕਹਿੰਦਾ, ਸਾਰਾ ਮੋੜ ਐਤਕੀਂ ਹਾੜ੍ਹੀ ਨੂੰ ਜਾਂ ਫੇਰ ਦੋ ਕਿੱਲੇ ਜ਼ਮੀਨ ਦੇਹ। ਪੈਸਿਆਂ ਦਾ ਅੱਧ ਪਚੱਧ ਜਮ੍ਹਾਂ ਈ ਨ੍ਹੀ ਲੈਣਾ।"

"ਹਾਏ ਵੇ, ਤੇਰਾ ਤੁਖ਼ਮ ਨਾ ਰਹੇ।" ਔਰਤ ਨੇ ਪੱਟਾਂ 'ਤੇ ਹੱਥ ਮਾਰਿਆ।

"ਦੋ ਕਿੱਲੇ ਦੇ ਕੇ ਫੇਰ ਆਪਾਂ ਕਿੱਥੋਂ ਖਾਵਾਂਗੇ? ਪੈਸਾ ਮੋੜਿਆ ਤਾਂ ਐਨਾ ਸਾਰੀ ਕਣਕ ਦਾ ਵੱਟਿਆ ਨ੍ਹੀ ਜਾਣਾ। ਏਸੇ ਨੂੰ ਤਾਂ ਕਹਿੰਦੇ ਨੇ ਕੜੱਕੀ 'ਚ ਜਾਨ।" ਨਰੈਣਾ

ਚੁੱਲ੍ਹੇ ਅੱਗਿਓਂ ਉੱਠ ਖੜੋਤਾ। ਸਮਝ ਨਹੀਂ ਆ ਰਹੀ ਸੀ, ਅੱਜ ਕਿਹੜੇ ਕੰਮ ਨੂੰ ਹੱਥ ਪਾਇਆ ਜਾਵੇ।

ਉਹ ਵਿਹੜੇ ਵਿੱਚ ਖੜ੍ਹ ਕੇ ਬੀਹੀ ਵੱਲ ਝਾਕਣ ਲੱਗਿਆ। ਬੱਗੂ ਦੀ ਪੋਤੀ ਗੜਵੀ ਲਈ ਤੁਰੀ ਆ ਰਹੀ ਸੀ। ਆ ਕੇ ਕਹਿੰਦੀ–"ਅੰਮਾ, ਬਾਬੇ ਨੇ ਦੁੱਧ ਭੇਜਿਐ। ਕਹਿੰਦਾ–"ਮੈਂ ਚਾਹ ਪੀ ਆਇਆ ਉਨ੍ਹਾਂ ਦੇ ਘਰ ਦੀ।"

ਖ਼ਾਲੀ ਗੜਵੀ ਲੈ ਕੇ ਕੁੜੀ ਮੁੜ ਗਈ। ਬੱਗੂ ਦੇ ਘਰ ਦਾ ਦੁੱਧ ਨਰੈਣੇ ਦੀ ਘਰਵਾਲੀ ਨੇ ਜੂਠ ਵਾਲੇ ਬੱਠਲ ਵਿੱਚ ਡੋਲ੍ਹ ਦਿੱਤਾ। ਕਹਿੰਦੀ–"ਪੱਟੀ ਮੋੜ੍ਹੀ ਆਲਾ, ਜਾਏ ਖਾਣਾ, ਧਰਮਾਤਮਾ ਬਣਦੈ।" ♦

# ਇੱਕ ਔਰਤ

ਪੋਹ ਮਾਘ ਦੀ ਰੁੱਤ ਸੀ। ਅੰਤਾਂ ਦੀ ਠੰਡ। ਅੱਖ ਝਮਕੇ ਤੋਂ ਦਿਨ ਨਿਕਲ ਜਾਂਦਾ।

ਪੰਦਰਵੇਂ ਵੀਹਵੇਂ ਦਿਨ ਹੀ ਮੈਨੂੰ ਸ਼ਹਿਰ ਜਾਣਾ ਪੈਂਦਾ। ਇੱਕ ਐਸੇ ਹੀ ਮੁਕੱਦਮੇ ਵਿੱਚ ਮੈਂ ਅੜ ਗਿਆ ਸਾਂ, ਜਿਸ ਵਿੱਚ ਨਾ ਤਾਂ ਸਰਕਾਰ ਮੇਰਾ ਖਹਿੜਾ ਛੱਡਦੀ ਸੀ ਤੇ ਨਾ ਹੀ ਉਸ ਦੀ ਪੈਰਵੀਂ ਛੱਡ ਕੇ ਮੈਨੂੰ ਤਸੱਲੀ ਹੁੰਦੀ ਸੀ। ਪਾਣੀ ਵਾਂਗੂੰ ਪੈਸਾ ਵਹਿ ਰਿਹਾ ਸੀ। ਛੇਤੀ ਫ਼ੈਸਲਾ ਨਾ ਹੁੰਦਾ ਦੇਖ ਕੇ , ਵਕੀਲ ਜ਼ਹਿਰ ਵਰਗਾ ਲੱਗਦਾ ਸੀ। ਅਫ਼ਸਰ ਜਿਸ ਕੋਲ ਮੁਕੱਦਮਾ ਸੀ, ਜੀਅ ਕਰਦਾ ਸੀ ਉਸ ਦੇ ਸਿਰ ਵਿੱਚ ਡਬਲ ਇੱਟ ਚੁੱਕ ਕੇ ਮਾਰਾਂ–ਉਸ ਦਾ ਦਿਮਾਗ਼ ਫਟ ਕੇ ਖੁੱਲ੍ਹ ਜਾਵੇ ਤੇ ਫਿਰ ਸ਼ਾਇਦ ਉਸ ਨੂੰ ਮੇਰੇ ਮੁਕੱਦਮੇ ਦੀ ਸਮਝ ਆਵੇ।

ਕਾਨੂੰਨ ਕੀ ਕਰਨਗੇ? ਕੋਈ ਉਲਟਾ ਹਥਿਆਰ ਵਰਤਾਂ। ਇੱਕ ਦਿਨ ਮੇਰੇ ਦਿਮਾਗ਼ ਵਿੱਚ ਆਈ।

ਉਸ ਸ਼ਹਿਰ ਇੱਕ ਬੰਦਾ ਸੀ, ਸੱਜਣ ਸਿੰਘ। ਉਹ ਸੜਕਾਂ ਦੇ ਪੁਲ ਬਣਾਉਣ ਦੀ ਠੇਕੇਦਾਰੀ ਕਰਦਾ ਹੁੰਦਾ। ਸ਼ਰਾਬ ਉਹ ਬੜੀ ਪੀਂਦਾ ਸੀ। ਕਹਿੰਦੇ, ਉਸ ਅਫ਼ਸਰ ਨਾਲ ਉਸ ਠੇਕੇਦਾਰ ਦਾ ਖਾਣ ਪੀਣ ਸਾਂਝਾ ਸੀ।

ਕਈ ਸਾਲਾਂ ਦੀ ਗੱਲ ਹੈ, ਸਾਡੇ ਪਿੰਡ ਕੋਲ ਦੀ ਲੰਘਦੀ ਸੜਕ ਦੇ ਇੱਕ ਪੁਲ ਦਾ ਠੇਕਾ ਉਸ ਸੱਜਣ ਸਿੰਘ ਨੇ ਹੀ ਲਿਆ ਹੋਇਆ ਸੀ। ਉਦੋਂ ਉਸ ਨਾਲ ਮੇਰੀ ਮੁਲਾਕਾਤ ਅਕਸਰ ਹੁੰਦੀ ਰਹਿੰਦੀ ਸੀ। ਉਹ ਮੇਰਾ ਕਾਫ਼ੀ ਸਿਆਣੂ ਹੋ ਗਿਆ ਸੀ। ਮੈਂ ਸੋਚਿਆ, ਓਦੋਂ ਤਾਂ ਉਹ ਕਾਫ਼ੀ ਖੁੱਲ੍ਹੀਆਂ ਗੱਲਾਂ ਕਰ ਲੈਂਦਾ ਸੀ। ਜੋ ਉਸ ਕੋਲ ਉਸ ਅਫ਼ਸਰ ਦੀ ਗੱਲ ਤੋਰਾਂ ਤਾਂ ਸ਼ਾਇਦ ਕੰਮ ਬਣ ਹੀ ਜਾਵੇ।

ਨਿੱਤ ਦੀ ਹਿੱਬੜ ਹਿੱਬੜ ਨਾਲੋਂ ਪੰਜ ਚਾਰ ਸੌ ਝੋਕ ਦੇਣਾ ਹੀ ਮੈਂ ਠੀਕ ਸਮਝਿਆ।

ਸੱਜਣ ਸਿੰਘ ਠੇਕੇਦਾਰ ਨੂੰ ਪੁੱਛਦਾ ਪੁਛਾਉਂਦਾ ਦੂਜੇ ਦਿਨ ਹੀ ਘਸਮੈਲੀ ਜਿਹੀ ਆਥਣ ਹੋਈ ਤੋਂ ਮੈਂ ਉਸ ਦੇ ਘਰ ਮੂਹਰੇ ਜਾ ਖੜ੍ਹਾ।

ਹਵੇਲੀ ਜਿੱਡਾ ਵੱਡਾ ਮਕਾਨ। ਮੈਂ ਅੰਦਰ ਚਲਿਆ ਗਿਆ। ਦੋ ਕਮਰੇ ਸਮਾਨ ਨਾਲ ਬੂਥੇ ਹੋਏ। ਰਸੋਈ, ਗੁਸਲਖ਼ਾਨਾ ਤੇ ਬੈਠਣ ਉੱਠਣ ਵਾਲਾ ਕਮਰਾ–ਵਧੀਆ। ਦੋ ਹੋਰ ਕਮਰੇ ਪੈਣ ਸੌਣ ਵਾਲੇ। ਵਿਹੜੇ ਵਿੱਚ ਟਹਿ ਟਹਿ ਕਰਦੀ ਇਸ਼ਕ ਪੇਚੇ ਦੀ ਵੇਲ, ਇੱਕ ਸਿਰੇ ਤੀਕ ਇੱਕ ਤਾਰ 'ਤੇ ਚੜ੍ਹੀ ਹੋਈ, ਜਿਸ ਨੇ ਇੱਕ ਤਰੀਕੇ ਨਾਲ ਵਿਹੜੇ ਨੂੰ ਦੋ ਹਿੱਸਿਆਂ ਵਿੱਚ ਵੰਡਿਆਂ ਹੋਇਆ ਸੀ। ਮਕਾਨ ਦੇ ਉੱਤੇ ਵੀ ਦੋ ਚੁਬਾਰੇ ਬੰਗਲਿਆਂ ਵਰਗੇ।

ਇੱਕ ਰਸੋਈਆਂ ਰੋਟੀ ਬਣਾ ਰਿਹਾ ਸੀ।

ਇੱਕ ਹੋਰ ਨੌਕਰ ਮੈਂਹ ਦੀ ਧਾਰ ਕੱਢ ਰਿਹਾ ਸੀ।

ਇੱਕ ਖ਼ੂਬਸੂਰਤ ਔਰਤ ਇੱਕ ਖ਼ੂਬਸੂਰਤ ਜੁਆਕ ਨੂੰ ਚੁਟਕੀਆਂ ਵਜਾ ਖਿਡਾ ਰਹੀ ਸੀ, ਚੁਟਕੀਆਂ ਵਜਾ ਵਜਾ ਹਸਾ ਰਹੀ ਸੀ। ਸੱਜਣ ਸਿੰਘ ਬਾਰੇ ਜਦ ਮੈਂ ਪੁੱਛਿਆ ਤਾਂ ਉਸ ਨੇ ਜਵਾਬ ਦਿੱਤਾ–"ਉਹ ਤਾਂ ਘਰ ਨਹੀਂ ਹਨ ਜੀ।"

ਸਲੀਵਲੈੱਸ ਕਮੀਜ਼ ਤੇ ਤੰਗ ਮੂਹਰੀ ਦੀ ਸਲਵਾਰ। ਰੰਗ ਗੋਰਾ, ਪਰ ਕੁਝ ਬੱਗਾ ਬੱਗਾ ਜਿਹਾ, ਅੱਖਾਂ ਵਿੱਚ ਗੂੜ੍ਹਾ ਕੱਜਲ। ਕੰਨਾਂ ਵਿੱਚ ਵੱਡੀਆਂ ਵੱਡੀਆਂ ਗੋਲ ਗੋਲ ਬਾਲੀਆਂ। ਖੱਬੀ ਬਾਂਹ ਵਿੱਚ ਸੋਨੇ ਦੀਆਂ ਦੋ ਚੂੜੀਆਂ। ਕੱਦ ਲੰਮਾ ਤੇ ਸਰੀਰ ਗੱਦਰ। ਉਮਰ, ਤੇਈ ਚੌਂਵੀ ਦੇ ਨੇੜੇ ਤੇੜੇ।

ਪਹਿਲਾਂ ਤਾਂ ਮੈਂ ਸਮਝਿਆ ਕਿ ਉਹ ਸੱਜਣ ਸਿੰਘ ਦੀ ਲੜਕੀ ਹੋਵੇਗੀ ਜਾਂ ਸ਼ਾਇਦ ਛੋਟੀ ਭੈਣ, ਪਰ ਉਹ ਦੇ ਨਾਲ ਇੱਕ ਦੋ ਹੋਰ ਗੱਲਾਂ ਕਰਨ ਨਾਲ ਮੈਨੂੰ ਅਹਿਸਾਸ ਜਿਹਾ ਹੋਇਆ ਕਿ ਉਹ ਦੀ ਤੀਵੀਂ ਵੀ ਇਹ ਹੋ ਸਕਦੀ ਐ। ਪਰ ਮੈਂ ਇਹ ਵੀ ਸੋਚਿਆ ਕਿ ਜਦ ਉਹ ਸਾਡੇ ਪਿੰਡ ਕੋਲ ਦੀ ਲੰਘਦੀ ਸੜਕ ਦਾ ਪੁਲ ਬਣਵਾਉਂਦਾ ਹੁੰਦਾ ਸੀ, ਓਦੋਂ ਤਾਂ ਉਹ ਦੱਸਦਾ ਹੁੰਦਾ ਸੀ ਕਿ ਉਹ ਦੇ ਚਾਰ ਮੁੰਡੇ ਕੁੜੀਆਂ ਹਨ ਤੇ ਉਹ ਦੀ ਘਰ ਵਾਲੀ ਦਿਨਾਂ ਵਿੱਚ ਹੀ ਢਿਲਕ ਗਈ ਹੈ। ਮੇਰੇ ਦਿਮਾਗ਼ ਵਿੱਚ ਬਹੁਤੀ ਸਮਝ ਉਤਰੀ ਨਾ ਤੇ ਮੈਂ, ਮੁੱਕਦੀ ਗੱਲ, ਉਸ ਔਰਤ ਨੂੰ ਕਿਹਾ–"ਚੰਗਾ ਜੀ, ਠੇਕੇਦਾਰ ਸਾਹਿਬ ਨੂੰ ਇਉਂ ਕਹਿ ਦਿਓ, ਬਈ, ਥੋਨੂੰ ਕੋਈ ਬੰਦਾ ਮਿਲਣ ਆਇਆ ਸੀ ਤੇ ਉਹ ਕੱਲ੍ਹ ਨੂੰ ਫੇਰ ਆਊਗਾ।"

"ਉੱਤੋਂ ਕੱਕਰ ਵਰਗੀ ਠਾਰੀ ਪੈਂਦੀ ਐ, ਭਰਾ ਜੀ। ਜੇ ਤੁਸੀਂ ਕੱਲ੍ਹ ਨੂੰ ਫੇਰ ਮੁੜਕੇ ਔਣੇ ਤਾਂ ਹੁਣ ਐਥੇ ਈ ਰਹੋ। ਸਵੇਰੇ ਹੀ ਜਾਂ ਕੱਲ੍ਹ ਦੁਪਹਿਰ ਨੂੰ ਸਰਦਾਰ ਜੀ ਆ ਈ ਜਾਣਗੇ।" ਉਸ ਨੇ ਪੂਰੀ ਤਸੱਲੀ ਦਿੱਤੀ।

ਮੈਂ ਸੋਚਿਆ ਕਿ ਨੌਕਰਾਂ ਤੋਂ ਬਿਨਾਂ ਤਾਂ ਬੰਦਾ ਹੋਰ ਕੋਈ ਘਰ ਵਿੱਚ ਦਿੱਸਦਾ ਨਹੀਂ, ਰਹੀਏ ਕੀਹਦੇ ਕੋਲ? ਪੁਰੇ ਦਾ ਠੱਕਾ ਵਗਦਾ ਦੇਖ ਕੇ ਤੇ ਪਿੰਡ ਦੂਰ ਹੋਣ ਕਰਕੇ ਜੀਅ ਤਾਂ ਮੇਰਾ ਵੀ ਕਰਦਾ ਸੀ ਕਿ ਅੱਜ ਦੀ ਰਾਤ ਐਥੇ ਈ ਰਹਿ ਪਵਾਂ। ਪਰ ਮੈਂ ਉਸ ਨੂੰ ਕਹਿ ਦਿੱਤਾ–"ਨਹੀਂ ਬੀਬੀ ਜੀ, ਆਹ ਖੜੈ ਪਿੰਡ ਤੜਕੇ ਨੂੰ ਫੇਰ ਆ ਜੂੰਗਾ।" ਸਾਲ ਕੁ ਭਰ ਦਾ ਗੋਡਣੀਏਂ ਰੁੜ੍ਹਦਾ ਉਹ ਦਾ ਮੁੰਡਾ ਮੇਰੇ ਪੈਰਾਂ ਨੂੰ ਆ ਚਿੰਬੜਿਆ। ਕੱਛਾਂ ਵਿੱਚ ਪਾ ਕੇ ਮੈਂ ਉਸ ਨੂੰ ਚੁੱਕ ਲਿਆ ਤੇ ਉਹ ਦੀ ਸਿਓ ਵਰਗੀ ਗੱਲ੍ਹ ਆਪਣੇ ਮੂੰਹ ਨਾਲ ਘੁੱਟ ਲਈ। ਮੁੰਡੇ ਨੇ ਆਪਣੀਆਂ ਉਂਗਲਾਂ ਮੇਰੀ ਦਾੜ੍ਹੀ ਵਿੱਚ ਅੜਾ ਦਿੱਤੀਆਂ। ਮੈਂ ਉਸ ਦਾ ਹੱਥ ਫੜਿਆ ਤੇ ਉਸ ਦੀਆਂ ਖ਼ਰੀਆਂ ਹੀ ਛੋਟੀਆਂ ਛੋਟੀਆਂ ਉਂਗਲੀਆਂ ਨੂੰ ਆਪਣੀ ਦਾੜ੍ਹੀ ਦੀ ਗੁੱਟੀ ਵਿਚੋਂ ਕੱਢਿਆ। ਇਸ ਤਰ੍ਹਾਂ ਮੇਰਾ ਦਾੜ੍ਹੀ ਦੇ ਦੋ ਤਿੰਨ ਵਾਲ ਪੁੱਟੇ ਗਏ। ਮੇਰੀ ਮੂੰਹ ਦੀ ਕਸੀਸ ਜਿਹੀ ਵੱਟੀ ਦੇਖ ਕੇ ਉਸ ਔਰਤ ਦੇ ਚਿਹਰੇ 'ਤੇ ਇੱਕ ਸ਼ਰਾਰਤ ਭਰੀ ਹਾਸੀ ਨੱਚ ਉੱਠੀ। ਬੱਚੇ ਨੂੰ ਇੱਕ ਵਾਰੀ ਹੋਰ ਘੁੱਟ ਕੇ ਉਸ ਨੂੰ ਖਿੜ ਖਿੜ ਹੱਸਦੇ ਨੂੰ ਮੈਂ ਜ਼ਮੀਨ 'ਤੇ ਹੀ ਰੁੜ੍ਹਨਾ ਛੱਡ ਦਿੱਤਾ। ਔਰਤ ਨੇ ਆਪਣਾ ਸਾਰਾ ਸਰੀਰ ਇਕੱਠਾ ਜਿਹਾ ਕਰਕੇ ਮੈਨੂੰ ਆਖਿਆ–'ਤੁਸੀਂ, ਭਰਾ ਜੀ, ਐਵੇਂ ਸੰਗੋਂ ਨਾ।" ਤੇ ਨਾਲ ਦੀ ਨਾਲ ਆਵਾਜ਼ ਮਾਰੀ, "ਓ ਮੰਗੂ....।" ਮਹਿੰ ਦੀ ਧਾਰ ਕੱਢ ਕੇ ਹਟੇ ਮੰਗੂ ਨੇ ਮੇਰਾ ਸਾਈਕਲ

ਵਿਹੜੇ ਵਿਚੋਂ ਤੋਰ ਕੇ ਇੱਕ ਕਮਰੇ ਵਿੱਚ ਖੜ੍ਹਾ ਕਰ ਦਿੱਤਾ। ਉਹ ਸ਼ਾਇਦ ਸਮਝਦਾ ਸੀ ਕਿ ਸੱਜਣ ਸਿੰਘ ਦੇ ਮਿਲਣ ਵਾਲਾ ਮੈਂ ਕੋਈ ਖ਼ਾਸ ਬੰਦਾ ਸੀ। ਕੋਈ ਖ਼ਾਸ ਬੰਦਾ ਹੀ ਇਉਂ ਉਸ ਔਰਤ ਨਾਲ ਗੱਲਾਂ ਕਰ ਸਕਦਾ ਸੀ। ਕੋਈ ਖ਼ਾਸ ਬੰਦਾ ਹੀ ਉਸ ਬੱਚੇ ਨੂੰ ਇਉਂ ਘੁੱਟ ਘੁੱਟ ਪਿਆਰ ਦੇ ਸਕਦਾ ਸੀ। ਖ਼ਾਸ ਬੰਦਾ ਹੋਣ ਦਾ ਪਰ ਮੇਰੇ ਬਾਰੇ ਮੰਗੂ ਨੂੰ ਭੁਲੇਖਾ ਲੱਗ ਗਿਆ ਸੀ। ਉਸ ਔਰਤ ਦੀ ਐਨੀ ਖਿੱਚ ਤੇ ਖ਼ੁਸਕਥਨੀ ’ਤੇ ਮੈਨੂੰ ਸਗੋਂ ਹੈਰਾਨੀ ਹੋ ਰਹੀ ਸੀ। ਜ਼ਮੀਨ ’ਤੇ ਰੁੜ੍ਹਦਾ ਤੇ ਟੱਪਦਾ ਬੁੜ੍ਹਕਦਾ ਮੁੰਡਾ ਉਸ ਨੇ ਚੁੱਕ ਕੇ ਫੇਰ ਮੇਰੀ ਢਾਕ ਨਾਲ ਚੰਬੇੜ ਦਿੱਤਾ ਤੇ ਮੈਨੂੰ ਅੰਦਰ ਕਮਰੇ ਵਿੱਚ ਬੈਠ ਜਾਣ ਲਈ ਆਖਿਆ। ਮੈਥੋਂ ਹੁਣ ਉਹ ਦੀ ਜ਼ਿੱਦ ਮੋੜੀ ਨਾ ਗਈ। ਕਮਰੇ ਅੰਦਰ ਪਏ ਸੋਫ਼ੇ ’ਤੇ ਬੈਠ ਕੇ ਜਵਾਕ ਨੂੰ ਮੈਂ ਆਪਣੇ ਪੱਟਾਂ ’ਤੇ ਬਿਠਾ ਲਿਆ। ਮੈਂ ਉਸ ਨਾਲ ਲਾਡ ਕਰਨ ਲੱਗ ਪਿਆ। ਜਵਾਕ ਸੀ ਕਿ ਮੇਰੀ ਦਾੜ੍ਹੀ ਨੂੰ ਭੱਜ ਭੱਜ ਪੈਂਦਾ ਸੀ। ਉਸ ਦੀਆਂ ਸਿਓ ਗੱਲ੍ਹਾਂ ’ਤੇ ਪੋਲੇ ਪੋਲੇ ਦੋ ਥੱਪੜ ਮਾਰ ਕੇ ਮੈਂ ਉਸ ਨੂੰ ਭੁੰਜੇ ਰੁੜ੍ਹਨ ਛੱਡ ਦੇਣਾ ਹੀ ਠੀਕ ਸਮਝਿਆ। ਮੰਗੂ ਬਾਹਰ ਫਿਰਦਾ ਕਮਰੇ ਵਿੱਚ ਆਇਆ ਤੇ ਮੁੰਡੇ ਨੂੰ ਗੋਦੀ ਚੁੱਕ ਕੇ ਲੈ ਗਿਆ। ਮੈਂ ਇਕਾਂਤ ਦਾ ਮਿੱਠਾ ਅਹਿਸਾਸ ਸ਼ੁਰੂ ਕਰ ਲਿਆ।

ਕਮਰਾ ਪੂਰੀ ਤਰ੍ਹਾਂ ਸਜਿਆ ਹੋਇਆ ਸੀ, ਕੰਧਾਂ ’ਤੇ ਚਾਰੇ ਪਾਸੇ ਇੱਕੋ ਜਿਹੀ ਵਿੱਥ ਛੱਡ ਕੇ ਕਿੰਨੀਆਂ ਹੀ ਤਸਵੀਰਾਂ ਲੱਗੀਆਂ ਹੋਈਆਂ ਸਨ। ਮੈਂ ਨਿਗਾਂਹ ਜਮਾ ਕੇ ਦੇਖਿਆ, ਉਹ ਤਸਵੀਰਾਂ ਇੱਕੋਂ ਔਰਤ ਦੀਆਂ ਸਨ। ਵੱਖ-ਵੱਖ ਪੋਜ਼ ਦੀਆਂ। ਸੋਫ਼ੇ ਤੋਂ ਉੱਠ ਕੇ ਜ਼ਰਾ ਨੇੜੇ ਹੋ ਕੇ ਦੇਖਿਆ, ਸਾਰੇ ਫਰੇਮਾਂ ਵਿੱਚ ਹੀ ਇੱਕੋਂ ਔਰਤ ਦੀਆਂ ਤਸਵੀਰਾਂ ਸਨ। ਵੱਖ-ਵੱਖ ਪੋਜ਼ ਵਿੱਚ। ਫਿਰ ਫਿਰ ਕੇ ਮੈਂ ਗਹੁ ਨਾਲ ਤਸਵੀਰਾਂ ਨੂੰ ਦੇਖ ਰਿਹਾ ਸੀ ਕਿ ਉਹ ਔਰਤ ਟਰੇਅ ਵਿੱਚ ਚਾਹ ਦੀ ਕੇਤਲੀ ਧਰੀ ਅੰਦਰ ਆ ਵੜੀ। ਮੈਨੂੰ ਤਸਵੀਰਾਂ ਵੱਲ ਦੇਖਦੇ ਨੂੰ ਦੇਖ ਕੇ ਉਹ ਉਵੇਂ ਜਿਵੇਂ ਟਰੇਅ ਲਈ ਖੜ੍ਹੀ ਰਹੀ। ਮੈਨੂੰ ਇਉਂ ਤਸਵੀਰਾਂ ਦੇਖਦੇ ਨੂੰ ਦੇਖ ਕੇ ਸ਼ਾਇਦ ਉਸ ਨੂੰ ਕੋਈ ਤਸਕੀਨ ਮਿਲ ਰਹੀ ਸੀ।

“ਇਹ ਤਸਵੀਰਾਂ ਕੀਹਦੀਆਂ ਨੇ?” ਮੈਂ ਸੁੱਤੇ ਹੀ ਪ੍ਰਸ਼ਨ ਕਰ ਦਿੱਤਾ।

“ਇਹ ਤਸਵੀਰਾਂ ਤੁਸੀਂ ਸਿਆਣੀਆਂ ਨੀ, ਹੋਰ ਕੀਹਦੀਆਂ ਨੇ?’ ਉਸ ਦਾ ਭਾਵ ਸੀ ਕਿ ਉਹ ਤਸਵੀਰਾਂ ਉਸੇ ਦੀਆਂ ਸਨ ਤੇ ਹੋਰ ਕਿਸਦੀਆਂ ਸਨ। ਮੈਂ ਹੈਰਾਨ, ‘ਇਹ ਤੀਵੀਂ ਤਾਂ ਹੁਣ ਸਧਾਰਨ ਜਨਾਨੀ ਲੱਗਦੀ ਐਂ, ਪਰ-

‘ਨੰਗੇ ਪੱਟ ਤੇ ਨੰਗੇ ਡੌਲਿਆਂ ਵਾਲੀ ਇਹ ਤਸਵੀਰ ਇਹ ਦੀ ਕਿਵੇਂ ਹੋਈਂ?’

‘ਆਹ ਤਸਵੀਰ-ਹੱਥ ਵਿੱਚ ਬੈਡਮਿੰਟਨ ਦਾ ਬੱਲਾ।’

‘ਆਹ ਤਸਵੀਰ-ਸਾਈਕਲ ਦੀ ਢੋਅ ਲਾ ਕੇ ਖੜ੍ਹੀ ਇੱਕ ਨਿਊ ਫ਼ੈਸ਼ਨ ਕੁੜੀ।’

‘ਆਹ ਤਸਵੀਰ-ਸਵਿਮਿੰਗ ਅੰਗੀ ਕੱਛਾ।’

‘ਤੇ ਆਹ ਤਸਵੀਰ-ਭੰਗੜਾ ਡਰੈਸ।’

ਮੈਂ ਹੈਰਾਨੀ ਨੂੰ ਬੁੱਲ੍ਹਾਂ ਵਿੱਚ ਘੁੱਟ ਕੇ ਸੋਫ਼ੇ ’ਤੇ ਬਹਿ, ਕਾਹਨੂੰ ਡਿੱਗ ਹੀ ਪਿਆ। ਚਾਹ ਮੈਂ ਪੀਤੀ, ਉਹ ਨੇ ਵੀ ਪੀਤੀ।

ਉਸ ਘਰ ਵਿੱਚ ਮੈਂ ਬਿਲਕੁੱਲ ਇੱਕ ਓਪਰਾ ਬੰਦਾ ਸਾਂ। ਬਿਲਕੁੱਲ ਓਪਰਾ। ਸੱਜਣ ਸਿੰਘ ਠੇਕੇਦਾਰ ਦੀ ਰਾਹ ਜਾਂਦੀ ਜਾਣ ਪਛਾਣ ਤੋਂ ਬਿਨ੍ਹਾਂ ਮੇਰਾ ਓਸ ਘਰ ਵਿੱਚ ਕੀ

ਸੀ? ਉਸ ਦਿਨ ਤਾਂ ਠੇਕੇਦਾਰ ਵੀ ਘਰ ਨਹੀਂ ਸੀ। ਉਹ ਜਨਾਨੀ ਮੇਰੇ ਐਨੇ ਨੇੜੇ ਕਿਉਂ ਹੋ ਰਹੀ ਸੀ? ਉਹ ਮੈਨੂੰ ਪਹਿਲਾਂ ਬਿਲਕੁੱਲ ਨਹੀਂ ਸੀ ਜਾਣਦੀ। ਉਹ ਦਾ ਰਤੀ ਭਰ ਜਵਾਕ ਮੇਰੇ ਇਉਂ ਗਲ ਨੂੰ ਚਿੰਬੜ ਗਿਆ ਸੀ, ਜਿਵੇਂ ਮੈਨੂੰ ਕਦੋਂ ਦਾ ਜਾਣਦਾ ਹੋਵੇ। ਮੰਗੂ ਨੇ ਮੇਰਾ ਸਾਈਕਲ ਅੰਦਰ ਕਮਰੇ ਵਿੱਚ ਇਉਂ ਰੱਖ ਦਿੱਤਾ ਸੀ, ਜਿਵੇਂ ਮੈਂ ਉਸ ਦੇ ਘਰ ਵਿੱਚ ਕਦੋਂ ਦਾ ਆਉਂਦਾ ਜਾਂਦਾ ਹੋਵਾਂ। ਮੈਨੂੰ ਉਹ ਘਰ ਉਸ ਦਿਨ ਇਉਂ ਲੱਗ ਰਿਹਾ ਸੀ, ਜਿਵੇਂ ਮੈਂ ਓਥੇਂ ਕਦੋਂ ਦਾ ਆਉਂਦਾ ਜਾਂਦਾ ਹੋਵਾਂ। ਉਹ ਔਰਤ ਮੈਨੂੰ ਇਉਂ ਲੱਗ ਰਹੀ ਸੀ ਜਿਵੇਂ ਕਦੋਂ ਦੀ ਉਹ ਮੈਨੂੰ ਜਾਣਦੀ ਹੈ ਤੇ ਮੈਂ ਉਸ ਨੂੰ ਜਾਣਦਾ ਹਾਂ। ਉਹ ਇਕਦਮ ਹੀ ਮੇਰੇ ਨਾਲ ਖੁੱਲ੍ਹ ਗਈ ਸੀ–

'ਹੁਣ ਤਾਂ, ਭਰਾ ਜੀ ਜ਼ਿੰਦਗੀ ਕੀਹ ਐ–ਇੱਕ ਹਉਕਾ ਜਾ ਐ। ਸਰਦਾਰ ਜੀ ਦੀ ਏਸ ਦੌਲਤ ਨੇ ਮੈਨੂੰ ਪੱਟਿਆ। ਓਦੋਂ ਇਨ੍ਹਾਂ ਦੀ ਇਹ ਦੌਲਤ ਨਹੀਂ ਸੀ ਦਿੱਸਦੀ, ਇਨ੍ਹਾਂ ਦੀ ਅੰਨ੍ਹੀ ਮੁਹੱਬਤ ਈ ਸਭ ਕੁਝ ਲੱਗਦੀ ਸੀ। ਹੁਣ ਬੱਸ ਦੌਲਤ ਈ ਦੌਲਤ ਪੱਲੇ ਰਹਿਗੀ।' ਉਸ ਦੀਆਂ ਅੱਖਾਂ ਵਿੱਚ ਸੰਸਾਰ ਭਰ ਦੀ ਉਦਾਸੀ ਉਤਰ ਆਈ ਸੀ। ਹੇਠਲਾ ਬੁੱਲ੍ਹ ਆਪਣੇ ਮੂੰਹ ਵਿੱਚ ਚੂਸਕੇ ਫਿਰ ਉਸ ਨੇ ਦੱਸਿਆ–

'ਹੁਣ ਸਰਦਾਰ ਜੀ ਕਦੇ ਦਸਵੇਂ ਦਿਨ ਘਰੇ ਰਾਤ ਕੱਟਦੇ ਨੇ ,ਕਦੇ ਪੰਦਰਵੇਂ ਦਿਨ। ਆਹ ਜਵਾਕ ਪਤਾ ਨਹੀਂ ਕਿਵੇਂ ਰੱਬ ਨੇ ਦੇ ਦਿੱਤਾ। ਘਰ ਬਾਰ, ਦੌਲਤ, ਆਰਾਮ ਸਭ ਕੁਛ ਐ, ਔਲਾਦ ਐਗੀ ਐ, ਆਦਮੀ ਐ, ਪਰ ਆਦਮੀ ਆਦਮੀਆਂ ਵਰਗਾ ਆਦਮੀ ਨਹੀਂ। ਜਦੋਂ ਔਂਦੇ ਨੇ ਤਾਂ ਪਿਆਰ ਬਥੇਰਾ ਕਰਦੇ ਨੇ, ਪਰ ਅੰਦਰ, ਭਰਾ ਜੀ, ਪਤਾ ਨੀ ਕਾਹਦੀ ਅੱਗ ਜੀ ਮਚਦੀ ਰਹਿੰਦੀਐ। ਕਦੇ ਕਦੇ ਤਾਂ ਮੇਰੀ ਸੁੱਧ ਬੁੱਧ ਜੀ ਮਾਰੀ ਜਾਂਦੀ ਐ। ਅੱਖਾਂ ਮੂਹਰੇ ਨ੍ਹੇਰਾ ਜਾ ਆ ਜਾਂਦੈ। ਓਦੋਂ ਤਾਂ ਐ ਜੀਅ ਕਰਦੈ ਬਈ ਏਸ ਜਵਾਕ ਸਣੇ ਕੋਈ ਖੂਹ ਟੋਭਾ ਗੰਦਾ ਕਰ ਦਿਆਂ।' ਅੱਖਾਂ ਦਾ ਕਜਲਈ ਪਾਣੀ ਆਪਣੀ ਚੁੰਨੀ ਨਾਲ ਪੂੰਝਕੇ ਫਿਰ ਉਸ ਨੇ ਦੱਸਿਆ–'ਪਹਿਲੀ ਤੀਵੀਂ ਦੇ ਉੱਤੋਂ ਦੀ ਵਿਆਹਿਆ ਸੀ ਮੈਨੂੰ।'

'ਉਹ ਕਿੱਥੇ ਰਹਿੰਦੀ ਐ ਹੁਣ?' ਮੈਂ ਪ੍ਰਸ਼ਨ ਕੀਤਾ। ਉਹ ਕਹਿੰਦੀ–'ਉਹ ਪੇਕੀਂ ਛੱਡ ਰੱਖੀ ਐ। ਆਪਣੇ ਜਵਾਕਾਂ ਨੂੰ ਪਾਲਦੀ ਐ। ਦੋ ਸੌ ਰੁਪਿਆ ਮਹੀਨਾ ਸਰਦਾਰ ਜੀ ਤੋਂ ਖ਼ਰਚਾ ਲੈਂਦੀ ਐ, ਅੜ ਕੇ।'

ਮੇਰੇ ਕੋਲੋਂ ਉੱਠ ਕੇ ਉਸ ਨੇ ਓਸੇ ਕਮਰੇ ਵਿੱਚ ਪਏ ਪਲੰਘ 'ਤੇ ਬਿਸਤਰ ਵਿਛਾ ਦਿੱਤਾ। ਮੈਂ ਰਜਾਈ ਵਿੱਚ ਮੁਟਕੀ ਮਾਰ ਕੇ ਬੈਠ ਗਿਆ। ਮੁੰਡਾ ਸੌਂ ਚੁੱਕਿਆ ਸੀ।ਉਹ ਉਸ ਨੂੰ ਮੇਰੇ ਨਾਲ ਪਾ ਗਈ। ਰਜਾਈ ਦੇ ਨਿਘਾਸ ਵਿੱਚ ਉਹ ਨਿੱਕੇ ਨਿੱਕੇ ਘੁਰਾੜੇ ਮਾਰਨ ਲੱਗ ਪਿਆ। ਰੋਟੀ ਲਿਆਂਦੀ ਗਈ ਤੇ ਮੈਂ ਖ਼ਿਆਲਾਂ ਖ਼ਿਆਲਾਂ ਵਿੱਚ ਹੀ ਰੋਟੀ ਪਤਾ ਨਹੀਂ ਕਦੋਂ ਖਾ ਲਈ। ਰੋਟੀ ਮੈਨੂੰ ਮੰਗੂ ਨੇ ਖਵਾਈ ਸੀ, ਪਰ ਦੁੱਧ ਉਹ ਆਪ ਲੈ ਕੇ ਆਈ। ਮੇਰੇ ਪੈਂਦੀ ਬੈਠੀ ਕਾਫ਼ੀ ਚਿਰ ਉਹ ਗੱਲਾਂ ਕਰਦੀ ਰਹੀ।

ਮੇਰੇ ਮਨ ਵਿੱਚ ਇੱਕੋ ਅਹਿਸਾਸ ਕਿ ਇਸ ਵਿਚਾਰੀ ਔਰਤ ਨਾਲ ਬੇਇਨਸਾਫ਼ੀ ਹੋਈ ਹੈ। ਮੇਰੇ ਮਨ ਵਿੱਚ ਫਿਰ ਖ਼ਿਆਲ ਆਉਂਦਾ ਕਿ ਮੈਂ ਇਸ ਦਾ ਕੀ ਲੱਗਦਾ ਹਾਂ? ਇਹ ਮੇਰੇ ਕੋਲ ਕਿਉਂ ਐਨਾ ਖੁੱਲ੍ਹ ਗਈ ਹੈ? ਮੈਂ ਕੀ ਇਹ ਦਾ ਮਾਮੇ ਦਾ ਪੁੱਤ ਲੱਗਦਾ ਹਾਂ? ਜੋ ਇਹ ਮੇਰੇ ਕੋਲ ਆਪਣੀ ਗੰਢੜੀ ਖੋਲ੍ਹ ਬੈਠੀ ਹੈ? ਮੇਰੇ ਮਨ ਵਿੱਚ ਡਰ ਪੈਦਾ ਹੋਇਆ।

ਕਿਤੇ ਬਦਚਲਨ ਔਰਤ ਨਾ ਹੋਵੇ ਤੇ ਮੈਨੂੰ ਆਪਣੀ ਵਿੱਥਿਆ ਸੁਣਾ ਕੇ ਫਸਾਉਂਦੀ ਹੋਵੇ? ਮੇਰੇ ਮਨ ਵਿੱਚ ਇੱਕ ਵਾਰੀ ਤਾਂ ਡਰ ਸਿਖ਼ਰ 'ਤੇ ਪਹੁੰਚ ਗਿਆ, ਜਦੋਂ ਮੈਨੂੰ ਖ਼ਿਆਲ ਆਇਆ ਕਿ ਜੇ ਹੁਣ ਠੇਕੇਦਾਰ ਆ ਜਾਏ ਤਾਂ ਕੀ ਆਖੇ ਇਹ ਨੂੰ? ਕਹੇ, "ਇਹ ਧਗੜਾ ਕੌਣ ਵਾੜ ਰੱਖਿਐ ਅੰਦਰ?' ਪਰ ਮੈਂ ਦੜ ਹੀ ਵੱਟ ਛੱਡੀ। ਫਸ ਗਈ ਤਾਂ ਹੁਣ ਫਟਕਣ ਕੀ?

ਇਸ ਤਰ੍ਹਾਂ ਸੋਚਦੇ ਸੋਚਦੇ ਨੂੰ ਮੈਨੂੰ ਨੀਂਦ ਆ ਗਈ। ਮੁੰਡਾ ਮੇਰੇ ਨਾਲ ਹੀ ਪਿਆ ਰਿਹਾ। ਇਕਦਮ ਮੈਨੂੰ ਜਾਗ ਪਈ। ਕੀ ਦੇਖਦਾ ਹਾਂ ਕਿ ਬਿਜਲੀ ਬੱਤੀ ਜਗ ਰਹੀ ਹੈ। ਉਹ ਔਰਤ ਓਸੇ ਕਮਰੇ ਵਿੱਚ ਮੰਜੀ ਡਾਹੀਂ ਬਿਸਤਰ ਵਿੱਚ ਪਈ ਮੇਰੇ ਵੱਲ ਗੁਟਰ ਗੁਟਰ ਝਾਕ ਰਹੀ ਹੈ। ਮੈਂ ਉਸ ਨੂੰ ਓਥੇ ਦੇਖ ਕੇ ਅੱਖਾਂ ਬੰਦ ਕਰ ਲਈਆਂ, ਜਿਵੇਂ ਬਿੱਲੀ ਨੂੰ ਦੇਖ ਕੇ ਕਬੂਤਰ ਅੱਖਾਂ ਮੀਚ ਲੈਂਦਾ ਹੈ। ਉਹ ਉੱਠੀ ਤੇ ਇਕਦਮ ਬਿਜਲੀ ਬੱਤੀ ਉਸ ਨੇ ਬੁਝਾ ਦਿੱਤੀ। ਮੈਂ ਮਹਿਸੂਸ ਕੀਤਾ, ਜਿਵੇਂ ਕੋਈ ਪਰਛਾਵਾਂ ਜਿਹਾ ਮੇਰੇ ਪਲੰਘ ਦੇ ਨੇੜੇ ਨੇੜੇ ਆ ਰਿਹਾ ਹੈ, ਮੈਂ ਸਹਿਮ ਜਿਹਾ ਗਿਆ ਤੇ ਵਾਹਿਗੁਰੂ ਵਾਹਿਗੁਰੂ ਕਰਕੇ ਖੰਘਿਆ ਤੇ ਬੋਲਿਆ–'ਤੁਸੀਂ ਆਹ ਕਾਕੇ ਨੂੰ ਤਾਂ ਚੱਕ ਲੈਂਦੇ, ਬੀਬੀ ਜੀ?' ਇੱਕ ਮਿੰਟ ਤਾਈਂ ਉਹ ਬੋਲੀ ਨਾ ਤੇ ਬਿਜਲੀ ਬੱਤੀ ਫਿਰ ਜਗਾ ਦਿੱਤੀ। ਉਹ ਮੁੰਡੇ ਨੂੰ ਮੇਰੇ ਨਾਲੋਂ ਚੁੱਕ ਕੇ ਲੈ ਗਈ ਤੇ ਆਪਣੇ ਬਿਸਤਰੇ ਵਿੱਚ ਪਾ ਲਿਆ। ਮੈਂ ਗੁਰਬਾਣੀ ਪੜ੍ਹਨ ਲੱਗ ਪਿਆ, ਬਿਜਲੀ ਬੱਤੀ ਉਸ ਨੇ ਬਿਸਤਰੇ ਵਿਚੋਂ ਉੱਠ ਕੇ ਬੁਝਾ ਦਿੱਤੀ। ਮੈਂ ਹੌਲੀ ਹੌਲੀ ਚੁੱਪ ਕਰ ਗਿਆ, ਹੌਲੀ ਹੋਲੀ ਅੱਖਾਂ ਮੀਚ ਲਈਆਂ ਤੇ ਹੌਲੀ ਹੌਲੀ ਸੌਂ ਗਿਆ।

ਇੱਕ ਘੰਟੇ ਬਾਅਦ ਇਕਦਮ ਬਿਜਲੀ ਦਾ ਸਵਿੱਚ ਫੇਰ ਖੜਕਿਆ। ਮੈਂ ਮੂੰਹ 'ਤੋਂ ਰਜਾਈ ਵਗਾਹ ਕੇ ਮਾਰੀ। ਦੇਖਿਆ, ਬਿਜਲੀ ਜਗ ਰਹੀ ਸੀ ਤੇ ਉਹ ਔਰਤ ਖੜ੍ਹੀ ਮੇਰੇ ਵੱਲ ਇਉਂ ਝਾਕ ਰਹੀ ਸੀ, ਜਿਵੇਂ ਮੈਥੋਂ ਕੁਝ ਪੁੱਛਣਾ ਚਾਹੁੰਦੀ ਹੋਵੇ। ਮੈਂ ਆਪ ਹੀ ਉਸ ਨੂੰ ਪੁੱਛਿਆ–'ਕਿਉਂ ਜੀ, ਕੀ ਗੱਲ ਹੈ?' ਉਸ ਨੇ ਕਿਹਾ–'ਮੈਂ ਤੁਹਾਡੇ ਸਰ੍ਹਾਣੇ ਪਾਣੀ ਰੱਖ ਦਿੱਤਾ ਸੀ?' ਰਾਤ ਨੂੰ ਪਾਣੀ ਦੀ ਮੈਨੂੰ ਕੋਈ ਲੋੜ ਨੀ ਪੈਂਦੀ, ਮੈਂ ਥੋੜ੍ਹਾ ਜਿਹਾ ਰੁੱਖਾ ਹੋ ਕੇ ਕਹਿ ਦਿੱਤਾ। ਉਸ ਤੋਂ ਬਾਅਦ ਤੜਕੇ ਤੀਕ ਅੱਧ ਸੁੱਤਾ ਜਿਹਾ ਮੈਂ ਛਾਪਲਿਆ ਪਿਆ ਰਿਹਾ। ਸੁਪਨੇ ਵਾਂਗ ਮੈਨੂੰ ਮਹਿਸੂਸ ਹੁੰਦਾ ਰਿਹਾ, ਜਿਵੇਂ ਕੋਈ ਛਾਂ ਜਿਹੀ ਦੋ ਵਾਰੀ ਮੇਰੇ ਸਰ੍ਹਾਣੇ 'ਤੇ ਝੁਕ ਕੇ ਮੁੜ ਗਈ ਸੀ, ਪਰ ਮੈਨੂੰ ਬੁਲਾਇਆ ਨਹੀਂ ਸੀ।

ਸਵੇਰ ਜਦ ਮੈਂ ਉੱਠਿਆ, ਮੰਗੂ ਚਾਹ ਲਈ ਖੜ੍ਹਾ ਸੀ। ਉਹ ਔਰਤ ਘਰ ਵਿੱਚ ਹੀ ਪਤਾ ਨਹੀਂ ਕਿੱਥੇ ਚਲੀ ਗਈ ਸੀ। ਮੰਗੂ ਚਾਹ ਪਿਆ ਕੇ ਮੈਨੂੰ ਕਹਿੰਦਾ–'ਸਰਦਾਰ ਜੀ, ਅੱਜ ਨੀ ਸਰਦਾਰ ਸਾਹਬ ਔਂਦੇ। ਤੁਸੀਂ ਜਾਓ।' ♦

# ਨਸੀਮ ਦਾ ਘਰ

ਸਾਡੇ ਪਿੰਡ, ਸਾਡੇ ਘਰ ਦੇ ਗਵਾਂਢ ਵਿੱਚ ਜਿੱਥੇ ਹੁਣ 'ਸ਼ਰਾਬ ਦਾ ਠੇਕਾ' ਹੈ, ਕਦੇ ਇਹ ਮਰਾਸੀਆਂ ਦਾ ਘਰ ਸੀ।

ਸਾਹਮਣੇ ਇੱਕ ਛੋਟੀ ਜਿਹੀ ਡਿਊਢੀ ਹੈ। ਛੋਟਾ ਜਿਹਾ ਵਿਹੜਾ, ਪਿੱਛੇ ਇੱਕ ਸਬ੍ਹਾਤ–ਛੋਟੀ ਜਿਹੀ।

'ਸੰਤਾਲੀ' ਵਿੱਚ ਫੱਤੂ ਮਰਾਸੀ ਤੇ ਉਹ ਦੇ ਦੋਵੇਂ ਵੱਡੇ ਮੁੰਡੇ ਨਾਜਰ ਤੇ ਸਦੀਕ ਤਾਂ ਫ਼ਸਾਦਾਂ ਦੀ ਭੇਟ ਚੜ੍ਹ ਗਏ ਸਨ। ਫੱਤੂ ਦੀ ਘਰ ਵਾਲੀ ਸ਼ਮਸ਼, ਛੋਟਾ ਮੁੰਡਾ ਖਾਲਿਕ ਤੇ ਇੱਕੋਂ ਇੱਕ ਮੁਟਿਆਰ ਧੀ ਨਸੀਮ ਘਰੋਂ ਉੱਠ ਨੱਸੇ ਸਨ। ਪਤਾ ਨਹੀਂ ਕਿਸ–ਕਿਸ ਦੇ ਘਰ ਰਾਤਾਂ ਗੁਜਾਰੀਆਂ ਸਨ ਤੇ ਫਿਰ ਪਤਾ ਨਹੀਂ ਪਾਕਿਸਤਾਨ ਪਹੁੰਚ ਵੀ ਗਏ ਸਨ ਜਾ ਏਧਰ ਹੀ ਰਹਿ ਗਏ ਸਨ। ਪਿੰਡ , ਪਰ ਉਹ ਮੁੜ ਕੇ ਕਦੇ ਨਾ ਆਏ।

ਮੈਨੂੰ ਬਾਹਰਵਾਂ ਸਾਲ ਚੜ੍ਹਿਆ ਸੀ ਤੇ ਨਸੀਮ ਨੂੰ ਚੌਧਵਾਂ। ਪਰ ਨੈਣ ਨਕਸ਼ ਤੇ ਕੱਦ ਕਾਠ ਤੋਂ ਉਹ ਆਪਣੀ ਉਮਰ ਨਾਲੋਂ ਵੀ ਵੱਡੀ ਲੱਗਦੀ ਸੀ। ਸਿੱਪ ਦੇ ਚਿੱਟੇ ਬਟਨਾਂ ਵਾਲੀ ਕਮੀਜ਼ ਤੇ ਲਸੂੜੀ ਚੁੰਨੀ ਲਈ ਤੋਂ ਉਹ ਦਾ ਗੋਰਾ ਮੂੰਹ ਹੋਰ ਵੀ ਭਖ ਉੱਠਦਾ। ਹਰ ਰੋਜ਼ ਉਹ ਦੀਆਂ ਅੱਖਾਂ ਵਿੱਚ ਕੋਈ ਗੈਬੀ ਚਮਕ ਭਰਦੀ ਜਾਂਦੀ। ਉਹ ਦੀ ਮਾਂ ਟੋਕਦੀ–'ਹਰਾਮਣੇ, ਭੜੋਲੇ ਵਰਗਾ ਮੂੰਹ ਹੁੰਦਾ ਜਾਂਦੈ, ਨਿੱਤ ਗਿੱਠ ਵਾਰ ਔਂਦੈ, ਹੁਣ ਮੁੰਡਿਆਂ 'ਚ ਨਾ ਖੇਡਿਆ ਕਰ। ' ਪਰ ਨਸੀਮ ਇੱਕ ਨਾ ਜਾਣਦੀ।

ਉਹ ਤਾਂ ਦਿਨ ਹੀ ਬੜੇ ਚੰਗੇ ਸਨ। ਵੱਡੇ ਵੱਡੇ ਮੁੰਡੇ ਕੁੜੀਆਂ ਅਸੀਂ ਇਕੱਠੇ ਖੇਡਦੇ ਹੁੰਦੇ। 'ਪੀਚੋ੍ ਬੱਕਰੀ', 'ਦਾਈ ਦੁੱਕੜੇ' ਤੇ 'ਅੰਨ੍ਹਾ ਝੋਟਾ ਦੁੜੂ ਦੜੈਂ' ਵਰਗੀਆਂ ਖੇਡਾਂ ਅਸੀਂ ਰਲ ਕੇ ਖੇਡਦੇ। ਨਸੀਮ ਜਦੋਂ 'ਅੰਨ੍ਹਾ ਝੋਟਾ' ਬਣਦੀ, ਮੈਂ ਹਮੇਸ਼ਾਂ ਹੀ ਉਸ ਤੋਂ ਫੜਿਆ ਜਾਂਦਾ।

ਫੱਗਣ ਦਾ ਮਹੀਨਾ ਸੀ। ਸਰ੍ਹਵਾਂ ਦੀ ਰੁੱਤ। ਟੋਕਾ ਕਰਨ ਵਾਸਤੇ ਖੇਤੋਂ ਲਿਆਂਦੀਆਂ ਸਰ੍ਹੋਂ ਦੀਆਂ ਭਰੀਆਂ ਵਿਚੋਂ ਅਸੀਂ ਟਹਿ ਟਹਿ ਕਰਦੇ ਫੁੱਲ ਤੋੜਦੇ ਤੇ ਆਪਣੇ ਸਾਫ਼ਿਆਂ ਵਿੱਚ ਟੰਗ ਲੈਂਦੇ। ਕੁੜੀਆਂ ਫੁੱਲਾਂ ਨੂੰ ਆਪਣੀਆਂ ਗੁੱਤਾਂ ਵਿੱਚ ਅੜੁੰਗ ਲੈਂਦੀਆਂ।

ਇੱਕ ਦਿਨ ਕੀ ਹੋਇਆ।

ਸਾਡਾ ਕੋਈ ਘਰ ਨਹੀਂ ਸੀ। ਕੁਤਰੇ ਵਾਲੀ ਮਸ਼ੀਨ ਕੋਲ ਸਰ੍ਹੋਂ ਦੀ ਭਰੀ ਸੁੱਟ ਕੇ ਬਾਪੂ ਖੇਤ ਨੂੰ ਹੀ ਵਾਪਸ ਹੋਰ ਭਰੀ ਲੈਣ ਚਲਿਆ ਗਿਆ ਸੀ। ਨਸੀਮ ਸਾਡੇ ਘਰ ਆਈ ਤੇ ਮੈਨੂੰ ਕਹਿੰਦੀ–'ਕਰਮੂ, ਆ ਆਪਾਂ ਟੋਕਾ ਕਰੀਏ। ਤੂੰ ਰੁੱਗ ਲਾ, ਮੈਂ ਮਸ਼ੀਨ ਫੇਰਦੀ ਆਂ।'

ਉਹ ਮਸ਼ੀਨ ਫੇਰਨ ਲੱਗੀ ਤੇ ਮੈਂ ਨਿੱਕੇ ਨਿੱਕੇ ਰੁੱਗ ਲਾਉਣ ਲੱਗ ਪਿਆ। ਇੱਕ ਰੁੱਗ ਮੈਂ ਕੁਝ ਭਰਵਾਂ ਜਿਹਾ ਲਾ ਦਿੱਤਾ ਸੀ। ਨਸੀਮ ਨੂੰ ਮਸ਼ੀਨ ਫੇਰਨੀ ਔਖੀ ਲੱਗੀ। ਉਸ ਦਾ ਦਮ ਚੜ੍ਹ ਗਿਆ ਸੀ। ਮਸ਼ੀਨ ਦਾ ਡੰਡਾ ਛੱਡ ਕੇ ਉਹ ਹਫ਼ੀ ਹੋਈ ਬੋਲੀ–'ਚੱਲ ਵੇ ਚੱਲ, ਮੈਂ ਕੀ ਮਖਣੀਆਂ ਖਾਧੀਆਂ ਨੇ ਤੇਰੀਆਂ?'

ਮਸ਼ੀਨ ਖੜ੍ਹ ਗਈ ਸੀ। ਇਕਦਮ ਉਸ ਦੀਆਂ ਅੱਖਾਂ ਵਿੱਚ ਉਤਸੁਕਤਾ ਨੱਚੀ ਤੇ ਉਹ ਬੋਲੀ–'ਆਹਾ ਕਿੱਡਾ ਸੋਹਣਾ ਫੁੱਲ।' ਮਸ਼ੀਨ ਦੇ ਮੂੰਹ ਵਿਚੋਂ ਇੱਕ ਫੁੱਲ ਨੂੰ ਉਹ ਫੜਨ ਲੱਗੀ। ਮੇਰਾ ਹੱਥ ਮਸ਼ੀਨ ਦੇ ਪਹੀਏ 'ਤੇ ਟਿਕਿਆ ਹੋਇਆ ਸੀ। ਪਹੀਆਂ ਘੁੰਮ ਗਿਆ। ਨਸੀਮ ਨੇ ਨਾਲ ਦੀ ਨਾਲ ਚਾਂਗ ਮਾਰੀ। ਉਸ ਦੇ ਹੱਥ 'ਚੋਂ ਲਹੂ ਦੀ ਧਾਰ ਵਗ ਰਹੀ ਸੀ। ਟੋਕੇ ਨੇ ਉਸ ਦੇ ਸੱਜੇ ਹੱਥ ਦੀ ਮੂਹਰਲੀ ਉਂਗਲ ਨੂੰ ਨਹੁੰ ਦੀ ਜੜ੍ਹ ਤੀਕ ਕੱਟ ਦਿੱਤਾ ਸੀ। ਮੈਂ ਘਬਰਾ ਕੇ ਘਰੋਂ ਨੱਠ ਗਿਆ ਸਾਂ। ਡਰ ਕੇ, ਬਾਪੂ ਕਿਤੇ ਕੁੱਟੇ ਨਾ। ਮਾਸੀ ਦੇ ਪਿੰਡ ਜਾ ਵੜਿਆ ਸਾਂ। ਹਫ਼ਤੇ ਬਾਅਦ ਮਾਂ ਜਾ ਕੇ ਮੈਨੂੰ ਲੈ ਆਈ।

ਨਸੀਮ ਦੀ ਮਾਂ ਸਾਡੇ ਘਰ ਆਈ ਤੇ ਕਹਿੰਦੀ–'ਕਮੂਤਾ ਆ ਗਿਆ ਹੁਣ? ਕੁੜੀ 'ਚ ਬੰਜ ਪਾ'ਤੀ। ਲਿਆ ਤੇਰੀ ਵੱਢਾਂ ਉਂਗਲ।'

ਮੈਂ ਨਮੋਸ਼ੀ ਦੀ ਹਾਸੀ ਹੱਸਿਆ ਬਹੁਤ ਨਿੰਮੋਝੂਣਾ।

ਨਸੀਮ ਦੀ ਮਾਂ ਕਹਿੰਦੀ–'ਦੰਦ ਕੱਢਦੈ ਹੁਣ, ਖਰੂਦੀ।'

ਉਂਗਲ 'ਤੇ ਪੱਟੀ ਬੰਨ੍ਹੀ ਨਸੀਮ ਵੀ ਮਾਂ ਦੇ ਕੋਲ ਖਲੋਤੀ ਸੀ ਤੇ ਮੇਰੇ ਵੱਲ ਘੂਰ ਘੂਰ ਦੇਖ ਰਹੀ ਸੀ। ਮੇਰੀ ਮਾਂ ਨੇ ਮੇਰੀ ਬਾਂਹ ਫੜ ਕੇ ਮੈਨੂੰ ਨਸੀਮ ਦੇ ਅੱਗੇ ਕਰ ਦਿੱਤਾ ਤੇ ਕਿਹਾ–'ਲੈ ਧੀਏ, ਲਾਹ ਲੈ ਬਿੜ੍ਹੀ। ਤੂੰ ਵੱਢ ਹੁਣ ਇਹ ਦਾ ਪੌਂਚਾ। ਖਪਰਾ ਲਿਆ ਕੇ ਮੈਂ ਦਿੰਨੀ ਆਂ।'

ਨਸੀਮ ਨੇ ਮੁਸਕਰਾ ਕੇ ਮੂੰਹ ਪਰ੍ਹੇ ਕਰ ਲਿਆ ਸੀ। ਉਸ ਦੀ ਮਾਂ ਨੇ ਪਿਆਰ ਨਾਲ ਮੇਰੀ ਗੱਲ ਥਪਥਪਾ ਦਿੱਤੀ ਸੀ।

ਤੇ ਫਿਰ ਜਦ ਨਸੀਮ ਦੀ ਉਂਗਲ ਨੂੰ ਆਰਾਮ ਆ ਗਿਆ, ਇੱਕ ਦਿਨ ਮੈਨੂੰ ਇਕੱਲਾ ਹੀ ਦੇਖ ਕੇ ਉਹ ਸਾਡੇ ਘਰ ਆਈ ਤੇ ਕਹਿਣ ਲੱਗੀ–'ਕਰਮੂ, ਮੇਰੀ ਉਂਗਲ ਦੇਖ ਨਹੁੰ ਤੋਂ ਬਿਨਾਂ ਕਿਹੋ ਜਿਹੀ ਲਗਦੀ ਐ। ਲਿਆ ਤੇਰੀ ਉਂਗਲ ਵੀ ਬਣਾਵਾਂ ਇਹੋ ਜੀ।'

ਮੈਂ ਆਪਣੇ ਸੱਜੇ ਹੱਥ ਦੀ ਮੂਹਰਲੀ ਉਂਗਲ ਨਿਵੇਕਲੀ ਕੱਢ ਕੇ ਦੇਹਲੀ 'ਤੇ ਧਰ ਦਿੱਤੀ ਤੇ ਕੋਲ ਪਿਆ 'ਧਸੇਰਾ ਵੱਟਾ ਉਸ ਦੇ ਹੱਥ ਫੜਾ ਕੇ ਲਾਡ ਨਾਲ ਕਿਹਾ–'ਲੈ, ਫੇਹ ਦੇ।'

ਉਸ ਨੇ ਵੱਟਾ ਤਾਂ ਪਰ੍ਹਾਂ ਸੁੱਟ ਦਿੱਤਾ, ਪਰ ਮੇਰੀ ਉਂਗਲ ਨੂੰ ਆਪਣੇ ਦੰਦਾਂ ਥੱਲੇ ਲੈ ਲਿਆ। ਮੇਰੇ ਛੁਡਾਉਂਦੇ ਛੁਡਾਉਂਦੇ ਤੋਂ ਹੀ ਉਸ ਨੇ ਮੇਰੀ ਉਂਗਲ 'ਤੇ ਦੰਦੀ ਵੱਢ ਦਿੱਤੀ। ਪਤਾ ਨਹੀਂ ਹੱਥੋਪਾਈ ਵਿੱਚ ਹੀ ਮੇਰੀ ਉਂਗਲ 'ਤੇ ਉਸ ਦੇ ਦੰਦਾਂ ਦਾ ਡੂੰਘਾ ਨਿਸ਼ਾਨ ਪੈ ਗਿਆ ਸੀ। ਪੀੜ ਜਿਹੀ ਮਹਿਸੂਸ ਕਰਕੇ ਮੈਂ ਆਪਣੀ ਉਂਗਲ ਨੂੰ ਘਬਰਾ ਕੇ ਆਪਣੇ ਮੂੰਹ 'ਚ ਲੈ ਲਿਆ ਸੀ। ਚੂਸ ਕੇ ਥੁੱਕ ਦਿੱਤਾ ਸੀ। ਮੇਰੇ ਥੁੱਕ ਵਿੱਚ ਖ਼ੂਨ ਸੀ। ਪਹਿਲਾਂ ਤਾਂ ਨਸੀਮ ਹੈਰਾਨ ਜਿਹੀ ਹੋਈ ਖੜ੍ਹੀ ਰਹੀ, ਪਰ ਇਹ ਜਾਣ ਕੇ ਕਿ ਮੈਂ ਉਸ ਦੀ ਜੂਠੀ

ਉਂਗਲ ਨੂੰ ਉਵੇਂ ਜਿਵੇਂ ਆਪਣੇ ਮੂੰਹ ਵਿੱਚ ਲੈ ਲਿਆ, ਉੱਚੀ ਉੱਚੀ ਹੱਸਦੀ ਉਹ ਸਾਡੇ ਘਰੋਂ ਨੱਠ ਗਈ।

ਦੋ ਤਿੰਨ ਦਿਨਾਂ ਬਾਅਦ ਮੇਰੀ ਭੂਆ ਆਈ ਸੀ ਤੇ ਮੈਨੂੰ ਆਪਣੇ ਨਾਲ ਹੀ ਆਪਣੇ ਪਿੰਡ ਲੈ ਗਈ ਸੀ। ਮੈਂ ਦੋ ਮਹੀਨੇ ਵਾਪਸ ਨਹੀਂ ਸੀ ਆਇਆ।

ਜਦ ਵਾਪਸ ਆਇਆ ਸਾਂ, ਨਸੀਮ ਮੈਨੂੰ ਸਿਆਣੀ ਸਿਆਣੀ ਲੱਗੀ ਸੀ। ਮੁੰਡੇ ਕੁੜੀਆਂ ਵਿੱਚ ਆ ਕੇ ਉਹ ਖੇਡਦੀ ਨਹੀਂ ਸੀ। ਘਰ ਹੀ ਬਹੁਤਾ ਰਹਿੰਦੀ। ਡਰੀ ਡਰੀ ਬਾਹਰ ਨਿਕਲਦੀ। ਪਤਾ ਨਹੀਂ ਕੀ ਗੱਲ? ਮੈਨੂੰ ਕਿਸੇ ਨੇ ਕੁਝ ਨਾ ਦੱਸਿਆ। ਉਸ ਦੀ ਮਾਂ ਉਸ ਨੂੰ ਗੱਲ ਗੱਲ ’ਤੇ ਝਿੜਕਦੀ ਸੀ।

ਮੈਂ ਵੀ ਹੁਣ ਨਸੀਮ ਨੂੰ ਘੱਟ ਹੀ ਬੁਲਾਉਂਦਾ, ਪਰ ਮੇਰੇ ਨਾਲ ਬੋਲਣੋਂ ਤਾਂ ਉਹ ਸੰਗਦੀ ਨਹੀਂ ਸੀ। ਉਸ ਦੀ ਮਾਂ ਵੀ ਮੈਨੂੰ ਕਹਿੰਦੀ ਰਹਿੰਦੀ–‘ਕਰਮਿਆਂ ਬੱਚੂ, ਹੁਣੇ ਮੁੱਖ ਮੋਡਦਾ ਜਾਨੈਂ। ਵੱਡਾ ਹੋਇਆ ਤਾਂ ਤੇਰੀ ਸਰਦਾਰੀ ਦੀ ਭੂਕ ਕੌਣ ਝੱਲੂ? ਹੁਣ ਤੂੰ ਸਾਡੇ ਘਰ ਔਂਦਾ ਕਿਉਂ ਨ੍ਹੀ?’

ਪਰ ਮੈਂ ਹੈਰਾਨ ਸਾਂ ਤਾਂ ਇਸ ਗੱਲੋਂ ਕਿ ਉਹ ਨਸੀਮ ਨੂੰ ਕਿਉਂ ਵੱਢੂ ਖਾਊਂ ਕਰਦੀ ਰਹਿੰਦੀ ਹੈ?

ਸਾਵਣ ਦਾ ਮਹੀਨਾ ਆਇਆ। ਸਾਈਂ ਦੇ ਡੇਰੇ ਕੱਵਾਲੀਆਂ ਜੰਮਣ ਲੱਗੀਆਂ। ਮਲੇਰਕੋਟਲੇ ਦੇ ਕੱਵਾਲਾਂ ਨੇ ਤਿੰਨ ਦਿਨ ਮਹਿਫ਼ਲ ਗਰਮ ਰੱਖੀ। ‘ਔਹ ਦਿੱਸੇ ਵੇ, ਕੁੱਲੀ ਯਾਰ ਦੀ ਘੜਿਆ। ਔਹ ਦਿੱਸੇ ਵੇ।’ ਦੇ ਬੋਲ ਹਰ ਜ਼ਬਾਨ ’ਤੇ ਚੜ੍ਹ ਗਏ।

ਇੱਕ ਦਿਨ ਮੈਂ ਬਾਹਰੋਂ ਆਇਆ। ਆਉਣ ਸਾਰ ਕੋਠੇ ’ਤੇ ਚੜ੍ਹ ਗਿਆ। ਕੋਠੇ ’ਤੋਂ ਹੀ ਮੇਰੀ ਨਿਗਾਹ ਪਈ, ਨਸੀਮ ਆਪਣਾ ਵਿਹੜਾ ਸੁੰਭਰ ਰਹੀ ਸੀ ਤੇ ਹੌਲੀ ਹੌਲੀ ਗਾ ਰਹੀ ਸੀ–‘ਔਹ ਦਿੱਸੇ ਵੇ, ਕੁੱਲੀ ਯਾਰ ਦੀ ਘੜਿਆ।’ ਮੈਂ ਆਪਣੇ ਕੋਠੇ ਦੇ ਬਨੇਰੇ ਕੋਲ ਪੰਥੀ ਮਾਰ ਕੇ ਬੈਠ ਗਿਆ ਤੇ ਕੱਵਾਲਾਂ ਵਾਂਗ ਬਾਹਾਂ ਕੱਢ ਕੇ ਉੱਚੀ ਉੱਚੀ ਗਾਉਣਾ ਸ਼ੁਰੂ ਕਰ ਦਿੱਤਾ–‘ਔਹ ਦਿੱਸੇ ਵੇ...।’ ਨਸੀਮ ਚੁੱਪ ਹੋ ਗਈ।

ਘਰ, ਵੀਹੀ ਗਲੀ ਵਿੱਚ, ਖੇਤ, ‘ਔਹ ਦਿੱਸੇ ਵੇ’ ਹਰ ਵੇਲੇ ਮੇਰੇ ਮੂੰਹ ’ਤੇ ਰਹਿੰਦਾ। ਜਦ ਕਦੇ ਵੀ ਨਸੀਮ ਮੈਨੂੰ ਦਿੱਸਦੀ, ਮੈਨੂੰ ਮਹਿਸੂਸ ਹੁੰਦਾ, ਜਿਵੇਂ ਉਹ ਵੀ ਇਹੀ ਕੁਝ ਗੁਣਗਣਾ ਰਹੀ ਹੋਵੇ।

ਇੱਕ ਦਿਨ ਸਾਡੀ ਕਪਾਹ ਚੁਗਣ ਪੰਜ ਛੀ ਚੁਗਾਵੀਆਂ ਗਈਆਂ। ਉਨ੍ਹਾਂ ਵਿੱਚ ਨਸੀਮ ਵੀ ਸੀ। ਪਿਛਲੇ ਪਹਿਰ ਖ਼ੂਹ ਵਾਲੇ ਤੂਤ ਥੱਲੇ ਨਸੀਮ ਪਾਣੀ ਪੀਣ ਆਈ। ਮੈਂ ਚਾਹ ਦੇ ਪਤੀਲੇ ਥੱਲੇ ਚੁੱਲ੍ਹੇ ਵਿੱਚ ਅੱਗ ਮਚਾ ਰਿਹਾ ਸਾਂ। “ਸੀਮਾ ‘ਔਹ ਦਿੱਸੇ ਵੇ’ ਵਾਲੀ ਕੱਵਾਲੀ ਤੇਰੇ ਸਾਰੀ ਯਾਦ ਐ?” ਮੈਂ ਪੁੱਛਿਆ। ਤੇ ਉਹ ਹੌਲੀ ਹੌਲੀ ਮੈਨੂੰ ਸੁਣਾਉਣ ਲੱਗ ਪਈ–‘ਔਹ ਦਿੱਸੇ ਵੇ ਕੁੱਲੀ ਯਾਰ ਦੀ ਘੜਿਆ। ਔਹ ਦਿੱਸੇ ਵੇ।’ ਔਹ ਦਿੱਸੇ ਵੇ।’ ਉਸ ਦੇ ਬੋਲ ਵਿੱਚ ਮਿਸ਼ਰੀ ਘੁਲੀ ਹੁੰਦੀ ਸੀ। ਗਾਉਂਦੀ ਗਾਉਂਦੀ ਜਦ ਉਹ ਅੱਖਾਂ ਝਮਕਦੀ ਸੀ ਤਾਂ ਇਉਂ ਲੱਗਦਾ ਸੀ, ਜਿਵੇਂ ਲੱਗੜੀ ਦੇ ਫ਼ੁੱਲਾਂ ਦੀ ਬਾਰਸ਼ ਹੁੰਦੀ ਹੋਵੇ। ਇੱਕ ਟੱਪਾ ਅਜੇ ਰਹਿੰਦਾ ਸੀ, ਮੈਂ ਉਸ ਨੂੰ ਵਿਚੇ ਟੋਕ ਦਿੱਤਾ–‘ਜਾਹ ਸੀਮਾ, ਔਹ ਪਤਾ ਨ੍ਹੀ ਕੀ ਸੋਚਦੀਆਂ ਹੋਣਗੀਆਂ।

––o––

ਫਿਰ ਪਾਕਿਸਤਾਨ ਬਣਿਆ। ਸਾਈਂ ਦਾ ਡੇਰਾ ਉੱਜੜ ਗਿਆ। ਵੱਡਾ ਸਾਈਂ ਛੋਟਾ ਸਾਈਂ, ਦੋਵੇਂ ਫ਼ਸਾਦਾਂ ਵਿੱਚ ਮਾਰੇ ਗਏ ਸਨ। ਦੋ ਤਿੰਨ ਪੱਕੇ ਕਮਰੇ ਜੋ ਡੇਰੇ ਵਿੱਚ ਬਣੇ ਹੋਏ ਸਨ, ਉਨ੍ਹਾਂ ਨੂੰ ਢਾਹ ਕੇ ਕੋਈ ਇੱਕ ਲੈ ਗਿਆ ਸੀ, ਕੋਈ ਮਲਬਾ। ਹੋਰ ਤਾਂ ਹੋਰ, ਨੂਰ ਸ਼ਾਹ ਗਾਜ਼ੀ ਦੀ ਕਬਰ ਵੀ ਪਤਾ ਨਹੀਂ ਕਿੱਧਰ ਗਈ। ਦਰਖ਼ਤ ਸਾਰੇ ਵੱਢ ਲਏ ਗਏ। ਹੁਣ ਨਹੀਂ ਸੀ ਲੱਗਦਾ ਕਿ ਇੱਥੇ ਕੋਈ ਡੇਰਾ ਹੁੰਦਾ ਵੀ ਸੀ ਜਾਂ ਨਹੀਂ। ਕੇਵਲ ਇੱਕ ਨਿਸ਼ਾਨੀ ਸੀ–ਵੱਡਾ ਪਿੱਪਲ। ਪਿੱਪਲ ਵੀ ਹੁਣ ਤਾਂ ਸੁੰਨਾ ਦਿੱਸਦਾ। ਪੱਤਿਆਂ ’ਤੇ ਘੋਗੜਾਂ, ਕਾਵਾਂ ਤੇ ਗਿਰਝਾ ਦੀਆਂ ਵਿੱਠਾਂ।

ਕੱਵਾਲੀਆਂ ਦੇ ਬੋਲ ਲੋਕ ਭੁੱਲ ਚੁੱਕੇ ਸਨ। ਨੂਰ ਸ਼ਾਹ ਗਾਜ਼ੀ ਦੀ ਕਬਰ ਨੂੰ ਲੋਕ ਭੁੱਲ ਚੁੱਕੇ ਸਨ। ਪਿੰਡ ਵਿਚੋਂ ਮੁਸਲਮਾਨਾਂ ਦੀ ਹੋਂਦ ਖ਼ਤਮ ਹੋ ਚੁੱਕੀ ਸੀ। ਕਦੇ ਵੇਲਾ ਸੀ ਜਦੋਂ ਇਸ ਪਿੰਡ ਵਿੱਚ ਮਰਾਸੀ, ਘੁਮਿਆਰ, ਜੁਲਾਹੇ, ਤੇਲੀ ਤੇ ਕਾਜ਼ੀਆਂ ਦੇ ਪੂਰੇ ਸੱਤਰ ਘਰ ਸਨ। ਹੁਣ ਤਿੰਨ ਘਰ ਜੋ ਰਹਿੰਦੇ ਸਨ, ਉਹ ਵੀ ਮੁਸਲਮਾਨ ਨਹੀਂ ਸਨ ਲੱਗਦੇ। ਇੱਕ ਸੀ ਅਲੀ–ਉਸ ਦਾ ਹੁਣ ਵਾਲਾ ਨਾਉਂ ਹਰਦੇਵ ਸੀ। ਇੱਕ ਸੀ ਬਰਕਤ ਉਸ ਦਾ ਨਾਉਂ ਬਖ਼ਸ਼ੀਸ਼ ਸਿੰਘ ਤੇ ਬਦਰਦੀਨ ਦਾ ਨਾਉਂ ਸਰਦਾਰਾ ਸਿੰਘ। ਅੱਗੇ ਉਨ੍ਹਾਂ ਦੀ ਔਲਾਦ ਦੇ ਨਾਉਂ ਵੀ ਇਸੇ ਤਰ੍ਹਾਂ ਦੇ ਸਨ।

ਮੇਰੀ ਉਮਰ ਚਾਲ੍ਹੀਆਂ ਤੋਂ ਟੱਪਣ ਵਾਲੀ ਹੈ। ਪੁੱਤ ਹਨ, ਧੀਆਂ ਹਨ, ਬੀਵੀ ਹੈ–ਪੱਟ ਦਾ ਲੱਛਾ। ਇਸ਼ਕ? ਇਸ਼ਕ ਕਰਨ ਦਾ ਜ਼ਮਾਨਾ ਹੈ ਤੇ ਨਾ ਉਮਰ, ਪਰ ਪਤਾ ਨਹੀਂ ਕਿਉਂ ਜਦ ਮੈਂ ਠੇਕੇ ਮੂਹਰਦੀ ਲੰਘਦਾ ਹਾਂ ਤਾਂ ਨਸੀਮ ਦਾ ਖ਼ਿਆਲ ਮੇਰੇ ਦਿਮਾਗ਼ ਵਿੱਚ ਇਟ ਵਾਂਗ ਆ ਵੱਜਦਾ ਹੈ।

ਪਿਛਲੇ ਵਰ੍ਹੇ ਮੈਂ ਸਰਹੱਦ ਦੇ ਨੇੜੇ ਇੱਕ ਪਿੰਡ ਆਪਣੇ ਦੋਸਤ ਨੂੰ ਮਿਲਣ ਗਿਆ ਸਾਂ। ਰਾਤ ਨੂੰ ਕੋਠੇ ’ਤੇ ਪਿਆਂ ਨੂੰ ਲਾਹੌਰ ਦੀ ਰੌਸ਼ਨੀ ਸਾਨੂੰ ਸਾਫ਼ ਦਿੱਸਦੀ ਸੀ। ਕਿੰਨਾ ਹੀ ਚਿਰ ਮੈਂ ਉਸ ਰੋਸ਼ਨੀ ਵੱਲ ਦੇਖਦਾ ਰਿਹਾ ਸਾਂ। ਤੇ ਫਿਰ ਉਹ ਰੋਸ਼ਨੀ ਸਿਮਟ ਕੇ ਇੱਕ ਮਨੁੱਖ ਦਾ ਰੂਪ ਬਣ ਗਈ। ਮੈਨੂੰ ਲੱਗੀ ਸੀ। ਮੈਨੂੰ ਲੱਗਿਆ ਸੀ ਕਿ ਉਹ ਰੋਸ਼ਨੀ ਤਾਂ ਜਿਵੇਂ ਨਸੀਮ ਹੋਵੇ। ਮੇਰਾ ਦਿਲ ਕਹਿੰਦਾ ਸੀ ਕਿ ਜੇ ਸਰਹੱਦ ਪਾਰ ਕਰ ਲਵਾਂ ਤਾਂ ਕਿਤੇ ਨਾ ਕਿਤੇ ਨਸੀਮ ਮੈਨੂੰ ਜ਼ਰੂਰ ਮਿਲ ਜਾਵੇਗੀ। ਮੈਂ ਉਸ ਨੂੰ ਸਿਰਫ਼ ਐਨਾ ਹੀ ਕਹਿ ਸਕਾਂਗਾ–‘ਸੀਮਾ, ‘ਔਹ ਦਿੱਸੇ ਵੇ, ਕੁੱਲੀ ਯਾਰ ਦੀ’ ਸੁਣਾ ਦੇ ਬੱਸ।’ ਤੇ ਫਿਰ ਮੇਰੇ ਮਨ ਵਿੱਚ ਖ਼ਿਆਲ ਆਇਆ ਸੀ ਕਿ ਨਹੀਂ, ਉਹ ਗਾਵੇਗੀ ਨਹੀਂ। ਉਸ ਦੀਆਂ ਅੱਖਾਂ ਵਿਚੋਂ ਤਾਂ ਛਮ ਛਮ ਅੱਥਰੂ ਕਿਰਨਗੇ। ਮੈਂ ਵੀ ਸ਼ਾਇਦ ਗਾਉਣ ਲਈ ਉਸ ਨੂੰ ਨਾ ਕਹਾਂ। ਅੱਥਰੂ ਦੇ ਕੇ ਹੀ ਮੁੜ ਆਵਾਂ।

ਦੋ ਸਾਲ ਹੋਏ, ਸਾਡੇ ਪਿੰਡ ਇੱਕ ਮੁਸਲਮਾਨ ਫ਼ਕੀਰ ਆਇਆ। ਸਾਈਂ ਦੇ ਡੇਰੇ ਵਾਲੀ ਥਾਂ ਉਸ ਨੇ ਨੂਰ ਸ਼ਾਹ ਗਾਜ਼ੀ ਦੀ ਕਬਰ ਵਜੋਂ ਇੱਟਾਂ ਦਾ ਇੱਕ ਥੜਾ ਜਿਹਾ ਬਣਾਇਆ। ਉਸ ਦੇ ਕੋਲ ਹੀ ਸਰਕੜਿਆ ਦੀ ਇੱਕ ਕੁੱਲੀ ਬਣਾ ਕੇ ਰਹਿਣ ਲੱਗ ਪਿਆ। ਕਬਰ ਨੂੰ ਉਸੇ ਤਰ੍ਹਾਂ ਪਿੰਡ ‘ਮੰਨਣ’ ਲੱਗ ਪਿਆ। ‘ਸੁੱਖਾਂ’ ਚੜ੍ਹਨ ਲੱਗੀਆਂ। ਡੇਰੇ ਦੇ ਚਾਰ ਚੁਫ਼ੇਰੇ ਅੱਗੇ ਵਾਂਗ ਹੀ ਭੜੀਂਅ ਉੱਸਰ ਖੜ੍ਹੀ ਤੇ ਉਸ ’ਤੇ ਕੰਡਿਆਂ ਦੀ ਵਾੜ ਵੀ। ਗੇਂਦੇ ਦੇ ਫੁੱਲ ਟਹਿਕ ਪਏ। ਪਹਿਲੇ ਦਿਨ ਫ਼ਕੀਰ ਨੇ ਜਦੋਂ ਬਾਂਗ ਦਿੱਤੀ ਤਾਂ ਸਾਰੇ

ਪਿੰਡ ਵਿੱਚ ਖ਼ੁਸ਼ੀ ਦੀ ਇੱਕ ਗੁੱਝੀ ਲਹਿਰ ਦੌੜ ਗਈ। ਪੁਰਾਣੇ ਲੋਕਾਂ ਨੂੰ ਆਸ ਬੱਝੀ, ਸਾਈਂ ਦਾ ਡੇਰਾ ਫਿਰ ਆਬਾਦ ਹੋਵੇਗਾ।

ਡੇਰੇ ਵਾਲੇ ਪਿੱਪਲ ਦੀ ਛਾਂ ਫਿਰ ਗੰਭੀਰ ਹੋ ਗਈ। ਪਿੱਪਲ ਭਰਵਾਂ ਭਰਵਾਂ ਸੰਘਣਾ ਸੰਘਣਾ ਦਿੱਸਣ ਲੱਗਿਆ, ਪੱਤੇ ਹਰੇ ਕਰੂਰ।

ਅੱਧੀ ਤੋਂ ਅੱਧੀ ਸਦੀ ਬਾਅਦ ਸਾਵਣ ਦਾ ਮਹੀਨਾ।

ਫ਼ਕੀਰ ਨੇ ਮੇਲਾ ਲਾਇਆ। ਤਿੰਨ ਦਿਨ ਦਾ ਮੇਲਾ। ਮਾਲੇਰਕੋਟਲਾ ਵਾਲੇ ਕੱਵਾਲ ਆਏ।

ਹਰਦੇਵ ਫਿਰ ਅਲੀ। ਬਖ਼ਸ਼ੀਸ਼ ਬਰਕਤ ਤੇ ਸਰਦਾਰਾ ਫਿਰ ਬਦਰਦੀਨ।

ਸਾਵਣ ਦਾ ਇੱਕ ਸੁਹਣਾ ਦਿਨ।

ਮੀਂਹ ਪੈ ਕੇ ਹਟਿਆ। ਬੱਦਲ ਚਾਲ ਅਜੇ ਵੀ ਸੀ। ਪਾਣੀ ਭਿੱਜੀ ਹਵਾ ਚੱਲ ਰਹੀ ਸੀ। ਪੱਤੇ ਤਾੜੀਆਂ ਵਜਾ ਰਹੇ ਸਨ। ਸਾਈਂ ਦੇ ਡੇਰੇ ਵਿੱਚ ਗਹਿਮਾ ਗਹਿਮੀ ਸੀ। ਮਿੱਠੇ ਚੌਲਾਂ ਦਾ ਕੜਾਹਾ ਉੱਬਲ ਰਿਹਾ ਸੀ। ਡੇਰੇ ਵਿਚੋਂ ਧੂੰਆਂ ਉੱਠ ਰਿਹਾ ਸੀ। ਵੱਡੇ ਪਿੱਪਲ ਥੱਲੇ ਦੋ ਤਖ਼ਤਪੋਸ਼ ’ਤੇ ਕੱਵਾਲ ਜਚੇ ਬੈਠੇ ਸਨ। ਕੱਵਾਲੀ ਹੋ ਰਹੀ ਸੀ। ਕਈ ਸਰੋਤੇ ਤਾਂ ਪੱਬਾਂ ਭਾਰ ਹੋਏ ਬੈਠੇ ਸਨ। ਮੈਂ ਜਿਉਂ ਹੀ ਡੇਰੇ ਵਿੱਚ ਗਿਆ, ਕੱਵਾਲੀ ਦਾ ਬੋਲ ਉੱਚਾ ਹੋਇਆ–‘ਔਹ ਦਿੱਸੇ ਵੇ, ਕੁੱਲੀ ਯਾਰ ਦੀ ਘੜਿਆ। ਔਹ ਦਿੱਸੇ ਵੇ।’

ਮੇਰਾ ਸਿਰ ਚਕਰਾ ਗਿਆ। ਮੇਰਾ ਦਿਲ ਡੁੱਬਣ ਲੱਗਿਆ। ਕੱਵਾਲੀ ਮੈਥੋਂ ਸੁਣੀ ਨਹੀਂ ਗਈ। ਮੈਂ ਡੇਰੇ ਵਿਚੋਂ ਬਾਹਰ ਜਾਣ ਲੱਗਿਆ, ਪਰ ਮੇਰੇ ਇੱਕ ਮਿੱਤਰ ਨੇ ਮੇਰੀ ਬਾਂਹ ਫੜੀ ਤੇ ਇੱਕ ਖੂੰਜੇ ਜਾ ਕੇ ਮੈਨੂੰ ਬਿਠਾ ਲਿਆ।

‘ਯਾਰ, ਕੋਈ ਐਹੋ ਜ੍ਹਾ ਵਕਤ ਵੀ ਆਊ, ਜਦੋਂ ਪਾਕਿਸਤਾਨ ਦੇ ਪੰਜਾਬੀ ਤੇ ਅਸੀਂ ਪਹਿਲਾਂ ਵਾਗੂੰ ਈ, ਇੱਕ ਹੋ ਜਾਂ ’ਗੇ?’ ਮੇਰੇ ਮੂੰਹੋਂ ਪ੍ਰਸ਼ਨ ਨਹੀਂ ਫ਼ਰਿਆਦ ਨਿਕਲੀ। ਉਸ ਨੇ ਕੋਈ ਜਵਾਬ ਨਹੀਂ ਦਿੱਤਾ। ਸਿਰ ਖੁਰਕਣ ਲੱਗਿਆ। ਮੈਂ ਨਿਰਾਸ਼ ਹੋ ਗਿਆ। ਉਹ ਉੱਠ ਕੇ ਘਰ ਨੂੰ ਤੁਰ ਗਿਆ ਤੇ ਮੈਂ ਸਰੋਤਿਆਂ ਵਿੱਚ ਕੱਵਾਲਾਂ ਦੇ ਸਾਹਮਣੇ ਜਾ ਬੈਠਾ। ਉੱਠ ਕੇ ਫ਼ਰਮਾਇਸ਼ ਕੀਤੀ। ‘ਫੇਰ ਸੁਣਾਓ, ‘ਔਹ ਦਿੱਸੇ ਵੇ ਕੁੱਲੀ....।’

ਨਸੀਮ ਦਾ ਪਤਾ ਨਹੀਂ, ਕਿੱਥੇ ਹੈ। ਜਿਉਂਦੀ ਹੈ ਜਾ ਮਰ ਗਈ ਹੈ, ਕੋਈ ਪਤਾ ਨਹੀਂ। ਮਰ ਗਈ?

ਪਰ ਉਸ ਦੀ ਯਾਦ ਮੇਰੇ ਦਿਲ ਵਿੱਚ ਸਦਾ ਜਿਉਂਦੀ ਹੈ।

ਸ਼ਾਇਦ ਜਿਉਂਦੀ ਹੋਵੇ।

ਪਰ ਉਸ ਦੇ ਨਾ ਮਿਲਣ ਦਾ ਝੋਰਾ ਮੇਰੇ ਅੰਗ ਅੰਗ ਵਿੱਚ ਕਬਰ ਬਣਾਈ ਬੈਠਾ ਹੈ।

ਮੇਰੀ ਉਂਗਲ ’ਤੇ ਉਸ ਦਿਨ ਉਸ ਨੇ ਜੋ ਦੰਦੀ ਵੱਢੀ ਸੀ, ਉਸ ਨੂੰ ਤਾਂ ਮੈਂ ਮੂੰਹ ਨਾਲ ਚੂਸ ਕੇ ਥੁੱਕ ਦਿੱਤਾ ਸੀ, ਪਰ ਹੁਣ ਉਸ ਦਾ ਮੂੰਹ ਦੇਖਣ ਨੂੰ ਤਰਸੀਂਦਾ ਹੈ– ਇਸ ਪੀੜ ਨੂੰ ਕੌਣ ਚੂਸੇਗਾ?

ਸਾਡੇ ਪਿੰਡ, ਸਾਡੇ ਘਰ ਦੇ ਗਵਾਂਢ ਵਿੱਚ ਜੋ ਸ਼ਰਾਬ ਦਾ ਠੇਕਾ ਹੈ, ਚਾਹੁੰਦਾ ਹਾਂ ਕਿ ਮੈਂ ਉਸ ਨੂੰ ਤੋੜ ਦਿਆਂ ਤੇ ਉਹ ਮੁੜ ਕੇ ਇੱਕ ਘਰ ਬਣ ਜਾਵੇ–ਨਸੀਮ ਦਾ ਘਰ। ♦

# ਤੰਗ ਮੂਹਰੀ ਦੀ ਸਲਵਾਰ

ਬਲਵੰਤ ਦਾ ਸਾਈਕਲ ਖਤਾਨਾਂ ਵਿੱਚ ਲਹਿ ਗਿਆ ਹੈ ਤੇ ਡਿੱਗ ਪਿਆ ਹੈ। ਖਤਾਨਾਂ ਵੱਲ ਜੇ ਉਹ ਹੈਂਡਲ ਨਾ ਮੋੜਦਾ ਤਾਂ ਟਰੱਕ ਦੇ ਵਿੱਚ ਜ਼ਰੂਰ ਵੱਜਣਾ ਸੀ ਤੇ ਉਸ ਦਾ 'ਧੰਦਾ' ਹੋ ਜਾਣਾ ਸੀ। ਟਰੱਕਾਂ-ਬੱਸਾਂ ਵਾਲੇ ਵੀ ਭੋਰਾ ਨਹੀਂ ਸੋਚਦੇ। ਜ਼ਰਾ ਵੀ ਸਟੇਅਰਿੰਗ ਨਹੀਂ ਵੱਟਦੇ। ਰਤਾ ਵੀ ਜਾਨ ਦੀ ਪਰਵਾਹ ਨਹੀਂ ਇਨ੍ਹਾਂ ਨੂੰ।

ਖਤਾਨ ਵਿੱਚ ਪਿਆ ਸਾਈਕਲ ਬਲਵੰਤ ਨੂੰ ਇਉਂ ਲੱਗਦਾ ਹੈ, ਜਿਵੇਂ ਕੋਈ ਗਧਾ ਭਰੀ ਹੋਈ ਗੂਣ ਸਣੇ ਡਿੱਗ ਪਿਆ ਹੋਵੇ ਤੇ ਬੇਹੋਸ਼ ਹੋ ਕੇ ਲਿਟ ਗਿਆ ਹੋਵੇ। ਗਧੇ ਦੇ ਲੱਦ ਨਾਲੋਂ ਸਾਈਕਲ ਅੱਜ ਘੱਟ ਵੀ ਨਹੀਂ। ਤਣੀਆਂ ਵਾਲਾ ਦੋ ਫੁੱਟ ਲੰਬਾ ਝੋਲਾ, ਮੂੰਹ ਤੀਕ ਭਰਿਆ ਹੋਇਆ, ਹੈਂਡਲ ਦੇ ਖੱਬੇ ਪਾਸੇ ਲਟਕ ਰਿਹਾ ਹੈ। ਲਟਕ ਕਾਹਨੂੰ, ਹੁਣ ਤਾਂ ਇਹ ਵੀ ਸਾਈਕਲ ਵਾਂਗ ਹੀ ਧਰਤੀ 'ਤੇ ਡਿੱਗਿਆ ਪਿਆ ਹੈ। ਬਲਵੰਤ ਫ਼ਿਕਰ ਕਰਦਾ ਹੈ, ਕਿਤੇ ਲਿਫ਼ਾਫ਼ੇ ਪਾਟ ਨਾ ਗਏ ਹੋਣ? ਲਿਫ਼ਾਫ਼ੇ ਫਟ ਗਏ ਤਾਂ ਵਸਾਰ, ਗਰਮ ਮਸਾਲਾ, ਖੰਡ, ਮੂੰਗੀ, ਕਾਬਲੀ ਛੋਲੇ ਤੇ ਪੀਸੀਆਂ ਹੋਈਆ ਮਿਰਚਾਂ ਸਭ ਦਾ ਇੱਕੋ ਰੂਪ ਬਣ ਜਾਵੇਗਾ।

ਟੱਲੀ ਵਾਲੇ ਪਾਸੇ ਜੋ ਝੋਲਾ ਹੈ, ਉਸ ਵਿੱਚ ਕੱਪੜੇ ਧੋਣ ਵਾਲੀ ਸਾਬਣ, ਲਾਈਫ਼ਬੁਆਏ ਦੀਆਂ ਦੋ ਟਿੱਕੀਆਂ, ਚਾਹ ਦਾ ਪੁੜਾ, ਦੀਆ ਸਲਾਈ ਡੱਬੀਆਂ ਦੀ ਅੱਧੀ ਦਰਜਨ ਤੇ ਮਾਵਾ ਦਿੱਤੀ ਪੱਗ ਬੁੰਨ ਕੇ ਪਾਈ ਹੋਈ ਹੈ। ਕੈਰੀਅਰ ਵਿੱਚ ਡਾਲਡੇ ਦਾ ਦੋ ਕਿੱਲੋ ਵਾਲਾ ਡੱਬਾ , ਜੋ ਅੜੁੰਗਿਆ ਹੋਇਆ ਸੀ, ਸਾਈਕਲ ਡਿੱਗਣ ਸਾਰ, ਮਤੀਰੇ ਵਾਂਗ ਰੁੜ੍ਹ ਕੇ ਇੱਕ ਝਾੜੀ ਨਾਲ ਜਾ ਅਟਕਿਆ ਹੈ।

ਕਾਠੀ ਤੇ ਹੈਂਡਲ ਨੂੰ ਹੱਥ ਪਾ ਕੇ ਉਹ ਸਾਈਕਲ ਨੂੰ ਖੜ੍ਹਾ ਕਰਦਾ ਹੈ। ਉਸ ਦੀ ਨਿਗਾਹ ਆਪਣੇ ਪਜਾਮੇ ਦੇ ਖੱਬੇ ਪਾਂਚੇ 'ਤੇ ਪੈਂਦੀ ਹੈ। ਪੈਡਲ ਵਿੱਚ ਫਸ ਕੇ ਪਾਂਚਾ ਪਤਾ ਨਹੀਂ ਕਦੋਂ ਪਾਟ ਗਿਆ ਹੈ? ਖੁੱਚ ਤੀਕ ਲੰਗਾਰ ਹੋ ਗਿਆ ਹੈ। ਐਨੀ ਖੁੱਲ੍ਹੀ ਮੂਹਰੀ ਅੱਜ ਕੱਲ੍ਹ ਕੌਣ ਕਰਵਾਉਂਦਾ ਹੈ? ਉਹ ਸੋਚਦਾ ਹੈ ਕਿ ਪਜਾਮਾ ਤੰਗ ਮੂਹਰੀ ਦਾ ਹੁੰਦਾ ਤਾਂ ਕਾਹਨੂੰ ਫਸਣਾ ਸੀ, ਪੈਡਲ ਵਿੱਚ।

ਤੰਗ ਮੂਹਰੀ ਦੇ ਖ਼ਿਆਲ ਨਾਲ ਇਕਦਮ ਉਸ ਨੂੰ ਯਾਦ ਆਉਂਦਾ ਹੈ ਕਿ ਉਸ ਦੀ ਪਤਨੀ ਕਿੰਨੇ ਚਿਰ ਤੋਂ ਕਹਿ ਰਹੀ ਹੈ-ਤੰਗ ਮੂਹਰੀ ਦੀ ਸਲਵਾਰ। ਇਸ ਵਾਰ ਤਾਂ ਬਹੁਤ ਹੀ ਆਖਿਆ ਸੀ। ਸ਼ਹਿਰੋਂ ਲਿਆਉਣ ਵਾਲੀਆਂ ਚੀਜ਼ਾਂ ਦੀ ਲਿਸਟ ਵਿੱਚ ਪਹਿਲੇ ਨੰਬਰ 'ਤੇ ਹੀ ਉਸ ਨੇ ਲਿਖਵਾਇਆ ਸੀ-ਚਿੱਟੀ ਪਾਪਲਿਨ ਦੋ ਮੀਟਰ। ਐਤਕੀਂ ਵੀ ਉਹ ਭੁੱਲ ਗਿਆ ਹੈ। ਭੁੱਲ

ਕਾਹਨੂੰ, ਉਸ ਕੋਲ ਪੈਸੇ ਹੀ ਨਹੀਂ ਸਨ ਬਚੇ। ਲਓ, ਅੱਜ ਫੇਰ ਸਿਆਪਾ ਪਾ ਕੇ ਬੈਠ ਜਾਵੇਗੀ। ਆਖੇਗੀ–ਅੱਗ ਲੱਗੇ ਥੋਡੀ ਘਰ ਬੱਥਰੀ ਨੂੰ। ਕੀ ਦੋ ਮੀਟਰ ਸਲਵਾਰ ਦਾ ਕੱਪੜਾ? ਮੈਂ ਵੀ ਘਰ ਦਾ ਜੀਅ ਆਂ। ਕੋਈ ਜਲਾਹੀ ਤੇਲਣ ਤਾਂ ਨੀ ਕਿਤੋਂ ਲਿਆਂਦੀ ਹੋਈ?

ਝਾੜੀ ਕੋਲੋਂ ਡਾਲਡੇ ਦਾ ਡੱਬਾ ਚੁੱਕ ਕੇ ਉਹ ਕੈਰੀਅਰ ਵਿੱਚ ਅੜੁੰਗਦਾ ਹੈ ਤੇ ਸਾਈਕਲ ਨੂੰ ਸੜਕ ’ਤੇ ਲੈ ਆਉਂਦਾ ਹੈ

ਦਿਨ ਡੁੱਬ ਰਿਹਾ ਹੈ। ਕਾਂ, ਕਬੂਤਰ, ਤੋਤੇ, ਕਾਲ ਚਿੜੀਆਂ ਤੇ ਹੋਰ ਪਰਿੰਦੇ ਲਹਿੰਦੇ ਵੱਲ ਵਾਹੋ ਦਾਹੀ ਉੱਡੇ ਜਾ ਰਹੇ ਹਨ। ਸ਼ਾਇਦ ਸੂਰਜ ਨੂੰ ਰੋਕ ਕੇ ਕਹਿਣਾ ਚਾਹੁੰਦੇ ਹਨ–ਅਜੇ ਨਾ ਜਾਹ। ਉਹ ਤੇਜ਼ ਤੇਜ਼ ਸਾਈਕਲ ਚਲਾ ਰਿਹਾ ਹੈ। ਚਾਹੁੰਦਾ ਹੈ, ਛੇਤੀ ਹੀ ਘਰ ਪਹੁੰਚ ਜਾਵੇ। ਅਜੇ ਤਾਂ ਉਸ ਦਾ ਪਿੰਡ ਤਿੰਨ ਮੀਲ ਦੂਰ ਪਿਆ ਹੈ। ਕੋਈ ਗੱਲ ਨਹੀਂ, ਰੋਟੀ ਪੱਕਦੀ ਕਰਦੀ ਨੂੰ ਉਹ ਪਹੁੰਚ ਹੀ ਜਾਵੇਗਾ।

ਪਿੰਡ ਦੇ ਅੱਡੇ ’ਤੇ ਜਦੋਂ ਉਹ ਪਹੁੰਚਦਾ ਹੈ ਤਾਂ ਦੇਖਦਾ ਹੈ ਕਿ ਚਾਰ ਪੰਜ ਸਵਾਰੀਆਂ ਆਖ਼ਰੀ ਬੱਸ ਦੀ ਉਡੀਕ ਵਿੱਚ ਬੈਠੀਆਂ ਹਨ। ਉਨ੍ਹਾਂ ਤੋਂ ਥੋੜ੍ਹਾ ਹਟ ਕੇ ਤਿੰਨ ਬੰਦੇ ਸ਼ਰਾਬ ਪੀ ਰਹੇ ਹਨ। ਇੱਕ ਬੰਦਾ ਖੜ੍ਹਾ ਹੁੰਦਾ ਹੈ ਤੇ ਉੱਚੀ ਦੇ ਕੇ ਹਾਕ ਮਾਰਦਾ ਹੈ–‘ਬੰਤ, ਆ ਜਾ ਹੁਣ ਤਾਂ। ਫੇਰ ਨਾ ਆਖੀਂ।’ ਪਰ ਬਲਵੰਤ ਨਾਂਹ ਵਿੱਚ ਬਾਂਹ ਖੜ੍ਹੀ ਕਰਦਾ ਹੈ ਤੇ ਛੇਤੀ ਛੇਤੀ ਪੈਡਲ ਮਾਰਦਾ ਹੈ। ਸ਼ਰਾਬੀ ਦੀ ਅਵਾਜ਼ ਉਸ ਦੇ ਇੱਕ ਕੰਨ ਵਿੱਚ ਪੈਂਦੀ ਹੈ ਤੇ ਜਿਵੇਂ ਦੂਜੇ ਕੰਨ ਰਾਹੀਂ ਬਾਹਰ ਨਿਕਲ ਜਾਂਦੀ ਹੈ।

ਘਰ ਪਹੁੰਚਦਾ ਹੈ। ਦਰਵਾਜ਼ੇ ਵਿੱਚ ਹਨੇਰਾ ਘੁੱਪ ਹੈ। ਸਾਈਕਲ ਦਾ ਖੜਾਕ ਹੁੰਦਾ ਹੈ। ਉਸ ਦਾ ਛੋਟਾ ਮੁੰਡਾ ਚੁੱਲ੍ਹੇ ਮੂਹਰੇ ਬੈਠਾ ਹੀ ਉੱਚੀ ਦੇ ਕੇ ਚਾਂਭੜ ਪਾਉਂਦਾ ਹੈ–“ਬਾਪੂ ਜੀ, ਆਹਾ, ਬਾਪੂ ਜੀ ਆ ’ਗੇ।” ਚੁੱਲ੍ਹੇ ਮੂਹਰਿਓਂ ਉੱਠ ਕੇ ਉਹ ਵਿਹੜੇ ਵਿੱਚ ਭੱਜਦਾ ਹੈ ਤੇ ਦਰਵਾਜ਼ੇ ਵਿੱਚ ਆ ਕੇ ਬਲਵੰਤ ਦੀਆਂ ਲੱਤਾਂ ਨੂੰ ਚਿੰਬੜ ਜਾਂਦਾ ਹੈ। ਉਹ ਹੈਂਡਲ ਨਾਲੋਂ ਇੱਕ ਝੋਲਾ ਲਾਹੁੰਦਾ ਹੈ ਤੇ ਮੁੰਡੇ ਦੇ ਹੱਥ ਫੜਾ ਕੇ ਕਹਿੰਦਾ ਹੈ–“ਚੱਲ, ਲੈ ਚੱਲ ਬਈ, ਅੰਦਰ ਸਬ੍ਹਾਤ ’ਚ।” ਦੂਜਾ ਝੋਲਾ ਲਾਹ ਕੇ ਵੱਡੇ ਮੁੰਡੇ ਨੂੰ ਹਾਕ ਮਾਰਦਾ ਹੈ। ਵੱਡਾ ਮੁੰਡਾ ਬੋਲਦਾ ਨਹੀਂ। ਸ਼ਾਇਦ ਬਾਹਰ ਖੇਡਣ ਗਿਆ ਹੋਇਆ ਅਜੇ ਵਾਪਸ ਨਹੀਂ ਆਇਆ। ਕੁੜੀ ਆਉਂਦੀ ਹੈ ਤੇ ਝੋਲਾ ਫੜ ਕੇ ਲੈ ਜਾਂਦੀ ਹੈ। ਬਲਵੰਤ ਆਪ ਡਾਲਡੇ ਦਾ ਡੱਬਾ ਲਈਂ ਸਬ੍ਹਾਤ ਵਿੱਚ ਵੜਦਾ ਹੈ। ਵਿਹੜੇ ਵਿੱਚ ਦੀ ਲੰਘਦਾ ਉਹ, ਕਣੱਖਾ, ਰਸੋਈ ਵਿੱਚ ਝਾਕ ਆਇਆ ਹੈ–ਉਸ ਦੀ ਪਤਨੀ ਰੋਟੀ ਪਕਾ ਰਹੀ ਹੈ।

ਸਬ੍ਹਾਤ ਵਿਚੋਂ ਹੀ ਉਹ ਪਤਨੀ ਨੂੰ ਹਾਕ ਮਾਰਦਾ ਹੈ। ਉਹ ਬੋਲਦੀ ਨਹੀਂ। ਸ਼ਾਇਦ ਉਸ ਨੂੰ ਪਤਾ ਹੈ ਕਿ ਅੱਜ ਤਨਖ਼ਾਹ ਮਿਲੀ ਹੈ। ਜਿਸ ਦਿਨ ਤਨਖ਼ਾਹ ਮਿਲਦੀ ਹੈ, ਉਸ ਦਿਨ ਉਹ ਘਰ ਦਾ ਸਾਰਾ ਨਿੱਕ ਸੁੱਕ ਖਰੀਦਣ ਸ਼ਹਿਰ ਜ਼ਰੂਰ ਜਾਂਦਾ ਹੈ। ਸ਼ਹਿਰ ਜਾਂਦਾ ਹੈ ਤਾਂ ਹਨੇਰੇ ਹੋਏ ਘਰ ਮੁੜਦਾ ਹੈ। ਉਸ ਦਿਨ ਉਸ ਦੀ ਪਤਨੀ ਵਿਸ਼ੇਸ਼ ਚੁੱਪ ਧਾਰ ਲੈਂਦੀ ਹੈ। ਇਹ ਪਤਾ ਨਹੀਂ ਕਿਉਂ? ਮਹੀਨੇ ਦੀ ਹਰ ਪਹਿਲੀ ਤਰੀਕ ਨੂੰ ਏਵੇਂ ਜਿਵੇਂ ਹੁੰਦਾ ਹੈ।

ਸਬ੍ਹਾਤ ਵਿਚੋਂ ਚੱਲ ਕੇ ਉਹ ਰਸੋਈ ਵਿੱਚ ਆਉਂਦਾ ਹੈ ਤੇ ਆਪਣੀ ਪਤਨੀ ਨੂੰ ਕਹਿੰਦਾ ਹੈ–“ਔਹ ਝੋਲਿਆਂ ’ਚੋਂ ਕੱਢ ਕੇ ਲੱਲੜ ਪੱਲੜ ਜ੍ਹਾ ਸਾਂਭ ਦਿੰਦੀ, ਨਹੀਂ ਗੋਗੀ ਨੇ ਕਾਂ ਖਰੋਲੀ ਪਾ ਦੇਣੀ ਐ।”

ਆਖ਼ਰੀ ਪੇੜਾ ਕਰਦੀ ਉਹ ਤਪੀ ਜਿਹੀ ਬੋਲਦੀ ਹੈ–"ਦੀਂਹਦਾ ਨੀ? ਤਵੇਂ 'ਤੇ ਰੋਟੀ ਐ। ਪੇਟੀ 'ਤੇ ਰੱਖ ਦਿਓ, ਜਿਹੜਾ ਕੁਸ ਹੈਗਾ। ਆਪੇ ਸਾਂਭਿਆ ਜਾਊ।" ਉਹ ਚੁੱਪ ਕੀਤਾ ਸਬ੍ਹਾਤ ਵਿੱਚ ਆ ਜਾਂਦਾ ਹੈ ਤੇ ਝੋਲੇ ਵਿਚੋਂ ਕੇਲਿਆਂ ਵਾਲਾ ਲਿਫ਼ਾਫ਼ਾ ਕੱਢ ਕੇ ਇੱਕ ਇੱਕ ਕੇਲਾ ਮੁੰਡੇ ਤੇ ਕੁੜੀ ਨੂੰ ਫੜਾ ਦਿੰਦਾ ਹੈ। ਗੋਗੀ ਰਿਹਾੜ ਕਰਦਾ ਹੈ–'ਮੈਂ ਤਾਂ ਦੋ ਲੈਣੇ ਨੇ।"

ਕੋਟ ਦੀ ਜੇਬ੍ਹ ਵਿਚੋਂ ਰੁਮਾਲ ਕੱਢ ਕੇ ਉਹ ਆਪਣੇ ਚਿਹਰੇ ਤੋਂ ਗਰਦ ਪੂੰਝਦਾ ਹੈ। ਅੱਖਾਂ ਦੇ ਕੋਇਆਂ ਨੂੰ ਸਾਫ਼ ਕਰਦਾ ਹੈ। ਚਾਲ੍ਹੀ ਦੇ ਬਲ੍ਹਬ ਦੀ ਮੱਧਮ ਰੋਸ਼ਨੀ ਵਿੱਚ ਸ਼ੀਸ਼ਾ ਦੇਖਦਾ ਹੈ। ਮਿੱਟੀ ਧੂੜਿਆ ਚਿਹਰਾ ਹੋਰ ਮੁਰਝਾ ਜਾਂਦਾ ਹੈ। ਪਰ ਸ਼ੀਸ਼ਾ ਉਸ ਨੂੰ ਦੰਦੀਆਂ ਚਿੜਾ ਦਿੰਦਾ ਹੈ। ਬਲ੍ਹਬ ਦੀ ਰੋਸ਼ਨੀ ਹੋਰ ਪੀਲੀ ਹੋ ਗਈ ਲੱਗਦੀ ਹੈ।

ਕੁੜੀ ਤੇ ਗੋਗੀ ਰੋਟੀ ਖਾ ਚੁੱਕੇ ਹਨ। ਵੱਡਾ ਮੁੰਡਾ ਰਸੋਈ ਵਿੱਚ ਆ ਗਿਆ ਤੇ ਰੋਟੀ ਖਾਣ ਲੱਗ ਪਿਆ ਹੈ। ਪਤਨੀ ਨੇ ਰੋਟੀ ਪਕਾਉਣ ਦਾ ਕੰਮ ਮੁਕਾ ਲਿਆ ਹੈ। ਤੱਤੇ ਪਾਣੀ ਦੀ ਛੋਟੀ ਬਾਲਟੀ ਭਰ ਕੇ ਉਸ ਨੇ ਗੁਸਲਖ਼ਾਨੇ ਵਿੱਚ ਰੱਖ ਦਿੱਤੀ ਹੈ। ਸਬ੍ਹਾਤ ਵਿੱਚ ਆ ਕੇ ਭਰੜਾਇਆ ਜਿਹਾ ਬੋਲ ਕੱਢਿਆ ਹੈ–"ਹੱਥ ਮੂੰਹ ਧੋ ਲੋ ਤੇ ਰੋਟੀ ਖਾਓ।" ਪਾਣੀ ਪਾ 'ਤਾ?" ਉਹ ਪੁੱਛਦਾ ਹੈ।

ਉਹ ਕੁਝ ਨਹੀਂ ਬੋਲਦੀ।

ਉਹ ਗੁਸਲਖ਼ਾਨੇ ਵਿੱਚ ਜਾਂਦਾ ਹੈ ਤੇ ਹੱਥ ਪੈਰ ਧੋਣ ਲੱਗ ਪੈਂਦਾ ਹੈ।

ਉਹ ਐਨੇ ਚਿਰ ਵਿੱਚ ਦੋਵੇਂ ਝੋਲਿਆਂ ਵਿਚੋਂ ਸਾਰੀਆਂ ਚੀਜ਼ਾਂ ਕੱਢ ਕੇ ਥਉਂ ਥਾਈਂ ਟਿਕਾਅ ਦਿੰਦੀ ਹੈ। ਸਲਵਾਰ ਦਾ ਕੱਪੜਾ ਉਸ ਨੂੰ ਕਿਤੇ ਨਹੀਂ ਦਿੱਸਦਾ। ਉਹ ਹਉਕਾ ਲੈਂਦੀ ਹੈ ਤੇ ਖੰਡ ਦਾ ਫੱਕਾ ਮਾਰ ਰਹੇ ਗੋਗੀ ਦੀ ਢੂਹੀ 'ਤੇ ਪੁੱਠੇ ਹੱਥ ਦਾ ਥੱਪੜ ਮਾਰਦੀ ਹੈ। ਕਹਿੰਦੀ ਹੈ–"ਦਾਨਾ ਦਾਨਾ ਕਰਕੇ ਰੱਖ 'ਤੀ ਸਾਰੀ ਖੰਡ, ਲਹਿ ਜਾਣਿਆ। ਕਦੇ ਟਿਕ ਵੀ ਜਾਇਆ ਕਰ।"

ਬਲਵੰਤ ਅੰਦਰ ਆਉਂਦਾ ਹੈ। ਖੱਦਰ ਦੇ ਸਮੋਸੇ ਨਾਲ ਮੂੰਹ ਰਗੜਦਾ ਹੈ। ਕੁੜੀ ਪੁੱਛਦੀ ਹੈ–"ਬਾਪੂ ਜੀ, ਮੇਰੀ ਪਸ਼ਮ?"

"ਪਸ਼ਮ ਵੀ ਆ ਜੂ 'ਗੀ।" ਉਹ ਕੰਧ ਵੱਲ ਮੂੰਹ ਕਰਕੇ ਜਵਾਬ ਦਿੰਦਾ ਹੈ

"ਬਾਪੂ ਜੀ, ਮੇਰੇ ਕੋਟ ਦਾ ਕੱਪੜਾ?" ਵੱਡਾ ਪੁੱਛਦਾ ਹੈ।

"ਤੂੰ ਨਾਲ ਈਂ ਚੱਲੀ ਕਦੇ, ਫਿਰ ਲਵਾਂਗੇ ਤੇਰਾ ਕੋਟ। ਉੱਥੇ ਈ ਸਿਉਣਾ ਦੇ ਆਵਾਂਗੇ।" ਉਸ ਨੇ ਜਿਵੇਂ ਪੱਕੀ ਗੱਲ ਆਖੀ ਹੋਵੇ।

ਗੋਗੀ ਪੁੱਛਦਾ ਹੈ–"ਮੇਰੇ ਬੂਟ, ਬਾਪੂ ਜੀ?"

ਉਸ ਦੀ ਲਾਲ ਸੂਹੀ ਗੱਲ੍ਹ 'ਤੇ ਉਹ ਇੱਕ ਪੋਲਾ ਜਿਹਾ ਹੱਥ ਮਾਰਦਾ ਹੈ ਤੇ ਕਹਿੰਦਾ ਹੈ–"ਜੰਮ ਤਾਂ ਲੈ, ਵੱਡਿਆ ਜੈਂਟਰ ਮੈਨਾ। ਬੂਟ ਕੀ ਕਰਨੇ ਨੇ ਤੈਂ? ਅਗਲੇ ਸਾਲ ਡੂਢਾ ਪੈਰ ਹੋ ਜਾਣੇ ਤੇਰਾ। ਅਗਲੇ ਸਾਲ ਈ ਲੈ ਦਿਆਂਗੇ ਬੂਟ। ਐਤਕੀਂ ਤਾਂ ਦੱਬੀ ਫਿਰ ਏਹੀ ਫਲੀਟ।"

"ਊਂ ਹੂੰ ਮੈਂ ਤਾਂ ਬੂਟ ਲਊਂਗਾ।" ਗੋਗੀ ਨੇ ਸੁੱਕਾ ਰੋਣ ਅਰੰਭ ਦਿੱਤਾ ਹੈ। ਬਲਵੰਤ ਨੇ ਉਸ ਵੱਲੋਂ ਧਿਆਨ ਹਟਾ ਲਿਆ ਹੈ ਛੋਟੇ ਮੇਜ਼ 'ਤੇ ਉਸ ਦੀ ਪਤਨੀ ਨੇ ਰੋਟੀ ਦੀ

ਥਾਲੀ ਲਿਆ ਰੱਖੀ ਹੈ। ਉਹ ਰੋਟੀ ਖਾਣ ਲੱਗ ਪਿਆ ਹੈ। ਸੋਚ ਰਿਹਾ ਹੈ ਕਿ ਉਸ ਦੀ ਪਤਨੀ ਨੇ ਸਲਵਾਰ ਦਾ ਕੱਪੜਾ ਅਜੇ ਤੀਕ ਕਿਉਂ ਨਹੀਂ ਪੁੱਛਿਆ? ਪੁੱਛੇਗੀ ਤਾਂ ਸਹੀ। ਪਰ ਜਦ ਪੁੱਛੇਗੀ ਤਾਂ ਤੂਫ਼ਾਨ ਖੜ੍ਹਾ ਹੋ ਜਾਵੇਗਾ। ਚਲੋ, ਜੇ ਨਾ ਹੀ ਪੁੱਛੇ ਤਾਂ ਠੀਕ ਹੈ।

ਉਹ ਰੋਟੀ ਖਾ ਰਿਹਾ ਹੈ। ਤਿੰਨੇ ਬੱਚੇ ਚੁੱਲ੍ਹੇ ਮੂਹਰੇ ਜਾ ਬੈਠੇ ਹਨ। ਪਤਨੀ ਦੂਜੇ ਮੰਜੇ ਦੀ ਬਾਹੀ ’ਤੇ ਇੱਕ ਪੈਰ ਧਰ ਕੇ ਇੱਕ ਟੰਗ ਦੇ ਭਾਰ ਖੜ੍ਹੀ ਹੈ। ਗੋਡੇ ’ਤੇ ਕੂਹਣੀ ਧਰ ਕੇ ਹਥੇਲੀ ਵਿੱਚ ਠੋਡੀ ਨੂੰ ਘੁੱਟ ਰਹੀ ਹੈ। ਗੱਲ ਛੇੜਦੀ ਹੈ–“ਤਨਖ਼ਾਹ ਮਿਲ ’ਗੀ?”

ਬਲਵੰਤ ਦੇ ਮੂੰਹ ਵਿੱਚ ਬੁਰਕੀ ਫੁੱਲ ਜਾਂਦੀ ਹੈ ਪਾਣੀ ਦੀ ਘੁੱਟ ਭਰ ਕੇ ਉਹ ਜਵਾਬ ਦਿੰਦਾ ਹੈ–“ਤਨਖ਼ਾਹ ਤੋਂ ਬਿਨਾਂ ਸੌਦਾ ਹੋਰ ਕਾਹਦਾ ਆ ਗਿਆ?” ਪਤਨੀ ਦੇ ਮੱਥੇ ’ਤੇ ਤਿਉੜੀਆਂ ਉੱਭਰ ਆਉਂਦੀਆਂ ਹਨ। ਬਲਵੰਤ ਹੋਰ ਉਦਾਸ ਹੋ ਜਾਂਦਾ ਹੈ।

ਮਹੀਨੇ ਦੀ ਇੱਕ ਤਰੀਕ, ਜਿਸ ਦਿਨ ਆਉਂਦੀ ਹੈ ਤੇ ਤਨਖ਼ਾਹ ਮਿਲਦੀ ਹੈ ਤੇ ਸਾਰੇ ਮੁਲਾਜ਼ਮ ਖ਼ੁਸ਼ ਹੁੰਦੇ ਹਨ, ਪਰ ਬਲਵੰਤ ਉਦਾਸ ਹੋ ਜਾਂਦਾ ਹੈ। ਕਦੇ ਕਦੇ ਤਾਂ ਇਹ ਉਦਾਸੀ ਤਨਖ਼ਾਹ ਮਿਲਣ ਤੋਂ ਇੱਕ ਦਿਨ ਪਹਿਲਾਂ ਹੀ ਸ਼ੁਰੂ ਹੋ ਜਾਂਦੀ ਹੈ।

“ਰੁਪਈਏ ਸਿਰਫ਼ ਚਾਲ੍ਹੀ ਨੇ ਮੇਰੀ ਜੇਬ੍ਹ ’ਚ।” ਪਤਨੀ ਦੇ ਕੁਝ ਪੁੱਛਣ ਤੋਂ ਪਹਿਲਾਂ ਬਲਵੰਤ ਆਪਣੇ ਮਨ ਵਿੱਚ ਸਾਰਾ ਹੌਸਲਾ ਜਾਂ ਸਾਰੀ ਬੇਸ਼ਰਮੀ ਇਕੱਠੀ ਕਰਕੇ ਕਹਿੰਦਾ ਹੈ।

“ਥੋਡੇ ਕੋਲ ਸਾਰੀ ਉਮਰ ’ਚ ਦਸ ਪੈਸੇ ਵੀ ਜੇ ਕਦੇ ਜੁੜ ’ਗੇ ਤਾਂ ਮੂੰਹ ’ਤੇ ਥੁੱਕ ਦਿਓ। ਹਰ ਮਹੀਨੇ ਸਾਰੀ ਤਨਖ਼ਾਹ ਪਤਾ ਨੀ ਕਿੱਥੇ ਫੂਕ ਔਨੇ ਓਂ? ਜਵਾਕਾਂ ਦੇ ਗਲ ਗੂਠਾ ਕਿਉਂ ਨੀ ਦੇ ਦਿੰਦੇ?” ਕੁੜੀ ਸਬ੍ਹਾਤ ਵਿੱਚ ਆਉਂਦੀ ਹੈ। ਉਸ ਦਾ ਮੋਢਾ ਫੜ ਕੇ ਉਹ ਕਹਿੰਦੀ ਹੈ–“ਛੋਕਰੀ ਨੂੰ ਨਿੱਤ ਗਿੱਠ ਵਾਰ ਔਂਦੈ ! ਏਹ ਦੇ ਕੰਨੀ ਵੀ ਕਦੇ ਦੇਖਿਐ? ਚਾਰ ਲੀਰਾਂ ਜੁੜਨ ਗੀਆਂ ਵਿਚਾਰੀ ਨੂੰ ਪਤਾ ਨੀ, ਨਹੀਂ। ਏਹ ਦਾ ਡੋਲਾ ਜਿੱਦਣ ਤੁਰਿਆ, ਦਾੜ੍ਹੀ ਮੁਨਾ ਦਿਓ।”

ਉਹ ਉਸ ਵੱਲ ਚੁੱਪ ਕੀਤਾ ਝਾਕਦਾ ਰਹਿੰਦਾ ਹੈ। ਬੋਲਦਾ ਕੁਝ ਨਹੀਂ। ਬੋਲੇ ਵੀ ਕੀ? ਬੋਲਣ ਜੋਗਾ ਹੈ ਹੀ ਨਹੀਂ। ਇੱਕ ਗੱਲੋਂ ਉਸ ਨੂੰ ਗੁੱਸਾ ਆਉਂਦਾ ਹੈ। ਉਸ ਦੀ ਪਤਨੀ ਸਭ ਕੁਝ ਜਾਣਦੀ ਹੋਈ ਵੀ ਸਾਰਾ ਦੋਸ਼ ਉਸ ’ਤੇ ਹੀ ਕਿਉਂ ਥੱਪ ਦਿੰਦੀ ਹੈ? ਪਰ ਉਹ ਸਾਰੇ ਗੁੱਸੇ ਵਿਚੇ ਵਿੱਚ ਪੀ ਜਾਂਦਾ ਹੈ। ਉਸ ਨੂੰ ਚੁੱਪ ਤੇ ਨਿਰੱਤਰ ਦੇਖ ਕੇ ਉਸ ਦੀ ਪਤਨੀ ਨੂੰ ਸ਼ਾਇਦ ਫਿਰ ਤਰਸ ਆ ਜਾਂਦਾ ਹੈ। ਠੰਡੀ ਹੋ ਕੇ ਉਹ ਕਹਿੰਦੀ ਹੈ–“ਸਾਰੀ ਤਨਖ਼ਾਹ ’ਕੇਰਾਂ ਲਿਆ ਕੇ ਮੈਨੂੰ ਫੜਾ ਦਿਆ ਕਰੋ। ਮੈਂ ਆਪੇ “ਸਮੱਸਿਆ” ਨਾਲ ਸਭ ਦਾ ਨਬੇੜੂੰ।”

“ਤੇ ਜੀਹਦਾ ਮੈਂ ਨਬੇੜਨੈਂ, ਉਹ ਕੌਣ ਦਿਊ?” ਉਹ ਤਿੜਕਦਾ ਹੈ।

“ਥੋਡੇ ਖੂਹ ਖਾਤੇ ਦਾ ਮੈਨੂੰ ਪਤਾ ਵੀ ਲੱਗੇ? ਖ਼ਬਰੈ ਕੀਹਦਾ ਕੀ ਨਬੇੜਨਾ ਹੁੰਦੈ ਤੁਸੀਂ?” ਉਸ ਨੂੰ ਗੁੱਸੇ ਦਾ ਤਾਪ ਫਿਰ ਚੜ੍ਹ ਜਾਂਦਾ ਹੈ।

“ਅਜੇ ਪਤਾ ਈ ਨਹੀਂ? ਮੀਤੋ (ਭਾਣਜੀ) ਦੇ ਵਿਆਹ ਵੇਲੇ ਦੋ ਸੌ ਦਾ ਕੱਪੜਾ ਜਿਹੜਾ ਲਿਆਂਦਾ ਸੀ, ‘ਭਾਰਤ ਕਲਾਥ ਹਾਊਸ’ ਵਾਲਿਆਂ ਦਿਓਂ। ਸੱਤ ਮਹੀਨੇ ਹੋ ’ਗੇ, ਮੋੜਿਐ ਉਹ ਦੇ ’ਚੋਂ ਕੋਈ ਪੈਸਾ? ਚਰਨਜੀਤ ਓਵਰਸੀਅਰ ਤੋਂ ਫੜਿਆ ਸੀ,

ਜਿਹੜਾ ਹੱਥੁਧਾਰ, ਉਦੋਂ,ਉਹੋ? ਤੇ ਸੌ ਮਾਸੀ ਤੋਂ ਅਜੇ ਤਾਂ ਪਿਛਲੇ ਮਹੀਨੈ ਈ ਲਿਆਂਦੈ। ਤੇਰੀ ਬਿਮਾਰੀ 'ਤੇ ਲੱਗਿਆ ਜਿਹੜਾ ਸੌ ਦਾ ਸੌ।"

ਉਹ ਰਸੋਈ ਵਿੱਚ ਹੋਰ ਫੁਲਕਾ ਲੈਣ ਚਲੀ ਗਈ ਹੈ।

ਬਲਵੰਤ ਸੋਚਦਾ ਹੈ ਕਿ ਸਾਰੀ ਦੀ ਸਾਰੀ ਤਨਖ਼ਾਹ ਲਿਆ ਕੇ ਘਰ ਫੜਾਉਣ ਵਾਲੀ ਗੱਲ ਤਾਂ ਠੀਕ ਹੈ। ਮਾਸਟਰ ਦੇਵੀ ਦਿਆਲ ਦੱਸਦਾ ਹੁੰਦਾ ਹੈ ਕਿ ਉਹ ਸਾਰੀ ਦੀ ਸਾਰੀ ਤਨਖ਼ਾਹ ਪੋਟਲੀ ਬੰਨ੍ਹ ਕੇ ਘਰ ਲਿਜਾਂਦਾ ਹੈ ਤੇ ਦੁਰਗਾ ਦੀ ਜੋਤ ਵਾਲੇ ਆਲੇ ਵਿੱਚ ਰੱਖ ਦਿੰਦਾ ਹੈ। ਦੂਜੇ ਦਿਨ ਉੱਥੋਂ ਫਿਰ ਉਸ ਦੀ ਘਰਵਾਲੀ ਪੋਟਲੀ ਨੂੰ ਚੁੱਕਦੀ ਹੈ ਤੇ ਆਪ ਹੀ ਸਾਰਾ ਲੈਣ ਦੇਣ ਕਰਦੀ ਹੈ। ਬਲਵੰਤ ਸੋਚਦਾ ਹੈ ਕਿ ਦੇਵੀਂ ਦਿਆਲ ਨੇ ਵੀ ਕਿਹੜੀਆਂ ਧਜਾਂ ਜੋੜ ਲਈਆਂ। ਉਹੀ ਨੰਗ ਦਾ ਨੰਗ।

ਇੱਕ ਫੁਲਕਾ ਉਸ ਦੀ ਪਤਨੀ ਲੈ ਕੇ ਆਉਂਦੀ ਹੈ ਤੇ ਬਲਵੰਤ ਦੀ ਥਾਲੀ ਵਿੱਚ ਰੱਖ ਦਿੰਦੀ ਹੈ। ਉਹ ਚੁੱਪ ਬੈਠੀ ਹੈ। ਬਲਵੰਤ ਰੋਟੀ ਖਾ ਰਿਹਾ ਹੈ। ਚੁੱਪ ਹੈ। ਜਦੋਂ ਉਹ ਰੋਟੀ ਖਾ ਚੁੱਕਦਾ ਹੈ ਤੇ ਹੱਥ ਧੋਂਦਾ ਹੈ ਤਾਂ ਪਤਨੀ ਗੱਲ ਛੇੜਦੀ ਹੈ–

"ਸੱਚੀਂ, ਚਾਲ੍ਹੀ ਬਚੇ ਨੇ?"

"ਹੋਰ, ਮੈਂ ਝੂਠ ਬੋਲਦਾ?"

"ਐਥੇ ਫੇਰ ਜੀਹਦੇ ਦੇਣੇ ਨੇ?"

"ਬੱਸ ਏਹੀ ਚਾਲ੍ਹੀ ਨੇ। ਦੇ ਦੇ ਜੀਹਨੂੰ ਦੇਣੇ ਨੇ।"

"ਦੱਸੋ ਵੀ ਫੇਰ, ਕਿੱਥੇ ਗਈ ਤਨਖ਼ਾਹ ਸਾਰੀ?"

"ਦੋ ਸੌ 'ਭਾਰਤ ਕਲਾਥ ਹਾਊਸ' ਵਾਲਿਆਂ ਨੂੰ, ਸੌ ਓਵਰਸੀਅਰ ਨੂੰ ਤੇ ਪੰਜਾਹ ਰੁਪਈਆਂ ਦਾ ਇਹ ਸੌਦਾ, ਬਾਕੀ , ਚਾਲ੍ਹੀ।"

ਆਪਣੀ ਸੱਜੀ ਗੱਲ੍ਹ ਵਿੱਚ ਉਂਗਲ ਖੁਭੋਅ ਕੇ ਤੇ ਖੱਬੇ ਹੱਥ ਦੀ ਹਥੇਲੀ ਬਲਵੰਤ ਦੇ ਗੋਡੇ 'ਤੇ ਰੱਖ ਕੇ ਉਹ ਅੱਖਾਂ ਵਿੱਚ ਚਮਕ ਲਿਆਉਂਦੀ ਹੈ। ਆਸ ਭਰਪੂਰ ਚਮਕ! ਪੁੱਛਦੀ ਹੈ–"ਮੇਰੀ ਸਲਵਾਰ?"

ਬਲਵੰਤ ਬੁੱਲ੍ਹਾਂ 'ਤੇ ਖੁਸ਼ਕ ਮੁਸਕਾਨ ਲੈ ਆਉਂਦਾ ਹੈ। ਪਤਨੀ ਦੀਆਂ ਅੱਖਾਂ ਵਿਚਲੀ ਚਮਕ ਨਾਲ ਦੀ ਨਾਲ ਉਦਾਸੀ ਵਿੱਚ ਘੁਲ ਜਾਂਦੀ ਹੈ। ਬਲਵੰਤ ਦੇ ਗੋਡੇ ਉੱਤੋਂ ਉਹ ਆਪਣਾ ਹੱਥ ਪਰ੍ਹੇ ਹਟਾਉਂਦੀ ਹੈ ਤੇ ਹਉਕਾ ਲੈ ਕੇ ਖੜ੍ਹੀ ਹੋ ਜਾਂਦੀ ਹੈ। ਸਬ੍ਹਾਤ ਵਿਚੋਂ ਬਾਹਰ ਜਾਂਦੀ ਹੈ। ਬਲਵੰਤ ਦਾ ਹਉਕਾ ਸੰਘੋਂ ਥੱਲੇ ਹੀ ਭਸਮ ਹੋ ਜਾਂਦਾ ਹੈ।

ਬਲਵੰਤ ਇੱਕ ਛੋਟੇ ਜਿਹੇ ਪਿੰਡ ਵਿੱਚ ਰਹਿੰਦਾ ਹੈ। ਸਾਈਕਲ 'ਤੇ ਨਿੱਤ ਉਹ ਇੱਕ ਵੱਡੇ ਪਿੰਡ ਜਾਂਦਾ ਹੈ, ਪੰਜ ਮੀਲ ਦੂਰ। ਉੱਥੇ ਉਹ ਇੱਕ ਸਰਕਾਰੀ ਮੁਲਾਜ਼ਮ ਹੈ। ਵੱਡੇ ਪਿੰਡ ਤੋਂ ਅਗਾਂਹ ਸੱਤ ਮੀਲ ਸ਼ਹਿਰ ਹੈ। ਜਦ ਕਦੇ ਉਸ ਨੂੰ ਕਿਸੇ ਅਜਿਹੀ ਚੀਜ਼ ਵਸਤ ਦੀ ਲੋੜ ਹੁੰਦੀ ਹੈ, ਜਿਹੜੀ ਕਿ ਦੋਵੇਂ ਪਿੰਡਾਂ ਦੀਆਂ ਦੁਕਾਨਾਂ ਤੋਂ ਨਹੀਂ ਮਿਲਦੀ, ਉਹ ਸ਼ਹਿਰ ਜਾਂਦਾ ਹੈ। ਜਿਸ ਦਿਨ ਤਨਖ਼ਾਹ ਮਿਲਦੀ ਹੈ, ਉਸ ਦਿਨ ਤਾਂ ਉਹ ਜ਼ਰੂਰ ਹੀ ਸ਼ਹਿਰ ਜਾਂਦਾ ਹੈ। ਕਬੀਲਦਾਰੀ ਦਾ ਸਾਰਾ ਸੌਦਾ ਪੱਤਾ ਲੈ ਕੇ ਆਉਂਦਾ ਹੈ। ਆਪਣੇ ਜਵਾਕਾਂ ਦੀਆਂ ਤੇ ਪਤਨੀ ਦੀਆਂ ਜ਼ਰੂਰਤਾਂ ਪੂਰੀਆਂ ਕਰਦਾ ਹੈ। ਉਨ੍ਹਾਂ ਦੇ ਚਾਅ ਪੂਰੇ ਕਰਦਾ ਹੈ।

ਉਸ ਦੀ ਪਤਨੀ ਭਾਵੇਂ ਪਿਛਲੇ ਜ਼ਮਾਨੇ ਦੀਆਂ ਚਾਰ ਜਮਾਤਾਂ ਪੜ੍ਹੀ ਹੋਈ ਹੈ, ਪਰ ਹੈ ਅਨਪੜ੍ਹਾਂ ਵਰਗੀ ਹੀ ਬਿਲਕੁੱਲ ਪੇਂਡੂ ਔਰਤ।

ਜ਼ਮਾਨਾ ਕਿੰਨਾ ਅਗਾਂਹ ਜਾ ਖਲੋਤਾ ਹੈ। ਫ਼ੈਸ਼ਨ ਸਿਖ਼ਰ 'ਤੇ ਹੈ। ਅੱਜ ਕੱਲ੍ਹ ਅਨਪੜ੍ਹ ਤੀਵੀਂਆਂ ਵੀ ਪੜ੍ਹੀਆਂ ਲੱਗਦੀਆਂ ਹਨ। ਬੋਲ ਚਾਲ ਚੁਸਤ, ਕੱਪੜੇ ਚੁਸਤ ਤੇ ਨਖ਼ਰਾ ਚੁਸਤ। ਹੋਰ ਕੀ ਪੜ੍ਹੀਆਂ ਲਿਖੀਆਂ ਦੇ ਸਿੰਗ ਹੁੰਦੇ ਨੇ?

ਬਲਵੰਤ ਦੇ ਗਵਾਂਢ ਵਿੱਚ ਚਹੁੰ ਪੰਜੀਂ ਘਰੀਂ ਜਿਹੜੀਆਂ ਨਵੀਆਂ ਵਹੁਟੀਆਂ ਆਈਆਂ ਹੋਈਆਂ ਹਨ, ਉਨ੍ਹਾਂ ਦੇ ਕਮੀਜ਼, ਉਨ੍ਹਾਂ ਦੀਆਂ ਸਲਵਾਰਾਂ ਕਿੰਨੀਆਂ ਤੰਗ ਹਨ। ਉਹ ਸਿਰ ਦੇ ਵਾਲ ਕਿੱਦਾਂ ਦੇ ਬਣਾ ਕੇ ਰੱਖਦੀਆਂ ਹਨ। ਉਹ ਵੀ ਤਾਂ ਅਨਪੜ੍ਹ ਹਨ। ਬਲਵੰਤ ਦੇ ਸੱਜੇ ਹੱਥ ਕੰਧ ਨਾਲ ਕੰਧ ਲੱਗਦੀ ਵਾਲਾ ਘਰ ਹੈ, ਜੋ ਉਨ੍ਹਾਂ ਦੀ ਇੱਕ ਰਿਸ਼ਤੇਦਾਰ ਕੁੜੀ ਦੋ ਮਹੀਨਿਆਂ ਤੋਂ ਇੱਥੇ ਆਈ ਹੋਈ ਸੀ। ਇਸੇ ਕੁੜੀ ਨੇ ਤਾਂ ਪੱਟ ਪਾਇਆ ਹੈ। ਏਸੇ ਕੁੜੀ ਨੂੰ ਦੇਖ ਕੇ ਤਾਂ ਉਸ ਦੀ ਪਤਨੀ ਵਿੱਚ ਲਾਲਸਾ ਪੈਂਦਾ ਹੋਈ ਹੈ ਕਿ ਉਸ 'ਤੇ ਵੀ ਨਵੀਂ ਜਵਾਨੀ ਆ ਜਾਵੇ। ਤੰਗ ਮੂਹਰੀ ਦੀ ਸਲਵਾਰ ਤਾਂ ਹੀ ਤਾਂ ਉਹ ਮੰਗਦੀ ਹੈ।

ਚਾਹੁੰਦਾ ਤਾਂ ਬਲਵੰਤ ਵੀ ਹੈ ਕਿ ਉਸ ਦੀ ਪਤਨੀ ਮਾਡਰਨ ਜਿਹੀ ਲੱਗੇ, ਪਰ...।

ਰਸੋਈ ਵਿੱਚ ਬੈਠੀ ਭਾਂਡੇ ਮਾਂਜਦੀ ਪਤਨੀ ਨੂੰ ਉਹ ਹਾਕ ਮਾਰਦਾ ਹੈ ਤੇ ਕਹਿੰਦਾ ਹੈ–"ਦੋ ਕੁ ਕੰਮ ਰਹਿ 'ਗੇ, ਅਜੇ ਕਰਨ ਵਾਲੇ। ਕੱਲ੍ਹ ਨੂੰ ਫੇਰ ਜਾਣੈ ਸ਼ਹਿਰ। ਤੇਰੀ ਸਲਵਾਰ ਦਾ ਕੱਪੜਾ ਵੀ ਆ ਜੂ, ਕੱਲ੍ਹ ਨੂੰ–ਜ਼ਰੂਰ।" ♦

# ਚਾਚਾ ਜਾਵੇਦ

ਉਦੋਂ ਮੈਨੂੰ ਸਿਰਫ਼ ਐਨਾ ਹੀ ਪਤਾ ਸੀ ਕਿ ਤੂੰ, ਚਾਚੀ ਅੱਲਾ ਰੱਖੀ ਤੇ ਦੋਵੇਂ ਮੁੰਡੇ ਸਦੀਕ ਤੇ ਰਮਜ਼ਾਨ ਪਾਕਿਸਤਾਨ ਨੂੰ ਚਲੇ ਗਏ ਸੀ। ਮੈਨੂੰ ਨਹੀਂ ਪਤਾ ਕਿ ਪਾਕਿਸਤਾਨ ਕਿਉਂ ਬਣਿਆ ਹੈ ਤੇ ਏਧਰਲੇ ਲੋਕ ਓਧਰ ਕਿਉਂ ਜਾ ਰਹੇ ਹਨ। ਪੰਦਰਾਂ ਵੀਹ ਦਿਨਾਂ ਬਾਅਦ ਹੀ ਫਿਰ ਤੁਸੀਂ ਮੈਨੂੰ ਪਿੰਡ ਦੀ ਪੱਛਮੀ ਜੂਹ ਵਿੱਚ ਮਿਲੇ ਸੀ। ਸਾਰਾ ਟੱਬਰ। ਇੱਕ ਜੰਗਲ ਵਿੱਚ। ਉਸ ਦਿਨ ਐਤਵਾਰ ਸੀ ਤੇ ਮੈਂ ਸਕੂਲ ਨਹੀਂ ਸੀ ਗਿਆ ਸੀ। ਸੋ, ਆਪਣੀਆਂ ਦੋਵੇਂ ਮੱਝਾਂ ਲੈ ਕੇ ਇਸ ਜੰਗਲ ਵਿੱਚ ਆ ਗਿਆ ਸਾਂ। ਹੋਰ ਵੀ ਮੱਝਾਂ ਦੇ ਪਾਲੀ ਸਨ। ਪਿਛਲੇ ਪਹਿਰ ਦੀ ਚਾਹ ਨਾਲ ਖਾਣ ਲਈ ਇੱਕ-ਇੱਕ, ਦੋ-ਦੋ ਰੋਟੀਆਂ ਜੋ ਸਾਡੇ ਕੱਪੜਿਆਂ ਦੇ ਲੜ ਬੰਨ੍ਹੀਆਂ ਹੋਈਆਂ ਸਨ, ਅਸੀਂ ਸਭ ਨੇ ਉਹ ਤੁਹਾਨੂੰ ਦੇ ਦਿੱਤੀਆਂ ਸਨ। ਉਸ ਦਿਨ ਸ਼ਾਇਦ ਪਹਿਲੀ ਵਾਰ ਮੈਨੂੰ ਮਹਿਸੂਸ ਹੋਇਆ ਸੀ ਕਿ ਮਨੁੱਖ ਲਈ ਅੰਨ ਕਿੰਨਾ ਜ਼ਰੂਰੀ ਹੈ। ਅੰਨ ਵਿੱਚ ਕਿੰਨੀ ਜ਼ਿੰਦਗੀ ਹੈ। ਅੰਨ ਤੋਂ ਬਗ਼ੈਰ ਮੌਤ ਕਿੰਨੀ ਨੇੜੇ ਹੈ।

ਮੈਨੂੰ ਖ਼ੁਸ਼ੀ ਹੋਈ ਸੀ ਕਿ ਤੁਸੀਂ ਵਾਪਸ ਪਿੰਡ ਆ ਗਏ ਹੋ।

ਤੇ ਫਿਰ ਸ਼ਾਮ ਨੂੰ ਅਗਵਾੜ ਦਾ ਇਕੱਠ ਹੋਇਆ ਸੀ। ਤੈਂ ਅਗਵਾੜ ਦੇ ਬੰਦਿਆਂ ਮੂਹਰੇ ਲੇਲ੍ਹੜੀਆਂ ਕੱਢੀਆਂ ਸਨ-'ਮੈਨੂੰ ਰੱਖ ਲਓ।'

'ਮੀਰਾ, ਰੱਖ ਤਾਂ ਤੈਨੂੰ ਅਸੀਂ ਲੈਨੇ ਆਂ। ਪਰ ਹਵਾ ਤਾਂ ਦੇਖ ਕੇਹੋ ਜ੍ਹੀ ਵਗੀ ਹੋਈ ਹੈ। ਗੁੰਡਿਆਂ ਦੀ ਧਾੜ ਆ 'ਗੀ ਤਾਂ ਬਚਾਵਾਂਗੇ ਕਿਵੇਂ ਥੋਨੂੰ?' ਹਰ ਮੂੰਹ ਦਾ ਇੱਕੋ ਜਵਾਬ ਸੀ। ਤੁਸੀਂ ਚਾਰੇ ਰੋਣ ਲੱਗੇ ਸੀ। ਮੈਂ ਕੋਲ ਹੀ ਖੜ੍ਹਾ ਸਾਂ। ਮੇਰਾ ਵੀ ਰੋਣ ਨਿਕਲ ਗਿਆ ਸੀ। ਤੂੰ ਤੁਰਨ ਲੱਗਿਆ ਸੀ ਤਾਂ ਮੈਂ ਤੇਰੇ ਕੁੜਤੇ ਦੀ ਕੰਨੀ ਛੋਹੀ ਸੀ। ਇੱਕ ਬਿੰਦ ਤੂੰ ਮੇਰੇ ਵੱਲ ਝਾਕਿਆ ਸੈਂ ਤੇ ਮੇਰੇ ਮੋਢੇ 'ਤੇ ਹੱਥ ਰੱਖਿਆ ਸੀ। ਮੇਰੀਆਂ ਅੱਖਾਂ ਦਾ ਸਾਰਾ ਪਾਣੀ ਵਹਿ ਤੁਰਿਆ ਸੀ।

ਕਈ ਸਾਲਾਂ ਬਾਅਦ ਏਧਰੋਂ ਓਧਰ ਤੇ ਓਧਰੋਂ ਏਧਰ ਪਿੰਡ ਵਿੱਚ ਆਉਂਦੀਆਂ ਜਾਂਦੀਆਂ ਚਿੱਠੀਆਂ ਤੋਂ ਪਤਾ ਲੱਗਿਆ ਸੀ ਕਿ ਜਾਵੇਦ ਤੇ ਉਸ ਦਾ ਟੱਬਰ ਲਾਹੌਰ ਵਿੱਚ ਹਨ। ਜਾਵੇਦ ਲਲਾਰੀ ਦਾ ਕੰਮ ਕਰਦਾ ਸੀ। ਸਦੀਕ ਕਿਸੇ ਹੋਟਲ ਵਿੱਚ ਭਾਂਡੇ ਮਾਂਜਦਾ ਹੈ ਤੇ ਰਮਜ਼ਾਨ ਕਿਸੇ ਮੌਲਵੀ ਕੋਲ ਮਸੀਤ ਵਿੱਚ ਰਹਿੰਦਾ ਹੈ।

ਤੁਹਾਡੀ ਚਿੱਠੀ ਤਾਂ ਕਦੇ ਵੀ ਕਿਸੇ ਨੂੰ ਨਹੀਂ ਸੀ ਆਈ। ਜੇ ਤੂੰ ਲਿਖਵਾਉਂਦਾ ਤਾਂ ਹੀ ਆਉਂਦੀ। ਅਗਵਾੜ ਦੇ ਹੀ ਕਿਸੇ ਬੰਦੇ ਨੂੰ ਲਿਖਵਾਉਂਦਾ। ਮੈਨੂੰ ਹੁਣ ਮਹਿਸੂਸ ਹੋ

ਰਿਹਾ ਹੈ ਕਿ ਤੂੰ ਕਿਉਂ ਨਹੀਂ ਸੀ ਕਦੇ ਕੋਈ ਚਿੱਠੀ ਲਿਖਵਾ ਕੇ ਏਧਰ ਭੇਜੀ। ਕੀਹਨੂੰ ਭੇਜਦਾ ਤੂੰ ਚਿੱਠੀ? ਕੌਣ ਸੀ ਏਧਰ ਤੇਰਾ? ਤੇਰੇ ਮਨ ਵਿੱਚ ਇੱਕ ਕੰਡਾ, ਜੋ ਚੁਭ ਗਿਆ ਸੀ, ਉਸ ਦੀ ਪੀੜ ਨੇ ਤੈਨੂੰ ਏਧਰਲਾ ਸ਼ਾਇਦ ਸਭੇ ਕੁਝ ਭੁਲਾ ਦਿੱਤਾ ਹੋਵੇਗਾ।

ਤੇ ਫਿਰ ਹੋਰ ਕਈ ਸਾਲਾਂ ਤੋਂ ਬਾਅਦ ਤਾਂ ਚਿੱਠੀਆਂ ਦਾ ਸਿਸਸਿਲਾਂ ਉਂਝ ਹੀ ਬੰਦ ਹੋ ਗਿਆ ਸੀ।

ਹੁਣ ਤੇਰਾ ਕੋਈ ਪਤਾ ਨਹੀਂ। ਤੂੰ ਕਿੱਥੇ ਹੈਂ? ਕਿਸ ਹਾਲ ਵਿੱਚ ਹੈਂ? ਕੀ ਕਰਦਾ ਹੈਂ? ਜਿਉਂਦਾ ਵੀ ਹੈ ਕਿ ...? ਚਾਚੀ ਅੱਲਾ ਰੱਖੀ ਤਾਂ ਉਦੋਂ ਹੀ ਲਿੱਸੀ ਜਿਹੀ ਹੁੰਦੀ ਸੀ।

ਤੈਂ ਇੱਕ ਬੱਕਰੀ ਲੈ ਰੱਖੀ ਸੀ। ਲਵੇਰੀ ਬੱਕਰੀ। ਘਰ ਵਿੱਚ ਦੁੱਧ ਆਮ ਸੀ। ਦੋਵੇਂ ਵੇਲੇ ਖੁੱਲ੍ਹੀ ਚਾਹ ਹੁੰਦੀ ਸੀ। ਭਾਵੇਂ ਤਿੰਨ ਵੇਲੇ ਵੀ ਕਰ ਲੈਂਦੇ। ਤੇ ਫਿਰ ਬੱਕਰੀ, ਜਦ ਮਰਜ਼ੀ ਚੋਅ ਲਵੋ। ਸਦੀਕ ਬੱਕਰੀ ਚਾਰਨ ਜਾਇਆ ਕਰਦਾ ਤੇ ਰਮਜ਼ਾਨ ਖੇਤਾਂ ਵਿੱਚ ਦਿਹਾੜੀ ਕਰਦਾ। ਤੂੰ ਤਾਂ ਬੱਸ ਅੱਲਾ ਖ਼ੈਰ, ਅੱਲਾ ਖ਼ੈਰ। ਪਰ ਸ਼ਾਮ ਨੂੰ ਜਦੋਂ ਤੁਸੀਂ ਇਕੱਠੇ ਹੁੰਦੇ ਸੀ, ਇੱਕ ਮਹਿਫ਼ਲ ਲੱਗ ਜਾਂਦੀ ਸੀ। ਇਸ ਮਹਿਫ਼ਲ ਵਿੱਚ ਮੈਂ ਵੀ ਸ਼ਾਮਲ ਹੁੰਦਾ ਸਾਂ। ਸਦੀਕ ਦੀ ਉਮਰ ਦਾ ਹੀ ਤਾਂ ਮੈਂ ਸੀ। ਤੂੰ ਸਾਨੂੰ ਨਵੇਂ-ਨਵੇਂ ਗੀਤ ਸਿਖਾਉਂਦਾ। ਉਨ੍ਹਾਂ ਦੀਆਂ ਤਰਜ਼ਾਂ ਸਮਝਾਉਂਦਾ ਤੇ ਫਿਰ ਸਾਡੇ ਮੂੰਹੋਂ ਇਕੱਲੇ ਇਕੱਲੇ ਤੋਂ ਗਵਾ ਕੇ ਸਾਡੇ ਸਵਰਾਂ ਨੂੰ ਤਰਾਸ਼ਦਾ। 'ਰਾਂਝਾ ਜੋਗੀੜਾ ਬਣ ਆਇਆ' ਵਾਲਾ ਗੀਤ ਤੈਨੂੰ ਚੰਗਾ ਲੱਗਦਾ ਸੀ। ਘੱਟੋਂ ਘੱਟ ਇੱਕ ਵਾਰੀ ਰੋਜ਼ ਇਸ ਦੀ ਮਸ਼ਕ ਤੂੰ ਸਾਨੂੰ ਕਰਵਾਉਂਦਾ। ਇਹ ਗੀਤ ਤੇਰੇ ਮੂੰਹੋਂ ਸਜਦਾ ਵੀ ਬੜਾ ਸੀ। ਜਦ ਅਸੀਂ ਤਿੰਨੇ ਮਿਲ ਕੇ ਇਸ ਨੂੰ ਗਾਉਂਦੇ ਤਾਂ ਸ਼ਾਇਦ ਸਾਡੇ ਮੂੰਹੋਂ ਵੀ ਜਚਦਾ ਹੋਵੇਗਾ। ਇਕੱਲੇ ਇਕੱਲੇ ਜਦੋਂ ਅਸੀਂ ਗਾਉਂਦੇ ਤਾਂ ਸਦੀਕ ਸਭ ਤੋਂ ਵਧੀਆਂ ਰਹਿੰਦਾ। ਦੂਜੇ ਨੰਬਰ 'ਤੇ ਮੈਂ ਆਉਂਦਾ ਤੇ ਤੀਜੇ 'ਤੇ ਰਮਜ਼ਾਨ। ਰਮਜ਼ਾਨ ਨੂੰ ਤੂੰ ਕਹਿੰਦਾ ਹੁੰਦਾ-'ਤੂੰ ਕਿਸੇ ਮਰਾਸਣ ਨੇ ਨਹੀਂ ਜੰਮਿਆ ਬੇਈਮਾਨ। ਪਾਟੇ ਨੜੇ ਵਰਗਾ ਬੋਲ ਪਤਾ ਨਹੀਂ ਕਿੱਥੋਂ ਲੈ ਔਨੈ।' ਤੇ ਫਿਰ ਉਸ ਦੀ ਨਕਲ ਉਤਾਰਦਾ ਸੈਂ..... 'ਰਾ..... ਝਾ।'

ਮੈਂ ਸਕੂਲ ਵਿੱਚ ਪੜ੍ਹਦਾ ਸਾਂ। ਮੇਰੇ ਪਿਓ ਨੇ ਬਹੁਤ ਵਾਰੀ ਆਖਿਆ ਸੀ ਕਿ ਤੂੰ ਸਦੀਕ ਨੂੰ ਮੇਰੇ ਨਾਲ ਭੇਜ ਦਿਆ ਕਰੇਂ। ਸਦੀਕ ਆਪ ਵੀ ਚਾਹੁੰਦਾ ਸੀ, ਪੜ੍ਹੇ। ਪਰ ਤੂੰ ਮੇਰੇ ਪਿਓ ਨੂੰ ਹੱਸ ਕੇ ਸਦਾ ਹੀ ਟਾਲਦਾ ਰਿਹਾ-'ਪਰਭਾ, ਅਸੀਂ ਪੜ੍ਹਾਈਆਂ ਤੋਂ ਕੀ ਲੈਣੇ। ਸਾਡਾ ਤਾਂ ਬੱਸ ਅੱਲਾ ਅੱਲਾ, ਖ਼ੈਰ ਸੱਲਾ।'

ਇੱਕ ਦਿਨ ਚੋਰੀਓ ਮੈਂ ਸਦੀਕ ਨੂੰ ਆਪਣੇ ਨਾਲ ਸਕੂਲ ਲੈ ਗਿਆ ਸਾਂ। ਉਸ ਦਿਨ ਉਸ ਦਾ ਜੀਅ ਸਕੂਲ ਵਿੱਚ ਬਹੁਤ ਲੱਗਿਆ ਸੀ। ਉਹ ਮੇਰੇ 'ਤੇ ਰਸ਼ਕ ਕਰਦਾ ਸੀ। ਉਸ ਨੂੰ ਪਤਾ ਜੋ ਸੀ ਕਿ ਉਸ ਦੇ ਅੱਬਾ ਨੇ ਤਾਂ ਉਸ ਤੋਂ ਬੱਕਰੀ ਹੀ ਚਰਵਾਉਣੀ ਹੈ।

ਜਦ, ਤੂੰ ਸਾਨੂੰ ਗਾਉਣ ਸਿਖਾਇਆ ਕਰਦਾ ਸੈਂ, ਤੂੰ ਕਿਹੜਾ ਚਾਹੁੰਦਾ ਸੈਂ ਕਿ ਅਸੀਂ ਕੋਈ ਵੱਡੇ ਗਵੱਈਏ ਬਣੀਏ। ਸਦੀਕ ਨੇ ਤਾਂ ਬੱਕਰੀ ਹੀ ਚਾਰਨੀ ਸੀ ਤੇ ਵੱਡਾ ਹੋ ਕੇ ਪਤਾ ਨਹੀਂ ਕੀ ਕੰਮ ਕਰਨਾ ਸੀ। ਰਮਜ਼ਾਨ ਨੇ ਤਾਂ ਖੇਤਾਂ ਵਿੱਚ ਦਿਹਾੜੀ ਹੀ ਕਰਨੀ ਸੀ ਤੇ ਸਾਰੀ ਉਮਰ ਕਰਨੀ ਸੀ ਤੇ ਮੇਰੇ ਬਾਰੇ ਤੇਰਾ ਕੀ ਵਿਚਾਰ ਸੀ? ਮੈਨੂੰ ਹੁਣ ਵੀ ਪਤਾ ਨਹੀਂ ਕਿ ਤੂੰ ਮੈਨੂੰ ਵੀ ਕਿਉਂ ਗਾਉਣਾ ਸਿਖਾਉਂਦਾ ਸੈਂ?

ਤੁਹਾਡੇ ਪਾਕਿਸਤਾਨ ਚਲੇ ਜਾਣ ਤੋਂ ਬਾਅਦ ਮੈਂ ਸਕੂਲ ਵਿੱਚ ਪੜ੍ਹਦਾ ਹੀ ਰਿਹਾ ਸਾਂ। ਗਾਉਣ ਵੱਲ ਮੇਰਾ ਬਹੁਤ ਧਿਆਨ ਰਹਿੰਦਾ। ਸਕੂਲ ਵਿੱਚ ਸ਼ਾਇਦ ਮੈਨੂੰ ਇਸ ਕਰਕੇ ਹੀ ਬਹੁਤਾ ਚਾਹਿਆ ਜਾਂਦਾ ਸੀ, ਕਿਉਂਕਿ ਮੈਂ ਗਾਉਂਦਾ ਬਹੁਤ ਵਧੀਆ ਸਾਂ। ਮੁੰਡੇ , ਮਾਸਟਰ ਤੇ ਹੈੱਡਮਾਸਟਰ ਮੇਰੀ ਕਦਰ ਕਰਦੇ ਸਨ। ਬਾਹਰਲੇ ਸਕੂਲਾਂ ਵਿੱਚ ਜਦੋਂ ਕਦੇ ਗੀਤਾਂ ਦੇ ਮੁਕਾਬਲੇ ਹੁੰਦੇ, ਸਾਡਾ ਸਕੂਲ ਹੀ ਫਸਟ ਆਉਂਦਾ। ਮੈਂ ਦਸਵੀਂ ਪਾਸ ਕਰ ਗਿਆ ਸਾਂ। ਨੇੜੇ ਦੇ ਸ਼ਹਿਰ ਕਾਲਜ ਵਿੱਚ ਦਾਖ਼ਲ ਵੀ ਹੋਇਆ ਸਾਂ। ਪਰ ਮੇਰੇ ਦਿਮਾਗ਼ ਵਿੱਚ ਇੱਕ ਚੰਗਾ ਗਾਇਕ ਬਣਨ ਦੀ ਧੁਨ ਸਮਾਈ ਹੋਈ ਸੀ। ਕਾਲਜ ਫੰਕਸ਼ਨਾਂ ਵਿੱਚ ਵੀ ਮੇਰੀ ਚੜ੍ਹਤ ਰਹੀ। ਸੰਗੀਤ ਦੇ ਪ੍ਰੋਫ਼ੈਸਰ ਨੇ ਵੀ ਮੇਰੇ ਵਿੱਚ ਉਚੇਚੀ ਦਿਲਚਸਪੀ ਲਈ। ਫਿਰ ਤਾਂ ਬੱਸ ਸੰਗੀਤ ਹੀ ਮੇਰਾ ਜੀਵਨ ਬਣ ਗਿਆ।

ਚਾਚਾ ਜਾਵੇਦ, ਮੈਂ ਤੈਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਇਸ ਵੇਲੇ ਇੱਕ ਪੂਰਾ ਗਾਇਕ ਹਾਂ। ਮੈਂ ਆਪਣੀ ਵਡਿਆਈ ਨਹੀਂ ਕਰ ਰਿਹਾ। ਇਹ ਗੱਲ ਸੱਚ ਹੈ ਕਿ ਪੰਜਾਬ ਦਾ ਵੱਡੇ ਤੋਂ ਵੱਡਾ ਕੋਈ ਵੀ ਰੰਗ ਪ੍ਰੋਗਰਾਮ ਮੈਥੋਂ ਬਿਨਾਂ ਅਧੂਰਾ ਸਮਝਿਆ ਜਾਂਦਾ ਹੈ। ਜਦ ਮੈਂ ਗਾਉਂਦਾ ਹਾਂ, ਲੋਕ ਕਹਿੰਦੇ ਹਨ, ਸੁਣਨ ਵਾਲੇ ਸਭ ਸੁੱਸਰੀ ਵਾਂਗ ਟਿਕ ਜਾਂਦੇ ਹਨ। ਮੇਰੀ ਅਵਾਜ਼ ਦਾ ਉਨ੍ਹਾਂ 'ਤੇ ਕੋਈ ਜਾਦੂ ਅਸਰ ਹੋ ਜਾਂਦਾ ਹੈ। ਅੰਨ੍ਹੀ ਆਮਦਨ ਹੈ ਮੈਨੂੰ। ਬਹੁਤ ਵਧੀਆ ਮਕਾਨ ਸ਼ਹਿਰ ਵਿੱਚ ਮੈਂ ਬਣਾ ਲਿਆ ਹੈ। ਵਿਆਹ ਹੋ ਗਿਆ ਸੀ। ਮੇਰੀ ਵਹੁਟੀ ਬਹੁਤ ਸੁੰਦਰ ਹੈ। ਸਿਆਣੀ ਹੈ ਤੇ ਵੱਡੀ ਗੱਲ ਸੰਗੀਤ ਦੀ ਕਦਰਦਾਨ ਹੈ। ਮਾਂ ਬਾਪ ਤੇ ਹੋਰ ਸਾਰਾ ਟੱਬਰ ਪਿੰਡ ਹੀ ਰਹਿੰਦੇ ਹਨ।

ਮੇਰੇ ਕੋਲ ਸਭ ਕੁਝ ਹੈ। ਬੱਸ ਇੱਕੋ ਤਮੰਨਾ ਹੈ ਕਿ ਕਦੇ ਤੂੰ ਮੈਨੂੰ ਦੇਖੇਂ। ਕਿੰਨਾ ਖ਼ੁਸ਼ ਹੋਵੇਂ।

ਮੈਨੂੰ ਪੂਰੀ ਆਸ ਬੱਝੀ ਰਹਿੰਦੀ ਹੈ ਕਿ ਚਾਚਾ ਜਾਵੇਦ ਕਦੇ ਜ਼ਰੂਰ ਮਿਲੇਗਾ। ਮਿਲੇਗਾ ਤਾਂ ਮੈਂ ਉਸ ਨੂੰ ਬਹੁਤ ਚੰਗਾ ਗਾ ਕੇ ਸੁਣਾਵਾਂਗਾ। ਮੇਰਾ ਗਾਣਾ ਸੁਣ ਕੇ ਉਹ ਅਸ਼ ਅਸ਼ ਕਰ ਉੱਠੇਗਾ। ਥਾਪੀ ਦੇਵੇਗਾ ਤੇ ਬਚਪਨ ਵਿੱਚ ਮੈਨੂੰ ਸਿਖਾਏ ਟੱਪਿਆਂ 'ਤੇ ਮਾਣ ਕਰੇਗਾ। ਕਿੰਨੀ ਖ਼ੁਸ਼ੀ ਹੋਵੇਗੀ ਮੈਨੂੰ।

ਮੇਰੇ ਅੰਦਾਜ਼ੇ ਦੇ ਮੁਤਾਬਕ, ਚਾਚਾ, ਹੁਣ ਤੂੰ ਸੱਠਾਂ ਦੇ ਨੇੜੇ ਪਹੁੰਚਿਆ ਹੋਇਆ ਹੋਵੇਂਗਾ। ਸੱਠ ਸਾਲ ਦੀ ਉਮਰ ਕੋਈ ਬਹੁਤੀ ਤਾਂ ਨਹੀਂ ਹੁੰਦੀ। ਰੱਬ ਨਾ ਕਰੇ ਕਿਤੇ ਤੂੰ ਅੱਲਾ ਨੂੰ ਪਿਆਰਾ ਹੀ ਨਾ ਹੋ ਗਿਆ ਹੋਵੇਂ। ਚੰਗਾ ਹੈ ਜੇ ਇਸ ਦਾ ਮੈਨੂੰ ਪਤਾ ਹੀ ਨਾ ਲੱਗੇ, ਕਿਉਂਕਿ ਮੇਰੇ ਦਿਲ ਵਿੱਚ ਤੂੰ ਸਦਾ ਜਿਉਂਦਾ ਹੈਂ। ਜਦ ਵੀ ਮੈਨੂੰ ਮਿਲੇਂ ਜਿਉਂਦਾ ਹੀ ਮਿਲੇਂ, ਇਹੀ ਮੇਰੀ ਆਰਜ਼ੂ ਹੈ।

ਏਧਰੋਂ ਓਧਰ ਤੇ ਓਧਰੋਂ ਏਧਰ ਆਉਣ ਜਾਣ ਦੀ ਖੁੱਲ੍ਹ ਜਦ ਕਦੇ ਮਿਲ ਗਈ, ਮੈਂ ਪਾਕਿਸਤਾਨ ਆਵਾਂਗਾ। ਮੇਰਾ ਖ਼ਿਆਲ ਹੈ ਤੂੰ ਲਾਹੌਰ ਵਿੱਚ ਹੀ ਹੋਵੇਂਗਾ। ਸ਼ਾਇਦ ਹੁਣ ਵੀ ਲਲਾਰੀ ਦਾ ਕੰਮ ਹੀ ਕਰਦਾ ਹੋਵੇਂ। ਲਾਹੌਰ ਵਿੱਚ ਹੀ ਜੇ ਤੂੰ ਹੋਇਆ ਤਾਂ ਮੇਰਾ ਦਿਲ ਕਹਿੰਦਾ ਹੈ–ਭਾਵੇਂ ਕਿਸੇ ਖੂੰਜੇ ਵਿੱਚ ਰਹਿੰਦਾ, ਮੈਂ ਤੈਨੂੰ ਆਪ ਹੀ ਲੱਭ ਲਵਾਂਗਾ। ਤੇਰੇ ਦੇਸ਼ ਦੇ ਲੋਕਾਂ ਨੂੰ ਗਾ ਕੇ ਸੁਣਾਵਾਂਗਾ। ਦੇਖਾਂਗਾ ਤੇਰੇ ਦੇਸ਼ ਦੇ ਲੋਕ ਮੇਰੀ ਕਿੰਨੀ ਤਾਰੀਫ਼ ਕਰਨਗੇ। ਇਹ ਤਾਰੀਫ਼ ਅਸਲ ਵਿੱਚ ਚਾਚਾ ਤੇਰੀ ਹੋਵੇਗੀ। ਤੈਨੂੰ ਮਿਲਣ ਲਈ ਮੇਰੀ ਰੂਹ ਭਟਕ ਰਹੀ ਹੈ।

ਉਡੀਕ ਰੱਖੀਂ, ਮੈਂ ਆਵਾਂਗਾ।

ਤੂੰ ਵੀ ਤਾਂ ਕਦੇ ਆਵੇਂਗਾ। ਆਵੇਂਗਾ ਨਾ? ਆਪਣੇ ਉਸ ਪਿੰਡ, ਜਿਸ ਦੀ ਹਵਾ ਵਿੱਚ ਤੇਰੇ ਸੁਰੀਲੇ ਬੋਲ ਘੁਲੇ ਹੁੰਦੇ ਹਨ, ਜਿਸ ਦੀ ਮਿੱਟੀ ਵਿਚੋਂ ਤੇਰਾ ਜਿਸਮ ਬਣਿਆ ਹੈ ਤੇ ਜਿੱਥੋਂ ਦੇ ਲੋਕਾਂ ਵਿੱਚ ਤੇਰੀ ਅਜੇ ਵੀ ਯਾਦ ਹੈ। ਜਿਸ ਪਿੰਡ ਦੇ ਇੱਕ ਮਸ਼ਹੂਰ ਗਾਇਕ ਦਾ ਤੂੰ ਬਚਪਨ ਦਾ ਉਸਤਾਦ ਹੈਂ। ♦

# ਕੀ ਪਤਾ ਸੀ?

'ਸਤੀਸ਼, ਨਿੰਬੂ ਲਿਆ ਰੱਖੀਂ, ਪੰਜ ਚਾਰ, ਬਜ਼ਾਰੋਂ।' ਉਹ ਨੇ ਵੱਡੇ ਮੁੰਡੇ ਨੂੰ ਕਿਹਾ ਤੇ ਖ਼ੁਦ ਸਿਰ ਦੀ ਹਜਾਮਤ ਕਰਵਾਉਣ ਲਈ ਨਾਈ ਦੀ ਦੁਕਾਨ ਵੱਲ ਚੱਲ ਪਿਆ।

ਉਸ ਦਿਨ ਐਤਵਾਰ ਸੀ। ਹਜਾਮਤ ਕਰਵਾ ਕੇ ਜਦ ਉਹ ਵਾਪਸ ਆਇਆ, ਉਹ ਦੀ ਵੱਡੀ ਕੁੜੀ ਪਰੌਂਠੇ ਪਕਾਉਣ ਲਈ ਉਬਲੇ ਹੋਏ ਆਲੂਆਂ ਨੂੰ ਛਿੱਲ ਰਹੀ ਸੀ। ਛੋਟੀ ਕੁੜੀ ਆਪਣੇ ਨਿੱਕੇ-ਨਿੱਕੇ ਹੱਥਾਂ ਨਾਲ ਵੱਡਾ ਸਾਰਾ ਗਠਾ ਕੱਟ ਰਹੀ ਸੀ। ਗਠਾ ਉਹ ਦੇ ਵੱਸ ਵਿੱਚ ਨਹੀਂ ਆਉਂਦਾ ਸੀ। ਵੱਡੀ ਕੁੜੀ ਉਸ ਨੂੰ ਡਾਂਟ ਰਹੀ ਸੀ-'ਕੋਈ ਕੰਮ ਤੈਥੋਂ ਹੁੰਦਾ ਵੀ ਐ?'

ਉਹ ਦਾ ਛੋਟਾ ਮੁੰਡਾ ਬਾਹਰੋਂ ਖੇਡਦਾ ਭੱਜਿਆ ਘਰ ਆਇਆ ਤੇ ਰਿਹਾੜ ਕਰਨ ਲੱਗਿਆ-'ਡੈਡੀ, ਕੁਲਫ਼ੀ।'

'ਤੜਕੇ ਈ ਕੁਲਫ਼ੀ? ਦਿਨ ਤਾਂ ਚੜ੍ਹ ਲੈਣ ਦੇ। ਇਹ ਸਾਲੇ ਕੁਲਫ਼ੀਆਂ ਵਾਲੇ ਵੀ ਠੂਹ ਆ ਟਪਕਦੇ ਨੇ।' ਉਹ ਖਿਝ ਕੇ ਬੋਲਿਆ।

'ਡੈਡੀ, ਇੱਕ ਕੁਲਫ਼ੀ। ਫੇਰ ਨ੍ਹੀ ਮੰਗਦਾ।' ਉਸ ਨੇ ਸੁੱਕਾ ਰੋਣ ਅਰੰਭ ਦਿੱਤਾ।

ਪੱਚੀ ਪੈਸੇ ਦਾ ਸਿੱਕਾ ਕਰਮ ਚੰਦ ਨੇ ਜੇਬ੍ਹ ਵਿਚੋਂ ਕੱਢਿਆ ਤੇ ਮੁੰਡੇ ਵੱਲ ਵਗਾਹ ਮਾਰਿਆ। ਉਹ ਕੜਕਿਆ-'ਆਥਣੇ ਜੇ ਫੇਰ ਮੰਗੀ ਤਾਂ ਕੰਨ ਪੱਟ ਦੂੰ ਤੇਰੇ!'

ਮੁੰਡਾ ਹੱਸਿਆ ਤੇ ਘਰੋਂ ਬਾਹਰ ਹੋ ਗਿਆ। ਦੋਵੇਂ ਕੁੜੀਆਂ ਅਜੇ ਵੀ ਨਿੱਕਾ ਨਿੱਕਾ ਲੜ ਰਹੀਆਂ ਸਨ। ਕਰਮ ਚੰਦ ਨੂੰ ਉਹ ਬੁਰੀਆਂ ਲੱਗੀਆਂ। ਉਹ ਉਨ੍ਹਾਂ ਵੱਲ ਹੋਇਆ ਤੇ ਕਹਿੰਦਾ-'ਚੁੱਪ ਕਰਕੇ ਨੀਂ ਕੰਮ ਹੁੰਦਾ, ਕੁੜੀਓ? ਸਾਰਾ ਦਿਨ ਲੜਾਈ ਕੀ ਆਖੇ।'

'ਪਾਪਾ, ਇਹ ਗੰਢਾ ਛਿਲਦੀ ਘੱਟ ਐ, ਲਬੇੜਦੀ ਬਹੁਤੈ।'

'ਉਂ, ਤੈਥੋਂ ਹੁਣ ਤਾਈਂ ਨੀ ਆਲੂ ਛਿੱਲੇ ਗਏ। ਮੈਨੂੰ ਕੀ ਆਖਣ ਨੂੰ ਮਰਦੀਐਂ ਨੀ ਤੂੰ?'

'ਬੁਲਾਵਾਂ ਬਹੁਤਾ? ਕਹਿ ਕੇ ਵੱਡੀ ਕੁੜੀ ਨੇ ਛੋਟੀ ਦੀ ਪਿੱਠ 'ਤੇ ਇੱਕ ਧੱਫ਼ਾ ਧਰ ਦਿੱਤਾ।

ਛੋਟੀ ਉਹ ਨੂੰ ਚਾਕੂ ਲੈ ਕੇ ਮਾਰਨ ਪਈ।

'ਪਾਪਾ!' ਵੱਡੀ ਚੀਕੀ।

ਕਰਮ ਚੰਦ ਚੌਂਕੇ 'ਤੇ ਚੜ੍ਹਿਆ ਤੇ ਦੋਵਾਂ ਕੁੜੀਆਂ ਦੀਆਂ ਗੁੱਤਾਂ ਪੁੱਟ ਦੱਤੀਆਂ-'ਹਟਦੀਆਂ ਤਾਂ ਨੀ ਕਹੇ ਤੋਂ।'

ਕੁੜੀਆਂ ਚੁੱਪ ਹੋ ਗਈਆਂ। ਉਹ ਬੈਠਕ ਵਿੱਚ ਗਿਆ ਤੇ ਬਿਜਲੀ ਦਾ ਪੱਖਾ ਛੱਡ ਕੇ ਪਲੰਘ 'ਤੇ ਲੇਟ ਗਿਆ।

ਸਤੀਸ਼ ਬਾਹਰੋਂ ਆਇਆ।

'ਬਰਫ਼ ਵੀ ਲੈ ਆਉਂਦਾ।' ਕਰਮ ਚੰਦ ਨੇ ਕਿਹਾ।

'ਹੁਣੇ ਬਰਫ਼ ਕੀ ਕਰਨੀ ਐ, ਪਾਪਾ? ਸ਼ਕੰਜਵੀ ਤਾਂ ਪਿਛਲੇ ਪਹਿਰ ਪੀਨੇ ਓ ਤੁਸੀਂ। ਉਦੋਂ ਲੈ ਆਊਂਗਾ।'

'ਉਏ ਨਹੀਂ। ਅੱਜ ਤਾਂ ਹੁਣੇ ਚਾਹੀਦੀ ਐ ਬਰਫ਼। ਆਉਣੈ ਕਿਸ ਨੇ।'

'ਤਾਂ ਜਦੋਂ ਕਹੋਗੇ, ਲੈ ਆਊਂਗਾ। ਚਰੰਜੀ ਦੀ ਦੁਕਾਨ 'ਤੇ ਆਈ ਪਈ ਐ।'

'ਚੰਗਾ!' ਕਹਿ ਕੇ ਕਰਮ ਚੰਦ ਨੇ ਪਲੰਘ 'ਤੇ ਪਾਸਾ ਲਿਆ ਤੇ ਕੰਧ ਵੱਲ ਮੂੰਹ ਕਰਕੇ ਅੱਖਾਂ ਮੀਚ ਲਈਆਂ। ਅੱਜ ਦਸ ਵਜੇ ਉਹ ਦੇ ਦੋਸਤ ਅੰਮ੍ਰਿਤ ਕੁਮਾਰ ਨੇ ਦੋ ਬੰਦਿਆਂ ਨੂੰ ਨਾਲ ਲੈ ਕੇ ਆਉਣਾ ਸੀ। ਗੱਲ ਤਾਂ ਪਹਿਲਾਂ ਚੱਲ ਰਹੀ ਸੀ। ਬੰਦਿਆਂ ਨੇ ਉਹ ਨੂੰ ਤੇ ਉਹ ਦੇ ਘਰ ਬਾਹਰ ਨੂੰ ਦੇਖਣਾ ਸੀ, ਬੱਸ ਉਨ੍ਹਾਂ ਦੀ ਵਿਧਵਾ ਧੀ ਕੋਲ ਇੱਕ ਕੁੜੀ ਸੀ। ਕਰਮ ਚੰਦ ਕਲਰਕ ਸੀ। ਉਹ ਨੇ ਵਧੀਆ ਪੱਕਾ ਮਕਾਨ ਬਣਾਇਆ ਹੋਇਆ ਸੀ। ਉਹ ਦੀ ਉਮਰ ਚਾਲ੍ਹੀ ਸਾਲ ਸੀ। ਸਿਹਤ ਚੰਗੀ ਸੀ। ਪਰ ਉਹ ਪਿਛਲੇ ਛੇ ਮਹੀਨਿਆਂ ਤੋਂ ਉਦਾਸ ਰਹਿੰਦਾ ਸੀ। ਉਹ ਦੀ ਪਤਨੀ ਪਿੱਛੇ ਚਾਰ ਬੱਚੇ ਛੱਡ ਕੇ ਕਿਸੇ ਲਾਇਲਾਜ ਬਿਮਾਰੀ ਨਾਲ ਮਰ ਗਈ ਸੀ। ਉਹ ਦਾ ਸੰਸਾਰ ਉੱਜੜ ਗਿਆ। ਉਹ ਨੂੰ ਲਗਦਾ, ਦੁਨੀਆ ਵਿੱਚ ਉਹ ਦਾ ਕੋਈ ਨਹੀਂ ਰਹਿ ਗਿਆ। ਘਰ ਦੀਆਂ ਕੰਧਾਂ ਉਹ ਨੂੰ ਖਾਣ ਨੂੰ ਆਉਂਦੀਆਂ। ਰੋਟੀ ਟੁੱਕ ਤਾਂ ਪੱਕ ਜਾਂਦਾ ਸੀ, ਪਰ ਉਹ ਸੋਚਦਾ-ਕਿਸੇ ਦਿਨ ਕੁੜੀਆਂ ਤਾਂ ਵਿਆਹੀਆਂ ਜਾਣਗੀਆਂ। ਮੁੰਡੇ ਵਿਆਹ ਕਰਵਾ ਕੇ ਬਹੂਆਂ ਦੇ ਬਣ ਬੈਠਣਗੇ। ਉਹ ਦਾ ਸਹਾਰਾ ਕੌਣ ਰਹਿ ਜਾਵੇਗਾ? ਉਹ ਨੇ ਦੂਜਾ ਵਿਆਹ ਕਰਵਾਉਣ ਦਾ ਫ਼ੈਸਲਾ ਕੀਤਾ ਸੀ। ਅਖ਼ਬਾਰਾਂ-ਰਸਾਲਿਆਂ ਵਿੱਚ ਸ਼ਾਦੀ ਦੇ ਇਸ਼ਤਿਹਾਰ ਛਪਵਾਏ ਸਨ। ਕਿਤੋਂ ਵੀ ਕੋਈ ਹੁੰਗਾਰਾ ਨਹੀਂ ਮਿਲਿਆ ਸੀ। ਉਹ ਦੇ ਰਿਸ਼ਤੇਦਾਰ ਵਾਹ ਤਾਹ ਲਾ ਰਹੇ ਸਨ। ਉਹ ਦੇ ਦੋਸਤ ਪੁੱਛ ਗਿੱਛ ਕਰ ਰਹੇ ਸਨ। ਪਰ ਅਜੇ ਤੱਕ ਕਿਧਰੇ ਕੁਝ ਵੀ ਨਹੀਂ ਹੋਇਆ ਸੀ ਤੇ ਅੱਜ ਉਹ ਦੇ ਦੋਸਤ ਅੰਮ੍ਰਿਤ ਕੁਮਾਰ ਨੇ ਦੋ ਬੰਦਿਆਂ ਨੂੰ ਨਾਲ ਲੈ ਕੇ ਆਉਣਾ ਸੀ।

ਅੱਠ ਵੱਜੇ ਤਾਂ ਸਾਰੇ ਟੱਬਰ ਨੇ ਦਹੀਂ ਨਾਲ ਪਰਾਠਿਆਂ ਦਾ ਨਾਸ਼ਤਾ ਕਰ ਲਿਆ। ਅੱਧਾ ਅੱਧਾ ਗਿਲਾਸ ਚਾਹ ਦਾ।

ਦਸ ਵੱਜੇ ਤਾਂ ਕਰਮ ਚੰਦ ਮਹਿਮਾਨਾਂ ਦੀ ਉਡੀਕ ਕਰਨ ਲੱਗਿਆ। ਕੁੜੀਆਂ ਦੁਪਹਿਰ ਦੀ ਰੋਟੀ ਦਾ ਆਹਰ ਕਰ ਰਹੀਆਂ ਸਨ। ਵੱਡਾ ਮੁੰਡਾ ਰੇਡੀਓ ਸੁਣ ਰਿਹਾ ਸੀ। ਛੋਟਾ ਬਾਹਰ ਹਾਣੀ ਮੁੰਡਿਆਂ ਨਾਲ ਖੇਡਣ ਲਈ ਦੌੜ ਗਿਆ ਸੀ।

ਬਾਰਾਂ ਵੱਜੇ ਤਾਂ ਕਰਮ ਚੰਦ ਨੂੰ ਬੇਸਬਰੀ ਹੋਣ ਲੱਗੀ। ਉਹ ਸੋਚਣ ਲੱਗਿਆ, ਤੁਰਦਿਆਂ ਕਰਦਿਆਂ ਨੂੰ ਦੇਰ ਲੱਗ ਗਈ ਹੋਵੇਗੀ। ਆਉਣਾ ਵੀ ਤਾਂ ਤੀਹ ਪੈਂਤੀ ਮੀਲ ਤੋਂ ਹੈ ਉੱਧਰੋਂ ਬੱਸਾਂ ਕਿਹੜਾ ਛੇਤੀ ਮਿਲ ਜਾਂਦੀਆ ਨੇ। ਇੱਕ ਬੱਸ ਲੰਘ ਜਾਵੇ ਤਾਂ ਅਗਲੀ ਅੱਧੇ ਪੌਣੇ ਘੰਟੇ ਬਾਅਦ ਚੱਲਦੀ ਹੈ। ਅੰਮ੍ਰਿਤ ਕੁਮਾਰ ਹੈ ਵੀ ਤਾਂ ਸੁਸਤ ਜਿਹਾ। ਚਾਹ ਦੀ ਪਿਆਲੀ ਦੇਖ ਕੇ ਬੈਠ ਜਾਂਦਾ ਤੇ ਜਾਂ ਸਿਗਰਟਾਂ ਹੀ ਫੂਕਦਾ ਰਹੇਗਾ।

ਸਾਢੇ ਬਾਰਾਂ ਵਜੇ ਡਾਕ ਆਈ। ਦੋ ਚਿੱਠੀਆਂ ਸਨ। ਕਚਮ ਚੰਦ ਨੇ ਅੰਦਾਜ਼ਾ ਲਾਇਆ, ਸ਼ਾਇਦ ਅੰਮ੍ਰਿਤ ਕੁਮਾਰ ਦੀ ਚਿੱਠੀ ਹੋਵੇ। ਪ੍ਰੋਗਰਾਮ ਮੁਲਤਵੀ ਹੀ ਨਾ ਕਿਤੇ ਹੋ ਗਿਆ ਹੋਵੇ। ਪਰ ਨਹੀਂ ਇੱਕ ਚਿੱਠੀ ਉਹ ਦੇ ਸਹੁਰਿਆਂ ਵੱਲੋਂ ਸੀ। ਲਿਖਿਆ ਸੀ, ਵੱਡੀ ਕੁੜੀ ਨੂੰ ਉਹ ਉਨ੍ਹਾਂ ਕੋਲ ਛੱਡ ਜਾਵੇ। ਉਹ ਉਹ ਨੂੰ ਪੜ੍ਹਾਉਣਗੇ ਤੇ ਉਹ ਦਾ ਵਿਆਹ ਵੀ ਉਹੀ ਕਰ ਦੇਣਗੇ। ਦੂਜੀ ਚਿੱਠੀ ਉਹ ਦੇ ਇੱਕ ਪਿਆਰੇ ਦੋਸਤ ਕੈਲਾਸ਼ ਦੀ ਸੀ।

ਕੈਲਾਸ਼ ਦੀ ਪਤਨੀ ਦੋ ਮਹੀਨੇ ਪਹਿਲਾਂ ਤਪਦਿਕ ਦੀ ਬਿਮਾਰੀ ਨਾਲ ਮਰ ਗਈ ਸੀ। ਇੱਕ ਮੁੰਡਾ ਤੇ ਇੱਕ ਕੁੜੀ ਛੱਡ ਕੇ। ਕੁੜੀ ਦਸਵੀਂ ਜਮਾਤ ਵਿੱਚ ਪੜ੍ਹਦੀ ਸੀ ਤੇ ਮੁੰਡਾ ਕਾਲਜ ਵਿੱਚ। ਦਸਵੀਂ ਪਾਸ ਕਰਵਾ ਕੇ ਕੁੜੀ ਦਾ ਉਹ ਨੇ ਵਿਆਹ ਕਰ ਦੇਣਾ ਸੀ। ਕੈਲਾਸ਼ ਉਹ ਦੇ ਹਾਣ ਦਾ ਹੀ ਸੀ। ਉਸ ਸਕੂਲ ਵਿੱਚ ਜਮਾਤੀ ਰਹੇ ਸਨ। ਕੈਲਾਸ਼ ਦਾ ਸਰੀਰ ਕਮਜ਼ੋਰ ਸੀ। ਮਹੀਨਾ ਕੁ ਹੋਇਆ, ਉਹ ਮਿਲੇ ਸਨ। ਦੋਵਾਂ ਦੀਆਂ ਪਤਨੀਆਂ ਨਹੀਂ ਰਹੀਆਂ ਸਨ ਦੋਵਾਂ ਦਾ ਦੁੱਖ ਇੱਕ ਸੀ। ਇੱਕ ਦੂਜੇ ਨਾਲ ਗੱਲਾਂ ਕਰਕੇ ਉਨ੍ਹਾਂ ਨੇ ਮਨ ਹੌਲੇ ਕੀਤੇ ਸਨ। ਦੋਵਾਂ ਨੇ ਫ਼ੈਸਲਾ ਕੀਤਾ ਸੀ ਕਿ ਭਾਵੇਂ ਕੁਝ ਵੀ ਕਰਨਾ ਪਵੇ, ਉਹ ਦੂਜਾ ਵਿਆਹ ਜ਼ਰੂਰ ਕਰਵਾਉਗੇ। ਔਰਤ ਬਗ਼ੈਰ ਜ਼ਿੰਦਗੀ ਨਹੀ। ਔਰਤ ਤਾਂ ਘਰ ਦਾ ਬੰਨ੍ਹ ਹੁੰਦੀ ਹੈ। ਘਰ ਤਾਂ ਹੁੰਦਾ ਹੀ ਹੈ ਔਰਤ ਨਾਲ ਤੇ ਅੱਜ ਕੈਲਾਸ਼ ਦੀ ਚਿੱਠੀ ਆਈ ਸੀ ਕਿ ਉਹ ਦੀ ਸ਼ਾਦੀ ਛੱਬੀ ਸਤਾਈ ਸਾਲ ਦੀ ਇੱਕ ਕੰਵਾਰੀ ਲੜਕੀ ਨਾਲ ਹੋਣੀ ਤਹਿ ਹੋਈ ਹੈ। ਅਗਲੇ ਮਹੀਨੇ ਦੀ ਵੀਹ ਤਰੀਕ ਨੂੰ। ਉਹ ਨੇ ਲਿਖਿਆ ਸੀ ਕਿ ਬਰਾਤ ਵਿੱਚ ਭਾਵੇਂ ਚਾਰ ਪੰਜ ਬੰਦੇ ਹੀ ਜਾਣਗੇ, ਪਰ ਕਰਮ ਚੰਦ ਜ਼ਰੂਰ ਚੱਲੇ।

ਚਿੱਠੀਆਂ ਪੜ੍ਹ ਕੇ ਉਹ ਨੇ ਸਿਰਹਾਣੇ ਥੱਲੇ ਰੱਖ ਲਈਆਂ ਤੇ ਕੈਲਾਸ਼ ਬਾਰੇ ਸੋਚਣ ਲੱਗਿਆ–ਕਿੰਨਾ ਖੁਸ਼ਨਸੀਬ ਐ ਕੰਬਖ਼ਤ। ਦੋ ਮਹੀਨੇ ਵੀ ਨਹੀਂ ਪੈਣ ਦਿੱਤੇ। ਏਧਰ ਇੱਕ ਮੈਂ ਹਾਂ ਕਿ ...

ਰੋਟੀ ਬਣਨ ਤੱਕ ਉਹ ਸੌਣ ਦੀ ਕੋਸ਼ਿਸ਼ ਕਰਨ ਲੱਗਿਆ। ਉਹ ਦੀ ਅੱਖ ਲੱਗਦੀ, ਪਰ ਭੜੱਕ ਕੇ ਖੁੱਲ੍ਹ ਜਾਂਦੀ। ਉਹ ਨੂੰ ਅੰਮ੍ਰਿਤ ਕੁਮਾਰ ਦੇ ਆਉਣ ਦਾ ਭੁਝੱਕਾ ਪੈਂਦਾ। ਹਵਾ ਨਾਲ ਤਖ਼ਤੇ ਖੜਕਦੇ ਤਾਂ ਉਹ ਨੂੰ ਲੱਗਦਾ, ਕੋਈ ਆ ਗਿਆ ਹੈ। ਫਿਰ ਉਸ ਨੂੰ ਯਾਦ ਆਇਆ ਕਿ ਉਹ ਤਾਂ ਅੱਜ ਨਹਾਤਾ ਹੀ ਨਹੀਂ। ਸਿਰ ਦੀ ਹਜਾਮਤ ਬਾਅਦ ਵੀ ਉਹ ਨੂੰ ਨਹਾਉਣਾ ਯਾਦ ਨਹੀਂ ਸੀ। ਉਹ ਉੱਠਿਆ ਤੇ ਤੌਲੀਆ ਲੈ ਕੇ ਗੁਸਲਖ਼ਾਨੇ ਵਿੱਚ ਗਿਆ। ਟੂਟੀ ਦਾ ਪਾਣੀ ਹੈ ਨਹੀਂ ਸੀ। ਟੱਬ ਵਿੱਚ ਪਏ ਪਾਣੀ ਨਾਲ ਉਹ ਨੇ ਇਕੱਲਾ ਸਿਰ ਹੀ ਧੋ ਲਿਆ। ਮੂੰਹ 'ਤੇ ਪਾਣੀ ਦੇ ਛਿੱਟੇ ਮਾਰ ਕੇ ਤੋਲੀਏ ਨਾਲ ਮੂੰਹ ਸਿਰ ਰਗੜ ਲਿਆ।

ਰੋਟੀ ਉਹ ਨੂੰ ਸੁਆਦ ਨਾ ਲੱਗੀ। ਦੋ ਫੁਲਕੇ ਖਾ ਕੇ ਹੀ ਉਸ ਬੱਸ ਕਰ ਗਿਆ। ਰੋਟੀ ਖਾਣ ਵੇਲੇ ਛੋਟੀ ਕੁੜੀ ਤੇ ਛੋਟਾ ਮੁੰਡਾ ਨਿੱਕਾ ਨਿੱਕਾ ਲੜਦੇ ਰਹੇ ਸਨ, ਪਰ ਕਰਮ ਚੰਦ ਨੇ ਉਨ੍ਹਾਂ ਨੂੰ ਟੋਕਿਆ ਨਹੀਂ। ਉਹ ਤਾਂ ਜਿਵੇਂ ਘਰ ਵਿੱਚ ਹੋਵੇ ਹੀ ਨਾ। ਬੇਧਿਆਨੇ ਹੀ ਉਹ ਬੱਚਿਆਂ ਦੀ ਕਿਸੇ ਗੱਲ ਨੂੰ ਸੁਣਦਾ ਤੇ ਬੇ ਸਿਰ ਪੈਰ ਜਿਹੇ ਜਵਾਬ ਦਿੰਦਾ। ਬੱਚੇ ਹੱਸਣ ਲੱਗਦੇ। ਉਨ੍ਹਾਂ ਦੀ ਹਾਸੀ ਵੱਲੋਂ ਵੀ ਉਹ ਬੇਧਿਆਨ ਰਹਿੰਦਾ।

'ਸਤੀਸ਼, ਰੇਡੀਓ ਬੰਦ ਕਰ ਓਏ। ਕਿੱਥੇ ਟਰੈਂ ਟਰੈਂ ਲਾਈ ਐ ਸਾਰੇ ਦਿਨ ਦੀ। ਉਹ ਨੇ ਗੁੱਸੇ ਵਿੱਚ ਆਖਿਆ। ਅੱਜ ਉਹ ਨੂੰ ਬਿਜਲੀ 'ਤੇ ਵੀ ਗੁੱਸਾ ਆ ਰਿਹਾ ਸੀ। ਪੱਖਾ ਪੰਦਰਾਂ ਵੀਹ ਮਿੰਟ ਚੱਲਦਾ ਸੀ ਤੇ ਅੱਧਾ ਘੰਟਾ ਬੰਦ ਰਹਿੰਦਾ ਸੀ। ਮੇਜ਼ 'ਤੇ ਚਾਰ ਨਿੰਬੂ ਉਵੇਂ ਦੇ ਉਵੇਂ ਪਏ ਸਨ। ਉਹ ਦਾ ਜੀਅ ਕੀਤਾ ਉਹ ਚਾਰੇ ਨਿੰਬੂ ਨਚੋੜ ਕੇ ਪੀ ਜਾਵੇ। ਪਾਣੀ ਤੇ ਖੰਡ ਨਾ ਪਾਵੇ। ਨਿੰਬੂ ਦੇ ਰਸ ਵਿੱਚ ਕੇਵਲ ਕਾਲੀ ਮਿਰਚ ਵਾਲਾ ਲੂਣ ਹੀ ਪਾਵੇ। ਪਾਣੀ ਤੇ ਖੰਡ ਅਜਿਹਾ ਕਰ ਨਾ ਸਕਿਆ। ਅੰਮ੍ਰਿਤ ਕੁਮਾਰ ਦੀ ਉਹ ਨੂੰ ਅਜੇ ਵੀ ਉਡੀਕ ਸੀ।

ਤਿੰਨ ਸਾਢੇ ਤਿੰਨ ਵਜੇ ਅੰਮ੍ਰਿਤ ਕੁਮਾਰ ਆ ਗਿਆ। ਉਹ ਇਕੱਲਾ ਸੀ। ਉਹ ਦੇ ਨਾਲ ਹੋਰ ਕੋਈ ਨਾ ਆਇਆ। ਉਹ ਦੇਖ ਕੇ ਨਿਰਾਸ਼ ਹੋ ਗਿਆ। ਉਹ ਨੇ ਪੁੱਛਿਆ– 'ਕੱਲਾ ਈ ਆਇਐਂ?

'ਹਾਂ।'

'ਉਹ ਨ੍ਹੀਂ ਆਏ?'

'ਉਹ ਤਾਂ ਆਏ ਨ੍ਹੀ।'

'ਕਿਉਂ?'

'ਉਹ... ਗੱਲ ਇਹ ਹੋਈ..'

ਅੰਮ੍ਰਿਤ ਕੁਮਾਰ ਦੱਸਦਾ ਦੱਸਦਾ ਰੁਕ ਗਿਆ। ਕਰਮ ਚੰਦ ਦਾ ਚਿਹਰਾ ਲਟਕ ਗਿਆ। ਪਰ ਉਹ ਦੀਆਂ ਅੱਖਾਂ ਮਘ ਰਹੀਆਂ ਸਨ। ਉਹ ਚਾਹੁੰਦਾ ਸੀ ਕਿ ਅੰਮ੍ਰਿਤ ਕੁਮਾਰ ਛੇਤੀ ਕੁਝ ਦੱਸੇ।

ਅੰਮ੍ਰਿਤ ਕੁਮਾਰ ਨੇ ਕੁਝ ਦੱਸਣ ਤੋਂ ਪਹਿਲਾਂ ਪਾਣੀ ਮੰਗਿਆ। ਕਰਮ ਚੰਦ ਆਪ ਪਲੰਘ ਤੋਂ ਉੱਠਿਆ ਤੇ ਘੜੇ ਵਿਚੋਂ ਫੋਕੇ ਪਾਣੀ ਦਾ ਗਲਾਸ ਭਰ ਕੇ ਉਹ ਨੂੰ ਲਿਆ ਫੜਾਇਆ। ਸ਼ਕੰਜਵੀ ਬਣਾਉਣੀ ਤਾਂ ਉਹ ਦੇ ਚਿੱਤ ਚੇਤੇ ਵੀ ਨਹੀਂ ਸੀ। ਪਾਣੀ ਪੀ ਕੇ ਅੰਮ੍ਰਿਤ ਕੁਮਾਰ ਬੈਠਕ ਵਿੱਚ ਏਧਰ ਓਧਰ ਝਾਕਿਆ। ਬੈਠਕ ਵਿੱਚ ਕੋਈ ਜਵਾਕ ਨਹੀਂ ਸੀ। ਦੋਵੇਂ ਕੁੜੀਆਂ ਦੂਜੇ ਕਮਰੇ ਵਿੱਚ ਸੁੱਤੀਆਂ ਪਈਆਂ ਸਨ। ਦੋਵੇਂ ਮੁੰਡੇ ਸਕੂਲ ਵੱਲੋਂ ਰਿਆਇਤੀ ਟਿਕਟ 'ਤੇ ਦਿਖਾਈ ਜਾ ਰਹੀ ਫ਼ਿਲਮ ਦੇਖਣ ਗਏ ਹੋਏ ਸਨ।

'ਗੱਲ ਤਾਂ, ਯਾਰ ਸਾਰੀ ਬਣੀ ਪਈ ਸੀ, ਪਰ ਉਹ ਦੀ ਮਾਂ ਅੜ ਬੈਠੀ।'

'ਕੀ ਅੜ ਬੈਠੀ?'

'ਅਖੇ, ਚਾਰ ਜਵਾਕ ਨੇ। ਇੱਕ ਦੋ ਹੁੰਦੇ, ਫਿਰ ਤਾਂ ਕੋਈ ਡਰ ਨ੍ਹੀਂ ਸੀ। ਚਾਰ ਜਵਾਕਾਂ ਦੇ ਬਾਪ....।'

ਅਗਾਂਹ ਜਿਵੇਂ ਕਰਮ ਚੰਦ ਨੇ ਕੰਨ ਬੋਲੇ ਹੋ ਗਏ ਹੋਣ।

ਉਹ ਕਾਫ਼ੀ ਦੇਰ ਚੁੱਪ ਬੈਠੇ ਰਹੇ। ਵੱਡੀ ਕੁੜੀ ਉੱਠੀ। ਨਮਸਤੇ ਕਹਿ ਕੇ ਚਾਹ ਬਣਾਉਣ ਲੱਗੀ।

ਅੰਮ੍ਰਿਤ ਕੁਮਾਰ ਆਖ਼ਰੀ ਬੱਸ ਚਲਿਆ ਗਿਆ। ਕਰਮ ਚੰਦ ਨੇ ਉਹ ਨੂੰ ਰਾਤ ਰਹਿਣ ਲਈ ਨਹੀਂ ਆਖਿਆ ਸੀ। ♦

# ਅਫ਼ਸੋਸ

ਦੇਸ਼ਬੰਧੂ ਦੀ ਪਤਨੀ ਚੌਥਾ ਬੱਚਾ ਜੰਮਣ ਵੇਲੇ ਹਸਪਤਾਲ ਵਿੱਚ ਹੀ ਮਰ ਗਈ ਸੀ। ਬੱਚਾ ਤਾਂ ਪੈਦਾ ਵੀ ਨਹੀਂ ਸੀ ਹੋਇਆ। ਇਸੇ ਕਰਕੇ ਤਾਂ ਉਹ ਮਰ ਗਈ ਸੀ। ਤਿੰਨ ਛੋਟੇ ਛੋਟੇ ਬੱਚੇ ਤੇ ਇਕੱਲਾ ਦੇਸ਼ਬੰਧੂ। ਉਸ ਦਾ ਰੋਣ ਨਹੀਂ ਸੀ ਥਮਦਾ। ਗਵਾਂਢੀ, ਰਿਸ਼ਤੇਦਾਰ ਤੇ ਹੋਰ ਉਸ ਦਾ ਦਿਲ ਧਰਾਉਂਦੇ ਸਨ। ਉਸ ਨੂੰ ਦਿਲਾਸਾ ਦਿੰਦੇ ਸਨ, ਪਰ ਉਸ ਨੂੰ ਲੱਗਦਾ ਸੀ ਜਿਵੇਂ ਉਨ੍ਹਾਂ ਵਿਚੋਂ ਕੋਈ ਵੀ ਉਸ ਦਾ ਸੱਚਾ ਹਮਦਰਦੀ ਨਾ ਹੋਵੇ। ਸਭ ਦੀਆਂ ਰਸਮੀ ਗੱਲਾਂ ਸਨ। ਸਭ ਦੇ ਫ਼ੋਕੇ ਸਹਾਰੇ ਸਨ। ਤਿੰਨੇ ਬੱਚੇ ਉਸ ਦੇ ਗਲ ਨਾਲ ਚਿੰਬੜਦੇ ਤੇ ਧਾਹੀਂ ਰੋਂਦੇ। ਦੇਸ਼ਬੰਧੂ ਪੁੱਜ ਕੇ ਦੁਖੀ ਹੋ ਗਿਆ ਸੀ।

ਸ਼ਹਿਰ ਵਿਚੋਂ ਲੋਕ ਅਫ਼ਸੋਸ ਕਰਨ ਆਉਂਦੇ ਸਨ। ਆਉਂਦੇ ਸਨ, ਵੀਹ ਮਿੰਟ ਬੈਠਦੇ ਸਨ, ਅੱਧਾ ਘੰਟਾ ਬੈਠਦੇ ਸਨ, ਆਮ ਜਿਹੀਆਂ ਗੱਲਾਂ ਕਰਦੇ ਸਨ– ਜਿਸ ਤਰ੍ਹਾਂ ਦੀਆਂ ਗੱਲਾਂ ਕਿਸੇ ਦੇ ਮਰੇ ਤੋਂ ਕੀਤੀਆਂ ਜਾਂਦੀਆਂ ਹਨ। ਅਫ਼ਸੋਸ ਦੀਆਂ ਗੱਲਾਂ ਤੋਂ ਗੱਲ ਤੁਰਦੀ ਕਿਤੇ ਦੀ ਕਿਤੇ ਜਾ ਰਹਿੰਦੀ ਸੀ। 'ਚੰਗਾ ਭਾਈ ਹੁਣ ਤਾਂ ਮਨ ਨੂੰ ਸਮਝਾਉਣਾ ਹੀ ਪਵੇਗਾ। ਪ੍ਰਮਾਤਮਾ ਅੱਗੇ ਕਿਸੇ ਦਾ ਜ਼ੋਰ ਨਹੀਂ। ਉਸ ਦੀ ਲੀਲ੍ਹਾ ਨਿਆਰੀ ਹੈ।'

ਉਸ ਦਿਨ ਸੱਥਰ 'ਤੇ ਬੈਠੀਆਂ ਬੁੜ੍ਹੀਆਂ ਵਿੱਚ ਮਿਸਜ਼ ਗਰੇਵਾਲ ਵੀ ਬੈਠੀ ਸੀ। ਐਡਵੋਕੇਟ ਗਰੇਵਾਲ ਦੀ ਘਰਵਾਲੀ। ਦੇਸ਼ਬੰਧੂ ਨੇ ਉਸ ਨੂੰ ਦੇਖਿਆ ਤਾਂ ਉਸ ਦੇ ਮਨ ਨੂੰ ਜਿਵੇਂ ਕੋਈ ਟਿਕਾਓ ਜਿਹਾ ਆ ਗਿਆ ਹੋਵੇ। ਕੋਈ ਜਿਵੇਂ ਉਸ ਦੀ ਜ਼ਨਾਨੀ ਦਾ ਸੱਚੇ ਦਿਲੋਂ ਅਫ਼ਸੋਸ ਕਰਨ ਆਇਆ ਹੋਵੇ। ਕੋਈ ਜਿਵੇਂ ਉਸ ਨੂੰ ਸਹੀ ਸਹਾਰਾ ਦੇਣ ਆਇਆ ਹੋਵੇ। ਬੰਦਿਆਂ ਵਿੱਚ ਬੈਠਾ ਦੇਸ਼ਬੰਧੂ ਮਿਸਜ਼ ਗਰੇਵਾਲ ਵੱਲ ਹੀ ਤੱਕੀ ਜਾ ਰਿਹਾ ਸੀ। ਬੰਦਿਆਂ ਦੀਆਂ ਗੱਲਾਂ ਵੱਲੋਂ ਉਹ ਬੇਧਿਆਨਾ ਸੀ। ਕੋਈ ਬੰਦਾ ਉਸ ਨੂੰ ਕੋਈ ਗੱਲ ਪੁੱਛਦਾ ਤਾਂ ਉਹ ਉਖੜਿਆਂ ਜਿਹਾ ਜਵਾਬ ਦੇ ਕੇ ਮਿਸਜ਼ ਗਰੇਵਾਲ ਵੱਲ ਟਿਕ ਟਿਕੀ ਲਾ ਲੈਂਦਾ। ਮਿਸਜ਼ ਗਰੇਵਾਲ ਬੁੜ੍ਹੀਆਂ ਵਿੱਚ ਬੈਠੀ ਲਗਾਤਾਰ ਦੇਸ਼ਬੰਧੂ ਵੱਲ ਤੱਕੀ ਜਾ ਰਹੀ ਸੀ। ਖ਼ਾਲੀ ਖ਼ਾਲੀ ਅੱਖਾਂ ਨਾਲ ਬੁੜ੍ਹੀਆਂ ਵਾਲੇ ਸੱਥਰ 'ਤੇ ਦੇਸ਼ਬੰਧੂ ਦੀ ਭੈਣ ਦੇਸ਼ਬੰਧੂ ਦੀ ਮਰ ਚੁੱਕੀ ਪਤਨੀ ਦੀਆਂ ਗੱਲਾਂ ਸੁਣਾ ਰਹੀ ਸੀ, ਕਿਵੇਂ ਹਸਪਤਾਲ ਵਿੱਚ ਉਸ ਦੇ ਪੇਡੂ ਵਿੱਚ ਸਖ਼ਤ ਦਰਦ ਉੱਠਿਆ ਸੀ। ਐਸਾ ਦਰਦ ਕਿ ਉਹ ਕੰਧਾਂ ਨਾਲ ਟੱਕਰਾਂ ਮਾਰਨਾ ਚਾਹੁੰਦੀ ਸੀ। ਨਰਸਾਂ ਵਾਹ ਲਾ ਥੱਕੀਆਂ ਸਨ, ਪਰ ਦਰਦ ਨਹੀਂ ਸੀ ਘਟਿਆ। ਫਿਰ ਦਰਦ ਉੱਠਦੇ ਰਹੇ ਸਨ, ਸਾਰੀ ਰਾਤ ਦਾਈਆਂ ਹਫ਼ਦੀਆਂ ਰਹੀਆਂ ਸਨ। ਤੜਕੇ ਨੂੰ ਢਿੱਡ ਫੁੱਲ ਡੇਢਾ ਹੋ ਗਿਆ ਸੀ। ਬੱਚਾ ਪੈਦਾ ਹੀ ਨਾ ਹੋਇਆ। ਦਸ

ਬਾਰਾਂ ਦਫ਼ਾ ਦੰਦਲਾਂ ਪਈਆਂ ਤੇ ਫਿਰ ਅਜਿਹੀ ਦੰਦਲ ਪਈ ਕਿ ਉਸ ਨੇ ਮੁੜ ਕੇ ਅੱਖ ਪੁੱਟੀ ਹੀ ਨਹੀਂ। ਸੁਣਨ ਵਾਲੀਆਂ ਹੁੰਗਾਰਾ ਭਰਦੀਆਂ ਸਨ, ਹਉਂਕੇ ਲੈਂਦੀਆਂ ਸਨ ਤੇ ਫਿਰ 'ਹੂੰ' ਕਹਿ ਕੇ ਅਗਾਂਹ ਗੱਲ ਤੋਰਨ ਲਈ ਕਹਿੰਦੀਆਂ ਸਨ। ਮਿਸਜ਼ ਗਰੇਵਾਲ ਦਾ ਉਸ ਦੀਆਂ ਗੱਲਾਂ ਵੱਲ ਕੋਈ ਧਿਆਨ ਨਹੀਂ ਸੀ। ਦੇਸ਼ਬੰਧੂ ਦੀ ਘਰ ਵਾਲੀ ਮਰ ਗਈ ਸੀ, ਇਸ ਤੋਂ ਵੱਧ ਜਾਣਨਾ ਹੋਰ ਕੀ ਜ਼ਰੂਰੀ ਸੀ?

ਮਿਸਜ਼ ਗਰੇਵਾਲ ਐਡਵੋਕੇਟ ਗਰੇਵਾਲ ਦੀ ਵੱਡੀ ਸਰਦਾਰਨੀ ਸੀ। ਉਸ ਦੇ ਬੱਚਾ ਕੋਈ ਨਹੀਂ ਸੀ ਹੋਇਆ। ਸੋ, ਐਡਵੋਕੇਟ ਨੇ ਉਸ ਦੇ ਵਿਆਹ ਤੋਂ ਸੱਤ ਸਾਲ ਬਾਅਦ ਹੋਰ ਵਿਆਹ ਕਰਵਾ ਲਿਆ ਸੀ। ਹੁਣ ਛੋਟੀ ਸਰਦਾਰਨੀ ਦੇ ਦੋ ਮੁੰਡੇ ਸਨ, ਦੋ ਕੁੜੀਆਂ ਸਨ। ਐਡਵੋਕੇਟ ਦੇ ਘਰ ਦੀ ਸਾਰੀ ਕਬੀਲਦਾਰੀ ਵੱਡੀ ਸਰਦਾਰਨੀ ਦੇ ਹੱਥ ਵਿੱਚ ਸੀ। ਛੋਟੀ ਸਰਦਾਰਨੀ ਤਾਂ ਜਿਵੇਂ ਬੱਚੇ ਜੰਮਣ ਵਾਸਤੇ ਹੀ ਆਈ ਹੋਵੇ।

ਐਡਵੋਕੇਟ ਗਰੇਵਾਲ ਇਲਾਕੇ ਦਾ ਮੰਨਿਆ ਹੋਇਆ ਵਕੀਲ ਸੀ। ਕਤਲਾਂ ਦੇ ਵੱਡੇ ਵੱਡੇ ਕੇਸ ਉਸ ਨੇ ਜਿੱਤੇ ਸਨ। ਬੇਥਾਹ ਪੈਸਾ ਕਮਾਇਆ ਸੀ। ਬਹੁਤ ਵੱਡੀ ਕੋਠੀ ਪਾ ਲਈ ਸੀ। ਸ਼ਾਨਦਾਰ ਕੋਠੀ। ਸ਼ਹਿਰ ਤੋਂ ਬਾਹਰ ਬਾਹਰ ਦਸ ਕਿੱਲੇ ਜ਼ਮੀਨ ਵੀ ਉਸ ਨੇ ਖਰੀਦ ਲਈ ਸੀ। ਬੁੱਢਾ ਹੋ ਗਿਆ ਸੀ, ਪਰ ਦਾੜ੍ਹੀ ਮੁੱਛਾਂ ਨੂੰ ਕਲਫ਼ ਲਾ ਕੇ ਜੁਆਨ ਦਿੱਸਣ ਦੀ ਕੋਸ਼ਿਸ਼ ਵਿੱਚ ਰਹਿੰਦਾ। ਵਕਾਲਤ ਦੀਆਂ ਕਿਤਾਬਾਂ ਵਿੱਚ ਖੁਭਿਆ ਰਹਿੰਦਾ। ਅੱਧੀ ਰਾਤ ਤੀਕ ਕੇਸਾਂ ਨੂੰ ਤਿਆਰ ਕਰਦਾ। ਸਵੇਰੇ ਸਦੇਹਾਂ ਉੱਠ ਕੇ ਕਿਤਾਬਾਂ ਕਨਸਲਟ ਕਰਦਾ। ਦਿਨ ਵੇਲੇ ਸਾਰਾ ਦਿਨ ਕਚਹਿਰੀ ਵਿੱਚ ਕਲਾਇੰਟਸ ਨੂੰ ਉਡੀਕਦਾ। ਕਲਾਇੰਟਸ ਨਾਲ ਨਿੱਬੜਦਾ। ਵੱਡੀ ਸਰਦਾਰਨੀ ਦਾ ਭਤੀਜਾ ਰਾਮ ਨਰਾਇਣ ਸਿੰਘ ਉਨ੍ਹਾਂ ਕੋਲ ਹੀ ਰਹਿੰਦਾ। ਦਸਵੀਂ ਪਾਸ ਕਰਕੇ ਇੱਕ ਵਰਕਸ਼ਾਪ ਵਿੱਚ ਟਰੈਕਟਰ ਮਕੈਨਿਕ ਬਣਨ ਆਇਆ ਤੇ ਫਿਰ ਉੱਥੇ ਹੀ ਰਹਿ ਗਿਆ ਸੀ। ਪਹਿਨ ਪੱਚਰ ਕੇ ਰਹਿੰਦਾ। ਚੰਗਾ ਖਾਂਦਾ ਪੀਂਦਾ। ਐਡਵੋਕੇਟ ਗਰੇਵਾਲ ਉਸ ਨੂੰ ਬਹੁਤ ਪਿਆਰ ਕਰਦਾ। ਛੋਟੀ ਸਰਦਾਰਨੀ ਵੀ ਉਸ ਨੂੰ ਬਹੁਤ ਚਾਹੁੰਦੀ ਸੀ। ਵੱਡੀ ਸਰਦਾਰਨੀ ਨੂੰ ਸਾਰਾ ਭੇਤ ਸੀ। ਉਸ ਦੇ ਪਤੀ ਦੀ ਬੱਤੀ ਨਾਲ ਬੱਤੀ ਲੱਗ ਗਈ ਸੀ। ਉਸ ਦੇ ਪਤੀ ਦਾ ਖਾਲੀ ਵਿਹੜਾ ਬੱਚਿਆਂ ਦੀ ਭਰਪੂਰ ਦੁਨੀਆਂ ਨਾਲ ਝਿਲਮਿਲ ਝਿਲਮਿਲ ਕਰਨ ਲੱਗ ਪਿਆ ਸੀ।

ਮਿਸਜ਼ ਗਰੇਵਾਲ ਜਿਸ ਦਾ ਆਪਣਾ ਨਾਉਂ ਦਲਜੀਤ ਕੌਰ ਸੀ, ਹੁਣ ਸਿਰਫ਼ ਮਿਸਜ਼ ਗਰੇਵਾਲ ਹੀ ਸੀ। ਦਲਜੀਤ ਕੌਰ ਤਾਂ ਉਸ ਵਿਚੋਂ ਕਦੋਂ ਕੀ ਗਾਇਬ ਹੋ ਚੁੱਕੀ ਸੀ।

ਦਲਜੀਤ ਕੌਰ ਪਿੰਡ ਦੇ ਸਕੂਲ ਵਿੱਚ ਦਸਵੀਂ ਜਮਾਤ ਵਿੱਚ ਪੜ੍ਹਦੀ ਹੁੰਦੀ ਸੀ, ਉਨ੍ਹਾਂ ਦੇ ਗਵਾਂਢੀਆਂ ਦਾ ਮੁੰਡਾ ਦੇਸ਼ਬੰਧੂ ਵੀ ਉਸ ਨਾਲ ਪੜ੍ਹਦਾ ਸੀ। ਅੱਲ੍ਹੜ ਮੁੰਡੇ ਕੁੜੀ ਵਾਲੀ ਸ਼ਰਾਰਤੀ ਝਾਕਣੀ ਤੋਂ ਵਧ ਕੇ ਉਨ੍ਹਾਂ ਦੇ ਸਬੰਧ ਕਾਫ਼ੀ ਵਿਗੜ ਚੁੱਕੇ ਸਨ।ਦੋਵਾਂ ਘਰਾਂ ਵਿੱਚ ਕਾਫ਼ੀ ਰੰਜਿਸ਼ ਵਧ ਗਈ ਸੀ। ਦਲਜੀਤ ਕੌਰ ਫਿਰ ਕਿੰਨੇ ਹੀ ਦਿਨ ਸਕੂਲ ਨਹੀਂ ਸੀ ਆਈ। ਦੇਸ਼ਬੰਧੂ ਤਾਂ ਪੜ੍ਹਦਾ ਰਿਹਾ ਸੀ, ਪਰ ਦਲਜੀਤ ਕੌਰ ਦੀ ਦਸਵੀਂ ਤਾਂ ਵਿੱਚੇ ਹੀ ਰਹਿ ਗਈ ਸੀ। ਉਨ੍ਹਾਂ ਦੇ ਘਰਦਿਆਂ ਨੇ ਉਸ ਨੂੰ ਸਕੂਲ ਭੇਜਣਾ ਜਾਇਜ਼ ਹੀ ਨਹੀਂ ਸੀ ਸਮਝਿਆ। ਦੋ ਕੁ ਸਾਲ ਬਾਅਦ ਉਸ ਦੀ ਸ਼ਾਦੀ ਬੀ. ਏ. ਵਿੱਚ ਪੜ੍ਹਦੇ ਗਰੇਵਾਲ ਨਾਲ ਕਰ ਦਿੱਤੀ ਗਈ ਸੀ।

ਦੇਸ਼ਬੰਧੂ ਬੀ. ਏ. ਕਰ ਗਿਆ ਸੀ ਤੇ ਫਿਰ ਬੀ. ਐੱਡ ਕਰਕੇ ਮਾਸਟਰ ਲੱਗ ਗਿਆ ਸੀ। ਕਈ ਸਾਲਾਂ ਤੋਂ ਹੁਣ ਉਹ ਉਸ ਸ਼ਹਿਰ ਵਿੱਚ ਹੀ ਰਹਿੰਦਾ ਸੀ, ਜਿੱਥੇ ਦਲਜੀਤ ਕੌਰ ਵਿਆਹੀ ਹੋਈ ਸੀ। ਦਲਜੀਤ ਕੌਰ ਜਿਹੜੀ ਹੁਣ ਮਿਸਜ਼ ਗਰੇਵਾਲ ਸੀ।

ਮਿਸਜ਼ ਗਰੇਵਾਲ ਦੇ ਵਿਆਹ ਹੋਏ ਨੂੰ ਦੋ ਸਾਲ ਹੋ ਗਏ ਸਨ, ਪਰ ਉਸ ਦੇ ਬੱਚਾ ਨਹੀਂ ਸੀ ਹੋ ਰਿਹਾ। ਐਡਵੋਕੇਟ, ਜਿਹੜਾ ਉਦੋਂ ਵਕਾਲਤ ਦੀ ਪੜ੍ਹਾਈ ਕਰ ਰਿਹਾ ਸੀ, ਨੂੰ ਇਸ ਗੱਲ ਦਾ ਬਹੁਤਾ ਧਿਆਨ ਨਹੀਂ ਸੀ। ਪੰਦਰਾਂ ਵੀਹ ਦਿਨਾਂ ਤੋਂ ਬਾਅਦ ਉਹ ਘਰ ਆਉਂਦਾ, ਆਪਣੀ ਵਹੁਟੀ ਨੂੰ ਮਿਲ ਜਾਂਦਾ। ਸੱਸ ਪੁੱਛਦੀ ਰਹਿੰਦੀ। ਦਲਜੀਤ ਕੌਰ ਝੋਰਾ ਕਰਦੀ ਤੇ ਫਿਰ ਜਦ ਉਹ ਵਕਾਲਤ ਕਰਕੇ ਆ ਗਿਆ ਤੇ ਉਸੇ ਸ਼ਹਿਰ ਵਿੱਚ ਪ੍ਰੈਕਟਿਸ ਆਰੰਭ ਕਰ ਦਿੱਤੀ ਤਾਂ ਦਲਜੀਤ ਕੌਰ ਹੋਰ ਵੀ ਝੋਰਾ ਕਰਨ ਲੱਗ ਪਈ। ਪੰਜ ਸਾਲ ਹੋ ਗਏ ਸਨ, ਅਜੇ ਵੀ ਉਸ ਨੂੰ ਗਰਭ ਨਹੀਂ ਸੀ ਠਹਿਰਿਆ। ਹੁਣ ਤਾਂ ਐਡਵੋਕੇਟ ਗਰੇਵਾਲ ਵੀ ਫ਼ਿਕਰ ਕਰਨ ਲੱਗ ਪਿਆ ਸੀ। ਉਸ ਨੇ ਡਾਕਟਰਾਂ ਦੀ ਰਾਏ ਲਈ। ਡਾਕਟਰਾਂ ਤੋਂ ਇਲਾਜ ਕਰਵਾਇਆ, ਪਰ ਕੋਈ ਗੱਲ ਨਹੀਂ ਸੀ ਬਣੀ। ਉਸ ਦੀ ਸੱਸ ਨੇ ਦੇਸੀ ਦਵਾਈਆਂ ਵੀ ਵਰਤੀਆਂ ਸਨ ਤੇ ਕਈ ਦਾਈਆਂ ਨੂੰ ਦਿਖਾਇਆ ਸੀ, ਪਰ ਦਲਜੀਤ ਕੌਰ ਉਵੇਂ ਦੀ ਉਵੇਂ ਸੀ-ਸੰਢ।

ਦਲਜੀਤ ਕੌਰ ਇਕਾਂਤ ਵਿੱਚ ਬੈਠ ਕੇ ਝੋਰਾ ਕਰਦੀ। ਜਦ ਉਸ ਨੂੰ ਸਕੂਲ ਵੇਲੇ ਦਾ ਸਮਾਂ ਯਾਦ ਆਉਂਦਾ ਤਾਂ ਉਸ ਦਾ ਤਰਾਹ ਜਿਹਾ ਨਿਕਲ ਜਾਂਦਾ। ਉਸ ਦੇਸ਼ਬੰਧੂ ਦੇ ਕਿੰਨਾ ਪਿੱਛੇ ਪਈ ਹੋਈ ਸੀ। ਉਸ ਨੂੰ ਕਿੰਨਾ ਛੇੜਿਆ ਕਰਦੀ। ਦੇਸ਼ਬੰਧੂ ਕਿੰਨਾ ਡਰਦਾ ਹੁੰਦਾ। ਇਸ ਤਰ੍ਹਾਂ ਦੀ ਗੱਲ ਤੋਂ ਉਹ ਤ੍ਰਹਿਕਦਾ ਸੀ। ਪਰ ਦਲਜੀਤ ਨੇ ਉਸ ਦਾ ਡਰ ਹੌਲੀ ਹੌਲੀ ਦੂਰ ਕਰ ਦਿੱਤਾ ਸੀ। ਦੇਸ਼ਬੰਧੂ ਆਪ ਹੁਣ ਪੂਰਾ ਦਲੇਰ ਸੀ। ਉਹ ਤੜਕੇ ਤੜਕੇ ਸੂਰਜ ਚੜ੍ਹਨ ਤੋਂ ਪਹਿਲਾਂ ਦਲਜੀਤ ਦੇ ਬਾਹਰਲੇ ਘਰ ਮਿਲਦੇ ਸਨ। ਬਾਹਰਲੇ ਘਰ ਇਕੱਲਾ ਬਾਬਾ ਹੀ ਸੁੱਤਾ ਹੁੰਦਾ ਜਾਂ ਫਿਰ ਘਰ ਦੇ ਸਾਰੇ ਡੰਗਰ ਪਸ਼ੂ।

ਇੱਕ ਦਿਨ ਉਸ ਨੇ ਦੇਬਬੰਧੂ ਨੂੰ ਦੱਸਿਆ ਕਿ ਕੰਮ ਤਾਂ ਖ਼ਰਾਬ ਹੋ ਗਿਆ ਹੈ, ਦੱਸ ਹੁਣ ਕੀ ਕਰਾਂ? ਦੇਸ਼ਬੰਧੂ ਆਪ ਅਨਜਾਣ ਸੀ। ਐਡੀ ਕੁ ਉਮਰ ਵਿੱਚ ਉਸ ਨੂੰ ਵੀ ਕੀ ਪਤਾ ਸੀ ਇਨ੍ਹਾਂ ਗੱਲਾਂ ਦਾ? ਗੱਲ ਵਿਗੜਦੀ ਵਿਗੜਦੀ ਐਥੋਂ ਤੀਕ ਪੁੱਜ ਗਈ ਕਿ ਦਲਜੀਤ ਦੀ ਮਾਂ ਨੇ ਆਪ ਹੀ ਕਿਸੇ ਸਿਆਣੀ ਬੁੜ੍ਹੀ ਕੋਲੋਂ ਉਸ ਨੂੰ ਬੰਦ ਖਲਾਸ ਕਰਵਾਇਆ ਸੀ। ਉਦੋਂ ਦਾ ਹੀ ਕੋਈ ਨੁਕਸ ਪੈ ਗਿਆ ਸੀ। ਏਸੇ ਕਰਕੇ ਹੁਣ ਬੱਚਾ ਨਹੀਂ ਸੀ ਹੋ ਰਿਹਾ। ਦਲਜੀਤ ਕੌਰ ਆਪਣੀ ਕੀਤੀ 'ਤੇ ਝੋਰਾ ਕਰਦੀ। ਆਪਣੇ ਆਪ 'ਤੇ ਫਿੱਟ ਲਾਹਣਤਾਂ ਪਾਉਂਦੀ। ਕੱਚੀ ਅਲੇਲ ਉਮਰ ਵਿੱਚ ਉਸ ਨੇ ਇਹ ਕੀ ਕਰ ਲਿਆ ਸੀ? ਕੀ ਪਤਾ ਸੀ ਉਸ ਨੂੰ ਕਿ ਬਚਪਨ ਵਿੱਚ ਕੀਤੀ ਗਲਤੀ ਸਾਰੀ ਉਮਰ ਦਾ ਝੋਰਾ ਬਣ ਜਾਵੇਗੀ। ਉਹ ਬਹੁਤ ਦੁਖੀ ਰਹਿੰਦੀ। ਉਸ ਦੀ ਸੱਸ ਉਸ ਨੂੰ ਟੋਕਦੀ ਰਹਿੰਦੀ। ਉਸ ਨੂੰ ਅਜੀਬ ਅਜੀਬ ਤਾਹਨੇ ਦਿੰਦੀ। ਗਰੇਵਾਲ ਵੀ ਉਸ ਨੂੰ ਨਫ਼ਰਤ ਜਿਹੀ ਕਰਨ ਲੱਗ ਪਿਆ। ਇਹ ਨਫ਼ਰਤ ਪਰ ਉਸ ਦੀ ਅੰਦਰੋਂ ਅੰਦਰੋਂ ਹੀ ਸੀ। ਕਹਿ ਕੇ ਉਸ ਨੇ ਕਦੇ ਨਹੀਂ ਸੀ ਸੁਣਾਇਆ। ਸੱਸ ਮਰ ਚੁੱਕੀ ਸੀ। ਘਰ ਦੀ ਮਾਲਕਣ ਹੁਣ ਦਲਜੀਤ ਕੌਰ ਆਪ ਸੀ। ਆਪ ਹੀ ਉਸ ਨੇ ਗਰੇਵਾਲ ਨੂੰ ਸੁਝਾਓ ਦਿੱਤਾ ਕਿ ਉਹ ਦੂਜੀ ਸ਼ਾਦੀ ਕਰਵਾ ਲਵੇ ਤੇ

ਬੱਚੇ ਪੈਦਾ ਕਰੇ। ਦੂਜੇ ਵਿਆਹ ਹੋਇਆ। ਅਗਲੇ ਸਾਲ ਹੀ ਮੁੰਡਾ ਹੋ ਗਿਆ। ਸਾਰੇ ਰੰਗ ਭਾਗ ਲੱਗ ਗਏ। ਫਿਰ ਇੱਕ ਕੁੜੀ ਤੇ ਫਿਰ ਜਿਵੇਂ ਐਡਵੋਕੇਟ ਗਰੇਵਾਲ ਨੂੰ ਰੱਜ ਆ ਗਿਆ ਹੋਵੇ। ਛੋਟੀ ਸਰਦਾਰਨੀ ਦੀ ਉਮਰ ਤਾਂ ਅਜੇ ਵੀ ਉਸੇ ਤਰ੍ਹਾਂ ਸੀ, ਜਵਾਨ ਦੀ ਜਵਾਨ। ਜਵਾਨੀ ਤਾਂ ਜਿਵੇਂ ਅਜੇ ਚੜ੍ਹ ਰਹੀ ਹੋਵੇ। ਵੱਡੀ ਸਰਦਾਰਨੀ ਦਾ ਭਤੀਜਾ ਰਾਮ ਨਰਾਇਣ ਉਸ ਦੀ ਜ਼ਿੰਦਗੀ ਵਿੱਚ ਆ ਗਿਆ ਸੀ, ਨਹੀਂ ਤਾਂ ਉਸ ਦਾ ਲਿਸ਼ਕਦਾ ਜੋਬਨ ਬੁੱਢੇ ਵਕੀਲ ਦੀ ਬੇਧਿਆਨੀ ਵਿੱਚ ਰੁੜ੍ਹ ਜਾਣਾ ਸੀ।

ਐਡਵੋਕੇਟ ਗਰੇਵਾਲ ਜਾਂ ਤਾਂ ਆਪਣੀ ਦਸ ਕਿੱਲੇ ਜ਼ਮੀਨ ਦੀ ਖੇਤੀ ਵੱਲ ਧਿਆਨ ਰੱਖਦਾ ਤੇ ਜਾਂ ਫਿਰ ਵਕਾਲਤ ਦੀਆਂ ਕਿਤਾਬਾਂ ਵਿੱਚ ਖਚਤ ਰਹਿੰਦਾ। ਛੋਟੀ ਸਰਦਾਰਨੀ ਆਪਣੇ ਬੱਚਿਆਂ ਦੇ ਪਾਲਣ ਪੋਸ਼ਣ ਵਿੱਚ ਹੀ ਰੁੱਝੀ ਰਹਿੰਦੀ। ਰਾਮ ਨਰਾਇਣ ਉਸ ਦੇ ਅੱਗੇ ਪਿੱਛੇ ਰਹਿੰਦਾ। ਮਿਸਜ਼ ਗਰੇਵਾਲ ਦੇ ਹੱਥ ਵਿੱਚ ਘਰ ਦੀ ਸਾਰੀ ਕਬੀਲਦਾਰੀ ਸੀ, ਹੋਰ ਕੋਈ ਉਸ ਦੀ ਦਿਲਸਚਪੀ ਨਹੀਂ ਸੀ। ਉਸ ਦਾ ਜੀਵਨ ਰੁੱਖਾ ਰੁੱਖਾ ਸੀ। ਉਜਾੜ ਧਰਤੀ ਵਿੱਚ ਖੜ੍ਹੇ ਕਿਸੇ ਇਕੱਲੇ ਰੁੱਖ ਵਰਗਾ।

ਬਜ਼ਾਰ ਵਿੱਚ ਇੱਕ ਦਿਨ ਉਸ ਨੂੰ ਦੇਸ਼ਬੰਧੂ ਮਿਲਿਆ ਸੀ। ਦੋਵੇਂ ਹੀ ਇੱਕ ਦੂਜੇ ਨੂੰ ਇਸ ਤਰ੍ਹਾਂ ਮਿਲੇ ਸਨ, ਜਿਵੇਂ ਪਿਛਲੇ ਜਨਮ ਦੀਆਂ ਗੱਲਾਂ ਇਸ ਜਨਮ ਵਿੱਚ ਕਰ ਰਹੇ ਹੋਣ। ਦੋ ਚਾਰ ਗੱਲਾਂ ਤੋਂ ਬਾਅਦ ਰਸਮੀ ਗੱਲਾਂ ਛਿੜ ਪਈਆਂ ਸਨ। ਇੱਕ ਦੂਜੇ ਨੂੰ ਦੁਬਾਰਾ ਮਿਲਣ ਦਾ ਕੋਈ ਇਕਰਾਰ ਨਹੀਂ ਸੀ।

ਦਲਜੀਤ ਕੌਰ ਦੇ ਮਨ ਵਿੱਚ ਇੱਕ ਬਿੰਦ ਨਫ਼ਰਤ ਜ਼ਰੂਰ ਜਾਗੀ ਸੀ-ਇਹੀ ਬੰਦਾ ਹੈ, ਜਿਸ ਦੇ ਕਾਰਨ ਉਸ ਦੀ ਸਾਰੀ ਜ਼ਿੰਦਗੀ ਖ਼ਰਾਬ ਹੋ ਗਈ ਸੀ। ਉਸ ਦੀ ਕੁੱਖ ਬਾਂਝ ਰਹਿ ਗਈ ਸੀ, ਪਰ ਦੂਜੇ ਬਿੰਦ ਉਸ ਨੇ ਸੋਚਿਆ ਸੀ-ਇਸ ਦਾ ਕੀ ਕਸੂਰ। ਮੈਂ ਹੀ ਤਾਂ ਇਸ ਨੂੰ ਇਸ ਪਾਸੇ ਲਾਇਆ ਸੀ। ਇਹ ਤਾਂ ਵਿਚਾਰਾ ਡਰਦਾ ਹੀ ਬੜਾ ਹੁੰਦਾ ਸੀ।

ਉਸ ਤੋਂ ਬਾਅਦ ਉਹ ਫਿਰ ਵੀ ਕਈ ਵਾਰ ਬਜ਼ਾਰ ਵਿੱਚ ਮਿਲੇ ਸਨ। ਪੁਰਾਣੀ ਸਾਂਝ ਹੌਲੀ-ਹੌਲੀ ਨਵੀਂ ਬਣਨੀ ਸ਼ੁਰੂ ਹੋ ਗਈ ਸੀ। ਦੇਸ਼ਬੰਧੂ ਨੂੰ ਇੱਕ ਦਿਨ ਦਲਜੀਤ ਕੌਰ ਅਤੇ ਗਰੇਵਾਲ ਸਾਹਿਬ ਇਕੱਠੇ ਹੀ ਬਜ਼ਾਰ ਵਿੱਚ ਮਿਲੇ। ਦਲਜੀਤ ਕੌਰ ਨੇ ਗਰੇਵਾਲ ਸਾਹਿਬ ਨਾਲ ਉਸ ਦੀ ਜਾਣ ਪਹਿਚਾਣ ਕਰਵਾਈ ਤੇ ਦੱਸਿਆ ਕਿ ਵੀਰ ਜੀ ਸਾਡੇ ਪਿੰਡ ਦੇ ਹੀ ਹਨ। ਗਵਾਂਢ ਵਿਚੋਂ ਹੀ ਤੇ ਗਰੇਵਾਲ ਸਾਹਿਬ ਦਾ ਦੇਸ਼ਬੰਧੂ ਨਾਲ ਸਿੱਧਾ ਮਿਲਣ ਜੁਲਣ ਹੋ ਗਿਆ, ਇੱਕ ਦੂਜੇ ਦੇ ਘਰ ਆਉਣ ਜਾਣ ਵੀ।

ਦਲਜੀਤ ਕੌਰ ਸੋਚਦੀ, ਸਕੂਲ ਦਾ ਸਮਾਂ ਵੀ ਕਿਹੋ ਜਿਹਾ ਹੁਸੀਨ ਸਮਾਂ ਸੀ। ਇੱਕ ਵਾਰੀ ਉਸ ਨੇ ਤੇ ਦੇਸ਼ਬੰਧੂ ਨੇ ਸਲਾਹ ਕੀਤੀ ਸੀ ਕਿ ਉਹ ਵਿਆਹ ਕਰਵਾ ਲੈਣ, ਪਰ ਉਨ੍ਹਾਂ ਦਾ ਵਿਆਹ ਕਿਸ ਤਰ੍ਹਾਂ ਹੋ ਸਕਦਾ ਸੀ। ਦੇਸ਼ਬੰਧੂ ਤਾਂ ਖੱਤਰੀਆਂ ਦਾ ਮੁੰਡਾ ਸੀ, ਦਲਜੀਤ ਕੌਰ ਜੱਟਾਂ ਦੀ ਕੁੜੀ ਸੀ। ਬਿਲਕੁੱਲ ਹੀ ਅਸੰਭਵ ਤੇ ਫਿਰ ਉਨ੍ਹਾਂ ਨੇ ਸੋਚਿਆ ਸੀ ਕਿ ਉਹ ਚੋਰੀਓਂ ਹੀ ਇੱਕ ਦਿਨ ਘਰੋਂ ਨਿਕਲ ਜਾਣ, ਬੰਬਈ-ਕਲਕੱਤੇ ਜਾ ਰਹਿਣ। ਦੇਸ਼ਬੰਧੂ ਕੋਈ ਨੌਕਰੀ ਕਰ ਲਵੇ। ਉਹ ਮੌਜਾਂ ਨਾਲ ਪਤੀ ਪਤਨੀ ਬਣ ਕੇ ਰਹਿਣ। ਦਲਜੀਤ ਹੀ ਇਸ ਗੱਲ 'ਤੇ ਜ਼ੋਰ ਦੇ ਰਹੀ ਸੀ, ਦੇਸ਼ਬੰਧੂ ਲਈ ਤਾਂ ਇਹ ਗੱਲ ਬੜੀ ਹੀ ਔਖੀ ਸੀ। ਸੋ, ਉਹ ਮੰਨਿਆ ਨਹੀਂ ਸੀ। ਦਲਜੀਤ ਉਸ ਨਾਲ ਇਸ ਕਰਕੇ

ਪੰਦਰਾਂ ਵੀਹ ਦਿਨ ਗੁੱਸੇ ਵੀ ਰਹੀ ਸੀ। ਹੁਣ ਉਸ ਨੂੰ ਜਦੋਂ ਉਹ ਦਿਨ ਯਾਦ ਆਉਂਦੇ ਸਨ ਤਾਂ ਉਸ ਦਾ ਹਉਂਕਾ ਨਿਕਲ ਜਾਂਦਾ ਸੀ। ਕੀ ਕਰਨਾ ਸੀ ਉਸ ਨੇ ਵਕੀਲ ਨਾਲ ਵਿਆਹ ਕਰਵਾ ਕੇ? ਉਸ ਦੀ ਜ਼ਮੀਨ, ਉਸ ਦੀ ਕੋਠੀ ਤੇ ਉਸ ਦੇ ਐਨੇ ਰੁਪਏ ਪੈਸੇ ਦਾ ਉਸ ਨੂੰ ਕੀ ਹੇਜ ਸੀ? ਜਦ ਉਸ ਦਾ ਵਿਆਹ ਹੋਇਆ ਸੀ, ਉਦੋਂ ਉਹ ਕਾਲਜ ਵਿੱਚ ਪੜ੍ਹਦਾ ਸੀ  ਤੇ ਫਿਰ ਵਕਾਲਤ ਵਿੱਚ ਪੜ੍ਹਦਾ ਰਿਹਾ ਤੇ ਵਕਾਲਤ....! ਕੀ ਖਾਵੰਦ ਵਾਂਗ ਉਸ ਨੇ ਉਸ ਨੂੰ ਹੰਢਾ ਕੇ ਦੇਖਿਆ ਸੀ? ਤੇ ਫਿਰ ਉਸ ਦੀ ਜਦੋਂ ਦੂਜੀ ਸ਼ਾਦੀ ਹੋ ਗਈ ਸੀ ਤਾਂ ਉਹ ਰੰਡੀ ਦੇ ਸਮਾਨ ਸੀ।

ਉਹ ਸੋਚਦੀ ਸੀ, ਦੇਸ਼ਬੰਧੂ ਉਸ ਨੂੰ ਲੈ ਕੇ ਨਿਕਲ ਜਾਂਦਾ ਜਾਂ ਉਹ ਦੇਸ਼ਬੰਧੂ ਨੂੰ ਲੈ ਕੇ ਨਿਕਲ ਜਾਂਦੀ। ਚੰਦ ਵਰਗਾ ਉਹ ਬੱਚਾ ਜੰਮਦੀ। ਸ਼ਾਇਦ ਸੋਨੇ ਵਾਂਗ ਦਗਦਾ ਮੁੰਡਾ। ਜ਼ਾਤ ਪਾਤ ਦਾ ਕੀ ਸੀ? ਇਹ ਤਾਂ ਐਵੇਂ ਢਕਵੰਜ ਹਨ, ਦੁਨੀਆਂ ਦੇ। ਹੁਣ ਤਾਂ ਇਨ੍ਹਾਂ ਗੱਲਾਂ ਨੂੰ ਕੋਈ ਵਿਚਾਰਦਾ ਹੀ ਨਹੀਂ।

ਉਨ੍ਹਾਂ ਦੇ ਗਵਾਂਢ ਵਿੱਚ ਹੀ ਕਰਮ ਸਿੰਘ ਸੋਢੀ, ਜਿਹੜਾ ਕਾਲਜ ਵਿੱਚ ਹੈੱਡ ਕਲਰਕ ਸੀ, ਦੀ ਲੜਕੀ ਨੇ ਪੰਡਤਾਂ ਦੇ ਇੱਕ ਮੁੰਡੇ ਨੂੰ ਚੁਣ ਲਿਆ ਸੀ ਤੇ ਉਸ ਨਾਲ ਵਿਆਹ ਕਰਵਾ ਲਿਆ ਸੀ। ਸੋਢੀ ਸਾਹਿਬ ਆਪ ਹੀ ਮੰਨ ਗਏ ਸਨ। ਕੀ ਕਰਦੇ ਸੋਢੀ ਸਾਹਿਬ?

ਉਸ ਦਿਨ ਦੇਸ਼ਬੰਧੂ ਦੀ ਪਤਨੀ ਦੇ ਸੱਥਰ 'ਤੇ ਬੈਠੀ ਦਲਜੀਤ ਪਤਾ ਨਹੀਂ ਕੀ ਕੀ ਸੋਚ ਰਹੀ ਸੀ। ਦੇਸ਼ਬੰਧੂ ਆਪ ਪਤਾ ਨਹੀਂ ਕੀ ਕੀ-ਕੀ ਸੋਚ ਰਿਹਾ ਸੀ। ਦਲਜੀਤ ਕੌਰ ਉਸ ਦੀ ਪਤਨੀ ਮਰਨ ਪਿੱਛੋਂ ਅੱਜ ਤੀਜੀ ਵਾਰ ਉਸ ਦੇ ਘਰ ਆਈ ਸੀ। ਪਹਿਲੇ ਦਿਨ ਤਾਂ ਉਹ ਉਸ ਦਿਨ ਆਈ ਸੀ, ਜਿਸ ਦਿਨ ਉਸ ਦੀ ਪਤਨੀ ਦਾ ਦਾਹ ਸਸਕਾਰ ਕੀਤਾ ਗਿਆ ਸੀ। ਦੂਜੇ ਦਿਨ ਉਹ ਆਈ ਸੀ, ਜਿਸ ਦਿਨ ਉਸ ਦੀ ਪਤਨੀ ਦੇ ਫੁੱਲ ਚੁਗੇ ਗਏ ਸਨ। ਅੱਜ ਤੀਜਾ ਦਿਨ ਸੀ। ਪਹਿਲੇ ਦੋਵੇਂ ਦਿਨੀਂ ਉਹ ਕੋਈ ਵੀ ਗੱਲ ਦੇਸ਼ਬੰਧੂ ਨਾਲ ਨਹੀਂ ਸੀ ਕਰ ਸਕੀ। ਬੰਦਿਆਂ ਤੇ ਬੁੜ੍ਹੀਆਂ ਦੇ ਹੁੰਦਿਆਂ ਉਹ ਕੋਈ ਗੱਲ ਕਰ ਵੀ ਨਹੀਂ ਸੀ ਸਕਦੀ। ਐਵੇਂ ਹਾਅ ਦਾ ਨਾਅਰਾ ਜਿਹਾ ਮਾਰਿਆ ਸੀ। ਬੁੜ੍ਹੀਆਂ ਨਾਲ ਗੱਲਾਂ ਕੀਤੀਆਂ ਸਨ। ਅਸਲ ਗੱਲਾਂ ਤਾਂ ਉਹ ਦੇਸ਼ਬੰਧੂ ਨਾਲ ਹੀ ਕਰਨਾ ਚਾਹੁੰਦੀ ਸੀ। ਦੇਸ਼ਬੰਧੂ ਆਪ ਵੀ ਚਾਹੁੰਦਾ ਸੀ ਕਿ ਉਸ ਨਾਲ ਗੱਲ ਕਰੇ। ਆਪਣੇ ਮਨ ਦੀ ਭੜਾਸ ਕੱਢੇ। ਦਲਜੀਤ ਕੌਰ ਹੀ ਇੱਕ ਸੀ, ਜਿਸ ਨੂੰ ਉਹ ਆਪਣੀ ਸਮਝਦਾ ਸੀ, ਜਿਸ ਵਿੱਚ ਉਸ ਦਾ ਮਾਨਸਿਕ ਵਿਸ਼ਵਾਸ ਸੀ।

ਸ਼ਾਮ ਦਾ ਵੇਲਾ ਸੀ। ਹੌਲੀ-ਹੌਲੀ ਲੋਕ ਉੱਠ ਉੱਠ ਜਾ ਰਹੇ ਸਨ। ਇੱਕ ਦੋ ਨਵੇਂ ਆਉਂਦੇ ਸਨ। ਚਾਰ ਉੱਠ ਕੇ ਚਲੇ ਜਾਂਦੇ ਸਨ। ਏਵੇਂ ਜਿਵੇਂ ਬੁੜ੍ਹੀਆਂ ਉੱਠ ਉੱਠ ਜਾ ਰਹੀਆਂ ਸਨ। ਮਿਸਜ਼ ਗਰੇਵਾਲ ਉਵੇਂ ਬੈਠੀ ਸੀ। ਉਹ ਤਾਂ ਇਸ ਤਰ੍ਹਾਂ ਬੈਠੀ ਸੀ, ਜਿਵੇਂ ਆਪਣੇ ਘਰ ਨੂੰ ਜਾਣਾ ਹੀ ਨਾ ਹੋਵੇ।

ਬੰਦੇ ਸਭ ਚਲੇ ਗਏ ਸਨ।

ਬੁੜ੍ਹੀਆਂ ਸਭ ਚਲੀਆਂ  ਗਈਆਂ ਸਨ।

ਦਿਨ ਬਿਲਕੁੱਲ ਹੀ ਛਿਪ ਗਿਆ ਸੀ।

ਮਿਸਜ਼ ਗਰੇਵਾਲ ਤਾਂ ਅਜੇ ਵੀ ਦੇਸ਼ਬੰਧੂ ਦੀ ਭੈਣ ਨਾਲ ਗੱਲਾਂ ਕਰ ਰਹੀ ਸੀ।

ਤੇ ਫਿਰ ਦੇਸ਼ਬੰਧੂ ਦੀ ਭੈਣ ਨੇ ਚੁੱਲ੍ਹੇ ਵਿੱਚ ਅੱਗ ਬਾਲ ਕੇ ਮੂੰਗੀ ਦੀ ਧੋਵੀਂ ਦਾਲ ਰਿੱਝਣੀ ਧਰ ਦਿੱਤੀ। ਪਰਾਤ ਵਿੱਚ ਆਟਾ ਛਾਣ ਕੇ ਉਸ ਨੂੰ ਗੁੰਨ੍ਹਣ ਲੱਗੀ। ਦੇਸ਼ਬੰਧੂ ਦੇ ਤਿੰਨੇ ਬੱਚੇ ਚੁੱਲ੍ਹੇ ਕੋਲ ਚੁੱਪ ਚਾਪ ਬੈਠੇ ਸਨ। ਦੇਸ਼ਬੰਧੂ ਤੇ ਮਿਸਜ਼ ਗਰੇਵਾਲ ਇੱਕ ਕਮਰੇ ਵਿੱਚ ਬੈਠ ਗਏ। ਬਿਜਲੀ ਦੀ ਰੋਸ਼ਨੀ ਸੀ। ਕੋਈ ਕੋਈ ਗੱਲ ਦਲਜੀਤ ਕੌਰ ਕਰਦੀ ਸੀ, ਕੋਈ ਕੋਈ ਗੱਲ ਦੇਸ਼ਬੰਧੂ ਕਰਦਾ ਸੀ।

'ਹੁਣ ਤਾਂ ਤੂੰ ਮਨ ਨੂੰ ਸਮਝਾ, ਦੇਸ਼, ਦਲਜੀਤ ਆਖ ਰਹੀ ਸੀ।

'ਮਨ ਨੂੰ ਸਮਝਾ ਕੇ ਕੀ ਕਰਾਂਗਾ, ਜੀਤਾਂ। ਮੇਰੀ ਤਾਂ ਖ਼ੈਰ ਹੈ, ਇਨ੍ਹਾਂ ਤਿੰਨ ਬੱਚਿਆਂ ਦਾ ਕੀ ਬਣੇਗਾ, ਉਹ ਮੱਥੇ 'ਤੇ ਹੱਥ ਧਰੀ ਬੈਠਾ ਸੀ।

'ਇਨ੍ਹਾਂ ਦੀ ਮਾਂ ਮੁੜ ਕੇ ਤਾਂ ਆਉਣੀ ਨਹੀਂ। ਹੁਣ ਤਾ ਬੱਚਿਆਂ ਦਾ ਬਾਪ ਵੀ ਤੂੰ, ਮਾਂ ਵੀ ਤੂੰ।'

'ਠੀਕ ਹੈ, ਪਰ... ਦੇਸ਼ਬੰਧੂ ਦਲਜੀਤ ਵੱਲ ਖ਼ਾਲੀ ਖ਼ਾਲੀ ਅੱਖਾਂ ਨਾਲ ਝਾਕਣ ਲੱਗਿਆ।

'ਤੈਨੂੰ ਕੋਈ ਪੁਰਾਣੀ ਗੱਲ ਯਾਦ ਹੈ, ਦੇਸ਼?'

'ਹਾਂ, ਪੁਰਾਣੀਆਂ ਗੱਲਾਂ ਭੁੱਲਦੀਆਂ ਕੀਹਨੂੰ ਹੁੰਦੀਆ ਨੇ?

'ਯਾਦ ਹੈ, ਮੈਂ ਤੈਨੂੰ ਇੱਕ ਵਾਰੀ ਆਖਿਆ ਸੀ, ਚੱਲ ਨਿਕਲ ਚੱਲੀਏ। ਬੰਬਈ–ਕਲਕੱਤੇ ਚਲੇ ਜਾਈਏ।'

'ਹਾਂ, ਮੈਂ ਉਦੋਂ ਡਰ ਗਿਆ ਸੀ, ਦਲਜੀਤ।'

'ਪਰ ਤੈਨੂੰ ਪਤਾ ਹੈ, ਦੇਸ਼, ਮੈਂ ਅਜੇ ਵੀ ਉਨ੍ਹਾਂ ਹੀ ਸ਼ਬਦਾਂ 'ਤੇ ਕਾਇਮ ਹਾਂ।' ਗੱਲ 'ਤੇ ਡਿੱਗੀ ਕਰੜ ਬਰੜੀ ਲਿਟ ਨੂੰ ਉਸ ਨੇ ਉਤਾਂਹ ਕੀਤਾ ਤੇ ਮੱਥੇ ਦੀਆਂ ਰੇਖਾਵਾਂ ਨੂੰ ਉਂਗਲਾਂ ਨਾਲ ਮਲ ਮਲ ਕੇ ਮਿਟਾਉਣ ਦੀ ਕੋਸ਼ਿਸ਼ ਕਰਨ ਲੱਗੀ।

'ਮਤਲਬ?' ਦੇਸ਼ਬੰਧੂ ਦੀ ਸਮਝ ਵਿੱਚ ਕੁਝ ਨਹੀਂ ਸੀ ਆ ਰਿਹਾ।

'ਮੇਰੇ ਪਤੀ ਦੇ ਸਭ ਕੁਝ ਹੈ, ਜ਼ਮੀਨ ਹੈ, ਜਾਇਦਾਦ ਹੈ, ਔਲਾਦ ਹੈ, ਰੁਪਈਆ ਪੈਸਾ ਮਾਣ ਇੱਜ਼ਤ ਸਭ ਕੁਝ ਹੈ, ਪਰ ਮੇਰਾ ਉਸ ਨਾਲ ਕੋਈ ਸਬੰਧ ਨਹੀਂ। ਮੈਨੂੰ ਤਾਂ ਇਉਂ ਲੱਗਦਾ ਹੈ, ਜਿਵੇਂ ਅਜੇ ਮੈਂ ਕੰਵਾਰੀ ਹੋਵਾਂ। ਖਾਵੰਦ ਤਾਂ ਅਜੇ ਜਿਵੇਂ ਮੈਂ ਚੁਣਨਾ ਹੋਵੇ।'

'ਹੁਣ ਕੀ ਫ਼ਾਇਦਾ ਇਨ੍ਹਾ ਗੱਲਾਂ ਦਾ, ਜੀਤਾਂ, ਜਵਾਨੀ ਤਾਂ ਬੀਤ ਗਈ।'

'ਜਵਾਨੀ ਬੀਤ ਗਈ ਤਾਂ ਕੀ ਹੋਇਆ? ਜਵਾਨੀ ਥੋੜ੍ਹੀ ਹੁੰਦੀ ਹੈ, ਸੋ ਬੀਤ ਹੀ ਜਾਂਦੀ ਹੈ। ਸਵਾਲ ਤਾਂ ਜਵਾਨੀ ਤੋਂ ਪਿੱਛੋਂ ਦੀ ਉਮਰ ਦਾ ਹੈ।'

'ਹਿੰਮਤ ਹੈ ਤੇਰੇ ਵਿੱਚ? ਪਤੈ, ਗਰੇਵਾਲ ਸਾਹਿਬ ਐਡਵੋਕੇਟ ਨੇ।'

'ਕਿਸੇ ਐਡਵੋਕੇਟ ਦੀ ਮੈਨੂੰ ਪ੍ਰਵਾਹ ਨਹੀਂ। ਤੂੰ ਇੱਕ ਵਾਰੀ ਹਾਂਅ ਆਖ ਦੇ। ਉਸ ਬੁੱਢੇ ਘੋਗੜ ਦੇ ਬੱਚਿਆ ਨਾਲ ਮੈਂ ਤੇਰੇ ਬੱਚਿਆਂ ਦੀ ਮਾਂ ਬਣਾਂਗੀ। ਤੂੰ ਇੱਕ ਵਾਰੀ ਹਾਂਅ ਕਹਿ ਦੇ। ਮੈਨੂੰ ਕਿਸੇ ਦੀ ਪ੍ਰਵਾਹ ਨਹੀਂ।'

'ਚੰਗਾ, ਠੀਕ ਐ, ਭੋਗ ਪੈ ਲੈਣ ਦੇ।' ਦੇਸ਼ਬੰਧੂ ਨੇ ਦਲਜੀਤ ਕੌਰ ਦਾ ਹੱਥ ਆਪਣੇ ਹੱਥਾਂ ਵਿੱਚ ਘੁੱਟ ਲਿਆ।

ਦੇਸ਼ਬੰਧੂ ਦੀ ਭੈਣ ਨਾਲ ਰਸਮੀ ਜਿਹੀ ਇੱਕ ਅੱਧੀ ਗੱਲ ਕਰਕੇ ਤੇ ਤਿੰਨਾਂ ਬੱਚਿਆਂ ਨੂੰ ਪਿਆਰ ਦੇ ਕੇ ਉਹ ਘਰ ਨੂੰ ਚਲੀ ਗਈ। ♦

# ਪੁਰਾਣੀ ਜਲੂਣ

ਹਰੀਸ਼ ਦਾ ਚਿੱਤ ਅੱਜ ਡਿੱਗੂੰ ਡਿੱਗੂੰ ਕਰਦਾ ਸੀ। ਉਹ ਪਲੇ ਪਲੇ ਅਗਵਾੜੀਆਂ ਭੰਨਦਾ ਤੇ ਪਲੇ ਪਲੇ ਉਸ ਨੂੰ ਉਬਾਸੀਆਂ ਆਉਂਦੀਆਂ। ਉਹ ਦਫ਼ਤਰ ਵਿੱਚ ਟਿਕ ਕੇ ਨਹੀਂ ਸੀ ਬੈਠ ਸਕਦਾ। ਬਾਹਰ ਜਮਾਤਾਂ ਵੱਲ ਗੇੜਾ ਮਾਰਦਾ ਤੇ ਫੇਰ ਦਫ਼ਤਰ ਵਿੱਚ ਕੁਰਸੀ ’ਤੇ ਆ ਕੇ ਢੇਰੀ ਹੋ ਜਾਂਦਾ। ਅੱਜ ਉਹ ਦਾ ਕਾਲਜਾ ਜਿਵੇਂ ਧਰਤੀ ’ਤੇ ਡਿੱਗਣ ਨੂੰ ਕਹਿੰਦਾ ਸੀ ਤੇ ਉਸ ਨੂੰ ਮਸ੍ਹਾਂ ਮਸ੍ਹਾਂ ਘੁੱਟ ਕੇ ਉਸ ਨੇ ਆਪਣੇ ਹੱਥਾਂ ਵਿੱਚ ਰੱਖਿਆ ਹੋਇਆ ਸੀ।

ਅੱਜ ਤੜਕੇ ਜਦ ਉਹ ਘਰੋਂ ਆਇਆ ਸੀ, ਉਦੋਂ ਤੋਂ ਹੀ ਉਹ ਦਾ ਮਨ ਉਦਾਸ ਸੀ। ਤੜਕੇ ਤੜਕੇ ਸਕੂਲ ਨੂੰ ਜਾਣ ਤੋਂ ਪਹਿਲਾਂ ਇੱਕ ਜ਼ਰੂਰੀ ਕਾਗਜ਼ ਉਹ ਨੂੰ ਲੱਭਦਾ ਨਹੀਂ ਸੀ। ਉਸ ਨੇ ਆਪਣੇ ਸਾਰੇ ਟਰੰਕ, ਦੋਵੇਂ ਤਿੰਨੇ ਅਟੈਚੀ, ਅਲਮਾਰੀਆਂ ਤੇ ਛਿੱਕੂ ਪਤ ਪਤ ਕਰਕੇ ਦੇਖ ਲਏ ਸਨ, ਪਰ ਕਾਗਜ਼ ਨਹੀਂ ਸੀ ਮਿਲਿਆ। ਉਸ ਨੇ ਆਪਣੀਆਂ ਪੁਰਾਣੀਆਂ ਡਾਇਰੀਆਂ ਫਰੋਲ ਕੇ ਦੇਖੀਆਂ ਤੇ ਫੇਰ ਐਵੇਂ ਹੀ ਕਈ ਕਈ ਸਾਲ ਪੁਰਾਣੀਆਂ ਗੱਲਾਂ ਡਾਇਰੀਆਂ ਵਿਚੋਂ ਪੜ੍ਹ ਪੜ੍ਹ ਕੇ ਪਰਚਦਾ ਰਿਹਾ। ਇੱਕ ਡਾਇਰੀ ਵਿਚੋਂ ਉਸ ਨੂੰ ਇੱਕ ਛੋਟੀ ਜਿਹੀ ਤਸਵੀਰ ਲੱਭ ਪਈ। ਉਹ ਤਸਵੀਰ ਲਖਵੀਰ ਦੀ ਸੀ।

ਤੀਹ ਸਾਲ ਹੋਏ ਇੱਕ ਪਿੰਡੋਂ ਉਸ ਦੀ ਬਦਲੀ ਹੋਈ ਸੀ। ਬਦਲੀ ਹੋਈ ਕਾਹਨੂੰ ਉਹ ਨੇ ਆਪ ਹੀ ਕਰਵਾ ਲਈ ਸੀ। ਉਸ ਪਿੰਡ ਵਿੱਚ ਉਹ ਦੀ ਚਰਚਾ ਬੜੀ ਹੋ ਗਈ। ਲੋਕ ਕਹਿੰਦੇ ਸਨ–‘ਇਹ ਮਾਸਟਰ ਹੁਣ ਐਥੋਂ ਆਪ ਹੀ ਨ੍ਹੀਂ ਜਾਂਦਾ, ਇਹ ਦੀ ਲੋਥ ਜਾਊ।’

ਉਸ ਪਿੰਡ ਉਸ ਦੇ ਗਵਾਂਢ ਵਿੱਚ ਹੀ ਲਖਬੀਰ ਇੱਕ ਕੁੜੀ ਸੀ। ਬਣਦਾ ਤਣਦਾ ਕੱਦ, ਭਰਵਾਂ ਸਰੀਰ, ਹੱਥ ਲਾਏ ਤੋਂ ਮੈਲਾ ਹੁੰਦਾ ਗੋਰਾ ਚਿੱਟਾ ਤੇ ਮੁਲਾਇਮ ਪਿੰਡਾ ਅਤੇ ਦਿਲ ਨੂੰ ਕੀਲ ਲੈਣ ਵਾਲੀਆਂ ਮੋਟੀਆਂ ਮੋਟੀਆਂ ਅੱਖਾਂ ਦੀ ਖਿੱਚ। ਹਰੀਸ਼ ਨੇ ਪਹਿਲੇ ਦਿਨ ਹੀ ਜਦ ਉਹ ਕੁੜੀ ਦੇਖੀ ਸੀ ਤਾਂ ਥਾਏਂ ਹੀ ਢੇਰੀ ਹੋ ਗਿਆ ਸੀ। ਉਹ ਤਿੰਨ ਵਾਰੀ ਦਸਵੀਂ ਵਿਚੋਂ ਫੇਲ੍ਹ ਹੋ ਚੁੱਕੀ ਸੀ ਤੇ ਫੇਰ ਉਹ ਦੇ ਘਰਦਿਆਂ ਨੇ ਸਮਝ ਲਿਆ ਸੀ–‘ਕੁੜੀ ਦੇ ਚਾਲੇ ਕਸੂਤੇ ਨੇ। ਇਹ ਨੂੰ ਫਟਾ ਫੱਟ ਵਿਆਹ ਦੇਈਏ ਤਾਂ ਠੀਕ ਐ।’’

ਲਖਬੀਰ ਦਾ ਪਤੀ ਫ਼ੌਜ ਵਿੱਚ ਭਰਤੀ ਇੱਕ ਮਲੂਕ ਜਿਹਾ ਵੀਹ ਸਾਲਾ ਗੱਭਰੂ ਸੀ।

ਹਰੀਸ਼ ਜਦ ਉਹ ਪਿੰਡ ਹੁੰਦਾ ਸੀ, ਕੇਵਲ ਦਸਵੀਂ ਪਾਸ ਸੀ। ਫੇਰ ਕਈ ਸਾਲਾਂ ਵਿੱਚ ਮਰਦੇ ਪੈਂਦੇ ਨੇ ਉਸ ਨੇ ਬੀ. ਏ. ਕਰ ਲਈ ਸੀ। ਫੇਰ ਔਖੇ ਸੁਖਾਲੇ ਨੇ ਬੀ. ਟੀ. ਵੀ ਕਰ ਲਈ ਤੇ ਐੱਮ. ਏ. ਵੀ। ਹੁਣ ਉਹ ਇਸ ਪਿੰਡ ਹਾਇਰ ਸੈਕੰਡਰੀ ਸਕੂਲ ਦਾ

ਪ੍ਰਿੰਸੀਪਲ ਲੱਗਿਆ ਹੋਇਆ ਸੀ। ਪ੍ਰਿੰਸੀਪਲ ਲੱਗੇ ਨੂੰ ਉਸ ਨੂੰ ਦੋ ਸਾਲ ਹੀ ਹੋਏ ਸਨ। ਉਸ ਦਾ ਇੱਕ ਮੁੰਡਾ ਡਾਕਟਰੀ ਦੀ ਪੜ੍ਹਾਈ ਕਰਦਾ ਸੀ ਤੇ ਇੱਕ ਇੱਥੇ ਉਸ ਦੇ ਕੋਲ ਹੀ ਦਸਵੀਂ ਵਿੱਚ ਪੜ੍ਹਦਾ ਸੀ। ਇੱਕੋਂ ਇੱਕ ਵੱਡੀ ਕੁੜੀ ਬੀ. ਏ. ਕਰ ਗਈ ਸੀ ਤੇ ਵਿਆਹ ਦਿੱਤੀ ਸੀ।

ਹਾਂ-ਹਰੀਸ਼ ਅੱਜ ਤੜਕੇ ਤੋਂ ਹੀ ਜਦੋਂ ਤੋਂ ਘਰੋਂ ਆਇਆ ਸੀ, ਬਹੁਤ ਉਦਾਸ ਸੀ।

ਗਰਮੀ ਮੁੱਕ ਰਹੀ ਸੀ ਤੇ ਸਿਆਲ ਸ਼ੁਰੂ ਹੋਣ ਵਾਲਾ ਸੀ। ਸਕੂਲ ਵਿੱਚ ਪੜ੍ਹਾਈ ਦਾ ਪੂਰਾ ਜ਼ੋਰ ਸੀ। ਕੋਈ ਮਾਸਟਰ ਆਪਣੀ ਜਮਾਤ ਵਿਹਲੀ ਨਹੀਂ ਸੀ। ਛੱਡਦਾ। ਸਭ ਆਪੋ ਆਪਣੇ ਕੰਮਾਂ ਵਿੱਚ ਰੁੱਝੇ ਹੋਏ ਸਨ। ਅੱਠਵੀਂ ਦੇ ਇਮਤਿਹਾਨ ਦੇ ਦਾਖ਼ਲੇ ਜਾ ਰਹੇ ਸਨ।

ਹਰੀਸ਼ ਦਫ਼ਤਰ ਵਿੱਚ ਬੈਠਾ ਪੂਰਾ ਦੁਖੀ ਸੀ। ਬਿੰਦੇ ਬਿੰਦੇ ਆਪਣੀ ਜੇਬ੍ਹ ਵਿਚੋਂ ਉਹ ਬਟੂਆ ਕੱਢਦਾ ਤੇ ਉਸ ਵਿੱਚ ਲੁਕੋ ਕੇ ਪਾਈ ਲਖਬੀਰ ਦੀ ਤਸਵੀਰ ਦੇਖ ਲੈਂਦਾ।

'ਤੇਰੀ ਮੁਹੱਬਤ ਹਵਸ ਤੋਂ ਸ਼ੁਰੂ ਹੋਈ ਐ। ਮੈਨੂੰ ਲਗਦੈ ਇਹ ਨਿਭਣੀ ਨੀ?' ਇੱਕ ਦਿਨ ਉਸ ਨੇ ਲਖਬੀਰ ਨੂੰ ਕਿਹਾ ਸੀ।

'ਮੁਹੱਬਤ ਦਾ ਤੇ ਹਵਸ ਦਾ ਤਾਂ ਮੈਨੂੰ ਪਤਾ ਨ੍ਹੀਂ। ਮੇਰੇ ਅੰਗ ਅੰਗ ਵਿੱਚ ਜਿਹੜੀ ਤੈਂ ਇੱਕ ਅਪਣੱਤ ਜੀ ਧੜਕਾ ਦਿੱਤੀ ਐ, ਉਹ ਮੈਥੋਂ ਸਾਰੀ ਉਮਰ ਨ੍ਹੀਂ ਭੁੱਲਣੀ।' ਲਖਬੀਰ ਨੇ ਜਵਾਬ ਦਿੱਤਾ ਸੀ।

ਅੱਜ ਉਹੀ ਅਪਣੱਤ ਜਿਹੜੀ ਉਸ ਨੇ ਲਖਬੀਰ ਨੂੰ ਕਦੇ ਦਿੱਤੀ ਸੀ, ਉਸ ਦੇ ਆਪਣੇ ਅੰਗਾਂ ਵਿੱਚ ਧੜਕਣ ਲੱਗ ਪਈ ਸੀ। ਵੱਡੇ ਵੱਡੇ ਧੀਆਂ ਪੁੱਤਾਂ ਨੂੰ ਦੇਖ ਕੇ, ਅੱਧੇ ਧੌਲਿਆਂ ਵਾਲੇ ਆਪਣੇ ਸਿਰ 'ਤੇ ਹੱਥ ਫੇਰ ਕੇ ਤੇ ਇਸ ਪਿੰਡ ਵਿੱਚ ਆਪਣੇ ਸਾਊਂ ਵਿਹਾਰ ਨੂੰ ਜਾਣ ਕੇ ਉਸ ਨੂੰ ਨਮੋਸ਼ੀ ਜਿਹੀ ਵੀ ਆਉਂਦੀ ਕਿ 'ਇਹ ਪੁਰਾਣੀ ਜਲੂਣ ਮੈਂ ਕਿੱਥੋਂ ਆਪਣੀ ਹਿੱਕ ਵਿੱਚ ਸੁਲਗਾ ਲਈ ਐ?' ਲੱਖ ਯਤਨਾਂ ਦੇ ਬਾਅਦ ਵੀ ਪਰ ਲਖਬੀਰ ਦਾ ਨਿੱਖਰਵਾਂ ਮੂੰਹ ਉਸ ਦੇ ਜ਼ਹਿਨ ਵਿੱਚ ਆ ਬਹਿੰਦਾ। ਇਹ ਵਿਆਹ ਤੇ ਵਿਆਹਾਂ ਵਿਚੋਂ ਜੰਮੇ ਇਹ ਮੁੰਡੇ ਕੁੜੀਆਂ ਤਾਂ ਐਵੇਂ ਸਮਾਜਕ ਬੰਧਨ ਤੇ ਦਿਖਾਵਾ ਹਨ-ਉਸ ਦੇ ਦਿਮਾਗ਼ ਵਿਚੋਂ ਤੂਫ਼ਾਨ ਖੜ੍ਹਾ ਹੋ ਗਿਆ। ਸਮਾਜ ਨੂੰ ਲੋਹੇ ਦੀਆਂ ਕੰਧਾਂ ਵਾਲੇ ਘਰ ਵਿੱਚ ਕੈਦ ਕਰਕੇ ਤੇ ਸੂਰਜ ਨੂੰ ਡੂੰਘੇ ਟੋਏ ਵਿੱਚ ਦੱਬ ਕੇ ਜਿਹੜੀ ਖੁੱਲ੍ਹ ਕਿਸੇ ਕੁੜੀ ਨਾਲ ਮਾਣੀ ਹੋਵੇ, ਉਸ ਤੋਂ ਵੱਡਾ ਤੇ ਗੰਢਵਾ ਗੁੰਦਵਾਂ ਰਿਸ਼ਤਾ ਕਿਸੇ ਤੀਵੀਂ ਨਾਲ ਧਰਤੀ ਦੀ ਕੁੰਡ 'ਤੇ ਹੋਰ ਕੋਈ ਨਹੀਂ।

ਉਸ ਦਾ ਧਿਆਨ ਬੈਠੇ ਬੈਠੇ ਦਾ ਦਫ਼ਤਰ ਦੀਆਂ ਉੱਚੀਆਂ ਉੱਚੀਆਂ ਕੰਧਾਂ ਨਾਲ ਲਟਕਦੀਆਂ ਸੈਨਿਕ ਸ਼ਹੀਦਾਂ ਦੀਆਂ ਤਸਵੀਰਾਂ ਵੱਲ ਚਲਿਆ ਗਿਆ। ਅੱਜ ਉਸ ਨੇ ਮੂੰਹ ਦੀ ਹਜਾਮਤ ਵੀ ਨਹੀਂ ਸੀ ਕੀਤੀ। ਉਸ ਨੇ ਆਪਣੇ ਚਿਹਰੇ 'ਤੇ ਹੱਥ ਫੇਰਿਆ। ਦਾੜ੍ਹੀ ਦੇ ਕਰਚੇ ਰੜਕਦੇ ਉਸ ਨੂੰ ਇਉਂ ਲੱਗੇ ਜਿਵੇਂ ਉਸ ਦੇ ਦਿਮਾਗ਼ ਵਿੱਚ ਕਈ ਯਾਦਾਂ ਰੜਕਦੀਆਂ ਹੋਣ ਤੇ ਉਸ ਦਾ ਮਨ ਛਿੱਲਿਆ ਜਾ ਰਿਹਾ ਹੋਵੇ। ਫਿਰ ਉਸ ਨੂੰ ਯਾਦ ਆਇਆ ਕਿ ਲਖ਼ਬੀਰ ਵੀ ਇੱਕ ਫ਼ੌਜੀ ਨਾਲ ਵਿਆਹੀ ਗਈ ਸੀ। ਉਸ ਦੇ ਵਿਆਹ ਤੋਂ ਪਿੱਛੋਂ ਉਹ ਉਸ ਨੂੰ ਕਦੇ ਵੀ ਨਹੀਂ ਸੀ ਮਿਲੀ। ਪਤਾ ਨਹੀਂ ਉਹ ਹੁਣ ਕਿਹੋ ਜਿਹੀ ਹੋਵੇਗੀ? ਹੁਣ ਤਾਂ ਉਸ ਦੇ ਕਈ ਜਵਾਕ ਹੋ ਗਏ ਹੋਣਗੇ? ਉਸ ਦਾ ਫ਼ੌਜੀ ਹੁਣ

ਤਾਂ ਕੋਈ ਤਰੱਕੀ ਕਰ ਗਿਆ ਹੋਣੈ? ਜਾਂ ਹੋ ਸਕਦੈ ਚੀਨ ਦੀ ਲੜਾਈ ਜਾਂ ਪਾਕਿਸਤਾਨ ਦੀ ਲੜਾਈ ਵਿੱਚ ਸ਼ਹੀਦ ਹੋ ਗਿਆ ਹੋਵੇ?

ਉਸ ਦੇ ਮਨ ਵਿੱਚ ਇਹ ਉਤਰਾਅ ਚੜ੍ਹਾ ਉੱਠ ਰਹੇ ਸਨ ਕਿ ਇੱਕ ਮਾਸਟਰ ਹਰਖਿਆ ਹੋਇਆ ਇੱਕ ਮੁੰਡੇ ਨੂੰ ਡੌਲਿਓਂ ਫੜੀ ਅੰਦਰ ਆਇਆ। ਕਹਿੰਦਾ-ਦੇਖੋ ਜੀ, ਸਾਰੇ ਮੁੰਡਿਆਂ ਦਾ ਦਾਖ਼ਲਾ ਆ ਗਿਆ। ਇਸ ਮੁੰਡੇ ਨੇ ਲਹੂ ਪੀ ਲਿਐ। ਦਾਖ਼ਲਾ ਈ ਲਿਆ ਕੇ ਨ੍ਹੀਂ ਦਿੰਦਾ। ਦੱਸੋਂ, ਆਹ ਥੋਡੇ ਸਾਹਮਣੇ ਖੜੈ।' ਐਨੀ ਗੱਲ ਕਹਿ ਕੇ ਮਾਸਟਰ ਤਾਂ ਚਲਿਆ ਗਿਆ ਤੇ ਉਹ ਮੁੰਡਾ ਓਥੇ ਹੀ ਪ੍ਰਿੰਸੀਪਲ ਦੀ ਮੇਜ਼ ਕੋਲ ਖੜ੍ਹਾ ਰਿਹਾ।

'ਤੇਰਾ ਪਿਓ ਕੀ ਕੰਮ ਕਰਦਾ?' ਪ੍ਰਿੰਸੀਪਲ ਨੇ ਪੁੱਛਿਆ।

'ਮੈਂ ਤਾਂ ਜੀ ਆਪਣੇ ਮਾਮੇ ਕੋਲ ਰਹਿਨਾਂ। ਮੇਰਾ ਮਾਮਾ ਐਥੇ ਪਟਵਾਰੀ ਐ।' ਮੁੰਡੇ ਨੇ ਡਰ ਡਰ ਕੇ ਜਵਾਬ ਦਿੱਤਾ।

'ਫੀਸ ਤੇਰੀ ਫੇਰ ਬਾਰਾਂ ਰੁਪਈਏ ਕੌਣ ਦਿਊ? ਜਾਅ ਆਪਣੇ ਮਾਮੇ ਨੂੰ ਬੁਲਾ ਕੇ ਲਿਆ।' ਉਸ ਨੇ ਝਿੜਕ ਕੇ ਕਿਹਾ।

ਬਿੱਟੂ ਦਾ ਮਾਮਾ ਤਾਂ ਘਰ ਨਹੀਂ ਸੀ। ਬਿੱਟੂ ਦੀ ਮਾਂ ਆਈ ਹੋਈ ਸੀ। ਉਹ ਉਹ ਦੇ ਨਾਲ ਸਕੂਲ ਆ ਗਈ। ਦਫ਼ਤਰ ਵਿੱਚ ਜਦ ਉਹ ਆ ਕੇ ਵੜੀ ਪ੍ਰਿੰਸੀਪਲ ਦੇ ਮੂੰਹ ਨੂੰ ਦੇਖ ਕੇ ਥਾਂ ਦੀ ਥਾਂ ਖੜ੍ਹੀ ਰਹਿ ਗਈ। ਇਹ ਬੰਦਾ ਸ਼ਾਇਦ ਉਸ ਨੇ ਕਦੇ ਦੇਖਿਆ ਸੀ। ਪ੍ਰਿੰਸੀਪਲ ਨੇ ਜਦ ਬਿੱਟੂ ਦੇ ਨਾਲ ਉਸ ਔਰਤ ਨੂੰ ਦੇਖਿਆ ਤਾਂ ਚੁੱਪ ਦਾ ਚੁੱਪ ਬੈਠਾ ਰਿਹਾ ਗਿਆ। ਇਹ ਔਰਤ ਸ਼ਾਇਦ ਉਸ ਨੇ ਕਦੇ ਦੇਖੀ ਸੀ। ਦਿਲ ਕਰੜਾ ਕਰਕੇ ਤੇ ਮੂੰਹ ਹੋਰ ਪਾਸੇ ਭੰਵਾ ਕੇ ਪ੍ਰਿੰਸੀਪਲ ਨੇ ਪੁੱਛਿਆ-'ਇਹ ਥੋਡਾ ਲੜਕੈ ਜੀ?'

'ਹਾਂ ਜੀ, ਵੀਰ ਜੀ ਤਸੀਲ ਗਏ ਹੋਏ ਨੇ। ਅੱਜ ਆ 'ਗੇ ਤਾਂ ਦਾਖ਼ਲਾ ਕੱਲ੍ਹ ਨੂੰ ਇਹ ਲੈ ਆਊਂ।' ਬਿੱਟੂ ਦੀ ਮਾਂ ਨੇ ਨੀਵੀਂ ਪਾ ਕੇ ਬੇਝਿਜਕ ਆਖ ਦਿੱਤਾ।

'ਬਿੱਟੂ ਦੇ ਬਾਪੂ ਜੀ ਕੀ ਕੰਮ ਕਰਦੇ ਐ?' ਜਿਵੇਂ ਉਸ ਦੇ ਅੰਦਰੋਂ ਸਵਾਲ ਉੱਠਿਆ ਹੋਵੇ।

'ਉਹ ਤਾਂ ਫ਼ੌਜ ਵਿੱਚ ਸੂਬੇਦਾਰ ਨੇ। ਐਸ ਮਹੀਨੇ ਉਨ੍ਹਾਂ ਦਾ ਮਨੀਆਰਡਰ ਈ ਨ੍ਹੀਂ ਆਇਆ।' ਬਿੱਟੂ ਦੀ ਮਾਂ ਦੱਸ ਰਹੀ ਸੀ। ਪ੍ਰਿੰਸੀਪਲ ਨੇ ਬਿੱਟੂ ਨੂੰ ਜਮਾਤ ਵਿੱਚ ਭੇਜ ਦਿੱਤਾ ਤੇ ਉਸ ਦੀ ਮਾਂ ਨੂੰ ਕੁਰਸੀ 'ਤੇ ਬੈਠਣ ਲਈ ਆਖਿਆ। ਆਪ ਪ੍ਰਿੰਸੀਪਲ ਅੱਠਵੀਂ ਜਮਾਤ ਦੇ ਇੰਚਾਰਜ ਕੋਲ ਚਲਿਆ ਗਿਆ। ਉਸ ਨੂੰ ਆਪਣੀ ਜੇਬ੍ਹ ਵਿਚੋਂ ਬਾਰਾਂ ਰੁਪਈਏ ਦੇ ਕੇ ਕਿਹਾ-'ਬਿੱਟੂ ਦੀ ਫ਼ੀਸ ਮਾਸਟਰ ਜੀ ਉਹ ਦੀ ਮਾਂ ਇਹ ਲੈ ਆਈ ਐ।' ਤੇ ਚਪੜਾਸੀ ਨੂੰ ਬੁਲਾ ਕੇ ਕਿਹਾ-'ਦਫ਼ਤਰ ਵਿੱਚ ਜਿਹੜੀ ਮਾਈ ਬੈਠੀ ਐ, ਉਸ ਨੂੰ ਕਹਿ ਦੇ-ਤੁਸੀਂ ਬੀਬੀ ਜੀ ਜਾਓ ਘਰ ਨੂੰ।'ਤੇ ਆਪ ਪ੍ਰਿੰਸੀਪਲ ਦੂਰ ਗੇਂਦੇ ਦੇ ਫੁੱਲਾਂ ਦੀ ਕਤਾਰ ਦੇ ਉਹਲੇ ਕੁਰਸੀ ਡਹਾ ਕੇ ਜਾ ਬੈਠਾ। ਸਾਰੀ ਛੁੱਟੀ ਹੋਣ ਤੱਕ ਉੱਥੇ ਹੀ ਬੈਠਾ ਰਿਹਾ। ਚਪੜਾਸੀ ਨੇ ਇੱਕ ਦੋ ਵਾਰੀ ਕੋਲ ਜਾ ਕੇ ਦੇਖਿਆ, ਪ੍ਰਿੰਸੀਪਲ ਦੀਆਂ ਅੱਖੀਆਂ ਗਿੱਲੀਆਂ ਸਨ। ਮਾਸਟਰ ਜੇ ਕੋਈ ਉਹ ਦੇ ਕੋਲ ਕੋਈ ਗੱਲ ਪੁੱਛਣ ਜਾਂਦਾ ਤਾਂ ਪ੍ਰਿੰਸੀਪਲ ਦਾ ਸੰਵਾਰ ਦੇ ਮੂੰਹ ਨਹੀਂ ਸੀ ਖੁੱਲ੍ਹਦਾ। ਸਾਰਾ ਸਕੂਲ ਹੈਰਾਨ ਸੀ-'ਖੁੱਦੋਂ ਵਾਂਗ ਟੱਪਦਾ ਬੁੜ੍ਹਕਦਾ ਤੇ ਵੱਢੂੰ ਖਾਊਂ ਕਰਦਾ ਪ੍ਰਿੰਸੀਪਲ ਅੱਜ ਐਨਾ ਚੁੱਪ ਕਿਉਂ ਐਂ?' ♦

# ਆਦਰਸ਼ਵਾਦੀ

ਉਹ ਦਾ ਆਦਰਸ਼ ਸੀ ਕਿ ਜਿੰਨਾ ਚਿਰ ਪਿਤਾ ਦੀ ਬਿਮਾਰੀ ਦਾ ਇਲਾਜ ਚੱਲਦਾ ਹੈ, ਉਹ ਵਿਆਹ ਨਹੀਂ ਕਰਵਾਏਗਾ। ਪਿਤਾ ਤਪਦਿਕ ਦਾ ਮਰੀਜ਼ ਸੀ। ਸਾਰਾ ਪੈਸਾ ਉਹ ਦੀ ਬਿਮਾਰੀ ’ਤੇ ਰੁੜ੍ਹੀ ਜਾਦਾ। ਉਹ ਦੇ ਮੁੱਕਣ ਨਾਲ ਹੀ ਉਹ ਦਾ ਇਲਾਜ ਮੁੱਕਣਾ ਸੀ।

ਹਰੀਸ਼ ਸਤਾਈ-ਅਠਾਈ ਸਾਲ ਦਾ ਹੋ ਚੁੱਕਿਆ ਸੀ ਤੇ ਬੀ. ਏ. ਪਾਸ ਕੀਤੀ ਹੋਈ ਸੀ। ਨੌਕਰੀ ਕੋਈ ਮਿਲੀ ਨਾ ਤਾਂ ਉਹ ਘਰ ਦੀ ਦੁਕਾਨ ’ਤੇ ਹੀ ਬੈਠ ਗਿਆ। ਉਨ੍ਹਾਂ ਦੀ ਗੁੜ-ਚਾਹ ਦੀ ਦੁਕਾਨ ਸੀ। ਪਿੰਡਾਂ ਦੀ ਗਾਹਕੀ ਸੀ। ਨੇੜੇ ਤੇੜੇ ਦੇ ਦਸ ਪਿੰਡ ਉਨ੍ਹਾਂ ਦੀ ਦੁਕਾਨ ’ਤੇ ਆਉਂਦੇ। ਲਾਲਾ ਜੀ ਵੇਲੇ ਦੀ ਪੁਰਾਣੀ ਪੈਂਠ ਸੀ। ਭਾਵ ਇੱਕ ਤੇ ਚੀਜ਼ ਖ਼ਰੀ। ਪਰ ਜਦ ਤੋਂ ਲਾਲਾ ਜੀ ਮੰਜੇ ’ਤੇ ਪੈ ਗਏ, ਦੁਕਾਨ ਦਾ ਕੰਮ ਵੀ ਖੁਚਲ ਗਿਆ। ਕਾਰਨ ਵੱਡਾ ਭਾਈ ਸ਼ਰਾਬੀ ਸੀ ਤੇ ਦੁਕਾਨ ’ਤੇ ਟਿਕ ਕੇ ਨਹੀਂ ਬੈਠਦਾ ਸੀ। ਅਖ਼ੀਰ ਦੁਕਾਨ ਦਾ ਕੰਮ ਹਰੀਸ਼ ਨੂੰ ਸੰਭਾਲਣਾ ਪੈ ਗਿਆ, ਨਹੀਂ ਤਾਂ ਘਰ ਕਿਵੇਂ ਤੁਰਦਾ। ਪਿਤਾ ਦੀ ਬਿਮਾਰੀ ਅਲੱਗ ਤੇ ਵੱਡੇ ਭਾਈ ਦੀ ਕਬੀਲਦਾਰੀ ਅਲੱਗ।

ਵੱਡਾ ਭਾਈ ਬਾਲ ਬੱਚੇਦਾਰ ਸੀ। ਦੋ ਬੱਚੇ ਸਨ, ਇੱਕ ਮੁੰਡਾ ਤੇ ਇੱਕ ਕੁੜੀ। ਛੋਟੇ-ਛੋਟੇ ਬੱਚੇ ਹਨ। ਭਰਜਾਈ ਚੰਗੇ ਘਰ ਦੀ ਧੀ ਸੀ। ਪੁੱਜ ਕੇ ਨੇਕ ਤੇ ਸਾਊ। ਉਹ ਪਤੀ ਦੀ ਸ਼ਰਾਬ ਨੂੰ ਨਿੰਦਣ ਲੱਗਦੀ ਤਾਂ ਉਹ ਨੂੰ ਭੰਨ੍ਹ ਸੁੱਟਦਾ। ਮਾਂ ਦੀ ਕੌਣ ਸੁਣਦਾ ਸੀ। ਮਾਂ ਕਰਕੇ ਹੀ ਤਾਂ ਉਹ ਟਿਕੀ ਹੋਈ ਸੀ। ਮਾਂ ਜਿਵੇਂ ਉਹ ਦੀ ਸਕੀ ਮਾਂ ਹੋਵੇ। ਉਹ ਧੀਆਂ ਜਿਹਾ ਮੋਹ ਕਰਦੀ ਨੂੰਹ ਨੂੰ। ਮਾਂ ਨਾ ਹੁੰਦੀ ਤਾਂ ਉਹ ਕਦੋਂ ਦੀ ਸ਼ਰਾਬੀ ਬੰਦੇ ਨੂੰ ਛੱਡ ਕੇ ਤੁਰ ਗਈ ਹੁੰਦੀ। ਉਹ ਨੂੰ ਪੇਕਿਆਂ ਦੀ ਲਾਜ ਵੀ ਮਾਰਦੀ। ਸਹੁਰੇ ਦਾ ਨਾਉਂ ਬਦਨਾਮ ਹੋਣਾ ਸੀ। ਅਖੇ ਨੂੰਹ ਜੁਆਕ ਛੱਡ ਕੇ ਭੱਜ ਗਈ।

ਵੱਡਾ ਭਾਈ ਦੇਵ ਰਾਜ ਦੁਕਾਨ ’ਤੇ ਬਹਿੰਦਾ ਜ਼ਰੂਰ, ਪਰ ਅੱਖ ਬਚਾ ਕੇ ਗੱਲਾ ਸਾਫ਼ ਕਰ ਜਾਂਦਾ। ਉਦੋਂ ਹੀ ਪਤਾ ਲੱਗਦਾ, ਜਦੋਂ ਉਹ ਚੜ੍ਹੀਆਂ ਅੱਖਾਂ ’ਤੇ ਥਿੜਕਦੇ ਪੈਰਾਂ ਨਾਲ ਘਰ ਵੜਦਾ। ਰੋਟੀ ਖਾਣ ਲਈ ਸ਼ੋਰ ਮਚਾਉਂਦਾ। ਨੂੰਹ ਸੱਸ ਵਿਹੜੇ ਵਿੱਚ ਭੱਜੀਆਂ ਫਿਰਦੀਆਂ। ਪੁੱਤ ਕਾਹਦਾ ਸੀ-ਠਾਣੇਦਾਰ ਸੀ।

ਇੱਕ ਤਰ੍ਹਾਂ ਨਾਲ ਫੇਰ ਤਾਂ ਹਰੀਸ਼ ਹੀ ਘਰ ਦਾ ਥੰਮ ਸੀ। ਪਿਤਾ ਦੀ ਬਿਮਾਰੀ ਤੇ ਵੱਡੇ ਭਾਈ ਦੇ ਨਿੱਤ ਦੇ ਕੰਜਰਖ਼ਾਨੇ ਵਿੱਚ ਉਹ ਕਿਸੇ ਬਿਗਾਨੀ ਧੀ ਨੂੰ ਕਿਵੇਂ ਲਿਆ ਕੇ ਫਸਾ ਦਿੰਦਾ। ਉਹ ਨੇ ਕੁੰਵਾਰਾ ਰਹਿਣਾ ਹੀ ਠੀਕ ਸਮਝਿਆ।

ਹਰੀਸ਼ ਨੇ ਦੁਕਾਨ ਦਾ ਕੰਮ ਲਾਲਾ ਜੀ ਵਾਂਗ ਹੀ ਤੋਰ ਲਿਆ। ਪਿੰਡਾਂ ਦੇ ਲੋਕ ਪਹਿਲਾਂ ਵਾਂਗ ਹੀ ਸੌਦਾ ਲੈਣ ਆਉਣ ਲੱਗੇ। ਬੇਥਾਹ ਆਮਦਨ ਸੀ। ਦੁਕਾਨ 'ਤੇ ਹਰੀਸ਼ ਪੂਰਾ ਸਮਾਂ ਬੈਠਦਾ ਤੇ ਗੱਲੇ ਵਿੱਚ ਨਿਗਾਹ ਰੱਖਦਾ। ਦੇਵ ਰਾਜ ਦੁਕਾਨ 'ਤੇ ਆਉਣਾ ਹੀ ਛੱਡ ਗਿਆ। ਉਹ ਮਾਂ ਤੋਂ ਪੈਸੇ ਲੈ ਜਾਂਦਾ ਜਾਂ ਆਪਣੀ ਬਹੂ ਤੋਂ। ਮਾਂ ਦੀਆਂ ਮਿੰਨਤਾ ਕਰਦਾ, ਬਹੂ ਨੂੰ ਡਰਾਉਂਦਾ ਧਮਕਾਉਂਦਾ। ਬਹੂ ਨੂੰ ਆਖਦਾ-'ਮੈਂ ਜ਼ਹਿਰ ਖਾ ਕੇ ਮਰ ਜਾਣੈ।' ਮਾਂ ਨੂੰ ਆਖਦਾ-'ਮੇਰੇ ਪੇਡੂ 'ਚ ਦਰਦ ਐ। ਮਰ ਜੂੰ ਮਾਂ ਮੈਂ। ਬੱਸ ਪਊਆ ਇੱਕ ਅੰਦਰ ਗਈ ਨੀ, ਤੇ ਠੀਕ ਹੋਇਆ ਨ੍ਹੀਂ। ਮੈਂ ਸ਼ਰਾਬ ਥੋੜ੍ਹਾ ਪੀਨਾਂ, ਦੁਆਈ ਐ ਮੇਰੀ ਤਾਂ ਇਹ।'

ਹਰੀਸ਼ ਸਾਹਮਣੇ ਦੇਵ ਰਾਜ ਅੱਖ ਨਹੀਂ ਚੁੱਕਦਾ ਸੀ। ਹਰੀਸ਼ ਘਰ ਹੁੰਦਾ ਤਾਂ ਦੇਵ ਰਾਜ ਘਰੋਂ ਬਾਹਰ ਹੋ ਜਾਂਦਾ। ਹਰੀਸ਼ ਕਦੇ ਉਹ ਨੂੰ ਸਮਝਾਉਣ ਲੱਗਦਾ ਤਾਂ ਉਹ ਗੰਨਰਵੱਟਾ ਬਣਿਆ ਸੁਣਦਾ ਰਹਿੰਦਾ। ਜਵਾਬ ਕੋਈ ਨਾ ਦਿੰਦਾ। ਹਰੀਸ਼ ਪੁੱਛਦਾ-'ਤੂੰ ਦੁੱਖ ਤਾਂ ਦੱਸ, ਤੈਨੂੰ ਕੀਹ ਐ? ਕਿਉਂ ਪੀਨੈਂ ਸ਼ਰਾਬ? ਬਾਈ ਜੀ ਕੰਨੀ ਤਾਂ ਦੇਖ। ਆਪਣੇ ਜੁਆਕਾਂ ਦਾ ਸੋਚ।' ਉਹ ਕਿੰਨਾ ਮੱਥਾ ਮਾਰੀ ਜਾਂਦਾ। ਬੋਲ ਬੋਲ ਉਹ ਦੀ ਜ਼ੁਬਾਨ ਸੁੱਕਣ ਲੱਗਦੀ, ਪਰ ਵੱਡਾ ਭਾਈ ਚੁੱਪ ਰਹਿੰਦਾ। ਕਦੇ ਕਦੇ ਹਰੀਸ਼ ਵੱਲ ਲਾਲ ਅੱਖਾਂ ਕੱਢ ਕੇ ਝਾਕਦਾ। ਜਿਵੇਂ ਉਹ ਨੂੰ ਖਾ ਜਾਣਾ ਹੋਵੇ। ਹਰੀਸ਼ ਗੁੱਸਾ ਨਾ ਕਰਦਾ। ਸ਼ਾਂਤ ਸੁਭਾਅ ਉਹ ਨੂੰ ਸਮਝਾਉਂਦਾ ਰਹਿੰਦਾ। ਆਖਦਾ-'ਇਉਂ ਨਿੱਤ ਦੀ ਸ਼ਰਾਬ ਨਾਲ ਤੇਰੇ ਫੇਫੜੇ ਗਲ ਜਾਣਗੇ। ਮਰ ਜੇਂ 'ਗਾ। ਤੇਰੇ ਜੁਆਕਾਂ ਨੂੰ ਕੌਣ ਸਾਂਭੂ? ਭਾਬੀ ਦਾ ਕੀ ਬਣੂ?'

ਇੱਕ ਦਿਨ ਵੱਡਾ ਭਾਈ ਬੋਲ ਉੱਠਿਆ-'ਹਰੀਸ਼, ਤੂੰ ਮੇਰਾ ਕੰਮ ਕਰਦੇ।'

'ਦੱਸ, ਕੀ ਕੰਮ ਐ ਤੇਰਾ?'

'ਪਊਏ ਤੋਂ ਵੱਧ ਪੈਸੇ ਨ੍ਹੀਂ ਲੱਗਣੇ।'

'ਗੱਲ ਵੀ ਕਰ।'

ਸਾਰਾ ਟੱਬਰ ਦੇਵ ਰਾਜ ਦੀ ਗੱਲ ਸੁਣਨ ਨੂੰ ਤਿਆਰ ਖੜ੍ਹਾ ਸੀ।

ਉਹ ਬੋਲਿਆ-'ਮੈਨੂੰ ਜ਼ਹਿਰ ਲਿਆ ਦੇ।ਮੈਂ ਜਿਊਣਾ ਨ੍ਹੀਂ ਚਾਹੁੰਦਾ।'

ਗੱਲ ਸੁਣ ਕੇ ਸਭ ਹੱਸਣ ਲੱਗੇ। ਹਰੀਸ਼ ਨਹੀਂ ਹੱਸਿਆ। ਬੋਲਿਆ-'ਜ਼ਹਿਰ ਤੂੰ ਨਿੱਤ ਪੀਨੈਂ। ਹੋਰ ਕੀਹ ਐ ਏਹੇ। ਹੌਲੀ-ਹੌਲੀ ਮਰ ਵੀ ਜਾਏਂਗਾ। ਜੇ ਐਡਾ ਈ ਮਰਨ ਦਾ ਚਾਅ ਐ ਤੈਨੂੰ।'

ਤੇ ਫੇਰ ਦੇਵ ਰਾਜ ਰੋਣ ਲੱਗ ਪਿਆ। ਉਹ ਦੇ ਰੋਣ ਨਾਲ ਕਿਸੇ ਨੂੰ ਕੋਈ ਹਮਦਰਦੀ ਨਹੀਂ ਸੀ।

ਹਰੀਸ਼ ਭਰਜਾਈ ਨੂੰ ਆਖਦਾ-'ਭਾਬੀ, ਤੂੰ ਚੁੱਪ ਕਰਕੇ ਆਵਦੇ ਜੁਆਕ ਪਾਲ। ਇਹ ਦਾ ਤਾਂ ਹੁਣ ਦਿੱਸਦਾ ਈ ਐ।'

ਦੇਵ ਰਾਜ ਦੇ ਦੋਵੇਂ ਬੱਚੇ ਹਰੀਸ਼ ਦਾ ਮੋਹ ਕਰਦੇ, ਜਿਵੇਂ ਉਹੀਂ ਉਨ੍ਹਾਂ ਦਾ ਬਾਪ ਹੋਵੇ। ਉਨ੍ਹਾਂ ਦਾ ਬਾਪ ਦੇਵ ਰਾਜ ਤਾਂ ਕੋਈ ਚੰਡਾਲ ਸੀ, ਜਿਹੜਾ ਨਿੱਤ ਉਨ੍ਹਾਂ ਦੀ ਮਾਂ ਨੂੰ ਪਸ਼ੂ ਵਾਂਗ ਕੁੱਟ ਦਿੰਦਾ।

ਇਹ ਨਹੀਂ ਕਿ ਹਰੀਸ਼ ਨੂੰ ਵੱਡੇ ਭਾਈ ਨਾਲ ਕੋਈ ਮੋਹ ਨਹੀ ਰਹਿ ਗਿਆ, ਬਹੁਤ ਮੋਹ ਸੀ। ਉਹ ਨੇ ਦੋ ਵਾਰ ਉਹ ਦਾ ਇਲਾਜ ਕਰਵਾਇਆ। ਸ਼ਰਾਬ ਉਹ ਛੱਡ ਵੀ ਜਾਂਦਾ, ਪਰ ਮਹੀਨਾ

ਮਸ੍ਹਾਂ ਨਿਕਲਦਾ। ਫੇਰ ਪੀ ਲੈਂਦਾ। ਸ਼ਰਾਬ ਪੀਣ ਕਰਕੇ ਹੀ ਉਹ ਕਈ ਵਾਰ ਬਿਮਾਰ ਹੋਇਆ। ਭੁੱਖ ਮਰ ਜਾਂਦੀ। ਮੂੰਹ ਪੱਕ ਜਾਂਦਾ। ਸਿਰ ਫੱਟਦਾ। ਤਿੰਨ ਤਿੰਨ ਦਿਨ ਟੱਟੀ ਨਾ ਆਉਂਦੀ। ਮਰਨ ਕਿਨਾਰੇ ਪਹੁੰਚ ਜਾਂਦਾ ਤੇ ਮੰਜੇ ਵਿੱਚ ਪਿਆ ਹਾਏ-ਹਾਏ ਕਰਦਾ। ਹਰੀਸ਼ ਰਿਕਸ਼ਾ ਵਿੱਚ ਬਿਠਾ ਕੇ ਉਹ ਨੂੰ ਡਾਕਟਰ ਕੋਲ ਲੈ ਜਾਂਦਾ। ਡਾਕਟਰ ਦੇਖਣਸਾਰ ਹੱਸਣ ਲੱਗਦਾ। ਆਖਦਾ-'ਪਊਆ ਲੈ ਦਿਓ। ਬੱਸ ਇਹੀ ਬਿਮਾਰੀ ਐ ਇਹ ਨੂੰ।'

ਹਰੀਸ਼ ਵੀ ਹੱਸਦਾ-'ਨਹੀਂ ਮ੍ਹਾਰਾਜ, ਇਹ ਪਊਏ ਕਰਕੇ ਈ ਬਿਮਾਰ ਐ।'

ਹੁਣ ਘਰ ਵਿੱਚ ਦੋ ਮਰੀਜ਼ ਸਨ-ਲਾਲਾ ਜੀ ਤੇ ਵੱਡਾ ਭਾਈ। ਦੋਵਾਂ ਦਾ ਕੋਈ ਇਲਾਜ ਨਹੀਂ ਸੀ। ਬੱਸ ਓਹੜ ਪੋਹੜ ਸੀ। ਓਹੜ ਪੋਹੜ ਤਾਂ ਚੱਲੀ ਜਾ ਰਿਹਾ ਸੀ। ਪਹਿਲਾਂ ਲਾਲਾ ਜੀ ਚਲੇ ਗਏ ਤੇ ਫੇਰ ਵੱਡਾ ਭਾਈ।

ਘਰ ਦਾ ਬੋਝ ਜਿਵੇਂ ਹਲਕਾ ਹੋ ਗਿਆ ਹੋਵੇ, ਹਲਕਾ ਕੀ ਬਿਲਕੁੱਲ ਹੀ ਚੁੱਕਿਆ ਗਿਆ। ਪਰ ਹਰੀਸ਼ ਦੀ ਮਾਂ ਲਈ ਦੋਵਾਂ ਦਾ ਵੱਡਾ ਦੁੱਖ ਸੀ। ਹਰੀਸ਼ ਲਈ ਚੰਗਾ ਸੀ ਕਿ ਦੋਵੇਂ ਮੁੱਕ ਗਏ। ਪਰ ਦੇਵ ਰਾਜ ਦੀ ਘਰਵਾਲੀ ਲਈ ਨਵਾਂ ਸੰਕਟ ਖੜ੍ਹਾ ਹੋ ਗਿਆ। ਉਹ ਦਾ ਹੁਣ ਘਰ ਵਿੱਚ ਕੀ ਰਹਿ ਗਿਆ ਸੀ। ਬੱਚਿਆਂ ਨੂੰ ਉਹ ਕੀ ਕਰਦੀ? ਉਹ ਦੀ ਪਹਾੜ ਜਿੱਡੀ ਜ਼ਿੰਦਗੀ ਸਾਹਮਣੇ ਖੜ੍ਹੀ ਸੀ। ਉਹ ਦੀ ਉਮਰ ਹੀ ਕੀ ਸੀ ਕਿ ਹੁਣੇ ਤੋਂ ਰੰਡੇਪਾ ਕੱਟਣ ਲੱਗਦੀ।

ਹਰੀਸ਼ ਨੇ ਆਖਿਆ-'ਭਾਬੀ ਨੂੰ ਬੈਠੀ ਰਹਿ। ਤੇਰੇ ਜੁਆਕ ਮੈਂ ਪਾਲੂੰ। ਮੈਂ ਪੜ੍ਹਾਊਂ ਵਿਆਹੂੰ ਇਨ੍ਹਾਂ ਨੂੰ। ਤੇਰੀ ਸਾਰੀ ਉਮਰ ਸੇਵਾ ਕਰੂੰ।

ਉਹ ਕਹਿੰਦੀ-'ਇਉਂ ਨ੍ਹੀਂ, ਤੂੰ ਮੈਨੂੰ ਆਵਦੇ ਸਿਰ ਧਰ ਲੈ। ਮੇਰੇ 'ਤੇ ਚਾਦਰ ਪਾ ਲੈ। ਮੇਰਾ ਸਿਰ ਢੱਕਦੇ।'

ਹਰੀਸ਼ ਨੇ ਰੋ ਕੇ ਕਿਹਾ-'ਭਾਬੀ, ਤੂੰ ਵੱਡੀ ਐਂ, ਤੂੰ ਵੱਡੀ ਐਂ, ਤੂੰ ਮੇਰੀ ਮਾਂ ਐਂ! ਇਉਂ ਕਦੇ ਨ੍ਹੀਂ ਹੋ ਸਕਦਾ।

'ਤਾਂ ਫੇਰ ਐਨੀ ਮਿਹਰਬਾਨੀ ਕਰੋ ਤੁਸੀਂ ਮੇਰੇ 'ਤੇ, ਮਾਂ ਤੇ ਤੂੰ। ਤੁਸੀਂ ਮੇਰੇ ਜੁਆਕ ਸੰਭਾਲ ਲੋ। ਮੈਂ ਆਵਦਾ ਠਿਕਾਣਾ ਕਰੂੰਗੀ।' ਭਰਜਾਈ ਨੇ ਗੱਲ ਤੋੜ ਦਿੱਤੀ। ਪੇਕਿਆਂ ਨੂੰ ਇਕੱਲੀ ਗਈ, ਉਹ ਮੁੜ ਕੇ ਨਹੀਂ ਆਈ। ਮਾਪਿਆਂ ਨੇ ਉਹ ਨੂੰ ਕਿਤੇ ਹੋਰ ਬਿਠਾ ਦਿੱਤਾ ਸੀ।

ਘਰ ਜਿਵੇਂ ਖ਼ਾਲੀ ਹੋ ਗਿਆ ਹੋਵੇ। ਮਾਂ ਸੀ, ਵੱਡੇ ਭਾਈ ਦੇ ਦੋਵੇਂ ਯਤੀਮ ਬੱਚੇ ਤੇ ਹਰੀਸ਼ ਆਪ। ਹਰੀਸ਼ ਦਾ ਆਦਰਸ਼ ਕਿ ਉਹ ਭਤੀਜੇ ਤੇ ਭਤੀਜੀ ਨੂੰ ਮਾਂ ਬਾਪ ਵਾਂਗ ਪਾਲੇਗਾ। ਉਨ੍ਹਾਂ ਨੂੰ ਕਦੇ ਮਹਿਸੂਸ ਨਹੀਂ ਹੋਣ ਦੇਵੇਗਾ ਕਿ ਉਹ ਉਨ੍ਹਾਂ ਦਾ ਬਾਪ ਨਹੀਂ ਹੈ ਜਾਂ ਮਾਂ ਨਹੀਂ ਹੈ।

ਪਰ ਮਾਂ ਨਿੱਤ ਕਲੇਸ਼ ਰੱਖਦੀ। ਰੋਣ ਪਿੱਟਣ ਬੈਠ ਜਾਂਦੀ-'ਵੇ ਹਰੀਸ਼, ਮੈਂ ਤੇਰਾ ਕੀ ਦੇਖ ਲਿਆ ਵੇ? ਤੂੰ ਵਿਆਹ ਕਿਉਂ ਨ੍ਹੀਂ ਕਰਵਾਉਂਦਾ? ਜਾਂ ਤੇਰੇ 'ਚ ਨੁਕਸ ਦੱਸ ਕੀਹ ਐ? ਤੂੰ ਵਿਆਹ ਕਰਾ ਲੈ ਭਾਈ, ਮੇਰੀ ਜਾਨ ਸੁਖਾਲੀ ਨਿਕਲ ਜੂ 'ਗੀ।'

ਮਾਂ ਦੇ ਨਿੱਤ ਦੇ ਕਲੇਸ਼ ਤੋਂ ਤੰਗ ਆ ਕੇ ਉਹ ਨੇ ਵਿਆਹ ਕਰਵਾ ਲਿਆ। ਜਿਵੇਂ ਮਾਂ ਦੀ ਖ਼ਾਤਰ ਹੀ ਵਿਆਹ ਕਰਵਾਇਆ ਹੋਵੇ। ਕਦੇ ਕਦੇ ਉਹ ਨੂੰ ਇੰਝ ਲੱਗਦਾ,

ਜਿਵੇਂ ਵਿਆਹ ਤਾਂ ਉਹ ਦੇ ਲਈ ਬਹੁਤ ਜ਼ਰੂਰੀ ਸੀ। ਇਸ ਵਿੱਚ ਤਾਂ ਅਨੰਦ ਹੀ ਬੜਾ ਹੈ। ਦੁਕਾਨ ਦੇ ਰੁਝੇਵਿਆਂ ਵਿੱਚ ਉਹ ਤਾਂ ਇਸ ਅਨੰਦ ਤੋਂ ਵਾਂਝਾ ਹੀ ਬੈਠਾ ਸੀ। ਉਹ ਦੀ ਪਤਨੀ ਬੜੀ ਸ਼ੈਲ ਜੁਆਨ ਸੀ। ਪਤਨੀ ਦੀਆਂ ਮੋਟੀਆਂ ਅੱਖਾਂ ਦੇ ਸੰਸਾਰ ਵਿੱਚ ਉਹ ਦੀ ਪਤਨੀ ਦੇਵਕੀ ਕਸ਼ਮੀਰ ਦਾ ਅੰਬਰੀ ਸੇਬ ਸੀ ਨਿਰਾ। ਗੋਰੀ ਚਿੱਟੀ, ਉੱਚੇ ਕੱਦ ਵਾਲੀ ਤੇ ਸਰੀਰ ਦੀ ਭਰਵੀਂ। ਦੇਵਕੀ ਆਈ ਸੀ ਤਾਂ ਘਰ ਭਰ ਗਿਆ। ਵਿਹੜੇ ਦੀ ਖ਼ੁਸ਼ੀ ਡੁੱਲ੍ਹ ਡੁੱਲ੍ਹ ਪੈਂਦੀ। ਮਾਂ ਖ਼ੁਸ਼ ਸੀ ਕਿ ਉਹਨੂੰ ਅਜਿਹੀ ਸੁਪਾਤਰ ਨੂੰਹ ਮਿਲ ਗਈ ਹੈ। ਬੰਟੀ ਤੇ ਰਾਣੀ ਬਹੁਤ ਖ਼ੁਸ਼ ਸਨ ਕਿ ਉਨ੍ਹਾਂ ਦੀ ਮਾਂ ਵਾਪਸ ਆ ਗਈ ਹੈ। ਦੇਵਕੀ ਜੇਠ ਦੇ ਬੱਚਿਆਂ ਨੂੰ ਬਹੁਤ ਪਿਆਰ ਕਰਦੀ। ਉਨ੍ਹਾਂ ਨਾਲ ਬੱਚਿਆਂ ਵਾਂਗ ਹੀ ਖੇਡਦੀ ਰਹਿੰਦੀ। ਮਾਂ ਤੇ ਹਰੀਸ਼ ਨੂੰ ਪਿਛਲੇ ਸਾਰੇ ਦੁੱਖ ਭੁੱਲ ਗਏ।

ਰਾਤ ਨੂੰ ਰਾਣੀ ਮਾਂ ਨਾਲ ਪੈਂਦੀ ਤੇ ਬੰਟੀ ਹਰੀਸ਼ ਨਾਲ। ਦੋਵੇਂ ਬੱਚੇ ਪਹਿਲੇ ਦਿਨੋਂ ਇੰਝ ਹੀ ਕਰਦੇ ਸਨ। ਰਾਣੀ ਮਾਂ ਨਾਲੋਂ ਅੱਡ ਪੈ ਕੇ ਸੌਂਦੀ ਨਹੀਂ ਸੀ ਤੇ ਬੰਟੀ ਹਰੀਸ਼ ਨਾਲੋਂ ਅੱਡ ਪੈ ਕੇ ਸੌਂਦਾ ਨਹੀਂ ਸੀ। ਹੁਣ ਜਦੋਂ ਦੇਵਕੀ ਸੀ, ਬੰਟੀ ਤਦ ਵੀ ਹਰੀਸ਼ ਨਾਲ ਸੌਂਦਾ। ਤਿੰਨੇ ਜਣੇ ਇੱਕੋ ਕਮਰੇ ਵਿੱਚ ਇੱਕੋ ਬੈੱਡ ’ਤੇ ਪੈਂਦੇ। ਹਰੀਸ਼ ਨੇ ਦੇਖਿਆ, ਬੰਟੀ ਰਾਤ ਨੂੰ ਸੌਂਦਾ ਨਹੀਂ। ਇੱਕ ਅੱਧੀ ਰਾਤ ਦੇਵਕੀ ਨੇ ਅਚਾਨਕ ਬੱਤੀ ਜਗਾ ਦਿੱਤੀ। ਬੰਟੀ ਅੱਖਾਂ ਖੋਲ੍ਹੀ ਪਿਆ ਸੀ। ਦੇਵਕੀ ਗੱਲੀਂ ਗੱਲੀਂ ਕਈ ਵਾਰ ਹਰੀਸ਼ ਨੂੰ ਸਮਝਾ ਚੁੱਕੀ ਸੀ ਕਿ ਦੇਖੋ ਮੁੰਡੇ ’ਤੇ ਬੁਰਾ ਅਸਰ ਪੈ ਰਿਹਾ ਹੈ। ਇਹ ਸਾਰੀ ਰਾਤ ਜਾਗਦਾ ਰਹਿੰਦਾ ਹੈ। ਇਹ ਗੱਲ ਚੰਗੀ ਨਹੀਂ। ਇਹ ਨੂੰ ਮਾਂ ਕੋਲ ਪਾਇਆ ਕਰੋ।

ਅਗਲੀ ਰਾਤ ਬੰਟੀ ਮਾਂ ਕੋਲ ਮੰਜਾ ਡਾਹ ਕੇ ਪਾ ਦਿੱਤਾ ਗਿਆ, ਪਰ ਉਹ ਤਾਂ ਰੋ ਰਿਹਾ ਸੀ–‘ਹੁਬਕੀਂ ਹੁਬਕੀਂ। ਆਖ ਰਿਹਾ ਸੀ–ਚਾਚੇ ਨਾਲ ਪੈਣੈ। ਮਾਂ ਨੇ ਪੁੱਚ ਪੁੱਚ ਕਰਕੇ ਉਹ ਨੂੰ ਸਮਝਇਆ। ਹਰੀਸ਼ ਨੇ ਪਿਆਰ ਨਾਲ ਉਹ ਨੂੰ ਗੱਲਾਂ ਆਖੀਆਂ, ਪਰ ਉਹ ਸਮਝਦਾ ਨਹੀਂ ਸੀ। ਆਕੜ ਆਕੜ ਬੋਲਦਾ ‘ਨਹੀਂ ਪੈਣਾ ਮੈਂ ਐਥੇ। ਮੈਂ ਤੇਰੇ ਬੈੱਡ ’ਤੇ ਪਊਂਗਾ।’ ਤੇ ਉਸ ਰਾਤ ਹਰੀਸ਼ ਨੇ ਬੰਟੀ ਦੇ ਚਪੇੜਾਂ ਮਾਰੀਆਂ ਸਨ। ਬੰਟੀ ਨੂੰ ਉਹ ਨੇ ਪਹਿਲੀ ਵਾਰੀ ਕੁੱਟਿਆ ਸੀ। ਬੰਟੀ ਤਾਂ ਰੋਂਦਾ ਧਸਿਆਂਦਾ ਪੈ ਗਿਆ, ਪਰ ਉਸ ਰਾਤ ਹਰੀਸ਼ ਨੂੰ ਸੰਵਾਰ ਕੇ ਨੀਂਦ ਨਹੀਂ ਆਈ।

ਦਿਨ ਗੁਜ਼ਰਦੇ ਗਏ। ਦੇਵਕੀ ਘੁੱਟੀ ਘੁੱਟੀ ਰਹਿਣ ਲੱਗੀ। ਉਹ ਨੂੰ ਲੱਗਦਾ ਉਹ ਦਾ ਪਤੀ ਉਹ ਦੀ ਕੋਈ ਵੀ ਗੱਲ ਨਹੀਂ ਮੰਨਦਾ। ਬੰਟੀ ਤੇ ਰਾਣੀ ਨੂੰ ਸੰਭਾਲਣ ਲਈ ਜਦੋਂ ਉਨ੍ਹਾਂ ਦੀ ਦਾਦੀ ਹੈ, ਉਹ ਆਪ ਕਿਉਂ ਉਨ੍ਹਾਂ ਦੀ ਮਾਂ ਬਣਿਆ ਰਹਿੰਦਾ ਹੈ। ਉਨ੍ਹਾਂ ਦਾ ਪਿਓ ਬਣਿਆ ਰਹਿੰਦਾ ਹੈ। ਖ਼ੁਦ ਹੀ ਕੁੜੀ ਦੇ ਸਿਰ ਦੇ ਵਾਲ ਧੋਣ ਬੈਠ ਜਾਂਦਾ ਹੈ। ਬੰਟੀ ਉਹ ਦੇ ਮਗਰ ਮਗਰ ਫਿਰਦਾ ਰਹਿੰਦਾ ਹੈ। ਮੁੰਡੇ ਨੇ ਕੋਈ ਮੰਗ ਮੂੰਹੋਂ ਕੱਢੀ ਨਹੀਂ ਤੇ ਉਹ ਦੇ ਪਤੀ ਨੇ ਝੱਟ ਪੂਰੀ ਕੀਤੀ ਨਹੀਂ। ਪੁਰਾਣਾ ਸਾਈਕਲ ਚੰਗਾ ਭਲਾ ਚੱਲਦਾ ਸੀ, ਨਵਾਂ ਲੈ ਕੇ ਦੇਣ ਦੀ ਕੀ ਲੋੜ ਸੀ? ਪੁਰਾਣਾ ਹੁਣ ਦਬਕੇ ਵਿੱਚ ਸੁੱਟ ਦਿੱਤਾ ਹੈ।ਰਾਣੀ ਨਿੱਤ ਨਵੀਆਂ ਫਰਾਕਾਂ ਦੀ ਮੰਗ ਕਰਦੀ ਹੈ। ਜੁਆਕਾਂ ਵਰਗੇ ਜੁਆਕ ਨੇ, ਲਾਟ ਸਾਹਿਬ ਤਾਂ ਨਹੀਂ। ਸਿਰ ਚੜ੍ਹਾ ਰੱਖਿਆ ਹੈ, ਚੀਚਲਿਆਂ ਨੂੰ। ਵੱਡੇ ਹੋ ਕੇ ਇਹ ਨ੍ਹੀਂ ਪਤਾ ਕੀ ਕਰਨਗੇ–ਕੀ ਕੀ ਮੰਗਿਆ ਕਰਨਗੇ।

ਦੇਵਕੀ ਨੂੰ ਬੱਚਾ ਹੋਣ ਵਾਲਾ ਸੀ। ਉਹ ਨੂੰ ਲੱਗਦਾ ਹਰੀਸ਼ ਉਹ ਨੂੰ ਉਹ ਦੀ ਚਾਹਤ ਦੇ ਫ਼ਲ ਨਹੀਂ ਲਿਆ ਕੇ ਦਿੰਦਾ। ਉਹ ਦੇ ਕੋਲੋਂ ਨਿੱਕੇ ਨਿੱਕੇ ਕੰਮ ਨੌਕਰਾਣੀਆਂ ਵਾਂਗ ਕਰਵਾਏ ਜਾਂਦੇ ਹਨ। ਜਦੋਂ ਕਿ ਇਹ ਸਾਰੇ ਛੋਟੇ ਮੋਟੇ ਕੰਮ ਰਾਣੀ ਕਰ ਸਕਦੀ ਹੈ। ਬੰਟੀ ਨੂੰ ਤਾਂ ਬਹੁਤਾ ਹੀ ਚੰਭਲਾ ਰੱਖਿਆ ਹੈ। ਆਪ ਉੱਠ ਕੇ ਪਾਣੀ ਵੀ ਨਹੀਂ ਪੀ ਸਕਦਾ। ਦੋਵਾਂ ਜੁਆਕਾਂ ਦਾ ਮੰਮੀ ਕਹਿਣਾ ਦੇਵਕੀ ਨੂੰ ਬੁਰਾ ਲੱਗਦਾ। ਚਾਚੇ ਨੂੰ ਪਾਪਾ ਆਖਣ ਲੱਗ ਪਏ। ਬੱਚਾ ਹੋਣ ਤੋਂ ਪਹਿਲਾਂ ਹੀ ਦੇਵਕੀ ਨੂੰ ਡਰ ਪੈ ਗਿਆ ਕਿ ਉਹ ਦਾ ਪਤੀ ਉਹ ਦੇ ਢਿੱਡੋਂ ਜੰਮੇ ਬੱਚੇ ਨੂੰ ਐਨਾ ਪਿਆਰ ਨਹੀਂ ਕਰੇਗਾ। ਜਿੰਨਾ ਉਹ ਬੰਟੀ ਤੇ ਰਾਣੀ ਨੂੰ ਕਰਦਾ ਹੈ। ਜਾਪੇ ਵੇਲੇ ਉਹ ਪੇਕੀਂ ਚਲੀ ਗਈ। ਮੁੰਡਾ ਹੋਇਆ। ਦਾਦੀ ਨੇ ਸਾਰੇ ਚਾਅ ਲਾਡ ਪੂਰੇ ਕੀਤੇ। ਪੁਸ਼ਾਕਾਂ ਲੈ ਕੇ ਗਈ ਤੇ ਪੰਜੀਰੀ ਦਾ ਪੀਪਾ। ਹਰੀਸ਼ ਮੁੰਡਾ ਦੇਖਣ ਗਿਆ ਤਾਂ ਫ਼ਲਾਂ ਦੀ ਟੋਕਰੀ ਲੈ ਕੇ ਗਿਆ। ਬੰਟੀ ਤੇ ਰਾਣੀ ਵੀ ਨਾਲ ਗਏ। ਉੱਥੇ ਉਨ੍ਹਾਂ ਦਾ ਦਿਖਾਵੇ ਵਜੋਂ ਹੀ ਆਦਰ ਪਿਆਰ ਕੀਤਾ ਗਿਆ। ਹਰੀਸ਼ ਦੀ ਸੱਸ ਨੂੰ ਉਹ ਬੁਰੇ ਲੱਗੇ। ਦੇਵਕੀ ਉਨ੍ਹਾਂ ਵੱਲ ਘੂਰ ਘੂਰ ਦੇਖਦੀ। ਉਹ ਮੰਮੀ ਮੰਮੀ ਕਰਦੇ ਸਨ। ਦੇਵਕੀ ਨੂੰ ਉਹ ਅਵਾਰਾ ਬੱਚੇ ਦਿੱਸਦੇ ਸਨ-ਨਾਜਾਇਜ਼ ਔਲਾਦ। ਕਿੱਥੇ ਛੁਪਾ ਕੇ ਰੱਖੇ ਉਨ੍ਹਾਂ ਨੂੰ?

ਮੁੰਡਾ ਛੇ ਮਹੀਨਾ ਦਾ ਹੋਇਆ ਤਾਂ ਹਰੀਸ਼ ਦੇਵਕੀ ਨੂੰ ਲੈ ਆਇਆ। ਹਰੀਸ਼ ਨੂੰ ਆਪਣਾ ਪੁੱਤਰ ਤ੍ਰਿਲੋਕੀ ਦੀ ਮਾਇਆ ਸੀ। ਦਾਦੀ ਤੋਂ ਚਾਅ ਨਹੀਂ ਚੁੱਕਿਆ ਜਾਂਦਾ ਸੀ। ਸਾਰਾ ਸਾਰਾ ਦਿਨ ਮੁੰਡੇ ਨੂੰ ਲੋਰੀਆਂ ਦਿੰਦੀ ਰਹਿੰਦੀ। ਉਹ ਨੂੰ ਆਪਣੀ ਗੋਦੀ ਵਿੱਚ ਪਾ ਕੇ ਰੱਖਦੀ।

ਮੁੰਡਾ ਛੰਟੀ ਦੋ ਸਾਲ ਹੋ ਚੁੱਕਿਆ ਸੀ। ਦੇਵਕੀ ਮੱਚੀ ਬੁਝੀ ਰਹਿੰਦੀ। ਉਹ ਆਪਣਾ ਗੁੱਸਾ ਛੰਟੀ ਨੂੰ ਕੁੱਟ ਕੇ ਕੱਢ ਲੈਂਦੀ। ਪਤਾ ਨਾ ਲੱਗਦਾ, ਉਹ ਕੀ ਬੋਲਦੀ ਹੈ, ਕੀਹ ਨੂੰ ਗਾਲ੍ਹਾਂ ਕੱਢਦੀ ਰਹਿੰਦੀ ਹੈ। ਦਾਦੀ ਉਹ ਨੂੰ ਬੁਰਾ ਭਲਾ ਕਹਿਣ ਲੱਗਦੀ। ਕੁੜੇ, ਰੱਬ ਨੇ ਲਾਲ ਦੇ 'ਤਾ, ਮਾਰਨਾ ਤਾਂ ਨੀ। ਰਤੀ ਭਰ ਜੁਆਕ, ਧੋ ਧੋ ਕੁੱਟ ਸਿੱਟਦੀ ਐਂ। ਕਿਵੇਂ ਮੁੰਡੇ ਦਾ ਮੱਛੀਓਂ ਮੋਹ ਬਣਾ 'ਤਾ। ਮਾੜੀ ਕਿਸਮਤ ਆਲਾ ਇਹ ਜੰਮਿਆ ਕਾਹਨੂੰ ਸੀ?'

ਸੱਸ ਦੇ ਬੋਲ ਕੁਬੋਲ ਸੁਣ ਕੇ ਦੇਵਕੀ ਕਦੇ ਕਦੇ ਆਪਦਾ ਸਿਰ ਆਪ ਹੀ ਕੁੱਟ ਲੈਂਦੀ। ਸਿਰ ਦੇ ਵਾਲ ਖਿੱਚਦੀ। ਤੇੜ ਸਿਰ ਦੇ ਕੱਪੜੇ ਪਾੜ ਸੁੱਟਦੀ। ਇੱਕ ਦਿਨ ਉਹ ਨੇ ਹਰੀਸ਼ ਨੂੰ ਆਖ਼ਰ ਦੀ ਸੁਣਾ ਦਿੱਤੀ-'ਮਾਂ ਨਾਲੋਂ ਅੱਡ ਹੋ ਜਾ, ਭਲਾਮਾਣਸ ਐਂ ਤਾਂ। ਬੰਟੀ ਤੇ ਰਾਣੀ ਮਾਂ ਨਾਲ ਰਹਿਣਗੇ। ਤੂੰ ਮਾਂ ਨੂੰ ਖ਼ਰਚਾ ਦੇਹ, ਮੈਂ ਨ੍ਹੀਂ ਰਹਿ ਸਕਦੀ ਏਸ ਕੰਜਰਖ਼ਾਨੇ 'ਚ।'

ਹਰੀਸ਼ ਦਾ ਪਾਰਾ ਇਕਦਮ ਚੜ੍ਹ ਗਿਆ। ਪਹਿਲਾਂ ਤਾਂ ਉਹ ਚੁੱਪ-ਚਾਪ ਉਹ ਦੇ ਮੂੰਹ ਵੱਲ ਝਾਕਦਾ ਰਿਹਾ। ਜਿਵੇਂ ਉਹ ਦੇ ਆਪਣੇ ਮੂੰਹੋਂ ਕੋਈ ਵੀ ਬੋਲ ਨਾ ਸਰਦਾ ਹੋਵੇ। ਫੇਰ ਕੜਕ ਕੇ ਆਖਿਆ, 'ਜਾਹ, ਜਿੱਧਰ ਜਾਣੈ। ਮੈਂ ਤੈਨੂੰ ਛੱਡ ਸਕਦਾਂ, ਵੱਡੇ ਭਾਈ ਦੇ ਜੁਆਕਾਂ ਨੂੰ ਨ੍ਹੀਂ।

'ਸੰਭਾਲ ਫੇਰ, ਆਵਦਾ ਇਹ ਵੀ ਸੰਭਾਲ।' ਦੇਵਕੀ ਨੇ ਛੰਟੀ ਨੂੰ ਹਰੀਸ਼ ਵੱਲ ਧੱਕ ਦਿੱਤਾ। ਛੰਟੀ ਡੌਰ ਭੌਰ ਹੋਇਆ ਮਾਂ-ਬਾਪ ਦੇ ਭਖੇ ਹੋਏ ਚਿਹਰਿਆਂ ਵੱਲ ਝਾਕ ਰਿਹਾ ਸੀ।

ਸਵੇਰ ਦਾ ਵੇਲਾ ਸੀ। ਤਿੰਨੇ ਕੱਪੜਿਆਂ ਵਿੱਚ ਦੇਵਕੀ ਘਰੋਂ ਬਾਹਰ ਹੋ ਗਈ। ਉਹ ਨੂੰ ਕਿਸੇ ਨੇ ਰੋਕਿਆ ਨਹੀਂ। ਉਹ ਪੇਕਿਆਂ ਨੂੰ ਜਾਂਦੀ ਰੇਲ ਗੱਡੀ ਜਾ ਚੜ੍ਹੀ।

ਦੋ ਸਾਲਾਂ ਤੱਕ ਉਨ੍ਹਾਂ ਦਾ ਤਲਾਕ ਦਾ ਮੁਕੱਦਮਾ ਚਲਦਾ ਰਿਹਾ। ਇਸ ਦੌਰਾਨ ਛੰਟੀ ਦਾਦੀ ਕੋਲ ਸੀ। ਦਾਦੀ ਕੋਲ ਹੀ ਉਹ ਨੇ ਜੀਅ ਲਾ ਲਿਆ ਸੀ। ਤਲਾਕ ਮਨਜ਼ੂਰ ਹੋ ਗਿਆ। ਸਮਾਨ ਜਿਹੜਾ ਦੇਵਕੀ ਪੇਕਿਆਂ ਤੋਂ ਲੈ ਕੇ ਆਈ ਸੀ, ਵਾਪਸ ਹੋ ਗਿਆ। ਦੇਵਕੀ ਨੂੰ ਹਰੀਸ਼ ਵੱਲੋਂ ਵੀਹ ਹਜ਼ਾਰ ਰੁਪਿਆ ਬਿਲਮੁਕਤਾ ਖ਼ਰਚੇ ਵਜੋਂ ਦਿੱਤਾ ਗਿਆ।

ਹੁਣ ਹਰੀਸ਼ ਉਸੇ ਤਰ੍ਹਾਂ ਹਲਕਾ ਫੁੱਲ ਸੀ, ਜਿਵੇਂ ਲਾਲਾ ਜੀ ਤੇ ਵੱਡੇ ਭਾਈ ਦੀ ਮੌਤ ਬਾਅਦ ਉਹ ਨੂੰ ਰਾਹਤ ਮਿਲੀ ਸੀ ਤੇ ਫੇਰ ਵੱਡੇ ਭਾਈ ਦੀ ਘਰਵਾਲੀ ਵੀ ਘਰ ਛੱਡ ਗਈ ਸੀ।

ਹਰੀਸ਼ ਘਰ ਵਿੱਚ ਸੀਟੀਆਂ ਮਾਰਦਾ ਫਿਰਦਾ ਤੇ ਰਾਤ ਨੂੰ ਚੈਨ ਨਾਲ ਸੌਂਦਾ। ਪਰ ਕੁਝ ਮਹੀਨਿਆਂ ਬਾਅਦ ਹੀ ਉਹ ਬੇਚੈਨ ਰਹਿਣ ਲੱਗਿਆ। ਹੋਰ ਵਿਆਹ ਕਰਵਾਉਣ ਬਾਰੇ ਸੋਚਦਾ ਤੇ ਝੱਟ ਢੇਰੀ ਢਾਹ ਲੈਂਦਾ।

ਅਖ਼ੀਰ ਉਹ ਨੇ ਨਵਾਂ ਆਦਰਸ਼ ਅਪਣਾ ਲਿਆ ਕਿ ਉਹ ਹੋਰ ਵਿਆਹ ਬਿਲਕੁੱਲ ਨਹੀਂ ਕਰਵਾਏਗਾ। ਬੰਟੀ, ਛੰਟੀ ਤੇ ਰਾਣੀ ਖ਼ਾਤਰ ਜੀਵੇਗਾ। ਬੰਟੀ ਨੂੰ ਦਸਵੀਂ ਜਮਾਤ ਕਰਨ ਬਾਅਦ ਦੁਕਾਨ 'ਤੇ ਬਿਠਾ ਲਵੇਗਾ। ਉਹ ਦਾ ਵਿਆਹ ਕਰੇਗਾ। ਮਾਂ ਦਿਨੋ-ਦਿਨ ਥਿਵਦੀ ਜਾ ਰਹੀ ਹੈ। ਨੂੰਹ ਘਰ ਆ ਜਾਵੇਗੀ ਤਾਂ ਮਾਂ ਦੀ ਸੇਵਾ ਕਰੇਗੀ। ਰਾਣੀ ਨੂੰ ਵੀ ਦਸਵੀਂ ਜਮਾਤ ਕਰਾ ਕੇ ਚੰਗੇ ਜਿਹੇ ਘਰ ਤੋਰ ਦੇਵੇਗਾ। ਛੰਟੀ ਨੂੰ ਖ਼ਾਸਾ ਸਾਰਾ ਪੜ੍ਹਾਏਗਾ। ਉਹ ਕੋਈ ਅਫ਼ਸਰ ਬਣੇਗਾ ਤੇ ਉਹ ਦਾ ਸੁਪਨਾ ਪੂਰਾ ਕਰੇਗਾ।

ਪਰ ਕਦੇ ਕਦੇ ਇਕੱਲਾ ਬੈਠਾ ਉਹ ਮੱਥਾ ਫੜ੍ਹ ਲੈਂਦਾ ਆਪਣੇ ਆਪ ਨੂੰ ਹੀ ਆਖਣ ਲੱਗਦਾ 'ਭਰਜਾਈ ਕਿੰਨੀ ਚੰਗੀ ਸੀ। ਉਹ ਨੇ ਉਦੋਂ ਈ ਆਪਣਾ ਆਦਰਸ਼ ਤੋੜ ਲਿਆ ਹੁੰਦਾ। ਭਰਜਾਈ 'ਤੇ ਚਾਦਰ ਪਾ ਲੈਂਦਾ ਤਾਂ ਘਰ 'ਚ ਕੋਈ ਕਲੇਸ਼ ਪੈਂਦਾ ਈ ਨਹੀਂ ਹੋਣਾ ਸੀ।' ♦

# ਰੇਸ਼ਮ ਦੀਆਂ ਗੰਢਾਂ

ਬਲਵੰਤ ਰੰਗ ਦਾ ਕਾਲਾ ਸੀ। ਬੱਸ ਇਹੀ ਉਸ ਨੂੰ ਝੋਰਾ ਸੀ। ਸਾਰੀ ਜ਼ਿੰਦਗੀ ਦਾ ਝੋਰਾ। ਨਹੀਂ ਤਾਂ ਕੱਦ ਉਸ ਦਾ ਪੂਰਾ ਸੀ। ਨੈਣ ਨਕਸ਼ ਦਿਲ ਖਿੱਚਵੇਂ ਸਨ। ਹੱਡਾਂ ਪੈਰਾਂ ਦਾ ਖੁੱਲ੍ਹਾ ਸੀ। ਪੱਟ ਤੇ ਉਸ ਦੇ ਡੌਲੇ-ਹੱਥਾਂ ਨਾਲ ਟੋਹ ਟੋਹ ਦੇਖਣ ਨੂੰ ਜੀਅ ਕਰਦਾ ਸੀ। ਮੋਟੀਆਂ-ਮੋਟੀਆਂ ਅੱਖਾਂ, ਲਾਲ ਡੋਰਿਆਂ ਵਾਲੀਆਂ-ਪੂਰੀਆਂ ਦਲੇਰ ਅੱਖਾਂ। ਦੰਦਾਂ ਦੀ ਬੀੜ ਜਿਵੇਂ ਕਿਸੇ ਸੁਨਿਆਰੇ ਨੇ ਚਿਣ ਚਿਣ ਕੇ ਦੰਦ ਜੜੇ ਹੋਣ। ਚਿੱਟੇ ਦੰਦ ਅਨਾਰ ਵਿੱਚ ਜਿਵੇਂ ਚਿੱਟੇ ਚਿੱਟੇ ਦਾਣੇ।

ਬਲਵੰਤ ਪੀ. ਟੀ. ਆਈ. ਦਾ ਕੋਰਸ ਕਰਕੇ ਲਹਿਰੇਗਾਗੇ ਸਕੂਲ ਵਿੱਚ ਲੱਗ ਪਿਆ ਸੀ। ਲਹਿਰੇਗਾਗੇ ਦਾ ਇਲਾਕਾ ਉਦੋਂ ਦੇਸੀ ਸ਼ਰਾਬ ਕੱਢਣ ਵਿੱਚ ਬੜਾ ਉੱਘਾ ਸੀ। ਸਕੂਲਾਂ ਦੇ ਮੁੰਡੇ ਵੀ ਤੌੜੇ ਪਾ ਪਾ ਰੱਖਦੇ। ਲਿਹਲ ਖੁਰਦ ਦੇ ਮੁੰਡੇ ਤਾਂ ਬਹੁਤੇ ਹੀ ਏਸ ਕੰਮ ਵਿੱਚ ਮਾਹਰ ਸਨ। ਇਲਾਕੇ ਵਿੱਚ ਲਹਿਰਾਗਾਗਾ ਇੱਕੋਂ ਹਾਈ ਸਕੂਲ ਸੀ। ਆਲੇ-ਦੁਆਲੇ ਦੇ ਸਾਰੇ ਪਿੰਡਾਂ ਦੇ ਮੁੰਡੇ ਉੱਥੇ ਪੜ੍ਹਦੇ ਸਨ। ਬਲਵੰਤ ਓਥੇ ਜਾਣ ਸਾਰ ਸ਼ਰਾਬ ਦਾ ਆਦੀ ਹੋ ਗਿਆ। ਕੋਈ ਨਾ ਕੋਈ ਮੁੰਡਾ ਮੱਕੀ ਦਾ ਗੁੱਲ ਲਾ ਕੇ ਘਸਮੈਲੀ ਬੋਤਲ ਦੇ ਜਾਇਆ ਕਰਦਾ ਤੇ ਬਲਵੰਤ ਦੀਆਂ ਨਿੱਤ ਤੀਆਂ ਬਣੀਆਂ ਰਹਿੰਦੀਆਂ। ਬਖ਼ਸ਼ੀ ਵਾਲੇ ਸਰਦਾਰਾਂ ਦਾ ਦਸਵੀਂ ਵਿੱਚ ਪੜ੍ਹਦਾ ਮੁੰਡਾ ਤਾਂ ਜਿਵੇਂ ਉਸ ਦਾ ਯਾਰ ਹੀ ਬਣ ਗਿਆ ਸੀ। ਉਹ ਦੋਵੇਂ ਆਥਣ ਵੇਲੇ ਰੂੜੀ ਮਾਰਕਾ ਪੀਂਦੇ ਤੇ ਲਹਿਰੇਗਾਗੇ ਦੇ ਬਜ਼ਾਰ ਵਿੱਚ, ਸਟੇਸ਼ਨ ’ਤੇ ਅਤੇ ਪਿੰਡ ਦੀਆਂ ਗਲੀਆਂ ਵਿੱਚ ਕੁੱਤਿਆਂ ਵਾਂਗ ਜਭਕਦੇ ਫਿਰਦੇ। ਕਦੇ ਕਦੇ ਬਜ਼ਾਰ ਵਿੱਚ ਖੜ ਕੇ ਉਸ ਮੁੰਡੇ ਦੀ ਬਾਰਾਂ ਬੋਰ ਬੰਦੂਕ ਨਾਲ ਫਾਇਰ ਵੀ ਕਰ ਦਿੰਦੇ ਤਾਂ ਵੀ ਉਨ੍ਹਾਂ ਨੂੰ ਕੋਈ ਨਾ ਬੋਲਦਾ। ਕੋਈ ਨਾ ਟੋਕਦਾ। ‘ਮਾਸਟਰ ਦੇ ਵੀ ਇਹ ਕੰਮ ਹੁੰਦੇ ਨੇ?’ ਬਲਵੰਤ ਐਵੇਂ ਐਵੇਂ ਵਿੱਚ ਹੀ ਬਦਨਾਮ ਹੋ ਗਿਆ ਸੀ ਤੇ ਉਸ ਨੇ ਦੋ ਸਾਲ ਉੱਥੇ ਕੱਟ ਕੇ ਫੇਰ ਭਦੌੜ ਦੀ ਬਦਲੀ ਕਰਵਾ ਲਈ।

ਭਦੌੜ ਆ ਕੇ ਉਹ ਡਰ ਡਰ ਕੇ ਰਹਿੰਦਾ। ਸ਼ਰਾਬ ਪੀਣੀ ਬਿਲਕੁੱਲ ਛੱਡ ਦਿੱਤੀ। ਬੋਲਦਾ ਉਹ ਬਹੁਤ ਸੀ। ਸਾਫ਼ੀਆਂ ਬੜੀਆਂ ਮਾਰਦਾ। ਲਹਿਰੇਗਾਗਾ ਦੀਆਂ ਠੁੱਕਾਂ ਬੰਨ੍ਹਦਾ। ਬਹੁਤ ਗੱਲਾਂ ਕਰਦਾ। ਲੜੀ ਟੁੱਟਣ ਹੀ ਨਾ ਦਿੰਦਾ। ਜਿੱਥੇ ਉਹ ਗੱਲ ਕਰਦਾ ਹੁੰਦਾ, ਹੋਰ ਕੋਈ ਨਹੀਂ ਸੀ ਬੋਲ ਸਕਦਾ। ਸਾਰੇ ਮਾਸਟਰ ਉਹ ਦੀਆਂ ਗੱਲਾਂ ਸੁਣ ਕੇ ਖ਼ੁਸ਼ ਰਹਿੰਦੇ। ਹਰ ਵੇਲੇ ਬੋਲੀ ਜਾਂਦਾ, ਬੋਲੀ ਜਾਂਦਾ ਤੇ ਮਾਸਟਰਾਂ ਨੇ ਉਹ ਦਾ ਨਾਉਂ ਵਿਵਿਧ ਭਾਰਤੀ ਰੱਖ ਲਿਆ ਸੀ। ਉਹ ਗੱਲਾਂ ਹੀ ਇਕੱਲੀਆਂ ਅਜੀਬ ਕਿਸਮ ਦੀਆਂ ਨਹੀਂ ਸੀ

ਕਰਦਾ, ਅਮਲ ਵਿੱਚ ਵੀ ਉਹ ਅਜੀਬ ਸੀ। ਆਪ ਉਹ ਐੱਫ਼. ਏ. ਪੜ੍ਹਿਆ ਹੋਇਆ ਤੇ ਉਹ ਦੇ ਤਿੰਨ ਗੂੜ੍ਹੇ ਯਾਰ ਜਿਹੜੇ ਉਸੇ ਸਕੂਲ ਵਿੱਚ ਮਾਸਟਰ ਸਨ, ਤਿੰਨੇ ਹੀ ਐੱਮ. ਏ. ਸਨ। ਆਥਣ ਵੇਲੇ ਜੇ ਉਸ ਨੇ ਖੇਤਾਂ ਵਿੱਚ ਟੱਟੀ ਜਾਣਾ ਹੁੰਦਾ ਤਾਂ ਉਹ ਉਨ੍ਹਾਂ ਤਿੰਨਾਂ ਯਾਰਾਂ ਨੂੰ ਘਰੋਂ ਬੁਲਾ ਕੇ ਮਾਸਟਰਾਂ ਵਿੱਚ ਟਹੁਰਾਂ ਬੰਨ੍ਹਦਾ-'ਬਲਵੰਤ ਨੰਗ ਨੀ, ਤਿੰਨ ਐੱਮ. ਏ. , ਬਲਵੰਤ ਨੂੰ ਟੱਟੀ ਫਿਰਾ ਕੇ ਲਿਆਉਂਦੇ ਐ।

'ਟ੍ਰਿਬਿਊਨ' ਦਾ ਕਦੇ ਉਸ ਨੇ ਅੱਖਰ ਨਹੀਂ ਸੀ ਪੜ੍ਹਿਆ ਅਤੇ ਟ੍ਰਿਬਿਊਨ ਨਿੱਤ ਉਹ ਦੇ ਘਰ ਆਉਂਦਾ ਸੀ। ਉਹ ਕਹਿੰਦਾ ਹੁੰਦਾ-'ਬਲਵੰਤ ਟ੍ਰਿਬਿਊਨ ਨੂੰ ਪੜ੍ਹਨ ਵਾਸਤੇ ਨੀ ਮੰਗਾਉਂਦਾ, ਬਲਵੰਤ ਤਾਂ ਏਸੇ ਗੱਲ 'ਚ ਠੁੱਕ ਸਮਝਦੈ ਕਿ ਉਹ ਦਾ ਅਖ਼ਬਾਰ ਆਉਂਦੈ।'

ਇੱਕ ਬੈਠਕ ਜਾਂ ਇੱਕ ਚੁਬਾਰੇ ਨਾਲ ਉਸ ਨੂੰ ਵਧੀਆ ਸਰ ਸਕਦਾ ਸੀ। ਪਰ ਓਸ ਨੇ ਇੱਕ ਐਡੀ ਵੱਡੀ ਹਵੇਲੀ ਕਿਰਾਏ 'ਤੇ ਲੈ ਰੱਖੀ ਸੀ, ਜਿਸ ਵਿੱਚ ਪੂਰੇ ਚਾਰ ਟੱਬਰ ਇੱਕੋਂ ਸਮੇਂ ਰਹਿ ਸਕਦੇ ਸਨ। ਉਹ ਦੇ ਕੋਲ ਉਹ ਦੇ ਮਿੱਤਰ ਬੇਲੀ ਬੜੇ ਆਉਂਦੇ ਰਹਿੰਦੇ ਤੇ ਉਹ ਉਨ੍ਹਾਂ ਦੀ ਦਿਲ ਲਾ ਕੇ ਸੇਵਾ ਕਰਦਾ। ਮਹੀਨੇ ਬਾਅਦ ਜਦ ਉਹ ਸੌਦਾ ਮੰਗਵਾਉਂਦਾ ਤਾਂ ਸੁਣਨ ਦੇਖਣ ਵਾਲੇ ਦੀਆਂ ਅੱਖਾਂ ਖੜੀਆਂ ਰਹਿ ਜਾਂਦੀਆਂ-'ਠਾਰਾਂ ਕਿੱਲੋ ਖੰਡ, ਦੋ ਡੱਬੇ ਬਰੁੱਕ ਬਾਂਡ, ਇੱਕ ਦਰਜਨ ਲਕਸ।' ਲਕਸ ਨਾਲ ਨਹਾਉਣ ਦਾ ਉਹ ਵੀ ਬੜਾ ਸ਼ੌਕੀਨ ਸੀ। ਨੁਹਾਉਂਦਾ ਤਾਂ ਦੋ ਦੋ ਵਾਰੀ, ਤਿੰਨ ਤਿੰਨ ਵਾਰੀ ਪਿੰਡੇ 'ਤੇ ਉਹ ਲਕਸ ਨੂੰ ਮਲਦਾ। ਫੇਰ ਪਾਣੀ ਪਾਉਂਦਾ, ਫੇਰ ਲਕਸ ਮਲਦਾ। ਅੱਧੀ ਟਿੱਕੀ ਉਹ ਇੱਕੋ ਵਾਰੀ ਨਹਾਉਣ ਵਿੱਚ ਪਾਰ ਬੁਲਾ ਦਿੰਦਾ। ਨਹਾਉਣ ਬਾਅਦ ਕਈ ਵਾਰੀ ਤਾਂ ਉਹ ਪਿੰਡੇ 'ਤੇ ਸਰ੍ਹੋ ਦਾ ਤੇਲ ਮਲ ਲੈਂਦਾ ਤੇ ਉੱਤੋਂ ਦੀ ਫੇਰ ਲਕਸ ਮਲ ਕੇ ਪਾਣੀ ਡੋਲਦਾ। ਨਹਾਉਣ ਤੋਂ ਬਾਅਦ ਅੱਧਾ ਅੱਧਾ ਘੰਟਾ ਤੌਲੀਏ ਨਾਲ ਪਿੰਡੇ ਨੂੰ ਰਗੜਦਾ ਰਹਿੰਦਾ। ਅੱਧਾ ਅੱਧਾ ਘੰਟਾ ਸ਼ੀਸ਼ੇ ਵਿੱਚ ਆਪਦਾ ਮੂੰਹ ਦੇਖਦਾ ਰਹਿੰਦਾ। ਓਸ ਨੂੰ ਕਮਲ ਚੜ੍ਹਿਆ ਹੋਇਆ ਸੀ-ਜੇ ਕਿਤੇ ਸੁੱਤੇ ਪਏ ਪਏ ਦਾ ਉਹ ਦਾ ਰੰਗ ਤੜਕੇ ਨੂੰ ਗੋਰਾ ਹੋ ਜਾਵੇ।

ਕੱਪੜਾ ਚੜ੍ਹਦੇ ਤੋਂ ਚੜ੍ਹਦਾ ਪਾਉਂਦਾ। ਸਕੂਲ ਵਿੱਚ ਆਉਂਦਾ, ਜਿਵੇਂ ਕੋਈ ਸ਼ਹਿਜ਼ਾਦਾ ਹੋਵੇ। ਸਕੂਲ ਵਿੱਚ ਆ ਕੇ ਮਾਸਟਰਾਂ ਨੂੰ ਟੋਟਕੇ ਸੁਣਾਉਂਦਾ, ਜਿਵੇਂ ਆਪ ਕੋਈ ਬਹੁਤ ਵੱਡਾ ਆਦਮੀ ਹੋਵੇ ਤੇ ਦੂਜੇ ਸਭ ਲੰਡੀ ਬੁੱਚੀ।

ਪਤਾ ਨਹੀਂ ਉਹ ਦੇ ਵਿੱਚ ਕਾਹਦੀ ਖਿੱਚ ਸੀ, ਸਾਰੇ ਮਾਸਟਰ ਉਸ ਨੂੰ ਪਿਆਰ ਕਰਦੇ ਸਨ, ਭਾਵੇਂ ਸਾਰੇ ਜਾਣਦੇ ਸਨ ਕਿ ਇਸ ਮੁੰਡੇ ਦੇ ਪੱਲੇ ਗੱਲਾਂ ਹੀ ਗੱਲਾਂ ਹਨ ਤੇ ਫੋਕੀਆਂ ਫੜ੍ਹਾਂ। ਉਹ ਦਾ ਹੈੱਡਮਾਸਟਰ ਬੜਾ ਨੇਕ ਦਿਲ ਬੰਦਾ ਸੀ। ਉਹ ਉਸ ਨੂੰ ਸਮਝਾਉਂਦਾ-'ਬਲਵੰਤ, ਆਪਣੇ ਪੈਰਾਂ ਤੇ ਰਿਹਾ ਕਰ। ਫੋਕੇ ਤੋਤਕੜੇ ਉਡਾਉਣ ਨਾਲੋਂ ਕੁਸ ਕਰਕੇ ਦਿਖਾ। ਪੜ੍ਹਿਆ ਕਰ। ਕੋਈ ਹੋਰ ਅੱਗੇ ਕੋਰਸ ਕਰ, ਤਰੱਕੀ ਕਰ।'

ਉਹ ਦੇ ਦੋਸਤ ਉਹ ਨੂੰ ਮੱਤਾਂ ਦਿੰਦੇ-'ਬਲਵੰਤ, ਕੰਜਰਦਿਆ ਐਵੇਂ ਨਾ ਸਾਰਾ ਦਿਨ ਹਵਾ 'ਚ ਲੱਤਾਂ ਮਾਰੀ ਜਾਇਆ ਕਰ। ਸਾਨੂੰ ਪਤੈ, ਤੂੰ ਜਿੰਨਾ ਕੁ ਪਾਣੀ 'ਚ ਹੈਗੇਂ। ਲੋਕ ਖਾ ਪੀ ਕੇ ਤੈਥੋਂ ਪਰ੍ਹੇ ਹੁੰਦੇ ਨੇ ਤੇ ਤੈਨੂੰ ਝੁੱਡੂ ਸਮਝਦੇ ਨੇ। ਯਾਰ ਤੂੰ ਪੜ੍ਹਿਆ ਕਰ।' ਤੇ

ਉਹ ਦੇ ਅਧਿਆਪਕ ਮਿੱਤਰਾਂ ਨੇ ਹਵੇਲੀ ਛਡਵਾ ਕੇ ਉਸ ਨੂੰ ਵੱਡੇ ਚੌਕ ਵਿੱਚ ਇੱਕ ਚੁਬਾਰਾ ਲੈ ਦਿੱਤਾ। ਬੀ. ਏ. ਦੀਆਂ ਕਿਤਾਬਾਂ ਖਰੀਦ ਲਈਆਂ ਤੇ ਪੜ੍ਹਨਾ ਸ਼ੁਰੂ ਕਰ ਦਿੱਤਾ। ਕਦੇ ਕਦੇ ਉਹ ਦੇ ਹੌਲ ਉੱਠਦਾ ਤੇ ਉਹ ਆਪਣੇ ਯਾਰਾਂ ਮਿੱਤਰਾਂ ਨੂੰ ਘਰੋਂ ਬੁਲਾ ਕੇ ਲੈ ਜਾਂਦਾ, ਕਹਿੰਦਾ–'ਆਓ ਯਾਰ ਚੁਬਾਰੇ 'ਚ ਬਹਿ ਕੇ ਗੱਲਾਂ ਮਾਰੀਏ।' ਸਾਰੀਆਂ ਗੱਲਾ ਛੱਡ ਕੇ ਹੁਣ ਉਸ ਨੇ ਵਿਆਹ ਕਰਵਾਉਣ ਦੀ ਇੱਕੋਂ ਗੱਲ ਫੜੀ ਹੋਈ ਸੀ। ਕਦੇ ਕਹਿੰਦਾ–'ਪੜ੍ਹੀ ਹੋਈ ਕੁੜੀ ਲੈਣੀ ਐ।' ਪੜ੍ਹੀਆਂ ਹੋਈਆਂ ਤਾ ਖਰਾਬ ਹੁੰਦੀਐਂ।' ਤੇ ਉਹ ਅਨਪੜ੍ਹ ਕੁੜੀ ਲੈਣ ਦੀ ਦਲੀਲ ਧਾਰ ਲੈਂਦਾ। ਉਹ ਦੇ ਦੋਸਤ ਉਹ ਦੀ ਹਾਂ ਵਿੱਚ ਹਾਂ ਮਿਲਾਉਂਦੇ ਰਹਿੰਦੇ। ਜੇ ਉਹ ਕਹਿੰਦਾ–'ਪੜ੍ਹੀ ਹੋਈ ਕੁੜੀ ਚੰਗੀ ਹੁੰਦੀ ਐ ਤਾਂ ਉਹ ਦੇ ਯਾਰ ਕਹਿ ਦਿੰਦੇ–'ਪੜ੍ਹੀ ਹੋਈ ਕੁੜੀ ਚੰਗੀ ਹੁੰਦੀ ਐ।' ਜੇ ਉਹ ਕਹਿੰਦਾ–'ਅਨਪੜ੍ਹ ਦੀ ਰੀਸ ਨੀ। ਅਨਪੜ੍ਹ ਤੀਵੀਂ ਪੜ੍ਹੇ ਹੋਏ ਖ਼ਸਮ ਦੀ ਸੇਵਾ ਬਹੁਤ ਕਰਦੀ ਐ।' ਤਾਂ ਉਹ ਦੇ ਯਾਰ ਹੁੰਗਾਰਾ ਭਰ ਦਿੰਦੇ–'ਹਾਂ ਅਨਪੜ੍ਹ ਈ ਠੀਕ ਐ।' ਉਹ ਦੇ ਸਭ ਯਾਰ ਜਾਣਦੇ ਸਨ ਕਿ–'ਬਲਵੰਤ ਦੀ ਗੱਲ ਜੇ ਵੱਢ 'ਤੀ ਤਾਂ ਉਸ ਨੇ ਘੰਟਾ ਭਰ ਲੈਕਚਰ ਝਾੜ ਕੇ ਆਪਣੀ ਗੱਲ ਮੰਨਵਾ ਜ਼ਰੂਰ ਲੈਣੀ ਐ।'

ਬੀ. ਏ. ਦੀਆਂ ਕਿਤਾਬਾਂ ਉਸ ਨੇ ਵਧੀਆ ਜਿਲਦਾਂ ਮੜ੍ਹਵਾ ਕੇ ਆਪਣੇ ਚੁਬਾਰੇ ਦੀ ਅਲਮਾਰੀ ਵਿੱਚ ਚਿਣਤੀ ਬੰਨ੍ਹ ਕੇ ਸਜਾ ਰੱਖੀਆਂ ਸਨ, ਪਰ ਉਹ ਹੱਥ ਉਨ੍ਹਾਂ ਨੂੰ ਹੁਣ ਕਦੇ ਕਦੇ ਹੀ ਲਾਉਂਦਾ ਸੀ। ਤਿੰਨ ਐੱਮ. ਏ. ਉਹ ਦੇ ਦੋਸਤ ਇੱਕ ਦਿਨ ਉਹ ਦਾ ਮੋਢਾ ਝੰਜੋੜ ਕੇ ਕਹਿੰਦੇ–'ਜੇ ਤੂੰ ਪੜ੍ਹਦਾ ਨੀ ਨਾ, ਅਸੀਂ ਵੀ ਤੇਰੇ ਚੁਬਾਰੇ 'ਚ ਲੱਤ ਨੀ ਦੇਣੀ।' ਬਲਵੰਤ ਨੇ ਤਰਕ ਖਾ ਕੇ ਕਿਤਾਬਾਂ ਮੁੜ ਕੇ ਚੁੱਕ ਲਈਆਂ। ਹੁਣ ਨਾ ਤਾਂ ਉਸ ਦੇ ਚੁਬਾਰੇ ਵਿੱਚ ਕੋਈ ਬਹੁਤਾ ਆਉਂਦਾ ਸੀ ਤੇ ਨਾ ਉਹ ਆਪ ਸਕੂਲ ਜਾ ਕੇ ਬੇਥਵੀਆਂ ਗੱਲਾਂ ਮਾਰਦਾ ਸੀ। ਸ਼ੁਗਲ ਮੇਲਾ ਕਰਨ ਵਾਲੇ ਕਈ ਮਾਸਟਰ ਉਸ ਨੂੰ ਆ ਕੇ ਛੇੜਦੇ ਤਾਂ ਉਹ ਕਹਿ ਦਿੰਦਾ–'ਬਲਵੰਤ, ਹੁਣ ਕੁਸ ਬਣ ਕੇ ਦਿਖੌਣਾ ਚਾਹੁੰਦੈ।'

ਉਸ ਨੇ ਬੀ. ਏ. ਦਾ ਇਮਤਿਹਾਨ ਦਿੱਤਾ। ਪਾਸ ਹੋ ਗਿਆ ਤੇ ਓਸੇ ਸਾਲ ਹੀ ਉਹ ਬੀ. ਐੱਡ. ਵਿੱਚ ਦਾਖ਼ਲ ਹੋ ਗਿਆ। ਦਸ ਗਿਆਰਾਂ ਮਹੀਨਿਆਂ ਲਈ ਉਹ ਸਕੂਲ ਨੂੰ ਛੱਡ ਰਿਹਾ ਸੀ। ਇਸ ਕਰਕੇ ਉਹ ਦੇ ਯਾਰਾਂ ਨੇ ਉਸ ਨੂੰ ਇੱਕ ਫੀਸਟ ਕੀਤੀ ਤੇ ਜ਼ੋਰ ਦਿੱਤਾ ਕਿ ਉਹ ਪੂਰਾ ਦਿਲ ਲਾ ਕੇ ਟ੍ਰੇਨਿੰਗ ਕਰੇ। ਪਰ ਬਲਵੰਤ ਬੜਾ ਸਿੱਧਾ ਬੰਦਾ ਸੀ। ਇਸੇ ਕਰਕੇ ਤਾਂ ਦੂਜੇ ਬੰਦੇ ਉਸ ਨੂੰ ਪਿਆਰ ਕਰਦੇ ਸਨ। ਕਹਿੰਦਾ–'ਟ੍ਰੇਨਿੰਗ ਤਾਂ ਹੋਵੇ ਭਾਵੇਂ ਨਾ, ਕੁੜੀ ਜ਼ਰੂਰ ਕੋਈ ਓਥੇ ਫਸੌਣੀ ਐਂ।'

ਬਲਵੰਤ ਦਾ ਪਿੰਡ ਕੋਟਕਪੂਰਾ ਸੀ ਤੇ ਉਹ ਨਿੱਤ ਬੱਸ 'ਤੇ ਫ਼ਰੀਦਕੋਟ ਚਲਿਆ ਜਾਂਦਾ ਸੀ। ਵੀਹ ਕੁ ਦਿਨਾਂ ਬਾਅਦ ਹੀ ਉਸ ਨੇ ਫ਼ਰੀਦਕੋਟ ਹੋਸਟਲ ਵਿੱਚ ਰਹਿਣਾ ਸ਼ੁਰੂ ਕਰ ਦਿੱਤਾ। ਉਸ ਦੀ ਕਲਾਸ ਵਿੱਚ ਵੀਹ ਕੁੜੀਆਂ ਪੜ੍ਹਦੀਆਂ ਸਨ ਤੇ ਪੰਜਾਹ ਮੁੰਡੇ। ਉਸ ਨੇ ਫ਼ਰੀਦਕੋਟ ਜਾਣ ਸਾਰ ਹੀ ਟਹੁਰਾਂ ਜਮਾਉਣੀਆਂ ਸ਼ੁਰੂ ਕਰ ਦਿੱਤੀਆਂ। ਕਾਲਜ ਦੀ ਟੱਕ ਸ਼ਾਪ 'ਤੇ ਖ਼ਾਲੀ ਪੀਰੀਅਡਾਂ ਵਿੱਚ ਉਹ ਮੁੰਡਿਆਂ ਦਾ ਗਰੁੱਪ ਬਣਾ ਕੇ ਚਾਹ ਪੀਣ ਖੜ੍ਹੇ ਦਾ ਖੜ੍ਹਾ ਰਹਿੰਦਾ। ਮੁੰਡਿਆਂ ਵਿੱਚ ਉੱਚੀ ਉੱਚੀ ਬੋਲਦਾ। ਕੁੜੀਆਂ ਨੂੰ ਸੁਣਾ ਸੁਣਾ ਚਾਹ ਦਾ ਆਰਡਰ ਦਿੰਦਾ। ਉਹ ਦੇ ਸਾਥੀ ਵੀ ਹੈਰਾਨ ਹੁੰਦੇ ਤੇ ਸੋਚਦੇ–'ਬਲਵੰਤ ਕਿਸੇ ਅਮੀਰ ਘਰ ਦਾ ਪੁੱਤ ਐ।'

ਫ਼ਰੀਦਕੋਟ ਵਿੱਚ ਹੀ ਉਹ ਦਾ ਵੱਡਾ ਭਰਾ ਰਹਿੰਦਾ ਸੀ। ਉਹ ਉੱਥੇ ਮੁਲਾਜ਼ਮ ਸੀ। ਉਸ ਦੇ ਵੱਡੇ ਭਰਾ ਨੇ ਉਸ ਨੂੰ ਬਥੇਰਾ ਸਮਝਾਇਆ ਕਿ ਉਹ ਹੋਸਟਲ ਵਿੱਚ ਕਿਉਂ ਰਹਿੰਦਾ ਹੈ। ਵਾਧੂ ਦਾ ਖ਼ਰਚ। ਉਹ ਉਸ ਕੋਲ ਘਰ ਆ ਕੇ ਰਹੇ, ਪਰ ਉਹ ਇੱਕ ਨਾ ਜਾਣਦਾ। ਕੋਟਕਪੂਰੇ ਤੋਂ ਖ਼ਰਚ ਆਉਂਦਾ। ਉਹ ਦਾ ਵੱਡਾ ਭਰਾ ਮਹੀਨੇ ਪਿੱਛੋਂ ਕੁਝ ਨਾ ਕੁਝ ਰੁਪਈਏ ਉਸ ਨੂੰ ਦਿੰਦਾ। ਭਦੌੜ ਤੋਂ ਉਸ ਦੇ ਦੋਸਤ ਉਸ ਨੂੰ ਮਹੀਨੇ ਵਾਰ ਰੁਪਈਏ ਘੱਲਦੇ। ਹਰ ਮਹੀਨੇ ਉਹ ਦਾ ਇੱਕ ਦੋਸਤ ਪੰਜਾਹ ਰੁਪਈਏ ਘੱਲ ਦਿੰਦਾ ਸੀ। ਕਦੇ ਕੋਈ, ਕਦੇ ਕੋਈ। ਭਦੌੜ ਉਹ ਦੇ ਦਸ ਬਾਰਾਂ ਜੁੰਡੀ ਦੇ ਯਾਰ ਸਨ ਤੇ ਹਰ ਇੱਕ ਨੇ ਪੰਜਾਹ ਪੰਜਾਹ ਉਸ ਨੂੰ ਮਨੀਆਰਡਰ ਕਰਵਾਏ ਸਨ।

ਬੀ. ਐੱਡ. ਦੀ ਰੁਖੀ ਟ੍ਰੇਨਿੰਗ ਵਿੱਚ ਬਲਵੰਤ ਦਾ ਭੋਰਾ ਵੀ ਧਿਆਨ ਨਹੀਂ ਸੀ। ਉਹ ਤਾਂ ਹਰ ਵੇਲੇ ਏਸੇ ਯੋਜਨਾ ਵਿੱਚ ਰਹਿੰਦਾ ਸੀ ਕਿ ਕਿਹੜੀ ਕੁੜੀ ਨੂੰ ਕਿਵੇਂ ਕੁੰਡੀ ਲਾਵੇ।

ਬੀ. ਐੱਡ. ਦੀ ਸਾਰੀ ਕਲਾਸ ਚਾਰ ਹਾਊਸਾਂ ਵਿੱਚ ਵੰਡ ਦਿੱਤੀ ਗਈ। ਸਤਲੁਜ ਹਾਊਸ, ਬਿਆਸ ਹਾਊਸ, ਜਮਨਾ ਹਾਊਸ ਤੇ ਗੰਗਾ ਹਾਊਸ। ਚੋਣਾਂ ਹੋਈਆ ਤਾਂ ਬਲਵੰਤ ਸਤਲੁਜ ਹਾਊਸ ਦਾ ਕੈਪਟਨ ਚੁਣਿਆ ਗਿਆ। ਟੇਲੈਂਟ ਦੇਖਣ ਲਈ ਇੱਕ ਦਿਨ ਚਾਰੇ ਹਾਊਸਾਂ ਦੇ ਅੱਡ ਅੱਡ ਪ੍ਰੋਗਰਾਮ ਹੋਏ। ਬਲਵੰਤ ਉਂਝ ਭਾਵੇਂ ਬੇਹੱਦ ਭੁਕਾਈ ਮਾਰ ਲੈਂਦਾ ਸੀ, ਪਰ ਸਟੇਜ ’ਤੇ ਆ ਕੇ ਕਦੇ ਨਹੀਂ ਸੀ ਬੋਲਿਆ। ਕਾਲਜ ਦੇ ਅੰਦਰ ਵਿਹੜੇ ਵਿੱਚ ਸੱਜੇ ਪਾਸੇ ਦੀ ਤ੍ਰਿਵੈਣੀ ਥੱਲੇ ਬਣੇ ਚੌਤਰੇ ’ਤੇ ਸਤਲੁਜ ਹਾਊਸ ਦੇ ਪ੍ਰੋਗਰਾਮ ਨੂੰ ਉਸ ਦਿਨ ਉਹ ਕੰਬਦਾ ਝਿਕਦਾ ਪਤਾ ਨਹੀਂ ਕਿਵੇਂ ਨਿਭਾ ਗਿਆ। ਮੁੰਡਿਆਂ ਨੇ ਗੀਤ ਗਾਏ। ਕੁੜੀਆਂ ਨੇ ਗੀਤ ਗਾਏ। ਇੱਕ ਕੁੜੀ ਨੇ ਗੀਤ ਗਾਇਆ–‘ਅਪਨਾ ਬਨਾ ਲੇ ਮੋਹੇ ਰਾਮ।’ ਉਸ ਕੁੜੀ ਦੀ ਅਵਾਜ਼ ਪੱਥਰਾਂ ਨੂੰ ਮੋਮ ਕਰ ਦੇਣ ਵਾਲੀ ਸੀ। ਬਲਵੰਤ ਨੇ ਲੋਰ ਵਿੱਚ ਆ ਕੇ ਮਿਰਜ਼ੇ ਦੀ ਸੱਦ ਲਾ ਦਿੱਤੀ। ਪ੍ਰੋਗਰਾਮ ਜਦੋਂ ਖ਼ਤਮ ਹੋਇਆ ਤਾਂ ਉਹ ਕੁੜੀ ਬਲਵੰਤ ਨੂੰ ਕਹਿੰਦੀ–‘ਵੀਰ ਜੀ, ਤੁਸੀਂ ਤਾਂ ਬਹੁਤ ਵਧੀਆ ਗੌਂਦੇ ਓ!’ ਬਲਵੰਤ ਉਸ ਨੂੰ ਉਲਟਾ ਕੇ ਕਹਿੰਦਾ–‘ਹੋਰ ਤਾਂ ਸਭ ਸ਼ੁਕਰੀਆਂ, ਪਰ ਆਹ ‘ਵੀਰ ਜੀ’ ਕਹਿ ਕੇ ਪੱਟੀ ਮੇਸ ਕਰ ’ਤੀ।’ ਕੁੜੀ ਚੁੱਪ ਹੋ ਗਈ।

ਕੁੜੀ ਦਾ ਨਾਉਂ ਰੇਸ਼ਮਾ ਸੀ। ਉਹ ਰੋਹਤਕ ਦੀ ਸੀ। ਰੋਹਤਕ ਉਹ ਸੰਤਾਲੀ ਤੋਂ ਬਾਅਦ ਆ ਕੇ ਵੱਸੇ ਸਨ ਤੇ ਉਨ੍ਹਾਂ ਦਾ ਪਿਛਲਾ ਪਿੰਡ ਲਾਹੌਰ ਦੇ ਨੇੜੇ ਸੀ। ਦਰਮਿਆਨੇ ਕੱਦ ਦੀ ਗੋਰੇ ਰੰਗ ਵਾਲੀ ਰੇਸ਼ਮਾ ਪੁੱਜ ਕੇ ਸੋਹਣੀ ਸੀ। ਵਧੀਆ ਸ਼ਰਬਤੀ ਅੱਖਾਂ ਸੁਰਮਾ ਪਾ ਕੇ ਰੱਖਦੀ ਸੀ। ਕੱਪੜੇ ਪਾਏ ਉਹ ਦੇ ਸਾਰੀਆਂ ਕੁੜੀਆਂ ਨਾਲੋ ਚੰਗੇ ਫਬਦੇ। ਕੁਝ ਕੁਝ ਸਿਆਣੀ ਜਿਹੀ ਬਣ ਕੇ ਰਹਿੰਦੀ ਸੀ। ਉਨ੍ਹਾਂ ਦੇ ਕਾਲਜ ਦਾ ਹੀ ਇੱਕ ਹੋਰ ਹਰਿਆਣਵੀ ਮੁੰਡਾ ਕਾਲਜ ਦੇ ਚੌੜੇ ਚੌੜੇ ਘਾਹ ਮੈਦਾਨ ਵਿੱਚ ਬਹਿ ਕੇ ਉਸ ਨਾਲ ਗੱਲਾਂ ਕਰਦਾ ਰਹਿੰਦਾ। ਬਲਵੰਤ ਨੇ ਇੱਕ ਦਿਨ ਰੇਸ਼ਮਾ ਨੂੰ ਅੱਗਿਓਂ ਘੇਰ ਕੇ ਕਹਿ ਦਿੱਤਾ–‘ਰੇਸ਼ਮਾ, ਤੂੰ ਭਾਵੇਂ ਮੇਰੇ ਨਾਲ ਗੱਲ ਨਾ ਕਰ, ਪਰ ਬਲਵੰਤ ਇਹ ਨੀ ਚਾਹੁੰਦਾ ਕਿ ਤੇਰੇ ਨਾਲ ਹੋਰ ਕੋਈ ਗੱਲ ਕਰੇ।’ ਰੇਸ਼ਮਾ ਸੋਚਾਂ ਵਿੱਚ ਪੈ ਗਈ। ਉਸ ਦੇ ਮਨ ਵਿੱਚ ਨਫ਼ਰਤ ਜਾਗੀ ਕਿ ਇਹ ਕਿਹੋ ਜਿਹੇ ਮਗਜ਼ ਵਾਲਾ ਬੰਦਾ ਹੈ। ਪਰ ਉਹ ਸਾਧਾਰਨ

ਸ਼ਬਦਾਂ ਵਿੱਚ ਬਹੁਤ ਅਧੀਨ ਜਿਹੀ ਹੋ ਕੇ ਕਹਿੰਦੀ–'ਗੱਲਾਂ ਤਾਂ ਵੀਰ ਜੀ' ਤੁਸੀਂ ਜਿੰਨੀਆਂ ਮਰਜ਼ੀ ਕਰ ਲਿਆ ਕਰੋ।'

ਬਲਵੰਤ ਕਹਿੰਦਾ–'ਬਲਵੰਤ ਦੀ ਦੁਨੀਆ 'ਚ ਇੱਕੋਂ ਮਾਂ ਜਾਈ ਭੈਣ ਐ। ਜੇ ਤੂੰ ਮੇਰੀ ਦੂਜੀ ਭੈਣ ਬਣਨੈ ਤਾਂ ਇਉਂ ਬਹਿ ਕੇ ਸ਼ਰ੍ਹੇਆਮ ਕਿਸੇ ਨਾਲ ਗੱਲ ਨਹੀਂ ਕਰ ਸਕਦੀ ਤੇ ਨਾ ਹੀ ਹਾਊਸ ਵਿੱਚ ਗਾਣਾ ਗਾ ਸਕਦੀ ਐਂ।' ਰੇਸ਼ਮਾ ਬੜੀ ਹੈਰਾਨ 'ਆਖ਼ਰ ਇਹ ਬੰਦਾ ਮੈਥੋਂ ਚਾਹੁੰਦਾ ਕੀ ਹੈ।' ਉਸ ਨੇ ਹਲੀਮੀ ਪ੍ਰਗਟ ਕੀਤੀ–'ਬਲਵੰਤ ਜੀ, ਮੈਂ ਏਥੇ ਸਭ ਨੂੰ ਹੀ ਵੀਰ ਬਣਾ ਕੇ ਰੱਖਣਾ ਏਂ।'

ਬਲਵੰਤ ਨੇ ਕਾਲਜ ਆਉਣਾ ਬੰਦ ਕਰ ਦਿੱਤਾ। ਦੋ ਦਿਨ, ਤਿੰਨ ਦਿਨ ਤੇ ਉਹ ਚਾਰ ਦਿਨ ਕਾਲਜ ਨਾ ਆਇਆ। ਇੰਦਰਜੀਤ ਸਿੱਧੂ, ਬਲਵੰਤ ਦਾ ਖ਼ਾਸ ਯਾਰ ਸੀ। ਉਸ ਦੇ ਨਾਲ ਹੀ ਬੀ. ਐੱਡ. ਵਿੱਚ ਪੜ੍ਹਦਾ ਸੀ। ਰੇਸ਼ਮਾ ਨੇ ਇੰਦਰਜੀਤ ਦੇ ਹੱਥ ਬਲਵੰਤ ਨੂੰ ਸੁਨੇਹਾ ਘੱਲਿਆ–'ਤੈਨੂੰ ਰੇਸ਼ਮਾ ਬਲੌਂਦੀ ਅ। ਬਲਵੰਤ ਕੁੜਤੇ ਪਜਾਮੇ ਨਾਲ ਹੀ ਲਿਬੜਿਆ ਤਿਬੜਿਆ ਓਵੇਂ ਜਿਵੇਂ ਹੋਸਟਲ ਵਿਚੋਂ ਉੱਠ ਕੇ ਕਾਲਜ ਆ ਵੜਿਆ। ਮੁੰਡੇ ਕੁੜੀਆਂ ਹੈਰਾਨ ਕਿ ਬਲਵੰਤ ਨੂੰ ਕੀ ਹੋ ਗਿਆ। ਰੇਸ਼ਮਾ ਕਾਲਜ ਦੇ ਇੱਕ ਖੂੰਝੇ ਵਿੱਚ ਲਿਜਾ ਕੇ ਉਸ ਨੂੰ ਕਹਿੰਦੀ–'ਬਲਵੰਤ ਜੀ ਤੁਸੀਂ ਕਾਲਜ ਆਇਆ ਕਰੋਂ। ਜੇ ਤੁਸੀਂ ਇਹ ਚਾਹੁੰਦੇ ਹੋ ਕਿ ਮੈਂ ਤੁਹਾਨੂੰ ਪਿਆਰ ਕਰਾਂ ਤਾਂ ਚਲੋ ਏਵੇਂ ਜਿਵੇਂ ਸਹੀ। ਪਰ ਤੁਸੀਂ ਆਪਣੀ ਜ਼ਿੰਦਗੀ ਖ਼ਰਾਬ ਨਾ ਕਰੋ।' ਬਲਵੰਤ ਕਹਿੰਦਾ–'ਦੇਖ ਰੇਸ਼ਮਾ, ਬਲਵੰਤ ਮੁੰਡਿਆਂ ਵਰਗਾ ਮੁੰਡਾ ਨੀ। ਤੂੰ ਬਲਵੰਤ ਦੀਆਂ ਕੁਰਬਾਨੀਆਂ ਦੇਖੀਂ।'

ਦੂਜੇ ਦਿਨ ਬਲਵੰਤ ਕਾਲਜ ਆਇਆ, ਪੂਰਾ ਬਣ ਠਣ ਕੇ। ਰੇਸ਼ਮਾ ਨੂੰ ਕਹਿੰਦਾ–'ਰੇਸ਼ਮਾ, ਆਪਣੀਆਂ ਸਹੇਲੀਆਂ ਨੂੰ ਲਿਆ, ਚਾਹ ਪੀਏ, ਟੱਕ ਸ਼ਾਪ 'ਤੇ।' ਇੰਦਰਜੀਤ ਤੇ ਬਲਵੰਤ ਕੁੜੀਆਂ ਦੇ ਗਰੁੱਪ ਵਿੱਚ ਇਉਂ ਆਕੜੇ ਬੈਠੇ ਸਨ, ਜਿਵੇਂ ਉਨ੍ਹਾਂ ਨੇ ਕੁਝ ਜਿੱਤ ਲਿਆ ਹੁੰਦਾ ਹੈ। ਇੰਦਰਜੀਤ ਸਿਆਣਾ ਬਹੁਤ ਸੀ। ਉਹ ਬਲਵੰਤ ਦੀ ਹਾਂ ਵਿੱਚ ਹਾਂ ਮਿਲਾ ਦਿੰਦਾ, ਪਰ ਗੱਲੀਂ ਗੱਲੀ ਉਸ ਨੂੰ ਸਮਝਾਉਂਦਾ ਰਹਿੰਦਾ–'ਬਲਵੰਤ ਤਬਾਹ ਨਾ ਹੋ ਜੀਂ ਯਾਰਾ, ਕੁੜੀਆਂ ਦੇ ਇਸ਼ਕ ਤਾਂ ਖੰਡ ਵਿੱਚ ਜ਼ਹਿਰ ਹੁੰਦੇ ਨੇ।' ਇੰਦਰਜੀਤ ਰੱਜੇ ਪੁੱਜੇ ਘਰ ਦਾ ਮੁੰਡਾ ਸੀ ਤੇ ਹਰਿੰਦਰ ਨਗਰ ਵਿੱਚ ਉਸ ਦੇ ਪਿਓ ਨੇ ਇੱਕ ਵਧੀਆ ਕੋਠੀ ਪਾਈ ਹੋਈ ਸੀ। ਬਲਵੰਤ ਕਈ ਵਾਰੀ ਰੇਸ਼ਮਾ ਨੂੰ ਨਾਲ ਲੈ ਕੇ ਹਰਿੰਦਰ ਨਗਰ ਵਿੱਚ ਇੰਦਰਜੀਤ ਕੋਲ ਆ ਜਾਂਦਾ ਤੇ ਇੰਦਰਜੀਤ ਉਨ੍ਹਾਂ ਦੀ ਇਉਂ ਸੇਵਾ ਕਰਦਾ, ਜਿਵੇਂ ਦੋ ਫ਼ਰਿਸ਼ਤੇ ਉਨ੍ਹਾਂ ਦੀ ਕੋਠੀ ਵਿੱਚ ਆ ਉਤਰੇ ਹੋਣ।

ਬਲਵੰਤ ਕਾਲਜ ਤਾਂ ਆਉਂਦਾ ਸੀ, ਪਰ ਪੜ੍ਹਾਈ ਵਿੱਚ ਉਸ ਦੀ ਬਿਲਕੁੱਲ ਹੀ ਰੁਚੀ ਨਹੀਂ ਸੀ। ਸਾਰੇ ਪ੍ਰੋਫ਼ੈਸਰ ਉਸ ਨੂੰ ਯਾਰ ਬਣਾ ਕੇ ਰੱਖਦੇ। ਉਹ ਤੇ ਰੇਸ਼ਮਾ ਕਿਸੇ ਪੀਰੀਅਡ ਵਿੱਚ ਜਾਦੇ, ਭਾਵੇਂ ਨਾ ਜਾਂਦੇ, ਉਨ੍ਹਾਂ ਦੀ ਹਾਜ਼ਰੀ ਲੱਗ ਜਾਂਦੀ। ਇੱਕ ਇੱਕ ਪ੍ਰੋਫ਼ੈਸਰ ਜਾਣਦਾ ਸੀ ਕਿ ਕਿਸੇ ਨਾ ਕਿਸੇ ਦਰਖ਼ਤ ਦੀ ਓਟ ਵਿੱਚ ਬਲਵੰਤ ਤੇ ਰੇਸ਼ਮਾ ਦੀਆਂ ਗੱਲਾਂ ਦੀ ਚੱਕੀ ਚੱਲਦੀ ਹੀ ਰਹਿੰਦੀ ਹੈ। ਕਾਲਜ ਦੀ ਬਿਲਡਿੰਗ 'ਤੇ ਰੇਸ਼ਮਾ ਦੀਆਂ ਗੱਲਾਂ ਦੀ ਚੱਕੀ ਚੱਲਦੀ ਹੀ ਰਹਿੰਦੀ ਹੈ। ਕਾਲਜ ਦੀ ਬਿਲਡਿੰਗ ਕਿਸੇ ਵੇਲੇ ਮਹਾਰਾਜੇ ਦਾ ਯਤੀਮਖ਼ਾਨਾ ਸੀ, ਪਰ ਹੁਣ ਉਹ ਬਿਲਡਿੰਗ ਬਲਵੰਤ ਨੂੰ ਇਉਂ ਲੱਗਦੀ

ਸੀ, ਜਿਵੇਂ ਆਗਰੇ ਤੋਂ ਤਾਜ ਮਹਿਲ ਖੁੱਗ ਕੇ ਕਿਸੇ ਨੇ ਉੱਥੇ ਦੋ ਜੜੁੱਤ ਨਹਿਰਾਂ ਦੀ ਵੱਖੀ ਵਿੱਚ ਲਿਆ ਧਰਿਆ ਹੋਵੇ।

ਦਿਨ ਲੰਘਦੇ ਗਏ। ਬਲਵੰਤ ਹੋਸਟਲ ਵਿੱਚ ਜਿਸ ਕਮਰੇ 'ਚ ਰਹਿੰਦਾ ਹੁੰਦਾ, ਉਸ ਕਮਰੇ ਦੀ ਬਿਜਲੀ ਬੱਤੀ ਦਿਨ ਰਾਤ ਜਾਗਦੀ ਰਹਿੰਦੀ। ਹੋਸਟਲ ਦੇ ਵਾਰਡਨ ਨੇ ਇੱਕ ਦਿਨ ਉਸ ਤੋਂ ਪੁੱਛਿਆ ਬਲਵੰਤ ਕਹਿੰਦਾ–ਪ੍ਰੋਫੈਸਰ ਸਾਹਿਬ, ਇਸ ਕਮਰੇ ਦੀ ਬੱਤੀ ਚੌਵੀ ਘੰਟੇ ਇਸ ਕਰਕੇ ਬਲਦੀ ਬਈ ਇਸ ਕਮਰੇ 'ਚ ਚੌਵੀ ਘੰਟੇ ਹਨੇਰਾ ਈ ਰਹਿੰਦਾ ਹੋਵੇ। ਬੱਤੀ ਤਾਂ ਇਸ ਕਰਕੇ ਸਾਰਾ ਦਿਨ ਸਾਰੀ ਰਾਤ ਬਲਦੀ ਐਂ ਬਈ ਪਤਾ ਲੱਗੇ ਇਹ ਬਲਵੰਤ ਦਾ ਕਮਰੈ।' ਵਾਰਡਨ ਹੱਸ ਹੱਸ ਦੂਹਰਾ ਹੁੰਦਾ ਉਸ ਦੇ ਕਮਰੇ ਵਿਚੋਂ ਬਾਹਰ ਹੋ ਗਿਆ।

ਬਲਵੰਤ ਨੇ ਹੋਸਟਲ ਛੱਡ ਦਿੱਤਾ ਤੇ ਆਪਣੇ ਵੱਡੇ ਭਰਾ ਦੇ ਘਰ ਰਹਿਣਾ ਸ਼ੁਰੂ ਕਰ ਦਿੱਤਾ। ਹੁਣ ਉਹ ਰੇਸ਼ਮਾ ਨੂੰ ਵੀ ਕਦੇ ਕਦੇ ਵੱਡੇ ਭਰਾ ਦੇ ਘਰ ਲੈ ਆਉਂਦਾ। ਉਹ ਦੀ ਭਰਜਾਈ ਖਿਝਦੀ, ਕਿਉਂਕਿ ਭਰਜਾਈ ਨੇ ਆਪਣੀ ਮਾਸੀ ਦੀ ਕੁੜੀ ਦਾ ਰਿਸ਼ਤਾ ਉਸ ਨੂੰ ਕਰਵਾ ਦਿੱਤਾ ਸੀ, ਜਦੋਂ ਉਹ ਅਜੇ ਬੀ. ਏ. ਵਿਚੋਂ ਪਾਸ ਹੋਇਆ ਹੀ ਸੀ। ਤੇ ਭਰਜਾਈ ਨੂੰ ਡਰ ਸੀ, ਕਿਤੇ ਉਹ ਦੀ ਵਿਚੋਲਗੀ ਖ਼ੂਹ ਵਿੱਚ ਨਾ ਪੈ ਜਾਵੇ।

ਸਾਰੇ ਫ਼ਰੀਦਕੋਟ ਵਿੱਚ ਬਲਵੰਤ ਤੇ ਰੇਸ਼ਮਾ ਦੀ ਗੱਲ ਉੱਡ ਗਈ। ਹੁੱਕੀ ਵਾਲੇ ਚੌਂਕ ਵਿੱਚ ਖੜ੍ਹ ਕੇ ਲੋਕ ਬਲਵੰਤ ਦੀਆਂ ਗੱਲਾਂ ਕਰਦੇ। ਆਥਣ ਵੇਲੇ ਰੋਜ਼ ਉਹ ਰੇਸ਼ਮਾ ਨੂੰ ਨਾਲ ਲੈ ਕੇ ਕਮਲਿਆਂ ਬੌਲਿਆਂ ਵਾਂਗ ਸੜਕਾਂ 'ਤੇ ਫਿਰਦਾ ਰਹਿੰਦਾ। ਕਈ ਹੱਸਦੇ, ਕਈ ਰਸ਼ਕ ਕਰਦੇ, ਕਈ ਹਸਦ ਕਰਦੇ ਤੇ ਕਈ ਉਸ ਨੂੰ ਸਮਝਾਉਂਦੇ। ਕਾਲਜ ਦਾ ਧਾਰਮਿਕ ਖ਼ਿਆਲਾਂ ਵਾਲਾ ਪ੍ਰੋਫੈਸਰ ਗੁਰੂ ਗ੍ਰੰਥ ਸਾਹਿਬ ਵਿਚੋਂ ਤੁਕਾਂ ਕੱਢ ਕੇ ਬਲਵੰਤ ਨੂੰ ਸਮਝਾਉਂਦਾ ਤੇ ਕਹਿੰਦਾ–'ਬਲਵੰਤ ਪੁੱਤ, ਬਦਨਾਮ ਨਾ ਹੋ', ਮਨੋਵਿਗਿਆਨ ਦਾ ਪ੍ਰੋਫੈਸਰ ਬਲਵੰਤ ਨੂੰ ਟੋਂਹਦਾ ਰਹਿੰਦਾ ਕਿ ਉਸ ਦਾ ਇਸ਼ਕ ਕਿੰਨੇ ਕੁ ਪਾਣੀ 'ਚ ਹੈ। ਸਿਲਸਿਲਾ ਚੱਲਦਾ ਰਿਹਾ। ਬੀ. ਐੱਡ. ਦਾ ਇਮਤਿਹਾਨ ਆ ਗਿਆ। ਬੀ. ਐੱਡ. ਦਾ ਇਮਤਿਹਾਨ ਹੋਇਆ ਤੇ ਹੋਰ ਸਾਰਾ ਕੁਝ ਜਦੋਂ ਖ਼ਤਮ ਹੋ ਗਿਆ ਤਾਂ ਮੁੰਡੇ ਕੁੜੀਆਂ ਆਪੋ ਆਪਣੇ ਘਰਾਂ ਨੂੰ ਜਾਣ ਲੱਗੇ। ਹਰ ਮੁੰਡੇ ਦਾ ਦਿਲ ਸੀ ਕਿ ਉਹ ਬਲਵੰਤ ਨੂੰ ਜੱਫ਼ੀ ਪਾ ਕੇ ਜਾਵੇ। ਹਰ ਕੁੜੀ ਦਾ ਦਿਲ ਸੀ ਕਿ ਉਹ ਬਲਵੰਤ ਨੂੰ ਮਿਲ ਕੇ ਜਾਵੇ। ਬਲਵੰਤ ਸਭ ਨੂੰ ਮਿਲਿਆ, ਸਭ ਨਾਲ ਗੱਲਾਂ ਕੀਤੀਆਂ। ਹਰ ਇੱਕ ਨੇ ਉਨ੍ਹਾਂ ਦੇ ਇਸ਼ਕ ਨੂੰ ਸ਼ੁੱਭ ਇੱਛਾ ਕਹੀ। ਬਲਵੰਤ ਕਾਲਜ ਦੀ ਉੱਪਰਲੀ ਛੱਤ 'ਤੇ ਖੜ੍ਹ ਕੇ ਰੇਸ਼ਮਾ ਨੂੰ ਕਹਿੰਦਾ–'ਰੇਸ਼ਮਾ ਅੱਜ ਆਖ਼ਰੀ ਦਿਨ ਐ। ਮੇਰੇ ਹੱਥ ਵਿੱਚ ਹੱਥ ਪਾ ਕੇ ਦੱਸ ਕਿ ਮੈਨੂੰ ਦਿਲੋਂ ਚਾਹੁੰਨੀ ਐਂ ਤੇ ਮੇਰੇ ਨਾਲ ਵਿਆਹ ਕਰਵਾਵੇਂਗੀ। ਨਹੀਂ ਤਾਂ ਥੱਲੇ ਉਤਰ ਕੇ ਹੁਣ ਜਦੋਂ ਤੂੰ ਕਾਲਜ ਦਾ ਦਰਵਾਜ਼ਾ ਟੱਪਣ ਲੱਗੀ ਤਾਂ ਬਲਵੰਤ ਤਾਂ ਐਥੋਂ ਈ ਛਾਲ ਮਾਰ ਦੂ ਤੇ ਤੈਨੂੰ ਆਪਣੀ ਸਲਵਾਰ ਦੇ ਪਾਂਚੇ ਉਤਾਂਹ ਚੜ੍ਹਾ ਕੇ ਮੇਰੇ ਲਹੂ ਦਾ ਛੱਪੜ ਪਾਰ ਲੰਘਣਾ ਪਊ।' ਛੱਤ ਦੇ ਜੰਗਲੇ 'ਤੋਂ ਦੀ ਗਰਦਨ ਕੱਢ ਕੇ ਜਦ ਰੇਸ਼ਮਾ ਨੇ ਸੱਠ ਫੁੱਟ ਥੱਲੇ ਨਿਗਾਹ ਮਾਰੀ ਤਾਂ ਉਹ ਦਾ ਸੀਤ ਨਿਕਲ ਗਿਆ ਤੇ ਉਹ ਡਰ ਕੇ ਬਲਵੰਤ ਦੀਆਂ ਬਾਹਾਂ ਵਿੱਚ ਆ ਸਿਮਟੀ।

ਰੋਹਤਕ ਨੂੰ ਜਾਣ ਲਈ ਰੇਸ਼ਮਾ ਜਦੋਂ ਸਟੇਸ਼ਨ ’ਤੇ ਆਈ ਤਾ ਬਲਵੰਤ ਤੇ ਇੰਦਰਜੀਤ ਆਪ ਓਸ ਨੂੰ ਗੱਡੀ ਚੜ੍ਹਾ ਕੇ ਗਏ। ਬਲਵੰਤ ਭਦੌੜ ਆ ਕੇ ਸਕੂਲ ਵਿੱਚ ਹਾਜ਼ਰ ਹੋ ਗਿਆ।

ਇੱਕ ਮਹੀਨੇ ਬਾਅਦ ਰੋਹਤਕ ਤੋਂ ਰੇਸ਼ਮਾ ਦੀ ਚਿੱਠੀ ਆਈ ਕਿ ਉਹ ਦਿੱਲੀ ਜਾ ਰਹੀ ਹੈ। ਓਥੇ ਉਹ ਦੀ ਮਾਸੀ ਦੀ ਕੁੜੀ ਵਿਆਹੀ ਹੋਈ ਹੈ। ਅਗਲਾ ਸਾਰਾ ਹਫ਼ਤਾ ਉਹ ਸ਼ਾਮ ਨੂੰ ਪੰਜ ਵਜੇ ਤੋਂ ਸੱਤ ਵਜੇ ਤੱਕ ਚਾਂਦਨੀ ਚੌਕ ਵਿੱਚ ਸ਼ੀਸ਼ਗੰਜ ਗੁਰਦੁਆਰੇ ਸਾਹਮਣੇ ਨਿੱਤ ਉਡੀਕ ਰਹੀ ਹੋਇਆ ਕਰੇਗੀ ਤੇ ਬਲਵੰਤ ਕਿਸੇ ਦਿਨ ਵੀ ਆ ਕੇ ਉਹ ਨੂੰ ਮਿਲੇ। ਬਲਵੰਤ ਨੇ ਚੜ੍ਹੇ ਚਾਹ ਨਾਲ ਚਿੱਠੀ ਪੜ੍ਹੀ ਤੇ ਉਹ ਦੇ ਅੰਦਰ ਖੋਹ ਦੀ ਅੱਗ ਭੜਕ ਉੱਠੀ ।ਉਸ ਨੇ ਦੋ ਸੌ ਰੁਪਿਆ ਭਦੌੜ ਆਪਣੇ ਯਾਰਾਂ ਤੋਂ ਇਕੱਠਾ ਕੀਤਾ, ਸੌ ਰੁਪਿਆ ਉਹ ਫ਼ਰੀਦਕੋਟ ਇੰਦਰਜੀਤ ਕੋਲ ਲੇਲ੍ਹੜਿਆ ਕੱਢ ਕੇ ਲੈ ਆਇਆ। ਚਾਰ ਸੌ ਲੈ ਕੇ ਦਿੱਲੀ ਚਲਿਆ ਗਿਆ ਤੇ ਇੱਕ ਹਫ਼ਤਾ ਉੱਥੇ ਲਾ ਕੇ ਉਹ ਦਿੱਲੀ ਨੂੰ ਦੱਸ ਆਇਆ ਕਿ ‘ਤੇਰੀ ਬੁੱਕਲ ਵਿੱਚ ਇੱਕ ਜੋੜਾ ਮਨ ਦੀ ਸ਼ਾਤੀ ਹੰਢਾ ਗਿਆ ਹੈ।’

ਅਗਸਤ–ਸਤੰਬਰ ਵਿੱਚ ਰੇਸ਼ਮਾ ਦੀ ਛੋਟੀ ਭੈਣ ਨੇ ਦਸਵੀਂ ਦਾ ਇਮਤਿਹਾਨ ਦੇਣਾ ਸੀ। ਰੇਸ਼ਮਾ ਨੇ ਮਥ ਮਥਾ ਕੇ ਉਹ ਦਾ ਸੈਂਟਰ ਰੋਹਤਕ ਦੀ ਥਾਂ ਫ਼ਰੀਦਕੋਟ ਭਰਵਾ ਦਿੱਤਾ। ਜਦ ਉਹ ਫ਼ਰੀਦਕੋਟ ਇਮਤਿਹਾਨ ਦੇਣ ਆਈ ਤਾਂ ਨਾਲ ਉਹ ਦੇ ਰੇਸ਼ਮਾ ਵੀ ਆ ਗਈ। ਦੋਵੇਂ ਭੈਣਾਂ ਉਹ ਬਲਵੰਤ ਦੇ ਵੱਡੇ ਭਰਾ ਦੇ ਘਰ ਆ ਕੇ ਠਹਿਰ ਗਈਆਂ। ਬਲਵੰਤ ਇੱਕ ਮਹੀਨੇ ਦੀ ਛੁੱਟੀ ਲੈ ਕੇ ਭਦੌੜ ਤੋਂ ਫ਼ਰੀਦਕੋਟ ਆ ਵੜਿਆ। ਉਸ ਦਾ ਵੱਡਾ ਭਰਾ ਤੇ ਭਰਜਾਈ ਭਾਵੇਂ ਅੰਦਰੋਂ ਅੰਦਰੀ ਕੁਝ ਵੀ ਮਹਿਸੂਸ ਕਰਦੇ ਹੋਣ, ਪਰ ਉਨ੍ਹਾਂ ਨੇ ਰੇਸ਼ਮਾ ਦਾ ਘਰੇ ਬਲਵੰਤ ਕੋਲ ਖੁੱਲ੍ਹਮ ਖੁੱਲ੍ਹਾ ਆਉਣਾ ਕਦੇ ਵੀ ਨਹੀਂ ਸੀ ਵਰਜਿਆ।

ਇੰਦਰਜੀਤ ਨੇ ਉਸ ਨੂੰ ਮੱਤ ਦਿੱਤੀ–‘ਬਲਵੰਤ, ਐਵੇਂ ਭਕਾਈਂ ’ਚ ਕੋਈ ਫੈਦਾ ਨ੍ਹੀਂ। ਸਾਰੀ ਕਹਾਣੀ ਹੋ ਚੁੱਕੀ ਐ। ਲੋਕਾਂ ਨੂੰ ਸਭ ਪਤੈ। ਸਾਰੇ ਮਿੱਤਰ ਬੇਲੀ ਤੇਰੀ ਮਦਦ ’ਤੇ ਨੇ। ਤੂੰ ਹੁਣ ਰੇਸ਼ਮਾਂ ਨੂੰ ਸੁੱਕੀ ਨਾ ਜਾਣ ਦੇਹ। ਹੋਰ ਕੋਈ ਗੱਲ ਨ੍ਹੀਂ ਬਣਦੀ ਤਾਂ ਕੋਰਟ ਮੈਰਿਜ ਕਰਵਾ ਲੈ।’ ਬਲਵੰਤ ਕਹਿੰਦਾ–‘ਵਿਆਹ ਦੀ ਵੀ ਯਾਰ ਕੋਈ ਗੱਲ ਐ ।ਜਦੋਂ ਮਰਜ਼ੀ ਕਰਵਾ ਲੈ। ਆਪਾਂ ਤੋਂ ਹੁਣ ਇਹ ਨੇ ਭੱਜ ਥੋੜ੍ਹਾ ਜਾਣੈ।’

ਉਨ੍ਹਾਂ ਦਿਨਾਂ ਵਿੱਚ ਹੀ ਭਰਜਾਈ ਦੀ ਮਾਸੀ ਨੇ ਕੁੜੀ ਦਾ ਵਿਆਹ ਕਢਵਾ ਕੇ ਕੋਟਕਪੂਰੇ ਭੇਜ ਦਿੱਤਾ। ਵਿਆਹ ਵਿੱਚ ਦੋ ਮਹੀਨੇ ਰਹਿੰਦੇ ਸਨ। ਸਾਰੀ ਗੱਲ ਦਾ ਬਲਵੰਤ ਨੂੰ ਪਤਾ ਸੀ। ਅੰਦਰੋਂ ਅੰਦਰੀ ਉਹ ਰਿਝ ਰਿਹਾ ਸੀ ਕਿ ਕਿਵੇਂ ਰੇਸ਼ਮਾ ਨਾਲ ਉਸ ਦਾ ਵਿਆਹ ਹੋ ਜਾਵੇ। ਰੇਸ਼ਮਾ ਵਿਆਹ ਲਈ ਤਿਆਰ ਸੀ, ਪਰ ਉਸ ਨੂੰ ਕੋਈ ਪਤਾ ਨਹੀ ਸੀ ਕਿ ਬਲਵੰਤ ਪਹਿਲਾਂ ਹੀ ਮੰਗਿਆ ਹੋਇਆ ਹੈ ਤੇ ਹੁਣ ਉਸ ਦਾ ਵਿਆਹ ਵੀ ਧਰਿਆ ਹੋਇਆ ਹੈ। ਆਖ਼ਰ ਘਰ ਦੀ ਘੁਸਰ ਮੁਸਰ ਵਿਚੋਂ ਉਸ ਨੂੰ ਪਤਾ ਲੱਗ ਹੀ ਗਿਆ। ਉਹ ਬਲਵੰਤ ਨੂੰ ਕਹਿੰਦੀ–‘ਅਜੇ ਵੀ ਕੀ ਵਿਗੜਿਆ ਹੈ। ਤੁਸੀਂ ਹਿੱਕ ਠੋਕ ਕੇ ਆਖੋ ਤੇ ਬਲਵੰਤ ਜੀ, ਮੈਨੂੰ ਜਿੱਥੇ ਮਰਜ਼ੀ ਲੈ ਚੱਲੋ।’ ਰੇਸ਼ਮਾ ਨੇ ਰੋਹਤਕ ਤੋਂ ਆਪਣੀ ਮਾਂ ਨੂੰ ਬੁਲਾ ਲਿਆ। ਮਾਂ ਜਦੋਂ ਆਈ ਤੇ ਉਸ ਨੂੰ ਸਾਰੇ ਝਗੜੇ ਦਾ ਪਤਾ ਲੱਗਿਆ ਤਾਂ ਉਹ

ਸਿਆਪਾ ਪਾ ਕੇ ਬੈਠ ਗਈ। ਕਹਿੰਦੀ–'ਏਦਾਂ ਵੀ ਵਿਆਹ ਹੁੰਦੇ ਹੁੰਦੇ ਨੇ? ਕੋਟਕਪੂਰੇ ਬਲਵੰਤ ਦੇ ਮਾਂ–ਪਿਓ ਨੂੰ ਪਤਾ ਲੱਗਿਆ ਤਾਂ ਉਹ ਝੱਟ ਫ਼ਰੀਦਕੋਟ ਆ ਠਹਿਕੇ। ਬਿਰਧ ਪਿਓ ਕਹਿੰਦਾ–'ਬਲਵੰਤ ਮੁੰਡੇ ਮੈਨੂੰ ਆਪਣੇ ਹੱਥ ਨਾਲ ਖ਼ੂਹ 'ਚ ਧੱਕਾ ਦੇ ਦੇ। ਮੈਂ ਜਿਊਂਦੇ ਜੀਅ ਇਉਂ ਨਹੀਂ ਕਹੌਣਾ, ਬਈ ਕਿਸੇ ਖ਼ਾਨਦਾਨ ਦੀ ਧੀ ਸਾਹੇ ਧਰੀ ਛੱਡ 'ਤੀ। ਬਲਵੰਤ ਦਾ ਵੱਡਾ ਭਰਾ ਤੇ ਭਰਜਾਈ ਬਹੁੜੀਆਂ ਪਾਉਣ ਕਿ ਰੋਹਤਕ ਵਾਲਾ ਟੱਬਰ ਕਦ ਘਰੋਂ ਨਿਕਲੇ ਤੇ ਸੁੱਖ ਦਾ ਸਾਹ ਆਵੇ। ਇਸ ਘੜਮੱਸ ਵਿੱਚ ਜਿਵੇਂ ਬਲਵੰਤ ਦੀ ਸੁਰਤ ਮਾਰੀ ਗਈ। ਰੇਸ਼ਮਾ ਉਸ ਨੂੰ ਕਹਿੰਦੀ–'ਬਲਵੰਤ ਜੀ, ਹੁਣ ਦੇ ਝਗੜੇ ਨੂੰ ਮਿਟਾਓ। ਮੇਰੀ ਉਡੀਕ ਰੱਖਣੀ। ਮੈਂ ਇੱਕ ਮਹੀਨੇ ਨੂੰ ਇੱਥੋਂ ਫ਼ਰੀਦਕੋਟ ਤੁਹਾਡੇ ਕੋਲ ਖੜ੍ਹੀ ਹਾਂ।' ਤੇ ਕੁੜੀ ਦਾ ਇਮਤਿਹਾਨ ਖ਼ਤਮ ਹੋਏ ਤੋਂ ਉਹ ਤਿੰਨੇ ਮਾਵਾਂ ਧੀਆਂ ਰੋਹਤਕ ਨੂੰ ਚਲੀਆਂ ਗਈਆਂ। ਭਰਜਾਈ ਨੇ ਆਪਣੀ ਮਾਸੀ ਨੂੰ ਕਹਿ ਕੇ ਵਿਆਹ ਦੋ ਮਹੀਨੇ ਪਿੱਛੇ ਪਵਾ ਦਿੱਤਾ। ਬਲਵੰਤ ਮੁੜ ਕੇ ਭਦੌੜ ਹਾਜ਼ਰ ਹੋ ਗਿਆ।

ਭਦੌੜ ਹੁਣ ਉਹ ਇੱਕ ਛੋਟੀ ਜਿਹੀ ਬੈਠਕ ਵਿੱਚ ਰਹਿੰਦਾ ਸੀ। ਬੈਠਕ ਦੀ ਇੱਕ ਅਲਮਾਰੀ ਵਿੱਚ ਉਸ ਨੇ ਗੁਰੂ ਨਾਨਕ ਦੀ ਤਸਵੀਰ ਸ਼ੀਸ਼ੇ ਵਿੱਚ ਜੜਵਾ ਕੇ ਰੱਖੀ ਹੋਈ ਸੀ। ਸਵੇਰੇ ਹੀ ਜਦ ਉਹ ਉੱਠਦਾ, ਹੋਰ ਕਿਸੇ ਨੂੰ ਵੀ ਮੱਥੇ ਨਾ ਲਾਉਂਦਾ। ਸਰਾਣੇ ਥੱਲੇ ਜਿਹੜਾ ਉਸ ਨੇ ਪਾਣੀ ਰੱਖਿਆ ਹੁੰਦਾ, ਉਸ ਨਾਲ ਓਵੇਂ ਅੱਖਾਂ ਮੀਚੀਂ ਆਪਣੇ ਹੱਥ ਧੋਂਦਾ ਤੇ ਉਸ ਤਸਵੀਰ ਮੂਹਰੇ ਹੱਥ ਜੋੜ ਕੇ ਗੋਡਿਆ ਭਾਰ ਹੋ ਕੇ ਇੱਕੋ ਦੁਆ ਕਰਦਾ–'ਹੇ ਬਾਬਾ ਨਾਨਕਾ, ਮੈਨੂੰ ਰੇਸ਼ਮਾ ਮਿਲ ਜੇ।'

ਬਲਵੰਤ ਦੇ ਦਿਮਾਗ਼ ਵਿੱਚ ਠੋਹਕਰਾਂ ਵੱਜਦੀਆਂ ਸਨ ਕਿ ਰੇਸ਼ਮਾ ਦੇ ਪਿਆਰ ਨੂੰ ਜਿੰਨੀਆਂ ਗੰਢਾਂ ਵੀ ਉਸ ਨੇ ਕਦੇ ਦਿੱਤੀਆਂ ਸਨ, ਉਹ ਸਾਰੀਆਂ ਰੇਸ਼ਮ ਦੇ ਧਾਗਿਆ ਵਰਗੀਆਂ ਗੰਢਾਂ ਸਨ। ਜਿਹੜੀਆਂ ਕਦੇ ਵੀ ਰਿਸਕ ਸਕਦੀਆਂ ਸਨ, ਕਦੇ ਵੀ ਖੁੱਲ੍ਹ ਸਕਦੀਆਂ ਸਨ।

ਫ਼ਰੀਦਕੋਟ ਤੋਂ ਆਪਣੀ ਛੋਟੀ ਭੈਣ ਤੇ ਮਾਂ ਸਮੇਤ ਜਦ ਰੇਸ਼ਮਾ ਰੋਹਤਕ ਨੂੰ ਗਈ ਸੀ, ਉਸ ਤੋਂ ਦੋ ਮਹੀਨਿਆਂ ਬਾਅਦ ਉਸ ਦੇ ਪਿਤਾ ਦੀ ਬਲਵੰਤ ਨੂੰ ਭਦੌੜ ਚਿੱਠੀ ਪਹੁੰਚੀ–'ਕਾਕਾ, ਤੈਨੂੰ ਖ਼ੁਸ਼ੀ ਹੋਵੇਗੀ ਕਿ ਰੇਸ਼ਮਾ ਦਾ ਵਿਆਹ ਇੱਕ ਸੁਹਣੇ ਸੁਨੱਖੇ ਐੱਮ. ਏ., ਬੀ. ਟੀ. ਮੁੰਡੇ ਨਾਲ ਕਰ ਦਿੱਤਾ ਹੈ।

ਇਹ ਚਿੱਠੀ ਤੋਂ ਪੰਦਰਾਂ ਦਿਨ ਬਾਅਦ ਸਾਰੇ ਭਦੌੜ ਵਿੱਚ ਗੱਲ ਉੱਡ ਗਈ, ਸਾਰੇ ਫ਼ਰੀਦਕੋਟ ਵਿੱਚ ਗੱਲ ਉੱਡ ਗਈ ਤੇ ਸਾਰੇ ਕੋਟਕਪੂਰੇ ਵਿੱਚ ਗੱਲ ਉੱਡ ਗਈ–'ਬਲਵੰਤ ਪਤਾ ਨਹੀਂ ਕਿੱਧਰ ਚਲਿਆ ਗਿਆ।' ਇੰਦਰਜੀਤ ਸਿੱਧੂ ਕੋਲ ਜਦ ਕੋਈ ਬਲਵੰਤ ਦੀ ਗੱਲ ਛੇੜਦਾ ਤਾਂ ਇੰਦਰਜੀਤ ਰੋ ਪੈਂਦਾ। ♦

# ਖੱਟਾ ਅੰਬ

ਤ੍ਰਿਸਨਾ–ਲੰਮਾ ਕੱਦ, ਪਤਲਾ ਸਰੀਰ, ਰੰਗ ਗੋਰਾ, ਅੱਖਾਂ ਤਿੱਖੀਆਂ ਤੇ ਨਖ਼ਰੇ ਵਾਲੀ ਚਾਲ, ਨਖ਼ਰੇ ਵਾਲੀ ਬਾਤ।

ਕਾਂਤਾ–ਮਧਰਾ ਕੱਦ, ਭਰਵਾਂ ਸਰੀਰ, ਰੰਗ ਬਦਾਮੀ, ਅੱਖਾਂ ਮੋਟੀਆਂ ਤੇ ਸਾਊ ਚਾਲ, ਸਿਆਣੀ ਗੱਲਬਾਤ।

ਤ੍ਰਿਸਨਾ ਤੇ ਕਾਂਤਾ ਦੋਵਾਂ ਨੇ ਇੱਕੋਂ ਸਕੂਲ ਵਿੱਚੋਂ ਇੱਕੋ ਸਾਲ ਦਸਵੀਂ ਪਾਸ ਕੀਤੀ ਸੀ। ਤ੍ਰਿਸਨਾ ਨੇ ਨਰਸ ਦਾ ਕੋਰਸ ਕਰ ਲਿਆ ਤੇ ਕਾਂਤਾ ਨੇ ਬੇਸਿਕ ਕਰ ਲਈ।

ਕਾਂਤਾ ਦਾ ਵੱਡਾ ਭਰਾ ਕਾਫ਼ੀ ਮਾਲਦਾਰ ਬੰਦਾ ਸੀ। ਬੱਸ ਸਟੈਂਡ 'ਤੇ ਉਹ ਇੱਕ ਚੰਗੀ ਵਰਕਸ਼ਾਪ ਦਾ ਮਾਲਕ ਸੀ। ਸਾਰੀਆਂ ਕੰਪਨੀਆਂ ਦੀਆਂ ਗੱਡੀਆਂ ਉਸ ਵਰਕਸ਼ਾਪ ਵਿੱਚ ਆ ਕੇ ਸੰਵਰਦੀਆਂ। ਸਾਰਾ ਪਟਿਆਲਾ ਉਸ ਨੂੰ ਜਾਣਦਾ ਸੀ।

ਕਾਂਤਾ ਕਦੇ ਕਦੇ ਤ੍ਰਿਸਨਾ ਨੂੰ ਨਾਲ ਲੈ ਕੇ ਵਰਕਸ਼ਾਪ ਵਿੱਚ ਆ ਜਾਂਦੀ। ਭਰਾ ਕੋਲ ਉਸ ਨੂੰ ਕੋਈ ਕੰਮ ਹੁੰਦਾ ਜਾਂ ਕੋਈ ਚੀਜ਼ ਖਰੀਦਣ ਲਈ ਪੈਸੇ ਲੈਣੇ ਹੁੰਦੇ। ਦੀਪ ਖੰਨਾ ਦੀ ਉਹ ਲਾਡਲੀ ਭੈਣ ਸੀ।

ਇੱਕ ਦਿਨ ਉਹ ਦੋਵੇਂ ਆਈਆਂ। ਵਰਕਸ਼ਾਪ ਵਿੱਚ ਦੋ ਤਿੰਨ ਡਰਾਇਵਰ ਇੱਕ ਸਟਿੱਪਨੀ ਨੂੰ ਬੱਸ ਦੇ ਉੱਪਰ ਚੜ੍ਹਾ ਰਹੇ ਸਨ। ਕਾਫ਼ੀ ਦੇਰ ਉਹ ਖੌਝਲਦੇ ਰਹੇ, ਪਰ ਸਟਿੱਪਨੀ ਚੜ੍ਹੀ ਨਾ। ਉਨ੍ਹਾਂ ਵਿਚੋਂ ਫੇਰ ਇੱਕ ਡਰਾਇਵਰ ਨੇ ਇੱਕ ਰੱਸਾ ਸਟਿੱਪਨੀ ਨਾਲ ਬੰਨ੍ਹਿਆ ਤੇ ਬੱਸ ਦੇ ਉੱਪਰ ਚੜ੍ਹ ਕੇ ਇਕੱਲੇ ਨੇ ਹੀ ਉਸ ਨੂੰ ਉਤਾਂਹ ਡੋਲ ਵਾਂਗ ਖਿੱਚ ਲਿਆ। ਉਸ ਡਰਾਇਵਰ ਦੇ ਚਿਹਰੇ 'ਤੇ ਅਨੋਖੇ ਜਿੱਤ ਟਪਕਦੀ ਤ੍ਰਿਸਨਾ ਨੇ ਦੇਖ ਲਈ ਤੇ ਉਹ ਓਸੇ ਘੜੀ ਜਿਵੇਂ ਉਸ 'ਤੇ ਮਰ ਜਿਹੀ ਗਈ।

ਦੂਜੇ ਡਰਾਇਵਰ ਉਸ ਨੂੰ ਮੱਖਣ ਕਹਿ ਕੇ ਬੁਲਾਉਂਦੇ ਸਨ।

ਮੱਖਣ–ਕੱਦ ਸੂਤ ਸਿਰ, ਤਕੜਾ ਸਰੀਰ, ਰੰਗ ਬਦਾਮੀ, ਦੰਦ ਥੋੜ੍ਹੇ ਥੋੜ੍ਹੇ ਉੱਚੇ ਤੇ ਘੁੰਗਰਲੇ ਜਲੇਬੀਦਾਰ ਸਿਰ ਦੇ ਵਾਲ।

ਘਰ ਆ ਕੇ ਤ੍ਰਿਸਨਾ ਕਾਂਤਾ ਨੂੰ ਕਹਿੰਦੀ–'ਜਿੰਨਾ ਚੰਗਾ ਮੈਨੂੰ ਉਹ ਬੰਦਾ ਲੱਗਿਆ, ਪਤਾ ਨੀ ਹੋਰ ਅਜੇ ਤਾਈਂ ਕਿਉਂ ਨੀ ਲੱਗਿਆ।'

'ਐਂ ਕਹਿ ਬਈ ਪੱਟੀ ਗਈ ਚੰਦਰੀਏ।' ਕਾਂਤਾ ਨੇ ਤ੍ਰਿਸਨਾ ਦੀ ਵੱਖੀ ਵਿੱਚ ਕੁਦਕੁਤੀ ਕੱਢ ਦਿੱਤੀ।

ਮੱਖਣ ਪਟਿਆਲਾ–ਸੰਗਰੂਰ ਰੂਟ 'ਤੇ ਬੱਸ ਚਲਾਉਂਦਾ ਸੀ। ਤ੍ਰਿਸਨਾ ਦਾ ਘਰ 'ਫੂਲ' ਥੀਏਟਰ ਦੇ ਕਿਤੇ ਨੇੜੇ ਤੇੜੇ ਹੀ ਸੀ।' ਮੱਖਣ ਦੀਆਂ ਬੱਸਾਂ ਦੇ ਵਕਤ ਸ਼ਾਇਦ

ਉਸ ਨੇ ਕਿਤੋਂ ਨੋਟ ਕਰ ਰੱਖੇ ਸਨ। ਜਦ ਮੱਖਣ 'ਫੂਲ' ਕੋਲ ਦੀ ਬੱਸ ਲੈ ਕੇ ਲੰਘਦਾ ਤਾਂ ਤ੍ਰਿਸਨਾ ਉਸ ਨੂੰ ਖੜ੍ਹੀ ਪਹਿਲਾਂ ਹੀ ਉਡੀਕ ਰਹੀ ਹੁੰਦੀ। ਇਸ਼ਾਰਿਆਂ ਤੋਂ ਸ਼ੁਰੂ ਹੋ ਕੇ ਗੱਲ ਸਵਾਲਾਂ ਜਵਾਬਾਂ ਤੀਕ ਪਹੁੰਚ ਗਈ।

ਇੱਕ ਦਿਨ ਸਿਆਲ ਦੀ ਠਰੀ ਆਥਣ ਵਿੱਚ ਮੱਖਣ ਰਾਜਪੁਰਾ ਰੋਡ 'ਤੇ ਇੱਕ ਸੂਏ ਦੀ ਵੱਖੀ ਵਿੱਚ ਵੱਡੇ ਵੱਡੇ ਕਰੀਰਾਂ ਦੀ ਬੁੱਕਲ ਖੋਲ੍ਹ ਕੇ ਤ੍ਰਿਸਨਾ ਨੂੰ ਆ ਮਿਲਿਆ। ਕਾਂਤਾ ਵੀ ਉਸ ਦੇ ਨਾਲ ਸੀ। ਕਾਂਤਾ ਦੇ ਨਾਲ ਉਸ ਦੇ ਵੱਡਾ ਭਰਾ ਦਾ ਛੋਟਾ ਕੁੱਕੂ ਵੀ ਸੀ। ਉਹ ਤਾਂ ਕੁੱਕੂ ਨਾਲ ਨਿੱਕੀਆਂ ਨਿੱਕੀਆਂ ਗੱਲਾਂ ਕਰਦੀ ਬੈਠੀ ਪਰਚਦੀ ਰਹੀ ਅਤੇ ਮੱਖਣ ਤੇ ਤ੍ਰਿਸਨਾ ਦੂਰ ਇੱਕ ਹੋਰ ਕਰੀਰ ਦੀ ਝੋਲੀ ਵਿੱਚ ਜਨਮਾਂ ਜਨਮਾਂ ਦੀ ਕਿਸੇ ਭੁੱਖ ਨੂੰ ਮਿਟਾਉਂਦੇ ਰਹੇ। ਉਸ ਕਰੀਰ ਕੋਲ ਦੀ ਇੱਕ ਖ਼ਾਲ ਵਗਦਾ ਸੀ। ਦੋਵਾਂ ਨੇ ਉਸ ਖਾਲ਼ ਵਿਚੋਂ ਪਾਣੀ ਦੀਆਂ ਚੂਲੀਆਂ ਭਰ ਕੇ ਸਹੁੰਆਂ ਖਾਧੀਆਂ ਕਿ ਉਹ ਸਾਰੀ ਜ਼ਿੰਦਗੀ ਇੱਕ ਦੂਜੇ ਦੇ ਬਣ ਕੇ ਰਹਿਣਗੇ। ਮੱਖਣ ਨੇ ਸਰੂਰ ਵਿੱਚ ਆ ਕੇ ਤ੍ਰਿਸਨਾ ਦੇ ਕੰਬਦੇ ਬੁੱਲ੍ਹਾਂ ਵਿਚੋਂ ਜ਼ਹਿਰ ਚੂਸ ਲਈ।

ਮੱਖਣ ਨੂੰ ਜਿਵੇਂ ਕੋਈ ਨਾਗਮਣੀ ਲੱਭ ਪਈ ਸੀ ਤੇ ਉਹ ਉਸ ਨੂੰ ਸਾਂਭ ਸਾਂਭ ਆਪਣੇ ਮੂੰਹ ਵਿੱਚ ਚਪੋਲਦਾ ਰਹਿੰਦਾ ਸੀ।

ਤ੍ਰਿਸਨਾ ਨੂੰ ਜਿਵੇਂ ਇੱਕ ਸੂਰਮਾ ਮਰਦ ਲੱਭ ਪਿਆ ਸੀ, ਜਿਸ ਨੂੰ ਪੂਰੀ ਤਰ੍ਹਾਂ ਹੰਢਾਉਣ ਦੀ ਅੱਗ ਉਸ ਨੇ ਆਪਣੇ ਸਰੀਰ ਵਿੱਚ ਸੁਲਗਾ ਲਈ ਸੀ।

ਦੁੱਖ ਇਹ ਸੀ ਕਿ ਉਨ੍ਹਾਂ ਨੂੰ ਰੱਜ ਕੇ ਰਾਤਾਂ ਮਾਨਣ ਦਾ ਮੌਕਾ ਨਹੀਂ ਸੀ ਬਣਦਾ ਦਿੱਸਦਾ।

ਸੱਚਦੇਵ ਤੇ ਸੰਦੀਪ ਮੱਖਣ ਦੇ ਪੂਰੇ ਯਾਰ ਸਨ। ਮੱਖਣ ਨੇ ਇੱਕ ਦਿਨ ਸੰਦੀਪ ਕੋਲ ਗੱਲ ਤੋਰੀ। ਸੰਦੀਪ ਇੱਕ ਚਿੱਤਰਕਾਰ ਸੀ। ਚਿੱਤਰਕਾਰੀ ਹੁਣ ਉਸ ਦਾ ਸ਼ੌਕ ਨਹੀਂ ਸੀ ਰਿਹਾ। ਉਸ ਨੇ ਸਾਰੀ ਜ਼ਿੰਦਗੀ ਇਸ ਆਰਟ ਵਿੱਚ ਗਾਲ ਦਿੱਤੀ ਸੀ, ਪਰ ਰੋਟੀ ਰੱਜਵੀਂ ਵਿਚਾਰੇ ਨੂੰ ਕਦੇ ਵੀ ਨਸੀਬ ਨਾ ਹੁੰਦੀ ਤੇ ਉਹ ਹਾਰ ਕੇ ਹੁਣ ਇੱਕ ਪੇਂਟਰ ਬਣ ਕੇ ਰਹਿ ਗਿਆ ਸੀ। ਬੱਸ ਸਟੈਂਡ 'ਤੇ 'ਸੰਦੀਪ ਆਰਟਸ' ਉਸ ਦੀ ਦੁਕਾਨ ਸੀ। ਉਹ ਬੱਸਾਂ ਦੇ ਬੋਰਡ ਲਿਖਦਾ ਤੇ ਸ਼ਹਿਰ ਦਾ ਹੋਰ ਸਾਰਾ ਕੰਮ ਉਸ ਕੋਲ ਆਉਂਦਾ ਸੀ। ਸੰਦੀਪ ਦਾ ਪਤਲਾ ਮਧਰਾ ਛੀਂਟਕਾ ਸਰੀਰ। ਰੰਗ ਗੋਰਾ। ਦਾੜ੍ਹੀ ਮੁੱਛਾਂ ਡਰਾਇਵਰ ਕੱਟ। ਅੱਖਾਂ ਦੀ ਝਾਕਣੀ ਪੂਰੀ ਲੁੱਚੀ।

ਸੱਚਦੇਵ ਦਾ ਮੰਜੀ 'ਹੋਟਲ' ਵੀ ਬੱਸ ਸਟੈਂਡ 'ਤੇ ਹੀ ਸੀ। ਸਾਰੇ ਡਰਾਇਵਰ ਸਾਰੇ ਕੰਡਕਟਰ ਬਹੁਤਾ ਕਰਕੇ ਉਸ ਕੋਲ ਹੀ ਰੋਟੀ ਖਾਂਦੇ। ਸੱਚਦੇਵ ਇਕੱਲਾ ਹੀ ਪਟਿਆਲੇ ਰਹਿੰਦਾ ਸੀ। ਮੰਜੀ ਹੋਟਲ ਦੇ ਵਿੱਚ ਹੀ ਪਿਛਲੇ ਪਾਸੇ ਉਸ ਦੀ ਬੈਠਕ ਸੀ, ਜਿੱਥੇ ਉਹ ਪਿਛਲੇ ਸੱਤ ਸਾਲਾਂ ਤੋਂ ਰਹਿ ਰਿਹਾ ਸੀ। ਹੋਟਲ ਉਹ ਦਾ ਵਧੀਆ ਚੱਲਦਾ ਸੀ। ਮਾਂ ਪਿਓ ਉਸ ਦੇ ਧੂਰੀ ਰਹਿੰਦੇ ਸਨ, ਜਿਨ੍ਹਾਂ ਨੂੰ ਪੂਰਾ ਖ਼ਰਚ ਉਹ ਉੱਥੇ ਹੀ ਭੇਜ ਦਿੰਦਾ। ਵਿਆਹ ਉਸ ਨੇ ਅਜੇ ਨਹੀਂ ਸੀ ਕਰਵਾਇਆ। ਕੁੜੀਆਂ ਨਾਲ ਇਸ਼ਕ ਕਰਨ ਦੀ ਫਿਟਕ ਉਸ ਨੂੰ ਪੂਰੀ ਸੀ। ਪਰ ਹੁਣ ਜਿਵੇਂ ਉਸ ਨੂੰ ਸੁਰਤ ਆ ਗਈ ਸੀ ਤੇ ਉਸ ਦੇ ਹੋਟਲ ਦੀ ਕਮਾਈ ਹੁਣ ਬੈਂਕ ਦੀ ਕਾਪੀ ਵਿੱਚ ਇਕੱਠੀ ਹੋਣ ਲੱਗ ਪਈ। ਕਿਸੇ ਜਿਗਰੀ ਦੋਸਤ ਨਾਲ ਜਦੋਂ

ਕਦੇ ਉਹ ਆਪਣੀ ਬੈਠਕ ਵਿੱਚ ਬੈਠਾ ਸ਼ਰਾਬ ਪੀਂਦਾ ਹੁੰਦਾ ਤਾਂ ਬੜੇ ਫ਼ਖ਼ਰ ਨਾਲ ਆਪਣੇ ਚਿਰ ਪੁਰਾਣੇ ਪਲੰਘ 'ਤੇ ਲੱਤ ਮਾਰ ਕੇ ਦੱਸਦਾ-'ਪੂਰੀਆਂ ਪੈਂਤੀ ਸਲਵਾਰਾਂ ਏਸ ਪਲੰਘ ਦਾ ਸਰ੍ਹਾਣਾ ਬਣ ਚੁੱਕੀਆਂ ਨੇ।'

ਸੱਚਦੇਵ-ਹਲਕਾ ਸਰੀਰ, ਮੁਸ਼ਕੀ ਰੰਗ, ਤਿੱਖੀ ਝਾਕਣੀ ਤੇ ਹਰ ਵੇਲੇ ਸਿਗਰਟ ਪੀਂਦਾ ਰਹਿੰਦਾ।

ਮੱਖਣ ਦੀ ਗੱਲ ਸੰਦੀਪ ਨੇ ਅਗਾਂਹ ਸੱਚਦੇਵ ਕੋਲ ਤੋਰ ਦਿੱਤੀ।

ਸੱਚਦੇਵ ਨੇ ਮੱਖਣ ਦਾ ਇੱਕ ਦਿਨ ਮੋਢਾ ਫੜ ਲਿਆ ਤੇ ਹਲੂਣ ਕੇ ਆਖਿਆ-'ਮੱਖਣਾ, ਕੁੜੀਆਂ ਦਾ ਪਿਆਰ ਤਾਂ ਮਿੱਠੀ ਜ਼ਹਿਰ ਐ। ਜ਼ਹਿਰ ਵੀ ਅਜੀਬ। ਖਾ ਖਾ ਕੇ ਬੰਦਾ ਮਰਦਾ ਵੀ ਨੀ, ਜਿਉਂਦਾ ਰਹਿ ਕੇ ਸੂਲੀਆਂ ਹੰਢਾਉਂਦੈ।' ਤੇ ਫਿਰ ਕਹਿੰਦਾ-'ਰਹਿਣ ਦੇ ਤੂੰ, ਮੇਰੀ ਮੰਨ।

ਪਰ ਸੁੱਖੇ ਦੀ ਘੂਕੀ ਵਾਂਗ ਤ੍ਰਿਸਨਾ ਦਾ ਨਸ਼ਾ ਮੱਖਣ ਦੇ ਦਿਮਾਗ਼ ਨੂੰ ਚੜ੍ਹਿਆ ਹੋਇਆ ਸੀ।

ਦਿਨ ਛਿਪਦਾ ਤੇ ਤ੍ਰਿਸਨਾ ਮੌਜੀ ਹੋਟਲ ਦੀ ਬੈਠਕ ਵਿੱਚ ਮੱਖਣ ਨੂੰ ਮੁੜ੍ਹਕਾ ਮੁੜ੍ਹਕਾ ਕਰਕੇ ਤੁਰ ਜਾਂਦੀ। ਜਿੱਦਣ ਕਦੇ ਤ੍ਰਿਸਨਾ ਦੇ ਮਾਂ-ਪਿਓ ਬਾਹਰ ਹੁੰਦੇ, ਉਹ ਦੀ ਛੋਟੀ ਭੈਣ ਤੇ ਭਰਾ ਦੂਜੇ ਕਮਰੇ ਵਿੱਚ ਪਏ ਹੁੰਦੇ ਤਾਂ ਸੱਚਦੇਵ ਤੇ ਸੰਦੀਪ ਚੁੱਪ ਕਰਕੇ ਮੱਖਣ ਨੂੰ ਕੰਧ ਟਪਾ ਦਿੰਦੇ ਤੇ ਆਪ ਸੜਕ 'ਤੇ ਬਹਿ ਕੇ ਸਿਗਰਟਾਂ ਫੂਕਦੇ ਰਹਿੰਦੇ। ਮੱਖਣ ਚੁੱਪ ਤੇ ਇਕਾਂਤ ਦੇ ਸੁਰਗ ਵਿੱਚ ਤ੍ਰਿਸਨਾ ਦੀਆਂ ਕੰਬਣੀਆਂ ਭੰਨ੍ਹਦਾ ਰਹਿੰਦਾ ਤੇ ਹਨੇਰੇ ਦੀ ਘਸਮੈਲੀ ਚਾਦਰ 'ਤੇ ਡਰ ਦੇ ਪਤਾਸੇ ਫੁੱਟਦੇ ਰਹਿੰਦੇ।

ਦੇਸ਼ 'ਤੇ ਬਿਪਤਾ ਸੀ। ਗੋਲਡ ਬਾਂਡ ਖਰੀਦਣ ਲਈ ਲੋਕ ਧੜਾ ਧੜ ਸੋਨਾ ਦੇ ਰਹੇ ਸਨ। ਮੱਖਣ ਦੇ ਮਨ ਵਿੱਚ ਵੀ ਦੇਬ ਭਗਤੀ ਜਾਗੀ। ਉਸ ਨੇ ਇੱਕ ਦਿਨ ਪੰਜ ਗ੍ਰਾਮ ਸੋਨਾ ਖਰੀਦਿਆਂ ਤੇ ਬੈਂਕ ਵੱਲ ਤੁਰ ਪਿਆ। ਉਸ ਦੇ ਮਨ ਵਿੱਚ ਫੇਰ ਪਤਾ ਨਹੀਂ ਕਿਹੜੀ ਭਗਤੀ ਉੱਠ ਖੜ੍ਹੀ। ਉਹ ਇੱਕ ਸੁਨਿਆਰ ਦੇ ਗਿਆ ਤੇ ਇੱਕ ਲਾਲ ਨਗ ਵਾਲੀ ਛਾਪ ਉਸ ਪੰਜ ਗ੍ਰਾਮ ਸੋਨੇ ਦੀ ਬਣਵਾ ਕੇ ਤ੍ਰਿਸਨਾ ਦੇ ਚੀਚੀ ਵਿੱਚ ਚੜ੍ਹਾ ਆਇਆ।

ਮੱਖਣ ਦੀ ਮਾਸੀ ਦੀ ਕੁੜੀ ਦਾ ਵਿਆਹ ਸੀ। ਉਹ ਵਧੀਆ ਟੈਰਾਲਿਨ ਦਾ ਇੱਕ ਸੂਟ ਲਿਆਇਆ। ਪਰ ਜਿਸ ਦਿਨ ਉਸ ਨੇ ਵਿਆਹ ਜਾਣਾ ਸੀ ਉਸ ਤੋਂ ਇੱਕ ਦਿਨ ਪਹਿਲਾਂ ਉਸ ਦੀ ਬੱਸ ਦਾ ਐਕਸੀਡੈਂਟ ਹੋ ਗਿਆ। ਉਸ ਦੇ ਕਾਫ਼ੀ ਸੱਟਾਂ ਲੱਗੀਆਂ ਤੇ ਉਹ ਵਿਆਹ ਨਾ ਜਾ ਸਕਿਆ। ਸੂਟ ਇੱਕ ਮਹੀਨਾ ਓਵੇਂ ਜਿਵੇਂ ਉਸ ਦੇ ਟਰੰਕ ਵਿੱਚ ਪਿਆ ਰਿਹਾ। ਇੱਕ ਦਿਨ ਉਸ ਦੇ ਮਨ ਵਿੱਚ ਉਥਾਨ ਉੱਠਿਆ ਤੇ ਉਹ ਸੂਟ ਉਸ ਨੇ ਤ੍ਰਿਸਨਾ ਨੂੰ ਦੇ ਦਿੱਤਾ।

ਜਦੋਂ ਕਦੇ ਉਹ ਤ੍ਰਿਸਨਾ ਨੂੰ ਮਿਲਦਾ ਤਾਂ ਕਦੇ ਕਦੇ ਕਾਂਤਾ ਵੀ ਉਸ ਦੇ ਨਾਲ ਹੁੰਦੀ। ਕਾਂਤਾ ਨੂੰ ਸਾਰੇ ਭੇਤ ਦਾ ਪਤਾ ਸੀ। ਅਸਲ ਵਿੱਚ ਉਹ ਤ੍ਰਿਸਨਾ ਦੀ ਪੂਰੀ ਸਹਾਇਕ ਸੀ। ਉਹ ਤ੍ਰਿਸਨਾ ਨੂੰ ਸਕੀਮਾਂ ਬਣਾ ਦਿੰਦੀ। ਕਾਂਤਾ ਮੱਖਣ ਨਾਲ ਵੀ ਪੂਰੀਆਂ ਗੱਲਾਂ ਕਰਦੀ। ਜੀਜਾ ਜੀ, ਜੀਜਾ ਜੀ, ਕਰਦੀ ਦਾ ਉਹ ਦਾ ਮੂੰਹ ਸੁੱਕਦਾ ਸੀ। ਕਾਂਤਾ ਦਾ ਬੋਲ ਕੁਝ ਭਾਰਾ ਸੀ, ਗਰਗਰਾ ਜਿਹਾ। ਜਦੋਂ ਉਹ ਕੋਈ ਗੱਲ ਸ਼ੁਰੂ ਕਰਦੀ ਤਾਂ

ਖੰਘ ਕੇ ਪਹਿਲਾਂ ਆਪਣਾ ਗਲ ਸਾਫ਼ ਜਿਹਾ ਕਰ ਲੈਂਦੀ। ਇੱਕ ਦਿਨ ਉਹ ਮੱਖਣ ਨੂੰ ਕਹਿੰਦੀ–'ਜੀਜਾ ਜੀ, ਤ੍ਰਿਸਨਾ ਵਾਸਤੇ ਵੀ ਕੋਈ ਜੀਜਾ ਟੋਲ ਦਿਓ।'

'ਪਹਿਲਾਂ ਤੂੰ ਆਪਣੇ ਜੀਜੇ ਨੂੰ ਪੱਕਾ ਤਾਂ ਕਰ ਲੈ, ਫੇਰ ਤ੍ਰਿਸਨਾ ਦਾ ਜੀਜਾ ਵੀ ਆਜੂ।' ਮੱਖਣ ਨੂੰ ਹੋਰ ਕਿਸੇ ਦਾ ਧਿਆਨ ਜਿਵੇਂ ਭੋਰਾ ਵੀ ਨਹੀਂ ਸੀ। ਕਾਂਤਾ ਨੂੰ ਉਹ ਆਪਣੀ ਦੋਸਤ ਕੁੜੀ ਸਮਝਦਾ ਸੀ ਤੇ ਉਸ ਨਾਲ ਖੁੱਲ੍ਹਾ ਪੂਰਾ ਸੀ।

ਕਾਂਤਾ ਉੱਥੋਂ ਦੇ ਇੱਕ ਪ੍ਰਾਈਵੇਟ ਸਕੂਲ ਵਿੱਚ ਅਧਿਆਪਕ ਲੱਗ ਪਈ। ਪਰ ਤ੍ਰਿਸਨਾ ਨੂੰ ਅਜੇ ਤੱਕ ਕਿਤੇ ਨੌਕਰੀ ਨਹੀਂ ਸੀ ਮਿਲੀ। ਤ੍ਰਿਸਨਾ ਉਸ ਨੂੰ ਕਹਿੰਦੀ ਰਹਿੰਦੀ ਕਿ ਉਹ ਆਪਣੇ ਭਰਾ ਦੀਪ ਖੰਨਾਂ ਨੂੰ ਕਹਿ ਕੇ ਉਸ ਦੀ ਨੌਕਰੀ ਲਗਵਾ ਦੇਵੇ। 'ਉਹ ਐਡੀ ਵੱਡੀ ਵਰਕਸ਼ਾਪ ਦਾ ਮਾਲਕ ਐ। ਸਾਰਾ ਪਟਿਆਲਾ ਉਹ ਨੂੰ ਜਾਣਦੈ। ਕੀ ਉਹ ਐਨੀ ਗੱਲ ਵੀ ਨੀ ਕਰ ਸਕਦਾ?'

ਦੀਪ ਖੰਨਾ... ਪੱਕਾ ਰੰਗ, ਮਧਰਾ ਮੋਟਾ ਅਕਾਰ, ਸਿਰ ਵਿੱਚ ਗੰਜ ਤੇ ਢਿੱਡ ਅੱਗੇ ਨੂੰ ਬੇਜਾ ਵਧਿਆ ਹੋਇਆ। ਜੋਗੀਆਂ ਵਰਗੀਆਂ ਲਾਲ ਅੱਖਾਂ ਤੇ ਹਰ ਵੇਲੇ ਪਾਨ ਮੂੰਹ ਵਿੱਚ ਰੱਖਦਾ ਸੀ।

ਤ੍ਰਿਸਨਾ ਕਾਂਤਾ ਦੇ ਨਾਲ ਉਨ੍ਹਾਂ ਦੇ ਘਰ ਆ ਜਾਂਦੀ। ਕਾਂਤਾ ਨੇ ਇੱਕ ਦਿਨ ਆਪਣੇ ਭਰਾ ਨੂੰ ਪੂਰਾ ਜ਼ੋਰ ਪਾ ਕੇ ਕਿਹਾ ਕਿ ਸਰਕਾਰੀ ਹਸਪਤਾਲ ਵਿੱਚ ਦੋ ਤਿੰਨ ਅਸਾਮੀਆਂ ਨਰਸ਼ਾਂ ਦੀਆਂ ਖਾਲੀ ਪਈਆਂ ਹਨ ਤੇ ਉਹ ਤ੍ਰਿਸਨਾ ਨੂੰ ਆਰਜ਼ੀ ਤੌਰ 'ਤੇ ਉੱਥੇ ਲਗਵਾ ਦੇਵੇ। ਦੀਪ ਖੰਨਾ ਚਾਰ ਪੰਜ ਦਿਨ ਤਾਂ ਟਾਲ ਮਟੋਲ ਕਰਦਾ ਰਿਹਾ, ਪਰ ਫੇਰ ਮੰਨ ਗਿਆ। ਤ੍ਰਿਸਨਾ ਚਾਹੁੰਦੀ ਸੀ ਕਿ ਉਹ ਛੇਤੀ ਹੀ ਨੌਕਰੀ ਲਗਵਾ ਦੇਵੇਗਾ। ਜਿਹੜਾ ਉਸ ਦੀ ਪਿਆਰੀ ਸਹੇਲੀ ਦਾ ਵੱਡਾ ਭਰਾ ਸੀ। ਸਹੇਲੀ ਜਿਹੜੀ ਜਾਨ 'ਤੇ ਖੇਡ ਜਾਣ ਵਾਲੀ ਉਹ ਦੀ ਸਾਥਣ ਸੀ ਤੇ ਦੀਪ ਖੰਨਾ ਉਸ ਨੂੰ ਫ਼ਰਿਸ਼ਤਾ ਦਿੱਸਦਾ ਸੀ।

ਇੱਕ ਦਿਨ ਮੌਜੀ ਹੋਟਲ ਵਿੱਚ ਤ੍ਰਿਸਨਾ ਜਦੋਂ ਮੱਖਣ ਨੂੰ ਮਿਲੀ ਤਾਂ ਮੱਖਣ ਨੇ ਉਸ ਨੂੰ ਕਹਾਣੀਆਂ ਦੀ ਇੱਕ ਕਿਤਾਬ ਪੜ੍ਹਨ ਲਈ ਦਿੱਤੀ ਤੇ ਉਸ ਵਿਚੋਂ ਇੱਕ ਖ਼ਾਸ ਪਿਆਰ ਕਹਾਣੀ ਜ਼ਰੂਰ ਪੜ੍ਹਨ ਲਈ ਜ਼ੋਰ ਦਿੱਤਾ। ਅਗਲੀ ਵਾਰ ਜਦ ਤ੍ਰਿਸਨਾ ਉਸ ਕੋਲ ਆਈ, ਕਹਿੰਦੀ–'ਉਹ ਕਹਾਣੀ ਤਾਂ ਨਿਰੀ ਬਕਵਾਸ ਐ। ਉਸ ਦਾ ਮੁੱਖ ਪਾਤਰ ਆਪਣੀ ਪ੍ਰੇਮਿਕਾ ਨੂੰ ਇੱਕ ਥਾਂ ਕਹਿੰਦੈ–'ਪੰਛੀ ਦਾ ਚਿੱਤ ਨਿੱਤ ਨਵੀਆਂ ਟਾਹਣੀਆਂ 'ਤੇ ਬੈਠਣ ਨੂੰ ਕਰਦਾ ਹੈ।' ਤੇ ਮੱਖਣ ਉਸ ਨੂੰ ਕਹਿੰਦਾ, 'ਬੱਸ ਮੈਂ ਤੈਨੂੰ ਇਹੀ ਤਾਂ ਸਮਝੌਣਾ ਸੀ।

ਬੱਸ ਸਟੈਂਡ ਦੇ ਸਾਰੇ ਡਰਾਇਵਰ, ਸਾਰੇ ਕੰਡਕਟਰ ਜਾਣਦੇ ਸਨ ਕਿ ਮੱਖਣ ਦੀ ਡਰਾਇਵਰੀ ਕਰਨ ਦੀ ਹੁਣ ਨੀਅਤ ਨਹੀਂ। ਸਾਰੇ ਜਾਣਦੇ ਸਨ ਕਿ ਮੱਖਣ ਦੇ ਚੈਨ ਆਰਾਮ ਲੁੱਟਣ ਵਾਲੀ ਕੁੜੀ ਕਿਹੜੀ ਹੈ। ਆਥਣ ਵੇਲੇ ਬੱਸ ਸਟੈਂਡ ਦੇ ਹੋਟਲਾਂ 'ਤੇ ਸਬਜ਼ੀਆਂ ਦਾਲਾਂ ਨੂੰ ਤੜਕੇ ਲੱਗਦੇ ਤੇ ਮਾਸ ਰਿਝਦਾ ਤਾਂ ਕਰਾਰੀ ਕਰਾਰੀ ਵਾਸ਼ਨਾ ਸਾਰੇ ਵਾਯੂ ਮੰਡਲ ਵਿੱਚ ਫੈਲ ਜਾਂਦੀ। ਓਸੇ ਸਮੇਂ ਹੀ ਹੋਟਲਾਂ ਦੇ ਨੌਕਰ ਜਦ ਮੌਜੀ ਹੋਟਲ ਵਿੱਚ ਤ੍ਰਿਸਨਾ ਵੜਦੀ ਨੂੰ ਦੇਖਦੇ ਤਾਂ ਉੱਚੀ ਉੱਚੀ ਗਾਹਕਾਂ ਨੂੰ ਹਾਕਾਂ ਮਾਰਦੇ। ਬੱਸ ਸਟੈਂਡ ਦੇ ਸਾਰੇ ਸੰਸਾਰ ਵਿੱਚ ਮੱਖਣ ਦੀ ਗੱਲ ਆਮ ਸੀ।

ਡਰਾਇਵਰਾਂ ਵਿੱਚ ਮੱਖਣ ਸਰਦਾਰਾਂ ਵਾਂਗ ਰਹਿੰਦਾ ਸੀ। ਸਾਰੇ ਡਰਾਇਵਰ, ਸਾਰੇ ਕੰਡਕਟਰ ਉਸ ਦੀ ਇੱਜ਼ਤ ਕਰਦੇ ਸਨ। ਉਹ ਹਿੱਕ ਠੋਕ ਕੇ ਕਹਿੰਦਾ ਹੁੰਦਾ–'ਜ਼ਿੰਦਗੀ ਦਾ ਪੂਰਾ ਸੁਆਦ ਲੈ ਕੇ ਦੇਖਣੇ।' ਸੰਦੀਪ ਤੇ ਸੱਚਦੇਵ ਪੂਰੀ ਅਣਖ ਨਾਲ ਤ੍ਰਿਸਨਾ ਦੀ ਨਿਗਾਹ ਰੱਖਦੇ। ਮੌਜੀ ਹੋਟਲ ਆਉਂਦੀ ਨੂੰ ਜੇ ਕੋਈ ਉਸ ਨੂੰ ਬੋਲੀ ਮਾਰ ਦਿੰਦਾ ਤਾਂ ਉਸ ਦਾ ਸਿਰ ਲਾਹੁਣ ਤਾਈਂ ਜਾਂਦੇ। ਤ੍ਰਿਸਨਾ ਉਨ੍ਹਾ ਦੋਵਾਂ ਨੂੰ ਵੀਰ ਜੀ ਕਹਿ ਕੇ ਬੁਲਾਉਂਦੀ ਸੀ।

ਇੱਕ ਮਹੀਨਾ ਹੋ ਗਿਆ ਸੀ ਤੇ ਹੁਣ ਤ੍ਰਿਸਨਾ ਕਦੇ ਬੱਸ ਸਟੈਂਡ 'ਤੇ ਨਹੀਂ ਸੀ ਆਈ। ਮੱਖਣ ਉਦਾਸ ਉਦਾਸ ਰਹਿੰਦਾ ਸੀ। ਤ੍ਰਿਸਨਾ ਦੇ ਘਰ ਜਾਣ ਦਾ ਮੌਕਾ ਵੀ ਹੁਣ ਕਦੇ ਉਸ ਨੂੰ ਨਹੀਂ ਸੀ ਮਿਲਿਆ। ਸੰਦੀਪ ਆਪਣੀ ਦੁਕਾਨ ਚੁੱਕ ਕੇ ਸ਼ਹਿਰ ਵਿੱਚ ਲੈ ਗਿਆ ਸੀ। ਸੱਚਦੇਵ ਨੇ ਮਾਡਲ ਟਾਊਨ ਵਿੱਚ ਆਪਣਾ ਮਕਾਨ ਬਣਾਉਣਾ ਸ਼ੁਰੂ ਕਰ ਦਿੱਤਾ ਸੀ। ਬਹੁਤਾ ਕਰਕੇ ਉਹ ਹੁਣ ਮਕਾਨ ਦੇ ਗੇੜ ਵਿੱਚ ਹੀ ਪਿਆ ਰਹਿੰਦਾ। ਹੋਟਲ ਦਾ ਕੰਮ ਧੂਰੀ ਤੋਂ ਆਇਆ ਉਹ ਦਾ ਛੋਟਾ ਭਰਾ ਚਲਾਉਂਦਾ।

ਇੱਕ ਦਿਨ ਕਿਲ੍ਹਾ ਚੌਂਕ ਵਿੱਚ ਕਾਂਤਾ ਮੱਖਣ ਨੂੰ ਮਿਲ ਗਈ। ਬਹੁਤੀਆਂ ਗੱਲਾਂ ਤਾਂ ਨਾ ਹੋਈਆਂ। ਬੱਸ ਐਨਾ ਹੀ ਉਸ ਨੇ ਦੱਸਿਆ ਕਿ ਤ੍ਰਿਸਨਾ ਸਰਕਾਰੀ ਹਸਪਤਾਲ ਵਿੱਚ ਨੌਕਰ ਹੋ ਗਈ ਐ। ਮੱਖਣ ਨੇ ਸੁੱਖ ਦਾ ਸਾਹ ਲਿਆ–'ਚੱਲੋ ਉਸ ਨੂੰ ਨੌਕਰੀ ਤਾਂ ਮਿਲ ਗਈ।'

ਮੱਖਣ ਦੀ ਸਭ ਤੋ ਵੱਡੀ ਭੈਣ ਭਦੌੜ ਨੇੜੇ ਦਿਆਲਪੁਰੇ ਵਿਆਹੀ ਹੋਈ ਸੀ। ਮੱਖਣ ਦੇ ਭਾਣਜੇ ਦਾ ਵਿਆਹ ਸੀ। ਸੱਚਦੇਵ ਤੇ ਸੰਦੀਪ ਨੂੰ ਨਾਲ ਲੈ ਕੇ ਉਹ ਦਿਆਲਪੁਰੇ ਵਿਆਹ ਚਲਿਆ ਗਿਆ। ਭਾਣਜੇ ਨੂੰ ਵਿਆਹ ਕੇ ਜਦੋਂ ਉਹ ਮੁੜੇ ਤਾਂ ਦਿਆਲਪੁਰੇ ਦੇ ਅੱਡੇ 'ਤੇ ਹੀ ਸ਼ਰਾਬ ਦੀ ਬੋਤਲ ਖੋਲ੍ਹ ਕੇ ਬੈਠ ਗਏ। ਉਨ੍ਹਾਂ ਨੇ ਝੋਲੇ ਵਿੱਚ ਅੰਬ ਪਾ ਕੇ ਵੀ ਲਿਆਂਦੇ ਹੋਏ ਸਨ। ਉਹ ਇੱਕ ਇੱਕ ਪੈੱਗ ਪੀਂਦੇ ਤੇ ਅੰਬ ਚੀਰ ਚੀਰ ਖਾਂਦੇ। ਮੱਖਣ ਉਦਾਸ ਜਿਹਾ ਹੋ ਕੇ ਤ੍ਰਿਸਨਾ ਦੀ ਗੱਲ ਛੇੜਦਾ। ਸੰਦੀਪ ਉੱਚੀ–ਉੱਚੀ ਹੱਸਦਾ ਤੇ ਕਹਿੰਦਾ–'ਤ੍ਰਿਸਨਾ ਹੁਣ ਤਾਈਂ ਬਥੇਰੀ ਬਦਾਮਾਂ ਵਾਗੂੰ ਘੋਟ ਘੋਟ ਪੀਤੀ ਐ। ਹੁਣ ਛੱਡ ਖਹਿੜਾ ਸਾਲੀ ਦਾ।'

'ਓਏ ਤੈਂ ਕੰਜਰਦਿਆਂ ਸੂਕਿਆ ਜਿਆ ਅੱਡ ਮਾਰ ਲੇ' ਮੱਖਣ ਨੇ ਸੰਦੀਪ ਦੀ ਢੂਹੀ ਵਿੱਚ ਵੱਟ ਕੇ ਮੁੱਕੀ ਮਾਰੀ ਦੇ ਕਹਿੰਦਾ–'ਸੰਦੀਪ ਯਾਰ, ਮੈਂ ਨਿੱਤ ਨਵੀਆਂ ਟਾਹਣੀਆਂ 'ਤੇ ਬੈਠਣ ਵਾਲਾ ਪੰਛੀ ਨ੍ਹੀਂ। ਇੱਕੋ ਤ੍ਰਿਸਨਾ ਦੇ ਆਲ੍ਹਣੇ 'ਚ ਮੂੰਹ ਲੁਕੋਇਐ।'

ਸੱਚਦੇਵ ਤ੍ਰਿਸਨਾ ਦੇ ਪਿਆਰ ਦੀ ਮੱਖਣ ਨੂੰ ਪੂਰੀ ਤਸੱਲੀ ਦਿੰਦਾ ਸੀ। ਸੱਚਦੇਵ ਦੀਆਂ ਗੱਲਾਂ ਸੁਣ ਕੇ ਮੱਖਣ ਬੋਲਦਾ ਕੁਝ ਨਾ ਤੇ ਉਦਾਸ ਉਦਾਸ ਹੁੰਗਾਰੇ ਉਸ ਦੀਆਂ ਗੱਲਾਂ ਦੇ ਭਰਦਾ ਰਹਿੰਦਾ। ਉਸ ਨੇ ਇੱਕ ਵੱਡਾ ਸਾਰਾ ਹਉਕਾ ਲਿਆ, ਜਿਵੇਂ ਸਰੀਰ ਦਾ ਸਾਰਾ ਖ਼ੂਨ ਉਸ ਇੱਕੋ ਹਉਕੇ ਦੀ ਅੱਗ ਵਿੱਚ ਡੋਲ੍ਹ ਦਿੱਤਾ ਹੋਵੇ। ਫੇਰ ਉਸ ਨੇ ਇੱਕ ਅੰਬ ਚੀਰਿਆ ਤੇ ਪਹਿਲੀ ਫਾੜੀ ਆਪ ਖਾ ਕੇ ਦੇਖੀ। ਅੰਬ ਖੱਟਾ ਟੀਟ ਸੀ। ਉਸ ਨੇ ਇੱਕ ਹੋਰ ਫਾੜੀ ਚੀਰ ਕੇ ਸੰਦੀਪ ਨੂੰ ਦਿੱਤੀ। ਉਸ ਨੇ ਫਾੜੀ ਮੂੰਹ ਨੂੰ ਲਾਈ ਤੇ ਫਾੜੀ ਵਗ੍ਹਾ ਕੇ ਦਸ ਕਰਮਾਂ 'ਤੇ ਮਾਰੀ। ਸੱਚਦੇਵ ਨੇ ਵੀ ਇੱਕ ਫਾੜੀ ਖਾਧੀ ਤੇ ਫੋਲਕ ਨੂੰ ਆਪਣੇ ਕੋਲ ਹੀ

ਸਿੱਟ ਕੇ ਕਹਿੰਦਾ–'ਤੁਰਸ ਐ ਕੁਸ।' ਸੰਦੀਪ ਮੱਖਣ ਨੂੰ ਕਹਿੰਦਾ–'ਮੱਖਣ, ਸਿੱਟ ਦੇ ਸਾਰਾ ਅੰਬ, ਹੋਰ ਚੀਰ ਕੋਈ।' ਮੱਖਣ ਨੂੰ ਪੂਰੀ ਚੜ੍ਹ ਗਈ ਸੀ। ਉਹ ਭਾਵਕ ਹੋ ਕੇ ਕਹਿੰਦਾ– 'ਜਿਹੜਾ ਅੰਬ ਮੈਂ ਆਪ ਚੀਰਿਐ, ਉਸ ਨੂੰ ਕਿਵੇਂ ਸਿੱਟ ਦਿਆਂ? ਖਾਊਂਗਾ–ਭਾਵੇਂ ਖੱਟੈ, ਭਾਵੇਂ ਕੁਸ ਐ।'

'ਮੱਖਣ, ਚੀਰਿਆ ਭਾਵੇਂ ਤੈਂ ਆਪ ਹੋਊ। ਪਰ ਤੈਨੂੰ ਪਤਾ ਤਾਂ ਲੱਗ ਗਿਆ ਬਈ ਇਹ ਖੱਟੈ? ਫੇਰ ਸਿੱਟ ਦੇ 'ਗਾ।' ਸੰਦੀਪ ਨੇ ਕਿਹਾ।

'ਚੀਰੇ ਤੋਂ ਬਾਅਦ ਈ ਪਤਾ ਲੱਗਿਆ ਖੱਟੇ ਮਿੱਠੇ ਦਾ? ਇਹ ਖੱਟੈ, ਬੱਸ ਸਿੱਟ ਦੇ ਇਹਨੂੰ।' ਸੱਚਦੇਵ ਨੇ ਜ਼ੋਰ ਦਿੱਤਾ ਤੇ ਮੱਖਣ ਨੇ ਘੁਕਾ ਕੇ ਅੰਬ ਸੜਕ ਤੋਂ ਪਾਰ ਮਾਰਿਆ।

ਚਾਰ ਪੰਜ ਦਿਨਾਂ ਪਿੱਛੋਂ ਉਹ ਪਟਿਆਲੇ ਆ ਗਏ। ਮੱਖਣ ਇੱਕ ਦਿਨ ਆਥਣੇ ਰਾਜਪੁਰਾ ਰੋਡ 'ਤੇ ਪੈਰੀਂ ਤੁਰਿਆ ਜਾ ਰਿਹਾ ਸੀ। ਰਾਹ ਵਿੱਚ ਇੱਕ ਡੀਜ਼ਲ ਪੰਪ 'ਤੇ ਉਹ ਰੁਕ ਗਿਆ। ਪੰਪ 'ਤੇ ਇੱਕ ਟਰੱਕ ਤੇਲ ਪਵਾ ਰਿਹਾ ਸੀ। ਟਰੱਕ ਦਾ ਡਰਾਇਵਰ ਤਾਂ ਤੇਲ ਪਵਾਉਣ ਵਿੱਚ ਰੁਝਿਆ ਹੋਇਆ ਸੀ ਤੇ ਸੀਟ 'ਤੇ ਇੱਕ ਬੰਦਾ ਬੈਠਾ ਸੀ। ਘਸਮੈਲੀ ਆਥਣ ਵਿੱਚ ਮੱਖਣ ਨੇ ਸਿਆਣ ਲਿਆ, ਉਹ ਦੀਪ ਖੰਨਾ ਸੀ। ਅੱਖਾਂ ਗਹਿਰੀਆਂ, ਜਿਵੇਂ ਸ਼ਰਾਬ ਦਾ ਭੰਨਿਆ ਹੋਵੇ। ਉਸ ਦੀਆਂ ਜੋਗੀਆਂ ਵਰਗੀਆਂ ਅੱਖਾਂ ਹੋਰ ਸੂਹੀਆਂ ਲੱਗਦੀਆਂ ਸਨ। ਦੀਪ ਖੰਨਾ ਨੂੰ ਨਮਸਤੇ ਬੁਲਾ ਕੇ ਉਸ ਨੇ ਸਟੇਅਰਿੰਗ ਕੋਲ ਨਿਗਾਹ ਮਾਰੀ। ਦੀਪ ਖੰਨਾ ਦੇ ਪੱਟਾਂ ਵਿੱਚ ਤ੍ਰਿਸਨਾ ਦਾ ਬੇਸੁੱਧ ਸਰੀਰ ਲਟਕਿਆ ਪਿਆ ਸੀ। ਮੱਖਣ ਵਿਚੋਂ ਜਿਵੇਂ ਸਤਿ ਜਿਹਾ ਨਿਕਲ ਗਿਆ। ਉਹ ਥਾਂ ਦੀ ਥਾਂ ਢੇਰੀ ਜਿਹਾ ਹੋ ਗਿਆ। ਡੀਜ਼ਲ ਪੰਪ ਦੇ ਇੱਕ ਖੂੰਜੇ ਬੈਠਾ ਪਤਾ ਨਹੀਂ ਉਹ ਕੀ ਕੀ ਬੋਲਦਾ ਰਿਹਾ।

ਅਖ਼ੀਰ ਵਿੱਚ ਉਹ ਵੱਡੀ ਰਾਤ ਹੋਈ ਤੋਂ ਇਹੀ ਖ਼ਿਆਲ ਮਨ ਵਿੱਚ ਲੈ ਕੇ ਮੁੜਿਆ ਕਿ ਉਸ ਦਿਨ ਦਿਆਲਪੁਰੇ ਦੇ ਅੱਡੇ 'ਤੇ ਸੱਚਦੇਵ ਅਤੇ ਸੰਦੀਪ ਦੇ ਕਹੇ ਤੋਂ ਖੱਟਾ ਅੰਬ ਜਿਹੜਾ ਉਸ ਨੇ ਸੁੱਟ ਦਿੱਤਾ ਸੀ, ਉਹ ਠੀਕ ਹੀ ਸਿੱਟਿਆ ਸੀ। ♦

# ਛੱਪੜੀ ਵਿਹੜਾ

1

ਇੱਕ ਬੂਟਾ ਸੀ। ਉਨ੍ਹਾਂ ਦਾ ਘਰ ਛੱਪੜੀ 'ਤੇ ਸੀ। ਉੱਥੇ ਹੋਰ ਵੀ ਬਹੁਤ ਸਾਰੇ ਘਰ ਸਨ। ਪਿੰਡ ਵਿੱਚ ਇਨ੍ਹਾਂ ਨੂੰ ਛੱਪੜੀ-ਵਿਹੜਾ ਕਹਿੰਦੇ। ਇਸ ਛੱਪੜੀ 'ਤੇ ਨਾ ਤਾਂ ਕੋਈ ਡੰਗਰ ਪਸ਼ੂ ਪਾਣੀ ਪੀਂਦਾ ਤੇ ਨਾ ਹੀ ਇਹ ਪਾਣੀ ਕਿਸੇ ਹੋਰ ਕੰਮ ਆਉਂਦਾ। ਛੱਪੜੀ ਵਿੱਚ ਬਾਹਰੋਂ ਕਿਤੋਂ ਪਾਣੀ ਜਾਣ-ਬੁੱਝ ਕੇ ਵੀ ਨਹੀਂ ਲਿਆਂਦਾ ਜਾਂਦਾ ਸੀ। ਮੀਂਹ ਪੈਂਦਾ ਤੇ ਪਿੰਡ ਦੇ ਨੀਵੇਂ ਪਾਸੇ ਦਾ ਪਾਣੀ ਵਗ ਕੇ ਇਸ ਛੱਪੜੀ ਵਿੱਚ ਆ ਇਕੱਠਾ ਹੁੰਦਾ। ਛੱਪੜੀ-ਵਿਹੜੇ ਦਾ ਗੰਦਾ ਪਾਣੀ ਵੀ ਇਸੇ ਵਿੱਚ ਪੈਂਦਾ।

ਗਰਮੀ ਦੇ ਦਿਨਾਂ ਵਿੱਚ ਛੱਪੜੀ ਦਾ ਪਾਣੀ ਮੱਛਰਾਂ ਦਾ ਘਰ ਬਣ ਜਾਂਦਾ। ਥੋੜ੍ਹਾ ਰਹਿ ਜਾਂਦਾ ਤਾਂ ਮੁਸ਼ਕ ਮਾਰਨ ਲੱਗਦਾ। ਮੀਂਹਾਂ ਦੇ ਦਿਨਾਂ ਵਿੱਚ ਛੱਪੜੀ ਇੱਕ ਝੀਲ ਦਾ ਰੂਪ ਧਾਰ ਲੈਂਦੀ। ਘਰਾਂ ਦੀਆਂ ਦੇਹਲੀਆਂ ਤੱਕ ਪਾਣੀ ਪਹੁੰਚ ਜਾਂਦਾ। ਹੋਰ ਕਿਸੇ ਪਾਸੇ ਨਿਕਲਣ ਨੂੰ ਥਾਂ ਵੀ ਕੋਈ ਨਾ ਹੁੰਦੀ। ਛੱਪੜੀ-ਵਿਹੜੇ ਦੇ ਕੱਚੇ ਘਰ ਸਾਬਤ ਖੜ੍ਹੇ ਰਹਿਣ ਦੀਆਂ ਸੁੱਖਾਂ ਸੁੱਖਦੇ।

ਇਹ ਸਾਰੇ ਵੀਹ-ਬਾਈ ਘਰ ਸਨ। ਤਰ੍ਹਾਂ-ਤਰ੍ਹਾਂ ਦੇ ਕੰਮ ਕਰਦੇ। ਪਿਛਲੇ ਸਮਿਆਂ ਵਿੱਚ ਲੱਗਭੱਗ ਸਾਰੇ ਹੀ ਘਰ ਜੁੱਤੀਆਂ ਸਿਉਣ ਦਾ ਕੰਮ ਕਰਦੇ ਸਨ। ਪਰ ਜਿਉਂ-ਜਿਉਂ ਸਮਾਂ ਬਦਲਦਾ ਗਿਆ, ਕੰਮ ਵੀ ਬਦਲਦੇ ਗਏ। ਹੁਣ ਜੁੱਤੀਆਂ ਦਾ ਕੰਮ ਵੀ ਚਾਰ-ਪੰਜ ਘਰਾਂ ਕੋਲ ਹੀ ਰਹਿ ਗਿਆ ਹੈ। ਬਹੁਤੇ ਲੋਕ ਖੇਤ-ਮਜ਼ਦੂਰੀ ਦਾ ਕੰਮ ਕਰਦੇ ਹਨ। ਕੁਝ ਬੰਦੇ ਜ਼ਿਮੀਂਦਾਰਾਂ ਨਾਲ ਸੀਰੀ ਰਲੇ ਹੋਏ ਸਨ। ਕੁਝ ਨੇੜੇ ਦੀ ਲੰਘਦੀ ਹੋਈ ਸੜਕ 'ਤੇ ਮਜ਼ਦੂਰ ਸਨ। ਸੜਕ ਨਿਕਲੀ ਨੂੰ ਤਾਂ ਪੰਦਰਾਂ-ਵੀਹ ਸਾਲ ਹੋ ਗਏ, ਪਰ ਉਹਦੀ ਮੁਰੰਮਤ ਦਾ ਕੰਮ ਸਦਾ ਹੀ ਚੱਲਦਾ ਰਹਿੰਦਾ ਹੈ। ਟੁੱਟੇ-ਉੱਖੜੇ ਥਾਵਾਂ 'ਤੇ ਬੱਜਰੀ-ਲੁੱਕ ਦੀਆਂ ਟਾਕੀਆਂ ਲੱਗਦੀਆਂ ਹਨ। ਕਿਨਾਰਿਆਂ ਤੋਂ ਮਿੱਟੀ ਖ਼ੁਰ ਜਾਂਦੀ ਹੈ ਤੇ ਖ਼ਤਾਨਾਂ ਵਿਚੋਂ ਇਨ੍ਹਾਂ ਕਿਨਾਰਿਆਂ ਨੂੰ ਕਾਇਮ ਰੱਖਣ ਦਾ ਕੰਮ। ਹੋਰ ਨਹੀਂ ਤਾਂ ਬੱਸ ਗੇੜਾ-ਫੇੜਾ ਹੀ। ਕੁਝ ਇੱਕ ਬੰਦੇ ਹੋਰਨਾਂ ਪਿੰਡਾਂ ਵਿੱਚ ਜਾ ਕੇ ਅਨੇਕਾਂ ਪ੍ਰਕਾਰ ਦਾ ਨਿੱਕਾ-ਮੋਟਾ ਸਮਾਨ ਵੇਚਦੇ ਹਨ। ਸਾਈਕਲ 'ਤੇ ਜਾਂਦੇ ਹਨ। ਇਨ੍ਹਾਂ ਲੋਕਾਂ ਦਾ ਗੁਜ਼ਾਰਾ ਇਸੇ ਵਿਚੋਂ ਹੀ ਹੁੰਦਾ ਰਹਿੰਦਾ ਹੈ। ਦੋ-ਤਿੰਨ ਬੰਦੇ ਡੱਗੀ ਦਾ ਕੰਮ ਵੀ ਕਰਦੇ ਹਨ। ਸ਼ਹਿਰੋਂ ਸਸਤੇ ਭਾਅ ਕੱਪੜਾ ਲੈ ਆਉਂਦੇ ਹਨ ਤੇ ਫਿਰ ਪਿੰਡਾਂ ਦੀਆਂ ਗਲੀਆਂ ਵਿੱਚ ਤੁਰ-ਫਿਰ ਕੇ ਹੋਕਾ ਦੇ ਕੇ ਬੁੜ੍ਹੀਆਂ-ਕੁੜੀਆਂ ਨੂੰ ਇਹ ਕੱਪੜਾ ਵੇਚਦੇ ਹਨ। ਸੜਕਾਂ ਤਾਂ

ਆਮ ਹਨ, ਇਹ ਸਾਈਕਲਾਂ ਵਾਲੇ ਪੰਦਰਾਂ-ਪੰਦਰਾਂ, ਅਠਾਰਾਂ-ਅਠਾਰਾਂ ਮੀਲਾਂ ਤੱਕ ਵੀ ਦੂਰ ਪਿੰਡ ਵਿੱਚ ਜਾ ਆਉਂਦੇ ਹਨ। ਬੜੀ ਕਠਿਨ ਕਮਾਈ ਹੈ, ਇਨ੍ਹਾਂ ਲੋਕਾਂ ਦੀ। ਔਰਤਾਂ ਪਿੰਡ ਹੀ ਜ਼ਿਮੀਂਦਾਰ ਲੋਕਾਂ ਦੇ ਘਰਾਂ ਤੇ ਖੇਤਾਂ ਦਾ ਕੰਮ ਕਰਦੀਆਂ ਹਨ। ਛੋਟੇ ਬੱਚੇ ਵੀ ਜ਼ਿਮੀਂਦਾਰਾਂ ਦੇ ਖੇਤਾਂ ਵਿੱਚ ਮੱਝਾਂ ਚਾਰਨ ਦਾ ਕੰਮ ਕਰਦੇ ਹਨ। ਕੁਝ ਬੱਚੇ ਪਿੰਡ ਦੇ ਸਕੂਲ ਵਿੱਚ ਪੜ੍ਹਨ ਵੀ ਜਾਂਦੇ ਹਨ। ਪ੍ਰਾਇਮਰੀ ਤੱਕ ਦਾ ਸਕੂਲ ਤਾਂ ਛੱਪੜੀ-ਵਿਹੜੇ ਦੇ ਨੇੜੇ ਹੀ ਹੈ। ਉਸ ਤੋਂ ਅੱਗੇ ਅੱਠਵੀਂ ਤੱਕ ਦਾ ਸਕੂਲ ਪਿੰਡ ਦੇ ਸੜਕ ਵਾਲੇ ਪਾਸੇ ਨਵਾਂ ਹੀ ਬਣਿਆ ਹੋਇਆ ਹੈ। ਕੁਝ ਬੱਚੇ ਉੱਥੇ ਵੀ ਪੜ੍ਹਨ ਜਾਂਦੇ ਹਨ। ਨਾਲ ਲੱਗਦੇ ਸ਼ਹਿਰ ਵਿੱਚ ਕਈ ਹਾਈ ਸਕੂਲ ਹਨ ਤੇ ਦੋ ਕਾਲਜ ਵੀ। ਕੁਝ ਮੁੰਡੇ ਕਾਲਜ ਪੜ੍ਹਨ ਜਾਂਦੇ ਹਨ।

ਬੂਟਾ ਪੰਜ ਸਾਲ ਦਾ ਹੋ ਗਿਆ ਸੀ। ਇੱਕ ਦਿਨ ਦੋ ਔਰਤਾਂ ਉਨ੍ਹਾਂ ਦੇ ਘਰਾਂ ਵਿੱਚ ਆਈਆਂ। ਬਾਹਾਂ ਵਿੱਚ ਚਮੜੇ ਦੇ ਕਾਲੇ ਬਟੂਏ ਲਮਕਾਏ ਹੋਏ ਤੇ ਇੱਕ ਕੋਲ ਇੱਕ ਰਜਿਸਟਰ ਸੀ। ਉਨ੍ਹਾਂ ਨੂੰ ਦੇਖ ਕੇ ਘਰਾਂ ਦੀਆਂ ਬੁੜ੍ਹੀਆਂ-ਕੁੜੀਆਂ ਇਕੱਠੀਆਂ ਹੋ ਗਈਆਂ, ਪੁੱਛਣ ਲੱਗੀਆਂ-'ਤੁਸੀਂ ਕੌਣ ਹੋਈਆਂ ਭਾਈ?' ਉਹ ਕਹਿੰਦੀਆਂ-'ਅਸੀਂ ਮਾਸਟਰਾਣੀਆਂ, ਨਵੀਆਂ ਈ ਇੱਥੋਂ ਦੇ ਸਕੂਲ 'ਚ ਬਦਲ ਕੇ ਆਈਆਂ, ਇਸੇ ਸਾਲ ਈ, ਅਸੀਂ ਨਵੇਂ ਬੱਚਿਆਂ ਦੇ ਨਾਉਂ ਲਿਖਣੇ ਨੇ।'

'ਨਵੇਂ ਬੱਚੇ ਕਿਹੜੇ?' ਇੱਕ ਬੁੜ੍ਹੀ ਨੇ ਪੁੱਛਿਆ।

'ਨਵੇ, ਤਾਈ ਜਿਹੜੇ ਇਸ ਸਾਲ ਜੰਮੇ ਨੇ, ਇੱਕ ਨਵੀਂ ਬਹੂ ਤਾੜੀ ਮਾਰ ਕੇ ਹੱਸ ਪਈ।

ਮਾਸਟਰਾਣੀਆਂ ਨਹੀਂ ਹੱਸੀਆਂ। ਉਹ ਇੰਝ ਕਰਦੀਆਂ ਤਾਂ ਉਨ੍ਹਾਂ ਦੀ ਗੱਲ ਹਾਸੇ ਵਿੱਚ ਪੈ ਜਾਣੀ ਸੀ। ਇੱਕ ਬੋਲੀ-'ਨਵੇਂ ਬੱਚੇ, ਬੇਜੀ, ਜਿਹੜੇ ਅਗਲੇ ਸਾਲ ਸਕੂਲ 'ਚ ਦਾਖ਼ਲ ਕਰੌਣੇ ਨੇ, ਜਿਨ੍ਹਾਂ ਦੀ ਉਮਰ ਹੁਣ ਪੰਜ ਸਾਲ ਹੋ ਚੁੱਕੀ ਐ।'

'ਲੈ ਨੀ, ਭਾਈਆਂ ਦੀਓ। ਚੰਦ ਵੇ, ਤੇਰਾ ਨਾਉਂ ਲਿਖਣ ਆਈਆਂ ਨੇ ਇਹ ਤਾਂ ਭੈਣ ਜੀਆਂ, ਇੱਕ ਬੁੜ੍ਹੀ ਨੇ ਆਪਣੇ ਕੋਲ ਖੜ੍ਹੇ ਪੋਤੇ ਨੂੰ ਕਿਹਾ। ਦੂਜੇ ਮੁੰਡੇ-ਕੁੜੀਆਂ ਨੇ ਸੁਣਿਆ ਤਾਂ ਚਾਂਭੜਾਂ ਪਾਉਣ ਲੱਗੇ-'ਆਹਾ ਜੀ, ਅਸੀਂ ਸਕੂਲ ਜਾਇਆ ਕਰਾਂਗੇ।

ਚੰਦ ਉਸੇ ਵੇਲੇ ਠੁਸ-ਠੁਸ ਕਰਕੇ ਪੁੱਛਣ ਲੱਗਿਆ-'ਐਬੋ, ਮੈਨੂੰ ਫੱਟੀ ਲੈ ਕੇ ਦੇ ਦੇਂਗੀ?'

ਬੂਟਾ ਵੀ ਉੱਥੇ ਸੀ। ਉਹ ਵੀ ਆਪਣੀ ਮਾਂ ਵੱਲ ਝਾਕਿਆ। ਉਹਦੀਆਂ ਅੱਖਾਂ ਵਿੱਚ ਵੀ ਚਮਕ ਸੀ। ਚੰਦ ਦੀ ਦਾਦੀ ਉਹਦੀ ਮਾਂ ਨੂੰ ਪੁੱਛਣ ਲੱਗੀ-'ਮੁਖਤਿਆਰ ਕੁਰੇ, ਕੁੜੇ ਬਹੂ, ਬੂਟਾ ਵੀ ਤੇਰਾ ਸੁੱਖ ਨਾਲ ਹੋ ਗਿਆ ਹੋਣੈ ਪੰਜ ਸਾਲ ਦਾ ਤਾਂ?'

'ਹਾਂ ਅੰਮਾ ਜੀ। ਇਸ ਮਾਘ ਤੋਂ ਛੀਵਾਂ ਲੱਗ ਜੂ। ਤੇਰੇ ਪੁੱਤ ਨੇ ਉਸੇ ਸਾਲ ਸੀਰ ਛੱਡਿਆ ਸੀ। ਜਦੋਂ ਪੱਟ ਤੋਂ ਡਿੱਗ ਕੇ ਗਿੱਟਾ ਟੁੱਟਿਐ ਉਹਦਾ।'

'ਚੰਗਾ ਧੀਏ, ਜਿਉਂਦਾ ਰਹੇ। ਤੂੰ ਵੀ ਲਿਖਾ ਦੇ ਇਹ ਦਾ ਨਾਉਂ। ਸੁੱਖ ਨਾਲ ਸਕੂਲ ਜਾਇਆ ਕਰੂ। ਪੜ੍ਹ ਜੂਗਾ, ਕਿਸੇ ਨੌਕਰੀ-ਚਾਕਰੀ 'ਤੇ ਹੋ ਜੂ।' ਬੁੜ੍ਹੀ ਨੇ ਹੱਲਾਸ਼ੇਰੀ ਦਿੱਤੀ।

ਮਾਸਟਰਾਣੀਆਂ ਦਿਲਚਸਪੀ ਨਾਲ ਉਨ੍ਹਾਂ ਦੀਆਂ ਗੱਲਾਂ ਸੁਣ ਰਹੀਆਂ ਸਨ ਤੇ ਫੇਰ ਆਸੋ ਬੁੜ੍ਹੀ ਨੇ ਕਿਹਾ-'ਕੁੜੇ, ਪੀਹੜੀਆਂ ਲਿਆ ਦਿਓ ਨੀ, ਬੈਠ ਜਾਣਗੀਆਂ ਵਚਾਰੀਆਂ। ਇਹ ਕੁਰਸੀਆਂ 'ਤੇ ਬੈਠਣ ਵਾਲੀਆਂ ਨੇ, ਇਉਂ ਖੜ੍ਹੀਆਂ ਚੰਗੀਆਂ ਲੱਗਦੀਆਂ ਨੇ ਕਿਤੇ?'

2

ਮਾਸਟਰਾਣੀਆਂ ਬੈਠੀਆਂ ਨਹੀਂ। ਉਨ੍ਹਾਂ ਨੇ ਦੱਸਿਆ ਕਿ ਉਹ ਘਰ-ਘਰ ਜਾ ਕੇ ਮੁੰਡੇ-ਕੁੜੀਆਂ ਦੇ ਨਾਉਂ ਲਿਖਣਗੀਆਂ। ਛੱਪੜਾਂ-ਵਿਹੜੇ ਦੀਆਂ ਬੁੜ੍ਹੀਆਂ ਹੈਰਾਨ ਸਨ ਕਿ ਪਹਿਲਾਂ ਤਾਂ ਬੰਦੇ ਆਇਆ ਕਰਦੇ ਸਨ, ਐਤਕੀਂ ਇਹ ਤੀਵੀਆਂ ਕਿਧਰੋਂ ਆ ਗਈਆਂ, ਸੋਚਦੀਆਂ ਸਨ ਕਿ ਦੇਖੋ, ਕਿਹੋ ਜਿਹਾ ਜ਼ਮਾਨਾ ਆ ਗਿਆ ਹੈ। ਪੜ੍ਹੀਆਂ ਲਿਖੀਆਂ ਔਰਤਾਂ ਕਿਵੇਂ ਲੋਕਾਂ ਦੇ ਘਰੀਂ ਤੁਰੀਆਂ-ਫਿਰਦੀਆਂ ਹਨ। ਤਨਖ਼ਾਹ ਵੀ ਖਾਸੀ ਲੈਂਦੀਆਂ ਹੋਣਗੀਆਂ। ਪਹਿਨ-ਪਚਰ ਕੇ ਵੀ ਪੂਰਾ ਰਹਿੰਦੀਆਂ ਨੇ। ਮੇਮਾਂ ਬਣੀਆਂ ਫਿਰਦੀਆਂ ਨੇ।

ਦੋਵੇਂ ਮਾਸਟਰਾਣੀਆਂ ਇਕੱਲੇ-ਇਕੱਲੇ ਘਰ ਜਾਂਦੀਆਂ। ਸਕੂਲ ਨਾ ਜਾਂਦੇ ਮੁੰਡੇ ਦਾ ਨਾਉਂ ਲਿਖਦੀਆਂ, ਜਿਸ ਦੀ ਉਮਰ ਪੰਜ ਸਾਲ ਦੀ ਹੋ ਚੁੱਕੀ ਹੁੰਦੀ। ਕੁੜੀ ਦਾ ਨਾਉਂ ਲਿਖਦੀਆਂ। ਪਿਓ ਦਾ ਨਾਉਂ ਪੁੱਛਦੀਆਂ ਤਾਂ ਮਾਵਾਂ ਦੱਸਣ ਤੋਂ ਸੰਗਦੀਆਂ ਤੇ ਫੇਰ ਮੁੰਡੇ-ਕੁੜੀ ਨੂੰ ਹੀ ਆਖ ਦਿੰਦੀਆਂ ਕਿ ਉਹ ਆਪਣੇ ਪਿਓ ਦਾ ਨਾਉਂ ਦੱਸ ਦੇਣ।

ਜਿਸ ਘਰ ਪੰਜ ਸਾਲ ਦਾ ਕੋਈ ਮੁੰਡਾ-ਕੁੜੀ ਨਾ ਹੁੰਦਾ, ਉਹ ਘਰ ਛੱਡ ਦਿੰਦੀਆਂ ਸਨ ਤੇ ਸ਼ਾਮ ਚਾਰ ਵੱਜਦੇ ਨੂੰ ਸਾਰਾ ਕੰਮ ਖ਼ਤਮ ਕਰ ਲਿਆ। ਦਸ-ਬਾਰਾਂ ਘਰਾਂ ਦੇ ਹੀ ਬੱਚੇ ਸਨ, ਜਿਹੜੇ ਸੂਚੀ ਵਿੱਚ ਆ ਸਕੇ। ਇਹ ਸਾਰੇ ਸਤਾਰਾਂ-ਅਠਾਰਾਂ ਬੱਚੇ ਹੀ ਬਣੇ।

ਮਾਸਟਰਾਣੀਆਂ ਸਾਰੇ ਘਰਾਂ ਵਿੱਚ ਨਾਲ ਦੀ ਨਾਲ ਕਹਿੰਦੀਆਂ ਰਹੀਆਂ ਸਨ ਕਿ ਅਪ੍ਰੈਲ ਵਿੱਚ ਸਕੂਲ ਦੀ ਨਵੀਂ ਪੜ੍ਹਾਈ ਸ਼ੁਰੂ ਹੋਣ 'ਤੇ ਉਹ ਆਪਣੇ ਬੱਚਿਆਂ ਨੂੰ ਸਕੂਲ ਛੱਡ ਕੇ ਆਉਣ। ਸਰਕਾਰ ਵੱਲੋਂ ਉਨ੍ਹਾਂ ਨੂੰ ਪੂਰੀਆਂ ਸਹੂਲਤਾਂ ਦਿੱਤੀਆਂ ਜਾਣਗੀਆਂ। ਕਿਤਾਬਾਂ-ਕਾਪੀਆਂ ਤੇ ਫੱਟੀਆਂ-ਸਲੇਟਾਂ ਵੀ ਸਰਕਾਰ ਦੇਵੇਗੀ। ਸਿਆਲਾਂ ਵਿੱਚ ਕੱਪੜੇ ਦੇ ਫਲੀਟ ਵੀ ਦਿੱਤੇ ਜਾਣਗੇ। ਕੋਈ ਬਹੁਤਾ ਗ਼ਰੀਬ ਬੱਚਾ ਹੋਇਆ ਤਾਂ ਰੈੱਡ-ਕਰਾਸ ਫੰਡ ਵਿਚੋਂ ਉਸ ਨੂੰ ਵਰਦੀ ਵੀ ਸਿਲਾ ਕੇ ਦਿੱਤੀ ਜਾਵੇਗੀ। ਵੱਡੀਆਂ ਕਲਾਸਾਂ ਵਿੱਚ ਜਾ ਕੇ ਉਨ੍ਹਾਂ ਨੂੰ ਵਜ਼ੀਫ਼ਾ ਮਿਲਣ ਲੱਗੇਗਾ। ਉਹ ਪੜ੍ਹ ਜਾਣਗੇ ਤਾਂ ਕਿਸੇ ਕਿੱਤੇ 'ਤੇ ਲੱਗ ਜਾਣਗੇ। ਉਹ ਬੰਦੇ ਬਣ ਜਾਣਗੇ। ਉਨ੍ਹਾਂ ਨੂੰ ਰਹਿਣ ਦਾ ਤਰੀਕਾ ਆ ਜਾਵੇਗਾ। ਉਹ ਪੜ੍ਹੇ-ਲਿਖੇ ਲੋਕਾਂ ਨਾਲ ਗੱਲ ਮਾਰਨੀ ਸਿੱਖ ਜਾਣਗੇ। ਉਨ੍ਹਾਂ ਨੂੰ ਹਿਸਾਬ-ਕਿਤਾਬ ਦੀ ਪੂਰੀ ਸਮਝ ਆ ਜਾਵੇਗੀ। ਲੋਟੂ-ਲੋਕ ਉਨ੍ਹਾਂ ਨੂੰ ਲੁੱਟ ਨਹੀਂ ਸਕਣਗੇ। ਸਮਾਜ ਵਿੱਚ ਉਨ੍ਹਾਂ ਦੀ ਆਦਰਯੋਗ ਥਾਂ ਬਣ ਜਾਵੇਗੀ।

ਮਾਸਟਰਾਣੀਆਂ ਦੀਆਂ ਗੱਲਾਂ ਸੁਣ ਕੇ ਇੱਕ ਵਾਰ ਤਾਂ ਬੁੜ੍ਹੀਆਂ ਦੀਆਂ ਅੱਖਾਂ ਚਰਾਗਾਂ ਵਾਂਗ ਜਗ ਉੱਠੀਆਂ। ਉਨ੍ਹਾਂ ਸਾਹਮਣੇ ਸੁਨਹਿਰੇ ਸੁਪਨੇ ਲਟਕਣ ਲੱਗੇ। ਲੱਗਿਆ, ਜਿਵੇਂ ਪੜ੍ਹਾਈ ਨਾਂ ਦੀ ਚੀਜ਼ ਕੋਈ ਚੰਗੀ ਗੱਲ ਹੀ ਹੋਵੇਗੀ। ਉਨ੍ਹਾਂ ਦਾ ਪੱਕਾ

ਮਨ ਬਣ ਗਿਆ ਕਿ ਉਹ ਜ਼ਰੂਰ ਹੀ ਆਪਣੇ ਬੱਚਿਆਂ ਨੂੰ ਸਕੂਲ ਭੇਜਣਗੀਆਂ। ਜਿਹੜੇ ਬੱਚੇ ਸਕੂਲ ਪੜ੍ਹਨੋ ਹਟ ਗਏ ਹਨ ਤੇ ਹੁਣ ਅਵਾਰਾ ਕੁੱਤਿਆਂ ਵਾਂਗ ਗਲੀਆਂ-ਖੇਤਾਂ ਵਿੱਚ ਤੁਰੇ-ਫਿਰਦੇ ਰਹਿੰਦੇ ਹਨ, ਉਹ ਉਨ੍ਹਾਂ ਨੂੰ ਵੀ ਕਹਿਣਗੀਆਂ ਕਿ ਉਹ ਸਕੂਲ ਜਾਇਆ ਕਰਨ। ਜੀਵਨ ਸੁਧਰ ਜਾਏਗਾ, ਉਹ ਬੰਦੇ ਬਣ ਜਾਣਗੇ।

ਬੁੜ੍ਹੀਆਂ ਸੋਚਦੀਆਂ, ਇਹ ਮਾਸਟਰਾਣੀਆਂ ਕਿੰਨੀਆਂ ਚੰਗੀਆਂ ਗੱਲਾਂ ਦੱਸ ਕੇ ਗਈਆਂ ਹਨ। ਇਹੋ-ਜਿਹੀਆਂ ਗੱਲਾਂ ਪਹਿਲਾਂ ਤਾਂ ਕਿਸੇ ਨੇ ਕਦੇ ਦੱਸੀਆਂ ਨਹੀਂ। ਪਹਿਲਾਂ ਤਾਂ ਬੰਦੇ ਆਉਂਦੇ ਤੇ ਚੁੱਪ-ਚਾਪ ਮੁੰਡੇ-ਕੁੜੀਆਂ ਦੇ ਨਾਉਂ ਲਿਖ ਕੇ ਲੈ ਜਾਂਦੇ। ਹਰ ਸਾਲ ਹੀ ਆਉਂਦੇ ਰਹੇ ਹਨ। ਕਦੇ ਕਿਸੇ ਨੇ ਇਹੋ-ਜਿਹੀਆਂ ਗੱਲਾਂ ਨਹੀਂ ਦੱਸੀਆਂ। ਬੁੜ੍ਹੀਆਂ ਸੋਚਦੀਆਂ, ਇਹ ਮਾਸਟਰਾਣੀਆਂ ਕਿੰਨੀਆਂ ਚੰਗੀਆਂ ਹਨ। ਕਿੰਨਾ ਗਿਆਨ ਦੇ ਕੇ ਗਈਆਂ। ਇਨ੍ਹਾਂ ਨੂੰ ਕਿੰਨਾ ਕੁਝ ਦੱਸਣਾ ਆਉਂਦਾ ਹੈ। ਐਨੀ ਅਕਲ ਹੈ ਤਾਂ ਹੀ ਤਾਂ ਮਸਟਰਾਣੀਆਂ ਬਣੀਆਂ ਫਿਰਦੀਆਂ ਨੇ, ਨਹੀਂ ਤਾਂ ਜਣੀ-ਖਣੀ ਤੀਵੀਂ ਮਾਸਟਰਾਣੀ ਥੋੜ੍ਹਾ ਬਣ ਸਕਦੀ ਹੈ ਕਿਤੇ?

ਉਸੇ ਦਿਨ ਸ਼ਾਮ ਨੂੰ ਛੱਪੜੀ-ਵਿਹੜੇ ਦੇ ਕਾਮੇ-ਬੰਦੇ ਜਦੋਂ ਘਰ ਪਹੁੰਚੇ ਤਾਂ ਬੁੜ੍ਹੀਆਂ ਉਨ੍ਹਾਂ ਕੋਲ ਮਾਸਟਰਾਣੀਆਂ ਦੀਆਂ ਗੱਲਾਂ ਕਰਨ ਲੱਗੀਆਂ। ਬੰਦੇ ਗੱਲਾਂ ਸੁਣਦੇ ਵੀ ਤੇ ਸੋਚਦੇ ਵੀ ਸਨ। ਇਨ੍ਹਾਂ ਗੱਲਾਂ ਨੇ ਉਨ੍ਹਾਂ ਨੂੰ ਗੰਭੀਰ ਬਣਾ ਦਿੱਤਾ। ਨਾ ਤਾਂ ਉਹ ਹੱਸਦੇ ਤੇ ਨਾ ਹੀ ਕੁੱਝ ਬੋਲਦੇ। ਬੱਸ ਸੁਣਦੇ ਜਾ ਰਹੇ ਸਨ। ਮੁੰਡੇ-ਕੁੜੀਆਂ ਉਨ੍ਹਾਂ ਦੀਆਂ ਲੱਤਾਂ ਨੂੰ ਚਿੰਬੜ ਕੇ ਮਿਲੇ ਤੇ ਖੁਸ਼ ਹੋ ਕੇ ਦੱਸਿਆ ਕਿ ਉਹ ਸਕੂਲ ਪੜ੍ਹਨ ਜਾਇਆ ਕਰਨਗੇ।

ਬੂਟਾ ਕਿੰਨਾ ਖ਼ੁਸ਼ ਸੀ। ਉਹ ਆਪਣੇ ਬਾਪੂ ਨੂੰ ਕਹਿ ਰਿਹਾ ਸੀ, ਉਹ ਉਸ ਨੂੰ ਕੱਲ੍ਹ ਹੀ ਕੈਦਾ-ਫੱਟੀ ਲਿਆ ਦੇਵੇ। ਉਹ ਸਕੂਲ ਜਾਣ ਤੋਂ ਪਹਿਲਾਂ ਹੀ ਘਰ ਬੈਠ ਕੇ ਪੜ੍ਹਿਆ ਕਰੇਗਾ। ਗਵਾਂਢੀਆਂ ਦੇ ਮੁੰਡੇ ਢੋਲਣ ਤੋਂ ਕੈਦਾ ਪੜ੍ਹ ਲਿਆ ਕਰੇਗਾ। ਢੋਲਣ ਵੱਡੇ ਸਕੂਲ ਵਿੱਚ ਪੜ੍ਹਦਾ ਸੀ ਤੇ ਛੇਵੀਂ ਜਮਾਤ ਵਿੱਚ ਸੀ। ਮਿਡਲ ਸਕੂਲ ਨੂੰ ਪਿੰਡ ਵਿੱਚ ਵੱਡਾ ਸਕੂਲ ਆਖਿਆ ਜਾਂਦਾ। ਜਬਰੇ ਨੇ ਬੂਟੇ ਦੀ ਗੱਲ ਦਾ ਹੁੰਗਾਰਾ ਨਹੀਂ ਭਰਿਆ।

3

ਜਬਰਾ ਸੜਕ 'ਤੇ ਮਜ਼ਦੂਰੀ ਦਾ ਕੰਮ ਕਰਦਾ ਸੀ। ਇਸ ਕੰਮ ਵਿੱਚ ਉਹ ਬਹੁਤ ਰੈਲਾ ਸੀ। ਖ਼ਤਾਨਾਂ ਵਿਚੋਂ ਮਿੱਟੀ ਚੁੱਕ ਕੇ ਸੜਕ ਦੇ ਕਿਨਾਰਿਆਂ 'ਤੇ ਪਾਉਣ ਹੁੰਦੀ। ਸੜਕ ਦੇ ਦੋਵੇਂ ਪਾਸਿਆਂ ਦੀ ਮਿੱਟੀ ਨੂੰ ਪੱਧਰਾਂ ਕਰਕੇ ਸਾਫ਼ ਪਟੜੀ ਬਣਾ ਕੇ ਰੱਖਣਾ ਹੁੰਦਾ। ਸੜਕ ਟੁੱਟ ਜਾਂਦੀ ਤੇ ਫੇਰ ਜਦੋਂ ਕਦੇ ਬੱਜਰੀ ਤੇ ਲੁੱਕ ਦਾ ਇੰਤਜ਼ਾਮ ਬਣਦਾ ਤਾਂ ਟੁੱਟੇ ਥਾਵਾਂ 'ਤੇ ਟਾਕੀਆਂ ਲਾ ਦਿੱਤੀਆਂ ਜਾਂਦੀਆਂ। ਉਨ੍ਹਾਂ ਦਾ ਇੱਕ ਮੇਟ ਸੀ। ਇੱਕ ਤਰ੍ਹਾਂ ਨਾਲ ਉਹੀ ਉਨ੍ਹਾਂ ਦਾ ਅਫ਼ਸਰ ਸੀ। ਬੇਲਦਾਰਾਂ ਨੂੰ ਕਿਸੇ ਵੀ ਕੰਮ 'ਤੇ ਲਾ ਦਿੰਦਾ। ਉਹਦਾ ਹੁਕਮ ਉਹ ਮੋੜਦੇ ਨਹੀਂ ਸਨ। ਮੇਟ ਅੜਦੇ-ਥੁੜਦੇ ਉਨ੍ਹਾਂ ਦੇ ਕੰਮ ਆਉਂਦਾ। ਉਨ੍ਹਾਂ ਦੇ ਕੰਮ ਸਬੰਧੀ ਮਹਿਕਮੇ ਦੇ ਓਵਰਸੀਅਰ ਕੋਲ ਉਨ੍ਹਾਂ ਦੀ ਤਾਰੀਫ਼ ਕਰਦਾ।

ਜਬਰਾ ਸਵੇਰੇ ਉੱਠਦਾ। ਚਾਹ ਪੀ ਕੇ ਜੰਗਲ-ਪਾਣੀ ਜਾ ਕੇ ਤਿਆਰ-ਬਰਤਿਆਰ ਹੋ ਜਾਂਦਾ। ਚਾਦਰ ਦੀ ਥਾਂ ਹੁਣ ਉਹ ਤੇੜ ਪਜਾਮਾ ਪਾਉਣ ਲੱਗ ਪਿਆ ਸੀ। ਚੰਮ ਦੀ

ਦੇਸੀ ਜੁੱਤੀ ਦੀ ਥਾਂ ਗੁਰਗਾਬੀ ਪਹਿਨਦਾ। ਹੱਥ ’ਤੇ ਘੜੀ ਬੰਨ੍ਹ ਕੇ ਰੱਖਦਾ। ਉਹ ਇੱਕ ਪੁਰਾਣੀ ਘੜੀ ਸੀ। ਇੱਕ ਬੇਲਦਾਰ ਕੋਲੋਂ ਇਹ ਉਸ ਨੂੰ ਸਸਤੇ ਮੁੱਲ ਹੀ ਮਿਲ ਗਈ ਸੀ। ਚੱਲਦੀ ਤਾ ਠੀਕ ਸੀ, ਪਰ ਕਦੇ-ਕਦੇ ਖੜ੍ਹ ਜਾਂਦੀ। ਉਹ ਜ਼ੋਰ ਦੀ ਹਿਲਾ ਕੇ ਧੁੱਪੇ ਧਰ ਦਿੰਦਾ ਤਾਂ ਉਹ ਦੁਬਾਰਾ ਚੱਲਣ ਲੱਗਦੀ। ਵੱਡਾ ਨੁਕਸ ਇਹ ਕਿ ਦਿਨ ਵਿੱਚ ਉਹ ਅੱਧਾ ਘੰਟਾ ਮੂਹਰੇ ਨਿਕਲ ਜਾਂਦੀ। ਕੰਮ ’ਤੇ ਆ ਕੇ ਜਬਰਾ ਦੂਜੇ ਬੇਲਦਾਰਾਂ ਦੀਆਂ ਘੜੀਆਂ ਨਾਲ ਉਹਦਾ ਮਿਲਾਪ ਕਰਦਾ ਤੇ ਸੂਈਆਂ ਅੱਧਾ ਘੰਟਾ ਪਿੱਛੇ ਨੂੰ ਘੁਮਾ ਲੈਂਦਾ। ਇੱਕ ਗੱਲੋਂ ਇਹ ਘੜੀ ਜਬਰੇ ਲਈ ਚੰਗੀ ਵੀ ਸੀ। ਉਹ ਕਦੇ ਵੀ ਕੰਮ ਤੋਂ ਲੇਟ ਨਹੀਂ ਹੁੰਦਾ ਸੀ। ਸਭ ਤੋਂ ਪਹਿਲਾਂ ਆਇਆ ਬੈਠਾ ਹੁੰਦਾ। ਉਹ ਕਦੇ ਗਰਾਂ-ਘੋਹੀ ਜਾਂਦਾ ਤਾਂ ਮੋਟਰ-ਗੱਡੀ ਤੋਂ ਖੁੰਝਦਾ ਨਹੀਂ ਸੀ। ਇਸ ਘੜੀ ਨੇ ਉਹਨੂੰ ਇੱਕ ਆਦਤ ਵੀ ਪਾ ਦਿੱਤੀ। ਉਹ ਕਦੇ ਵੀ ਕਿਸੇ ਦੂਜੇ ਦੀ ਘੜੀ ਨੂੰ ਦੇਖਦਾ ਤਾਂ ਉਹਦੇ ਕੋਲੋਂ ਟਾਈਮ ਜ਼ਰੂਰ ਪੁੱਛਦਾ ਤੇ ਫੇਰ ਆਪਣੀ ਘੜੀ ’ਤੇ ਟਾਈਮ ਦੇ ਫ਼ਰਕ ਦੀ ਨਿਰਖ਼ ਕਰਦਾ। ਉਹ ਵਾਰ-ਵਾਰ ਘੜੀ ਨੂੰ ਪਿੱਛੇ ਨਹੀਂ ਕਰਦਾ ਸੀ। ਕਿਸੇ ਦੀ ਘੜੀ ਨਾਲ ਉਹਦੀ ਘੜੀ ਵੀ ਉਹੀ ਟਾਈਮ ਦੱਸਦੀ ਤਾਂ ਉਹ ਬੜਾ ਖ਼ੁਸ਼ ਹੁੰਦਾ।

ਬੂਟਾ ਉਹਦਾ ਇੱਕੋ-ਇੱਕ ਮੁੰਡਾ ਸੀ। ਬੂਟੇ ਤੋਂ ਵੱਡੀਆਂ ਦੋ ਕੁੜੀਆਂ ਸਨ। ਦੋਵੇਂ ਹੀ ਮਰ ਗਈਆਂ। ਬੂਟੇ ਪਿੱਛੋਂ ਕੋਈ ਜਵਾਕ ਨਹੀਂ ਹੋਇਆ। ਇਸੇ ਲਈ ਬੂਟਾ ਉਨ੍ਹਾਂ ਨੂੰ ਪਿਆਰਾ ਬਹੁਤ ਸੀ।

ਬੂਟਾ ਜਿਸ ਸਾਲ ਜੰਮਿਆ, ਉਸ ਸਾਲ ਜਬਰਾ ਪਿੰਡ ਵਿੱਚ ਸ਼ਾਮ ਸਿੰਘ ਨੰਬਰਦਾਰ ਨਾਲ ਸੀਰੀ ਸੀ। ਉਹ ਰਾਤ ਨੂੰ ਗੱਡੇ ਨਾਲ ਦੇਸੀ ਰੂੜ੍ਹੀ ਦਾ ਰੇਹ ਖੇਤ ਵਿੱਚ ਪਾ ਰਹੇ ਸਨ। ਨੰਬਰਦਾਰ ਦਾ ਵੱਡਾ ਮੁੰਡਾ ਕਿਰਪਾਲ, ਇੱਕ ਦਿਹਾੜੀਆਂ ਤੇ ਇੱਕ ਉਹ ਆਪ। ਉਹ ਸਵੇਰ ਦੇ ਹੀ ਲੱਗੇ ਹੋਏ ਸਨ। ਅਗਵਾੜ ਦੀਆਂ ਚਾਰ-ਪੰਜ ਰੂੜ੍ਹੀਆਂ ਉਨ੍ਹਾਂ ਦੀਆਂ ਆਪਣੀਆਂ ਵੀ ਸਨ। ਚੰਨ-ਚਾਨਣੀ ਰਾਤ ਸੀ। ਉਹ ਸਾਰੀ ਰਾਤ ਰੇਹ ਪਾਉਂਦੇ ਰਹੇ। ਦਿਹਾੜੀ ਨੂੰ ਦੁੱਗਣੀ ਦਿਹਾੜੀ ਦਿੱਤੀ ਜਾਣੀ ਸੀ। ਕਿਰਪਾਲ ਲਾਲਚੀ ਬਹੁਤ ਸੀ। ਪਿਓ ਨਾਲੋਂ ਵੀ ਵੱਧ ਕੰਜੂਸ ਤੇ ਮੱਖੀ-ਚੂਸ। ਜਬਰਾ ਰੇਹ ਦੇ ਟੋਕਰੇ ਚੁੱਕਦਾ ਤੇ ਗੱਡੇ ਵਿੱਚ ਸੁੱਟਦਾ। ਦਿਹਾੜੀਆ ਵੀ। ਕਿਰਪਾਲ ਤਾਂ ਬੱਸ ਟੋਕਰੇ ਭਰੀ ਜਾਂਦਾ ਤੇ ਚੁਕਾਈ ਜਾਂਦਾ। ਉਨ੍ਹਾਂ ਦੇ ਨਾਲ ਖੇਤ ਉਹ ਨਹੀਂ ਜਾਂਦਾ ਸੀ। ਗੱਡੇ ਦੇ ਪੱਟ ਜਬਰਾ ਹੀ ਬੈਠਦਾ। ਖੇਤ ਜਾ ਕੇ ਦਿਹਾੜੀਆ ਸਾਰਾ ਗੱਡਾ ਲਾਹ ਦਿੰਦਾ। ਜਬਰਾ ਪਿਛਲੀ ਰਾਤ ਵੀ ਨੀਂਦ ਨਾਲ ਊਂਘਦਾ ਰਿਹਾ ਸੀ। ਪਿਛਲੀ ਰਾਤ ਟਿਊਬਵੈੱਲ ਦਾ ਪਾਣੀ ਲਾਉਂਦੇ ਰਹੇ ਸਨ। ਨੀਂਦ ਉਹਦੀਆਂ ਅੱਖਾਂ ਵਿੱਚ ਰੋੜਾਂ ਵਾਂਗ ਰੜਕਦੀ। ਕਦੇ-ਕਦੇ ਤਾਂ ਨੱਚਣ ਲੱਗਦੇ। ਨੰਬਰਦਾਰ ਦੇ ਖੇਤ ਨੂੰ ਜਾਣ ਲਈ ਪਹੇ ਵਿੱਚ ਇੱਕ ਥਾਂ ਤੇ ਕੱਸੀ ਦੀ ਉੱਚੀ ਪੁਲੀ ਸੀ। ਇੱਥੋਂ ਉਤਰਨ ਲੱਗਿਆਂ ਬਲ਼ਦ ਭੱਜ ਕੇ ਪੈਂਦੇ ਤੇ ਗੱਡਾ ਧੜਕਦਾ। ਇਸ ਸਮੇਂ ਪਾਟੀ ਨੂੰ ਸੰਭਲ ਕੇ ਬੈਠਣਾ ਪੈਂਦਾ। ਬਲ਼ਦਾਂ ਦੀਆਂ ਨੱਥਾਂ ਫੜ ਕੇ। ਪਹੁ ਫੁੱਟਣ ਦਾ ਵੇਲਾ ਸੀ। ਉਹ ਗੱਡਾ ਭਰ ਕੇ ਜਾ ਰਹੇ ਸਨ। ਦਿਹਾੜੀਦਾਰ ਆਦਮੀ ਗੱਡੇ ਮਗਰ ਮਗਰ ਤੁਰਿਆ ਜਾ ਰਿਹਾ ਸੀ। ਕੱਸੀ ਦੀ ਪੁਲੀ ਆਈ ਤਾਂ ਜਬਰੇ ਨੂੰ ਚੜ੍ਹਾਈ ਚੜ੍ਹਨ ਵੇਲੇ ਪਤਾ ਹੀ ਨਾ ਲੱਗਿਆ ਕਿ ਬਲ਼ਦਾਂ ਦਾ ਜ਼ੋਰ ਲੱਗ ਰਿਹਾ ਹੈ। ਉਹ ਚੜ੍ਹਾਈ ਚੜ੍ਹ ਰਹੇ ਹਨ। ਅਜਿਹੇ

ਟਿਕਾਓ ਵਿੱਚ ਉਹਨੂੰ ਤਾਂ ਸਗੋਂ ਸੁੱਖ ਜਿਹਾ ਆਉਣ ਲੱਗਿਆ ਸੀ। ਜਿਉਂ ਹੀ ਗੱਡਾ ਪੁਲੀ ਉਤਰਨ ਲੱਗਿਆ, ਬਲ਼ਦ ਭੱਜ ਪਏ ਤੇ ਜਬਰਾ ਪੱਟ ਉੱਤੋਂ ਤਿਲਕ ਕੇ ਥੱਲੇ ਆ ਗਿਆ। ਅਜੇ ਤਾਂ ਸ਼ੁਕਰ ਕਿ ਉਹ ਪਹੀਏ ਥੱਲੇ ਨਾ ਆ ਗਿਆ। ਅਜਿਹਾ ਹੁੰਦਾ ਤਾਂ ਇਸ ਦੁਨੀਆਂ ਵਿੱਚ ਹੁਣ ਉਹਨੇ ਹੋਣਾ ਹੀ ਨਹੀਂ ਸੀ। ਉਹ ਥੱਲੇ ਡਿੱਗਿਆ ਤੇ ਗੱਡੇ ਹੇਠ ਐਨ ਵਿਚਕਾਰ ਗੱਡਾ ਉਹਦੇ ਉੱਤੋਂ ਦੀ ਲੰਘ ਗਿਆ। ਜਿਵੇਂ ਰੱਬ ਨੇ ਉਹਨੂੰ ਹੱਥ ਦੇ ਕੇ ਰੱਖ ਲਿਆ ਹੋਵੇ। ਦੂਰ ਜਾ ਕੇ ਬਲ਼ਦ ਵੀ ਜੂਲੇ ਵਿਚੋਂ ਬਾਹਰ ਨਿਕਲ ਗਏ। ਉਨ੍ਹਾਂ ਦੀਆਂ ਜੋਤਾਂ ਟੁੱਟ ਗਈਆਂ। ਗੱਡੇ ਦੀ ਠੋਡ ਅਸਮਾਨ ਵੱਲ ਮੂੰਹ ਚੁੱਕੀ ਖੜ੍ਹੀ ਸੀ। ਗੱਡਾ ਉਲਰ ਚੁੱਕਿਆ ਸੀ। ਦਿਹਾੜੀਏ ਨੇ ਭੱਜ ਕੇ ਉਹਨੂੰ ਬੈਠਾ ਕੀਤਾ ਤੇ ਫੇਰ ਬਲ਼ਦ ਸੰਭਾਲੇ। ਜਬਰਾ ਤੁਰ ਨਹੀਂ ਸਕਦਾ ਸੀ। ਉਹਦੀ ਲੱਤ ਗਿੱਟੇ ਤੋਂ ਜਰਕਾਟਾ ਖਾ ਗਈ ਸੀ।

4

ਕਦੇ ਕਿਤੇ ਜਾ, ਕਦੇ ਕਿਤੇ ਜਾ, ਜਬਰਾ ਦੋ ਮਹੀਨੇ ਲੱਤ ਉੱਤੇ ਪੱਟੇ ਬੰਨ੍ਹਾਉਂਦਾ ਰਿਹਾ। ਉਨ੍ਹਾਂ ਦੇ ਪਿੰਡ ਵਿੱਚ ਹੀ ਘੋਤੀ ਬੁੜ੍ਹਾ ਇਲਾਕੇ ਦਾ ਮੰਨਿਆ ਹੋਇਆ ਸਿਆਣਾ ਸੀ। ਟੁੱਟੀਆਂ-ਉਤਰੀਆਂ ਲੱਤਾਂ-ਬਾਹਾਂ ਵਾਲੇ ਲੋਕ ਦੂਰ-ਦੂਰ ਤੋਂ ਉਹਦੇ ਕੋਲ ਆਉਂਦੇ। ਉਹ ਕਿਸੇ ਤੋਂ ਲੈਂਦਾ ਕੁਝ ਨਹੀਂ ਸੀ। ਮੁਫ਼ਤ ਦੀ ਸੇਵਾ। ਕਿੰਨਿਆਂ ਹੀ ਵਰ੍ਹਿਆਂ ਤੋਂ ਉਹ ਇਹ ਕੰਮ ਕਰਦਾ ਸੀ। ਦੂਰੋਂ ਆਏ ਗਰੀਬ-ਗੁਰਬੇ ਨੂੰ ਤਾਂ ਰੋਟੀ ਵੀ ਘਰੋਂ ਖਵਾਉਂਦਾ। ਕਿਸੇ ਨੂੰ ਬਹੁਤੀ ਤਕਲੀਫ਼ ਹੁੰਦੀ ਤਾਂ ਕਹਿੰਦਾ ਕਿ ਉਹ ਦਾਰੂ ਦਾ ਅਧੀਆ ਪੀ ਲਵੇ। ਮਰੀਜ਼ ਦਾਰੂ ਦੇ ਨਸ਼ੇ ਵਿੱਚ ਹੁੰਦਾ ਤੇ ਘੋਤੀ ਉਹ ਦੇ ਟੁੱਟੇ ਅੰਗ ਦੀ ਪੂਰੀ ਡਾਕਟਰੀ ਕਰ ਦਿੰਦਾ। ਸਰ੍ਹੋਂ ਦੇ ਤੇਲ ਦੀਆਂ ਮਾਲਸ਼ਾਂ ਕਰਦਾ। ਝਟਕਾ ਮਾਰ ਕੇ ਉਤਰਿਆ ਅੰਗ ਥਹਿ ਸਿਰ ਬਿਠਾ ਦਿੰਦਾ ਤੇ ਫੇਰ ਬਾਂਸ ਦੀਆਂ ਫੱਟੀਆਂ ਬੰਨ੍ਹ ਕੇ ਪੱਟਾ ਕੱਸ ਦਿੰਦਾ। ਟੁੱਟੀਆਂ ਲੱਤਾਂ-ਬਾਹਾਂ ਦਾ ਉਹ ਪੂਰਾ ਕਾਰੀਗਰ ਸੀ। ਬੰਦੇ ਦੇ ਮਾਸ ਅੰਦਰ ਹੱਡੀਆਂ ਦੇ ਇੱਕ-ਇੱਕ ਜੋੜ ਦਾ ਜਿਵੇਂ ਉਹਨੂੰ ਪੂਰਾ ਚਾਨਣ ਹੋਵੇ। ਇਕੱਲੀ-ਇਕੱਲੀ ਹੱਡੀ ਟੋਹ ਕੇ ਦੱਸਦਾ। ਘੋਤੀ ਨੇ ਪਹਿਲਾਂ ਤਾਂ ਜਬਰੇ ਨੂੰ ਪੱਟੇ ਬੰਨ੍ਹਾਏ। ਗਿੱਟੇ ਵਾਲੀ ਥਾਂ ਨਰਮ ਕੀਤੀ। ਫੇਰ ਇੱਕ ਦਿਨ ਉਹਨੂੰ ਦਾਰੂ ਪਿਆ ਕੇ ਉਹਦਾ ਗਿੱਟਾਂ ਕੜੱਕ ਦੇ ਕੇ ਚਾੜ੍ਹ ਦਿੱਤਾ। ਫੱਟੀਆਂ ਬੰਨ੍ਹ ਦਿੱਤੀਆਂ। ਸੱਤਵੇਂ ਦਿਨ ਫੱਟੀਆਂ ਖੋਲ੍ਹੀਆਂ ਤਾਂ ਗਿੱਟੇ ਵਿੱਚ ਤਾਂ ਓਨਾ ਹੀ ਦਰਦ ਸੀ। ਲੱਤ ਤਾਂ ਸੁੱਜੀ ਪਈ ਸੀ। ਪੈਰ ਧਰਤੀ ਨਾਲ ਲੱਗਦਾ ਹੀ ਨਹੀਂ ਸੀ। ਦੂਜੀ ਵਾਰ ਫੇਰ ਘੋਤੀ ਨੇ ਲੱਤ ਦੀ ਡਾਕਟਰੀ ਕੀਤੀ। ਇਸ ਵਾਰ ਤਾਂ ਜਬਰੇ ਦੀਆਂ ਚਾਂਗਾਂ ਹੀ ਨਿਗਲ ਗਈਆਂ। ਉਹ ਬੁਰੀ ਤਰ੍ਹਾਂ ਕਰਾਹ ਉੱਠਿਆ। ਕੂਕਿਆਂ-ਓਏ, ਇਸੇ ਤਰ੍ਹਾਂ ਈ ਰਹਿਣ ਦੇਹ, ਮੈਨੂੰ ਤਾਂ। ਇੱਥੇ ਈ ਜੁੜਿਆ ਜਾਣ ਦੇਹ ਗਿੱਟਾ। ਮੈਂ ਤਾਂ ਲੰਗ ਮਾਰ ਕੇ ਹੀ ਤੁਰ ਲਿਆ ਕਰੂੰ। ਮੈਥੋਂ ਇਹ ਕਸਾਈਪੁਣਾਂ ਨ੍ਹੀਂ ਕਰਵਾਇਆ ਜਾਂਦਾ। ਪਰ ਘੋਤੀ ਨੇ ਉਹਨੂੰ ਛੱਡਿਆ ਨਾ। ਜਬਰੇ ਨੂੰ ਹੋਰ ਤਿੰਨ ਬੰਦਿਆਂ ਨੇ ਘੁੱਟ ਕੇ ਫੜਿਆ ਹੋਇਆ ਸੀ। ਦੋ ਵਾਰੀ ਉਹਦੇ ਮੂੰਹ ਨੂੰ ਪਾਣੀ ਲਾਇਆ ਗਿਆ, ਪਰ ਉਹਦੀ ਲੱਤ ਠੀਕ ਨਾ ਹੋਈ। ਗਿੱਟਾ ਥਹਿ ਸਿਰ ਆਇਆ ਹੀ ਨਾ। ਨੰਬਰਦਾਰ ਦਾ ਸੀਰ ਵਿਚਕਾਰ

ਹੀ ਰਹਿ ਗਿਆ। ਕੰਮ 'ਤੇ ਨਾ ਜਾਣ ਕਰਕੇ ਉਹਦੇ ਸਿਰ ਦਿਹਾੜੀਆਂ ਪੈ ਰਹੀਆਂ ਸਨ। ਜ਼ਿਮੀਦਾਰ ਨੂੰ ਉਹਦੇ ਗਿੱਟੇ ਟੁੱਟੇ ਦਾ ਫ਼ਿਕਰ ਨਹੀਂ ਸੀ। ਉਹਨੂੰ ਤਾਂ ਆਪਣੇ ਕੰਮ ਦਾ ਫ਼ਿਕਰ ਸੀ। ਜਬਰੇ ਕੋਲ ਹੋਰ ਕੋਈ ਬੰਦਾ ਵੀ ਨਹੀਂ ਸੀ, ਜਿਸ ਨੂੰ ਉਹ ਆਪਣੀ ਥਾਂ ਸ਼ਾਮ ਸਿੰਘ ਦੇ ਸੀਰ 'ਤੇ ਤੋਰ ਸਕਦਾ ਤੇ ਨਾਲੇ ਜ਼ਮਾਨਾ ਉਹ ਨਹੀਂ ਰਹਿ ਗਿਆ ਸੀ। ਕਿਸੇ ਦੀ ਖ਼ਾਤਰ ਕੌਣ ਕੰਮ 'ਤੇ ਜਾਂਦਾ ਹੈ ਤੇ ਨਾਲੇ ਅਗਲਾ ਜਾਵੇ ਵੀ ਤਾਂ ਦੋ-ਚਾਰ ਦਿਨ। ਮਹੀਨਾ ਕੋਈ ਨਹੀਂ ਲੰਘਾ ਸਕਦਾ। ਜਬਰੇ ਦੀ ਸਾਕ-ਸਕੀਰੀ ਵਿੱਚ ਵੀ ਅਜਿਹਾ ਕੋਈ ਨਹੀਂ ਸੀ, ਜਿਹੜਾ ਭੀੜ ਪਈ 'ਤੇ ਉਹਦੇ ਕੰਮ ਆ ਸਕਦਾ। ਹਰ ਇੱਕ ਨੂੰ ਆਪਣੀ ਰੋਜ਼ੀ ਰੋਟੀ ਦਾ ਫ਼ਿਕਰ ਹੁੰਦਾ ਹੈ। ਕੌਣ ਕਿਸੇ ਦਾ ਕੁਝ ਕਰ ਸਕਦਾ ਹੈ। ਇੱਕ ਮਹੀਨਾ ਜਬਰੇ ਦੇ ਮੂੰਹ ਵੱਲ ਦੇਖ ਕੇ ਸ਼ਾਮ ਸਿੰਘ ਨੰਬਰਦਾਰ ਨੇ ਨਵਾਂ ਸੀਰੀ ਰਲਾ ਲਿਆ। ਨਵੇਂ ਸੀਰੀ ਨੂੰ ਸੀਰ ਦੇ ਅੱਧੇ ਪੈਸੇ ਦਿੱਤੇ। ਫ਼ਸਲ ਵਿੱਚ ਵੀ ਅੱਠਵੇਂ ਹਿੱਸੇ ਦੀ ਥਾਂ ਸੋਲ੍ਹਵਾਂ ਹਿੱਸਾ ਕੀਤਾ, ਕਿਉਂਕਿ ਅੱਧੀ ਫ਼ਸਲ ਤਾਂ ਜਬਰੇ ਸਮੇਂ ਦੀ ਕਮਾਈ ਹੋਈ ਸੀ।

ਇੱਕ ਮਹੀਨਾ ਜਬਰਾ ਜੋ ਗ਼ੈਰਹਾਜ਼ਰ ਸੀ, ਉਨ੍ਹਾਂ ਦਿਨਾਂ ਦੀਆਂ ਦਿਹਾੜੀਆਂ ਨੰਬਰਦਾਰ ਨੇ ਉਹਦੇ 'ਤੇ ਤਰਸ ਖਾ ਕੇ ਉਹ ਨੂੰ ਮਾਫ਼ ਕਰ ਦਿੱਤੀਆਂ। ਸਰਪੰਚ ਦੇ ਕਹੇ ਵੇਖੇ ਤੋਂ ਉਹਨੂੰ ਇੱਕ ਕੁਇੰਟਲ ਕਣਕ ਵੀ ਦੇ ਦਿੱਤੀ, ਪਰ ਸੀਰ ਦਾ ਕੋਈ ਹਿੱਸਾ ਨਹੀਂ। ਨੰਬਰਦਾਰ ਕਹਿੰਦਾ ਸੀ, ਸੀਰ ਤਾਂ ਵਿਚੇ ਹੀ ਰਹਿ ਗਿਆ, ਹੁਣ ਹਿੱਸਾ ਕਾਹਦਾ? ਸੀਰ ਵਿਚੇ ਹੀ ਛੱਡ ਕੇ ਜਬਰੇ ਨੇ ਤਾਂ ਉਨ੍ਹਾਂ ਦਾ ਸਾਲ ਹੀ ਖ਼ਰਾਬ ਕਰ ਦਿੱਤਾ।

ਜਬਰੇ ਨੂੰ ਐਨਾ ਫ਼ਿਕਰ ਫ਼ਸਲ ਦੇ ਹਿੱਸੇ ਦਾ ਨਹੀਂ ਸੀ, ਜਿੰਨੀ ਚਿੰਤਾ ਉਹਨੂੰ ਇਹ ਵੱਢ-ਵੱਢ ਖਾਂਦੀ ਸੀ ਕਿ ਸੀਰ ਦੇ ਪੈਸਿਆਂ ਨੂੰ ਕਿਸ ਵਿਧ ਵਾਪਸ ਕਰ ਸਕੇਗਾ। ਉਹ ਲੱਤ ਤੋਂ ਆਰੀ ਹੋਇਆ ਬੈਠਾ ਸੀ। ਅਗਲੇ ਸਾਲ ਕਿਸੇ ਨਾਲ ਸੀਰੀ ਰਲਦਾ, ਤਦ ਹੀ ਉਹਦੇ ਕੋਲੋਂ ਸੀਰ ਦੇ ਪੈਸੇ ਲੈ ਕੇ ਨੰਬਰਦਾਰ ਦੀ ਰਕਮ ਵਾਪਸ ਮੋੜ ਸਕਦਾ। ਨੰਬਰਦਾਰ ਨੇ ਤਾਂ ਬੇਕਿਰਕ ਹੋ ਕੇ ਉਹਨੂੰ ਇਹ ਵੀ ਸੁਣਾ ਦਿੱਤਾ ਕਿ ਜੇ ਉਹ ਮੌਕੇ 'ਤੇ ਸੀਰ ਦੇ ਪੈਸੇ ਨਹੀਂ ਦੇਵੇਗਾ ਤਾਂ ਸਾਰੀ ਰਕਮ 'ਤੇ ਵਿਆਜ ਲੱਗਣਾ ਸ਼ੁਰੂ ਹੋ ਜਾਵੇਗਾ।

ਘੋਤੀ ਤੋਂ ਕੁਝ ਨਾ ਬਣਦਾ ਦੇਖ ਕੇ ਜਬਰਾ ਹੋਰ ਪਿੰਡੀਂ ਵੀ ਗਿਆ। ਲੱਤ ਦੀ ਹਾਲਤ ਨੂੰ ਦੇਖ ਕੇ ਹਰ ਕੋਈ ਜਵਾਬ ਦੇ ਦਿੰਦਾ। ਕੋਈ ਹੱਥ ਨਹੀਂ ਪਾ ਰਿਹਾ ਸੀ। ਅਖ਼ੀਰ ਉਹ ਸ਼ਹਿਰ ਦੇ ਹਸਪਤਾਲ ਵਿੱਚ ਜਾ ਦਾਖ਼ਲ ਹੋਇਆ। ਪਹਿਲਾਂ ਤਾਂ ਡਾਕਟਰ ਉਹਨੂੰ ਦਾਖ਼ਲ ਹੀ ਨਹੀਂ ਕਰ ਰਿਹਾ ਸੀ। ਝਿੜਕਾਂ ਦੇ ਰਿਹਾ ਸੀ ਕਿ ਉਹ ਐਨਾ ਚਿਰ ਘਰੇ ਕਿਉਂ ਬੈਠਾ ਰਿਹਾ। ਲੱਤ ਤਾਂ ਗਲਣ 'ਤੇ ਆਈ ਪਈ ਹੈ ਤੇ ਫਿਰ ਤਰਸ ਖਾ ਕੇ ਹੱਡੀਆਂ ਦੇ ਮਾਹਰ ਡਾਕਟਰ ਨੇ ਉਹਨੂੰ ਦਾਖ਼ਲ ਕਰ ਲਿਆ। ਉਹਦੀ ਲੱਤ ਦਾ ਪਲੱਸਤਰ ਕੀਤਾ। ਹਫ਼ਤਾ-ਦਸ ਦਿਨ ਉਹ ਹਸਪਤਾਲ ਵਿੱਚ ਰਿਹਾ ਤੇ ਫੇਰ ਪਿੰਡ ਆ ਗਿਆ। ਸਮੇਂ 'ਤੇ ਜਾ ਕੇ ਪਲੱਸਤਰ ਖੁੱਲਵਾ ਆਇਆ। ਲੱਤ ਦਾ ਦਰਦ ਠੀਕ ਹੋ ਗਿਆ। ਗਿੱਟਾ ਸੰਢਿਆ ਗਿਆ, ਪਰ ਜ਼ੋਰ ਦਾ ਕੰਮ ਕਰਨ ਲਈ ਉਹ ਸਾਰੀ ਉਮਰ ਵਾਸਤੇ ਨਿਕਾਰਾ ਹੋ ਚੁੱਕਿਆ ਸੀ।

5

ਜਬਰੇ ਦਾ ਪਿਓ ਜੁੱਤੀਆਂ ਸਿਉਣ ਦਾ ਕੰਮ ਕਰਦਾ ਸੀ। ਜਬਰੇ ਹੋਰੀਂ ਦੋ ਭਾਈ ਸਨ। ਜਬਰਾ ਵੱਡਾ ਸੀ। ਛੋਟਾ ਫ਼ੌਜ ਵਿੱਚ ਭਰਤੀ ਹੋ ਗਿਆ। ਹੁਣ ਹੌਲਦਾਰ ਬਣ ਚੁੱਕਿਆ ਸੀ। ਆਪਣੀ ਵਹੁਟੀ ਨੂੰ ਉਹ ਆਪਣੇ ਨਾਲ ਹੀ ਫ਼ੌਜ ਵਿੱਚ ਰੱਖਦਾ। ਉਹ ਉਹਦੇ ਕੋਲ ਰਹਿੰਦੀ। ਫੈਮਿਲੀ ਕੁਆਟਰ ਮਿਲ ਜਾਂਦਾ, ਨਹੀਂ ਤਾਂ ਉਹ ਆਪਣੇ ਪੇਕੇ ਘਰ ਆ ਜਾਂਦੀ। ਰਾਮਗੜ੍ਹ ਉਹ ਕਦੇ ਨਹੀਂ ਆਉਂਦੀ ਸੀ। ਪਹਿਲਾਂ-ਪਹਿਲਾਂ ਜ਼ਰੂਰ ਰਹੀ, ਪਰ ਜਦ ਤੋਂ ਜਬਰੇ ਦਾ ਪਿਓ ਮਰਿਆ, ਉਹ ਮੁੜ ਕੇ ਕਦੇ ਨਹੀਂ ਆਈ। ਜਬਰੇ ਦੀ ਘਰਵਾਲੀ ਨਾਲ ਉਹ ਦੀ ਬਣਦੀ ਨਹੀਂ ਸੀ। ਜਬਰੇ ਦੀ ਮਾਂ ਬਹੁਤ ਚਿਰ ਪਹਿਲਾਂ ਮਰ ਚੁੱਕੀ ਸੀ। ਜਬਰੇ ਦੀਆਂ ਭੈਣਾਂ ਸਨ। ਇਨ੍ਹਾਂ ਭੈਣਾਂ ਦਾ ਵਿਆਹ ਵੀ ਜਬਰੇ ਨੇ ਹੀ ਕੀਤਾ। ਉਨ੍ਹਾਂ ਦੇ ਵਿਆਹ ’ਤੇ ਸਭ ਪੈਸਾ-ਟੱਕਾ ਖ਼ੁਦ ਖ਼ਰਚ ਕੀਤਾ। ਛੋਟੇ ਭਾਈ ਨੇ ਕੋਈ ਹਿੱਸਾ ਨਹੀਂ ਪਾਇਆ। ਜਬਰੇ ਦੀ ਘਰਵਾਲੀ ਨੂੰ ਇਸ ਕਰਕੇ ਵੀ ਘਰੋੜ ਸੀ। ਦੋਵੇਂ ਕੁੜੀਆਂ ਦੇ ਵਿਆਹਾਂ ਨੇ ਉਨ੍ਹਾਂ ਦੇ ਘਰ ਨੂੰ ਭੁੰਜੇ ਲਾਹ ਦਿੱਤਾ ਸੀ। ਉਹ ਤਾਂ ਮੁੜਕੇ ਤਾਬ ਹੀ ਨਹੀਂ ਆਏ। ਉਨ੍ਹਾਂ ਜਿੰਮੇ ਪਿੰਡ ਦੇ ਜੁਆਲਾ ਸ਼ਾਹ ਦਾ ਕਿੰਨਾ ਸਾਰਾ ਕਰਜ਼ਾ ਚੜ੍ਹ ਗਿਆ ਸੀ। ਫ਼ੌਜੀ ਤਨਖ਼ਾਹ ਪਾਉਂਦਾ ਤੇ ਚੰਗਾ ਖਾਂਦਾ-ਪੀਂਦਾ। ਤੀਵੀਂ ਨਵੇਂ ਤੋਂ ਨਵੇਂ ਸੂਟ ਹੰਢਾਉਂਦੀ। ਉਹ ਕੁਝ ਤਾਂ ਵੱਡੇ ਭਾਈ ਦਾ ਭਾਰ ਹੌਲਾ ਕਰਦੇ? ਸੋ, ਜਦੋਂ ਵੀ ਫ਼ੌਜੀ ਦੀ ਘਰਵਾਲੀ ਰਾਮਗੜ੍ਹ ਆਉਂਦੀ, ਜਬਰੇ ਦੀ ਤੀਵੀਂ ਉਹਦੇ ਨਾਲ ਆਢਾ ਲਾ ਕੇ ਬੈਠਾ ਜਾਂਦੀ। ਗੱਲੀਂ-ਗੱਲੀਂ ਉਹਦੇ ਨਾਲ ਬੇਸ਼ਕੀ ਕਰਦੀ। ਉਹਨੂੰ ਬੁਰੀਆਂ-ਬੁਰੀਆਂ ਗੱਲਾਂ ਆਖਦੀ ਤੇ ਬੁੜ੍ਹਾ ਮਰਨ ਬਾਅਦ ਫ਼ੌਜੀ ਦੀ ਤੀਵੀਂ ਨੇ ਉੱਥੇ ਨਾ ਆਉਣ ਦੀ ਸਹੁੰ ਪਾ ਦਿੱਤੀ। ਫ਼ੌਜੀ ਛੁੱਟੀ ਆਉਂਦਾ ਤਾਂ ਸਹੁਰੀ ਹੀ ਬਹੁਤਾ ਰਹਿੰਦਾ। ਰਾਮਗੜ੍ਹ ਤਾਂ ਇੱਕ-ਦੋ ਦਿਨ ਹੀ ਗੇੜਾ ਮਾਰਦਾ। ਰਾਮਗੜ੍ਹ ਆਉਂਦਾ ਵੀ ਤਾਂ ਪਿੰਡ ਦੇ ਹਾਣੀ ਮੁੰਡਿਆਂ ਨਾਲ ਸ਼ਰਾਬਾਂ ਪੀਂਦਾ ਰਹਿੰਦਾ। ਜਬਰੇ ’ਤੇ ਆਪਣੀ ਨੌਕਰੀ ਦਾ ਰੋਬ੍ਹ ਪਾਉਂਦਾ। ਜਬਰੇ ਕੋਲ ਉਹ ਘਰ ਕਦੇ ਨਹੀਂ ਆਇਆ ਸੀ। ਛੱਪੜੀ-ਵਿਹੜੇ ਗੇੜਾ ਮਾਰਦਾ ਤਾਂ ਹੋਰਾਂ ਲੋਕਾਂ ਦੇ ਘਰ ਹੀ ਚਾਹ-ਪਾਣੀ ਪੀ ਕੇ ਪਿੰਡ ਵਿੱਚ ਜਾ ਵੜਦਾ। ਸੌਂਦਾ ਵੀ ਉਹ ਜੱਟਾਂ ਦੇ ਘਰ ਹੀ। ਜੱਟਾਂ ਦੇ ਮੁੰਡਿਆਂ ਨਾਲ ਉਹ ਦੀ ਲਿਹਾਜ਼ ਸੀ। ਉਨ੍ਹਾਂ ਨਾਲ ਹੀ ਬੈਠਣ-ਉੱਠਣ ਸੀ। ਬਚਪਨ ਦਾ ਸਬੰਧ ਸੀ। ਸਬੰਧ ਵੀ ਕਾਹਦਾ ਸੀ ਉਹ ਉਹਦੀ ਤਾਰੀਫ਼ ਕਰਦੇ, ‘ਸੁਣਾ ਬਈ, ਫ਼ੌਜੀਆਂ! ਸੁਣਾ ਬਈ, ਹੌਲਦਾਰ! ਸੁਣਾ ਬਈ, ਸਰਦਾਰ ਸੁਰਜਨ ਸਿਆਂ।’ ਬੱਸ ਉਹ ਐਨੇ ਵਿੱਚ ਫੁੱਲ ਜਾਂਦਾ ਤੇ ਉਨ੍ਹਾਂ ਮੂਹਰੇ ਸ਼ਰਾਬ ਦੀ ਬੋਤਲ ਕੱਢ ਕੇ ਰੱਖ ਦਿੰਦਾ। ਉਹ ਮੁਫ਼ਤ ਦੀ ਘੁੱਗੀ ਕੁੱਟ ਲੈਂਦੇ।

ਜਬਰਾ ਸੀਰ ਛੱਡ ਕੇ ਜਦੋਂ ਸੜਕ ’ਤੇ ਲੱਗਿਆ ਸੀ, ਕੰਮ ਵਿੱਚ ਚਾਹੇ ਸੁਖਾਲਾ ਰਹਿੰਦਾ, ਪਰ ਉਹਦੀ ਆਮਦਨ ਬਹੁਤ ਘਟ ਗਈ। ਘਰ ਵਿੱਚ ਦਾਣਾ-ਫੱਕਾ ਤਾਂ ਸਾਰਾ ਮੁੱਲ ਦਾ ਆਉਂਦਾ। ਲੱਕੜ-ਤਿੰਬੜ ਚਾਹੇ ਉਹ ਸੜਕ ਦੇ ਦਰਖ਼ਤਾਂ ਤੋਂ ਲਾਹ ਲਿਆਉਂਦਾ, ਪਰ ਘਰ ਦੇ ਹੋਰ ਖ਼ਰਚ ਕਿੰਨੇ ਸਨ। ਜਦੋਂ ਉਹ ਸੀਰ ਦਾ ਕੰਮ ਕਰਦਾ ਸੀ, ਉਦੋਂ ਤਾਂ ਘਰ ਵਿੱਚ ਦਾਣਿਆਂ ਦੀ ਬੋਰੀਆਂ ਭਰੀਆਂ ਪਈਆਂ ਰਹਿੰਦੀਆਂ। ਹੁਣ ਤਾਂ ਉਹ ਮਹੀਨੇ ਦੇ ਮਹੀਨੇ ਕਣਕ ਲੈਂਦੇ ਤੇ ਗੁਜ਼ਾਰਾ ਜਿਹਾ ਕਰੀ ਜਾਂਦੇ। ਸੀਰ ਵੇਲੇ ਤਾਂ ਉਹ ਹਮੇਸ਼ਾ ਹੀ

ਘਰ ਵਿੱਚ ਗਾਂ ਰੱਖਦੇ ਸਨ। ਇੱਕ ਵਾਰ ਤਾਂ ਉਹ ਮੱਝ ਵੀ ਖਰੀਦ ਲਿਆਏ ਸਨ। ਮੱਝ ਚਾਹੇ ਚੌਥੇ-ਪੰਜਵੇਂ ਸੂਏ ਸੀ। ਉਨ੍ਹਾਂ ਕੋਲ ਆ ਕੇ ਉਹਨੇ ਤਿੰਨ ਸੂਏ ਦਿੱਤੇ ਸਨ। ਮੱਝ ਵੇਲੇ ਤਾਂ ਉਨ੍ਹਾਂ ਦੇ ਘਰ ਦੁੱਧ ਰੁਲ ਹੋ ਗਿਆ ਸੀ। ਤਿੰਨੇ ਜਣੇ ਡੱਕਵਾਂ ਦੁੱਧ ਪੀਂਦੇ। ਰਿੜਕਦੇ ਵੀ। ਬੂਟਾ ਘੜਕੁੱਲੇ ਵਰਗਾ ਬਣ ਗਿਆ ਸੀ। ਕੱਖ-ਪੱਠਾ ਜ਼ਿਮੀਦਾਰਾਂ ਦੇ ਖੇਤੋਂ ਆ ਜਾਂਦਾ। ਮੱਝ ਨੂੰ ਸਾਂਭਣ ਦਾ ਸਾਰਾ ਕੰਮ ਬੂਟੇ ਦੀ ਮਾਂ ਕਰ ਲੈਂਦੀ। ਉਹ ਤਾਂ ਜਿਵੇਂ ਮੱਝ ਦੇ ਆਹਰ ਵਿੱਚ ਹੀ ਰਹਿੰਦੀ ਹੋਵੇ। ਘਰ ਵਿੱਚ ਮੱਝ ਦਾ ਚਾਅ ਵੀ ਬੜਾ ਸੀ। ਛੱਪੜੀ-ਵਿਹੜੇ ਵਿੱਚ ਕੁਝ ਘਰਾਂ ਕੋਲ ਹੀ ਮੱਝਾਂ ਸਨ। ਮੱਝ ਵਾਲੇ ਦੀ ਤਾਂ ਸਰਦਾਰੀ ਸੀ। ਮੱਝ ਵਾਲਾ ਘਰ ਤਾਂ ਵੱਡਾ ਸਮਝਿਆ ਜਾਂਦਾ। ਮੱਝ ਵਾਲੇ ਘਰ ਵਿੱਚ ਸਾਰੀਆਂ ਬਰਕਤਾਂ ਸਨ। ਮੱਝ ਵਾਲੇ ਘਰ ਦੀ ਸੁਆਣੀ ਤਾਂ ਸਿਰ ਉੱਚਾ ਕਰਕੇ ਤੁਰਦੀ।

ਬੂਟਾ ਉਡਾਰ ਹੁੰਦਾ ਜਾ ਰਿਹਾ ਸੀ। ਖਾਂਦਾ-ਪੀਂਦਾ ਤੇ ਕੁਦਾੜੀਆਂ ਮਾਰਦਾ। ਬੱਸ ਉਸੇ ਇੱਕ ਨੂੰ ਦੇਖ ਕੇ ਜਬਰਾ ਖ਼ੁਸ਼ ਰਹਿੰਦਾ। ਬੂਟਾ ਤਾਂ ਜਬਰੇ ਲਈ ਤਿਰਲੋਕੀ ਦੀ ਮਾਇਆ ਸੀ। ਬੂਟਾ ਤਾਂ ਇੱਕ ਸੂਰਜ ਸੀ, ਜਿਸ ਦਾ ਚਾਨਣ ਸਾਰੇ ਘਰ ਨੂੰ ਜਗਮਗਾ ਕੇ ਰੱਖਦਾ। ਪੁੱਤ ਦੇ ਸਹਾਰੇ ਮਾਂ ਖਿੜੀ ਕਪਾਹ ਵਾਂਗ ਹੱਸਦੀ। ਉਹਦੇ ਨਾਲ ਦਾ ਤਾਂ ਜੱਗ ਵਿੱਚ ਕੋਈ ਨਹੀਂ ਸੀ। ਪਤੀ-ਪਤਨੀ ਦੋਵੇਂ ਘਰ ਵਿੱਚ ਬੈਠ ਕੇ ਬੂਟੇ ਦੀਆਂ ਗੱਲਾਂ ਕਰਦੇ। ਉਹ ਦਿਨੋ-ਦਿਨ ਵਧਦਾ-ਫੁੱਲਦਾ ਜਾ ਰਿਹਾ ਸੀ। ਉਹਦੇ ਹੱਡ-ਪੈਰ ਕਿੰਨੇ ਤਕੜੇ ਸਨ। ਹੱਡਾਂ 'ਤੇ ਕਿੰਨਾ ਮਾਸ ਸੀ। ਉਹਦਾ ਮੂੰਹ ਕਿੰਨਾ ਭਰਿਆ-ਭਰਿਆ ਸੀ। ਉਹ ਕਿੰਨਾ ਚੁਸਤ ਸੀ। ਕਿੰਨਾ ਫੁਰਤੀਲਾ। ਮਾਂ-ਬਾਪ ਸੁਪਨੇ ਲੈਂਦੇ ਕਿ ਉਹ ਜਿਸ ਦਿਨ ਜੁਆਨ ਹੋ ਗਿਆ, ਘਰ ਦੇ ਸਾਰੇ ਧੋਣੇ ਧੋ ਕੇ ਰੱਖ ਦੇਵੇਗਾ। ਜਿਸ ਦਿਨ ਉਹ ਕੰਮ 'ਤੇ ਜਾਣ ਲੱਗ ਪਿਆ, ਜਬਰਾ ਸੋਚਦਾ ਉਹ ਆਪ ਸੜਕ ਦਾ ਕੰਮ ਛੱਡ ਦੇਵੇਗਾ ਤੇ ਘਰ ਬੈਠ ਕੇ ਸੁੱਖ ਦਾ ਸਾਹ ਲਵੇਗਾ। ਪੁੱਤ ਦੇ ਸਿਰ 'ਤੇ ਉਹ ਐਸ਼ ਕਰੇਗਾ। ਉਹਨੂੰ ਸਾਰੇ ਦੁੱਖ ਭੁੱਲ ਜਾਣਗੇ।

## 6

ਰਾਤ ਵੇਲੇ ਰੋਟੀ-ਟੁੱਕ ਦਾ ਕੰਮ ਮੁਕਾ ਕੇ ਜਦੋਂ ਉਹ ਮੰਜਿਆਂ 'ਤੇ ਪੈਣ ਲੱਗਦੇ ਤਾਂ ਬੂਟਾ ਬਹੁਤ ਲਾਚੜ ਜਾਂਦਾ। ਕਦੇ ਪਿਓ ਦੇ ਮੰਜੇ 'ਤੇ, ਕਦੇ ਮਾਂ ਦੇ ਮੰਜੇ 'ਤੇ। ਉੱਚੀ-ਉੱਚੀ ਹੋਏ-ਹੋਏ ਕਰਦਾ, ਕਦੇ ਰਿਕਾਟ ਗਾਉਣ ਲੱਗ ਪੈਂਦਾ। ਮਾਂ ਨਾਲ ਪਿਆ ਹੁੰਦਾ ਤਾਂ ਪਿਓ ਦੇ ਮੰਜੇ 'ਤੇ ਜਾਣ ਦੀ ਜ਼ਿੱਦ ਕਰਦਾ। ਪਿਓ ਨਾਲ ਹੁੰਦਾ ਤਾਂ ਮਾਂ ਨੂੰ ਕਹਿੰਦਾ ਕਿ ਉਹਨੂੰ ਆਪਣੇ ਨਾਲ ਪਾ ਲਵੇ। ਪਤੀ-ਪਤਨੀ ਉਹਨੂੰ ਸੁੱਕਾ-ਸੁੱਕਾ ਝਿੜਕਦੇ। ਉਹ ਸੁੱਕਾ-ਸੁੱਕਾ ਰੋਂਦਾ ਤੇ ਫੇਰ ਨੀਂਦ ਨਾਲ ਉਹਦੀਆਂ ਪਲਕਾਂ ਭਾਰੀ ਹੋ ਜਾਂਦੀਆ ਤਾਂ ਉਹ ਕਿਸੇ ਨਾਲ ਵੀ ਸੌਂ ਜਾਂਦਾ। ਉਹ ਸੁੱਤਾ ਪਿਆ ਹੁੰਦਾ ਤਾਂ ਪਤੀ-ਪਤਨੀ ਘਰ ਦੀਆਂ ਗੱਲਾਂ ਛੇੜ ਲੈਂਦੇ।

ਇੱਕ ਰਾਤ ਜਬਰਾ ਕਹਿ ਰਿਹਾ ਸੀ, 'ਬੂਟਾ ਜੁਆਨ ਹੋ ਜੇ, ਮੇਰੇ ਸਾਰੇ ਕੰਮ ਸੰਭਾਲ ਲੂਗਾ।'

'ਹੁਣ ਤਾਂ ਸੁੱਖ ਨਾਲ ਖਾਸਾ ਹੋ ਗਿਐ। ਮੇਰੇ ਨਾਲ ਘਰ ਦਾ ਨਿੱਕਾ-ਮੋਟਾ ਸਾਰਾ

ਧੰਦਾ ਕਰਵਾ ਦਿੰਦੈ। ਮੁਖਤਿਆਰੋ ਨੇ ਹੁੰਗਾਰਾ ਭਰਿਆ।

'ਅਜੇ ਤਾਂ ਚੌੜ ਕਰਦੈ, ਜਦੋਂ ਕੰਮ ਗਲ ਪਿਆ, ਫੇਰ ਆਊ ਨਾਨੀ ਯਾਦ। ਹੁਣ ਇਹਨੂੰ ਕੀ ਪਤੈ, ਕਬੀਲਦਾਰੀ ਕੀ ਹੁੰਦੀ ਐ। ਮੈਨੂੰ ਦੇਖ ਲੈ, ਜਿਉਂ ਫਸਿਆ ਏਸ ਕੜਿੱਕੀ 'ਚ ਸਾਰੀ ਉਮਰ ਕਦੇ ਸੁੱਖ ਦਾ ਸਾਹ ਲੈ ਕੇ ਨ੍ਹੀਂ ਦੇਖਿਆ। ਭੂਤਨੀ ਭੁੱਲੀ ਰਹਿੰਦੀ ਐ।' ਜਬਰਾ ਆਪਣੀ ਗੱਲ ਲੈ ਕੇ ਬੈਠ ਗਿਆ।

'ਤੇਰੀ ਤੇਰੇ ਨਾਲ ਲੰਘ 'ਗੀ, ਇਹਦੀ ਇਹ ਜਾਣੂ। ਹਰ ਕਿਸੇ ਦੀ ਇੱਕੋ ਜ਼ੀ ਜ਼ਿੰਦਗੀ ਥੋੜ੍ਹਾ ਹੁੰਦੀ ਐ। ਮੇਰੇ ਪੁੱਤ ਨੇ ਤਾਂ ਐਸ਼ ਕਰਨੀ ਐ।' ਮੁਖਤਿਆਰੋ ਨੇ ਨਾਲ ਪਏ ਬੂਟੇ ਨੂੰ ਬੁੱਕਲ ਵਿੱਚ ਘੁੱਟ ਲਿਆ।

'ਐਸ਼? ਜਬਰਾ ਹੱਸਣ ਲੱਗਿਆ।

'ਹਾਂ, ਦੇਖ ਲੀਂ, ਤੇਰੇ ਸਾਹਮਣੇ ਐ। ਮਾਮੇ 'ਤੇ ਜਾਊ। ਮਾਮਾ ਕਰਦੈ ਨਾ ਸਰਦਾਰੀ। ਪਿੰਡ 'ਚ ਸਾਰੇ ਲੋਕ ਉਹਦੀ ਇੱਜ਼ਤ-ਮਾਣ ਕਰਦੇ ਐ। ਲਾ ਜੱਟਾਂ ਤੋਂ, ਲਾ ਬਾਣੀਆਂ ਤੋਂ। ਕੰਮ ਵੀ ਕਿਹੜਾ ਔਖਾ ਕਰਦੈ। ਬੱਸ ਮੰਡੀਆਂ 'ਤੇ ਰਹਿੰਦੈ। ਤਿੰਨ ਮਹੀਆ ਵੇਚਤੀਆਂ, ਚਾਰ ਖਰੀਦ ਲੀਆਂ। ਵਗਲ ਮਾਰ ਕੇ ਫਿਰਨੀ 'ਤੇ ਵੱਡਾ ਘਰ ਪਾ ਛੱਡਿਐ। ਕਿਸੇ ਜੱਟ ਦਾ ਨ੍ਹੀਂ ਏਹੋ ਜਿਹਾ। ਪੂਰੀ ਸਰਦਾਰੀ ਐ, ਮੇਰੇ ਭਾਈ ਦੀ।' ਆਪਣੇ ਭਰਾ ਦੀ ਉਹ ਵਧਾ-ਚੜ੍ਹਾ ਕੇ ਵਡਿਆਈ ਕਰਨ 'ਤੇ ਉਤਰ ਆਈ।

'ਚੱਲ ਮਾਮੇ ਨੂੰ ਛੱਡ, ਆਪਾਂ ਕੀ ਸਾਲੇ ਦੇ ਖਾਣ ਜਾਣੈ।'

'ਤੂੰ ਕਿਸੇ ਨੂੰ ਕਿੰਨਾ ਕੁ ਖੁਆ 'ਤਾ?'

'ਆਪਾਂ ਕੀ ਖੁਆ ਦੇਣੈ, ਗ਼ਰੀਬਾਂ ਨੇ, ਮੈਂ ਤਾਂ ਊਂ ਗੱਲ ਕਰਦਾ। ਬਈ ਆਪਾਂ ਉਹਦੀ ਸਰਦਾਰੀ ਤੋਂ ਕੀ ਲੈਣੈ। ਆਪਾਂ ਤਾਂ ਆਵਦੀ ਗੱਲ ਕਰੀਏ।'

'ਨਾ ਫੇਰ ਮੱਚਦਾ ਕਾਹਨੂੰ ਐ, ਮੇਰੇ ਭਾਈ ਤੇ?'

'ਲੈ ਫੇਰ, ਹੈ ਦੇਖ।'

'ਦੇਖ ਕੀ, ਜਬਾ ਸੰਭਾਲ ਕੇ ਬੋਲਿਆ ਕਰ।'

'ਦੇਖ ਓਏ, ਤਾਹਾਂ ਦੀ ਤਾਹਾਂ ਚੜ੍ਹਦੀ ਜਾਂਦੀ ਐ।'

ਹੁਣ ਮੁਖਤਿਆਰੋ ਚੁੱਪ ਸੀ। ਚੁੱਪ-ਚਾਪ ਹੀ ਆਪਣੇ ਖੇਸ ਦੀ ਤਹਿ ਖੋਲ੍ਹ ਕੇ ਉੱਤੇ ਲੈਣ ਲੱਗੀ। ਜਬਰਾ ਮੰਜੇ 'ਤੇ ਬੈਠਾ ਹੋ ਗਿਆ। ਮੁਖਤਿਆਰੋ ਦੀ ਚੁੱਪ ਉਹਨੂੰ ਚੁਭਣ ਲੱਗੀ ਤੇ ਫੇਰ ਕਾਫ਼ੀ ਦੇਰ ਬੈਠਾ ਉਹ ਆਪਣੇ ਕੇਸਾਂ ਵਿੱਚ ਖੁਰਕ ਕਰਦਾ ਰਿਹਾ। ਕੇਸ ਖੋਲ੍ਹੇ ਤੇ ਉਂਗਲਾਂ ਦੀ ਕੰਘੀ ਕਰਕੇ ਦੁਬਾਰੇ ਜੂੜਾ ਕਰਨ ਲੱਗਿਆ। ਮੁਖਤਿਆਰੋ ਚੁੱਪ-ਚਾਪ ਸਿੱਧੀ ਪਈ ਹੋਈ ਸੀ ਤੇ ਫੇਰ ਉਸ ਨੇ ਪਾਸਾ ਮਾਰ ਕੇ ਬੂਟੇ ਵੱਲ ਮੂੰਹ ਕਰ ਲਿਆ।

ਜਬਰੇ ਨੇ ਤਰਲਾ ਲਿਆ-'ਬੋਲਦੀ ਨ੍ਹੀਂ?'

ਮੁਖਤਿਆਰੋ ਬੋਲੀ ਨਹੀਂ। ਉਹ ਸੁੱਤੀ ਵੀ ਨਹੀਂ। ਮੁਤਰ-ਮੁਤਰ ਝਾਕ ਰਹੀ ਸੀ।

ਉਹ ਫੇਰ ਬੋਲਿਆ, 'ਮਖਿਆ, ਸੁਣਦੀ ਐ?'

'ਹਾਂ, ਦੱਸ ਕੀਹ ਐਂ ਸੁਣਨ ਨੂੰ? ਜਿਵੇਂ ਉਹ ਅੱਕ ਕੇ ਬੋਲੀ ਹੋਵੇ।

'ਬੂਟੇ ਨੂੰ ਇੱਕ ਬੱਕਰੀ ਨਾ ਲੈ ਦੀਏ?'

'ਬੱਕਰੀ ਦਾ ਕੀ ਕਰਨੈ ਇਹਨੇ?' ਉਹ ਸਹਿਜ-ਸੁਭਾਅ ਬੋਲੀ।

'ਖੇਤਾਂ ਵਿੱਚ ਵੱਟਾਂ 'ਤੇ ਫੇਰ ਲਿਆਇਆ ਕਰੂ। ਮੁੰਡਿਆਂ ਨਾਲ ਰਲਾ ਦਿਆਂਗੇ। ਹੋਰ ਵੀ ਤਾਂ ਜਾਂਦੇ ਨੇ। ਬਾਹਰ ਦਾ ਸਿਆਣੂ ਹੋ ਜੂ। ਇੱਥੇ ਤਾਂ ਜਵਾਕਾਂ ਨਾਲ ਮੱਥਾ ਮਾਰਦਾ ਰਹਿੰਦੈ ਸਾਰਾ ਦਿਨ। ਰੀਠੇ-ਕੌਠੀਆਂ ਈ ਨ੍ਹੀਂ ਮੁੱਕਦੇ ਇਹਦੇ। ਨਿੱਤ ਕੁੱਟ ਖਾ ਕੇ ਆ ਜਾਂਦੈ ਦੂਜਿਆਂ ਤੋਂ।'

'ਬੱਕਰੀ ਗੁਆ ਕੇ ਆਜੂ। ਹਾਲੇ ਕਿਹੜੀ ਉਮਰ ਐ ਇਹਦੀ। ਹਾਲੇ ਤਾਂ ਆਪ ਈ ਇਹ ਮੇਮਣਾ ਜਿਹਾ ਐ।' ਉਹ ਹੱਸੀ ਤੇ ਫੇਰ ਬੂਟੇ ਦੇ ਸਿਰ 'ਤੇ ਪਿਆਰ ਨਾਲ ਹੱਥ ਫੇਰਨ ਲੱਗੀ।

'ਹੁਣੇ ਖੇਤੀਂ ਜਾਣ ਲੱਗੇ, ਫੇਰ ਈ ਵੱਲ ਆਊ ਇਹਨੂੰ ਖੇਤੀ ਦੇ ਕੰਮ ਦਾ।' ਉਹ ਮੰਜੇ 'ਤੇ ਉਵੇਂ ਬੈਠਾ ਹੋਇਆ ਸੀ।

'ਮੈਂ ਦੱਸਾਂ......' ਉਹ ਵੀ ਉੱਠ ਕੇ ਬੈਠ ਗਈ।

'ਹਾਂ......'

'ਮੈਂ ਏਸ ਜਵਾਕ ਨੂੰ ਜੱਟਾਂ ਦੇ ਵੱਸ ਨ੍ਹੀਂ ਪੌਣਾ।'

'ਕਿਉਂ, ਇਹ ਕੋਈ ਮਾੜਾ ਕੰਮ ਐ। ਪਿਓ-ਦਾਦੇ ਨੇ ਕੀਤੈ, ਸਾਰੀ ਦੁਨੀਆਂ ਕਰੀ ਜਾਂਦੀ ਐ। ਖੇਤੀ ਦੇ ਕੰਮ 'ਚ ਤਾਂ ਪੂਰੀ ਬਰਕਤ ਐ।'

'ਨਾ, ਇਹ ਕੋਈ ਕੰਮ ਐ? ਨ੍ਹੌਣ-ਧੋਣ ਦੀ ਸੁਰਤ ਨ੍ਹੀਂ ਰਹਿੰਦੀ ਅਗਲੇ ਨੂੰ। ਸਾਰੀ ਉਮਰ ਨ੍ਹੇਰਾ ਢੋਂਦੈ ਆਦਮੀ।'

'ਫੇਰ ਹੋਰ ਕੀ ਦਫ਼ਤਰ 'ਤੇ ਬਠਾਏਂਗੀ ਇਹਨੂੰ? ਹੋਰ ਕੀ ਕਰੂਗਾ ਏਹੇ?'

'ਮੈਂ ਤਾਂ ਇਹਨੂੰ ਪੜ੍ਹਨ ਲੌਣੇ। ਦਸ ਜਮਾਤਾਂ ਪਾਸ ਕਰਵੌਣੀਆਂ ਨੇ। ਨੌਕਰੀ ਇਹਦਾ ਮਾਮਾ ਆਪੇ ਦਵਾਊ। ਕੇਰਾਂ ਫਸ ਗਿਆ ਕਿਸੇ ਕਿੱਤੇ 'ਚ ਸਾਰੀ ਉਮਰ ਮੌਜਾਂ ਕਰੂ।

ਉਹ ਹੱਸਣ ਲੱਗਿਆ।

'ਹੱਸਣ ਦੀ ਗੱਲ ਨ੍ਹੀਂ। ਆਪਾਂ ਤਾਂ ਇਹਨੂੰ ਪੜ੍ਹਾਵਾਂਗੇ, ਕਿੰਨੇ ਮੁੰਡੇ ਪੜ੍ਹਦੇ ਨੇ ਆਪਣੇ ਛੱਪੜੀ-ਵਿਹੜੇ ਦੇ ਈ। ਕਈ ਤਾਂ ਦਸਵੀਂ ਪਾਸ ਕਰ ਵੀ ਗਏ।'

'ਕਈ, ਕਿੰਨੇ ਕੁ? ਸਾਰੇ ਧੱਕੇ ਖਾਂਦੇ ਫਿਰਦੇ ਨੇ। ਇੱਕ ਨੂੰ ਵੀ ਨੌਕਰੀ ਨਹੀਂ ਮਿਲੀ।

'ਨਹੀਂ ਮਿਲੀ, ਮਿਲ ਜੂਗੀ। ਦਸਵੀਂ ਤਾਂ ਕਰਗੇ, ਜਿਵੇਂ ਦਸਵੀਂ ਕਰਗੇ, ਇਵੇਂ-ਜਿਵੇਂ ਨੌਕਰੀ ਵੀ ਲੈ ਜਾਣਗੇ।'

## 7

ਜਿਸ ਮਹੀਨੇ ਪ੍ਰਾਇਮਰੀ ਸਕੂਲ ਦੀਆਂ ਮਾਸਟਰਾਣੀਆਂ ਨਵੇਂ ਮੁੰਡੇ-ਕੁੜੀਆਂ ਦੇ ਨਾਉਂ ਲਿਖਣ ਛੱਪੜੀ-ਵਿਹੜੇ ਆਈਆਂ ਸਨ। ਉਨ੍ਹਾਂ ਦਿਨਾਂ ਵਿੱਚ ਜਬਰੇ ਦੇ ਘਰ ਵਿੱਚ ਕਣਕ ਦਾ ਇੱਕ ਵੀ ਦਾਣਾ ਨਹੀਂ ਸੀ। ਪਿੰਡ ਦੀ ਆਟਾ ਚੱਕੀ ਤੋਂ ਦੋ ਵਾਰੀ ਉਹ ਦਸ-ਦਸ ਕਿੱਲੋ ਆਟਾ ਮੁੱਲ ਲੈ ਕੇ ਆਇਆ। ਆਟਾ ਤਾਂ ਬਹੁਤ ਮਹਿੰਗਾ ਪੈਂਦਾ ਤੇ ਨਾਲੇ ਆਟਾ ਲਿਆਉਣ ਲਈ ਹਰ ਵਾਰ ਨਕਦ ਪੈਸੇ ਕਿੱਥੋਂ ਪੈਦਾ ਹੋ ਸਕਦੇ। ਉਸ ਸਾਲ ਉਨ੍ਹਾਂ ਕੋਲ ਮੱਝ ਨਹੀਂ ਸੀ, ਨਹੀਂ ਤਾਂ ਮੱਝ ਵੇਲੇ ਉਹ ਦੁੱਧ ਵੇਚ ਕੇ ਗੁਜ਼ਾਰਾ ਕਰ ਲੈਂਦੇ

ਸਨ। ਇਸ ਸਾਲ ਤਾਂ ਉਨ੍ਹਾਂ ਕੋਲ ਇੱਕ ਗਾਂ ਸੀ, ਥੋੜ੍ਹਾ-ਥੋੜ੍ਹਾ ਦੁੱਧ ਦੋਵੇਂ ਵੇਲੇ ਦੇ ਦਿੰਦੀ, ਬੱਸ ਚਾਹ ਬਣ ਜਾਂਦੀ। ਰਾਤ ਵੇਲੇ ਥੋੜ੍ਹਾ ਜਿਹਾ ਬਚਦਾ ਤਾਂ ਉਹ ਬੂਟਾ ਪੀ ਲੈਂਦਾ।

ਸੜਕ ’ਤੇ ਕੰਮ ਕਰਨ ਵਾਲੇ ਕੁਝ ਬੇਲਦਾਰ ਚੋਰੀਓਂ ਲੁੱਕ ਵੇਚ ਦਿੰਦੇ। ਬੱਜਰੀ ਦੀਆਂ ਬੋਰੀਆਂ ਭਰ ਕੇ ਚੁਕਾ ਦਿੰਦੇ। ਜਬਰੇ ਨੇ ਅਜਿਹਾ ਕੰਮ ਨਹੀਂ ਕੀਤਾ ਸੀ। ਉਹ ਤਾਂ ਰੱਬ ਤੋਂ ਡਰਨ ਵਾਲਾ ਬੰਦਾ ਸੀ। ਅਜਿਹਾ ਕਰ ਸਕਦਾ ਹੁੰਦਾ ਤਾਂ ਉਹ ਵੀ ਮੌਜਾਂ ਕਰਦਾ। ਦੂਜੇ ਬੇਲਦਾਰਾਂ ਤੇ ਮੇਟ ਨੂੰ ਇੰਝ ਕਰਦੇ ਉਹ ਦੇਖਦਾ ਰਹਿੰਦਾ, ਪਰ ਖ਼ੁਦ ਉਹਦੀ ਹਿੰਮਤ ਕਦੇ ਨਹੀਂ ਪਈ। ਉਹ ਤਾਂ ਇੰਝ ਕਰਨ ਨੂੰ ਪਾਪ ਸਮਝਦਾ। ਕਹਿੰਦਾ ਹੁੰਦਾ- ‘ਦਰਗਾਹ ’ਚ ਜਾ ਕੇ ਲੇਖਾ ਦੇਣੈ। ਕਾਹਨੂੰ ਐਵੇਂ ਪਾਪਾਂ ਦੇ ਭਾਗੀ ਬਣੀਏ। ਸਾਬਤ ਨਾਲੋਂ ਅੱਧੀ ਚੰਗੀ। ਹੱਕ ਦੀ ਖਾਣੀ ਐ, ਭਾਈ।’

ਉਹਦਾ ਕੋਈ ਸਾਥੀ-ਬੇਲਦਾਰ ਕਹਿ ਵੀ ਦਿੰਦਾ-‘ਮਰ ਭੁੱਖਾ ਫੇਰ। ਮਰਨ ਪਿੱਛੋਂ ਦੇਖਿਐ, ਸੱਚ ਕੀਹ ਐ ਤੇ ਝੂਠ ਕੀਹ ਐ? ਸਾਰੀ ਦੁਨੀਆ ਕਰੀ ਜਾਂਦੀ ਐ। ਤੈਨੂੰ ਦੱਸ ਕੀ ਵੱਢ ਪੈਂਦੀ ਐ?’

‘ਨਾ ਭਰਾਵਾ, ਓਸ ਦਿਨ ਤਾਂ ਆਪਾਂ ਜੰਮੇ ਈ ਨ੍ਹੀਂ। ਅੱਧੀ ਤਾਂ ਲੰਘ ’ਗੀ, ਅੱਧੀ ਰਹਿੰਦੀ ਐ। ਆਪੇ ਰੱਬ ਦੇਊ। ਇਹ ਕੰਮ ਨ੍ਹੀਂ ਕਰਨਾ।’ ਉਹ ਮੋੜਵਾਂ ਜਵਾਬ ਦਿੰਦਾ।

ਇਹ ਉਹ ਦਿਨ ਸਨ, ਜਦੋਂ ਕਣਕ ਖੇਤਾਂ ਵਿੱਚ ਪੱਕਣ ’ਤੇ ਆਈ ਹੁੰਦੀ ਹੈ। ਡੰਗ ਪੂਰਾ ਕਰਨ ਵਾਲੇ ਜ਼ਿਮੀਦਾਰ ਤਾਂ ਫ਼ਸਲ ਨਿਕਲਦੇ ਹੀ ਖਾਣ-ਜੋਗੀ ਰੱਖ ਕੇ ਬਾਕੀ ਦੀ ਸਾਰੀ ਕਣਕ ਮੰਡੀ ’ਤੇ ਪਹੁੰਚਾ ਦਿੰਦੇ ਹਨ, ਪਰ ਸਰਦੇ-ਪੁੱਜਦੇ ਤੇ ਧਨੀ ਜ਼ਿਮੀਦਾਰ ਇਨ੍ਹਾਂ ਦਿਨਾਂ ਵਿੱਚ ਹੀ ਕਣਕ ਬਾਹਰ ਕੱਢਦੇ। ਇਨ੍ਹਾਂ ਦਿਨਾਂ ਵਿੱਚ ਹੀ ਕਣਕ ਮਹਿੰਗੀ ਹੋ ਕੇ ਵਿਕਦੀ। ਮੰਡੀ ਦੀ ਗੱਲ ਵੱਖਰੀ ਧਨਾਢ ਜ਼ਿਮੀਦਾਰ ਤਾਂ ਇਨ੍ਹਾਂ ਦਿਨਾਂ ਵਿੱਚ ਕਣਕ ਦਾ ਦੁੱਗਣਾ ਮੁੱਲ ਪਾਉਂਦੇ। ਮੰਡੀ ’ਤੇ ਜਾਣ ਦੀ ਲੋੜ ਹੀ ਨਹੀਂ ਰਹਿੰਦੀ। ਕਣਕ ਤਾਂ ਪਿੰਡ ਵਿੱਚ ਹੀ ਲੱਗ ਜਾਂਦੀ। ਲੋੜਵੰਦ ਲੋਕ ਚੜ੍ਹੇ-ਮੁੱਲ ’ਤੇ ਹੀ ਨਹੀਂ ਰਹਿੰਦੀ। ਕਣਕ ਤਾਂ ਪਿੰਡ ਵਿੱਚ ਹੀ ਲੱਗ ਜਾਂਦੀ। ਲੋੜਵੰਦ ਲੋਕ ਚੜ੍ਹੇ-ਮੁੱਲ ’ਤੇ ਹੀ ਨਕਦਾਂ ਦੀ ਖ਼ਰੀਦ ਕੇ ਲੈ ਜਾਂਦੇ ਥੁੜ੍ਹੇ-ਟੁੱਟੇ ਕਿਸਾਨ ਲੋਕ ਡੂਢੀਆਂ-ਸਵਾਈਆ ’ਤੇ ਚੁੱਕ ਲੈਂਦੇ ਹਨ। ਇਨ੍ਹਾਂ ਦਿਨਾਂ ਵਿੱਚ ਕਣਕ ਦੀ ਨਿਰੀ ਚਾਂਦੀ ਬਣ ਉੱਠਦੀ ਹੈ। ਜਬਰੇ ਸਾਹਮਣੇ ਹੋਰ ਕੋਈ ਰਾਹ ਨਹੀਂ ਗਿਆ ਸੀ। ਹੁਣ ਤਾਂ ਇੱਕੋ ਇਲਾਜ ਸੀ ਕਿ ਉਹ ਕਿਸੇ ਜ਼ਿਮੀਦਾਰ ਦੇ ਘਰੋਂ ਲਿਖਤ ਕਰਕੇ ਕਣਕ ਲਿਆਵੇ। ਇੰਝ ਕਣਕ ਲਿਆਉਣ ਦੇ ਸਭ ਢੰਗ-ਤਰੀਕਿਆਂ ਦਾ ਉਹਨੂੰ ਪਤਾ ਸੀ। ਇਹ ਵੀ ਪਤਾ ਸੀ ਕਿ ਇਸ ਦਾ ਕੀ ਨਤੀਜਾ ਨਿਕਲਦਾ ਹੈ, ਪਰ ਹੋਰ ਕੋਈ ਚਾਰਾ ਹੀ ਨਹੀਂ ਸੀ। ਇਹ ਪਹਿਲੀ ਵਾਰ ਸੀ, ਜਦੋਂ ਉਸਨੂੰ ਇੰਝ ਕਰਨਾ ਪੈਣਾ ਸੀ। ਐਤਕੀਂ ਦਾ ਸਾਲ ਹੀ ਕੁਝ ਇਸ ਤਰ੍ਹਾਂ ਦਾ ਚੰਦਰਾ ਚੜ੍ਹਿਆ ਸੀ। ਪਹਿਲਾਂ ਤਾਂ ਉਹਦਾ ਵੇਲਾ ਪੂਰਾ ਹੁੰਦਾ ਰਹਿੰਦਾ ਸੀ। ਕਿਤੋਂ ਨਾ ਕਿਤੋਂ ਕੋਈ ਪ੍ਰਬੰਧ ਬਣਦਾ ਰਹਿੰਦਾ। ਉਹ ਸੋਚਦਾ ਤਾਂ ਉਹਨੂੰ ਕਾਂਬਾ ਚੜ੍ਹਨ ਲੱਗਦਾ। ਇਸ ਤਰ੍ਹਾਂ ਨਾਲ ਕਰਜ਼ ਚੜ੍ਹੇ ਪੈਸੇ ਤਾਂ ਮਸ੍ਹਾਂ ਲਹਿੰਦੇ ਸਨ। ਕਰਜ਼ ਦਾ ਧਨ ਤਾਂ ਖੱਬਲ ਦੀਆਂ ਜੜ੍ਹਾਂ ਵਾਂਗ ਸੂੰਦਾ ਹੀ ਸੂੰਦਾ ਤੁਰਿਆ ਜਾਂਦਾ ਹੈ। ਇਹ ਜੜ੍ਹਾਂ ਕਿੰਨੀਆਂ ਵੀ ਕੱਟੋ-ਵੱਢੋ ਪੂਰੀਆਂ ਨਹੀਂ ਉਖੜਦੀਆਂ। ਆਪਣੀਆਂ ਦੋ ਭੈਣਾਂ ਦੇ ਵਿਆਹ ਜਿਹੜੇ ਉਹਨੇ ਸਿਰ-ਖ਼ੁਦ

ਕੀਤੇ, ਕਰਜ਼ਾ ਸ਼ਾਹ ਦਿਨ ਚੜ੍ਹਦੇ ਨਾਲ ਹੀ ਉਨ੍ਹਾਂ ਦੇ ਬਾਰ ਮੂਹਰੇ ਆ ਕੇ ਸੋਟੀ ਖੜਕਾ ਦਿੰਦਾ। ਚਿੱਟੇ ਕੁੜਤੇ, ਚਿੱਟੇ ਸਾਫ਼ੇ ਤੇ ਚਿੱਟੀ ਧੋਤੀ ਵਾਲਾ ਜੁਆਲਾ ਸ਼ਾਹ ਬਾਰ ਮੂਹਰੇ ਖੜ੍ਹਿਆ ਜਬਰੇ ਨੂੰ ਇਉਂ ਲੱਗਦਾ, ਜਿਵੇਂ ਕੋਈ ਜਮਦੂਤ ਉਹਦੀ ਜਾਨ ਕੱਢਣ ਆ ਗਿਆ ਹੋਵੇ। ਹਾੜ੍ਹੀ-ਸਉਣੀ ਵਿੱਚ ਜਦੋਂ ਕਦੇ ਜੁਆਲਾ ਸ਼ਾਹ ਹੱਥ ਵਿੱਚ ਬੇਰੀ ਦੀ ਸੋਟੀ ਫੜੀ ਉਹਨੂੰ ਖੜ੍ਹਾ ਕੇ ਉਹਦਾ ਹਾਲ-ਚਾਲ ਪੁੱਛਦਾ ਹੈ ਤੇ ਜਬਰੇ ਨੂੰ ਜਿਵੇਂ ਕੋਈ ਗੱਲ ਹੀ ਨਹੀਂ ਔੜਦੀ। ਉਹਨੂੰ ਭੈਅ ਆਉਣ ਲੱਗਦਾ ਹੈ, ਕਿਤੇ ਹੁਣ ਵੀ ਉਹ ਆਪਣੀ ਬਹੀ ਕੱਢ ਕੇ ਨਾ ਬੈਠ ਜਾਵੇ।

ਤੇ ਫੇਰ ਨੰਬਰਦਾਰ ਸ਼ਾਮ ਸਿੰਘ ਦੇ ਸੀਰ ਦੇ ਪੈਸੇ। ਕਿੰਨਾ ਔਖਾ ਕੀਤਾ ਸੀ, ਉਨ੍ਹਾਂ ਪੈਸਿਆਂ ਨੇ। ਉਨ੍ਹਾਂ ਪੈਸਿਆਂ ਨੇ ਤਾਂ ਕੀ, ਨੰਬਰਦਾਰ ਦੇ ਮੁੰਡੇ ਕਿਰਪਾਲ ਨੇ ਉਹਨੂੰ ਕਿਵੇਂ ਸੂਲੀ 'ਤੇ ਟੰਗੀ ਰੱਖਿਆ। ਕਿਰਪਾਲ ਉਹਦੇ ਘਰ ਆਉਂਦਾ ਤਾਂ ਉੱਚਾ-ਉੱਚਾ ਬੋਲ ਕੇ ਪੈਸਿਆਂ ਦੀ ਗੱਲ ਕਰਨ ਲੱਗਦਾ। ਜਿਵੇਂ ਸਾਰੇ ਛੱਪੜੀ-ਵਿਹੜੇ ਨੂੰ ਸੁਣਾਉਂਦਾ ਹੋਵੇ। ਅਜਿਹੇ ਸਮੇਂ ਪੈਸਿਆਂ ਦੀ ਗੱਲ ਭੁੱਲ ਕੇ ਉਹਨੂੰ ਕਿਰਪਾਲ 'ਤੇ ਖਿਝ ਚੜ੍ਹਦੀ। ਕਿੰਨਾ ਨਿਰਦਈ ਆਦਮੀ ਸੀ। ਪੈਸੇ ਨਹੀਂ, ਜਿਵੇਂ ਜਾਨ ਲੈਣੀ ਹੋਵੇ। ਉਹ ਨੂੰ ਚੰਗੀ ਤਰ੍ਹਾਂ ਯਾਦ ਸੀ, ਜਿਵੇਂ ਉਹ ਉਨ੍ਹਾਂ ਦੀ ਸੱਜਰ-ਸੂਈ ਗਾਂ ਕਿੱਲ੍ਹੇ ਤੋਂ ਮੱਲੋਂ ਮੱਲੀ ਖੋਲ੍ਹ ਕੇ ਲੈ ਗਿਆ। ਜਿਵੇਂ ਉਹਦੇ ਮੁੰਡੇ ਬੂਟੇ ਦੇ ਮੂੰਹ ਵਿਚੋਂ ਦੁੱਧ ਦੀ ਘੁੱਟ ਸਾਵੀਂ ਦੀ ਸਾਵੀਂ ਬਾਹਰ ਕਢਵਾ ਲਈ ਹੋਵੇ। ਜਿਸ ਦਿਨ ਨੰਬਰਦਾਰ ਦੀ ਬਹੀ 'ਤੇ ਨਾਮੇ ਦਾ ਕਾਟਾ ਵੱਜਿਆ, ਜਬਰੇ ਨੂੰ ਲੱਗਿਆ, ਜਿਵੇਂ ਉਹਦਾ ਦੁਬਾਰਾ ਜਨਮ ਹੋਇਆ ਸੀ। ਜਿਵੇਂ ਉਹ ਇੱਕ ਲੰਬੀ ਕੈਦ ਵਿਚੋਂ ਛੁਟ ਕੇ ਆਇਆ ਹੋਵੇ ਤੇ ਹੁਣ ਜੁਆਲਾ ਸ਼ਾਹ ਤੇ ਨੰਬਰਦਾਰ ਦਾ ਮੁੰਡਾ ਕਿਰਪਾਲ ਉਹਦੀਆਂ ਅੱਖਾਂ ਅੱਗੇ ਪ੍ਰੇਤਾਂ ਵਾਂਗ ਘੁੰਮ ਰਹੇ ਸਨ। ਇੰਝ ਦਾ ਹੀ ਕੋਈ ਤੀਜਾ ਪ੍ਰੇਤ ਉਹਨੂੰ ਟਕਰਨ ਵਾਲਾ ਸੀ, ਪਰ ਉਹ ਸੋਚਦਾ, ਉਹ ਬਹੁਤਾ ਭਾਰ ਨਹੀਂ ਚੁੱਕੇਗਾ। ਉਹ ਆਪਣੇ ਵਿੱਤ ਅਨੁਸਾਰ ਹੀ ਭਾਰ ਥੱਲੇ ਸਿਰ ਦੇਵੇਗਾ।

## 8

ਕਰਮ ਸਿੰਘ ਦੇ ਕੋਠੇ ਰਾਮਗੜ੍ਹ ਤੋਂ ਡੇਢ-ਦੋ ਮੀਲ ਦੀ ਵਿੱਥ 'ਤੇ ਸਨ। ਉਨ੍ਹਾਂ ਦਾ ਪੁਰਾਣਾ ਘਰ ਪਿੰਡ ਵਿੱਚ ਸੀ। ਪਰ ਜਦੋਂ ਤੋਂ ਸੜਕ ਨਿਕਲੀ ਤੇ ਮੁਰੱਬਾਬੰਦੀ ਹੋ ਗਈ, ਉਨ੍ਹਾਂ ਨੇ ਖੇਤ ਵਿੱਚ ਹੀ ਆਪਣਾ ਘਰ ਪਾ ਲਿਆ। ਇਸੇ ਥਾਂ ਹੀ ਉਹਦੀ ਚਾਲੀ ਕਿੱਲੇ ਜ਼ਮੀਨ ਦਾ ਟੱਕ ਕੱਟਿਆ ਗਿਆ। ਫੇਰ ਤਾਂ ਉਹਨੇ ਟਰੈਕਟਰ ਵੀ ਲੈ ਲਿਆ। ਕਰਮ ਸਿੰਘ ਦੇ ਤਿੰਨ ਮੁੰਡੇ ਸਨ। ਤਿੰਨੇ ਪੂਰੇ ਕਮਾਊ ਸਨ। ਤਿੰਨਾਂ ਦੀਆਂ ਬਹੂਆਂ ਹੁਣ ਬਾਹਰ ਹੀ ਕੋਠਿਆਂ ਵਿੱਚ ਰਹਿੰਦੀਆਂ ਤੇ ਅਗਾਂਹ ਉਨ੍ਹਾਂ ਦੇ ਜਵਾਕ-ਜੱਲੇ ਸਨ। ਪਿੰਡ ਵਾਲੇ ਘਰ ਵਿੱਚ ਉਹਨੇ ਇੱਕ ਵੱਡਾ ਕਮਰਾ, ਇੱਕ ਵਰਾਂਡਾ ਤੇ ਦੂਜੀ ਗਲੀ ਵਿੱਚ ਖੁੱਲ੍ਹਦਾ ਬਾਰ ਬੈਂਕ ਨੂੰ ਦਿੱਤਾ ਹੋਇਆ ਸੀ। ਅੰਦਰਲੀ ਗਲੀ ਵਿੱਚ ਖੁੱਲ੍ਹਦੇ ਬਾਰ ਵਾਲਾ ਸਾਰਾ ਪਾਸਾ ਉਹਨੇ ਮਾਲ-ਪਟਵਾਰੀ ਨੂੰ ਦੇ ਰੱਖਿਆ ਸੀ। ਪਟਵਾਰੀ ਤੋਂ ਕੋਈ ਕਿਰਾਇਆ ਨਹੀਂ ਲੈਂਦਾ ਸੀ। ਉਹਦੇ ਕੋਲੋਂ ਸੌ ਕੰਮ ਲੈਣੇ ਹੁੰਦੇ। ਪਿੰਡ ਵਿੱਚ ਕਿੰਨੇ ਹੀ ਲੋਕਾਂ ਨਾਲ ਕਰਮ ਸਿੰਘ ਦਾ ਲੈਣ-ਦੇਣ ਚੱਲਦਾ ਸੀ। ਸੋ, ਉਹਨੂੰ ਪਿੰਡ ਵੀ ਗੇੜਾ ਮਾਰਨਾ ਪੈਂਦਾ।

ਪਟਵਾਰੀ ਵਾਲੇ ਪਾਸੇ ਇੱਕ ਨਿੱਕਾ ਕਮਰਾ ਉਹਨੇ ਆਪਣੇ ਬੈਠਣ ਲਈ ਅਲੱਗ ਰੱਖ ਲਿਆ ਸੀ। ਇਹ ਬੈਠਕ ਦੇ ਅੰਦਰਲੇ ਬਾਰ ਨੂੰ ਉਹ ਜਿੰਦਾ ਲਾ ਕੇ ਰੱਖਦਾ। ਉੱਥੇ ਇੱਕ ਮੰਜਾ-ਬਿਸਤਰਾ ਵੀ ਰੱਖਿਆ ਹੋਇਆ ਸੀ। ਦੋ-ਚਾਰ ਭਾਂਡੇ, ਲਾਲਟੈਣ ਤੇ ਇੱਕ ਅਲਮਾਰੀ ਵਿੱਚ ਕਾਗਜ਼-ਪੱਤਰ ਜਿਹੇ ਸੀ। ਇਹ ਕਿਸੇ ਨੂੰ ਪਤਾ ਨਹੀਂ ਸੀ ਕਿ ਇਸ ਅਲਮਾਰੀ ਵਿੱਚ ਉਹਦੀਆਂ ਬਹੀਆਂ ਵੀ ਸਨ।

ਕਰਮ ਸਿੰਘ ਕੋਲ ਪਿੰਡ ਦੇ ਥੁੜੇ-ਟੁੱਟੇ ਕਿਸਾਨਾਂ ਨੂੰ ਗਰਜ਼ ਪੈਂਦੀ ਹੀ ਰਹਿੰਦੀ। ਉਹਨੇ ਪੰਜ-ਸੱਤ ਘਰਾਂ ਦੀ ਜ਼ਮੀਨ ਵੀ ਗਹਿਣੇ ਲੈ ਰੱਖੀ ਸੀ। ਜ਼ਮੀਨ ਛੁਡਾਉਂਦਾ ਤਾਂ ਕੋਈ-ਕੋਈ ਸੀ, ਪਰ ਬਹੁਤਿਆਂ ਨੂੰ ਹੋਰ ਪੈਸਿਆਂ ਦੀ ਲੋੜ ਪੈਂਦੀ ਤੇ ਉਹ ਜ਼ਮੀਨ 'ਤੇ ਹੀ ਹੋਰ ਪੈਸੇ ਚੜ੍ਹਵਾ ਲੈਂਦੇ ਜਾਂ ਇੱਕ-ਅੱਧਾ ਕਿੱਲਾ ਹੋਰ ਦੇ ਦਿੰਦੇ। ਕੁਝ ਇੱਕ ਘਰਾਂ ਦਾ ਗਹਿਣ ਤਾਂ ਐਨਾ ਵਧ ਚੁੱਕਿਆ ਸੀ ਕਿ ਉਹ ਸਾਰੀ ਉਮਰ ਇਹ ਜ਼ਮੀਨ ਨਹੀਂ ਛੁਡਵਾ ਸਕਦੇ ਸਨ। ਬੈਅ ਜਿੰਨਾ ਗਹਿਣਾ ਬਣ ਗਿਆ ਸੀ। ਏਦਾਂ ਹੀ ਪੈਸੇ ਚੜ੍ਹਾ-ਚੜ੍ਹਾ ਕਰਮ ਸਿੰਘ ਨੇ ਦੋ ਘਰਾਂ ਦੀ ਜ਼ਮੀਨ ਬੈਅ ਕਰਵਾ ਲਈ ਸੀ।

ਛੋਟੇ ਜ਼ਿਮੀਦਾਰਾਂ ਤੋਂ ਛੁੱਟ ਕਰਮ ਸਿੰਘ ਦਾ ਦੇਣ-ਲੈਣ ਮਜ਼ਹਬੀ, ਰਾਮਦਾਸੀਆਂ ਦੇ ਘਰਾਂ ਨਾਲ ਵੀ ਰਹਿੰਦਾ ਸੀ। ਪਰ ਉਨ੍ਹਾਂ ਨੂੰ ਉਹ ਰੋਕ ਪੈਸੇ ਜਾਂ ਦਾਣੇ ਹੀ ਦਿੰਦਾ। ਬਹੁਤੇ ਪੈਸੇ ਜਾਂ ਬਹੁਤੇ ਦਾਣੇ ਨਹੀਂ ਦਿੰਦਾ ਸੀ। ਅਗਲੇ ਦੀ ਪਹੁੰਚ ਦੇਖ ਕੇ ਓਨੇ ਕੁ ਪੈਸੇ ਜਾਂ ਦਾਣੇ ਦਿੰਦਾ, ਜਿਨ੍ਹਾਂ ਨੂੰ ਅਗਲਾ ਅਸਾਨੀ ਨਾਲ ਮੋੜ ਸਕਦਾ। ਉਨ੍ਹਾਂ ਕੋਲ ਜ਼ਮੀਨ ਜਾਇਦਾਦ ਤਾਂ ਕੋਈ ਹੁੰਦੀ ਨਹੀਂ ਸੀ। ਵੱਧ ਤੋਂ ਵੱਧ ਕੋਈ ਪਸ਼ੂ ਹੁੰਦਾ ਜਾਂ ਕੋਈ ਨਿੱਕਾ-ਮੋਟਾ ਟੂਮ-ਛੱਲਾ। ਕਈ ਮਜ਼ਹਬੀ, ਰਾਮਦਾਸੀਆਂ ਨਾਲ ਤਾਂ ਉਹ ਦੋ-ਦੋ, ਚਾਰ-ਚਾਰ ਮਹੀਨਿਆਂ ਦਾ ਉਧਾਰ ਹੀ ਕਰਦਾ। ਪੰਜਾਹ ਰੁਪਏ ਦੇ ਦਿੱਤੇ, ਵੱਧ ਤੋਂ ਵੱਧ ਸੌ ਦੇ ਦਿੱਤਾ।

ਹੋਰ ਕਿਸੇ ਥਾਂ ਹੱਥ ਪੈਂਦਾ ਨਾ ਦੇਖ ਕੇ ਜਬਰਾ ਕਰਮ ਸਿੰਘ ਦੇ ਕੋਠਿਆਂ ਨੂੰ ਚੱਲ ਪਿਆ ਉਸ ਦਿਨ ਉਹ ਸੜਕ 'ਤੇ ਨਹੀਂ ਗਿਆ। ਛੁੱਟੀ ਲੈ ਲਈ। ਇਸ ਤਰ੍ਹਾਂ ਕਦੇ-ਕਦੇ ਮੇਟ ਉਹਨੂੰ ਛੁੱਟੀ ਦਿੰਦਾ, ਪਰ ਇਸ ਛੁੱਟੀ ਬਦਲੇ ਉਹਨੂੰ ਮੇਟ ਦਾ ਕੋਈ ਨਾ ਕੋਈ ਕੰਮ ਕਰਨਾ ਪੈਂਦਾ। ਮੇਟ ਵੀ ਇੱਕ ਤਰ੍ਹਾਂ ਨਾਲ ਉਨ੍ਹਾਂ ਦਾ ਅਫ਼ਸਰ ਸੀ। ਚਾਹੇ ਉਨ੍ਹਾਂ ਦੀ ਜਾਤ-ਬਰਾਦਰੀ ਵਿਚੋਂ ਸੀ। ਉਨ੍ਹਾਂ ਦੇ ਘਰਾਂ ਵਿਚੋਂ ਹੀ, ਪਰ ਅਫ਼ਸਰ ਤਾਂ ਅਫ਼ਸਰ ਹੁੰਦਾ ਹੈ। ਅਫ਼ਸਰ ਨਾਲ ਕਾਹਦੀ ਦੋਸਤੀ। ਅਫ਼ਸਰ ਦੀ ਲਿਹਾਜ਼ ਵਿੱਚ ਵੀ ਕੋਈ ਗਰਜ਼ ਹੁੰਦੀ ਹੈ। ਅਫ਼ਸਰ ਤਾਂ ਕਦੇ ਵੀ ਦੋਸਤ ਨਹੀਂ ਹੁੰਦਾ।

ਦੁਪਹਿਰ ਦਾ ਵੇਲਾ ਸੀ। ਮੌਸਮ ਵਿੱਚ ਠੰਡ ਬਿਲਕੁੱਲ ਨਹੀਂ ਰਹਿ ਗਈ ਸੀ। ਗਰਮੀ ਵੀ ਚੰਗੀ ਤਰ੍ਹਾਂ ਸ਼ੁਰੂ ਨਹੀਂ ਹੋਈ ਸੀ। ਨਾ ਸਰਦੀ, ਨਾ ਗਰਮੀ। ਬੜਾ ਵਧੀਆ ਮੌਸਮ ਸੀ, ਨਿਰਮਲ ਅਸਮਾਨ। ਜਬਰਾ ਸੋਚ ਰਿਹਾ ਸੀ, ਕਰਮ ਸਿੰਘ ਕੋਠਿਆਂ ਵਿੱਚ ਹੀ ਮਿਲ ਜਾਵੇ ਤਾਂ ਚੰਗੀ ਗੱਲ ਹੈ। ਕਿਧਰੇ ਛੁੱਟੀ ਲਈ ਹੋਈ ਐਵੇਂ ਹੀ ਨਾ ਜਾਵੇ। ਉਹਨੂੰ ਇਹ ਵੀ ਡਰ ਸੀ ਕਿ ਕਿਤੇ ਕਰਮ ਸਿੰਘ ਜਵਾਬ ਹੀ ਨਾ ਦੇਵੇ। ਉਹ ਵੀ ਦੇਖ-ਪਰਖ ਕੇ ਕਿਸੇ ਨੂੰ ਦਾਣੇ-ਰੁਪਈਏ ਦਿੰਦਾ ਹੈ। ਜਬਰਾ ਲੱਤ ਦਾ ਆਰੀ ਸੀ। ਸੜਕ 'ਤੇ ਲੱਗ ਕੇ ਉਹ ਕਿੰਨਾ ਕੁ ਕਮਾ ਰਿਹਾ ਸੀ, ਇਹ ਸਭ ਕਰਮ ਸਿੰਘ ਨੂੰ ਪਤਾ ਸੀ। ਜਬਰੇ ਨੂੰ ਆਪਣਾ-ਆਪ ਬਹੁਤ ਛੋਟਾ-ਛੋਟਾ ਲੱਗ ਰਿਹਾ ਸੀ। ਉਹ ਤਾਂ ਜਿਹੋ-ਜਿਹਾ ਇਸ ਜੱਗ

ਵਿੱਚ ਆਇਆ, ਜਿਹੋ ਜਿਹਾ ਨਾ ਆਇਆ। 'ਮੰਗਣ ਗਿਆ ਸੋ ਮਰ ਗਿਆ' ਵਾਲੀ ਗੱਲ ਉਹਦੇ ਧੁਰ ਕਾਲਜੇ ਵਿੱਚ ਛੁਰੀ ਵਾਂਗ ਵੱਜ ਰਹੀ ਸੀ। ਰੱਬ ਨੇ ਉਹਦੇ ਲੇਖ ਕਿਸ ਤਰ੍ਹਾਂ ਦੇ ਲਿਖ ਦਿੱਤੇ। ਉਹ ਤਾਂ ਜਿੱਦਣ ਦਾ ਜੰਮਿਆ ਸੀ, ਕਦੇ ਵੀ ਸੁੱਖ ਦਾ ਸਾਹ ਨਹੀਂ ਲਿਆ। ਸਦਾ ਹੀ ਗੁਲਾਮੀ ਕੀਤੀ। ਸਦਾ ਹੀ ਝਿੜਕਾਂ ਖਾਧੀਆਂ। ਉਹਨੂੰ ਲੱਗਿਆ, ਰੱਬ ਵੀ ਦਰਿਆਤ ਕਰਦਾ। ਕਈਆਂ ਕੋਲ ਤਾਂ ਹਵੇਲੀਆਂ ਹਨ, ਦਾਣਿਆਂ ਦੀਆਂ ਬੋਰੀਆਂ ਛੱਤਣਾਂ ਨਾਲ ਲੱਗੀਆਂ ਰਹਿੰਦੀਆਂ ਹਨ। ਕੋਈ ਹਿਸਾਬ-ਕਿਤਾਬ ਹੀ ਨਹੀਂ ਕਿ ਉਨ੍ਹਾਂ ਕੋਲ ਕਿੰਨਾ ਕੁ ਰੁਪਈਆ-ਪੈਸਾ ਹੈ ਤੇ ਕਈ ਅਜਿਹੇ ਹਨ, ਜਿਨ੍ਹਾਂ ਦੇ ਘਰ ਇੱਕ ਵੇਲੇ ਦੀ ਰੋਟੀ ਮਸ੍ਹਾਂ ਪੱਕਦੀ ਹੈ। ਨਿੱਕੀ-ਨਿੱਕੀ ਚੀਜ਼ ਤੋਂ ਵੀ ਤਰਸਦੇ ਰਹਿੰਦੇ ਹਨ। ਹਿੱਕ ਕੱਢ ਕੇ ਤੁਰ ਹੀ ਨਹੀਂ ਸਕਦੇ। ਸੰਸਾਰ ਵਿੱਚ ਜਿਵੇਂ ਉਹ ਫਾਲਤੂ ਜਿਹੀ ਚੀਜ਼ ਬਣ ਕੇ ਰਹਿ ਗਏ ਹੋਣ।

## 9

ਕਰਮ ਸਿੰਘ ਇੱਕ ਬਕਰੈਣ ਥੱਲੇ ਤਖ਼ਤਪੋਸ਼ 'ਤੇ ਬੈਠਾ ਗਰ੍ਹਨਾ ਕੱਢ ਰਿਹਾ ਸੀ। ਜਬਰੇ ਨੂੰ ਕੋਠਿਆਂ ਵੱਲ ਡੰਡੀ-ਡੰਡੀ ਤੁਰਿਆ ਆਉਂਦਾ ਦੇਖ ਕੇ ਪਹਿਲਾਂ ਤਾਂ ਉਹ ਬੜੇ ਗਹੁ ਨਾਲ ਨਿਗਾਹ ਪੁੱਟ ਕੇ ਝਾਕਦਾ ਰਿਹਾ ਤੇ ਜਦੋਂ ਉਹ ਨੇੜੇ ਆਇਆ ਤਾਂ ਕਰਮ ਸਿੰਘ ਨੇ ਨੀਵੀਂ ਪਾ ਲਈ। ਜਿਵੇਂ ਉਹਨੂੰ ਕਿਸੇ ਦੇ ਆਉਣ ਦਾ ਪਤਾ ਹੀ ਨਾ ਹੋਵੇ। ਜਬਰੇ ਨੇ ਦੂਰੋਂ ਹੀ ਭੱਜੀ-ਭਿੱਜੀ ਅਵਾਜ਼ ਵਿੱਚ ਸਤਿ ਸ੍ਰੀ ਅਕਾਲ ਬੁਲਾਈ ਤੇ ਨਾਲ ਦੀ ਨਾਲ ਪੁੱਛਿਆ, 'ਕੁੱਤਾ ਤਾਂ ਨ੍ਹੀਂ ਕੋਈ ਬਾਬਾ?'

'ਕੁੱਤਾ ਜੇ ਹੋਊ, ਤੈਨੂੰ ਨ੍ਹੀਂ ਵੱਢਦਾ। ਬੇਸੰਸ ਹੋ ਕੇ ਤੁਰਿਆ।' ਕਰਮ ਸਿੰਘ ਬੋਲਿਆ। ਜਮਾਂ ਕੋਲ ਆ ਕੇ ਜਬਰੇ ਨੇ ਫੇਰ ਸਤਿ ਸ੍ਰੀ ਅਕਾਲ ਕਹੀ। ਜਿਵੇਂ ਪਹਿਲਾਂ ਕੋਈ ਕਸਰ ਰਹਿ ਗਈ ਹੋਵੇ। ਇਸ ਵਾਰ ਕਰਮ ਸਿੰਘ ਨੇ ਉਹ ਦੀ ਸਤਿ ਸ੍ਰੀ ਅਕਾਲ ਸੰਵਾਰ ਕੇ ਮੰਨੀ ਤੇ ਪੁੱਛਿਆ, 'ਐਧਰ-ਕਿੱਧਰ ਫਿਰਦੈਂ ਓਏ ਤੂੰ?'

'ਬੱਸ ਬਾਬਾ, ਤੇਰੇ ਕੋਲ ਈ ਆਇਆਂ।'

'ਮੇਰੇ ਕੋਲ ਪਹਿਲਾਂ ਨਾ ਕਦੇ ਆ ਗਿਆ। ਕੋਈ ਗੱਲ ਹੋਣੀ ਐ ਤਾਂ ਹੀ ਆਇਐਂ ਐਡੀ ਦੂਰ ਚੱਲ ਕੇ।'

'ਗੱਲ ਤਾਂ ਹੈਗੀ, ਗੱਲ ਵੀ ਦੱਸ ਦਿੰਨੇ ਆਂ।'

ਖੜ੍ਹਾ ਕਿਉਂ ਐਂ। ਐਧਰ ਲੱਕੜ ਦੀ ਖੁਰਲੀ 'ਤੇ ਬੈਠ ਜਾ। ਨਹੀਂ, ਆਹ ਇੱਟ ਲੈ-ਲੈ'

ਉਹ ਇੱਕ ਡਬਲ ਇੱਟ ''ਤ ਕਰਮ ਸਿੰਘ ਦੇ ਸਾਹਮਣੇ ਬੈਠ ਗਿਆ।

'ਹਾਂ, ਹੁਣ ਦੱਸ।'

'ਦੱਸਣਾ ਕੀਹ ਹੈ ਬਾਬਾ, ਇੱਕ ਦਾਣਾ ਨ੍ਹੀਂ ਘਰੇ, ਖਾਣ ਨੂੰ ਇੱਕ ਬੋਰੀ ਕਣਕ ਦੇਹ, ਔਖਾ-ਸੁਖਾਲਾ।'

'ਕਣਕ?' ਕਰਮ ਸਿੰਘ ਗੁੱਝਾ-ਗੁੱਝਾ ਮੁਸਕਰਾਇਆ।

'ਹਾਂ, ਹੋਰ ਮਖਿਆ, ਬਾਬੇ ਕੋਲ ਚੱਲਦੇ ਆਂ, ਓਹੀ ਪਾਊ ਪੱਲੇ ਖੈਰ।'

'ਕਣਕ ਐਡੀ ਛੇਤੀ ਮੁਕਾ 'ਲੀ? ਇੱਕ ਤੂੰ ਐਂ, ਇੱਕ ਤੇਰੀ ਤੀਵੀਂ, ਦੋ-ਚਾਰ ਜੁਆਕ ਹੋਣਗੇ।'

'ਜਵਾਕ ਤਾਂ ਇੱਕੋ ਐ, ਮੁੰਡੈ, ਪੰਜ-ਛੀ ਸਾਲ ਦਾ।'

'ਹਾਂ ਹੋ, ਇਹੋ ਕਹਿਨਾਂ ਮੈਂ, ਬਈ ਤਿੰਨ ਤਾਂ ਜੀਅ ਓਂ ਤੁਸੀਂ। ਐਨਾ ਕਿੰਨਾ ਕੁ ਖਰਚ ਐ ਥੋਡਾ?'

'ਖ਼ਰਚ ਤਾਂ ਕੋਈ ਨ੍ਹੀਂ ਬਾਬਾ। ਬੱਸ ਸੜਕ ਤੋਂ ਤਨਖ਼ਾਹ ਜਿਹੜੀ ਮਿਲਦੀ ਐ, ਉਹ ਤਾਂ ਆਈ-ਚਲਾਈ ਐ। ਪੈਸੇ ਮਿਲਦੇ ਨੇ, ਖੱਡੀਂ ਵੜ ਜਾਂਦੇ ਨੇ। ਪਿੜਾਂ ਵੇਲੇ 'ਕੱਠੀ ਕਣਕ ਜਿਹੜੀ ਲਈ ਸੀ, ਹੁਣ ਤਾਈ ਚੱਲ 'ਗੀ। ਬੱਸ, ਆਹ ਦੋ ਮਹੀਨਿਆਂ ਦੀ ਭੀੜ-ਸੰਘੀੜ ਐ, ਫੇਰ ਸਾਨੂੰ ਮਹਿਕਮੇ ਨੇ ਕਣਕ ਦਾ ਕਰਜ਼ਾ ਦੇ ਦੇਣੈ। ਫੇਰਤਾਂ 'ਕੱਠੀ ਈ ਲੈ ਲਾਂਗੇ, ਤਿੰਨ-ਚਾਰ ਬੋਰੀਆਂ।'

'ਹੁਣ ਫੇਰ ਇੱਕ ਬੋਰੀ ਕੀ ਕਰਨੀ ਐਂ ਤੂੰ? ਦੋ ਮ੍ਹੀਨੇ ਵਾਸਤੇ ਇੱਕ ਮਣ ਕਣਕ ਨ੍ਹੀਂ ਮੁੱਕਦੀ ਥੋਨੂੰ ਤਿੰਨਾਂ ਜੀਆਂ ਨੂੰ।'

'ਮਹਿਕਮੇ ਦਾ ਕੀ ਪਤੈ, ਖਬਰੈ ਇੱਕ-ਅੱਧਾ ਮ੍ਹੀਨਾ ਲੇਟ ਕਰ ਦੇਣ। ਫੇਰ ਦੂਜੀ ਵਾਰ ਕੀਹਦਾ ਕੁੰਡਾ ਖੜਕਾਵਾਂਗੇ?'

'ਤਾਂ ਇੱਕ ਬੋਰੀ ਬਿਨਾਂ ਨ੍ਹੀਂ ਸਰਦਾ।'

'ਹਾਂ ਇੱਕ ਬੋਰੀ ਕਰਦੇ ਬਾਬਾ, ਕਿਵੇਂ ਕਰ।'

'ਚੰਗਾ, ਜਿਵੇਂ ਕਹੇਂ, ਕਰ ਲੈਨੇ ਆਂ।' ਗਰ੍ਹਨਾ ਰੋਕ ਕੇ ਕਰਮ ਸਿੰਘ ਉਹਦੇ ਵੱਲ ਗਹੁ ਨਾਲ ਝਾਕਣ ਲੱਗਿਆ ਤੇ ਫੇਰ ਸੋਚ-ਸੋਚ ਕਹਿਣ ਲੱਗਿਆ, 'ਤੂੰ ਔਖਾ ਨਾ ਹੋ ਭੋਰਾ ਵੀ, ਹੋਰ ਦੱਸ?'

'ਬੱਸ ਬਾਬਾ। ਬੱਸ ਐਨਾ ਕਰ।'

'ਤੂੰ ਆਇਓਂ ਕਰ। ਸੰਗ ਨਾ ਜਮਾਂ ਈ। ਸੌ ਰੁਪਈਆ ਵੀ ਲੈ ਜਾ। ਜਦੋਂ ਤੇਰਾ ਜੀਅ ਕਰੇ ਕੱਠੇ ਈ ਮੋੜ ਦੀਂ। ਕਣਕ ਦੇ ਪੈਸੇ ਵੀ ਤੇ ਸੌ ਵੀ।'

ਜਬਰਾ ਫ਼ਿਕਰਾਂ ਵਿੱਚ ਪੈ ਗਿਆ। ਇੱਕ ਗੱਲੋਂ ਉਹ ਸੁਖਾਲਾ-ਸੁਖਾਲਾ ਜਿਹਾ ਵੀ ਮਹਿਸੂਸ ਕਰਨ ਲੱਗਿਆ। ਸੋਚਿਆ, 'ਚੱਲ, ਸੌ ਵੀ ਲੈ ਜਾਨੇ ਆਂ। ਜਿੱਥੇ ਕੱਟਿਆਂ ਦਾ ਲੇਖਾ, ਉੱਥੇ ਵੱਛਿਆ ਦਾ। ਕੋਈ ਝੱਗਾ-ਚੁੰਨੀ ਬਣਾ ਲਾਂਗੇ। ਕਿੱਦਣ ਦੀ ਸੂਟ-ਸੂਟ ਕਰਦੀ ਐ, ਮੁਖਤਿਆਰ ਕੁਰ, ਬੂਟੇ ਨੂ ਨਵਾਂ ਕੁੜਤਾ ਲੈ ਦਿੰਨੇ ਆਂ। ਮੇਰੇ ਕੋਲ ਵੀ ਸਿਰ ਨੂੰ ਪੱਗ ਹੈ ਨ੍ਹੀਂ। ਜਮਾਂ ਬੋਦੀ ਹੋਈ ਪਈ ਐ। ਸੜਕ 'ਤੇ ਤਾਂ ਮਹਿਕਮੇ ਦੀ ਲਾਲ ਪੱਗ ਨਾਲ ਸਰ ਜਾਂਦੈ। ਕਦੇ ਪਿੰਡ 'ਚ ਜਾਣਾ ਪੈ ਜਾਂਦੈ। ਗਰਾਂ-ਘੋਹੀ ਵੀ। ਉੱਥੇ ਮਹਿਕਮੇ ਵਾਲੀ ਪੱਗ ਕੀ ਸੋਹਣੀ ਲੱਗਦੀ ਕੋਈ।' ਉਹਨੇ ਸੌ ਲਈ ਸਿਰ ਝੁਕਾ ਲਿਆ।

'ਚੰਗਾ ਫੇਰ, ਦਿਨ ਛਿਪਦੇ ਨਾਲ ਆਊਂ ਮੈਂ ਪਿੰਡ, ਚਰਨੀ ਬਾਣੀਏ ਦੀ ਦੁਕਾਨ 'ਤੇ ਲਿਖਤ ਕਰ ਲਾਂਗੇ। ਬਹੀ ਮੈਂ ਲਈ ਆਊਂ। ਚਰਨੀ ਦੀ ਹੱਟੀ ਤੋਂ ਈ ਤੈਨੂੰ ਬੋਰੀ ਚੁਕਾ ਦੂੰ। ਸੌ ਦਾ ਨੋਟ ਵੀ ਓਥੇ ਹੀ ਫੜ ਲੀਂ। ਕਰਮ ਸਿੰਘ ਨੇ ਸਾਰੀ ਗੱਲ ਸਮਝਾ ਦਿੱਤੀ।

ਉਨ੍ਹਾਂ ਦਿਨਾਂ ਵਿੱਚ ਕਣਕ ਦਾ ਆਮ ਭਾਓ ਡੇਢ ਸੌ ਰੁਪਏ ਤੋਂ ਥੱਲੇ ਸੀ। ਪਰ ਕਰਮ ਸਿੰਘ ਨੇ ਦੱਸਿਆ ਕਿ ਉਹ ਪੌਣੇ ਦੋ ਸੌ ਰੁਪਿਆ ਇੱਕ ਕੁਇੰਟਲ ਦਾ ਲਵੇਗਾ। ਸੌ

ਰੁਪਿਆ ਨਕਦ। ਇਹ ਸਾਰੀ ਲਿਖਤ ਉਹ ਤਿੰਨ ਸੌ ਰੁਪਈਏ ਦੀ ਕਰੇਗਾ। ਦੋ ਰੁਪਏ ਸੈਂਕੜਾ ਮਹੀਨੇ ਦਾ ਵਿਆਜ। ਇਹ ਵੀ ਦੱਸ ਦਿੱਤਾ ਗਿਆ ਕਿ ਉਹ ਛੇ ਮਹੀਨੇ ਬਾਅਦ ਹੀ ਉਹਦੇ ਨਾਲ ਮੁੜ ਕੇ ਗੱਲ ਕਰੇ। ਵਿਆਜ ਮੋੜਨਾ ਹੈ, ਵਿਆਜ ਮੋੜ ਦੇਵੇ। ਵਿਆਜ ਸਣੇ ਸਾਰੀ ਰਕਮ ਮੋੜੀਨੀ ਹੈ ਤਾਂ ਸਾਰੀ ਮੋੜ ਦੇਵੇ। ਜਬਰਾ ਕਰਮ ਸਿੰਘ ਦੀਆਂ ਸਾਰੀਆਂ ਸ਼ਰਤਾਂ ਮੰਨ ਚੁੱਕਿਆ ਸੀ। ਉਹਨੂੰ ਕਾਹਦਾ ਇਤਰਾਜ਼ ਸੀ। ਘਰ ਵਿੱਚ ਆਟਾ ਨਹੀਂ ਸੀ, ਉਹਨੂੰ ਤਾਂ ਖਾਣ ਲਈ ਗੁੱਲੀ ਚਾਹੀਦੀ ਸੀ। ਕਿਤੋਂ ਵੀ ਮਿਲੇ, ਕਿਵੇਂ ਵੀ ਮਿਲੇ। ਕਰਮ ਸਿੰਘ ਦੀ ਹਰ ਗੱਲ 'ਤੇ ਉਹ ਹੁੰਗਾਰਾ ਭਰਦਾ, 'ਬਾਬਾ ਮੇਰੇ ਨਾਲ ਕੀ ਅੱਡ ਗੱਲ ਕਰਨੀ ਐਂ ਤੂੰ, ਜਿਵੇਂ ਹੋਰਨਾਂ ਨਾਲ ਕਰਦੈਂ, ਮੇਰੇ ਨਾਲ ਕਰ ਲੀਂ।'

ਸਾਰੀ ਗੱਲ ਪੱਕ-ਠੱਕ ਹੋ ਗਈ ਤਾਂ ਜਬਰਾ ਓਥੋਂ ਪਿੰਡ ਨੂੰ ਆ ਗਿਆ। ਡੂੰਘੀ ਆਥਣ ਹੋਈ ਤਾਂ ਕਰਮ ਸਿੰਘ ਆਇਆ। ਚਰਨੀ ਦੀ ਦੁਕਾਨ 'ਤੇ ਜਬਰਾ ਪਹਿਲਾਂ ਹੀ ਬੈਠਾ ਹੋਇਆ ਸੀ। ਉਹ ਤਾਂ ਕਰਮ ਸਿੰਘ ਨੂੰ ਕਦੋਂ ਦਾ ਉਡੀਕ ਰਿਹਾ ਸੀ। ਕਰਮ ਸਿੰਘ ਨੇ ਆਪਣੀ ਲਾਲ ਬਹੀ ਮੋਢੇ ਵਾਲੇ ਸਮੋਸੇ ਵਿੱਚ ਵਲੇਟੀ ਹੋਈ ਸੀ। ਚਰਨੀ ਦੀ ਦੁਕਾਨ ਵਿੱਚ ਉਹਨੇ ਅੰਦਰ ਪੈਰ ਰੱਖਿਆ ਤਾਂ ਜਬਰਾ ਵੀ ਮੱਲਕ ਦੇ ਕੇ ਦੇਹਲੀਓਂ ਅੰਦਰ ਹੋ ਗਿਆ। ਚਰਨੀ ਨੇ ਆਪਣੇ ਹੱਕੇ ਦੀ ਨੜ੍ਹੀ ਪਰ੍ਹਾਂ ਭੰਵਾ ਦਿੱਤੀ। ਉਹ ਪਹਿਲਾਂ ਹੀ ਸਮਝ ਗਿਆ। ਦੂਜੇ ਬਿੰਦ ਹੀ ਉਹ ਆਪਣੀ ਕਲਮ-ਦਵਾਤ ਲੱਭਣ ਲੱਗਿਆ।

## 10

ਅਪ੍ਰੈਲ ਦਾ ਮਹੀਨਾ ਚੜ੍ਹਿਆ ਤਾਂ ਸਕੂਲ ਵਿੱਚ ਨਵੇਂ ਮੁੰਡੇ-ਕੁੜੀਆਂ ਦਾਖ਼ਲ ਹੋਣ ਲੱਗੇ। ਬੂਟੇ ਨੂੰ ਵੀ ਦਾਖ਼ਲ ਕਰਵਾ ਦਿੱਤਾ ਗਿਆ। ਇੱਕ ਫੱਟੀ, ਇੱਕ ਬਾਲ-ਬੋਧ ਸਕੂਲ ਵੱਲੋਂ ਹੀ ਮਿਲ ਗਏ। ਘਰੋਂ ਇੱਕ ਰੁਪਈਆ ਲੈ ਕੇ ਕਾਲੀ ਸਿਆਹੀ, ਦਵਾਤ ਤੇ ਕਲਮਾਂ ਉਹ ਖ਼ੁਦ ਹੀ ਖ਼ਰੀਦ ਲਿਖਆਇਆ। ਸਕੂਲ ਜਾਣਾ ਸ਼ੁਰੂ ਕਰ ਦਿੱਤਾ। ਬੜੇ ਚਾਹ ਨਾਲ ਪੜ੍ਹਨ ਲੱਗਿਆ। ਸਕੂਲ ਜਾ ਕੇ ਉਹਨੂੰ ਨਵਾਂ ਹੀ ਅਨੁਭਵ ਹੋਇਆ। ਉੱਥੇ ਤੱਪੜਾਂ 'ਤੇ ਕਿਵੇਂ ਚੁੱਪ-ਚਾਪ ਜਿਹਾ ਬੈਠਣਾ ਪੈਂਦਾ। ਦੋ ਮੁੰਡੇ ਗੱਲਾਂ ਕਰਨ ਲੱਗਦੇ ਤਾਂ ਭੈਣ ਜੀ ਫੱਟ ਟੋਕ ਦਿੰਦੇ-'ਏ..... ਕੰਮ ਕਰੋ ਆਪਣਾ।' ਪਿਸ਼ਾਬ ਕਰਨ ਜਾਣਾ ਹੁੰਦਾ ਤਾਂ ਪੁੱਛ ਕੇ ਉੱਠਣਾ ਪੈਂਦਾ। ਏਦਾਂ ਹੀ ਪਾਣੀ ਪੀਣ ਦੀ ਛੁੱਟੀ ਲੈਣੀ ਪੈਂਦੀ। ਇੱਕ ਨਵੀਂ ਹੀ ਦਿਲਚਸਪ ਗੱਲ ਉਹਨੇ ਸਿੱਖੀ। ਪਾਣੀ ਪੀਣ ਦੀ ਛੁੱਟੀ ਮੰਗਣ ਲਈ ਇੱਕ ਉਂਗਲ ਖੜ੍ਹੀ ਕਰਕੇ ਪੁੱਛਣਾ ਪੈਂਦਾ ਸੀ ਤੇ ਕਹਿਣਾ ਹੁੰਦਾ-'ਇੱਕ ਨੰਬਰ ਜਾ ਆਵਾਂ ਜੀ?' ਪਿਸ਼ਾਬ ਕਰਨ ਜਾਣਾ ਹੁੰਦਾ ਤਾਂ ਦੋ ਉਂਗਲਾਂ ਖੜ੍ਹੀਆਂ ਕਰਕੇ ਕਹਿਣਾ ਪੈਂਦਾ-'ਦੋ ਨੰਬਰ ਜਾ ਆਵਾਂ ਜੀ?' ਮੁੰਡੇ-ਕੁੜੀਆਂ ਕਿਵੇਂ ਨਿੱਕੀ-ਨਿੱਕੀ ਗੱਲ ਵੀ ਭੈਣ ਜੀ ਨੂੰ ਉੱਠ ਕੇ ਦੱਸਦੇ। ਕੋਈ ਮੁੰਡਾ ਕਿਸੇ ਦੀ ਕਿਤਾਬ ਨੂੰ ਹੱਥ ਲਾ ਦਿੰਦਾ ਤਾਂ ਦੂਜਾ ਉੱਠ ਕੇ ਭੈਣ ਜੀ ਨੂੰ ਕਹਿਣ ਜਾਂਦਾ-'ਭੈਣ ਜੀ, ਔਹ ਮੇਰੀ ਕਿਤਾਬ ਖੋਂਹਦੈ। ਔਹ ਮੇਰੀ ਕਿਤਾਬ ਪਾੜਦੈ।' ਕੋਈ ਕੁੜੀ ਕਿਸੇ ਹੋਰ ਕੁੜੀ ਵੱਲ ਜ਼ਰਾ ਰਿਸਕ ਕੇ ਬੈਠ ਜਾਂਦੀ ਤਾਂ ਉਹ ਝੱਟ ਉੱਠਦੀ ਤੇ ਭੈਣ ਜੀ ਨੂੰ ਜਾ ਦੱਸਦੀ-'ਭੈਣ ਜੀ, ਔਹ ਮੇਰੇ ਨੰਬਰ 'ਤੇ ਬੈਠ 'ਗੀ।' ਦੂਜੇ ਮੁੰਡੇ ਜਾਂ ਕੁੜੀ ਬਾਰੇ ਕੋਈ ਗੱਲ ਕਹਿਣ ਨੂੰ ਸ਼ਿਕਾਇਤ ਆਖਿਆ ਜਾਂਦਾ। ਬੂਟੇ ਲਈ ਇਹ ਨਵਾਂ

ਹੀ ਸ਼ਬਦ ਸੀ। ਉਹ ਵੀ ਇਸ ਤਰ੍ਹਾਂ ਦੀਆਂ ਸ਼ਿਕਾਇਤਾਂ ਲਾਉਣ ਲੱਗ ਪਿਆ। ਐਵੇਂ ਹੀ ਕੋਈ ਮੁੰਡਾ ਖੜ੍ਹਾ ਹੁੰਦਾ ਤੇ ਮਾਸਟਰਣੀ ਨੂੰ ਜਾ ਕਹਿੰਦਾ-ਭੈਣ ਜੀ, ਮੈਂ ਉਹਦੀ ਕਲਮ ਨੂੰ ਮਾੜਾ ਜਿਹਾ ਹੱਥ ਲਾ 'ਤਾ, ਕਹਿੰਦਾ-ਮੇਰੀ ਸ਼ਿਕਾਇਤ ਜੜੂੰ।' ਜਾਂ ਕੋਈ ਬੈਠਾ-ਬੈਠਾ ਹੀ ਉੱਚੀ ਅਵਾਜ਼ ਵਿੱਚ ਬੋਲਦਾ-'ਭੈਣ ਜੀ ਅਹਿਨੇ ਮੇਰੀ ਦਵਾਤ 'ਚੋਂ ਡੋਭਾ ਲੈ ਲਿਆ।'

ਮਾਸਟਰਾਣੀ ਉਨ੍ਹਾਂ ਦੀਆਂ ਸ਼ਿਕਾਇਤਾਂ ਤੋਂ ਅੱਕਦੀ-ਥੱਕਦੀ ਨਹੀਂ। ਉਹ ਹਰ ਕਿਸੇ ਦੀ ਗੱਲ ਸੁਣਦੀ ਤੇ ਜਿਸ ਵਿਰੁੱਧ ਸ਼ਿਕਾਇਤ ਲਾਈ ਗਈ ਹੁੰਦੀ, ਉਹ ਦਾ ਨਾਉਂ ਲੈਂਦੀ-'ਇਹ ਦਿਲਜੀਤ, ਸਿੱਧਾ ਹੋ ਕੇ ਬੈਠ।' ਜਾਂ 'ਇਹ ਕੁੜੀਏ, ਆਪਣਾ ਕੰਮ ਕਰ।' ਤੇ ਜਾਂ ਓਏ ਗੁਰਜੰਟ, ਬੰਦਾ ਬਣ ਜਾ।'

ਵੱਡੀ ਸ਼ਿਕਾਇਤ ਹੁੰਦੀ ਤਾਂ ਮੁੰਡੇ ਦੇ ਕੰਨ ਫੜਾ ਦਿੱਤੇ ਜਾਂਦੇ। ਵੱਡੀ ਸ਼ਿਕਾਇਤ, ਜਿਵੇਂ ਕੋਈ ਮੁੰਡਾ ਕਿਸੇ ਦੂਜੇ ਮੁੰਡੇ ਦੇ ਮੁੱਕੀ ਮਾਰੇ 'ਤੇ ਉਹ ਰੋਣ ਲੱਗ ਪਵੇ। ਕੋਈ ਦੂਜੀ ਕੁੜੀ ਦੀ ਗੁੱਤ ਖਿੱਚ ਦੇਵੇ, ਉਹਦੇ ਵਾਲ ਪੁੱਟੇ ਜਾਣ 'ਤੇ ਉਹ ਅੱਖਾਂ ਵਿੱਚ ਵੱਡੇ-ਵੱਡੇ ਹੰਝੂ ਭਰ ਕੇ ਭੈਣ ਜੀ ਕੋਲ ਆ ਜਾਵੇ ਤੇ ਰੁਕ-ਰੁਕ ਕੇ ਬੋਲੇ, ਗੁੱਤ ਖਿੱਚਣ ਵਾਲੀ ਕੁੜੀ ਨੂੰ ਉਹਦੇ ਨੰਬਰ 'ਤੇ ਖੜ੍ਹਾ ਕਰ ਦਿੱਤਾ ਜਾਂਦਾ। ਕੰਨ ਫੜਨ ਵਾਲੀ ਗੱਲ ਵੀ ਬੂਟੇ ਨੂ ਦਿਲਚਸਪ ਲੱਗੀ। ਉਹ ਘਰ ਆ ਕੇ ਕੰਨ ਫੜਨ ਦਾ ਅਭਿਆਸ ਕਰਦਾ। ਆਪਣੀ ਮਾਂ ਨੂੰ ਕੰਨ ਫੜ ਕੇ ਦਿਖਾਉਂਦਾ। ਮਾਂ ਹੱਸਦੀ ਤੇ ਕਹਿੰਦੀ-'ਵੇ ਜਾਣਦੇ, ਕਿਹੋ-ਜ੍ਹੀਆਂ ਗੱਲਾਂ ਸਿੱਖ-ਸਿੱਖ ਕੇ ਔਂਦੈ ਖਰੂਦੀ। ਓਥੇ ਏਹੀ ਸਖੌਂਦੀਆਂ ਨੇ ਤੇਰੀਆਂ ਭੈਣ ਜੀਆਂ?'

ਸਕੂਲ ਵਿੱਚ ਮੁੰਡੇ-ਕੁੜੀਆਂ ਦਾ ਲੜਨਾ-ਝਗੜਨਾ ਵੀ ਅਜੀਬ ਢੰਗ ਦਾ ਸੀ। ਕੋਈ ਮੁੰਡਾ ਕਿਸੇ ਮੁੰਡੇ ਨਾਲ ਆਪਣੇ ਭਾਈਚਾਰਕ ਸਬੰਧ ਤੋੜ ਲੈਣਾ ਚਾਹੁੰਦਾ ਤਾਂ 'ਦੋ' ਕਰ ਦਿੰਦਾ। ਕਿਸੇ ਮੁੰਡੇ ਨੇ ਇੰਞ ਦੂਜੇ ਮੁੰਡੇ ਸਾਹਮਣੇ ਦੋ ਉਂਗਲਾਂ ਖੜ੍ਹੀਆਂ ਕੀਤੀਆਂ ਨਹੀਂ ਤੇ ਸਬੰਧ ਖ਼ਤਮ ਹੋਏ ਨਹੀਂ। ਇਹ 'ਦੋ' ਕਰ ਦੇਣਾ ਬਹੁਤ ਵੱਡੀ ਬਾਈਕਾਟ ਸੀ। ਜਿਨ੍ਹਾਂ ਦੀ 'ਦੋ' ਕੀਤੀ ਹੁੰਦੀ, ਉਹ ਇੱਕ-ਦੂਜੇ ਦਾ ਨਾਉਂ ਤੱਕ ਵੀ ਨਾ ਲੈਂਦੇ। ਨਾਉਂ ਲੈਣ ਨਾਲ 'ਦੋ' ਟੁੱਟ ਜਾਂਦੀ ਤੇ ਉਨ੍ਹਾਂ ਦੀ ਆਪਣੇ-ਆਪ ਹੀ ਦੁਬਾਰਾ ਆੜੀ ਪੈ ਜਾਂਦੀ। ਕਦੇ-ਕਦੇ ਤਾਂ ਇਹ 'ਦੋ' ਤੁੜਵਾਉਣ ਲਈ ਦੂਜੇ ਮੁੰਡੇ ਵੀ ਕੋਸ਼ਿਸ਼ ਕਰਦੇ। ਕੁੜੀਆਂ ਦੀ ਵੀ ਆਪਸ ਵਿੱਚ 'ਦੋ' ਹੁੰਦੀ ਰਹਿੰਦੀ।

ਬੂਟੇ ਦੇ ਭੈਣ ਜੀ ਸਵੇਰੇ ਹੀ ਨਵਾਂ ਸਬਕ ਪੜ੍ਹਾਉਂਦੇ ਤੇ ਉਸਨੂੰ ਖੜ੍ਹਾ ਹੋ ਕੇ ਯਾਦ ਕਰਨ ਲਈ ਕਹਿੰਦੇ। ਉਹ ਖੜ੍ਹੇ ਰਹਿੰਦੇ, ਯਾਦ ਕਰਦੇ ਰਹਿੰਦੇ। ਕੋਈ ਮੁੰਡਾ ਸਬਕ ਯਾਦ ਨਾ ਕਰ ਰਿਹਾ ਹੁੰਦਾ ਤੇ ਹੋਰ ਪਾਸੇ ਝਾਕਦਾ ਤਾਂ ਭੈਣ ਜੀ ਉਹਨੂੰ ਘੂਰਦੇ। ਉਹ ਦੁਬਾਰਾ ਉੱਚੀ-ਉੱਚੀ ਬੋਲਣ ਲੱਗ ਪੈਂਦਾ। ਤੇ ਫੇਰ ਜਦੋਂ ਬਹੁਤਿਆਂ ਦੇ ਸਬਕ ਯਾਦ ਹੋ ਜਾਂਦਾ, ਭੈਣ ਜੀ ਸਭ ਨੂੰ ਬਿਠਾ ਦਿੰਦੇ ਤੇ ਮਨੀਟਰ ਮੁੰਡੇ ਤੋਂ ਆਪ ਸੁਣਦੇ ਤੇ ਫੇਰ ਓਸ ਮਨੀਟਰ ਮੁੰਡੇ ਨੂੰ ਕਹਿੰਦੇ ਕਿ ਸਭ ਤੋਂ ਉਹ ਇਕੱਲਾ-ਇਕੱਲਾ ਕਰਕੇ ਇਹੀ ਸਬਕ ਸੁਣੇ। ਮਨੀਟਰ ਇੱਕ ਮੁੰਡੇ ਨੂੰ ਖੜ੍ਹਾ ਕਰਕੇ ਸਬਕ ਸੁਣਦਾ, ਯਾਦ ਹੁੰਦਾ ਤਾਂ ਬਿਠਾ ਦਿੰਦਾ, ਨਾ ਯਾਦ ਹੁੰਦਾ ਤਾਂ ਖੜ੍ਹਾ ਰਹਿਣ ਦਿੰਦਾ, ਜਿੰਨੇ ਮੁੰਡੇ-ਕੁੜੀਆਂ ਖੜ੍ਹੇ ਹੁੰਦੇ, ਉਨ੍ਹਾਂ ਨੂੰ ਦੁਬਾਰਾ ਯਾਦ ਕਰਕੇ ਸੁਣਾਉਣ ਲਈ ਆਖਿਆ ਜਾਂਦਾ। ਉਹ ਉੱਚੀ-ਉੱਚੀ ਬੋਲ ਕੇ ਯਾਦ

ਕਰਦੇ ਤੇ ਫੇਰ ਮਨੀਟਰ ਤੇ ਦੂਜੇ ਮੁੰਡੇ-ਕੁੜੀਆਂ ਨੂੰ ਸੁਣਾਉਂਦੇ। ਇਸ ਵਾਰ ਵੀ ਜਿਸ ਦੇ ਯਾਦ ਨਾ ਹੁੰਦਾ, ਉਨ੍ਹਾਂ ਦੇ ਕੰਨ ਫੜਾ ਦਿੱਤੇ ਜਾਂਦੇ। ਨਹੀਂ ਤਾਂ ਦੂਜੇ ਮੁੰਡੇ-ਕੁੜੀਆਂ ਵੱਲੋਂ ਢੂਹੀਆਂ ਵਿੱਚ ਮੁੱਕੀਆਂ ਲਵਾਈਆਂ ਜਾਂਦੀਆਂ। ਕਦੇ-ਕਦੇ ਭੈਣ ਜੀ ਆਪ ਵੀ ਕੁੱਟਦੇ। ਮੁੱਕੀਆਂ-ਥੱਪੜ ਉਹ ਘੱਟ ਹੀ ਮਾਰਦੇ। ਇਸ ਤਰ੍ਹਾਂ ਮਾਰਨ ਨਾਲ ਤਾਂ ਉਨ੍ਹਾਂ ਦਾ ਹੱਥ ਥੱਕ ਜਾਂਦਾ ਸੀ ਤੇ ਦਰਦ ਕਰਨ ਲੱਗਦਾ ਸੀ। ਉਹ ਕੋਈ ਡੰਡਾ ਮੰਗਵਾਉਂਦੇ ਤੇ ਮੁੰਡੇ-ਕੁੜੀਆਂ ਦੇ ਹੱਥਾਂ 'ਤੇ ਮਾਰਦੇ। ਇੱਕ ਡੰਡਾ ਉਸ ਹੱਥ 'ਤੇ, ਇੱਕ ਡੰਡਾ ਉਸ ਹੱਥ 'ਤੇ।

ਸਬਕ ਦੇ ਕੰਮ ਤੋਂ ਬਾਅਦ ਫੱਟੀਆਂ ਉਕੇਰੀਆਂ ਜਾਂਦੀਆਂ। ਇਕੱਲੀ-ਇਕੱਲੀ ਫੱਟੀ 'ਤੇ ਪੈਨਸਿਲ ਨਾਲ ਭੈਣ ਜੀ ਨਵੇਂ ਅੱਖਰ ਉਕੇਰ ਦਿੰਦੇ ਤੇ ਵਿਦਿਆਰਥੀ ਉਨ੍ਹਾਂ 'ਤੇ ਸਿਆਹੀ ਫੇਰ-ਫੇਰ ਲਿਖਦੇ। ਅੱਧੀ ਛੁੱਟੀ ਤੋਂ ਬਾਅਦ ਪਹਾੜੇ ਯਾਦ ਕੀਤੇ ਜਾਂਦੇ। ਇੰਝ ਇਹ ਇੱਕ ਨਵਾਂ ਹੀ ਜੀਵਨ ਸੀ, ਜਿਸ ਨੂੰ ਬੂਟਾ ਬੜਾ ਹੀ ਪਸੰਦ ਕਰਦਾ। ਉਹਦੇ ਹਮੇਸ਼ਾ ਹੀ ਸਬਕ ਯਾਦ ਹੁੰਦਾ। ਉਹ ਵਧੀਆ ਫੱਟੀ ਲਿਖਦਾ ਤੇ ਕਾੜ-ਕਾੜ ਪਹਾੜੇ ਸੁਣਾਉਂਦੇ।

## 11

ਬੂਟਾ ਤਿੰਨ ਜਮਾਤਾਂ ਪਾਸ ਕਰ ਚੁੱਕਿਆ ਸੀ। ਹੁਣ ਉਹ ਚੌਥੀ ਜਮਾਤ ਵਿੱਚ ਦਾਖ਼ਲ ਹੋ ਗਿਆ ਸੀ ਤੇ ਨਵੀਆਂ ਕਿਤਾਬਾਂ ਪੜ੍ਹਨ ਲਈ ਛਾਲਾਂ ਮਾਰਦਾ ਸੀ। ਲੱਗਭਗ ਸਾਰੇ ਮੁੰਡੇ-ਕੁੜੀਆਂ ਨੇ ਨਵੇਂ ਕੱਪੜੇ ਪਹਿਨੇ ਹੋਏ ਸਨ। ਜੱਟਾਂ-ਜ਼ਿਮੀਦਾਰਾਂ ਦੇ ਮੁੰਡਿਆਂ ਨੇ ਆਪਣੀਆਂ ਨਵੀਂਆ ਕਿਤਾਬਾਂ-ਕਾਪੀਆਂ ਖਰੀਦ ਲਈਆਂ ਸਨ। ਮਜ਼ਹਬੀ-ਰਾਮਦਾਸੀਆਂ ਦੇ ਮੁੰਡਿਆਂ ਨੂੰ ਕਿਤਾਬਾਂ-ਕਾਪੀਆਂ ਸਰਕਾਰ ਵੱਲੋਂ ਮਿਲਣੀਆਂ ਸਨ। ਮਤਲਬ ਕਿ ਸਕੂਲ ਵੱਲੋਂ ਮਿਲਣੀਆਂ ਸਨ, ਇਸ ਲਈ ਅਜਿਹੇ ਵਿਦਿਆਰਥੀ ਅਜੇ ਖ਼ਾਲੀ ਬਸਤਿਆਂ ਨਾਲ ਹੀ ਸਕੂਲ ਆਉਂਦੇ। ਦੂਜੇ ਮੁੰਡਿਆਂ ਦੀਆਂ ਕਿਤਾਬਾਂ 'ਤੇ ਪੜ੍ਹਦੇ। ਮਜ਼ਹਬੀ-ਰਾਮਦਾਸੀਆਂ ਦੇ ਮੁੰਡਿਆਂ ਨੂੰ ਭੈਣ ਜੀ ਨੇ ਕਿਹਾ ਸੀ ਕਿ ਉਹ ਹਾਲੇ ਇੱਕ-ਇੱਕ ਕਾਪੀ ਪੰਜਾਬੀ, ਹਿੰਦੀ ਤੇ ਹਿਸਾਬ ਦੇ ਸਵਾਲਾਂ ਲਈ ਮੁੱਲ ਲੈ ਲੈਣ। ਸਕੂਲ ਵੱਲੋਂ ਥੋੜ੍ਹੇ ਦਿਨ ਠਹਿਰ ਕੇ ਉਨ੍ਹਾਂ ਨੂੰ ਹੋਰ ਕਾਪੀਆਂ ਦੇ ਦਿੱਤੀਆਂ ਜਾਣਗੀਆਂ ਅਤੇ ਸਾਰੀਆਂ ਕਿਤਾਬਾਂ ਵੀ।

ਬੂਟੇ ਦੀ ਮਾਂ ਨੇ ਉਹਨੂੰ ਬੋਸ਼ਕੀ ਦਾ ਨਵਾਂ ਕੁੜਤਾ ਤੇ ਮੈਲੇ ਲੱਠੇ ਦਾ ਇੱਕ ਪਜਾਮਾ ਸਿਲਾ ਦਿੱਤਾ। ਪੈਰਾਂ ਲਈ ਕਾਲੀ ਕੁਰਮ ਦੇ ਜੋੜੇ ਵੀ ਲੈ ਦਿੱਤੇ। ਪੱਗ ਵੱਲੋਂ ਉਹ ਆਪਣੀ ਮਾਂ ਦਾ ਨਵਾਂ ਦੁਪੱਟਾ ਬੰਨ੍ਹ ਲੈਂਦਾ। ਇਹ ਦੁਪੱਟਾ ਜਾਲਖਾ ਜਿਹਾ ਸੀ। ਨਵੇਂ-ਨਵੇਂ ਨੂੰ ਮਾਵਾਂ ਵੀ ਸੀ। ਸੋ, ਬੂਟੇ ਨੂੰ ਤਾਂ ਇਹੀ ਵਧੀਆ ਲੱਗਦਾ। ਨਵੀਂ ਪੱਗ ਖਰੀਦਣ ਲਈ ਉਨ੍ਹਾਂ ਵਿੱਚ ਪਰੋਖੋਂ ਨਹੀਂ ਸੀ। ਨਵੀਂ ਪੱਗ 'ਤੇ ਤਾਂ ਬਹੁਤ ਪੈਸੇ ਲੱਗੇ ਜਾਣੇ ਸਨ। ਮਾਂ ਦੇ ਦੁਪੱਟੇ ਨਾਲ ਹੀ ਘਰੋਂ ਸਰ ਗਿਆ। ਬੂਟਾ ਖ਼ੁਸ਼ ਸੀ। ਦੂਜੇ ਵੱਡੇ ਮੁੰਡਿਆਂ ਦੇ ਦੇਖਾ-ਦੇਖੀ ਪੱਗ ਦਾ ਟੂਚ ਕੱਢ ਕੇ ਜਾਂਦਾ ਤਿੱਖੀ ਨੋਕ ਰੱਖ ਕੇ।

ਜਬਰੇ ਨੂੰ ਬੂਟੇ ਦੇ ਪੜ੍ਹਨ ਦਾ ਬਹੁਤ ਚਾਅ ਸੀ। ਮੁਖਤਿਆਰੋ ਤਾਂ ਬੇਹੱਦ ਹੀ ਖ਼ੁਸ਼ ਸੀ ਕਿ ਉਹਦਾ ਪੁੱਤ ਸਕੂਲ ਪੜ੍ਹਨ ਜਾਂਦਾ ਹੈ ਤੇ ਸਰਦਾਰਾਂ ਦੇ ਕਾਕਿਆਂ ਵਾਂਗ ਤੁਰਦਾ

ਹੈ। ਜਬਰਾ ਸੋਚਦਾ, ਬੂਟਾ ਸੱਤ ਸਾਲਾਂ ਨੂੰ ਦਸਵੀਂ ਪਾਸ ਕਰ ਜਾਵੇਗਾ। ਦਸਵੀਂ ਪਾਸ ਕਰਨ ਬਾਅਦ ਉਹ ਕਿਧਰੇ ਸਰਕਾਰੀ ਨੌਕਰੀ ਵਿੱਚ ਅੜ੍ਹਕ ਜਾਵੇਗਾ। ਬੂਟਾ ਸਰਕਾਰੀ ਨੌਕਰੀ 'ਤੇ ਹੋ ਗਿਆ ਤਾਂ ਉਹ ਘਰ ਦੀ ਸਾਰੀ ਕਬੀਲਦਾਰੀ ਸੰਭਾਲ ਲਵੇਗਾ। ਜਬਰਾ ਸੁਪਨੇ ਲੈਂਦਾ ਕਿ ਜਦੋਂ ਬੂਟਾ ਘਰ ਤਨਖ਼ਾਹ ਲਿਆਉਣ ਲੱਗ ਪਿਆ ਤਾਂ ਉਹ ਆਪ ਸੜਕ ਦੀ ਬੇਲਦਾਰੀ ਛੱਡ ਦੇਵੇਗਾ। ਮੌਜਾਂ ਨਾਲ ਘਰ ਬੈਠਿਆ ਕਰੇਗਾ। ਇੱਕ ਮੱਝ ਰੱਖ ਛੱਡਿਆ ਕਰੇਗਾ। ਮੱਝ ਦੀ ਸੇਵਾ-ਸੰਭਾਲ 'ਤੇ ਹੀ ਰਹੇਗਾ। ਬੂਟੇ ਨੂੰ ਵਿਆਹ ਲਵੇਗਾ। ਸਾਰਾ ਟੱਬਰ ਮੱਝ ਦਾ ਡੱਕਵਾਂ ਦੁੱਧ ਪੀਵੇਗਾ ਤੇ ਮੱਖਣੀ ਖਾਵੇਗਾ। ਸਾਰੇ ਰੰਗ-ਭਾਗ ਲੱਗ ਜਾਣਗੇ। ਉਹ ਸਮਝਦਾ, ਬੱਸ ਹੁਣ ਇਹ ਸੱਤ-ਅੱਠ ਸਾਲ ਦੀ ਔਖਿਆਈ ਹੈ।

ਇਨ੍ਹਾਂ ਤਿੰਨਾਂ ਸਾਲਾਂ ਵਿੱਚ ਕਰਮ ਸਿੰਘ ਦਾ ਉਹਨੇ ਇੱਕ ਪੈਸਾ ਵੀ ਨਹੀਂ ਮੋੜਿਆ ਸੀ। ਛੇ ਮਹੀਨਿਆਂ ਪਿੱਛੋਂ ਕਰਮ ਸਿੰਘ ਹਿਸਾਬ ਕਰਦਾ, ਵਿਆਜ ਦੇ ਪੈਸੇ ਲੱਗ ਕੇ ਰਕਮ ਵਧ ਜਾਂਦੀ। ਜਬਰਾ ਚੁੱਪ ਕੀਤਾ ਹੀ ਗੂਠਾ ਲਾ ਦਿੰਦਾ। ਹਿਸਾਬ ਕਰਨ ਵੇਲੇ ਕਰਮ ਸਿੰਘ ਮਲਵੀਂ ਜਿਹੀ ਜੀਭ ਨਾਲ ਕਹਿੰਦਾ-'ਜਬਰ ਸਿਆਂ ਵਿਆਜ ਦੀ ਰਕਮ ਤਾਂ ਮੋੜ ਦਿਆ ਕਰ, ਅਸਲ ਰਕਮ ਜਦੋਂ ਹੋਈ, ਓਦੋਂ 'ਤਾਰ ਦੀ।'

ਜਬਰਾ ਖੁੱਸੇ-ਖੁੱਸੇ ਹੌਸਲੇ ਨਾਲ ਜਵਾਬ ਦਿੰਦਾ-'ਰਕਮ ਤਾਂ ਜਿੱਦੋਂ ਮੋੜੀ ਸਰਦਾਰ ਜੀ, ਹੁਣ 'ਕੱਠੀ ਈ ਮੋੜਾਂਗੇ। ਬੱਸ ਦੰਦਾਂ 'ਚ ਜੀਭ ਐ। ਸਭ ਲਾਹ ਦਿਆਂਗੇ।'

ਉਹ ਬਹੁਤ ਕੋਸ਼ਿਸ਼ ਕਰਦਾ ਕਿ ਕਰਮ ਸਿੰਘ ਦਾ ਪੈਸਾ ਕਿਵੇਂ ਨਾ ਕਿਵੇਂ ਮੋੜ ਦਿੱਤਾ ਜਾਵੇ। ਇਹ ਤਾਂ ਵਧਦਾ ਹੀ ਵਧਦਾ ਜਾ ਰਿਹਾ ਹੈ। ਇੱਕ ਦਿਨ ਅਜਿਹਾ ਆਵੇਗਾ ਜਦੋਂ ਉਹ ਐਨੀ ਰਕਮ ਮੋੜਨ ਲਈ ਸੋਚ ਤੱਕ ਨਹੀਂ ਸਕੇਗਾ। ਉਹਨੂੰ ਚੰਗਾ-ਭਲਾ ਪਤਾ ਸੀ ਕਿ ਕਰਮ ਸਿੰਘ ਜਾਣ-ਬੁੱਝ ਕੇ ਰਕਮ ਵਧਾ ਰਿਹਾ ਹੈ। ਇਕੱਲਾ ਵਿਆਜ ਮੋੜਨ ਲਈ ਤਾਂ ਉਹ ਐਵੇਂ ਸੁਲਾਹ ਮਾਰਿਆ ਕਰਦਾ ਹੈ। ਇਹੀ ਲੁੱਟਣ-ਖਾਣ ਦੇ ਢੰਗ ਹੁੰਦੇ ਨੇ ਇਨ੍ਹਾਂ ਲੋਕਾਂ ਦੇ। ਜੁਆਲਾ ਸ਼ਾਹ ਤੇ ਕਰਮ ਸਿੰਘ ਵਿੱਚ ਭੋਰਾ ਵੀ ਫ਼ਰਕ ਨਹੀਂ। ਤਿੰਨਾਂ ਸਾਲਾਂ ਵਿੱਚ ਦੁੱਗਣੇ ਪੈਸੇ ਹੋ ਗਏ ਸਨ। ਵਿਆਜ ਲੱਗਦਾ ਤੇ ਅਗਲੀ ਵਾਰ ਪਹਿਲੀ ਰਕਮ ਅਸਲ ਰਕਮ ਗਿਣ ਲਈ ਜਾਂਦੀ। ਇਸ ਵਧ ਰਹੀ ਰਕਮ ਦਾ ਝੋਰਾ ਜਬਰੇ ਦੇ ਹੱਡਾਂ ਨੂੰ ਲੱਕੜ ਦੇ ਘੁਣ ਵਾਂਗ ਖਾ ਰਿਹਾ ਸੀ।

ਹੋਰ ਕੋਈ ਕਮਾਈ ਨਹੀਂ ਸੀ। ਬੱਸ ਇੱਕ ਸੜਕ ਹੀ ਸੜਕ ਸੀ। ਸੜਕ ਦੀ ਤਨਖ਼ਾਹ ਆਉਂਦੀ ਤੇ ਉਨ੍ਹਾਂ ਦਾ ਜੂਨ-ਗੁਜ਼ਾਰਾ ਜਿਹਾ ਹੋਈ ਜਾਂਦਾ। ਵੱਧ ਤੋਂ ਵੱਧ ਬੂਟੇ ਦੀ ਮਾਂ ਪਿੰਡ ਵਿੱਚ ਜ਼ਿਮੀਦਾਰਾਂ ਦੇ ਘਰਾਂ ਦਾ ਕੰਮ ਕਰ ਆਉਂਦੀ ਤੇ ਨਿੱਕ-ਸੁੱਕ ਜਿਹਾ ਮਿਲ ਜਾਂਦਾ। ਕੋਈ ਆਟਾ ਦੇ ਦਿੰਦਾ, ਕੋਈ ਦਾਣੇ, ਕੋਈ ਗੁੜ ਤੇ ਕੋਈ-ਕੋਈ ਘਰ ਦੋ-ਚਾਰ ਰੁਪਏ ਵੀ। ਛੱਤਾਂ ਨੂੰ ਤਲੀਆਂ ਦੇਣ, ਕੰਧਾਂ 'ਤੇ ਪਾਂਡੂ ਦਾ ਪਰੋਲਾ, ਮਿੱਟੀ ਦੇ ਚੁੱਲ੍ਹੇ, ਹਾਰੇ, ਚਾਪੜ, ਕੰਧੋਲੀਆਂ ਤੇ ਗੁਹਾਰੇ ਆਦਿ ਦਾ ਸਾਰਾ ਕੰਮ ਉਹ ਕਰਦੀ। ਉਹਨੂੰ ਇੱਕੋ ਹੌਸਲਾ ਸੀ ਕਿ ਉਸ ਦਾ ਪੁੱਤ ਪੜ੍ਹ ਰਿਹਾ ਹੈ। ਦਸਵੀਂ ਜਮਾਤ ਪਾਸ ਕਰਕੇ ਕੋਈ ਸਰਕਾਰੀ ਨੌਕਰੀ ਲਵੇਗਾ। ਜਬਰੇ ਵਾਂਗ ਉਹ ਵੀ ਸੋਚਦੀ ਕਿ ਜਦੋਂ ਉਹ ਦਾ ਬੂਟਾ ਕਿਸੇ ਸਰਕਾਰੀ ਨੌਕਰੀ 'ਤੇ ਹੋ ਗਿਆ ਤੇ ਵਿਆਹਿਆਂ ਗਿਆ, ਉਹਦੇ ਘਰ ਨੂੰਹ ਆ ਗਈ ਤਾਂ ਉਹ ਲੋਕਾਂ ਦੇ ਘਰਾਂ ਦਾ ਇਹ ਗੋਲਾ-ਧੰਦਾ ਛੱਡ ਦੇਣਗੇ। ਆਪਣੀ ਨੂੰਹ ਤੋਂ ਇਹ

ਕੰਮ ਬਿਲਕੁਲ ਨਹੀਂ ਕਰਵਾਏਗੀ। ਇਹ ਕਿਤੇ ਸੌਖਾ ਕੰਮ ਥੋੜ੍ਹਾ ਸੀ। ਆਪਣੇ ਘਰ ਦਾ ਰੋਟੀ-ਟੁੱਕ ਨਿਬੇੜ ਕੇ ਉਹ ਛੇਤੀ-ਛੇਤੀ ਲੋਕਾਂ ਦੇ ਘਰਾਂ ਵਿੱਚ ਜਾਂਦੀ ਤੇ ਮਸ਼ੀਨ ਵਾਂਗ ਕੰਮ ਕਰਨ ਲੱਗਦੀ। ਉਹਦਾ ਸਿਰ ਦੁਖਦਾ ਹੁੰਦਾ, ਵੱਖੀ ਵਿੱਚ ਦਰਦ ਹੁੰਦਾ ਜਾਂ ਉਂਝ ਹੀ ਕਿਵੇਂ ਚਿੱਤ ਢਿੱਲਾ ਹੁੰਦਾ, ਉਹ ਅਗਲੇ ਦੇ ਘਰੋਂ ਬੱਸ ਤੱਤੀ-ਤੱਤੀ ਚਾਹ ਪੀਂਦੀ ਤੇ ਕੰਮ ਜੁਟ ਜਾਂਦੀ।

## 12

ਇਸ ਵਾਰੀ ਹਾੜ੍ਹੀ ਨੂੰ ਹਿਸਾਬ ਕਰਨ ਲਈ ਕਰਮ ਸਿੰਘ ਨੇ ਜਬਰੇ ਨੂੰ ਚਰਨੀ ਦੀ ਹੱਟ ’ਤੇ ਬੁਲਾਇਆ। ਹਿਸਾਬ ਕਰਨ ਤੋਂ ਪਹਿਲਾਂ ਉਹ ਖ਼ੁਦ ਵੀ ਜਬਰੇ ਦੇ ਘਰ ਤਿੰਨ ਵਾਰੀ ਜਾ ਆਇਆ। ਉਹ ਇੱਕ ਵਾਰ ਵੀ ਨਹੀਂ ਮਿਲਿਆ। ਮੁਖਤਿਆਰੋ ਹੀ ਜਵਾਬ-ਸਵਾਲ ਕਰਦੀ। ਕਹਿੰਦੀ, ‘ਉਹ ਆਪ ਈ ਆਜੂ ਜੀ, ਥੋਡੇ ਕੋਲ। ਜਦੋਂ ਲਏ ਨੇ, ਖ਼ਰੇ ਦੁੱਧ ਅਰਗੇ ਦੇਣੇ ਐਂ। ਲੇਖਾ ਮਾਵਾਂ-ਧੀਆਂ ਦਾ, ਜਿਹੜਾ ਦੇਣੈ, ਦੇਣਾ ਈ ਐ। ਰੱਬ ਅੱਗੇ ਜਾਨ ਦੇਣੀ ਐਂ।’ ਕਰਮ ਸਿੰਘ ਤਾੜ ਕੇ ਕਹਿੰਦਾ-‘ਐਤਕੀਂ ਹਿਸਾਬ ਕਰਨ ਨਾਲ ਨ੍ਹੀਂ ਸਰਨਾ। ਐਤਕੀਂ ਥੋੜ੍ਹਾ-ਬਹੁਤਾ ਬਹੁਤਾ ਦਿਓ ਵੀ। ਕੁਝ ਤਾਂ ਹੱਥ-ਪੱਲਾ ਝਾੜੋ।’

ਮੁਖਤਿਆਰੋ ਦੇਖਦੀ। ਹਰ ਵਾਰ ਉਹਦੀ ਨਿਗਾਹ ਉਨ੍ਹਾਂ ਦੇ ਘਰ ਖੜ੍ਹੀ ਤੀਜੇ ਸੂਏ ਸੂਈ ਗਾਂ ਵੱਲ ਉੱਠ ਜਾਂਦੀ। ਗਾਂ, ਜੀਹਦੇ ਮਗਰ ਦੋ ਮਹੀਨਿਆਂ ਦਾ ਵੱਛਾ ਸੀ। ਇੱਕ ਤੁਰਦੀ-ਫਿਰਦੀ ਅਵਾਰਾ ਵੱਛੀ ਜਬਰੇ ਨੇ ਘਰ ਲਿਆ ਬੰਨ੍ਹੀ। ਸੜਕ ਤੋਂ ਆਉਂਦਾ ਉਹਦੇ ਲਈ ਥੋੜ੍ਹਾ-ਮੋਟਾ ਹਰਾ ਉਹ ਕਿਤੋਂ ਨਾ ਕਿਤੋਂ ਲੈ ਆਉਂਦਾ। ਕਦੇ ਕਿਧਰੋਂ ਤੂੜੀ ਦੀ ਪੰਡ ਵੀ। ਵੱਛੀ ਘਰ ਵਿੱਚ ਹੀ ਬੰਨ੍ਹੀ ਰਹਿੰਦੀ। ਮੁਖਤਿਆਰੋ ਧੀਆਂ ਵਾਂਗ ਉਹ ਦੀ ਪਾਲਣਾ ਕਰਦੀ। ਤਿੰਨੇ ਸੂਏ ਉਹ ਉਨ੍ਹਾਂ ਦੇ ਘਰ ਹੀ ਸੂਈ। ਤਿੰਨੇ ਵਾਰ ਵੱਛੇ ਦਿੱਤੇ। ਕਰਮਾਂ ਵਾਲੀ ਗਾਂ ਸੀ। ਪਹਿਲੇ ਦੋਵੇਂ ਵੱਛੇ ਵੀ ਉਨ੍ਹਾਂ ਦੇ ਕੋਲ ਹੀ ਸਨ। ਵੱਡਾ ਵੱਛਾ ਤਾਂ ਚੰਗੇ ਪੈਸੇ ਵਟਾਊ ਸੀ। ਪੂਰਾ ਵਹਿੜਕਾ ਬਣ ਗਿਆ।

ਜਬਰਾ ਆਥਣੇ ਚਰਨੀ ਦੀ ਹੱਟ ’ਤੇ ਗਿਆ। ਉਸ ਦਿਨ ਉਹ ਸਦੇਹਾਂ ਹੀ ਸੜਕ ਤੋਂ ਆ ਗਿਆ ਸੀ। ਮੁਖਤਿਆਰੋ ਨੇ ਉਹਨੂੰ ਪੂਰਾ ਤਾੜ ਕੇ ਆਖਿਆ ਕਿ ਉਹ ਉਸ ਦਿਨ ਚਰਨੀ ਦੀ ਹੱਟ ’ਤੇ ਆਥਣੇ ਜ਼ਰੂਰ ਜਾਵੇ, ਨਹੀਂ ਤਾਂ ਜੱਟ ਲਾਹੁਣ-ਤਾਹਣ ਕਰੇਗਾ।

ਕਰਮ ਸਿੰਘ ਪਹਿਲਾਂ ਤਾਂ ਉਹਦਾ ਹਾਲ-ਚਾਲ ਜਿਹਾ ਪੁੱਛਣ ਲੱਗਿਆ। ਜਬਰਾ ਦੇਹਲੀਆਂ ਤੋਂ ਬਾਹਰ ਹੀ ਪੈਰਾਂ ਭਾਰ ਬੈਠਾ ਹੋਇਆ ਸੀ। ਕਰਮ ਸਿੰਘ ਬਹੀ ਦੀ ਡੋਰ ਖੋਲ੍ਹਣ ਲੱਗਿਆ ਤਾਂ ਚਰਨੀ ਨੇ ਜਬਰੇ ਨੂੰ ਦੇਹਲੀ ਤੋਂ ਅੰਦਰ ਆ ਕੇ ਬੈਠਣ ਲਈ ਆਖਿਆ। ਬਹੀ ਖੋਲ੍ਹ ਕੇ ਕਰਮ ਸਿੰਘ ਨੇ ਚਰਨੀ ਮੂਹਰੇ ਰੱਖ ਦਿੱਤੀ ਤੇ ਕਿਹਾ, ‘ਲੈ ਬਈ ਸੇਠਾ, ਪਿਛਲਾ ਸ੍ਹਾਬ ਵੀ ਦੱਸਦੇ ਇਹਨੂੰ। ਹੁਣ ਤਾਈ ਦਾ ਪੂਰਾ ਟੋਟਰ ਕਰਦੇ। ਇਹ ਨੂੰ ਸ਼ੱਕ ਨਾ ਰਹਿ ਜੇ ਕੋਈ।’

‘ਸ਼ੱਕ ਨੂੰ ਤਾਂ ਕੀਹ ਐ, ਬਾਬਾ ਕਰਮ ਸਿਆਂ। ਜਿੰਨੇ ਬਣਗੇ ਠੀਕ ਹੈ। ’ਕੱਲੀ ਟਿੰਘ ਆਂ, ਕੋਈ ਸਹਾਰਾ ਹੁੰਦਾ ਤਾਂ ਐਥੇ ਤਾਈ ਕਾਹਨੂੰ ਪਹੁੰਚਦੀ ਗੱਲ। ਤੇਰੇ ਵੀ ਭਾਈ ਸ਼ਾਬਾਸ਼ੇ, ਐਨੇ ਸਾਲ ਜਰਾਂਦ ਰੱਖੀ। ਥੋੜ੍ਹਾ ਚਿਰ ਹੋਰ ਨੰਘਾ ਦੇ ਹੁਣ।’ ਜਬਰਾ ਕਹਾਣੀ ਜਿਹੀ ਪਾਉਣ ਲੱਗਾ।

'ਹੋਰ ਲਾਂਘਾ ਲੰਘਣ ਦੀ ਖ਼ੁਸ਼ੀ ਸੋਚ ਹੁਣ, ਜਬਰ ਸਿਆਂ। ਐਤਕੀਂ ਤਾਂ ਨਬੇੜ ਦੇ ਬੱਸ। ਆਹ ਹੁਣ ਸੇਠ ਸ੍ਹਾਬ ਕਰ ਦਿੰਦੈ, ਤੈਨੂੰ ਦੱਸ ਦਿੰਦੈ, ਡੱਕੋ-ਡਾਲ। ਐਤਕੀਂ ਤਾਂ ਕਿਵੇਂ ਕਰ। ਔਖਾ ਹੋ, ਸੁਖਾਲਾ ਹੋ। ਮੈਂ ਤਾਂ ਬਿਆਨਾ ਫੜਾਈ ਬੈਠਾ, ਭੌਇ ਦਾ ਸੌਦਾ ਹੋ ਗਿਐ। ਰਕਮ 'ਕੱਠੀ ਕਰਨੀ ਐ। ਨਹੀਂ ਤਾਂ ਐਵੇਂ ਕਹਿੰਦਾ ਨ੍ਹੀਂ ਸੀ ਮੈਂ ਤੈਨੂੰ।' ਕਰਮ ਸਿੰਘ ਕਰੜਾ ਹੋ ਕੇ ਕਹਿ ਰਿਹਾ ਸੀ।

ਉਹਦੀ ਗੱਲ ਖਚਰੀ ਸੀ। ਜਿਸ ਨੂੰ ਜਬਰਾ ਸਮਝਦਾ ਸੀ ਤੇ ਨਹੀਂ ਵੀ। ਖ਼ੈਰ, ਉਸ ਨੇ ਤਾਂ ਰਕਮ ਦੇਣੀ ਸੀ। ਇਹ ਦਿੱਤੇ ਬਗ਼ੈਰ ਤਾਂ ਖਹਿੜਾ ਨਹੀਂ ਛੁਟਣਾ ਸੀ। ਚਰਨੀ ਨੇ ਹਿਸਾਬ ਕੀਤਾ ਤੇ ਠੋਕ-ਵਜਾ ਕੇ ਦੱਸਿਆ ਕਿ ਸਣੇ ਵਿਆਜ ਹੁਣ ਤੱਕ ਕੁੱਲ ਛੇ ਸੌ ਰੁਪਏ ਬਣਦਾ ਹੈ। ਜਬਰੇ ਦਾ ਮੂੰਹ ਖੁੱਲ੍ਹੇ ਦਾ ਖੁੱਲ੍ਹਾ ਰਹਿ ਗਿਆ। ਜਿਵੇਂ ਚਰਨੀ ਨੇ ਝੂਠ ਮਾਰਿਆ ਹੋਵੇ। ਉਹ ਹੈਰਾਨ ਹੋਇਆ ਕਿ ਥੋੜ੍ਹੇ ਦਿਨਾਂ ਵਿੱਚ ਹੀ ਇਹ ਦੁੱਗਣੀ ਰਕਮ ਹੋ ਗਈ ਹੈ। ਉਹਨੂੰ ਤਾਂ ਇਹ ਚੇਤਾ ਨਹੀਂ ਸੀ ਕਿ ਇਹ ਥੋੜ੍ਹੇ ਦਿਨ ਤਿੰਨ ਸਾਲਾਂ ਦਾ ਲੰਬਾ ਅਰਸਾ ਸੀ। ਉਸ ਸਾਲ ਬੂਟਾ ਪਹਿਲੀ ਵਿੱਚ ਦਾਖ਼ਲ ਹੋਇਆ ਸੀ ਤੇ ਹੁਣ ਉਹ ਚੌਥੀ ਜਮਾਤ ਵਿੱਚ ਸੀ।

ਪੈਂਦੀ ਸੱਟ ਹੀ ਕਰਮ ਸਿੰਘ ਨੇ ਸਾਰਖਰੀ ਗੱਲ ਸੁਣਾ ਦਿੱਤੀ-'ਲੈ ਬਈ, ਸੁਣ ਲੈ ਮੇਰੀ ਗੱਲ। ਇੱਕੋ ਸੁਣਾ ਦਿੰਨਾਂ। ਸੌ ਹੱਥ ਰੱਸਾ, ਸਿਰੇ 'ਤੇ ਗੰਢ ਜਾਂ ਤਾਂ ਇਹ ਸਾਰੀ ਛੀ ਸੌ ਦੀ ਰਕਮ ਚਾਰ ਦਿਨਾਂ ਦੇ ਅੰਦਰ-ਅੰਦਰ 'ਤਾਰ ਦੇ, ਨਹੀਂ ਤਾਂ ਫੇਰ ਪੰਜਵੇਂ ਨੂੰ ਤੇਰੀ ਗਾਂ ਦਾ ਰੱਸਾ ਲੈ ਜਾਣੈ ਮੈਂ। ਗਾਂ ਤੇਰੀ ਛੀ ਸੌ ਤੋਂ ਇੱਕ ਪੈਸਾ ਵੱਧ ਨ੍ਹੀਂ। ਆਹ ਬੈਠੇ, ਚਰਨੀ ਮੱਲ ਸੇਠ।'

ਕਰਮ ਸਿੰਘ ਦੀ ਗੱਲ ਸੁਣ ਕੇ ਜਬਰੇ ਦੀਆਂ ਪਾਤਲੀਆਂ ਹੇਠ ਚੰਗਿਆੜੇ ਬਲਣ ਲੱਗੇ। ਗਾਂ ਉਨ੍ਹਾਂ ਨੇ ਧੀਆਂ ਵਾਂਗ ਪਾਲੀ ਸੀ। ਉਹਨੂੰ ਲੱਗਿਆ, ਜਿਵੇਂ ਕਰਮ ਸਿੰਘ ਨੇ ਉਹ ਦੀ ਧੀ ਨੂੰ ਕੁਝ ਕਹਿ ਦਿੱਤਾ ਹੋਵੇ। ਇਹ ਗਾਂ ਤਾਂ ਉਨ੍ਹਾਂ ਦੇ ਘਰ ਦਾ ਬੰਨ੍ਹ ਸੀ। ਇਹ ਗਾਂ ਤਾਂ ਉਨ੍ਹਾਂ ਦੇ ਘਰ ਦਾ ਸ਼ਿੰਗਾਰ ਸੀ। ਸਾਰਾ ਦਿਨ ਦੁੱਧ ਬਾਫਰ ਰਹਿੰਦਾ, ਰਾਤ ਨੂੰ ਉਹ ਥੋੜ੍ਹਾ-ਥੋੜ੍ਹਾ ਪੀ ਵੀ ਲੈਂਦੇ। ਬੂਟਾ ਇਸੇ ਦੁੱਧ ਦੇ ਸਹਾਰੇ ਹੁੰਦੜ ਹੇਲ ਹੁੰਦਾ ਜਾ ਰਿਹਾ ਸੀ, ਨਹੀਂ ਤਾ ਜ਼ਿਮੀਦਾਰਾਂ ਦੇ ਘਰਾਂ ਵਾਂਗ ਉਹਨੂੰ ਕਿਹੜੀਆਂ ਧਰੀਆਂ ਪਈਆਂ ਸਨ ਮਖਣੀਆਂ।

'ਬੋਲਿਆ ਨਾ, ਦੱਸ ਫੇਰ ਕਿਵੇਂ ਕਰਨੈ, ਕਰਮ ਸਿੰਘ ਨੇ ਜਿਵੇਂ ਉਹਨੂੰ ਨੀਂਦ ਵਿਚੋਂ ਜਗਾਇਆ ਹੋਵੇ।

ਉਹ ਬੇਸੁੱਧ ਜਿਹਾ ਨੀਵੀਂ ਪਾਈ ਬੈਠਾ ਸੀ।

ਚਰਨੀ ਨੇ ਬਹੀ 'ਤੇ ਡੋਰ ਵਲ੍ਹੇਟ ਦਿੱਤੀ। ਜਿਸ ਵਿੱਚ ਵੱਖਰੇ ਕਾਗਜ਼ 'ਤੇ ਹਿਸਾਬ ਕੀਤਾ, ਉਹ ਵੀ ਬਹੀ ਦੇ ਵਿੱਚ ਹੀ ਜਬਰੇ ਦੇ ਨਾਮੇ ਵਾਲੀ ਥਾਂ ਰੱਖ ਦਿੱਤਾ। ਜਬਰਾ ਕੰਨ ਖੁਰਕਣ ਲੱਗਿਆ। ਉਹਨੇ ਮੱਥਾ ਪੂੰਝਿਆ। ਮੱਥੇ 'ਤੇ ਠੰਡਾ ਮੁੜ੍ਹਕਾ ਸੀ।

ਕਰਮ ਸਿੰਘ ਤੇ ਚਰਨੀ ਦੋਵੇਂ ਉਹਦੇ ਵੱਲ ਲਗਾਤਾਰ ਝਾਕੀ ਜਾ ਰਹੇ ਸਨ। ਕਰਮ ਸਿੰਘ ਦੀ ਨਿਗਾਹ ਤਿੱਖੇ ਤੀਰ ਵਾਂਗ ਜਬਰੇ ਦੇ ਲੂੰ-ਲੂੰ ਨੂੰ ਵਿੰਨ੍ਹ ਰਹੀ ਸੀ। ਖੜ੍ਹਾ ਹੋਣ ਲੱਗੇ ਉਹਨੇ ਮੁਰਦਲਾ ਜਿਹਾ ਜਵਾਬ ਦਿੱਤਾ, 'ਕੋਈ ਨ੍ਹੀਂ, ਮੈਂ ਮੁਖਤਿਆਰੋ ਨਾਲ ਸਲਾਹ ਕਰ ਲਾਂ। ਤੜਕੇ ਘਰ ਆਉਂ ਮੈਂ ਥੋਡੇ।'

'ਘਰ ਕਿੱਥੇ? ਮੈਂ ਤਾਂ ਕੋਠੀ ਬੈਠਾ ਹੋਊਂ। ਪਿੰਡ ਨ੍ਹੀਂ ਰਹਿੰਦਾ ਅੱਜ ਮੈਂ ਤਾਂ ਹੁਣੇ ਤੁਰਨ ਵਾਲਾ।' ਕਰਮ ਸਿੰਘ ਨੇ ਕਿਹਾ।

'ਕੋਠੇ ਕੀ ਦੂਰ ਨੇ। ਆਹ ਖੜ੍ਹੇ ਨੇ ਕੋਠੇ। ਉੱਥੇ ਆ ਜੂੰ ਮੈਂ। ਜਬਰਾ ਉੱਥੋਂ ਭੱਜਣ ਲਈ ਕਾਹਲਾ ਸੀ।

'ਕਿਵੇਂ ਕਰ ਲੈ, ਤੈਨੂੰ ਕੋਰੀ ਸੁਣਾ 'ਤੀ।' ਕਰਮ ਸਿੰਘ ਨੇ ਬਹੀ ਨੂੰ ਮੋਢੇ ਵਾਲੇ ਸਮੋਸੇ ਵਿੱਚ ਵਲ੍ਹੇਟ ਲਿਆ ਤੇ ਉਹ ਦੁਕਾਨ 'ਚੋਂ ਉੱਠ ਕੇ ਜਬਰੇ ਦੇ ਨਾਲ ਹੀ ਹੋ ਗਿਆ। ਰਾਹ ਵਿੱਚ ਉਹ ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ ਤੁਰੇ ਜਾ ਰਹੇ ਸਨ।

'ਮੁੰਡਾ ਵੀ ਤੇਰਾ ਹੁਣ ਸੁੱਖ ਨਾਲ ਗੱਭਰੂ ਐ।' ਝਿਊਰੀ ਦੀ ਭੱਠੀ ਕੋਲ ਖੜ੍ਹਾ ਕੇ ਕਰਮ ਸਿੰਘ ਨੇ ਜਬਰੇ ਨੂੰ ਕਿਹਾ।

'ਹਾਂ, ਚੌਥੀ 'ਚ ਪੜਦੈ।' ਜਬਰੇ ਨੂੰ ਹੈਰਾਨੀ ਹੋਈ ਕਿ ਵਿਆਜੂ ਪੈਸਿਆਂ ਦਾ ਝੇੜਾ ਕਰਦਾ ਕਰਦਾ ਕਰਮ ਸਿੰਘ ਵਿੱਚ ਦੀ ਉਹਦੇ ਮੁੰਡੇ ਦੀ ਗੱਲ ਕਿਵੇਂ ਲੈ ਬੈਠਾ।

'ਖਾਸਾ ਉਡਾਰ ਐ ਹੁਣ ਤਾਂ। ਛੋਹਲਾ ਵੀ ਲੱਗਦੈ ਮੈਨੂੰ। ਬੀਹੀ 'ਚ ਖੇਡਦਾ ਦੇਖਿਐ ਮੈਂ ਤਾਂ।' ਉਹ ਨੇ ਫੇਰ ਕਿਹਾ।

'ਹਾਂ ਉਹ ਤਾਂ ਕਿਰਪਾ ਐ ਬਾਖਰੂ ਦੀ।' ਜਬਰਾ ਜਿਵੇਂ ਅਸਲੀ ਗੱਲ ਤੋਂ ਦੂਰ ਜਾ ਰਿਹਾ ਹੋਵੇ।

'ਢਾਂਡੇ ਚਾਰਨ ਆਲਾ ਤਾਂ ਸੁੱਖ ਨਾਲ ਹੋਇਐ ਵਿਐ। ਜਾਂ ਇੱਕ ਹੋਰ ਕਰ।'

'ਕੀ?'

'ਉਹਨੂੰ ਪਾਲੀ ਰਲਾ ਦੇ ਮੇਰੇ ਨਾਲ। ਸਾਡਾ ਪਾਲੀ ਭੱਜ ਗਿਐ। ਚੱਲ ਇਉਂ ਕਰ ਲੈ।' 'ਗਾਹਾਂ ਤੋਂ ਛੀ ਸੌ ਤੇ ਵਿਆਜ ਨ੍ਹੀਂ ਲੈਂਦੇ। ਜਦੋਂ ਮਰਜ਼ੀ ਇਹ ਛੀ ਸੌ ਮੋੜ ਦੀਂ। ਓਨਾ ਚਿਰ ਮੁੰਡਾ ਮੇਰੇ ਕੋਲ ਰਹੇ। ਦੋਵੇਂ ਵਖਤਾਂ ਦੀ ਰੋਟੀ, ਛੀ ਮ੍ਹੀਨੀ ਲੀੜਾ-ਕੱਪੜਾ ਵੀ ਦੇਊਂ। ਚੱਲ ਇਉਂ ਕਰ ਲੈ।'

'ਉਹ ਤਾਂ ਕਰਮ ਸਿਆਂ, ਪੜ੍ਹਦੈ। ਚੌਥੀ 'ਚ ਐ। ਮੈਂ ਕਹਿਨਾਂ ਪੜ੍ਹ 'ਜੇ। ਦਸ ਕਰ 'ਲੇ। ਕਿਸੇ ਟੁਕੜੇ 'ਤੇ ਹੋ ਜੂ।'

'ਛੱਡ ਇਹ ਤਾਂ ਆਪਣੇ ਜਵਾਕਾਂ ਨੇ ਕਿਧਰੋਂ ਦਫ਼ਤਰ 'ਤੇ ਬੈਠ ਜਾਣੈ। ਇਹੀ ਨ੍ਹੇਰਾ ਢੋਹਣੈ, ਆਪਾਂ ਤਾਂ ਜਬਰ ਸਿਆਂ, ਇਹ ਛੱਡ ਪੜ੍ਹਾਈਆਂ-ਭੜੂਈਆਂ। ਕੀਹਨੇ ਪੁੱਠੀ ਮੱਤ ਦੇ 'ਤੀ ਤੈਨੂੰ?'

'ਉਹ ਤਾਂ ਤੇਰੀ ਠੀਕ ਐ, ਕਰਮ ਸਿਆਂ, ਪਰ ਕੀਹ ਐ....'

'ਚੰਗਾ, ਤੂੰ ਅਵਾਦਾ ਦੇਖ। ਉਹ ਕਰ ਲੈ ਜਾਂ ਆਹ ਕਰ ਲੈ। ਪਰ ਨਬੇੜ ਦੇ। ਇੱਕ ਪਾਸਾ ਕਰਦੇ। ਚੰਗਾ, ਤੜਕੇ ਮੈਂ ਡੀਕੂੰ ਤੈਨੂੰ ਫੇਰ।'

ਉਹ ਨਿੱਖੜ ਗਏ।

## 13

ਸਾਰੀ ਰਾਤ ਜਬਰਾ ਤੇ ਮੁਖਤਿਆਰੋ ਔਂਝਲਦੇ ਰਹੇ ਕਿ ਕਿਵੇਂ ਕੀਤਾ ਜਾਵੇ। ਗਾਂ ਦੇ ਦਿੱਤੀ ਜਾਵੇ ਜਾਂ ਪੜ੍ਹਾਈ ਛੁਡਾ ਕੇ ਬੂਟੇ ਨੂੰ ਪਾਲੀ ਲਾ ਦਿੱਤਾ ਜਾਵੇ। ਬੂਟਾ ਉਨ੍ਹਾਂ ਦੇ ਕੋਲ ਹੀ ਘੂਕ ਸੁੱਤਾ ਪਿਆ ਸੀ। ਜਦੋਂ ਵੀ ਬੂਟੇ ਨੂੰ ਪਾਲੀ ਰਲਾਉਣ ਦੀ ਗੱਲ ਛਿੜਦੀ ਦੋਵੇਂ ਜੀਅ ਝੋਰਾ ਕਰਦੇ ਤੇ ਉਹਦੇ ਮੂੰਹ ਵੱਲ ਹਸਰਤ ਭਰੀਆਂ ਨਿਗਾਹਾਂ ਨਾਲ ਝਾਕਣ

ਲੱਗਦੇ। ਦੋਵਾਂ ਦੇ ਹੀ ਕਾਲਜਿਆਂ ਵਿਚੋਂ ਇੱਕ ਰੁੱਗ ਜਿਹਾ ਉਨ੍ਹਾਂ ਦੇ ਅੰਦਰੋਂ ਨਿਕਲ ਉੱਠਦਾ ਤੇ ਬੂਟੇ ਦੀ ਆਉਣ ਵਾਲੀ ਜ਼ਿੰਦਗੀ ਹਨੇਰਾ-ਹਨੇਰਾ ਹੋ ਗਈ ਦਿੱਸਦੀ।

ਬੂਟੇ ਨੂੰ ਪਾਲੀ ਰਲਾਉਂਦੇ ਤਾਂ ਉਹਦੀ ਪੜ੍ਹਾਈ ਵਿਚੇ ਰਹਿ ਜਾਣੀ ਸੀ। ਇੱਕ ਵਾਰੀ ਹਟਿਆ ਉਹ ਮੁੜ ਕੇ ਕਦੋਂ ਫੇਰ ਸਕੂਲ ਜਾਂਦਾ। ਫੇਰ ਤਾਂ ਉਹ ਨੇ ਪਾਲੀ ਹੀ ਰਹਿਣਾ ਸੀ। ਉਹਦੇ ਵਿੱਚ ਪਾਲੀ ਮੁੰਡਿਆਂ ਵਾਲੀਆਂ ਆਦਤਾਂ ਪੱਕ ਜਾਣੀਆਂ ਸਨ। ਮੁੜ ਕੇ ਤਾਂ ਉਹਨੂੰ ਸਕੂਲ ਇੱਕ ਫਾਲਤੂ ਚੀਜ਼ ਲੱਗਣੀ ਸੀ। ਫੇਰ ਤਾਂ ਉਹ ਨੇ ਜ਼ਿਮੀਦਾਰਾਂ ਦੇ ਖੇਤਾਂ ਵਿੱਚ ਹੀ ਕੰਮ ਕਰਨਾ ਸੀ। ਖੇਤ ਮਜ਼ਦੂਰੀ ਜਾਂ ਵੱਧ ਤੋਂ ਵੱਧ ਸੀਰੀ ਦਾ ਕੰਮ। ਫੇਰ ਤਾਂ ਇਸੇ ਕੰਮ ਵਿੱਚ ਉਹਦੀ ਸਾਰੀ ਜ਼ਿੰਦਗੀ ਨਿਕਲ ਜਾਵੇਗੀ, ਨਿਕਲ ਕੀ ਜਾਵੇਗੀ, ਜ਼ਿੰਦਗੀ ਇਸੇ ਕੰਮ ਵਿੱਚ ਫਸ ਕੇ ਰਹਿ ਜਾਵੇਗੀ।

ਬੂਟੇ ਨੂੰ ਘਰ ਰੱਖਦੇ ਤੇ ਗਾਂ ਦਾ ਰੱਸਾ ਖੁੱਲ੍ਹਵਾ ਦਿੰਦੇ ਤਾਂ ਫੇਰ ਦੁੱਧ ਵਾਲੇ ਠੂਠੇ ਵਿੱਚ ਲੱਤ ਵੱਜਦੀ ਸੀ। ਚਾਹ ਦੀ ਤਿੱਪ ਵੱਲੋਂ ਵੀ ਤਰਸਦੇ ਰਹਿ ਜਾਣਾ ਸੀ। ਮੁੱਲ ਦਾ ਦੁੱਧ ਤਾਂ ਨਿਰਾ ਪਾਣੀ ਹੁੰਦਾ ਹੈ। ਗਾਂ ਮਗਰ ਜੋ ਵੱਛਾ ਸੀ, ਦੋ ਸਾਲਾਂ ਨੂੰ ਤਾਂ ਉਸ ਵੱਛੇ ਨੇ ਹੀ ਕਿੰਨੇ ਮੁੱਲ ਦਾ ਹੋ ਕੇ ਵਿਕਣਾ ਸੀ।

ਜਬਰਾ ਗਿਣਤੀਆਂ-ਮਿਣਤੀਆਂ ਕਰਦਾ ਰਿਹਾ। ਸੱਤ ਸਾਲਾਂ ਨੂੰ ਮੁੰਡਾ ਦਸ ਜਮਾਤਾਂ ਪਾਸ ਕਰੇਗਾ, ਫੇਰ ਕੋਈ ਸਿਖਲਾਈ ਦਾ ਕੋਰਸ ਕਰਵਾਉਣ ਪਵੇਗਾ। ਕੀ ਪਤਾ, ਸਿਖਲਾਈ ਦੇ ਕੋਰਸ ਵਿੱਚ ਦਾਖ਼ਲਾ ਮਿਲੇ ਜਾਂ ਨਾ। ਜੇ ਸਿਖਲਾਈ ਦਾ ਕੋਰਸ ਕਰ ਵੀ ਲਿਆ ਤਾਂ ਫੇਰ ਨੌਕਰੀ 'ਤੇ ਲੱਗਣ ਦਾ ਵੀ ਕੀ ਭਰੋਸਾ? ਅਨੇਕਾਂ ਦੁਨੀਆਂ ਪੜ੍ਹਾਈਆਂ ਕਰਕੇ ਘਰ ਵਿਹਲੀ ਬੈਠੀ ਹੋਈ ਹੈ। ਜਣੇ-ਖਣੇ ਨੂੰ ਨੌਕਰੀ ਕਿੱਥੋਂ ਮਿਲਦੀ ਹੈ। ਸਿਫ਼ਾਰਿਸ਼ ਦਾ ਯੁੱਗ ਹੈ। ਉਹ ਸੋਚ ਰਿਹਾ ਸੀ ਕਿ ਸੱਤ-ਅੱਠ ਸਾਲ ਤਾਂ ਬਹੁਤ ਲੰਬਾ ਅਰਸਾ ਹੈ। ਉਦੋਂ ਨੂੰ ਤਾਂ ਜੁੱਗ ਬੀਤ ਜਾਵੇਗਾ। ਉਦੋਂ ਨੂੰ ਤਾਂ ਉਹ ਆਪ ਵੀ ਬੀਤ ਜਾਵੇਗਾ। ਉਹ ਤਾਂ ਹੁਣੇ ਹੀ ਬੀਤਿਆ-ਬੀਤਿਆਂ ਜਿਹਾ ਰਹਿੰਦਾ ਹੈ। ਸੱਤ-ਅੱਠ ਸਾਲ ਕੀਹਨੂੰ ਆਏ। ਪੁੱਤ ਗੱਭਰੂ ਹੋਣ 'ਤੇ ਆਇਆ ਹੈ ਤਾਂ ਉਹਨੂੰ ਕਿਸੇ ਕੰਮ ਵਿੱਚ ਪਾਉਣਾ ਹੀ ਠੀਕ ਰਹੇਗਾ। ਪੜ੍ਹਾਈ ਲਈ ਤਾਂ ਇੱਕ ਪੱਕਾ ਜੇਰਾ ਚਾਹੀਦਾ ਹੈ। ਐਨਾ ਲੰਬਾ ਸਮਾਂ ਕੌਣ ਉਡੀਕ ਕਰਦਾ ਫਿਰੇਗਾ। ਜਬਰਾ ਤੇ ਮੁਖਤਿਆਰੋ ਫ਼ੈਸਲਾ ਜਿਹਾ ਕਰਨ ਲੱਗਦੇ ਕਿ ਬੂਟੇ ਨੂੰ ਹੀ ਸਕੂਲੋਂ ਹਟਾ ਲਿਆ ਜਾਵੇ ਤੇ ਕਰਮ ਸਿੰਘ ਦੇ ਕੋਠੀਂ ਉਹਦੀਆ ਮੱਝਾਂ ਦਾ ਪਾਲੀ ਬਣਾ ਕੇ ਤੋਰ ਦਿੱਤਾ ਜਾਵੇ। ਹੁਣੇ ਤੋਂ ਕੰਮ ਵਿੱਚ ਪਿਆ ਤਾਂ ਹੀ ਅਗਾਂਹ ਤੋਂ ਕੰਮ ਦਾ ਭੁੱਸ ਪਵੇਗਾ। ਮੁੱਢ ਤੋਂ ਹੀ ਮੁੰਡਾ ਕਾਮਾ ਹੋਵੇ ਤਾਂ ਗੱਭਰੂ ਹੋ ਕੇ ਪੂਰਾ ਕਰਿੰਦਾ ਬਣਦਾ ਹੈ।

ਪਰ ਉਨ੍ਹਾਂ ਦੇ ਮਨ ਵਿਚਲਾ ਕੋਈ ਸੁਪਨਾ ਉਨ੍ਹਾਂ ਦੇ ਫ਼ੈਸਲੇ ਨੂੰ ਮੋੜਾ ਦੇ ਜਾਂਦਾ। ਬਿਜਲੀ ਦੀ ਲਿਸ਼ਕ ਵਰਗਾ ਇੱਕ ਝਲਕਾਰਾ ਉਨ੍ਹਾਂ ਦੀਆਂ ਅੱਖਾਂ ਅੱਗੇ ਆ ਲਟਕਦਾ। ਛੱਪੜੀ-ਵਿਹੜੇ ਦੇ ਹੋਰ ਮੁੰਡੇ ਕਿਵੇਂ ਫ਼ੁਰਨ-ਫ਼ਰਨ ਸਕੂਲਾਂ ਵਿੱਚ ਪੜ੍ਹਦੇ ਜਾ ਰਹੇ ਸਨ। ਕੋਈ ਅੱਠਵੀਂ ਵਿੱਚ, ਕੋਈ ਦਸਵੀਂ ਵਿੱਚ ਪੜ੍ਹਦਾ ਸੀ। ਮੁੰਡੇ ਨੌਕਰੀਆਂ 'ਤੇ ਵੀ ਲੱਗੇ ਹੋਏ ਸਨ, ਕੁਝ ਨੂੰ ਲੱਗਣ ਦੀ ਆਸ ਸੀ। ਨੌਕਰੀ ਦਾ ਕਿੰਨਾ ਸੁੱਖ ਹੁੰਦਾ ਹੈ। ਮੀਂਹ ਜਾਵੇ, ਨ੍ਹੇਰੀ ਜਾਵੇ, ਬੱਧੀ-ਰੁੱਧੀ ਤਨਖ਼ਾਹ ਜੇਬ੍ਹ ਵਿੱਚ ਆ ਪੈਂਦੀ ਹੈ। ਕਿੰਨੀ ਸ਼ਾਹੀ ਠਾਠ ਹੈ।

ਪੜ੍ਹਾਈ ਨਾਲ ਤਾਂ ਬੰਦੇ ਦਾ ਜੀਵਨ ਸੁਧਰ ਜਾਂਦਾ ਹੈ। ਕੰਮੀਆਂ-ਕਮੀਣਾਂ ਦੇ ਮੁੰਡੇ ਤਾਂ ਇੱਕ ਤਰ੍ਹਾਂ ਦਾ ਸਰਦਾਰੀ ਜੀਵਨ ਬਤੀਤ ਕਰਨ ਲੱਗਦੇ ਹਨ। ਪੜ੍ਹਿਆ-ਲਿਖਿਆ ਦੀ ਤਾਂ ਗੱਲ ਹੀ ਹੋਰ ਹੁੰਦੀ ਹੈ। ਪੜ੍ਹਿਆਂ-ਲਿਖਿਆਂ ਦੀ ਤਾਂ ਟੌਰ੍ਹ ਹੀ ਹੋਰ ਹੁੰਦੀ ਹੈ। ਜਬਰਾ ਝੂਰਦਾ, ਪਰ ਉਸ ਦੇ ਮੁੰਡੇ ਦੇ ਕਰਮਾਂ ਵਿੱਚ ਇਹ ਸਰਦਾਰੀ ਜੀਵਨ ਕਿੱਥੇ? ਉਹਦਾ ਬਾਪ ਨਰਕ ਭੋਗਦਾ ਮਰ ਗਿਆ। ਉਹਨੇ ਆਪ ਸਾਰੀ ਉਮਰ ਨਰਕ ਭੋਗਿਆ ਤੇ ਹੁਣ ਉਹ ਦਾ ਬੂਟਾ....

ਅੱਧੀ ਰਾਤ ਤੋਂ ਉੱਤੇ ਦਾ ਸਮਾਂ ਹੋ ਗਿਆ ਸੀ। ਉਹ ਮੰਜੀਆਂ 'ਤੇ ਉੱਕ ਵਾਂਗ ਬੈਠੇ ਹੋਏ ਸਨ। ਉਨ੍ਹਾਂ ਦੀ ਨੀਂਦ ਪਤਾ ਨਹੀਂ ਕਿੱਧਰ ਖੰਭ ਲਾ ਕੇ ਉੱਡ ਗਈ। ਜਬਰਾ ਗੱਲ ਕਰਦਾ ਤਾਂ ਮੁਖਤਿਆਰੋ ਹੁੰਗਾਰਾ ਭਰਦੀ। ਮੁਖਤਿਆਰੋ ਕੋਈ ਗੱਲ ਕਰਦੀ ਤਾਂ ਜਬਰਾ ਹੁੰਗਾਰਾ ਭਰਦਾ। ਉਹ ਕਿਸੇ ਵੀ ਸਿਰੇ ਨਾ ਪਹੁੰਚਦੇ ਤੇ ਅਖ਼ੀਰ ਆਪਣੀ ਕਿਸਮਤ 'ਤੇ ਲਾਹਣਤਾਂ ਪਾਉਣ ਲੱਗਦੇ। ਰੱਬ ਨੇ ਉਨ੍ਹਾਂ ਦੇ ਕਿਹੋ ਜਿਹੇ ਲੇਖ ਲਿਖ ਦਿੱਤੇ। ਉਹ ਕਿਸ ਤਰ੍ਹਾਂ ਦੀ ਜੂਨ ਵਿੱਚ ਪਏ ਹੋਏ ਸਨ ਤੇ ਹਨੇਰਾ ਢੋ ਰਹੇ ਸਨ। ਇੱਕ ਦਿਨ ਵੀ ਉਨ੍ਹਾਂ ਨੇ ਕਦੇ ਸੁੱਖ ਦਾ ਨਹੀਂ ਦੇਖਿਆ। ਉਹ ਚਾਹੁੰਦੇ ਸਨ, ਆਪ ਤਾਂ ਉਨ੍ਹਾਂ ਦੀ ਬੀਤ ਗਈ ਸੋ ਬੀਤ ਗਈ, ਉਨ੍ਹਾਂ ਦਾ ਮੁੰਡਾ ਤਾਂ ਚੱਜ ਦਾ ਜੀਵਨ ਬਤੀਤ ਕਰੇ। ਉਹ ਤਾਂ ਪਸ਼ੂਆਂ ਵਾਲੇ ਜੀਵਨ ਵਿਚੋਂ ਬਾਹਰ ਨਿਕਲ ਜਾਵੇ। ਦੁਚਿੱਤੀ ਜਿਹੀ ਦੀਆਂ ਗੱਲਾਂ ਕਰਦੇ ਉਹ ਬੈਠੇ ਬਿਠਾਏ ਮੰਜੀਆਂ 'ਤੇ ਟੇਢੇ ਹੋ ਗਏ। ਰਾਤ ਦਾ ਪਿਛਲਾ ਪਹਿਰ ਗੁਜ਼ਰ ਰਿਹਾ ਸੀ ਤੇ ਫੇਰ ਉਨ੍ਹਾਂ ਦੀਆਂ ਅੱਖਾਂ ਮਿਚਣ ਲੱਗੀਆਂ। ਪਤਾ ਨਹੀਂ ਉਹ ਕਿਹੜੇ ਵੇਲੇ ਚੁੱਪ ਹੋ ਗਏ।

## 14

ਦੂਜੇ ਦਿਨ ਸਦੇਹਾਂ ਹੀ ਬੂਟੇ ਨੂੰ ਨਾਲ ਲੈ ਕੇ ਜਬਰਾ ਘਰੋਂ ਤੁਰ ਪਿਆ, ਪਰ ਉਹ ਦੀ ਠੁੱਸ-ਠੁੱਸ ਨੂੰ ਦੇਖ ਕੇ ਉਹਦਾ ਆਪਣਾ ਮਨ ਵੀ ਡਿੱਗੂੰ-ਡਿੱਗੂੰ ਕਰ ਰਿਹਾ ਸੀ। ਬੂਟੇ ਦਾ ਚਿਹਰਾ ਲਮਕਿਆ ਹੋਇਆ ਸੀ। ਉਹਦੀਆਂ ਅੱਖਾਂ ਡੁੱਬੀਆਂ ਹੋਈਆਂ ਦਿੱਸਦੀਆਂ ਸਨ। ਉਹ ਹੌਲੀ-ਹੌਲੀ ਤੁਰ ਰਿਹਾ ਸੀ। ਪੰਜ-ਸੱਤ ਕਦਮ ਚੱਲਣ ਬਾਅਦ ਹੀ ਜਬਰਾ ਬੂਟੇ ਨੂੰ ਆਪਣੇ ਨਾਲ ਰਲਾਉਂਦਾ, ਪਰ ਉਹ ਫੇਰ ਪਿੱਛੇ ਰਹਿ ਜਾਂਦਾ। ਆਪਣੇ ਨਾਲ ਰਲਾਉਣ 'ਤੇ ਉਹਨੂੰ ਤੇਜ਼-ਤੇਜ਼ ਪੈਰ ਪੁੱਟਣ ਲਈ, ਕਦੇ-ਕਦੇ ਜਬਰਾ ਗਾਲ੍ਹ ਵੀ ਕੱਢਦਾ, ਖਿਝ ਉੱਠਦਾ। ਪਰ ਕਦੇ ਪੁਚਕਾਰਦਾ ਵੀ, ਪੁੱਤ-ਪੁੱਤ ਕਰਨ ਲੱਗਦਾ।

ਜਬਰਾ ਸੋਚਦਾ ਹਾਲੇ ਇਸ ਦੀ ਉਮਰ ਹੀ ਕੀ ਹੈ। ਮੱਝਾਂ ਚਾਰਨ ਦੀ ਉਮਰ ਤਾਂ ਅਜੇ ਹੋਈ ਨਹੀਂ। ਬਹੁਤ ਨਿਆਣਾ ਹੈ, ਅਜੇ ਤਾਂ ਇਹ ਮਸ੍ਹਾਂ ਨੌਂ ਸਾਲਾਂ ਦਾ ਹੋਇਆ ਹੈ। ਕਿੰਨਾ ਮਾਸੂਮ ਚਿਹਰਾ ਹੈ। ਨਿੱਕੇ-ਨਿੱਕੇ ਹੱਥ-ਪੈਰ, ਡੱਕਿਆਂ ਵਰਗੀਆਂ ਪਤਲੀਆਂ ਲੱਤਾਂ-ਬਾਹਾਂ, ਮਲੂਕ ਜਿਹੀ ਜਿੰਦੜੀ। ਇਸ ਸਮੇਂ ਉਹਨੂੰ ਆਪਣਾ ਪੁੱਤਰ ਬਹੁਤ ਕਮਜ਼ੋਰ ਲੱਗ ਰਿਹਾ ਸੀ। ਉਹ ਝੂਰਦਾ, ਕਿੱਥੋਂ ਨਿੱਕੀ ਜਿਹੀ ਜਾਨ ਕੰਡਿਆਂ ਦੀ ਵਾੜ ਵਿੱਚ ਦੇ ਦਿੱਤੀ। ਜ਼ਿਮੀਦਾਰਾ ਕੰਮ ਤਾਂ ਕੰਡਿਆਂ ਦੀ ਵਾੜ ਹੈ। ਕਿਵੇਂ ਸਹਾਰੇਗਾ ਇਹ ਜੇਠ-ਹਾੜ ਦੀ ਧੁੱਪ? ਬੂਟੇ ਦੇ ਤੇੜ ਪਾਈ ਨੀਲੀ ਨਿੱਕਰ ਜਬਰੇ ਨੂੰ ਬਹੁਤ ਸੋਹਣੀ ਲੱਗ ਰਹੀ ਸੀ। ਘਰ ਦੀ ਖੱਡੀ 'ਤੇ ਬੁਣੇ ਮੋਟੇ ਖੱਦਰ ਦਾ ਦੂਜੀ ਧੋ ਪਾਇਆ ਕੁੜਤਾ ਖਾਸਾ ਚਿੱਟਾ

ਦਿੱਸਦਾ। ਮੁੰਨੇ ਸਿਰ ਦੇ ਉਂਗਲ-ਉਂਗਲ ਕਰਚਿਆਂ ਉੱਤੇ ਉਹ ਆਪਣੀ ਮਾਂ ਦਾ ਨਵਾਂ ਨਕੋਰ ਜਾਲਖੀ ਮਲਮਲ ਦਾ ਪਿਆਜ਼ੀ ਦੁਪੱਟਾ ਬੰਨ੍ਹ ਲਿਆਇਆ ਸੀ। ਅੱਡੀਆਂ ਅਤੇ ਕੋਰਾਂ ਤੋਂ ਗੰਢੀ ਹੋਈ ਸਰ੍ਹੋਂ ਦੇ ਤੇਲ ਨਾਲ ਚੋਪੜੀ ਪੁਰਾਣੀ ਮੋਡੀ ਜੁੱਤੀ ਉਸ ਦੇ ਪੈਰਾਂ ਵਿੱਚ ਬੇਮਲੂਮਾ ਜਿਹਾ ਚੀਕ ਰਹੀ ਸੀ। ਗੰਢਾਉਣ ਕਰਕੇ ਸ਼ਾਇਦ ਭੀੜੀ ਹੋ ਗਈ ਹੋਵੇਗੀ। ਗੁੜ ਦੀਆਂ ਬਾਰੀਕ ਰੋੜੀਆਂ ਵਿੱਚ ਬਿਨਾਂ ਘਿਓ ਤੋਂ ਕੁੱਟੀ ਤਿੰਨ ਰੋਟੀਆਂ ਦੀ ਚੂਰੀ ਸਮੋਸੇ ਲੜ ਬੰਨ੍ਹ ਕੇ ਉਸ ਨੇ ਆਪਣੇ ਮੋਢੇ 'ਤੇ ਲਮਕਾਈ ਹੋਈ ਸੀ। ਠੁਮਕ-ਠੁਮਕ ਤੁਰਦਾ ਉਹ ਜਬਰੇ ਨੂੰ ਬਹੁਤ ਸੋਹਣਾ ਲੱਗ ਰਿਹਾ ਸੀ। ਪਰ ਜਦੋਂ ਹੀ ਉਸ ਨੂੰ ਉਸ ਦੇ ਪਿੱਛੇ ਰਹਿ ਜਾਣ ਦਾ ਅਹਿਸਾਸ ਹੁੰਦਾ ਤੇ ਉਹ ਉਸ ਦੇ ਉਤਰੇ ਹੋਏ ਚਿਹਰੇ ਵੱਲ ਗਰਦਨ ਭੰਵਾ ਕੇ ਦੇਖਦਾ ਤਾਂ ਉਸ ਦਾ ਆਪਣਾ ਚਿਹਰਾ ਵੀ ਉਤਰ ਜਾਂਦਾ। ਉਹ ਕਾਹਲ ਨਾਲ ਤੁਰਦਾ ਤੇ ਬੂਟਾ ਹੋਰ ਪਿੱਛੇ ਰਹਿ ਜਾਂਦਾ। ਇਸ ਸਮੇਂ ਉਹਨੂੰ ਬੂਟੇ 'ਤੇ ਗੁੱਸਾ ਆਉਂਦਾ ਤੇ ਫੇਰ ਤਰਸ ਵੀ।

ਵਸਾਖ-ਜੇਠ ਦੀ ਰੁੱਤ ਸੀ। ਉਹ ਬੂਟੇ ਨੂੰ ਕਰਮ ਸਿੰਘ ਦੇ ਕੋਠੀਂ ਛੱਡਣ ਜਾ ਰਿਹਾ ਸੀ। ਜਬਰੇ ਜ਼ਿੰਮੇ ਕਰਮ ਸਿੰਘ ਦਾ ਛੇ ਸੌ ਵਿਆਜੂ ਰੁਪਿਆ ਸੀ, ਇਸ ਰਕਮ ਦੇ ਵਿਆਜ 'ਚ ਬੂਟੇ ਨੇ ਹੁਣ ਕਰਮ ਸਿੰਘ ਦੀਆਂ ਮੱਝਾਂ ਚਾਰਨੀਆਂ ਸਨ। ਘੱਟੋ-ਘੱਟ ਛੇ ਮਹੀਨੇ ਤਾਂ ਚਾਰਨੀਆਂ ਹੀ ਸਨ ਨਾ। ਫੇਰ ਵੀ ਜੇ ਵਿਆਜੂ ਪੈਸਾ ਨਾ ਉਤਰਿਆ ਤਾਂ ਪਤਾ ਨਹੀਂ ਇਹ ਮੱਝਾਂ ਚਾਰਨ ਦਾ ਸਿਲਸਿਲਾ ਕਦੋਂ ਤੱਕ ਚੱਲਦਾ ਰਹੇਗਾ। ਹੁਣ ਤਾਂ ਬੂਟੇ ਨੇ ਇਹੀ ਕੰਮ ਕਰਨਾ ਸੀ, ਸਵੇਰ ਤੋਂ ਸ਼ਾਮ ਤੱਕ। ਕਰਮ ਸਿੰਘ ਦੇ ਖੇਤਾਂ ਵਿੱਚ ਆਥਣ ਉੱਗਣ ਹੋਰ ਨਿੱਕੇ-ਮੋਟੇ ਕੰਮ ਵੀ ਕਰਨੇ ਸਨ। ਰਾਤ ਨੂੰ ਵੀ ਕੋਠੀਂ ਹੀ ਸੌਣਾ ਸੀ। ਰੋਟੀ-ਟੁੱਕ ਸਭ ਓਥੇ। ਅੱਠੀਂ-ਦਸੀਂ ਦਿਨੀਂ ਪਿੰਡ ਗੇੜਾ ਮਾਰ ਸਕਦਾ ਸੀ, ਬਿੰਦ ਦੀ ਬਿੰਦ। ਜਬਰਾ ਸੂਏ ਦੇ ਪੁਲ ਤੇ ਆ ਗਿਆ। ਮਗਰ ਆ ਰਹੇ ਬੂਟੇ ਨੂੰ ਹਾਕ ਮਾਰ ਕੇ ਉਹ ਪੁਲ ਦੇ ਇੱਕ ਪਾਸੇ ਬੈਠ ਗਿਆ ਤੇ ਫੇਰ ਪੁਲ 'ਤੇ ਆ ਖੜ੍ਹੇ ਬੂਟੇ ਨੂੰ ਉਹਨੇ ਕੋਲ ਬਿਠਾ ਲਿਆ। ਉਹਦੇ ਮੋਢੇ 'ਤੋਂ ਬਾਂਹ ਕੱਢ ਕੇ ਉਹਨੂੰ ਵੱਖੀ ਨਾਲ ਘੁੱਟਿਆ।

'ਲਾਇਆ ਕਰੇਂਗਾ, ਮਹੀਆਂ ਦੇ ਮੋੜੇ?'

ਹਾਂ ਵਿੱਚ ਬੂਟੇ ਨੇ ਸਿਰ ਹਿਲਾਇਆ। ਮੂੰਹ ਤਾਂ ਜਿਵੇਂ ਉਸ ਦਾ ਸਿਊਂਤਾ ਹੋਇਆ ਹੋਵੇ।

'ਮਾਂ ਨੂੰ ਯਾਦ ਕਰੇਂਗਾ?' ਨਾਲ ਦੀ ਨਾਲ ਜਬਰੇ ਨੇ ਸੋਚਿਆ, ਇਹ ਵੀ ਕੋਈ ਪੁੱਛਣ ਵਾਲੀ ਗੱਲ ਹੈ? ਬੂਟਾ ਵੀ ਜਬਰੇ ਵੱਲ ਝਾਕਣ ਲੱਗਿਆ। ਜਿਵੇਂ ਕਹਿ ਰਹਿ ਹੋਵੇ, ਇਹ ਕਿਸ ਤਰ੍ਹਾਂ ਦਾ ਸਵਾਲ ਹੈ ਬਾਪੂ?

ਸੂਏ ਦੇ ਦੋਵੇਂ ਪਾਸੀਂ ਖੜ੍ਹੀਆਂ ਉੱਚੀਆਂ-ਉੱਚੀਆਂ ਟਾਹਲੀਆਂ ਦੇ ਪੱਤੇ ਹਰੇ ਕਚੂਰ ਸਨ। ਠੰਡੀ-ਠੰਡੀ ਹਵਾ ਹੌਲੀ-ਹੌਲੀ ਚੱਲ ਰਹੀ ਸੀ। ਟਾਹਲੀਆਂ ਦੇ ਪੱਤੇ ਬਹੁਤ ਥੋੜ੍ਹਾ ਹਿੱਲਦੇ। ਦੂਰ ਤੱਕ ਕਣਕਾਂ ਦੇ ਖ਼ਾਲੀ ਖੇਤ ਜਬਰੇ ਦੇ ਮਨ ਵਾਂਗ ਹੀ ਉਜਾੜ ਪਏ ਸਨ। ਕੋਈ-ਕੋਈ ਕਿਸਾਨ ਦਾਣੇ ਵੱਢ ਰਿਹਾ ਸੀ। ਕਿਧਰੇ-ਕਿਧਰੇ ਕੋਈ ਜਣਾ ਕਣਕ ਦੇ ਵੱਢ ਨੂੰ ਪਾਣੀ ਲਾ ਰਿਹਾ ਸੀ ਤਾਂ ਕਿ ਨਰਮਾ ਬੀਜਣ ਲਈ ਖੇਤ ਤਿਆਰ ਕੀਤਾ ਜਾ ਸਕੇ। ਸੂਏ ਦਾ ਪਾਣੀ ਲਗਾਤਾਰ ਵਹਿੰਦਾ ਤੁਰਿਆ ਜਾ ਰਿਹਾ ਸੀ। ਟਾਹਲੀਆਂ ਦੇ ਸੁੱਕੇ ਪੱਤੇ ਕਿੱਕਰ ਦੀ ਕੋਈ ਟਹਿਣੀ, ਘਾਹ ਦੀ ਕੋਈ ਤਿੜ੍ਹ ਪਾਣੀ ਦਾ ਹਿੱਸਾ ਬਣੇ ਰੁੜ੍ਹੇ ਜਾ ਰਹੇ ਸਨ। ਇੱਕ ਥਾਂ ਨਿਗਾਹ ਟਿਕਾਓ, ਦੂਰ ਜਾ ਕੇ ਮੁੜ ਓਥੇ ਹੀ ਪਰਤ ਆਉਂਦੀ।

ਸੋਹਣੇ ਮੌਸਮ ਵਿੱਚ ਇਹ ਪੁਲ ਕਿੰਨੀ ਸੋਹਣੀ ਥਾਂ ਸੀ। ਪਰ ਜਬਰੇ ਨੂੰ ਇਹ ਸਭ ਬਿਲਕੁੱਲ ਹੀ ਚੰਗਾ ਨਹੀਂ ਲੱਗ ਰਿਹਾ ਸੀ।

ਛੱਪੜੀ-ਵਿਹੜੇ ਦੇ ਨਾਲ ਲੱਗਦੇ ਦੋਵੇਂ-ਤਿੰਨੇ ਅਗਵਾੜਾਂ ਦੇ ਬਹੁਤ ਸਾਰੇ ਜਵਾਕ ਸਕੂਲ ਪੜ੍ਹਨ ਜਾਂਦੇ। ਦੇਖਦੇ-ਦੇਖਦੇ ਕਿੰਨੇ ਹੀ ਮੁੰਡੇ ਦਸਵੀਂ ਪਾਸ ਕਰ ਗਏ। ਕਈ ਤਾਂ ਨੇੜੇ ਸ਼ਹਿਰ ਵਿੱਚ ਕਾਲਜ ਵੀ ਜਾਂਦੇ। ਮਜ਼ਹਬੀ ਵਿਹੜੇ ਦੇ ਵੀ ਕੁਝ ਮੁੰਡੇ ਸਕੂਲ ਜਾਂਦੇ ਤੇ ਦੋ-ਤਿੰਨ ਮੁੰਡੇ ਕਾਲਜ ਵੀ। ਘੋਤੂ ਦਾ ਮੁੰਡਾ ਮਾਸਟਰ ਲੱਗਿਆ ਹੋਇਆ ਸੀ। ਧੱਲੇ ਦਾ ਮੁੰਡਾ ਪਟਵਾਰੀ ਸੀ। ਘੀਚਰ ਦੇ ਦੋਵੇਂ ਮੁੰਡੇ ਬਿਜਲੀ ਦੇ ਮਹਿਕਮੇ ਵਿੱਚ ਸਨ। ਸੋਹਣੀ ਰੋਟੀ ਖਾਂਦੇ। ਚੰਗੇ ਕੱਪੜੇ ਪਹਿਨਦੇ।

'ਓਏ, ਤੂੰ ਪੜ੍ਹ ਕੇ ਈ ਰਾਜ਼ੀ ਐਂ? ਜਬਰਾ ਉੱਭੜਵਾਹਿਆਂ ਬੋਲਿਆ।

ਮੁੰਡੇ ਦੀਆਂ ਅੱਖਾਂ ਜਿਵੇਂ ਚਮਕ ਪਈਆਂ ਹੋਣ। ਚਿਹਰਾ ਜਿਵੇਂ ਮੀਂਹ ਧੋਤੇ ਫੁੱਲ ਵਾਂਗ ਨਿੱਖਰ ਆਇਆ ਹੋਵੇ। ਉਸ ਦੇ ਜਮਾਤੀ ਮੁੰਡੇ ਗਿੰਦਰੀ, ਢੂੰਡਾ ਤੇ ਪਾਖਰ ਕਿੰਨੇ ਚਾਅ ਨਾਲ ਪੜ੍ਹ ਰਹੇ ਸਨ। ਉਹ ਤਾਂ ਉਨ੍ਹਾਂ ਤਿੰਨਾਂ ਨਾਲੋਂ ਹੁਸ਼ਿਆਰ ਸੀ। ਉਹ ਹਟ ਗਿਆ ਹੈ ਤਾਂ ਹੁਣ ਜਮਾਤ ਵਿੱਚ ਉਨ੍ਹਾਂ ਤਿੰਨਾਂ ਦੀ ਸਰਦਾਰੀ ਹੋ ਜਾਵੇਗੀ। ਚੌਥੀ ਦਾ ਮਨੀਟਰ ਹੁਣ ਉਨ੍ਹਾਂ ਤਿੰਨਾਂ ਵਿਚੋਂ ਹੀ ਕੋਈ ਬਣੇਗਾ। ਨਹੀਂ ਤਾਂ ਉਹ ਮਨੀਟਰ ਬਣ ਸਕਦਾ ਸੀ। ਓਸੇ ਨੇ ਹੀ ਬਣਨਾ ਸੀ। ਉਹ ਤਾਂ ਹੁਸ਼ਿਆਰ ਹੀ ਬੜਾ ਨਿਕਲ ਆਇਆ ਸੀ। ਭੈਣ ਜੀ ਸਵਾਲ ਬੋਲਦੇ ਹੀ ਰਹਿ ਜਾਂਦੇ ਤੇ ਉਹ ਸਭ ਤੋਂ ਪਹਿਲਾਂ ਕੱਢ ਕੇ ਲਿਆ ਦਿਖਾਉਂਦਾ। ਰੇਡੀਓ ਦੀਆਂ ਖ਼ਬਰਾਂ ਵਾਂਗ ਪੰਜਾਬੀ ਪੜ੍ਹਦਾ, ਕਿੰਨੀ ਵਧੀਆ ਲਿਖਾਈ ਸੀ ਉਹਦੀ।

ਜਬਰੇ ਨੂੰ ਮਹਿਸੂਸ ਹੋਇਆ, ਛੇ ਸੌ ਰੁਪਿਆ ਮੋੜਨਾ ਬਹੁਤ ਔਖਾ ਹੈ। ਗਾਂ ਦੇ ਦਿੱਤੀ ਹੁੰਦੀ ਤਾਂ ਮੁੜ ਕੇ ਪਸ਼ੂ ਨਹੀਂ ਜੁੜਨਾ ਸੀ। ਮੁੰਡੇ ਨੂੰ ਕੰਮ ਵਿੱਚ ਨਾ ਪਾਇਆ ਤਾਂ ਅੱਗੋਂ ਘਰ ਦਾ ਖ਼ਰਚ ਕੌਣ ਤੋਰੇਗਾ? ਸੱਤ-ਅੱਠ ਸਾਲ ਕਿੱਥੇ ਪਏ ਨੇ। ਓਦੂੰ ਪਹਿਲਾਂ-ਪਹਿਲਾਂ ਤਾਂ ਪੂਰਾ ਸੀਰੀ ਬਣ ਚੁੱਕਿਆਂ ਹੋਵੇਗਾ। ਘਰ ਦੇ ਦਾਣੇ ਆਉਣ ਲੱਗਣਗੇ। ਜਬਰੇ ਦੇ ਮਨ ਵਿੱਚ ਇੱਕ ਸੁਨਹਿਰੀ ਕਿਰਨ ਜਾਗੀ। ਉਹਨੇ ਵਿਉਂਤ ਲੜਾਈ ਕਿ ਉਹ ਇੱਕ ਸਾਲ ਤੋਂ ਬਾਅਦ ਬੂਟੇ ਨੂੰ ਕਿਸੇ ਹੋਰ ਜ਼ਿਮੀਦਾਰ ਨਾਲ ਪਾਲੀ ਰਲਾ ਦੇਵੇਗਾ। ਉਸ ਜ਼ਿਮੀਂਦਾਰ ਤੋਂ ਪੈਸੇ ਲੈ ਕੇ ਉਹ ਕਰਮ ਸਿੰਘ ਦੇ ਛੇ ਸੌ ਰੁਪਏ ਦਾ ਫਾਹਾ ਵੱਢ ਦੇਵੇਗਾ। ਕੁਝ ਪੈਸੇ ਨਵੇਂ ਜ਼ਿਮੀਂਦਾਰ ਤੋਂ ਤੇ ਕੁਝ ਉਹ ਆਪ ਕਰੇਗਾ। ਇਸ ਤਰ੍ਹਾਂ ਹੌਲੀ-ਹੌਲੀ ਕਰਕੇ ਉਹ ਆਪਣਾ ਭਾਰ ਲਾਹ ਦੇਵੇਗਾ। ਤੇ ਫੇਰ ਐਨੇ ਨੂੰ ਬੂਟਾ ਸੀਰੀ ਰਲਣ ਜੋਗਾ ਹੋ ਜਾਵੇਗਾ। ਫੇਰ ਤਾਂ ਘਰ ਦਾ ਸਾਰਾ ਭਾਰ ਚੁੱਕ ਲਵੇਗਾ।

'ਆਪਾਂ ਨੂੰ ਵਿੱਦਿਆ ਕਿੱਥੇ ਭਾਈ, ਚੱਲ ਉੱਠ।' ਜਬਰੇ ਨੇ ਲੰਬਾ ਸਾਹ ਲਿਆ।

'ਬੂਟਾ ਉਹਦੇ ਵੱਲ ਝਾਕਿਆ ਤੇ ਉੱਠ ਖੜ੍ਹਾ। ਉਹਦੀ ਝਾਕਣੀ ਵਿੱਚ ਘੋਰ ਨਿਰਾਸ਼ਾ ਸੀ।

ਜਬਰਾ ਅਜੇ ਵੀ ਖੜ੍ਹਾ ਸੀ। ਉਹਦੇ ਮੂੰਹੋਂ ਕੁਝ ਨਾ ਸਰਿਆ। ਫੇਰ ਕੁਝ ਪਲਾਂ ਬਾਅਦ ਉਹ ਬੋਲਿਆ-'ਚੱਲ ਤੁਰ, ਮੈਂ ਸੜਕ 'ਤੇ ਵੀ ਜਾਣੈ ਅਜੇ। ਮੇਟ ਤਾਂ ਡੀਕੀ ਜਾਂਦਾ ਹੋਣੈ ਮੈਨੂੰ।'

ਬੂਟੇ ਦੀਆਂ ਅੱਖਾਂ ਜਿਵੇਂ ਡੁੱਬ ਹੀ ਗਈਆਂ ਹੋਣ। ਨੀਵੀਂ ਪਾ ਕੇ ਉਹ ਆਪਣੇ ਪਿਓ ਦੇ ਪਿੱਛੇ-ਪਿੱਛੇ ਹੋ ਗਿਆ। ਕਰਮ ਸਿੰਘ ਦੇ ਕੋਠੇ ਸਾਹਮਣੇ ਹੀ ਦਿੱਸ ਰਹੇ ਸਨ। ਪਿਓ-ਪੁੱਤ ਸਿਰ ਸੁੱਟੀ ਜਾ ਰਹੇ ਸਨ। ♦

# ਪਰਛਾਵਿਆਂ ਦਾ ਮੋਹ

ਤੇ ਫਿਰ ਇੱਕ ਦਿਨ ਸਾਡਾ ਅਚਾਨਕ ਮੇਲ ਹੋ ਗਿਆ। ਅਸੀਂ ਇੱਕੋ ਬੱਸ ਵਿੱਚ ਚੜ੍ਹੇ ਸੀ। ਸਦਾ ਵਾਂਗ ਉਹਨੇ ਨਮਸਤੇ ਆਖੀ, ਹੱਥ ਮਿਲਾਇਆ ਤੇ ਬੱਸ ਵਿੱਚ ਬੈਠ ਗਿਆ। ਮੇਰੇ ਵੱਲ ਝਾਕਦਾ ਰਿਹਾ। ਉਹ ਅਗਲੀ ਸੀਟ 'ਤੇ ਬੈਠਾ ਸੀ ਤੇ ਮੈਂ ਮਗਰ ਸੀ। ਮੇਰੇ ਨਾਲ ਵਾਲੀ ਸੀਟ ਖ਼ਾਲੀ ਸੀ। ਥੋੜ੍ਹੇ ਚਿਰ ਬਾਅਦ ਹੀ ਉਹ ਉੱਠਿਆ ਤੇ ਮੇਰੇ ਨਾਲ ਆ ਕੇ ਬੈਠ ਗਿਆ। ਮੇਰਾ ਹਾਲ-ਚਾਲ ਪੁੱਛਣ ਲੱਗਿਆ। ਘਰ-ਪਰਿਵਾਰ ਦੀਆਂ ਗੱਲਾਂ ਕੀਤੀਆਂ। ਇਹ ਵੀ ਕਿ ਅੱਜ-ਕੱਲ੍ਹ ਕਿੱਥੇ ਹੁੰਦੇ ਹੋ? ਕੀ ਕੰਮ ਕਰਦੇ ਹੋ? ਛੇਤੀ-ਛੇਤੀ ਸਾਰੀਆਂ ਗੱਲਾਂ ਨਿਬੇੜ ਕੇ ਫੇਰ ਉਹਨੇ ਗੱਲ ਤੋਰੀ-'ਤੁਸੀਂ ਕਹਾਣੀਆਂ ਵੀ ਲਿਖਦੇ ਹੋ?'

'ਹਾਂ-ਹਾਂ, ਬਹੁਤ। ਤੁਸੀਂ ਪੜ੍ਹੀ ਐ ਕਦੇ ਮੇਰੀ ਕੋਈ ਕਹਾਣੀ?' ਮੈਨੂੰ ਉਹ ਸਾਹਿਤਕ ਰੁਚੀਆਂ ਵਾਲਾ ਬੰਦਾ ਲੱਗਿਆ। ਉਹਦੇ ਬਾਰੇ ਧਾਰਨਾ ਬਦਲਣ ਲੱਗੀ। ਮੈਨੂੰ ਉਹ ਚੰਗਾ ਲੱਗ ਰਿਹਾ ਸੀ।

'ਹਾਂ ਜੀ, ਅਖ਼ਬਾਰਾਂ-ਰਸਾਲਿਆਂ ਵਿੱਚ ਪੜ੍ਹਦਾ ਰਿਹਾਂ ਮੈਂ ਥੋਡੀਆਂ ਕਹਾਣੀਆਂ। ਸਾਡੇ ਮੁੰਡੇ ਨੂੰ ਸ਼ੌਕ ਸੀ। ਉਹ ਲੈ ਆਉਂਦਾ ਹੁੰਦਾ ਕਦੇ-ਕਦੇ ਕੋਈ ਰਸਾਲਾ ਘਰੇ ਪੜ੍ਹਨ ਨੂੰ। ਅਖ਼ਬਾਰ ਤਾਂ ਨਿੱਤ ਪੜ੍ਹਦੇ ਈ ਆਂ।'

'ਕਿੱਥੇ ਹੁੰਦੈ ਮੁੰਡਾ? ਕੀ ਕੰਮ ਕਰਦੈ?' ਮੈਂ ਮੁੰਡੇ ਬਾਰੇ ਜਾਨਣਾ ਚਾਹਿਆ। ਜ਼ਰੂਰ ਉਹ ਵੀ ਸਾਹਿਤਕ ਹੋਵੇਗਾ। ਪੜ੍ਹਨ ਲਈ ਰਸਾਲੇ ਘਰ ਲੈ ਕੇ ਆਉਂਦਾ ਹੈ।

'ਓਵਰਸੀਅਰ ਸੀ ਜੀ, ਮਰ ਗਿਆ, ਰਾਜਪਾਲ ਗੱਲ ਕਰਦਾ-ਕਰਦਾ ਉਦਾਸ ਹੋ ਗਿਆ।

'ਮਰ ਗਿਆ? ਕਿਵੇਂ ਮਰ ਗਿਆ? ਕਿੰਨੀ ਉਮਰ ਸੀ, ਮੈਨੂੰ ਰਾਜਪਾਲ ਨਾਲ ਹਮਦਰਦੀ ਹੋਈ, ਪਿਓ-ਪੁੱਤ ਦੀਆਂ ਸਾਹਿਤਕ ਰੁਚੀਆਂ ਦੀ ਜਾਣਕਾਰੀ ਦਾ ਖ਼ਿਆਲ ਵਿਸਰ ਗਿਆ। ਮੈਂ ਉਹ ਦੇ ਮੁੰਡੇ ਬਾਰੇ ਹੋਰ ਕਾਫ਼ੀ ਕੁਝ ਜਾਨਣਾ ਚਾਹਿਆ। ਰਾਜਪਾਲ ਦੇ ਬਾਕੀ ਪਰਿਵਾਰ ਬਾਰੇ ਵੀ।

ਰਾਜਪਾਲ ਦੀ ਆੜ੍ਹਤ ਦੀ ਦੁਕਾਨ ਸੀ। ਚਾਰ-ਪੰਜ ਪਿੰਡਾਂ ਦੇ ਲੋਕ ਉਹਦੀ ਦੁਕਾਨ 'ਤੇ ਆਉਂਦੇ। ਉਨ੍ਹਾਂ ਦਾ ਪਿਤਾ-ਪੁਰਖੀ ਆੜ੍ਹਤ ਦਾ ਕੰਮ ਸੀ। ਪੁਰਾਣੀ ਪਰਚੋਂ ਬਣੀ ਹੋਈ ਸੀ। ਉਹ ਜਿਵੇਂ-ਕਿਵੇਂ ਪੁਰਾਣੀ ਪੜਤ ਨੂੰ ਨਿਭਾਉਂਦਾ ਆ ਰਿਹਾ ਸੀ। ਉਹਦੇ ਮੁੰਡੇ ਸਨ। ਵੱਡਾ ਉਹਦੇ ਨਾਲ ਦੁਕਾਨ 'ਤੇ ਹੀ ਬਹਿੰਦਾ ਤੇ ਮਹਾਜਨੀ ਕੰਮ ਵਿੱਚ

ਮਾਹਰ ਸੀ। ਛੋਟੇ ਮੁੰਡੇ ਨਰੇਸ਼ ਨੂੰ ਉਹਨੇ ਓਵਰਸੀਅਰੀ ਦਾ ਕੋਰਸ ਕਰਵਾਇਆ। ਉਹ ਚਾਹੁੰਦਾ ਸੀ ਕਿ ਛੋਟਾ ਮੁੰਡਾ ਸਰਕਾਰੀ ਨੌਕਰੀ ਕਰੇ ਤੇ ਦੁਨੀਆਂ ਨੂੰ ਲੁੱਟ-ਲੁੱਟ ਖਾਵੇ। ਮੌਜਾਂ ਕਰੇ। ਆੜ੍ਹਤ ਦਾ ਕੰਮ ਤਾਂ ਜੱਟਾਂ-ਜ਼ਿਮੀਂਦਾਰਾਂ ਨਾਲ ਮੱਥਾ ਮਾਰਨ ਵਾਲੀ ਗੱਲ ਹੈ। ਬੈਂਕ ਵਿਚੋਂ ਪੈਸਾ ਲਿਆਂਦਾ, ਅਗਾਂਹ ਜੱਟਾਂ ਨੂੰ ਵੰਡ ਦਿੱਤਾ। ਫ਼ਸਲ ਮੌਕੇ ਸਣੇ ਵਿਆਜ ਦਿੱਤਾ ਪੈਸਾ ਕੱਟ ਲਿਆ, ਅਗਲੇ ਦਿਨ ਜੱਟ ਫੇਰ ਖੜ੍ਹੇ ਦਾ ਖੜ੍ਹਾ। ਇਹ ਚੱਕਰ ਮੁੱਕਦਾ ਨਹੀਂ ਸੀ। ਜਿਸ ਜ਼ਿਮੀਂਦਾਰ ਦੇ ਪੈਸੇ ਨਾ ਮੁੜਦੇ, ਉਹਦੇ ਮਗਰ-ਮਗਰ ਫਿਰਨਾ ਪੈਂਦਾ। ਖੱਜਲ-ਖੁਅਰੀ ਹੁੰਦੀ। ਰਾਜਪਾਲ ਨੇ ਚਾਹਿਆ ਸੀ ਕਿ ਵੱਡਾ ਤਾਂ ਚਲੋ ਇਸ ਕੰਮ ਵਿੱਚ ਪੈ ਗਿਆ ਸੋ ਪੈ ਗਿਆ, ਛੋਟਾ ਐਸ਼ਾਂ ਕਰੇ।

ਨਰੇਸ਼ ਦਾ ਉਹਨੇ ਠੋਕ-ਵਜਾ ਕੇ ਦਾਜ-ਦਹੇਜ ਲਿਆ, ਸਮਾਨ ਅੱਡ, ਨਕਦ ਪੈਸਾ ਗੁਪਤੀ, ਕੁੜੀ ਬੀ. ਏ. ਪਾਸ ਸੀ। ਨਰੇਸ਼ ਦਾ ਮੁੱਲ ਇਸ ਕਰਕੇ ਵੀ ਵਧ ਗਿਆ ਸੀ, ਕਿਉਂਕਿ ਉਹਨੂੰ ਨੌਕਰੀ ਮਿਲੀ ਹੋਈ ਸੀ। ਉਹ ਹਿਮਾਚਲ ਪ੍ਰਦੇਸ਼ ਵਿੱਚ ਲੋਕ ਨਿਰਮਾਣ ਵਿਭਾਗ ਦਾ ਪੱਕਾ ਕਰਮਚਾਰੀ ਸੀ। ਉਹਦਾ ਮਹਿਕਮਾ ਵੀ ਸੜਕਾਂ ਦਾ ਸੀ। ਅੰਨ੍ਹੀ ਕਮਾਈ ਸੀ ਉਹਨੂੰ। ਠੇਕੇਦਾਰ ਘਰ ਆ ਕੇ ਨੋਟ ਫੜਾ ਜਾਂਦੇ। ਕੁੜੀ ਉਹਨੂੰ ਓਧਰੋਂ ਹਿਮਾਚਲ ਪ੍ਰਦੇਸ਼ ਵਿਚੋਂ ਹੀ ਮਿਲ ਗਈ ਸੀ। ਉਹ ਪੰਜਾਬੀ ਸਨ, ਪਰ ਕਈ ਵਰ੍ਹਿਆਂ ਤੋਂ ਓਧਰ ਦੇ ਹੋ ਕੇ ਰਹਿ ਗਏ।

ਰਾਜਪਾਲ ਨੇ ਦੱਸਿਆ ਕਿ ਵੱਡੇ ਮੁੰਡੇ ਤੋਂ ਬਾਅਦ ਉਹਦੇ ਤਿੰਨ ਕੁੜੀਆਂ ਹੋਈਆਂ। ਕੁੜੀਆਂ ਤੋਂ ਛੋਟਾ ਸੀ ਇਹ ਨਰੇਸ਼। ਤਿੰਨਾਂ ਕੁੜੀਆਂ ਦੇ ਵਿਆਹਾਂ ’ਤੇ ਖ਼ਰਚ ਜਿਹੜਾ ਹੋਇਆ, ਉਹਨੇ ਉਹਨੂੰ ਖੁੰਘਲ ਕਰਕੇ ਰੱਖ ਦਿੱਤਾ। ਕੁੜੀਆਂ ਨੂੰ ਉਹਨੇ ਪੂਰਾ ਸਮਾਨ ਦਿੱਤਾ। ਅਗਲਿਆਂ ਨੇ ਜਿੰਨਾ ਕਿਹਾ, ਲਾਇਆ। ਅਕੇਰਾਂ ਤਾਂ ਖ਼ੁਸ਼ ਕਰ ਦਿੱਤੇ ਬਾਣੀਏ।

ਉਹਨੂੰ ਉਮੀਦ ਸੀ ਕਿ ਨਰੇਸ਼ ਦੀ ਕਮਾਈ ਨਾਲ ਤਿੰਨਾਂ ਕੁੜੀਆਂ ’ਤੇ ਲੱਗਿਆ ਪੈਸਾ ਵਾਪਸ ਆ ਜਾਵੇਗਾ। ਸਾਰੇ ਧੋਣੇ ਧੋਤੇ ਜਾਣਗੇ, ਪਰ ਅਜਿਹਾ ਹੋਇਆ ਨਹੀਂ। ਨਰੇਸ਼ ਦੀ ਬਹੂ ਬਹੁਤ ਚੁਸਤ-ਚਲਾਕ ਸੀ। ਬੜੀ ਤੇਜ਼ ਸੀ ਉਹ। ਉਹਦੇ ਮਾਪੇ ਵੀ ਤਿੱਖੇ ਸਨ। ਵਿਆਹ ਹੁੰਦੇ ਹੀ ਉਨ੍ਹਾਂ ਨੇ ਮੁੰਡਾ ਵੱਸ ਵਿੱਚ ਕਰ ਲਿਆ। ਵਿਆਹ ਵੇਲੇ ਜਿਹੜਾ ਗੁਪਤ ਪੈਸਾ ਦਿੱਤਾ, ਉਹ ਨਕਦ ਨਹੀਂ ਸੀ। ਚੈੱਕ ਸੀ ਤੇ ਚੈੱਕ ਵੀ ਮੁੰਡੇ ਦੇ ਨਾਂ। ਚਾਰ ਮਹੀਨੇ ਚੈੱਕ ਮੁੰਡੇ ਨੇ ਜਮ੍ਹਾਂ ਹੀ ਨਹੀਂ ਕਰਵਾਇਆ। ਨਾਲ ਲਈ ਫਿਰਦਾ ਰਿਹਾ। ਫੇਰ ਇੱਕ ਦਿਨ ਕਹਿੰਦਾ, ‘ਮੇਰਾ ਪੈਸਾ ਹੈ, ਜਦੋਂ ਮਰਜ਼ੀ ਜਮ੍ਹਾਂ ਕਰਾਵਾਂ।’ ਐਨੇ ਨੂੰ ਬਹੂ ਨੇ ਛੱਪਾ ਪਾ ਲਿਆ ਮੁੰਡੇ ’ਤੇ। ਉਹਨੇ ਕਦੇ ਵੀ ਕੋਈ ਪੈਸਾ ਘਰ ਨਹੀਂ ਭੇਜਿਆ। ਮਜਾਲ ਹੈ, ਕਦੇ ਹੱਥ ’ਤੇ ਥੁੱਕਿਆ ਵੀ ਹੋਵੇ। ਸਮਾਨ ਜਿਹੜਾ ਵਿਆਹ ਵੇਲੇ ਦਿੱਤਾ ਸੀ, ਸਭ ਓਥੇ ਸੀ। ਰੰਗਦਾਰ ਟੀ. ਵੀ., ਫਰਿੱਜ, ਸਕੂਟਰ, ਗਾਡਰੇਜ਼ ਦੀ ਅਲਮਾਰੀ, ਕੂਲਰ, ਵੀ. ਸੀ. ਆਰ. ਇੱਕ ਚੀਜ਼ ਸਾਡੇ ਕੋਲ ਨਹੀਂ ਆਈ। ਕਿਰਾਏ ਦਾ ਮਕਾਨ ਸੀ, ਓਥੇ ਈ ਰਹੀਆਂ ਸਭ ਚੀਜ਼ਾਂ। ਸਾਨੂੰ ਉਨ੍ਹਾਂ ਦਾ ਕੀ ਭਾਅ ਬਈ?

ਰਾਜਪਾਲ ਕਹਿ ਰਿਹਾ ਸੀ ਕਿ ਚਲੋ, ਮੁੰਡਾ ਤਾਂ ਮੇਰਾ ਹੀ ਸੀ। ਨਹੀਂ ਦਿੰਦਾ ਸੀ ਕੋਈ ਪੈਸਾ ਮੈਨੂੰ, ਨਾ ਸਹੀ। ਮੈਨੂੰ ਤਾਂ ਐਨੀ ਖ਼ੁਸ਼ੀ ਬਹੁਤ ਸੀ ਕਿ ਮੇਰਾ ਮੁੰਡਾ ਪੈਸੇ ਵਾਲਾ ਹੋ ਗਿਆ ਹੈ। ਅਸੀਂ ਵਕਤ ਕੱਟਿਆ, ਚਲੋਂ ਉਹ ਤਾਂ ਐਸ਼ ਕਰੇਗਾ। ਕਦੇ ਤਾਂ ਸਮਝੇਗਾ,

ਕਦੇ ਤਾਂ ਮੱਤ ਆਵੇਗੀ ਕਿ ਮੇਰਾ ਬਾਪ ਹੈ। ਪੜ੍ਹਾਇਆ-ਲਿਖਾਇਆ ਸੀ। ਸਮਾਨ ਦਾ ਕੀ ਸੀ, ਉਹਨੂੰ ਦਿੱਤਾ ਸੀ, ਉਹਦੇ ਕੋਲ ਹੈ। ਅਸੀਂ ਕੀ ਕਰਨਾ ਸੀ ਸਮਾਨ ਦਾ? ਉਹਦਾ ਹੈ, ਵਰਤੇ ਆਪਣਾ।

ਅਸੀਂ ਬੱਸ ਦਾ ਅੱਧਾ ਸਫ਼ਰ ਮੁਕਾ ਚੁੱਕੇ ਸੀ। ਉਹ ਮੁੰਡੇ ਦੀ ਗੱਲ ਲਮਕਾ ਰਿਹਾ ਲੱਗਿਆ। ਗੱਲ ਤਾਂ ਐਨੀ ਸੀ ਕਿ ਮੁੰਡਾ ਪੜ੍ਹਾਇਆ-ਲਿਖਾਇਆ, ਓਵਰਸੀਅਰ ਦੀ ਵਧੀਆ ਨੌਕਰੀ ਮਿਲ ਗਈ, ਕਮਾਈ ਵਾਲੀ ਥਾਂ ਸੀ, ਸਹੁਰਿਆਂ ਨੇ ਦਿੱਤਾ ਬਹੁਤ, ਬਹੂ ਚੁਸਤ-ਚਲਾਕ ਸੀ, ਮੁੰਡਾ ਮਰ ਗਿਆ, ਬਹੁਤ ਵੱਡਾ ਦੁੱਖ ਹੈ। ਮੁੰਡਾ ਮਰੇ ਦਾ ਕੀਹਨੂੰ ਦੁੱਖ ਨਹੀਂ ਹੁੰਦਾ? ਮੈਂ ਗੱਲ ਨੂੰ ਸੰਖੇਪ ਕਰਨਾ ਚਾਹਿਆ-'ਉਹ ਮਰ ਕਿਵੇਂ ਗਿਆ?'

'ਇਹ ਵੀ ਕੀ ਆਖ ਸਕਦੇ ਆਂ, ਭਾਈ ਸਾਅਬ? ਖਬਰੈ, ਮਰ ਗਿਆ ਜਾਂ ਮਾਰ ਤਾਂ? ਵੀਹ ਦਿਨ ਹਸਪਤਾਲ ਰਿਹਾ। ਕੋਈ ਬਿਮਾਰੀ ਦਾ ਭੇਤ ਨ੍ਹੀਂ ਆਇਆ। ਦਸ ਦਿਨ ਤਾਂ ਕਿਸੇ ਨੇ ਖ਼ਬਰ ਨ੍ਹੀਂ ਕੀਤੀ। ਪਤਾ ਲੱਗੇ ਤੋਂ ਗਏ ਅਸੀਂ। ਮੈਂ ਤੇ ਮੇਰੀ ਘਰਵਾਲੀ ਰਹੇ ਉਹ ਦੇ ਕੋਲ। ਪਹਿਲਾਂ-ਪਹਿਲਾਂ ਤਾਂ ਸਹੁਰੀ ਗੇੜਾ ਜ੍ਹਾ ਮਾਰ ਜਾਂਦੀ ਸੀ, ਫੇਰ ਆਉਣੋ ਈ ਹਟਗੀ। ਇੱਕ ਦਿਨ ਪਹਿਲਾਂ ਘਰੇ ਲੈ 'ਗੇ ਸੀ। ਡਾਕਟਰਾਂ ਨੇ ਜੁਆਬ ਦੇ ਦਿੱਤਾ ਸੀ। ਰਾਤ ਨੂੰ ਤੁਰ ਗਿਆ ਬੱਸ। ਸਹੁਰੇ ਨੇ ਹਿੰਝ ਨ੍ਹੀਂ ਸਿੱਟੀ ਕੋਈ। ਦੂਰ ਸੀ, ਓਥੇ ਈ ਫੂਕ ਆਏ ਫੇਰ। ਏਥੇ ਲਿਆ ਕੇ ਵੀ ਤਾਂ ਫੂਕਣਾ ਈ ਸੀ। ਬੱਸ ਜੀ, ਸਹੁਰੀ ਨੇ ਭੋਰਾ ਵੀ ਨ੍ਹੀਂ ਡੀਕਿਆ, ਸਾਂਭਣ 'ਤੇ ਹੋ 'ਗੀ। ਭੋਗ ਤੋਂ ਅਗਲੇ ਦਿਨ ਈ ਸਾਨੂੰ ਘਰੋਂ ਕੱਢ 'ਤਾ। ਅਖੇ-'ਥੋਡਾ ਕੀਹ ਐ ਹੁਣ ਐਥੇ। ਸਮਾਨ ਮੇਰਾ, ਮੇਰੇ ਮਾਪਿਆਂ ਨੇ ਦਿੱਤਾ ਸੀ।'

'ਫੇਰ ਤਾਂ ਬੜੀ ਮਾੜੀ ਨਿਕਲੀ। ਜ਼ਾਲਮ ਸੀ ਉਹ ਥੋਡੀ ਨੂੰਹ।'

'ਜ਼ਾਲਮ ਵਰਗੀ ਜ਼ਾਲਮ। ਜਮਾਂ ਚੰਡਾਲਣੀ, ਮੁੰਡਾ ਖਾ 'ਗੀ ਸਾਡਾ।' ਰਾਜਪਾਲ ਅਤਿ ਦੁਖੀ ਸੀ।

ਅਸੀਂ ਚੁੱਪ ਹੋ ਗਏ। ਮੈਂ ਅੱਖਾਂ ਮੀਟ ਕੇ ਸਾਹਮਣੇ ਵਾਲੀ ਸੀਟ 'ਤੇ ਡੰਡੇ ਨਾਲ ਮੱਥਾ ਲਾ ਲਿਆ। ਅਗਲਾ ਅੱਡਾ ਆਇਆ ਤਾਂ ਮੈਂ ਸਵਾਰੀਆਂ ਦੀ ਉਤਰਾਈ-ਚੜ੍ਹਾਈ ਦੇਖਣ ਲੱਗਿਆ। ਰਾਜਪਾਲ ਵੱਲ ਮੇਰਾ ਬਿਲਕੁੱਲ ਧਿਆਨ ਨਹੀਂ ਸੀ। ਸਮਝ ਲਿਆ ਸੀ ਕਿ ਗੱਲ ਮੁੱਕ ਗਈ ਤੇ ਬੱਸ। ਪਰ ਉਹਨੇ ਮੇਰੇ ਮੋਢੇ ਨੂੰ ਹੱਥ ਲਾਇਆ ਤਾਂ ਮੈਂ ਚੌਂਕ ਕੇ ਉਹਦੇ ਚਿਹਰੇ ਵੱਲ ਝਾਕਣ ਲੱਗਿਆ। ਉਹਦੀਆਂ ਅੱਖਾਂ ਵਿੱਚ ਤਪਸ਼ ਸੀ। ਉਹ ਬੋਲਿਆ, 'ਫੇਰ ਬੱਚਾ ਸੀ ਪੇਟ 'ਚ ਚਾਰ ਮਹੀਨੇ ਦਾ, ਉਹ ਕਢਾ 'ਤਾ। ਮੁੰਡਾ ਤਾਂ ਚਲੋ ਮੁੱਕ ਗਿਆ ਸੀ ਸਾਡਾ। ਉਹਦੀ ਨਿਸ਼ਾਨੀ ਤਾਂ ਰਹਿ ਜਾਂਦੀ ਜੱਗ 'ਤੇ, ਉਹ ਵੀ ਖ਼ਤਮ।'

'ਚੱਲ ਛੱਡ ਰਾਜਪਾਲ। ਜਦੋਂ ਤੇਰਾ ਮੁੰਡਾ ਨ੍ਹੀਂ ਰਿਹਾ, ਤੈਂ ਉਹ ਦਾ ਜੁਆਕ ਕੀ ਕਰਨਾ ਸੀ?' ਮੈਂ ਆਪਣੇ ਮਨ ਵਿੱਚ ਕਿਹਾ, 'ਠੀਕ ਕੀਤਾ ਉਹਨੇ। ਹੁਣ ਉਹ ਨਵਾਂ ਵਿਆਹ ਕਰਾ ਸਕੇਗੀ। ਬੰਦੇ ਦੇ ਨਾਲ ਤਾਂ ਮੁੱਕਿਆ ਨ੍ਹੀਂ ਜਾਂਦਾ। ਉਹਨੇ ਆਪਣੀ ਜ਼ਿੰਦਗੀ ਅਗਾਂਹ ਵੀ ਤਾਂ ਤੋਰਨੀ ਸੀ।'

'ਜਿੰਨਾ ਪੈਸਾ ਜਮ੍ਹਾਂ ਸੀ ਨਰੇਸ਼ ਦਾ ਸਾਰਾ ਕਢਾ ਲਿਆ। ਪਤਾ ਨ੍ਹੀਂ ਦੋ ਲੱਖ ਸੀ, ਪਤਾ ਨ੍ਹੀਂ ਚਾਰ ਲੱਖ ਸੀ। ਖਬਰੈ, ਕਿੰਨਾ ਸੀ? ਮੈਂ ਤਾਂ ਪਤਾ ਕਰ ਲਿਆ, ਕੱਖ ਨ੍ਹੀਂ ਉਹਦੇ ਨਾਂ, ਹੁਣ ਕੁੱਛ ਕਿਸੇ ਬੈਂਕ 'ਚ। ਇੱਕ ਸਾਲੇ ਕਾਨੂੰਨ ਅਹੇ-ਜੇ ਬਣ ਗੇ, ਘਰ ਵਾਲੀ ਦੇ

ਨਾਂ ਹੋ ਜਾਂਦੇ ਸਭ। ਅਸੀਂ ਉਹਨੂੰ ਜੰਮਿਆ-ਪਾਲਿਆ, ਪੜ੍ਹਾਇਆ-ਲਿਖਾਇਆ, ਸਾਡਾ ਭਲਾ ਹੱਕ ਨ੍ਹੀਂ ਸੀ ਬਣਦਾ ਕੋਈ?' ਉਹਦਾ ਤਪਿਆ ਚਿਹਰਾ ਦੱਸਦਾ ਸੀ ਕਿ ਉਹ ਪੈਸੇ ਦੇ ਮਾਮਲੇ ਵਿੱਚ ਸਭ ਤੋਂ ਵੱਧ ਦੁਖੀ ਹੈ।

'ਹੁਣ ਕੀ ਕਰਦੀ ਐ ਉਹ? ਘਰੇ ਈ ਐ, ਆਪਣੇ ਮਾਪਿਆਂ ਕੋਲ? ਜਾਂ ਹੋਰ ਸ਼ਾਦੀ ਕਰਾ' ਲੀ ਕੋਈ?'

'ਸ਼ਾਦੀ ਨ੍ਹੀਂ ਕਰਾਈ। ਓਸੇ ਮਕਾਨ 'ਚ ਐ, ਨਰੇਸ਼ ਆਲੇ 'ਚ। ਸਮਾਨ ਦਾ ਡਾਲ ਨ੍ਹੀਂ ਹਿੱਲਣ ਦਿੰਦੀ ਕਿਧਰੇ। ਮਾਪਿਆਂ ਨੂੰ ਨ੍ਹੀਂ ਦਿੰਦੀ, ਮਾਪਿਆਂ ਨੂੰ ਕਿਹੜਾ ਦਿੰਦੀ ਐ। ਨਰੇਸ਼ ਦੀ ਜਗ੍ਹਾ ਨੌਕਰੀ ਵੀ ਲੈ 'ਲੀ। ਓਸੇ ਮਹਿਕਮੇ 'ਚ ਕਲਰਕ ਐ ਹੁਣ। ਮੌਜਾਂ ਕਰਦੀ ਐ, ਖਬਰੈ ਕੀ ਕਰਦੀ ਐ? ਕਹਿ ਨ੍ਹੀਂ ਸਕਦੇ, ਨੂੰਹ ਐ ਫੇਰ ਵੀ।'

'ਚੁਸਤ ਐ ਫੇਰ ਤਾਂ।' ਮੈਂ ਕਿਹਾ।

'ਚੁਸਤ ਵਰਗੀ ਚੁਸਤ। ਨਰੇਸ਼ ਕੋਈ ਯਾਦ ਨ੍ਹੀਂ ਹੁਣ ਉਹਦੇ। ਉਹਨੂੰ ਕੋਈ ਦੁੱਖ ਨ੍ਹੀਂ ਉਹਦੇ ਮਰੇ ਦਾ।' ਮੇਰੇ ਵੱਲ ਮੂੰਹ ਕਰਕੇ ਉਹ ਫੇਰ ਕਹਿਣ ਲੱਗਿਆ-'ਚਲੋ ਬੱਚਾ ਗਿਰਾ 'ਤਾ, ਕੋਈ ਗੱਲ ਨ੍ਹੀਂ। ਮੁੰਡੇ ਦੀ ਥਾਂ ਨੌਕਰੀ ਮਿਲ 'ਗੀ, ਕਾਨੂੰਨ ਐ, ਮਿਲਣੀ ਈ ਸੀ। ਪਰ ਪੈਸਾ ਜਿਹੜਾ ਜਮ੍ਹਾਂ ਸੀ, ਬੈਂਕਾਂ 'ਚ ਜਾਂ ਕਿਧਰੇ ਵੀ ਉਹਦਾ ਰੱਖਿਆ ਵਿਆ, ਉਹ ਦੇ 'ਚ ਸਾਡਾ ਵੀ ਹੱਕ ਸੀ। ਇਹ ਮਾੜਾ ਕੀਤਾ ਸਹੁਰੀ ਨੇ। ਕੁੱਛ ਵੀ ਨਾ ਸੋਚਿਆ।'

'ਓਏ, ਪੈਸਾ ਮੁੱਖ ਹੋ ਗਿਆ ਉਹਨੂੰ ਭਾਈ, ਰਾਜਪਾਲ। ਕੀ ਗੱਲਾਂ ਕਰਦੈ ਤੂੰ। ਪੈਸੇ ਕਰਕੇ ਸਭ ਰਿਸ਼ਤੇ ਨਾਤੇ ਟੁੱਟ ਜਾਂਦੇ ਐ। ਦੁਨੀਆ ਪੈਸੇ ਦੀ ਐ। ਮੈਂ ਗੱਲ 'ਤੇ ਪੋਚਾ ਫੇਰ ਦਿੱਤਾ।

ਅਗਲਾ ਅੱਡਾ ਆਇਆ ਤਾਂ ਮੈਂ ਪਿਸ਼ਾਬ ਕਰਨ ਲਈ ਥੱਲੇ ਉੱਤਰ ਗਿਆ। ਮੁੜ ਕੇ ਚੜ੍ਹਿਆ ਤਾਂ ਮੇਰੀ ਸੀਟ 'ਤੇ ਇੱਕ ਜ਼ਨਾਨੀ ਬੈਠੀ ਹੋਈ ਸੀ। ਰਾਜਪਾਲ ਨੇ ਉਹ ਨੂੰ ਬਿੰਦ ਦੀ ਬਿੰਦ ਬਿਠਾ ਲਿਆ ਹੋਵੇਗਾ। ਜ਼ਨਾਨੀ ਦੀ ਗੋਦੀ ਛੋਟਾ ਜੁਆਕ ਸੀ। ਮੈਨੂੰ ਦੇਖ ਕੇ ਰਾਜਪਾਲ ਨੇ ਉਸ ਜ਼ਨਾਨੀ ਨੂੰ ਉੱਠਣ ਲਈ ਕਿਹਾ। ਪਰ ਮੈਂ ਹੱਥ ਮਾਰ ਦਿੱਤਾ- 'ਬੈਠੋ ਭਾਈ, ਬੈਠੋ। ਮੈਂ ਐਧਰ ਦੇਖ ਲੈਨਾਂ।' ਦੋ ਸਵਾਰੀਆਂ ਨੂੰ ਪਾਸਾ ਮਰਵਾ ਕੇ ਮੈਂ ਨਿੱਕੀ ਜਿੰਨੀ ਥਾਂ 'ਤੇ ਟਿਕ ਗਿਆ। ਦੂਜੀ ਸਵਾਰੀ ਪਤਲਾ ਜਿਹਾ ਮੁੰਡਾ ਸੀ ਇੱਕ। ਧੌਣ ਭੰਵਾ ਕੇ ਮੈਂ ਰਾਜਪਾਲ ਵੱਲ ਝਾਕਿਆਂ ਤਾਂ ਉਹ ਨਾਲ ਬੈਠੀ ਜ਼ਨਾਨੀ ਵੱਲ ਦੇਖ-ਦੇਖ ਦੁਖੀ ਹੋ ਰਿਹਾ ਸੀ।

ਚਾਹੇ ਮੈਂ ਤੰਗ ਬੈਠਾ ਸੀ, ਪਰ ਰਾਜਪਾਲ ਦੀ ਅੰਤਹੀਣ ਵਾਰਤਾ ਤੋਂ ਖਹਿੜਾ ਛੁਡਾ ਕੇ ਖਾਸੀ ਰਾਹਤ ਮਿਲ ਗਈ। ਉਹ ਆਪਣੇ ਮੁੰਡੇ ਨੂੰ ਨਹੀਂ, ਪੈਸੇ ਨੂੰ ਕਲਪ ਰਿਹਾ ਸੀ। ਨੂੰਹ 'ਤੇ ਕਿੰਨਾ ਖਿਝ ਰਿਹਾ ਹੈ। ਨੂੰਹ ਜਿਵੇਂ ਡਾਕੂ ਹੋਵੇ। ਦੈਂਤਣੀ ਹੋਵੇ ਕੋਈ। ਮੁੰਡਾ ਖਾ ਗਈ ਸੋ ਖਾ ਗਈ, ਪੈਸਾ ਕਿਉਂ ਖਾਧਾ? ਐਨੇ ਨੂੰ ਸਾਡਾ ਸ਼ਹਿਰ ਆ ਗਿਆ। ਮੈਂ ਕਾਹਲ ਨਾਲ ਉਤਰ ਕੇ ਰਿਕਸ਼ਾ ਲੈਣਾ ਚਾਹਿਆ। ਪਰ ਉਹ ਤਾਂ ਮੇਰੇ ਨਾਲ ਹੀ ਆ ਖੜ੍ਹਾ, ਮੇਰੀ ਛਾਂ ਵਾਂਗ। ਆਖ ਰਿਹਾ ਸੀ, 'ਮੈਂ ਵੀ ਉੱਧਰ ਈ ਜਾਣੈ। ਇੱਕ ਰਿਕਸ਼ਾ ਕਰ ਲੈਨੇ ਆਂ।

ਰਿਕਸ਼ੇ ਵਿੱਚ ਜਾ ਰਹੇ ਅਸੀਂ ਕੋਈ ਗੱਲ ਨਹੀਂ ਕਰ ਰਹੇ ਸੀ। ਗੱਲਾਂ ਬਹੁਤ ਹੋ ਗਈਆਂ ਸਨ। ਬਾਕੀ ਹੁਣ ਕੀ ਰਹਿ ਗਿਆ ਸੀ, ਪਰ ਉਹਤੋਂ ਰਿਹਾ ਨਾ ਗਿਆ। ਬੋਲ

ਉੱਠਿਆ-'ਤੁਸੀਂ ਮੇਰਾ ਇੱਕ ਕੰਮ ਕਰ ਦਿਓ। ਤੁਸੀਂ ਵਿਦਵਾਨ ਓ-ਗਿਆਨਵਾਨ ਓਂ, ਕਹਾਣੀਆਂ ਲਿਖਦੇ ਓਂ, ਇਹ ਵੀ ਲਿਖ ਦਿਓ।'

'ਕਹਾਣੀ ਲਿਖਣ ਨਾਲ ਕੀ ਹੋਜੂ ਰਾਜਪਾਲ?'

'ਸ਼ਹਿਰ ਦੇ ਬੰਦੇ ਲੈ ਗਿਆ ਸੀ। ਰਿਸ਼ਤੇਦਾਰੀਆਂ ਮੈਂ ਢੋਹਤੀਆਂ। ਮੁਕੱਦਮਾ ਕਰਨ ਦੀ ਧਮਕੀ ਵੀ ਦਿੱਤੀ। ਚਾਹੇ ਕੋਈ ਕਾਨੂੰਨ ਮੇਰੇ ਹੱਕ 'ਚ ਨ੍ਹੀਂ ਖੜ੍ਹਦਾ। ਤੁਸੀਂ ਕਹਾਣੀ ਲਿਖ ਦਿਓ। ਛਪਾਉਣ 'ਤੇ ਜਿੰਨੇ ਪੈਸੇ ਲੱਗਣਗੇ, ਖ਼ਰਚ ਸਾਰਾ ਮੈਂ ਕਰੂੰ। ਤੁਸੀਂ ਪੈਸਿਆਂ ਦੀ ਪ੍ਰਵਾਹ ਨਾ ਕਰੋ, ਮੈਂ ਚਾਹੁਨਾਂ, ਦੁਨੀਆਂ ਨੂ ਪਤਾ ਲੱਗੇ ਬਈ ਉਹਨੇ ਕੀ ਕੀਤਾ ਸਾਡੇ ਨਾਲ। ਮੈਂ ਓਸ ਕੁੱਤੀ ਨੂੰ ਬਦਨਾਮ ਕਰਨਾ ਚਾਹੁੰਦਾ।'

ਮੇਰੀ ਗਲੀ ਆ ਗਈ। ਰਿਕਸ਼ੇ ਵਿਚੋਂ ਉਤਰ ਕੇ ਮੈਂ ਉਹਨੂੰ ਸਮਝਾਇਆ, 'ਰਾਜਪਾਲ, ਤੇਰਾ ਮੁੰਡਾ ਤਾਂ ਹੁਣ ਮੁੜ ਨ੍ਹੀਂ ਸਕਦਾ। ਕਹਾਣੀਆਂ 'ਚ ਕੀ ਧਰਿਆ ਪਿਐ, ਯਾਰ। ਸਬਰ ਕਰ ਬੱਸ।' ਪਰ ਉਹ ਦੀ ਤਸੱਲੀ ਨਹੀਂ ਹੋਈ। ਰਿਕਸ਼ੇ ਵਿੱਚ ਇਕੱਲੇ ਬੈਠਾ ਜਾ ਰਿਹਾ ਉਹ ਮੇਰੇ ਵੱਲ ਹਸਰਤ ਭਰੀਆਂ ਨਿਗਾਹਾਂ ਨਾਲ ਝਾਕ ਰਿਹਾ ਸੀ। ♦

# ਸਾਈਡ ਬਿਜ਼ਨਸ

'ਫ਼ਿਕਰ ਵਾਲੀ ਗੱਲ ਐ ਜੀ।'

'ਹਾਂ, ਹਾਂ,

'ਰਾਜੂ ਖੜ੍ਹਾ ਹੋਣ ਲੱਗ ਪਿਐ। ਕੱਲ੍ਹ ਆਪਣੇ ਸਹਾਰੇ ਈ ਇੱਕ ਪਲਾਂਘ ਪੁੱਟੀ। ਹੱਸਦਾ ਵੀ ਸੀ।'

'ਹਾਂ, ਕੁੱਛ ਜ਼ਿਆਦਾ ਈ ਵੱਡਾ ਹੋ ਗਿਐ। ਹੁਣ ਤਾਂ ਇਹ ਚਲਿਆ ਈ ਜਾਣਾ ਚਾਹੀਦੈ। ਨਹੀਂ ਤਾਂ ਫੇਰ ਓਪਰੀ ਥਾਂ ਦਿਲ ਨਹੀਂ ਲੌਣਾ ਇਹ ਨੇ।'

'ਤਦ ਈ ਤਾਂ ਫ਼ਿਕਰ ਕਰਦੀ ਆਂ ਮੈਂ।'

'ਮੰਗਲੂ, ਦੇਖਿਆ, ਕਿੰਨਾ ਛੇਤੀ ਗਿਆ। ਬੈਠਣ ਵੀ ਨਹੀਂ ਲੱਗਿਆ ਸੀ ਹਾਲੇ।'

'ਓਸ ਨੇ ਤਾਂ ਰਜਨੀ, ਯਾਦ ਵੀ ਨਹੀਂ ਕੀਤਾ ਹੋਣਾ ਆਪਾਂ ਨੂੰ।'

'ਐਨੀ ਕੁ ਉਮਰ 'ਚ ਕੀ ਯਾਦ ਕਰਨਾ ਸੀ ਉਹਨੇ। ਕੀ ਸੁਰਤ ਹੁੰਦੀ ਐ ਐਡੇ ਕੁ ਬੱਚੇ ਨੂੰ। ਉਹ ਨੇ ਤਾਂ ਦਿੱਤਾ ਵੀ ਬਹੁਤ।'

'ਹਾਂ, ਪੰਜ ਹਜ਼ਾਰ ਥੋੜ੍ਹਾ ਹੁੰਦੈ। ਉਹ ਸਾਲ ਤਾਂ ਵਧੀਆ ਲੰਘਿਆ ਆਪਣਾ। ਕਿਸੇ ਚੀਜ਼ ਦੀ ਟੋਟ ਨ੍ਹੀਂ ਰਹੀ, ਘਰ 'ਚ। ਪਾਓ-ਪਾਓ ਦੁੱਧ ਵੀ ਮਿਲ ਜਾਂਦਾ ਸੀ ਰਾਤ ਵੇਲੇ ਪੀਣ ਨੂੰ।'

'ਰਾਜੂ ਦਾ ਦੇਖੋ। ਮੈਨੂੰ ਲੱਗਦਾ, ਅੱਜ ਤਾਂ ਇਹ ਚਲਿਆ ਈ ਜਾਏਗਾ। ਮੈਂ ਤਾਂ ਚਾਮੁੰਡਾ ਦੀ ਸੁੱਖਣਾ ਵੀ ਸੁੱਖੀ ਬੈਠੀ ਹਾਂ, ਹੇ ਚਾਮੁੰਡਾ ਦੇਵੀ...।

ਜੌਨਸ ਗੰਜ ਦੇ ਰੇਲਵੇ-ਕੁਆਟਰਾਂ ਵਿੱਚ ਉਹ ਰਹਿੰਦੇ ਹਨ। ਅੱਜ ਐਤਵਾਰ ਹੈ। ਹਰ ਐਤਵਾਰ ਉਹ ਸਵੇਰ ਦਾ ਰੁੱਖਾ-ਮਿੱਸਾ ਨਾਸ਼ਤਾ ਕਰਕੇ ਘਰੋਂ ਬਾਹਰ ਨਿਕਲ ਤੁਰਦੇ ਹਨ। ਕਿੰਨੇ ਹੀ ਮਹੀਨਿਆਂ ਤੋਂ ਉਨ੍ਹਾਂ ਦਾ ਹਰ ਐਤਵਾਰ ਖਾਲੀ ਚਲਿਆ ਜਾਂਦਾ ਹੈ। ਤੇ ਉਹ ਨਿਰਾਸ਼ ਹੋ ਕੇ ਸੂਰਜ ਛਿਪੇ ਘਰ ਆ ਮੁੜਦੇ ਹਨ।

ਜੌਨਸ ਗੰਜ ਦੇ ਰੇਲਵੇ-ਫਾਟਕ ਤੋਂ ਅੱਗੇ ਸੜਕੇ-ਸੜਕ ਤੁਰੇ ਆ ਰਹੇ ਉਹ ਰਾਜੂ ਬਾਰੇ ਫ਼ਿਕਰਮੰਦ ਹਨ। ਦੂਰੋਂ ਹੀ ਰਾਮਗੰਜ ਵੱਲੋਂ ਆ ਰਿਹਾ ਤਾਂਗਾ ਉਨ੍ਹਾਂ ਦੀ ਨਿਗਾਹ ਪੈਂਦਾ ਹੈ ਤੇ ਖੇਮ ਚੰਦ ਹੱਥ ਖੜ੍ਹਾ ਕਰਕੇ ਤਾਂਗੇ ਨੂੰ ਰੋਕ ਲੈਂਦਾ ਹੈ। ਰਜਨੀ ਰਾਜੂ ਨੂੰ ਮੋਢੇ ਲਾ ਕੇ ਤੇਜ਼ ਕਦਮਾਂ ਨਾਲ ਤੁਰਦੀ ਹੈ। ਉਹ ਤਾਂਗੇ 'ਤੇ ਚੜ੍ਹ ਜਾਂਦੇ ਹਨ। ਤਾਂਗੇ ਵਿੱਚ ਪਹਿਲਾਂ ਹੀ ਤਿੰਨ ਸਵਾਰੀਆਂ ਬੈਠੀਆਂ ਹੋਈਆਂ ਹਨ। ਤਾਂਗੇ ਵਾਲੇ ਨੇ ਰੇਲਵੇ-ਹਸਪਤਾਲ ਤੋਂ ਕੋਈ ਹੋਰ ਸਵਾਰੀ ਨਹੀਂ ਲਈ। ਅੱਗੇ ਜਾ ਕੇ ਸਪੀਡ-ਬਰੇਕਰਾਂ ਨੂੰ ਪਾਰ ਕਰਦਾ

ਤਾਂਗਾ ਹੌਲੀ ਹੋਇਆ ਹੈ। ਤਾਂਗੇ ਵਾਲਾ ਪਿਛਾਂਹ ਝਾਕਦਾ ਹੈ। ਚਾਹੁੰਦਾ ਹੋਵੇਗਾ, ਇੱਕ ਸਵਾਰੀ ਹੋਰ ਲੈ ਲਵੇ। ਫੱਟੇ 'ਤੇ ਬਿਠਾ ਲਵੇਗਾ, ਪਰ ਉਹ ਨੂੰ ਕੋਈ ਸਵਾਰੀ ਤਾਂਗੇ ਵੱਲ ਭੱਜੀ ਆਉਂਦੀ ਦਿੱਸੀ ਨਹੀਂ। ਘੋੜਾ ਸਪੀਡ-ਬਰੇਕਰਾਂ ਨੂੰ ਪਾਰ ਕਰਕੇ ਤੇਜ਼ ਦੌੜਦਾ ਹੈ।

ਸੇਂਟ ਫਰਾਂਸਿਜ ਹਸਪਤਾਲ ਕੋਲ ਆ ਕੇ ਖੇਮ ਚੰਦ ਨੇ ਰਾਜੂ ਦੀ ਗੱਲ੍ਹ 'ਤੇ ਪੋਲੀ ਜਿਹੀ ਚੂੰਢੀ ਵੱਢੀ ਹੈ ਤੇ ਕਿਹਾ ਹੈ, 'ਅਰੇ, ਤੇਰਾ ਜਨਮ-ਸਥਾਨ ਆ ਗਿਆ।'

ਰਜਨੀ ਨੇ ਮੁੰਡੇ ਨੂੰ ਬੁੱਕਲ ਵਿੱਚ ਘੁੱਟ ਲਿਆ ਹੈ। ਪੁੱਚ-ਪੁੱਚ ਕਰਕੇ ਪਿਆਰ ਕਰਨ ਲੱਗੀ ਹੈ।

'ਬੱਚਾ ਪੈਦਾ ਨਾ ਹੋ ਰਿਹਾ ਹੋਵੇ ਤਾਂ ਨਰਸਾਂ ਕੋਈ ਡਾਕਟਰੀ ਦਵਾ-ਬੂਟੀ ਕਰਨ ਦੀ ਥਾਂ ਪ੍ਰਾਰਥਨਾ ਕਰਨ ਲੱਗ ਪੈਂਦੀਆਂ ਨੇ।' ਗੱਲ ਕਰਕੇ ਪਤੀ-ਪਤਨੀ ਹੱਸਣ ਲੱਗਦੇ ਹਨ।

ਤੇ ਫੇਰ ਬਰਿੱਜ ਕੋਲ ਦੀ ਲੰਘਦਿਆਂ ਦੋਵਾਂ ਦੀ ਨਜ਼ਰ ਮਾਂਗੀ ਟੇਲਰਜ਼ ਵੱਲ ਚਲੀ ਗਈ ਹੈ। ਰਜਨੀ ਕਹਿੰਦੀ ਹੈ-'ਤੁਹਾਡੀ ਨੀਲੀਂ ਪੈਂਟ ਇੱਥੋਂ ਸਿਲਾਈ ਸੀ, ਯਾਦ ਐ?'

'ਹਾਂ ਕਿੰਨੇ ਸਾਲ ਹੋ ਗਏ। ਅੱਜ ਤੱਕ ਉਹੀ ਤਾਂ ਇੱਕ ਪੈਂਟ ਐ, ਮੇਰੇ ਕੋਲ। ਕਿਧਰੇ ਔਣ-ਜਾਣ ਨੂੰ।'

'ਅੱਜ ਰਾਜੂ ਚਲਿਆ ਜਾਵੇ ਤਾਂ ਤੁਹਾਨੂੰ ਇੱਕ ਪੈਂਟ ਹੋਰ ਬਣਵਾ ਦਿਆਂ, ਟੈਰੀਕਾਟ ਦੀ ਵਧੀਆ ਜਿਹੀ। ਇੱਕ ਬੁਸ਼ਰਟ ਵੀ।'

'ਇੱਕ ਟ੍ਰਾਂਜਿਸਟਰ ਤੇ ਘੜੀ ਵੀ ਲੈਣੀ ਐ ਏਸ ਸਾਲ। ਵਰ੍ਹਿਆਂ ਤੋਂ ਇਹ ਚੀਜ਼ਾਂ ਮੇਰੇ ਕੋਲ ਨਹੀਂ। ਅੱਜ-ਕੱਲ੍ਹ ਤਾਂ ਹਰ ਕਿਸੇ...'

'ਰਾਜੂ, ਤੁਹਾਡੇ ਏਸ ਬੱਚੇ ਦਾ ਨਾਉਂ ਐ ਜੀ?' ਤਾਂਗੇ ਵਿੱਚ ਬੈਠੇ ਇੱਕ ਬੁੱਢੇ ਨੇ ਆਪਣੀਆਂ ਐਨਕਾਂ ਉੱਤੋਂ ਦੀ ਝਾਕ ਕੇ ਖੇਮ ਚੰਦ ਨੂੰ ਪੁੱਛਿਆ ਹੈ।

ਖੇਮ ਚੰਦ ਕੰਬ ਗਿਆ ਹੈ। ਰਜਨੀ ਬੁੱਢੇ ਵੱਲ ਭੈ ਭੀਤ ਅੱਖਾਂ ਨਾਲ ਝਾਕੀ ਹੈ ਤੇ ਫੇਰ ਝੱਟ ਹੀ ਖੇਮ ਚੰਦ ਬੋਲਦਾ ਹੈ, 'ਨਹੀਂ ਜੀ, ਬਿਲਕੁੱਲ ਨਹੀਂ। ਰਾਜੂ ਸਾਡੇ ਬੱਕਰੇ ਦਾ ਨਾਉਂ ਐ।'

'ਹੱਛਾ! ਹੀਂ-ਹੀਂ....।' ਬੁੱਢਾ ਹੱਸਿਆ ਹੈ ਤੇ ਫੇਰ ਭਾਟੀ ਸਟੂਡੀਓਂ ਅੱਗੇ ਖੜ੍ਹੀ ਭੀੜ ਵੱਲ ਦੇਖਣ ਲੱਗ ਪਿਆ ਹੈ।

ਹੁਣ ਖੇਮ ਚੰਦ ਤੇ ਰਜਨੀ ਚੁੱਪ ਹਨ। ਤਾਂਗੇ ਵਾਲਾ ਉੱਚੀਆਂ ਅਵਾਜ਼ਾਂ ਨਾਲ ਬਾਜ਼ਾਰ ਵਿੱਚ ਦੀ ਰਾਹ ਬਣਾਉਂਦਾ ਤੁਰਿਆ ਜਾ ਰਿਹਾ ਹੈ।

ਰੇਲਵੇ-ਸਟੇਸ਼ਨ ਸਾਹਮਣੇ ਮਦਾਰ ਗੇਟ ਦੇ ਸਟਾਪ 'ਤੇ ਤਾਂਗਾ ਰੁਕ ਗਿਆ ਹੈ। ਸਭ ਉਤਰ ਗਏ ਹਨ। ਤਾਂਗੇ ਵਾਲੇ ਨੂੰ ਪੰਜਾਹ-ਪੰਜਾਹ ਪੈਸੇ ਦਿੰਦੇ ਹਨ ਤੇ ਤੁਰਦੇ ਜਾ ਰਹੇ ਹਨ।

'ਅੱਜ ਕਿੱਥੇ ਚੱਲਿਆ ਜਾਵੇ?' ਪਾਨ ਲੈ ਕੇ ਮੂੰਹ ਵਿੱਚ ਪਾਉਂਦਾ ਖੇਮ ਚੰਦ ਪੁੱਛਦਾ ਹੈ।

'ਬਜਰੰਗ ਗੜ੍ਹ ਨਾ ਚੱਲੀਏ?' ਰਜਨੀ ਸੁਝਾਓ ਦਿੰਦੀ ਹੈ।

'ਕੀ ਫ਼ਾਇਦਾ?'

'ਕਿਉਂ?'

'ਐਤਵਾਰ ਨੂੰ ਉੱਥੋਂ ਬਹੁਤ ਘੱਟ ਲੋਕ ਜਾਂਦੇ ਨੇ। ਬਜਰੰਗ ਗੜ੍ਹ ਤਾਂ ਮੰਗਲਵਾਰ ਨੂੰ ਈ ਭਰਦੈ। ਏਨੀਆਂ ਪੌੜੀਆਂ ਚੜ੍ਹਦੇ-ਉਤਰਦੇ ਮੇਰਾ ਤਾਂ ਸਾਹ ਫੁੱਲ ਜਾਂਦੈ। ਝਰਨੇਸ਼ਵਰ ਚੱਲਦੇ ਆਂ।'

'ਝਰਨੇਸ਼ਵਰ? ਦੇਖ ਲਓ।'

ਪੈਦਲ ਤੁਰੇ ਜਾ ਰਹੇ ਉਹ ਗਾਂਧੀ-ਭਵਨ ਤੱਕ ਪਹੁੰਚ ਗਏ ਹਨ।

'ਫੇਰ, ਦੱਸ ਵੀ?' ਖੇਮ ਚੰਦ ਖੜ੍ਹ ਕੇ ਪੁੱਛਦਾ ਹੈ।

'ਤੂੰ ਦੱਸ ਰਾਜੂ?' ਰਜਨੀ ਨੇ ਮੁੰਡੇ ਨੂੰ ਪਿਆਰ ਕੀਤਾ ਹੈ।

ਕੋਲ ਦੀ ਲੰਘੇ ਜਾ ਰਹੇ ਭੁਕਾਨਿਆਂ ਵਾਲੇ ਵੱਲ ਮੁੰਡੇ ਦਾ ਧਿਆਨ ਚਲਿਆ ਗਿਆ ਹੈ। ਮੁੰਡੇ ਨੇ ਹੱਥ ਕੱਢਿਆ ਹੈ।

'ਨਹੀਂ ਤਾਂ ਚੱਲ ਦੌਲਤ ਬਾਗ ਚੱਲਦੇ ਆਂ। ਉੱਥੇ ਵੀ ਤਾਂ ਕੋਈ ਮਿਲ ਸਕਦੈ।'

ਉਨ੍ਹਾਂ ਨੇ ਰਿਕਸ਼ਾ ਲਿਆ ਹੈ ਤੇ ਦੌਲਤ-ਬਾਗ ਆ ਗਏ ਹਨ। ਅੰਦਰ ਜਾਣ ਤੋਂ ਪਹਿਲਾਂ ਪਿਛਾਂਹ ਮੁੜ ਕੇ ਖੇਮ ਚੰਦ ਕਹਿੰਦਾ-'ਸੋਨਾ-ਮੰਦਰ 'ਚ ਵੀ ਤਾਂ ਲੋਕ ਔਂਦੇ ਨੇ। ਔਹ ਸਾਹਮਣੇ ਐ। ਸੋਨਾ-ਮੰਦਰ ਵੀ ਗੇੜਾ ਮਾਰ ਔਨੇ ਆਂ।'

'ਨਹੀਂ, ਉੱਥੇ ਨਹੀਂ। ਉੱਥੇ ਲੋਕ ਸ਼ਰਧਾ ਨਾਲ ਥੋੜ੍ਹਾ ਜਾਂਦੇ ਨੇ। ਸੋਨਾ ਦੇਖਣ ਜਾਂਦੇ ਨੇ। ਬਾਹਰੋਂ ਆਏ ਲੋਕ।' ਰਜਨੀ ਦੌਲਤ-ਬਾਗ ਦੇ ਗੇਟ ਅੰਦਰ ਦਾਖ਼ਲ ਹੋ ਗਈ ਹੈ। ਰਾਜੂ ਨੂੰ ਖੇਮ ਚੰਦ ਨੇ ਫੜ ਲਿਆ ਹੈ। ਦੌਲਤ-ਬਾਗ ਵਿੱਚ ਖਾਸੀ ਭੀੜ ਹੈ। ਸ਼ਾਇਦ ਕੋਈ ਮੇਲਾ ਜਿਹਾ ਹੈ। ਬਹੁਤ ਸਾਰੇ ਬੱਚੇ ਪੀਂਘਾਂ ਝੂਟ ਰਹੇ ਹਨ। ਸੀਮਿੰਟ ਦੇ ਬਣੇ ਹਾਥੀ ਦੇ ਮੂੰਹ ਵਿੱਚ ਵੜ ਕੇ ਥੱਲੇ ਤਿਲ੍ਹਕ ਜਾਂਦੇ ਹਨ। ਕੁਝ ਲੋਕ ਤਲਾਬ ਵਿੱਚ ਨਹਾ ਰਹੇ ਹਨ। ਝਰਨੇਸ਼ਵਰ ਮੰਦਰ ਸਾਹਮਣੇ ਬੈਠੇ ਲੋਕ ਉਬਾਸੀਆਂ ਲੈ ਰਹੇ ਹਨ।

ਪੌੜੀਆਂ ਚੜ੍ਹ ਕੇ ਉਹ ਉੱਤੇ ਜਾਂਦੇ ਹਨ। ਜੋੜੇ ਏਧਰ-ਉੱਧਰ ਬੈਠੇ ਗੱਲਾਂ ਕਰ ਰਹੇ ਹਨ। ਲੰਚ ਖਾ ਰਹੇ ਹਨ। ਕੁਝ ਲੇਟੇ ਹੋਏ ਹਨ। ਕਿਸੇ-ਕਿਸੇ ਜੋੜੇ ਨਾਲ ਕੋਈ ਬੱਚਾ ਵੀ ਹੈ। ਸੰਗਮਰਮਰ ਦੇ ਚੌਂਤਰੇ 'ਤੇ ਜਾ ਕੇ ਉਹ ਅਨਾ-ਸਾਗਰ ਵੱਲ ਝਾਤ ਮਾਰਦੇ ਹਨ। ਦੂਰ ਤੱਕ ਪਾਣੀ ਫੈਲਿਆ ਹੋਇਆ ਹੈ। ਸੱਜੇ ਹੱਥ ਬਜਰੰਗ ਗੜ੍ਹ ਦਿਖਾਈ ਦਿੰਦਾ ਹੈ। ਅੰਨਾ-ਸਾਗਰ ਦੇ ਪਰਲੇ ਪਾਰ ਖੁਸ਼ਕ ਪਹਾੜ ਊਠ ਦੀ ਕੁਹਾਂਢ ਵਾਂਗ ਉਭਰੇ ਦਿਸ ਰਹੇ ਹਨ। ਚੌਂਤਰੇ ਤੋਂ ਥੱਲੇ ਉਤਰ ਕੇ ਉਹ ਇੱਕ ਦਰਖ਼ਤ ਹੇਠ ਹਰੀ-ਹਰੀ ਘਾਹ 'ਤੇ ਬੈਠ ਜਾਂਦੇ ਹਨ। ਰਾਜੂ ਨੂੰ ਧਰਤੀ 'ਤੇ ਤੌਲੀਆ ਵਿਛਾ ਕੇ ਲਿਟਾ ਦਿੱਤਾ ਹੈ। ਉਹ ਸ਼ਾਇਦ ਸੌਣ ਲੱਗਿਆ ਹੈ।

'ਮੰਗਲਾ ਵਧੀਆ ਰਿਹਾ। ਖੁਆਜਾ ਸਾਹਿਬ ਦੀ ਕਿਰਪਾ ਹੋ ਗਈ। ਕੁਦਰਤੀ ਓਸ ਦਿਨ ਉਰਸ 'ਤੇ ਆਪਾਂ ਗਏ ਉਹ ਚਲਿਆ ਗਿਆ। ਏਸ ਰਾਜੂ ਨੂੰ ਲੈ ਕੇ ਵੀ ਤਾਂ ਉਰਸ ਤਾਂ ਜਾ ਆਏ ਆਂ, ਕਿਸੇ ਨਾਲ ਗੱਲ ਈ ਨੀ ਬਣੀ। ਦਰਗਾਹ ਵੀ ਕਦੇ-ਕਦੇ ਈ ਵਰ ਦਿੰਦੀ ਐ, ਕਿਸੇ ਨੂੰ।' ਖੇਮ ਚੰਦ ਆਪ-ਮੁਹਾਰਾ ਹੀ ਬੋਲਦਾ ਜਾ ਰਿਹਾ ਹੈ।

'ਹਾਂ, ਰਾਜੂ ਨਾਲ ਤਾਂ ਸੱਤ ਦਿਨ ਓਥੇ ਬੈਠੇ ਰਹੇ ਆਂ। ਕਿਸੇ ਨੇ ਨਹੀਂ ਪੁੱਛਿਆ।'

'ਮੈਂ ਦੱਸਾਂ?'

'ਕੀ?'

'ਜਦੋਂ ਰੱਬ ਦਿੰਦੈ ਨਾ, ਛੱਪਰ ਫਾੜ ਕੇ ਦਿੰਦੈ। ਨਿਹਚਾ ਰੱਖ ਬੱਸ ਓਸੇ 'ਤੇ। ਖੇਮ ਚੰਦ ਅਸਮਾਨ ਵੱਲ ਉਂਗਲ ਕਰਦਾ ਹੈ।

'ਨਿਹਚਾ ਤਾਂ ਹੈ ਤੇ ਫੇਰ ਕੰਮ ਥੋੜ੍ਹਾ ਕਰਦੀ ਆਂ ਮੈਂ। ਹਜ਼ਾਰੀ ਬਾਗ ਵਾਲੇ ਸਿਲਾਈ-ਸੈਂਟਰ ਤੋਂ ਕਿੰਨਾ ਕੱਪੜਾ ਸਿਉਣ ਲਈ ਘਰ ਲੈ ਕੇ ਔਨੀ ਆਂ। ਕਿੰਨਾ ਕਮੌਨੀ ਆਂ।'

'ਸਿਲਾਈ-ਸੈਂਟਰ ਵਾਲੇ ਦਿੰਦੇ ਵੀ ਕੀਹ ਨੇ। ਸਾਰਾ ਦਿਨ ਮਸ਼ੀਨ ਚਲੌਨੀ ਐਂ, ਮਸ੍ਹਾਂ ਸੱਤ-ਅੱਠ ਰੁਪਏ ਬਣਦੇ ਨੇ। ਉੱਤੋਂ ਮਹਿੰਗਾਈ ਤਾਂ ਦੇਖ।'

'ਮੈਂ ਤੁਹਾਨੂੰ ਇੱਕ ਗੱਲ ਕਹਾਂ?'

'ਕੀ?'

'ਤੁਸੀਂ ਇਹ ਰੇਲਵੇ-ਵਰਕਸ਼ਾਪ ਵਾਲੀ ਨੌਕਰੀ ਛੱਡੋ ਪਰ੍ਹੇ। ਸਾਰਾ ਦਿਨ ਇੰਜਣਾਂ ਦੇ ਕੋਲ-ਪੁਰਜ਼ਿਆਂ ਨਾਲ ਮੱਥਾ ਮਾਰਦੇ ਓ। ਤਨਖ਼ਾਹ ਤੁਹਾਡੀ ਕਿਹੜੀ ਐ। ਕੀ ਚਾਰ ਸੌ ਰੁਪਿਆ? ਚਾਰ ਸੌ ਤਾਂ ਬੰਦਾ ਕਿਤੋਂ ਵੀ ਕਮਾ ਲਵੇ। ਕੇਲਿਆਂ-ਸੇਬਾਂ ਦੀ ਰੇਹੜੀ ਲਾ ਕੇ ਬੈਠ ਜਾਓ, ਸ਼ਾਮ ਨੂੰ....'

'ਇਹ ਗੱਲਾਂ ਈ ਨੇ, ਰਜਨੀ। ਕੰਮ ਕਰਨਾ ਔਖਾ ਨਹੀਂ, ਕੰਮ ਮਿਲਣਾ ਔਖੈ।'

'ਇੱਕ ਤਾਂ ਦੇਣ-ਲੈਣ ਨਹੀਂ ਮੁੱਕਦਾ ਲੋਕਾਂ ਦਾ। ਪੈਸਾ ਘਰ 'ਚ ਔਂਦਾ ਤਾਂ ਬਹੁਤ ਐ, ਜਾਂਦਾ ਪਤਾ ਨਹੀਂ ਕਿੱਧਰ ਐ। ਹਰ ਮਹੀਨੇ ਇੱਕ-ਦੋ ਗਵਾਂਢੀਆਂ ਦਾ ਉਧਾਰ ਮੋੜਨਾ ਰਹਿ ਜਾਂਦੈ।'

'ਸਾਲਾ, ਉਹ ਘਣਸ਼ਾਮ ਕਿੰਨਾ ਮਿੱਠਾ-ਲੁੱਚਾ ਸੀ। ਜਦੋਂ ਵੀ ਪੈਸੇ ਮੰਗੋ, ਜਵਾਬ ਨਹੀਂ ਦਿੰਦਾ ਸੀ।'

'ਪੈਸੇ ਦੇ ਕੇ ਰਸੀਦ ਵੀ ਤਾਂ ਤੁਰੰਤ ਲੈਂਦਾ। ਜਿਹੜਾ ਉਹ ਲਗਾਤਾਰ ਤੁਹਾਨੂੰ ਇਸ ਤਰ੍ਹਾਂ ਪੈਸੇ ਦਿੰਦਾ ਜਾਂਦਾ ਸੀ, ਇਹਦਾ ਮਤਲਬ ਉਹਦੇ ਦਿਲ 'ਚ ਪਹਿਲਾਂ ਈ ਚੋਰ ਸੀ।'

'ਹਾਂ, ਇਹ ਤਾਂ ਹੈ। ਉਹਦੀ ਪਹਿਲਾਂ ਈ ਮੁੰਡੇ 'ਤੇ ਅੱਖ ਸੀ।'

'ਦੋ ਹਜ਼ਾਰ ਦੇ ਕੇ ਤਿੰਨ ਹਜ਼ਾਰ ਬਣਾ ਲਿਆ, ਵਿਆਜ ਜੋੜ-ਜੋੜ। ਤਿੰਨ-ਸਾਢੇ ਤਿੰਨ ਸਾਲਾਂ ਵਿੱਚ ਈ। ਤੇ ਫੇਰ ਦੋ ਹਜ਼ਾਰ ਨਕਦ ਦੇ ਕੇ ਮੁੰਡਾ ਲੈ ਲਿਆ।'

'ਪੈਸਾ ਉਹਦੇ ਕੀ ਯਾਦ ਸੀ। ਅਕਾਊਂਟਸ ਬ੍ਰਾਂਚ ਵਿੱਚ ਹੈੱਡ ਕਲਰਕ। ਪੂਰੇ ਪੈਸੇ ਵੱਢਦਾ। ਰਿਸ਼ਵਤ ਲਏ ਬਗ਼ੈਰ ਉਹਨੇ ਸਕੇ ਪਿਓ ਦਾ ਕੰਮ ਨਹੀਂ ਕੀਤਾ। ਐਨਾ ਪਾਪੀ ਸੀ, ਤਦ ਈ ਤਾਂ ਉਹਦੇ ਕੋਈ ਔਲਾਦ ਨਾ ਹੋਈ।

'ਸ਼ੰਭੂ ਤਾਂ ਰਹਿੰਦਾ ਈ ਉਨ੍ਹਾਂ ਦੇ ਘਰ ਸੀ। ਐਡਾ ਵੱਡਾ ਹੋ ਚੱਲਿਆ ਸੀ। ਹੋਰ ਕਿਸੇ ਨੂੰ ਦਿੱਤਾ ਹੁੰਦਾ ਤਾਂ ਉਹਨੇ ਭੋਰਾ ਵੀ ਜੀਅ ਨਹੀਂ ਲੌਣਾ ਸੀ। ਓਸੇ ਸਾਲ ਦੀ ਘਣਸ਼ਾਮ ਦੀ ਬਦਲੀ ਬਿਲਾਸਪੁਰ ਦੀ ਹੋ ਗਈ ਤੇ ਉਹ ਸ਼ੰਭੂ ਨੂੰ ਨਾਲ ਲੈ ਗਿਆ।'

'ਹੁਣ ਤਾਂ ਸ਼ੰਭੂ ਆਪਣਾ ਅੱਠ-ਨੌਂ ਸਾਲ ਦਾ ਹੋ ਗਿਆ ਹੋਣੈ। ਸਕੂਲ ਜਾਂਦਾ ਹੋਵੇਗਾ।'

'ਆਪਣਾ ਕਿਉਂ, ਘਣਸ਼ਾਮ ਦਾ ਕਹੋ।'

'ਚਲੋ, ਕਿਸੇ ਦਾ ਹੋਇਆ। ਰੋਟੀ ਤਾਂ ਢਿੱਡ ਭਰ ਕੇ ਖਾਂਦਾ ਹੋਵੇਗਾ। ਸਾਡੇ ਕੋਲ ਤਾਂ ਉਹਨੇ ਭੁੱਖਾ ਈ ਮਰਨਾ ਸੀ।

ਤੇ ਫੇਰ ਖੇਮ ਚੰਦ ਆਸੇ-ਪਾਸੇ ਨਿਗਾਹ ਮਾਰਦਾ ਹੈ। ਇੱਕ ਬੁੱਢਾ ਤੇ ਉਹਦੀ ਅੱਧਖੜ ਜ਼ਨਾਨੀ ਹੱਥ ਵਿੱਚ ਕੱਪੜੇ ਦਾ ਥੈਲਾ ਫੜੀ ਰਾਜੂ ਵੱਲ ਲਲਚਾਈਆਂ ਨਜ਼ਰਾਂ ਨਾਲ ਝਾਕਦੇ ਉਨ੍ਹਾਂ ਦੇ ਕੋਲ ਦੀ ਲੰਘ ਜਾਂਦੇ ਹਨ।

ਖੇਮ ਚੰਦ ਦੀਆਂ ਅੱਖਾਂ ਵਿੱਚ ਚਮਕ ਜਾਗੀ। ਉਹ ਬੁੱਢੇ ਦਾ ਪਿੱਛਾ ਕਰਦਾ ਹੈ। ਸਮਾਂ ਮਿਲਣ ’ਤੇ ਉਹਨੂੰ ਪੁੱਛਦਾ ਹੈ, ‘ਤੁਹਾਨੂੰ ਦੇਖਿਐ ਕਿਧਰੇ, ਪਹਿਲਾਂ ਵੀ।’

‘ਜ਼ਰੂਰ ਦੇਖਿਆ ਹੋਵੇਗਾ। ਮੈਂ ਤਾਂ ਉਮਰ ਕੱਢ ਦਿੱਤੀ ਅਜਮੇਰ ਵਿੱਚ। ਏਥੇ ਈ ਭਰਤੀ ਹੋਇਆ, ਏਥੇ ਹੀ ਰਿਟਾਇਰਮੈਂਟ ਲਈ। ਪਾਲ ਬੀਚਲਾ ’ਚ ਮੇਰਾ ਆਪਣਾ ਮਕਾਨ ਐ।’

‘ਕਿਹੜੇ ਮਹਿਕਮੇ ’ਚ ਤੁਸੀਂ?’

‘ਰੇਲਵੇ।’

‘ਵਾਹ! ਮੈਂ ਵੀ ਤਾਂ ਰੇਲਵੇ ਵਿੱਚ ਆਂ।’

‘ਕਿਹੜੀ ਪੋਸਟ ’ਤੇ?’

‘ਮਿਸਤਰੀ, ਵਰਕਸ਼ਾਪ ਵਿੱਚ।’

‘ਚੰਗੀ ਪੇਅ ਮਿਲਦੀ ਹੋਵੇਗੀ, ਹੁਣ ਤਾਂ?’

‘ਬੱਸ ਜੀ ਗੁਜ਼ਾਰਾ ਹੋ ਜਾਂਦੈ।’

ਤੇ ਫੇਰ ਖੇਮ ਚੰਦ ਗੱਲ ਪਲਟਦਾ ਹੈ-

‘ਕਿੰਨੀ ਪੈਨਸ਼ਨ ਹੋਈ ਤੁਹਾਡੀ?’

‘ਸੱਤ ਸੌ ਰੁਪਿਆ।’

‘ਫਿਰ ਤਾਂ.....।’

‘ਹਾਂ, ਬਹੁਤ ਨੇ। ਕੋਈ ਲੜਕਾ ਨਹੀਂ, ਲੜਕੀ ਨਹੀਂ। ਦੋਵੇਂ ਜੀ ਆ ਬੱਸ ਸਰ ਜਾਂਦੈ।’

‘ਹੱਛਾ, ਔਲਾਦ ਕੋਈ ਨਹੀਂ?’ ਖੇਮ ਚੰਦ ਚੌਂਕਦਾ ਹੈ।

‘ਹਾਂ ਜੀ, ਬੱਚਾ ਕੋਈ ਨਹੀਂ।’

‘ਲੜਕਾ ਤਾਂ ਹੋਣਾ ਚਾਹੀਦੈ, ਚਾਹੇ ਇੱਕ ਹੋਵੇ।’

‘ਹਾਂ, ਹੁਣ ਤਾਂ ਕੋਈ ਉਮੀਦ ਵੀ ਨਹੀਂ ਲੱਗਦੀ।’ ਤੇ ਫੇਰ ਖੇਮ ਚੰਦ ਸੁਝਾਓ ਦਿੰਦਾ ਹੈ, ‘ਤੁਸੀਂ ਸਾਹਿਬ, ਕੋਈ ਬੱਚਾ ਗੋਦ ਲੈ ਲੈਣਾ ਸੀ।’

‘ਕਿਸ ਦਾ ਬੱਚਾ ਗੋਦ ਲਈਏ ਜੀ?’

‘ਬਥੇਰੇ ਮਿਲ ਜਾਂਦੇ ਨੇ ਸਾਹਿਬ।’

‘ਇੰਝ ਕਿਸ ਤਰ੍ਹਾਂ?’

‘ਕਿਸੇ ਤੋਂ ਮੁੱਲ ਲੈ ਲਓ, ਇੱਕ ਲੜਕਾ।’

‘ਲੜਕਾ? ਮੁੱਲ?’ ਬੁੱਢਾ ਹੈਰਾਨ ਹੋਇਆ ਹੈ।

‘ਹਾਂ ਜੀ, ਲੜਕਾ ਮੁੱਲ ਮਿਲ ਸਕਦੈ।’ ਗੱਲ ਕਹਿ ਕੇ ਖੇਮ ਚੰਦ ਦੂਰ ਬੈਠੀ ਰਜਨੀ ਵੱਲ ਝਾਕਿਆ ਹੈ।

‘ਛੱਡੋ ਜੀ, ਸਾਡੇ ਕੋਲ ਜਿਹੜੀ ਜਾਇਦਾਦ ਬੁਸੀ ਜਾਂਦੀ ਐ। ਅਸੀਂ ਕਿਹੜਾ ਕਾਰਖਾਨਾ ਸੰਭਾਲ ਦੇਣੈ, ਲੜਕੇ ਨੂੰ। ਇੱਕ ਮਕਾਨ ਐ। ਮਰ ਜਾਵਾਂਗਾ ਤਾਂ ਇਹ ਹੈਗੀ ਐ।’ ਉਹ ਆਪਣੀ ਅੱਧਖੜ ਜ਼ਨਾਨੀ ਵੱਲ ਇਸ਼ਾਰਾ ਕਰਦਾ ਹੈ।

ਮਰਨ ਦਾ ਨਾਉਂ ਸੁਣ ਕੇ ਪਤਨੀ ਸੁੰਗੜ ਜਿਹੀ ਗਈ ਹੈ।

ਤੇ ਫੇਰ ਬੁੱਢਾ ਕਹਿੰਦਾ ਹੈ, 'ਜਿਹੜਾ ਕੋਈ ਇਹਦੀ ਸੇਵਾ ਕਰੇਗਾ, ਮਕਾਨ ਸੰਭਾਲ ਲਵੇਗਾ, ਇਹ ਦੇ ਭਾਈ-ਭਤੀਜੇ ਹੈਗੇ। ਏਥੇ ਅਜਮੇਰ ਵਿੱਚ ਈ।'

ਬੁੱਢੇ ਵਿੱਚ ਖੇਮ ਚੰਦ ਨੂੰ ਕੋਈ ਦਿਲਚਸਪੀ ਨਹੀਂ ਰਹਿ ਜਾਂਦੀ। ਉਹ ਛੇਤੀ-ਛੇਤੀ ਗੱਲ ਮੁਕਾਉਂਦਾ ਹੈ ਤੇ ਰਜਨੀ ਕੋਲ ਵਾਪਸ ਆ ਬੈਠਦਾ ਹੈ। ਉਹ ਗੋਡਿਆਂ ਵਿਚਕਾਰ ਸਿਰ ਰੱਖ ਕੇ ਉਂਘਲਾ ਰਹੀ ਹੈ।

ਦੁਪਹਿਰ ਢਲਣ ਲੱਗੀ ਹੈ।

'ਚੱਲੀਏ?' ਰਜਨੀ ਪੁੱਛਦੀ ਹੈ।

'ਕਿੱਧਰ?'

'ਕਿਤੇ ਹੋਰ।'

'ਹੁਣ ਕਿੱਥੇ ਜਾਵਾਂਗੇ। ਘਰ ਚੱਲਦੇ ਆਂ।'

'ਇੱਕ ਗੱਲ ਹੋਰ ਕਰੋ ਤੁਸੀਂ।'

'ਕੀ?'

'ਅਖ਼ਬਾਰ 'ਚ ਇਸ਼ਤਿਹਾਰ ਕਢਵਾ ਦਿਓ ਕਿ...'

'ਬੱਚਾ ਗੋਦ ਲੈਣ ਲਈ ਤਾਂ ਇਸ਼ਤਿਹਾਰ ਹੁੰਦੈ। ਗੋਦ ਦੇਣ ਲਈ ਸੱਚ, 'ਬੱਚਾ ਵਿਕਾਊ ਹੋ, ਦਾ ਇਸ਼ਤਿਹਾਰ ਨਹੀਂ ਹੋ ਸਕਦਾ। ਹੋ ਸਕਦੈ?'

'ਇੰਝ ਤਾਂ ਫੜੇ ਜਾਵਾਂਗੇ। ਇਹ ਗ਼ੈਰ ਕਾਨੂੰਨੀ ਧੰਦਾ ਐ। ਨਹੀਂ ਫੜੇ ਜਾਵਾਂਗੇ?'

...ਜ਼ਨਾਨੀ ਹਉਕਾ ਲੈਂਦੀ ਹੈ। ਕਹਿੰਦੀ ਹੈ, 'ਚਲੋ ਫੇਰ, ਘਰ ਈ ਚੱਲਦੇ ਆਂ। ਅਗਲੇ ਐਤਵਾਰ ਦਰਗਾਹ ਚੱਲਾਂਗੇ। ਮਜ਼ਾਰ ਕੋਲ ਬੈਠ ਕੇ ਬੇਔਲਦੇ ਲੋਕਾਂ ਦੀਆਂ ਪ੍ਰਾਰਥਨਾਵਾਂ ਸੁਣਾਂਗੇ।' ♦

# ਧੀ-ਧਿਆਣੀ

ਉਹ ਇੱਕ ਗੱਡੀਆਂ-ਵਾਲੀ ਸੀ। ਕਾਲਾ ਧੂਸ ਰੰਗ, ਪਰ ਨੈਣ-ਨਕਸ਼ ਤਿੱਖੇ। ਮਸ਼ਾਲ ਵਾਂਗ ਬਲਦੀਆਂ ਅੱਖਾਂ। ਤੇੜ ਲਾਲ ਰੰਗ ਦੀ ਘੱਗਰੀ, ਜਿਹੜੀ ਉਹਦੀਆਂ ਪਿੰਜਣੀਆਂ ਤੱਕ ਉੱਚੀ ਸੀ। ਗਲ ਖੱਟੀ ਕੁੜਤੀ, ਜਿਸ ਦੇ ਗਲਮੇ 'ਤੇ ਚਿੱਟੇ ਪੱਥਰ ਦੇ ਮੋਤੀ-ਮਣਕੇ ਸਿਉਂਤੇ ਹੋਏ ਸਨ। ਪੈਰਾਂ ਵਿੱਚ ਨੋਕਾਂ ਵਾਲੀ ਦੁਖੱਲੀ ਜੁੱਤੀ। ਲੋਹੇ ਦੀਆਂ ਝਾਂਜਰਾਂ। ਨੱਕ ਵਿੱਚ ਪਿੱਤਲ ਦੀ ਤੀਲੀ ਤੇ ਕੰਨਾਂ ਵਿੱਚ ਪਿੱਤਲ ਦੇ ਹੀ ਘੁੰਗਰੂ। ਗਲ ਚਾਂਦੀ ਦੀ ਤਵੀਤੀ। ਹੱਥਾਂ ਦੀਆਂ ਉਂਗਲਾਂ ਵਿੱਚ ਪਿੱਤਲ ਦੀਆਂ ਛਾਪਾਂ ਤੇ ਬਾਹਾਂ 'ਚ ਰਬੜ ਦੀਆਂ ਰੰਗੀਨ ਚੂੜੀਆਂ ਤੇ ਗਜਰੇ। ਉਹਦੇ ਸੱਜੇ ਪਾਸੇ ਸਿਹਲੀ 'ਤੇ ਨਿੱਕਾ ਜਿਹਾ ਚੰਨ ਖੁਣਿਆ ਹੋਇਆ ਸੀ।

ਸਤੰਬਰ ਦਾ ਮਹੀਨਾ ਸੀ, ਦੁਪਹਿਰ ਦਾ ਵਕਤ। ਗਰਮੀ ਘਟ ਚੱਲੀ ਸੀ। ਮੈਂ ਵਿਹੜੇ ਵਿੱਚ ਕੰਧ ਦੀ ਛਾਂ ਹੇਠ ਬੈਠਾ ਕੁਝ ਲਿਖ-ਪੜ੍ਹ ਰਿਹਾ ਸਾਂ। ਉਹ ਇਕਦਮ ਹੀ ਮੇਰੀ ਬੀਵੀ ਦੇ ਪਿੱਛੇ-ਪਿੱਛੇ ਵਿਹੜੇ ਵਿੱਚ ਆ ਖੜ੍ਹੀ। ਫੱਰਾਟੇ ਨਾਲ ਪੰਜਾਬੀ ਬੋਲ ਰਹੀ ਸੀ। ਮੈਂ ਅੱਖਾਂ ਮੀਚ ਕੇ ਉਹਦੀ ਬੋਲੀ ਸੁਣੀ। ਬਿਲਕੁੱਲ ਜਿਵੇਂ ਕੋਈ ਪੰਜਾਬ ਦੀ ਮੁਟਿਆਰ ਬੋਲ ਰਹੀ ਹੋਵੇ। ਮੈਂ ਉਹਦੇ ਵੱਲ ਗਹੁ ਨਾਲ ਝਾਕਣ ਲੱਗਿਆ। ਉਹ ਥਾਂ ਦੀ ਥਾਂ ਬੈਠ ਗਈ ਤੇ ਸਾਡੇ ਘਰ ਦੀਆਂ ਚਿਉਂਦੇ ਥੱਲਿਆਂ ਵਾਲੀਆਂ ਦੋ ਬਾਲਟੀਆਂ ਦੀ ਨਿਰਖ਼-ਪਰਖ਼ ਕਰਨ ਲੱਗੀ।

ਬੀਵੀ ਨੇ ਪੁੱਛਿਆ-'ਪੈਸੇ ਦੱਸ, ਕਿੰਨੇ ਲਵੇਂਗੀ?'

ਉਹ ਕਹਿਣ ਲੱਗੀ-'ਟੀਨ ਹੈਗ? ਕੋਈ ਫੁੱਟਿਆ ਪੀਪਾ ਹੋਵੇ?'

ਬੀਬੀ ਸਟੋਰ ਵਿੱਚ ਗਈ ਤੇ ਮਿੱਟੀ ਦੇ ਤੇਲ ਵਾਲਾ ਇੱਕ ਖ਼ਾਲੀ ਗੇਲਣ ਚੁੱਕ ਲਿਆਈ। ਇਹ ਸੀ ਤਾਂ ਨਵਾਂ ਜਿਹਾ ਹੀ, ਪਰ ਇਹ ਦਾ ਹੈਂਡਲ ਟੁੱਟ ਗਿਆ ਸੀ। ਇਹ ਦੇ ਵਿਚੋਂ ਤੇਲ ਕੱਢਣ ਵੇਲੇ ਵੀ ਔਖਿਆਈ ਹੁੰਦੀ। ਇੱਕ ਵਾਰ ਇਹਦੇ ਵਿੱਚ ਚੁੱਲ੍ਹੇ 'ਚ ਅੱਗ ਬਾਲਣ ਲਈ ਗੰਦਾ ਤੇਲ ਪਵਾ ਲਿਆਏ ਸੀ। ਹੁਣ ਉਹ ਗ਼ੰਦਗੀ ਉਹਦੇ ਥੱਲੇ ਵਿੱਚ ਇੱਕ ਭੈੜੇ ਖ਼ਿਆਲ ਵਾਂਗ ਬੈਠੀ ਹੋਈ ਸੀ। ਬਥੇਰਾ ਸਾਫ਼ ਕੀਤਾ। ਗ਼ੰਦਗੀ ਜਾਂਦੀ ਨਹੀਂ ਸੀ। ਮਿੱਟੀ ਦਾ ਤੇਲ ਪਵਾ ਕੇ ਲਿਆਉਂਦੇ ਤਾਂ ਤੇਲ ਕਾਲਾ ਮਰਿਆੜ ਬਣ ਜਾਂਦਾ। ਅੱਖਾਂ ਨੂੰ ਬੁਰਾ ਲੱਗਦਾ। ਸੋ, ਹੁਣ ਇਹ ਗੇਲਣ ਅਣਵਰਤਿਆ ਹੀ ਸਟੋਰ ਵਿੱਚ ਪਿਆ ਹੋਇਆ ਸੀ।

ਗੇਲਣ ਦੇਖਦੇ ਹੀ ਗੱਡੀਆਂ-ਵਾਲੀ ਬੋਲ ਉੱਠੀ, 'ਇਹ ਠੀਕ ਐ, ਬੱਸ।'

ਬੀਵੀ ਫੇਰ ਚਮਕੀ, 'ਚੰਗਾ, ਪੈਸੇ ਦੱਸ।'

ਉਹ ਬੋਲੀ, 'ਦੇਖੋ, ਦੋ ਬਾਲਟੀਆਂ ਨੇ।'

'ਹਾਂ ਦੋ ਨੇ।' ਬੀਵੀ ਵੀ ਤਿੱਖੀ ਹੋਈ ਖੜ੍ਹੀ ਸੀ।

ਮੈਂ ਤਮਾਸ਼ਾ ਦੇਖਣ ਦੇ ਰਉਂ ਵਿੱਚ ਆ ਗਿਆ। ਮਨ ਵਿੱਚ ਹੀ ਹੱਸ ਰਿਹਾ ਸਾਂ। ਗੱਡੀਆਂ-ਵਾਲੀ ਵਧਾ ਚੜ੍ਹਾ ਕੇ ਪੈਸੇ ਕਹੇਗੀ। ਬੀਵੀ ਉਹਦੇ ਮੂਹਰਿਓਂ ਬਾਲਟੀਆਂ ਚੁੱਕ ਲਵੇਗੀ ਤੇ ਕਹਿ ਉੱਠੇਗੀ, ਐਨੇ ਪੈਸਿਆਂ ਦੀਆਂ ਤਾਂ ਬਾਲਟੀਆਂ ਵੀ ਨਹੀਂ। ਤੇ ਫੇਰ ਗੱਡੀਆਂ-ਵਾਲੀ ਪੈਸੇ ਘਟਾ ਦੇਵੇਗੀ। ਬੀਵੀ ਉਸ ਤੋਂ ਘੱਟ ਆਖੇਗੀ ਤੇ ਫਿਰ ਵਿਚ-ਵਿਚਾਲਾ ਹੋ ਕੇ ਸੌਦਾ ਤੈਅ ਹੋ ਜਾਵੇਗਾ। ਗਲੀ ਵਿੱਚ ਆਏ ਕਿਸੇ ਵੀ ਹਾਕਰ ਨਾਲ ਬੀਵੀ ਇੰਝ ਦਾ ਹੀ ਵਿਹਾਰ ਕਰਦੀ ਹੈ। ਹਾਕਰ ਵੀ ਤਿੱਖੇ ਹੁੰਦੇ ਨੇ। ਉਹ ਔਰਤਾਂ ਦੀ ਰਗ ਰਗ ਨੂੰ ਜਾਣਦੇ ਨੇ।

ਗੱਡੀਆਂ-ਵਾਲੀ ਕਹਿੰਦੀ, 'ਕੰਮ ਤਾਂ ਭੈਣ, ਦਸ ਰੁਪਿਆਂ ਦਾ, ਪਰ ਤੂੰ ਅੱਠ ਦੇ ਦੇਈਂ।'

'ਰੁਪਏ ਅੱਠ ਦੀ ਥਾਂ ਦਸ ਲੈ ਲੈ, ਪਰ ਟੀਨ ਆਪਣੇ ਕੋਲੋਂ ਲਾ।' ਬੀਵੀ ਨੇ ਗੇਲਣ ਉਹਦੇ ਅੱਗੋਂ ਚੁੱਕ ਲਿਆ।

ਇੱਕ ਬਿੰਦ ਮੇਰੇ ਮਨ ਵਿੱਚ ਡਰ ਉੱਠਿਆ, ਗੇਲਣ ਸਾਲਾ ਕਿਤੇ ਮੁੜ ਕੇ ਸਟੋਰ ਵਿੱਚ ਨਾ ਚਲਿਆ ਜਾਵੇ।

ਗੱਡੀਆਂ-ਵਾਲੀ ਮੇਰੇ ਵੱਲ ਝਾਕ ਰਹੀ ਸੀ। ਉਹਦੇ ਕੋਲੋਂ ਕੋਈ ਫ਼ੈਸਲਾ ਨਹੀਂ ਹੋ ਰਿਹਾ ਹੋਵੇਗਾ। ਉਹ ਚਾਹੁੰਦੀ ਹੋਵੇਗੀ, ਮੈਂ ਸੌਦਾ ਤੋੜ ਦਿਆਂ। ਮੈਂ ਹੌਲੀ ਜਿਹਾ ਬੋਲਿਆ, 'ਫੇਰ ਦੱਸ ਵੀ, ਕਿੰਨੇ ਲਏਂਗੀ?'

'ਸੱਤ ਦੇ ਦਿਓ, ਚੱਲ ਛੇ ਦੇ ਦਿਓ।' ਕਹਿ ਕੇ ਗੱਡੀਆਂ-ਵਾਲੀ ਨੇ ਨਿੱਕੀ ਬਾਲਟੀ ਨੂੰ ਵੱਡੀ ਬਾਲਟੀ ਵਿੱਚ ਸੁੱਟਿਆ ਤੇ ਛੋਟੀ ਬਾਲਟੀ ਵਿੱਚ ਗੇਲਣ ਧਰ ਲਿਆ। ਖੜ੍ਹੀ ਹੋਣ ਲੱਗੀ।

'ਛੇ ਦਾ ਕੋਈ ਰਾਹ ਨ੍ਹੀਂ। ਰੁਪਏ ਸਾਰੇ ਚਾਰ ਦੇਊਂਗੇ।' ਬੀਵੀ ਅਜੇ ਵੀ ਅੜੀ ਖੜ੍ਹੀ ਸੀ।

ਗੱਡੀਆਂ-ਵਾਲੀ ਫੇਰ ਬੈਠ ਗਈ। ਅੰਦਰ ਕਮਰੇ ਵਿੱਚ ਛੋਟੀ ਕੁੜੀ ਨੇ ਚੀਕ ਮਾਰੀ। ਖੜਕਾ ਵੀ ਹੋਇਆ ਸੀ। ਉਹਦੇ ਕੋਲੋਂ ਕੋਈ ਚੀਜ਼ ਡਿੱਗੀ ਸੀ। ਬੀਵੀ ਭੱਜ ਕੇ ਅੰਦਰ ਗਈ। ਗੱਡੀਆਂ ਵਾਲੀ ਲਗਾਤਾਰ ਮੇਰੇ ਵੱਲ ਝਾਕਦੀ ਜਾ ਰਹੀ ਸੀ। ਪੁੱਛ ਹੀ ਬੈਠੀ, 'ਤੂੰ ਨੌਕਰੀ ਕਰਦੈਂ ਕੋਈ?'

'ਹਾਂ, ਮੈਂ ਮਾਸਟਰ ਆਂ, ਐਥੇ।'

'ਤੇਰਾ ਪਿੰਡ ਧੌਲਾ ਨ੍ਹੀਂ?' ਉਹ ਝੱਟ ਬੋਲ ਪਈ।

'ਹਾਂ, ਤੈਨੂੰ ਕਿਵੇਂ ਪਤਾ?' ਮੈਂ ਹੈਰਾਨ ਸਾਂ।

ਉਹ ਦੱਸਣ ਲੱਗੀ, 'ਅਸੀਂ ਧੌਲੇ ਦੇ ਆਂ।'

'ਧੌਲੇ ਦੇ ਕਿਵੇਂ, ਤੁਸੀਂ ਤਾਂ ਗੱਡੀਆਂ ਆਲੇ ਓਂ। ਤੁਸੀਂ ਤਾਂ ਰਾਜਸਥਾਨ ਦੇ ਓਂ। ਤੁਸੀਂ ਧੌਲੇ ਦੇ ਕਿਵੇਂ ਹੋ ਗਏ?'

'ਨਹੀਂ, ਅਸੀਂ ਓਧਰ ਰਾਜਸਥਾਨ ਵਿੱਚ ਕਦੇ ਨਹੀਂ ਗਏ। ਧੌਲੇ ਈ ਬਹੁਤਾ ਰਹਿਨੇ ਆਂ। ਏਧਰ-ਓਧਰ ਪਿੰਡਾਂ ਵਿੱਚ ਫਿਰ-ਤੁਰ ਔਨੇ ਆਂ। ਪਰ ਪੱਕਾ ਡੇਰਾ ਧੌਲੇ ਰੱਖਦੇ ਆਂ। ਓਹੀ ਸਾਡਾ ਪਿੰਡ ਐ।'

'ਤੂੰ ਮੈਨੂੰ ਕਿਵੇਂ ਜਾਣਦੀ ਐਂ?' ਮੈਂ ਪੁੱਛਿਆ।

'ਸਾਡੀਆਂ ਗੱਡੀਆਂ ਖੂਹ ਕੋਲ ਲੱਗੀਆਂ ਨੇ ਨਾ। ਉੱਥੋਂ ਦੀ ਲੰਘਦਾ ਮੈਂ ਤੈਨੂੰ ਸੌ ਵਾਰੀ ਦੇਖਿਐ। ਤੂੰ ਕਬੂਤਰਾਂ ਵਾਲੇ ਬਾਬੇ ਦਾ ਭਤੀਜਾ ਨੀਂ?'

'ਬਈ ਵਾਹ, ਤੂੰ ਤਾਂ ਸਭ ਜਾਣਦੀ ਐਂ।' ਮੈਂ ਹੋਰ ਹੈਰਾਨ ਹੋਇਆ।

ਇੱਕ ਬਿੰਦ ਉਹ ਚੁੱਪ ਜਿਹੀ ਬੈਠੀ ਰਹੀ ਤੇ ਫੇਰ, 'ਚੱਲ ਪੰਜ ਰੁਪਏ ਦੇ ਦਿਓ,' ਕਹਿ ਕੇ ਖੜ੍ਹੀ ਹੋ ਗਈ।

'ਤੂੰ ਤਾਂ ਸਾਡੇ ਪਿੰਡ ਦੀ ਕੁੜੀ ਹੈਂ। ਚਾਹ ਵੀ ਪੀ ਜਾਈਂ ਮੈਂ ਕਿਹਾ।

'ਰੋਟੀ ਲੈ ਜਾਈਂ ਨਾਲੇ।' ਬੀਵੀ ਮੇਰੇ ਨਾਲ ਉਹਦੀਆਂ ਗੱਲਾਂ ਸੁਣ ਕੇ ਮੋਹ ਦੇ ਅਹਿਸਾਸ ਵਿੱਚ ਉਤਰ ਗਈ।

'ਰੋਟੀ ਨਾਲ ਜਲੇਬੀਆਂ ਵੀ ਦੇਈਂ ਕੁੜੀ ਨੂੰ। ਇਹ ਤਾਂ ਆਪਣੇ ਪਿੰਡ ਦੀ ਐ।'

ਗੱਡੀਆਂ-ਵਾਲੀ ਖ਼ੁਸ਼ ਸੀ। ਕਹਿਣ ਲੱਗੀ, 'ਚੱਲ, ਮੈਨੂੰ ਦੇਖ ਆ, ਭੈਣ। ਅਸੀਂ ਔਥੇ ਸੜਕ 'ਤੇ ਬੈਠੇ ਆਂ। ਓਥੋਂ ਲੈ ਆਈਂ ਬਾਲਟੀਆਂ।'

'ਬਈ ਵਾਹ, ਤੂੰ ਆਪ ਲੈ ਕੇ ਆ ਬਾਲਟੀਆਂ।' ਮੈਂ ਜ਼ੋਰ ਦਿੱਤਾ।

'ਕਦੋਂ ਕੁ ਆਏਂਗੀ?' ਬੀਵੀ ਨੇ ਪੁੱਛਿਆ।

'ਬੱਸ ਅੱਧੇ-ਪੌਣੇ ਘੰਟੇ ਵਿੱਚ ਕਰ ਦਿੰਨੀ ਆਂ ਇਹ ਤਾਂ ਮੈਂ।' ਉਹ ਜਾਣ ਲੱਗੀ।

'ਚੰਗਾ, ਆ ਜਾ ਫੇਰ। ਓਦੋਂ ਨੂੰ ਪਿਛਲੇ ਪਹਿਰ ਦੀ ਚਾਹ ਦਾ ਵੇਲਾ ਵੀ ਹੋ ਜਾਣੈ। ਚਾਹ ਵੀ ਪੀ ਲਈਂ।' ਬੀਵੀ ਬੋਲੀ।

ਮੈਂ ਸੋਚਣ ਲੱਗਿਆ, ਕਦੇ-ਕਦੇ ਕਿਸੇ ਨਾਲ ਰਾਹ ਜਾਂਦਿਆਂ ਹੀ ਕਿਸ ਤਰ੍ਹਾਂ ਮੁਹੱਬਤ ਪੈ ਜਾਂਦੀ ਹੈ। ਧੌਲੇ ਦਾ ਨਾਉਂ ਲੈ ਕੇ ਗੱਡੀਆਂ-ਵਾਲੀ ਨੇ ਕਿਵੇਂ ਮੈਨੂੰ ਠੱਗ ਜਿਹਾ ਲਿਆ ਹੈ। ਕੁਝ ਵਰ੍ਹੇ ਹੀ ਹੋਏ ਨੇ ਪਿੰਡ ਛੱਡੇ ਨੂੰ। ਜਿਉਂ-ਜਿਉਂ ਦਿਨ ਬੀਤਦੇ ਜਾ ਰਹੇ ਹਨ, ਪਿੰਡ ਦਾ ਮੋਹ ਕਿੰਨਾ ਵਧਦਾ ਜਾ ਰਿਹਾ ਹੈ। ਸ਼ਹਿਰ ਵਿੱਚ ਆ ਕੇ ਤਾਂ ਮੈਂ ਇਕੱਲਾ ਜਿਹਾ ਰਹਿ ਗਿਆ ਹਾਂ। ਕੋਈ ਸਮਾਂ ਆਵੇਗਾ, ਜਦੋਂ ਪਿੰਡ ਦਾ ਮੋਹ ਹਉਕਾ ਬਣ ਕੇ ਰਹਿ ਜਾਵੇਗਾ, ਪਰ ਇਹ ਰਾਜਸਥਾਨ ਦੇ ਟੱਪਰੀ ਵਾਸ ਲੋਕ ਧੌਲੇ ਨੂੰ ਆਪਣਾ ਪਿੰਡ ਕਿਉਂ ਆਖ ਰਹੇ ਨੇ? ਸਮਝ ਵਿੱਚ ਆਇਆ, ਜਿੱਥੇ ਕੋਈ ਬਹੁਤਾ ਰਹਿੰਦਾ ਹੋਏ, ਉਹੀ ਉਹਦਾ ਘਰ ਹੋ ਜਾਂਦਾ ਹੈ। ਕੋਈ ਥਾਂ ਕਿਸੇ ਖ਼ਾਸ ਲੋਕਾਂ ਦੀ ਨਿੱਜੀ ਜਾਇਦਾਦ ਤਾਂ ਨਹੀਂ ਹੁੰਦੀ। ਧਰਤੀ ਰੱਬ ਦੀ ਹੈ। ਲੋਕ ਰੱਬ ਦੇ ਹਨ। ਕੋਈ ਵੀ, ਧਰਤੀ 'ਤੇ ਕਿਤੇ ਵੀ ਰਹੇ, ਓਹੀ ਉਸਦਾ ਪਿੰਡ ਹੁੰਦਾ ਹੈ।

ਬੀਵੀ ਆਟੇ ਲਈ ਕਣਕ ਦਾ ਪੀਹਣ ਤਿਆਰ ਕਰਨ ਬੈਠ ਗਈ ਤੇ ਮੈਂ ਰੇਡੀਓ ਤੋਂ ਦੁਪਹਿਰ ਦੀਆਂ ਖ਼ਬਰਾਂ ਸੁਣਨ ਲੱਗਿਆ।

ਕੁਝ ਸਮਾਂ ਲੰਘਿਆ ਤੇ ਗੱਡੀਆਂ-ਵਾਲੀ ਬਾਲਟੀ ਦੇਨਵੇਂ ਥੱਲੇ ਜੜ ਕੇ ਲੈ ਆਈ। ਉਹਦੇ ਚਿਹਰੇ 'ਤੇ ਤੇਜ਼ ਮੁਸਕਰਾਹਟ ਸੀ। ਅੱਖਾਂ ਵਿੱਚ ਚੰਗਿਆੜੇ ਬਲਦੇ। ਉਹਦੇ ਦੰਦ ਬਹੁਤ ਹੀ ਚਿੱਟੇ ਦਿੱਸਦੇ ਸਨ, ਜਿਵੇਂ ਮੋਤੀ ਚਮਕਦੇ ਹੋਣ। ਮੈਂ ਪੁੱਛਿਆ, 'ਤੇਰਾ ਨਾਂ ਕੀ ਐ?'

'ਤੂੰ ਨਾਂ ਤੋਂ ਕੀ ਲੈਣੇ?' ਉਹ ਹੱਸ ਪਈ।

ਉਹਦੇ ਉਤਲੇ ਦੰਦਾਂ ਵਿੱਚ ਉਤਲੇ ਪਾਸੇ ਦੀ ਨੇਸ਼ 'ਤੇ ਸੋਨਾ ਚੜ੍ਹਿਆ ਹੋਇਆ ਸੀ।

'ਤੂੰ ਸਾਡੇ ਪਿੰਡ ਦੀ ਧੀ ਐਂ। ਤੇਰਾ ਨਾਂ ਵੀ ਜਾਨਣਾ ਨ੍ਹੀਂ ਚਾਹਾਂਗਾ?' ਮੈਂ ਮੋਹ ਵਿੱਚ ਭਿੱਜ ਕੇ ਆਖਿਆ।

ਬਾਲਟੀਆਂ ਫ਼ਰਸ਼ 'ਤੇ ਰੱਖ ਕੇ ਉਹਨੇ ਆਪਣੀ ਘੱਗਰੀ ਛੰਗੀ ਤੇ ਬੈਠ ਗਈ। ਕਹਿੰਦੀ, 'ਮੇਰਾ ਨਾਂ ਬੀਰਾਂ ਐਂ।'

'ਕਿੰਨਾ ਸੁਹਣਾ ਨਾਂ ਐਂ।' ਮੈਂ ਤਾਰੀਫ਼ ਕਰ ਦਿੱਤੀ।

ਉਹ ਮੁਸਕਰਾ ਉੱਠੀ। ਇੱਕ ਟੱਪਰੀਵਾਸ ਕੁੜੀ ਨੂੰ ਨਾਉਂ ਦੇ ਸੋਹਣੇ ਹੋਣ ਜਾਂ ਨਾ ਹੋਣ ਨਾਲ ਕੀ ਫ਼ਰਕ ਪੈਂਦਾ ਸੀ।

ਬੀਵੀ ਨੇ ਸਟੋਵ 'ਤੇ ਚਾਹ ਧਰ ਦਿੱਤੀ।

ਪਿਛਲੇ ਦਿਨ ਘਰ ਵਿੱਚ ਇੱਕ ਤਿਹਾਰ ਮਨਾਇਆ ਗਿਆ ਸੀ। ਜਲੇਬੀਆਂ ਬਚੀਆਂ ਪਈਆਂ ਸਨ। ਲਿਫ਼ਾਫ਼ੇ ਵਿੱਚ ਪਾ ਕੇ ਬੀਵੀ ਪੰਜ-ਸੱਤ ਜਲੇਬੀਆਂ ਲਿਆਈ ਤੇ ਲਿਫ਼ਾਫ਼ਾ ਬੀਰਾਂ ਨੂੰ ਫੜਾ ਦਿੱਤਾ। ਬੀਰਾਂ ਨੇ ਲਿਫ਼ਾਫ਼ੇ ਦਾ ਮੂੰਹ ਖੋਲ੍ਹ ਕੇ ਜਲੇਬੀਆਂ ਉੱਤੇ ਉਡਦੀ ਜਿਹੀ ਨਜ਼ਰ ਮਾਰੀ ਤੇ ਉਹਨੂੰ ਚੁੰਨੀ ਦੇ ਲੜ ਨਾਲ ਬੰਨ੍ਹ ਲਿਆ। ਹੁਣ ਉਹ ਗੰਭੀਰ ਖ਼ੁਸ਼ੀ ਵਿੱਚ ਮਸਤ ਸੀ। ਉਹ ਚੁੱਪ ਜਿਹੀ ਹੋ ਗਈ ਸੀ। ਪਤਾ ਨਹੀਂ ਕੀ ਸੋਚ ਰਹੀ ਹੋਵੇਗੀ। ਬੀਵੀ ਨੇ ਚਾਹ ਦੇ ਗਲਾਸ ਨਾਲ ਅੰਬ ਦਾ ਅਚਾਰ ਧਰ ਕੇ ਉਹਨੂੰ ਦੋ ਰੋਟੀਆਂ ਵੀ ਦੇ ਦਿੱਤੀਆਂ। ਉੱਥੇ ਬੈਠਿਆਂ ਹੀ ਬਿਨਾਂ ਕਿਸੇ ਸੰਗ ਸ਼ਰਮ ਦੇ ਉਹ ਨੇ ਰੋਟੀਆਂ ਚਾਹ ਨਾਲ ਘੁੱਟਾ-ਬਾਟੀ ਕਰਕੇ ਖਾ ਲਈਆਂ।

ਉਹ ਉੱਠੀ ਤਾਂ ਬੀਵੀ ਉਹਨੂੰ ਪੰਜ ਰੁਪਏ ਦੇਣ ਲੱਗੀ। ਬੀਰਾਂ ਪੈਸੇ ਨਹੀਂ ਲੈ ਰਹੀ ਸੀ। ਕਹਿੰਦੀ, 'ਤੁਸੀਂ ਸਾਡੇ ਪਿੰਡ ਦੇ ਓਂ। ਥੋਡੇ ਕੋਲੋਂ ਪੈਸੇ ਨਹੀਂ ਲੈਣੇ।'

'ਪਿੰਡ ਦੇ ਆਂ, ਫੇਰ ਕੀ ਐ, ਤੂੰ ਮਿਹਨਤ ਕੀਤੀ ਐ। ਮਿਹਨਤ ਦੇ ਪੈਸੇ ਤਾਂ ਲੈਣੇ ਈ ਨੇ। ਤੂੰ ਪੈਸੇ ਫੜ ਲੈ।' ਮੈਂ ਗੰਭੀਰ ਹੋ ਕੇ ਆਖਿਆ।

'ਨਹੀਂ, ਪੈਸੇ ਨਹੀਂ ਮੈਂ ਲੈਣੇ। ਕੋਈ ਹੋਰ ਕੰਮ ਹੈਗਾ ਤਾਂ ਦੱਸੋਂ।'

ਬੀਰਾਂ ਅਮੋੜ ਸੀ।

ਮੈਂ ਦੁਬਿਧਾ ਵਿੱਚ ਸਾਂ। ਸੋਚਦਾ ਸਾਂ, ਉਹ ਕਿੰਨੀ ਭਾਵੁਕ ਹੋ ਗਈ ਹੈ। ਪੈਸੇ ਨਹੀਂ ਲਵੇਗੀ ਤਾਂ ਸਾਡੇ ਮਨ 'ਤੇ ਬੋਝ ਰਹੇਗਾ। ਉਹਨੂੰ ਪੈਸੇ ਲੈ ਲੈਣੇ ਚਾਹੀਦੇ ਹਨ।

ਬੀਵੀ ਹੱਥੋਂ ਪੰਜਾਂ ਦਾ ਨੋਟ ਲੈ ਕੇ ਉਹਦੇ ਵੱਲ ਵਧਾਅ ਕੇ ਮੈਂ ਕਿਹਾ, 'ਨਹੀਂ ਬੀਰਾਂ, ਇਹ ਤਾਂ ਮਿਹਨਤ ਐ।'

ਕੋਈ ਹੋਰ ਗੱਲ ਸੁਣੇ ਬਗ਼ੈਰ ਉਹ ਸਾਡੇ ਘਰੋਂ ਬਾਹਰ ਹੋਣ ਲੱਗੀ।

'ਚੰਗਾ, ਇੱਕ ਗੱਲ ਸੁਣ।' ਮੈਂ ਉੱਚਾ ਬੋਲ ਕੇ ਉਹਨੂੰ ਖੜ੍ਹਾ ਲਿਆ।

ਉਹ ਗਰਦਨ ਭੰਵਾਂ ਕੇ ਰੁਕ ਗਈ।

'ਜੇ ਤੂੰ ਪੰਜ ਰੁਪਏ ਨਹੀਂ ਲੈਣੇ ਤਾਂ ਨਾ ਲੈ, ਪਰ ਤੂੰ ਧੌਲੇ ਦੀ ਐਂ। ਸਾਡੇ ਪਿੰਡ ਦੀ ਧੀ-ਧਿਆਣੀ ਐਂ। ਅਸੀਂ ਘਰ ਆਈ ਕੁੜੀ ਨੂੰ ਖ਼ਾਲੀ ਨ੍ਹੀਂ ਮੋੜਦੇ। ਆਹ ਪੰਜ ਰੁਪਏ ਧੀ-ਧਿਆਣੀ ਸਮਝ ਕੇ ਲੈ ਜਾ। ਹੁਣ ਤਾਂ ਠੀਕ ਐਂ ਨਾ?'

ਤੇ ਫਿਰ ਉਸ ਨੇ ਪੰਜਾਂ ਦਾ ਨੋਟ ਫੜ ਲਿਆ। ♦

# ਇੱਕ ਦਲੇਰ ਔਰਤ

ਬਲਵਿੰਦਰ ਦੁਸਾਂਝ ਡੌਰਚੈਸਟਰ ਰਹਿੰਦੀ ਸੀ। ਮੈਨੂੰ ਉਹਦੇ ਤਿੰਨ ਫ਼ੋਨ ਆ ਚੁੱਕੇ ਸਨ। ਤੀਜੇ ਫ਼ੋਨ ਵੇਲੇ ਉਹ ਖਿਝੀ ਹੋਈ ਸੀ, 'ਤੁਸੀਂ ਆਉਂਦੇ ਕਿਉਂ ਨ੍ਹੀਂ? ਆਖ਼ਰ ਕਾਰਨ ਕੀ ਐ? ਕੀ ਮੈਨੂੰ ਬਿਨਾਂ ਮਿਲੇ ਈ ਵਾਪਸ ਇੰਡੀਆ ਚਲੇ ਜਾਓਗੇ? ਬਰਮਿੰਘਮ ਤੋਂ ਕੋਚ ਫੜੋ, ਤਿੰਨ ਘੰਟੇ ਲੱਗਦੇ ਨੇ ਡੌਰਚੈਸਟਰ ਪਹੁੰਚਣ ਨੂੰ। ਸਾਫ਼ ਦੱਸੋ, ਆਉਣੈ, ਨਹੀਂ ਆਉਣਾ?' ਐਤਵਾਰ ਛੱਡ ਕੇ ਕਿਸੇ ਵੀ ਦਿਨ ਮੈਂ ਜਾ ਸਕਦਾ ਸੀ। ਐਤਵਾਰ ਨੂੰ ਉਹ ਸ਼ਾਪ ਤੋਂ ਛੁੱਟੀ ਕਰਦੀ। ਉਸ ਦਿਨ ਉਹ ਦੇ ਬਾਹਰ ਹੋਰ ਪ੍ਰੋਗਰਾਮ ਹੁੰਦੇ।

ਬਲਵਿੰਦਰ ਮੇਰੀ ਪੁਰਾਣੀ ਪਾਠਕ ਸੀ। ਉਹਨੇ ਮੇਰੀਆਂ ਬਹੁਤ ਸਾਰੀਆਂ ਕਹਾਣੀਆਂ ਪੜ੍ਹੀਆਂ ਹੋਈਆਂ ਸਨ ਤੇ ਕਈ ਨਾਵਲ। ਉਹ ਮੈਨੂੰ ਚਿੱਠੀ ਲਿਖਦੀ ਹੁੰਦੀ। ਉਹਦੀ ਲਿਖਾਈ ਬੇਸ਼ੱਕ ਐਨੀ ਚੰਗੀ ਨਹੀਂ ਸੀ, ਪਰ ਭਾਸ਼ਾ ਵਧੀਆ ਹੁੰਦੀ। ਚਿੱਠੀ ਲਿਖਦੀ, ਜਿਵੇਂ ਕਿਸੇ ਹੋਰ ਕਾਹਲ ਵਿੱਚ ਹੋਵੇ। ਹਰ ਚਿੱਠੀ ਦੇ ਅਖ਼ੀਰ ਵਿੱਚ, ਜਦੋਂ ਲਿਫ਼ਾਫ਼ਾ ਮੁੱਕਣ 'ਤੇ ਆਉਂਦਾ, ਜ਼ਰੂਰ ਲਿਖਦੀ-ਬਾਕੀ ਫੇਰ ਕਦੇ। ਇੱਕ ਵਾਰ ਉਹਨੇ ਮੇਰੇ ਜਨਮ ਦਿਨ 'ਤੇ ਪੌਂਡ ਦਾ ਨੋਟ ਹਵਾਈ ਪੱਤਰ ਵਿੱਚ ਪਾ ਕੇ ਹੀ ਭੇਜ ਦਿੱਤਾ ਸੀ। ਇਹ ਗਲਤ ਸੀ, ਪਰ ਉਹਦੀ ਭਾਵਨਾ ਨੂੰ ਕੌਣ ਰੋਕ ਸਕਦਾ ਸੀ।

ਮੈਂ ਫ਼ੋਨ 'ਤੇ ਹੀ ਪੁੱਛਿਆ, 'ਘਰ ਵਿੱਚ ਹੋਰ ਕੌਣ-ਕੌਣ ਨੇ?'

ਉਹਦਾ ਜਵਾਬ ਸੀ, 'ਮੈਂ ਤੇ ਮੇਰੇ ਤਿੰਨ ਬੱਚੇ।'

'ਸਰਦਾਰ ਸਾਅਬ?'

'ਉਹ ਨਹੀਂ।'

ਮੈਂ ਪੁੱਛਿਆ ਨਹੀਂ ਕਿ ਉਹ ਸੰਸਾਰ ਵਿੱਚ ਹੀ ਨਹੀਂ ਹਨ ਜਾਂ ਕੋਈ ਹੋਰ ਗੱਲ ਹੈ। ਦੋਵੇਂ ਪ੍ਰਸ਼ਨ ਬੜੇ ਭੈੜੇ ਲੱਗੇ ਸਨ ਮੈਨੂੰ। ਐਨਾ ਹੀ ਪੁੱਛਿਆ, 'ਬੱਚੇ ਕੀ ਕਰਦੇ ਨੇ?'

'ਸਕੂਲ ਜਾਂਦੇ ਨੇ। ਇੱਕ ਮੁੰਡਾ ਐ, ਦੋ ਕੁੜੀਆਂ। ਕੁੜੀਆਂ ਵੱਡੀਆਂ ਨੇ, ਮੁੰਡਾ ਛੋਟੈ।' ਉਹਨੇ ਦੱਸਿਆ।

ਉਸ ਦਿਨ ਸ਼ੁੱਕਰਵਾਰ ਸੀ, ਮੈਂ ਘਰ ਵਿੱਚ ਇਕੱਲਾ ਸੀ। ਘਰ ਦੇ ਮਾਲਕ ਮੀਆਂ-ਬੀਵੀ ਦੋਵੇਂ ਕੰਮਾਂ 'ਤੇ ਗਏ ਹੋਏ ਸਨ। ਦੁਪਹਿਰ ਢਲ ਚੁੱਕੀ ਸੀ। ਘਰ ਵਿੱਚ ਬਹੁਤ ਇਕਾਂਤ ਸੀ। ਕਬਰਾਂ ਜਿਹੀ ਖ਼ਾਮੋਸ਼ੀ। ਮੈਂ ਸੌਂ-ਸੌਂ ਕੇ ਕਿਤਾਬ ਪੜ੍ਹ-ਪੜ੍ਹ ਕੇ ਥੱਕ ਚੁੱਕਿਆ ਸੀ। ਅਜਿਹੇ ਸਮੇਂ ਕਿਸੇ ਦਾ ਫ਼ੋਨ ਰੌਣਕਾਂ ਲਾ ਕੇ ਬੈਠ ਗਿਆ। ਨਹੀਂ ਤਾਂ ਸ਼ੁੱਕਰਵਾਰ ਵਾਲੇ ਦਿਨ ਕੌਣ ਕਰਦਾ ਹੈ ਫ਼ੋਨ, ਫੇਰ ਇਸ ਵੇਲੇ। ਹਫ਼ਤੇ ਦੇ ਪਹਿਲੇ ਪੰਜ ਦਿਨ ਤਾਂ

ਕੋਈ ਹੁੰਗਾਰਾ ਵੀ ਨਹੀਂ ਭਰਦਾ। ਘੰਟੀ ਵੱਜਦੀ ਰਹਿੰਦੀ ਹੈ, ਕੋਈ ਫ਼ੋਨ ਚੁੱਕਦਾ ਹੀ ਨਹੀਂ। ਬਲਵਿੰਦਰ ਨੂੰ ਮੈਂ ਆਖ ਦਿੱਤਾ ਕਿ ਮੈਂ ਅਗਲੇ ਸੋਮਵਾਰ ਆ ਰਿਹਾ ਹਾਂ। ਬਰਮਿੰਘਮ ਤੋਂ ਨੌਂ-ਦਸ ਵਜੇ ਸਵੇਰੇ ਕੋਚ ਫੜਾਂਗਾ, ਫ਼ੋਨ ਕਰਕੇ ਆਵਾਂਗਾ। ਉਹ ਮੈਨੂੰ ਡੌਰਚੈਸਟਰ ਬੱਸ-ਸਟਾਪ ਤੋਂ ਲੈ ਲਵੇ।

ਉਹ ਹੁਣ ਖ਼ੁਸ਼ ਸੀ। ਕਹਿੰਦੀ, 'ਠੀਕ ਐ। ਮੈਂ ਬੱਸ-ਸਟਾਪ ਤੋਂ ਤੁਹਾਨੂੰ ਚੁੱਕ ਲਵਾਂਗੀ।"

'ਚੁੱਕਣਾ' ਸ਼ਬਦ ਇੰਗਲੈਂਡ ਵਿੱਚ ਆਮ ਬੋਲਿਆ ਜਾਂਦਾ ਹੈ। ਇਸ ਦਾ ਮਤਲਬ ਹੁੰਦਾ ਹੈ, 'ਲੈ ਜਾਣਾ।' ਪਰ ਜਦੋਂ ਹੀ ਕੋਈ ਇਹ ਸ਼ਬਦ ਬੋਲਦਾ, ਮੈਨੂੰ ਹਾਸਾ ਆਉਂਦਾ। ਜਿਵੇਂ ਕਿਸੇ ਨੂੰ ਲੱਕੋਂ ਚੁੱਕਣਾ ਹੋਵੇ ਜਾਂ ਗੋਦੀ ਚੁੱਕਣਾ ਹੋਵੇ ਕੋਈ ਜੁਆਕ। ਬਲਵਿੰਦਰ ਦੀ ਗੱਲ 'ਤੇ ਵੀ ਹੱਸ ਪਿਆ। ਉਹ ਬੋਲੀ, 'ਕੀ ਗੱਲ, ਇਹ ਕਾਹਦਾ ਹਾਸਾ ਆ ਗਿਆ ਤੁਹਾਨੂੰ?'

'ਆਹ ਚੁੱਕਣ 'ਤੇ। ਤੂੰ ਮੈਨੂੰ ਚੁੱਕੀ ਨਾ। ਮੈਂ ਆਪੇ ਈ ਤੇਰੀ ਕਾਰ 'ਚ ਬੈਠਾ ਜੂੰਗਾ।' ਮੇਰੀ ਗੱਲ 'ਤੇ ਉਹ ਵੀ ਹੱਸਣ ਲੱਗੀ।

ਡੌਰਚੈਸਟਰ ਤੋਂ ਚਾਰ ਮੀਲ ਦੀ ਵਿੱਥ 'ਤੇ ਹਾਇਰ ਹੈਂਪਟਨ ਹੈ। ਇੱਥੇ ਹੀ ਦੁਨੀਆਂ ਦਾ ਮਸ਼ਹੂਰ ਨਾਵਲਕਾਰ ਥਾਮਸ ਹਾਰਡੀ ਪੈਦਾ ਹੋਇਆ ਸੀ। ਉਹਦੇ ਇੱਕੋ ਨਾਵਲ 'ਟੈੱਸ' ਨੇ ਉਸ ਨੂੰ ਗਲਪ-ਸਾਹਿਤ ਦੀ ਬੁਲੰਦੀ 'ਤੇ ਪਹੁੰਚਾ ਦਿੱਤਾ ਸੀ। ਮੈਂ ਉਹਦੇ ਦੋ ਨਾਵਲ ਹੋਰ 'ਫਾਰ ਫਰੌਮ ਦੀ ਮੈਡਿੰਗ ਕਰਾਊਡ' ਤੇ 'ਦੀ ਮੇਅਰ ਆਫ ਕਾਸਟਰਬਰਿੱਜ' ਵੀ ਪੜ੍ਹੇ ਹੋਏ ਸਨ। ਕਾਸਟਰਬਰਿੱਜ ਫ਼ਰਜ਼ੀ ਨਾਂ ਹੈ, ਡੌਰਚੈਸਟਰ ਦਾ। ਹਾਰਡੀ ਮੇਰਾ ਮਨਪਸੰਦ ਲੇਖਕ ਸੀ। ਸੋਚਿਆ ਸੀ, ਚਲੋ ਹਾਰਡੀ ਦਾ ਜਨਮ ਸਥਾਨ ਵੀ ਦੇਖ ਆਵਾਂਗਾ। ਮੈਂ ਪੜ੍ਹਿਆ ਸੀ ਕਿਤੇ ਕਿ ਡੌਰਚੈਸਟਰ ਦੇ ਨਾਲ ਹੀ ਸਮੁੰਦਰ ਹੈ। ਸਮੁੰਦਰ ਦੇ ਦਰਸ਼ਨ ਵੀ ਕਰਾਂਗਾ। ਜਦੋਂ ਕਦੇ ਵੀ ਮੈਂ ਸਮੁੰਦਰ ਵਿੱਚ ਉੱਠਦੀਆਂ ਭਿਆਨਕ ਛੱਲਾਂ ਦੇਖਦਾ ਤਾਂ ਮੈਨੂੰ ਮਨੁੱਖੀ ਜੀਵਨ ਭੁੱਲਣ ਲੱਗ ਪੈਂਦਾ ਹੈ। ਜਿਵੇਂ ਬੱਸ ਸਮੁੰਦਰ ਹੀ ਸਮੁੰਦਰ ਹੋਵੇ, ਧਰਤੀ ਗੁਆਚ ਗਈ ਹੈ। ਮਨੁੱਖ ਕਿਧਰੇ ਨਹੀਂ ਹੈ। ਕੋਚ ਵਿੱਚ ਮੈਂ ਬਾਰੀ ਕੋਲ ਬੈਠਾ ਸਾਂ। ਜਿਉਂ-ਜਿਉਂ ਡੌਰਚੈਸਟਰ ਨੇੜੇ ਆਉਂਦਾ ਜਾ ਰਿਹਾ ਸੀ। ਬਾਰੀ ਵਿਚੋਂ ਦਿੱਸਦੇ ਖੇਤ ਤੇ ਖੇਤਾਂ ਵਿੱਚ ਕਿਧਰੇ-ਕਿਧਰੇ ਚਰਦੀਆਂ ਭੇਡਾਂ ਦੇਖ ਕੇ ਮੈਨੂੰ ਹਾਰਡੀ ਯਾਦ ਆਉਂਦਾ। ਲੱਗਦਾ, ਹਾਰਡੀ ਦੇ ਪ੍ਰੇਰਨਾ ਸ੍ਰੋਤ ਇਹੀ ਖੇਤ ਹੋਣਗੇ, ਇਹੀ ਭੇਡਾਂ, ਇਹੀ ਲੋਕ। ਟੈੱਸ ਇੱਥੇ ਹੀ ਕਿਤੇ ਖੜ੍ਹੀ ਹੋਵੇਗੀ।

ਡੌਰਚੈਸਟਰ ਦੇ ਬੱਸ-ਸਟਾਪ ਜਾ ਕੇ ਮੈਂ ਉਤਰਿਆ ਤਾਂ ਉਹ ਥੋੜ੍ਹਾ ਹਟ ਕੇ ਆਪਣੀ ਕਾਲੀ ਕਾਰ ਦੇ ਕੋਲ ਹੱਥ ਵਿੱਚ ਕੋਈ ਅੰਗਰੇਜ਼ੀ ਮੈਗਜ਼ੀਨ ਲਈ ਖੜ੍ਹੀ ਪੜ੍ਹ ਰਹੀ ਸੀ। ਕੋਚ ਦੇਖ ਕੇ ਉਹ ਬਿੰਦੇ-ਬਿੰਦੇ ਏਧਰ ਝਾਕਦੀ ਤੇ ਮੈਗਜ਼ੀਨ ਵਿੱਚ ਫੇਰ ਨਿਗਾਹ ਗੱਡ ਲੈਂਦੀ। ਮੈਂ ਉਹਨੂੰ ਪਹਿਲਾਂ ਕਦੇ ਨਹੀਂ ਦੇਖਿਆ ਸੀ। ਉਹਦੀ ਫ਼ੋਟੋ ਵੀ ਨਹੀਂ ਦੇਖੀ ਸੀ। ਉਹਨੇ ਫ਼ੋਨ 'ਤੇ ਅੱਜ ਸਵੇਰੇ ਹੀ ਆਪਣੀ ਪਹਿਚਾਣ ਦੱਸੀ ਕਿ ਉਹਦੀ ਕਾਰ ਦਾ ਰੰਗ ਕਾਲਾ ਹੈ। ਉਹ ਆਪਣੀ ਕਾਰ ਸਾਹਮਣੇ ਮੈਗਜ਼ੀਨ ਲੈ ਕੇ ਖੜ੍ਹੀ ਮੈਨੂੰ ਉਡੀਕ ਰਹੀ ਹੋਵੇਗੀ। ਕਾਲਾ ਸੂਟ ਪਹਿਨਿਆ ਹੋਵੇਗਾ। ਕਾਲੀ ਕਮੀਜ਼, ਕਾਲੀ ਸਲਵਾਰ। ਉਹਦਾ

ਰੰਗ ਗੋਰਾ ਹੈ। ਸਿਰ ਦੇ ਵਾਲ ਬੁਆਏ-ਕੱਟ ਹਨ। ਮੈਂ ਝੱਟ ਪਹਿਚਾਣ ਲਿਆ, ਇਹੀ ਹੈ ਬਲਵਿੰਦਰ ਦੁਸਾਂਝ। ਮੇਰੀਆਂ ਫ਼ੋਟੋਆਂ ਤਾਂ ਉਹਨੇ ਕਈ ਵੇਖੀਆਂ ਹੋਣਗੀਆਂ। ਉਹ ਇਕੱਲੀ ਜਿਹੀ ਹੋ ਕੇ ਖੜ੍ਹ ਗਈ। ਜਿਵੇਂ ਸਾਰੇ ਅੰਗਾਂ ਨੂੰ ਗੰਢ ਦੇ ਲਈ ਹੋਵੇ। ਸ਼ਬਦ ਲਮਕਾ ਕੇ 'ਸਤਿ ਸ੍ਰੀ ਅਕਾਲ' ਆਖੀ। ਮੈਂ ਉਹਨੂੰ ਬੁੱਕਲ ਵਿੱਚ ਲੈ ਲਿਆ। ਕਿਹਾ, 'ਬਲਵਿੰਦਰ ਈ ਐਂ ਨਾ?'

'ਅਜੇ ਵੀ ਕੋਈ ਸ਼ੱਕ ਐਂ?' ਉਹ ਬੋਲੀ ਤੇ ਫੇਰ ਮੇਰੇ ਬੈਠਣ ਲਈ ਆਪਣੇ ਨਾਲ ਵਾਲੀ ਸੀਟ ਦੀ ਤਾਕੀ ਖੋਲ੍ਹੀ। ਅਗਲੇ ਪਲ ਹੀ ਉਹਦੀ ਕਾਰ ਸੜਕ 'ਤੇ ਸਰਪੱਟ ਭੱਜੀ ਜਾ ਰਹੀ ਸੀ। ਉਹਨੇ ਮੈਨੂੰ ਕਈ ਸਵਾਲ ਪੁੱਛੇ। ਕੋਚ ਵਿੱਚ ਠੀਕ ਜਗ੍ਹਾ ਮਿਲ ਗਈ ਸੀ? ਕਦੋਂ ਵਾਪਸ ਜਾ ਰਹੇ ਹੋ ਇੰਡੀਆ? ਕਿਵੇਂ ਲੱਗਿਆ ਇੰਗਲੈਂਡ? ਕਿੱਥੇ-ਕਿੱਥੇ ਘੁੰਮ ਲਏ? ਮੈਂ ਉਹਦੀ ਹਰ ਗੱਲ ਦਾ ਸੰਖੇਪ ਵਿੱਚ ਜਵਾਬ ਦਿੰਦਾ। ਵਾਰ-ਵਾਰ ਉਹਦੇ ਚਿਹਰੇ ਵੱਲ ਝਾਕਦਾ। ਹਮੇਸ਼ਾ ਹੀ ਉਹਦੀ ਨਿਗਾਹ ਸਾਹਮਣੇ ਹੁੰਦੀ। ਉਹਦੀਆਂ ਬਾਹਾਂ ਦੱਸ ਰਹੀਆਂ ਸਨ, ਉਹਦਾ ਕੱਦ ਲੰਮਾ ਹੈ। ਬੈਠੀ ਹੋਈ ਦਾ ਚੁਗਾਠਾ ਵੀ ਤਕੜਾ ਭਰਵਾਂ ਲੱਗਿਆ। ਚਿਹਰੇ ਦੀ ਦਿੱਖ ਮੁੰਡਿਆਂ ਵਰਗੀ ਸੀ। ਲੱਗਦਾ ਹੀ ਨਹੀਂ ਸੀ ਕਿ ਉਹ ਤਿੰਨ ਬੱਚਿਆਂ ਦੀ ਮਾਂ ਹੈ।

ਉਨ੍ਹਾਂ ਦਾ ਘਰ ਬੱਸ-ਸਟਾਪ ਤੋਂ ਨੇੜੇ ਹੀ ਸੀ। ਸਿਟਿੰਗ ਰੂਮ ਵਿੱਚ ਜਾ ਕੇ ਬੈਠੇ ਤਾਂ ਸਾਢੇ ਬਾਰ੍ਹਾਂ ਦਾ ਵਕਤ ਹੋ ਚੁੱਕਿਆ ਸੀ। ਉਹਨੇ ਪੁੱਛਿਆ, 'ਚਾਹ, ਕੌਫ਼ੀ ਜਾਂ ਜੂਸ?'

ਜੂਸ ਪਿਆ ਦੇ।' ਮੈਂ ਕਿਹਾ।

'ਪਹਿਲਾਂ ਜੂਸ ਪੀ ਲਓ। ਫੇਰ ਚਾਹ ਬਣਾ ਦਿੰਨੀ ਆਂ। ਲੇਖਕ ਤਾਂ ਚਾਹ ਪੀਂਦੇ ਹੁੰਦੇ ਨੇ।' ਉਹ ਹੱਸਣ ਲੱਗੀ।

ਜੂਸ ਬਾਅਦ ਅਸੀਂ ਚਾਹ ਵੀ ਪੀਤੀ। ਬੱਚੇ ਘਰ ਨਹੀਂ ਸਨ। ਅੰਦਾਜ਼ਾ ਲਾਇਆ, ਸਕੂਲ ਗਏ ਹੋਣਗੇ। ਉਹ ਮੈਨੂੰ ਮੇਰੇ ਨਾਵਲਾਂ ਦੇ ਪਾਤਰਾਂ ਬਾਰੇ ਪੁੱਛਦੀ ਜਾ ਰਹੀ ਸੀ। ਫੇਰ ਕਈ ਕਹਾਣੀਆਂ ਦੇ ਨਾਂ ਲਏ। ਪੁੱਛਦੀ, ਇਹ ਕਹਾਣੀ ਸੱਚੀ ਐ? ਉਹ ਕਹਾਣੀ ਕਿੱਥੋਂ ਮਿਲੀ ਤੁਹਾਨੂੰ? ਉਹ ਪੁੱਛ ਰਹੀ ਸੀ, ਹੋਰ ਕਿਹੜੇ-ਕਿਹੜੇ ਵਧੀਆ ਲੇਖਕ ਨੇ? ਮੈਂ ਕਈਆਂ ਦੇ ਨਾਂ ਲਏ। ਕੋਈ ਉਹਨੇ ਪੜ੍ਹਿਆ ਹੁੰਦਾ ਤਾਂ ਉਹਦੀ ਰਚਨਾ ਦਾ ਨਾਂ ਦੱਸਦੀ। ਕੋਈ ਨਾ ਪੜ੍ਹਿਆ ਹੁੰਦਾ, ਚੁੱਪ ਰਹਿੰਦੀ ਤੇ ਫੇਰ ਅਗਲਾ ਸਵਾਲ ਕਰ ਦਿੰਦੀ। ਉਹ ਬਹੁਤ ਕੁਝ ਪੁੱਛ ਰਹੀ ਸੀ, ਬਹੁਤ ਕੁਝ ਦੱਸ ਰਹੀ ਸੀ। ਬਹੁਤ ਬੋਲ ਰਹੀ ਸੀ। ਇੱਕ ਵਾਰ ਤਾਂ ਲੱਗਿਆ, ਬੜੀ ਬੋਰ ਤੀਵੀਂ ਹੈ, ਕਿੱਥੋਂ ਫਸ ਗਿਆ ਮੈਂ।

'ਤੁਸੀਂ ਥੱਕੇ-ਥੱਕੇ ਲੱਗਦੇ ਓ, ਸ਼ਾਇਦ ਬੋਰ ਹੋ ਗਏ। ਡਰਿੰਕ ਤਾਂ ਲੈ ਈ ਲੈਂਦੇ ਹੋਵੋਗੇ। ਮੈਂ ਤੁਹਾਡੇ ਵਾਸਤੇ ਵਿਸਕੀ ਲਿਆ ਕੇ ਰੱਖੀ ਹੈ। ਲੇਖਕ ਲੋਕ ਤਾਂ....' ਉਹ ਉੱਠੀ।

ਅਗਲੇ ਪਲ ਮੇਜ਼ 'ਤੇ ਦੋ ਪਿਆਲੇ ਸਨ। ਵਿਸਕੀ ਦਾ ਹਾਫ਼ ਸੀ। ਇੱਕ ਬੋਤਲ ਜੂਸ ਦੀ ਤੇ ਇੱਕ ਕੋਕ ਦੀ। ਕਹਿਣ ਲੱਗੀ, 'ਕੋਕ ਪਸੰਦ ਕਰਦੇ ਓ ਤਾਂ ਕੋਕ ਲੈ ਲਓ, ਜੂਸ ਪਸੰਦ ਕਰਦੇ ਓ ਜੂਸ ਲੈ ਲਓ। ਲੈਮਨਾਈਡ ਵੀ ਹੈ।'

ਮੈਂ ਸਹਿਮਿਆਂ ਬੈਠਾ ਸੀ। ਇਹ ਹੁਣ ਆਪ ਵੀ ਵਿਸਕੀ ਪੀਏਗੀ ਤੇ... ਪਤਾ ਨਹੀਂ ਕੀ...।

ਉਹਨੇ ਇੱਕ ਪੈੱਗ ਵਿਸਕੀ ਦਾ ਬਣਾਇਆ। ਵਿੱਚ ਬਰਫ਼ ਦੇ ਦੋ ਟੁਕੜੇ ਸੁੱਟ ਦਿੱਤੇ। ਦੂਜੇ ਪਿਆਲੇ ਵਿੱਚ ਆਪਣੇ ਵਾਸਤੇ ਕੋਕ ਪਾ ਲਿਆ। ਕਹਿੰਦੇ, 'ਮੈਂ ਡਰਿੰਕ ਨਹੀਂ ਕਰਦੀ। ਤੁਸੀਂ ਲਓ। ਮੈਂ ਕੋਕ ਲਊਂਗੀ।'

ਮੈਨੂੰ ਸੌਖਾ ਸਾਹ ਆਇਆ। ਮੈਂ ਦੋ ਪੈੱਗ ਪੀਤੇ। ਦੂਜਾ ਪੈੱਗ ਆਪ ਪਾ ਲਿਆ ਸੀ। ਫ਼ੋਨ ਦੀ ਘੰਟੀ ਵੱਜੀ। ਉਹ ਤੇਜ਼ੀ ਨਾਲ ਉੱਠੀ ਤੇ ਫ਼ੋਨ ਸੁਣਨ ਲੱਗੀ। ਸਿਟਿੰਗ ਦੇ ਨਾਲ ਹੀ ਪੌੜੀਆਂ ਦੇ ਸ਼ੁਰੂ ਵਿੱਚ ਫ਼ੋਨ ਰੱਖਿਆ ਹੋਇਆ ਸੀ। ਪਹਿਲਾਂ ਤਾਂ ਉਹ ਹੌਲੀ-ਹੌਲੀ, ਫੇਰ ਉੱਚਾ ਬੋਲਣ ਲੱਗੀ ਤੇ ਉਹਨੇ ਬੰਦਿਆਂ ਵਾਂਗ ਦੋ-ਤਿੰਨ ਗਾਲਾਂ ਕੱਢੀਆਂ।

ਉਹ ਵਾਪਸ ਆ ਕੇ ਮੇਰੇ ਸਾਹਮਣੇ ਕੁਰਸੀ 'ਤੇ ਬੈਠੀ ਤਾਂ ਉਹ ਦਾ ਚਿਹਰਾ ਭਖਿਆ ਹੋਇਆ ਸੀ। ਹੁਣ ਉਹ ਆਪਣੇ ਆਪ ਵਿੱਚ ਨਹੀਂ ਸੀ। ਮੈਂ ਪੁੱਛਿਆ, 'ਕੌਣ ਸੀ?'

'ਓਹੀ ਹਰਾਮਜ਼ਾਦਾ। ਕਹਿੰਦਾ ਤੂੰ ਲੈਣ ਕਿਉਂ ਆਈ ਬੱਚਿਆਂ ਨੂੰ।'

ਮੇਰੀ ਸਮਝ ਵਿੱਚ ਕੋਈ ਗੱਲ ਨਹੀਂ ਆਈ। ਮੈਂ ਉਹਦੇ ਵੱਲ ਖ਼ਾਲੀ-ਖ਼ਾਲੀ ਝਾਕਣ ਲੱਗਿਆ।

'ਤੁਹਾਨੂੰ ਦੱਸ ਈ ਦਿਆਂ। ਇਹ ਮੇਰਾ ਹਸਬੈਂਡ ਸੀ। ਅੱਜ ਉਹਦੇ ਮੁੰਡੇ ਦਾ ਜਨਮ-ਦਿਨ ਸੀ। ਮੇਰੇ ਇਹ ਤਿੰਨੇ ਬੱਚੇ ਗਏ ਸੀ। ਦੁਪਹਿਰ ਦੇ ਗਏ ਸ਼ਾਮ ਤੱਕ ਨਹੀਂ ਮੁੜੇ। ਹੁਣੇ ਆਏ ਨੇ, ਆਪ ਜਾ ਕੇ ਲਿਆਈ ਆਂ। ਮੈਨੂੰ ਫ਼ਿਕਰ ਹੋਣ ਲੱਗਿਆ। ਕੁੜੀਆਂ ਵੱਡੀਆਂ ਹੋ ਰਹੀਆਂ ਨੇ। ਮੈਂ ਉਨ੍ਹਾਂ ਨੂੰ ਲੈਣ ਚਲੀ ਗਈ। ਹੁਣ ਇਹ ਮੈਨੂੰ ਕਹਿ ਰਿਹਾ ਸੀ, ਤੂੰ ਕਿਉਂ ਆ ਕੇ ਖੜ੍ਹੀ ਮੇਰੇ ਘਰ ਦੇ ਸਾਹਮਣੇ? ਮੈਂ ਤਾਂ ਸੁਣਾਂ 'ਤੀਆਂ ਫੇਰ।'

ਮੈਂ ਸਮਝ ਗਿਆ ਕੁਝ, ਇਹਦੇ ਪਤੀ ਨੇ ਦੂਜਾ ਵਿਆਹ ਕਰਵਾ ਲਿਆ ਹੈ। ਉਹ ਦੇ ਦੂਜੇ ਵਿਆਹ ਦੇ ਮੁੰਡੇ ਦਾ ਜਨਮ ਦਿਨ ਹੋਵੇਗਾ। ਪਰ.. ਮੈਂ ਪੁੱਛਿਆ, 'ਤੇਰੇ ਬੱਚੇ ਕਿਉਂ ਗਏ ਸੀ?'

'ਬੱਚੇ ਜਾਂਦੇ ਨੇ ਜੀ। ਇਸ ਦੇਸ਼ ਦੇ ਕਾਨੂੰਨ ਅਜੀਬ ਨੇ। ਇਹ ਕੋਰਟ ਦਾ ਫ਼ੈਸਲਾ ਐ ਕਿ ਬੱਚੇ ਆਪਣੇ ਬਾਪ ਨੂੰ ਮਿਲਦੇ ਰਹਿਣਗੇ।'

'ਅੱਛਾ। ਵਾਕਿਆ ਈ ਅਜੀਬ ਫ਼ੈਸਲਾ ਐ।'

'ਜਿਹੜੀ ਉਹਦੇ ਘਰ ਐ ਨਾ ਹੁਣ ਕੁੱਤੀ, ਮੇਰੀ ਭਤੀਜੀ ਐ। ਮੈਂ ਈ ਲਿਆਂਦਾ ਸੀ ਉਹ ਨੂੰ। ਮੇਰਾ ਘਰ ਈ ਉਜਾੜ ਦਿੱਤਾ, ਕੀੜੇ ਪੈਣੀ ਨੇ।' ਉਹ ਭਰੇ ਬੱਦਲ ਵਾਂਗ ਫਟਣ ਲੱਗੀ। ਮੈਂ ਤੀਜਾ ਪੈੱਗ ਬਣਾ ਲਿਆ ਤੇ ਘੁੱਟ ਭਰੀ।

ਉਹ ਦੱਸ ਰਹੀ ਸੀ, 'ਮੇਰੇ ਤਿੰਨ ਭਰਾ ਨੇ। ਵੱਡਾ ਆਖਦਾ ਰਹਿੰਦਾ, ਵਿੰਦਰ, ਤੂੰ ਮੇਰੇ ਕਿਸੇ ਇੱਕ ਜੁਆਕ ਨੂੰ ਲੈ ਜਾ, ਫੇਰ ਰਾਹ ਖੁੱਲ੍ਹ ਜੂਗਾ। ਬਾਕੀ ਫੇਰ ਆਪੇ ਆ ਜਾਣਗੇ। ਮੈਂ ਇਹ ਮੰਗਾ ਲਈ। ਸਤਾਰਾਂ ਵਰ੍ਹਿਆਂ ਦੀ ਸੀ, ਸਾਰੀ। ਦਸਵੀਂ ਪਾਸ ਸੀ। ਕਾਲਜ ਛੱਡ ਕੇ ਆਈ ਸੀ ਏਧਰ। ਸੋਚਿਆ ਸੀ, ਕੰਮ 'ਤੇ ਲਵਾ ਲੂੰਗੀ। ਫੇਰ ਇਹ ਦਾ ਵਿਆਹ ਕਰੂੰਗੀ। ਮੈਂ ਫੈਕਟਰੀ ਜਾਂਦੀ ਹੁੰਦੀ। ਬੱਚੇ ਛੋਟੇ ਸੀ। ਘਰ ਵਾਲਾ ਮੇਰਾ ਕੋਚ ਦਾ ਡਰਾਈਵਰ ਸੀ। ਹੁਣ ਵੀ ਡਰਾਈਵਰੀ ਕਰਦੈ। ਭਤੀਜੀ ਘਰੇ ਹੁੰਦੀ। ਮੈਂ ਉਹ ਦੇ ਲਈ ਕੰਮ ਲੱਭ ਰਹੀ ਸੀ। ਇੱਕ ਦਿਨ ਮੈਂ ਕੰਮ ਛੱਡ ਕੇ ਘਰ ਆਈ। ਮੇਰੀ ਤਬੀਅਤ ਠੀਕ

ਨਹੀਂ ਸੀ। ਘਰ ਆ ਕੇ ਦੇਖਿਆ ਤਾਂ ਮੇਰਾ ਘਰਵਾਲਾ ਵੀ ਘਰ ਸੀ। ਸਵੇਰੇ ਕੰਮ ’ਤੇ ਗਿਆ ਸੀ ਚੰਗਾ ਭਲਾ। ਪਤਾ ਨਹੀਂ ਕਿਹੜੇ ਵੇਲੇ ਮੁੜ ਕੇ ਆ ਗਿਆ। ਮੇਰੀ ਭਤੀਜੀ.... ਦੇ ਵਰ ਇਨ ਦਾ ਬੈੱਡ। ਮੇਰੇ ਤਾਂ ਪੈਰਾਂ ਥੱਲਿਓਂ ਜ਼ਮੀਨ ਨਿਕਲਗੀ। ਉਹ ਫਟਾ ਫਟ ਉੱਠਿਆ ਤੇ ਕੱਪੜੇ ਪਾ ਕੇ ਘਰੋਂ ਬਾਹਰ ਹੋ ਗਿਆ। ਕਾਰ ਲੈ ਗਿਆ। ਮੈਂ ਜੁੱਤੀ ਲਾਹ ਲਈ। ਬਹੁਤ ਕੁੱਟਿਆ ਭਤੀਜੀ ਨੂੰ ਮੈਂ। ਉਹ ਚੀਕਾਂ ਮਾਰ ਰਹੀ ਸੀ। ਆਖਦੀ ਸੀ, ਭੂਆ ਜੀ, ਮੇਰਾ ਕੋਈ ਕਸੂਰ ਨ੍ਹੀਂ। ਫੁੱਫੜ ਜੀ ਹਟਦੇ ਨ੍ਹੀਂ ਸੀ। ਮੇਰਾ ਕੋਈ ਕਸੂਰ ਨ੍ਹੀਂ। ਮੈਨੂੰ ਬੇਸ਼ੱਕ ਕਿੰਨਾ ਮਾਰ ਲਓ, ਵੱਢ ਕੇ ਟੋਟੇ ਕਰ ਦਿਓ ਮੇਰੇ।’

‘ਬੜਾ ਕੰਜਰ ਸੀ, ਫੇਰ ਤਾਂ ਤੇਰਾ ਇਹ ਹਸਬੈਂਡ।’ ਮੈਂ ਖਿਝ ਕੇ ਆਖਿਆ।

‘ਮੈਨੂੰ ਕੁੜੀ ’ਤੇ ਤਰਸ ਆਇਆ। ਉਹ ਦੋ ਦਿਨ ਕਿਧਰੋਂ ਨ੍ਹੀਂ ਮੁੜਿਆ। ਮੈਂ ਵੀ ਦੋ ਦਿਨ ਘਰੇ ਰਹੀ। ਕੰਮ ’ਤੇ ਨਹੀਂ ਗਈ। ਕੁੜੀ ਦੋ ਦਿਨ ਰੋਂਦੀ ਰਹੀ। ਨਾ ਅੰਨ, ਨਾ ਪਾਣੀ। ਮੇਰੇ ਪੈਰੀਂ ਹੱਥ ਲਾਵੇ। ਭੂਆ ਜੀ, ਮੇਰਾ ਕੋਈ ਕਸੂਰ ਨ੍ਹੀਂ। ਮੈਂ ਤੀਜੇ ਦਿਨ ਕੰਮ ’ਤੇ ਚਲੀ ਗਈ। ਸ਼ਾਮ ਨੂੰ ਆਈ ਤਾਂ ਉਹ ਵੀ ਨਹੀਂ ਸੀ। ਲੈ ਗਿਆ ਉਹਨੂੰ ਉਹ। ਚਿੱਠੀ ਲਿਖ ਕੇ ਰੱਖ ਗਿਆ। ਅਖੇ ਸੰਭਾਲ ਆਪਣਾ ਘਰ।’

‘ਫੇਰ?’ ਮੈਂ ਪੈੱਗ ਦੀ ਹੋਰ ਘੁੱਟ ਭਰੀ।

‘ਉਹਨੇ ਅਲੱਗ ਮਕਾਨ ਲੈ ਲਿਆ। ਕੁੜੀ ਨੂੰ ਨਾਲ ਰੱਖਿਆ ਹੋਇਆ ਸੀ। ਫੇਰ ਮੇਰਾ ਡਾਈਵੋਰਸ ਚੱਲਿਆ। ਮੇਰਾ ਕੁਝ ਨਹੀਂ ਬਣਿਆ। ਡਾਈਵੋਰਸ ਮਨਜ਼ੂਰ ਹੋ ਗਿਆ। ਹੁਣ ਉਸ ਕੁੱਤੀ ਦੇ ਦੋ ਜੁਆਕ ਨੇ।’

ਬਲਵਿੰਦਰ ਹਫ਼ੀ ਬੈਠੀ ਸੀ। ਬੜੀ ਬੁਰੀ ਹਾਲਤ ਸੀ ਵਿਚਾਰੀ ਦੀ। ਦੱਸਣ ਲੱਗੀ, ‘ਅਸੀਂ ਇਕੱਠੇ ਪੜ੍ਹੇ ਸੀ, ਫਗਵਾੜੇ। ਬੀ. ਐੱਡ. ਦੀ ਟ੍ਰੇਨਿੰਗ ’ਕੱਠਿਆ ਨੇ ਕੀਤੀ। ਓਦੋਂ ਤਾਂ ਪੈਰੀ ਹੱਥ ਲਾਉਂਦਾ ਹੁੰਦਾ ਮੇਰੇ, ਕੁੱਤੇ ਵਾਂਗੂੰ ਪੂਛ ਹਿਲਾਉਂਦਾ ਸੀ-ਵਿੰਦਰ, ਮੇਰਾ ਤਾਂ ਸਭ ਕੁਝ ਤੂੰ ਐਂ। ਮੇਰੇ ਨਾਲ ਵਿਆਹ ਕਰਾ ਲੈ। ਉਨ੍ਹਾਂ ਦਿਨਾਂ ’ਚ ਈ ਮੈਂ ਕਿਵੇਂ ਨਾ ਕਿਵੇਂ ਇੱਥੇ ਇੰਗਲੈਂਡ ਆ ਗਈ। ਦੇਹ ਚਿੱਠੀ ’ਤੇ ਚਿੱਠੀ। ਮੈਂ ਇਹਨੂੰ ਮੰਗਵਾ ਲਿਆ ਫੇਰ। ਓਧਰ ਈ ਵਿਆਹ ਹੋਇਆ ਸੀ ਸਾਡਾ।

ਤੇ ਇਹ ਭਤੀਜੀ ਦਾ ਭਲਾ ਸੋਚਿਆ ਸੀ ਮੈਂ ਤਾਂ, ਮੇਰੀ ਸੌਕਣ ਬਣ ਕੇ ਬੈਠ ’ਗੀ।

‘ਮਾਰ ਗੋਲੀ ਦੋਵਾਂ ਦੇ। ਭੁੱਲ ਜਾ ਇਹ ਕਿੱਸਾ। ਤੂੰ ਹੋਰ ਵਿਆਹ ਕਰ ਲੈ।’ ਇਸ ਦੇਸ਼ ਦੇ ਰਿਵਾਜ ਦੇਖ ਕੇ ਮੈਂ ਸੁਝਾਓ ਦਿੱਤਾ।

ਉਹ ਕਹਿੰਦੀ, ‘ਨਹੀਂ, ਮੈਨੂੰ ਬੰਦੇ ਦੀ ਜਾਤ ਤੋਂ ਈ ਨਫ਼ਰਤ ਐ ਹੁਣ। ਮੈਂ ਹੁਣ ਤੱਕ ਵਾਹਿਗੁਰੂ ਜਾਣਦੈ ਮੇਰਾ, ਕਿਸੇ ਹੋਰ ਮਰਦ ਨੂੰ ਆਪਣੀ ਜ਼ਿੰਦਗੀ ’ਚ ਦਾਖ਼ਲ ਨਹੀਂ ਹੋਣ ਦਿੱਤਾ। ਮੈਂ ਇਕੱਲੀ ਕੱਟ ਕੇ ਦਿਖਾਊਂਗੀ।’

‘ਨਹੀਂ, ਇਹ ਤੇਰਾ ਫ਼ੈਸਲਾ ਗ਼ਲਤ ਐ। ਸਾਥੀ ਤਾਂ ਕੋਈ ਚਾਹੀਦੈ।’

‘ਇਨ੍ਹਾਂ ਬੱਚਿਆਂ ਦਾ ਕੀ ਕਰਾਂ ਜੀ ਫੇਰ? ਇਨ੍ਹਾਂ ਦੀ ਜ਼ਿੰਦਗੀ ਦਾ ਸਵਾਲ ਐ।’

‘ਚੱਲ, ਉਡੀਕ ਲੈ। ਕੁੜੀਆਂ ਦੇ ਵਿਆਹ ਕਰ ਲੈ। ਮੁੰਡਾ ਕੰਮ ’ਤੇ ਲੱਗ ਜੂਗਾ। ਵਿਆਹਿਆ ਜਾਊ। ਫੇਰ ਕੋਈ ਡਰ ਨ੍ਹੀਂ। ਤੂੰ ਸੋਚ ਕੇ ਦੇਖ। ਮੈਰਿਜ ਤੂੰ ਜ਼ਰੂਰ ਕਰੀਂ। ਉਨ੍ਹਾਂ ਦੇ ਮਾਰ ਗੋਲੀ। ਭੁੱਲ ਜਾਹ ਉਨ੍ਹਾਂ ਨੂੰ।’

ਉਹ ਚੁੱਪ ਹੋ ਗਈ ਤੇ ਸੋਚਣ ਲੱਗੀ।

ਗੱਲਾਂ ਕਰਦਿਆਂ ਪਤਾ ਹੀ ਨਹੀਂ ਲੱਗਿਆ, ਕਦੋਂ ਤਿੰਨ ਵੱਜ ਗਏ। ਉਹ ਕਿਚਨ ਵਿੱਚ ਜਾ ਕੇ ਰੋਟੀ ਤਿਆਰ ਕਰਨ ਲੱਗੀ। ਮੈਂ ਇੱਕ ਪੈੱਗ ਹੋਰ ਪੀ ਲਿਆ। ਪਹਿਲੇ ਤਿੰਨ ਪੈੱਗ ਤਾਂ ਪਤਾ ਨਹੀਂ ਕਿੱਥੇ ਸਨ। ਜਿਵੇਂ ਪੀਤੀ ਹੀ ਨਾ ਹੋਵੇ। ਅਸੀਂ ਰੋਟੀ ਖਾਣ ਲੱਗੇ। ਹੁਣ ਉਹ ਨਾਰਮਲ ਸੀ। ਆਖ ਰਹੀ ਸੀ, 'ਤੁਸੀਂ ਨਾਵਲ ਲਿਖੋ ਮੇਰੇ 'ਤੇ। ਜਿੱਡਾ ਮਰਜ਼ੀ ਹੋਵੇ। ਮੈਂ ਆਪ ਛਪਵਾ ਕੇ ਦਿਊਂਗੀ ਤੁਹਾਨੂੰ ਉਹ।'

'ਨਾਵਲ ਲਿਖੇ ਤੋਂ ਕੀ ਹੋ ਜਾਊ? ਫੇਰ ਕਿਹੜਾ...।'

'ਨਹੀਂ, ਮੈਂ ਉਸ ਨੂੰ ਬਦਨਾਮ ਕਰਨੈ।'

'ਇਹ ਕਿੱਥੋਂ ਦਾ ਐ?' ਮੈਂ ਪੁੱਛਿਆ।

'ਫਗਵਾੜੇ ਕੋਲ ਈ ਪਿੰਡ ਐ ਇੱਕ।'

'ਤੇ ਤੂੰ?'

'ਸਾਡਾ ਪਿੰਡ ਅੰਮ੍ਰਿਤਸਰ ਵੱਲ ਐ। ਅੰਮ੍ਰਿਤਸਰ ਤੇ ਤਰਨ ਤਾਰਨ ਦੇ ਵਿਚਕਾਰ ਜਿਹੇ ਸੜਕ 'ਤੇ।'

ਰੋਟੀ ਖਾਣ ਬਾਅਦ ਟਿਸ਼ੂ ਪੇਪਰ ਨਾਲ ਹੱਥ ਪੂੰਝ ਰਹੀ ਉਹ ਹੱਸ ਕੇ ਆਖ ਰਹੀ ਸੀ, 'ਆਪਣਾ ਤਾਂ ਹੁਣ ਇਸ ਮੁਲਕ 'ਚ ਕੋਈ ਨ੍ਹੀਂ ਰਹਿ ਗਿਆ। ਮੈਂ ਆਂ? ਮੇਰੇ ਬੱਚੇ ਨੇ ਤੇ ਮੇਰੀ ਸ਼ਾਪ।'

'ਸ਼ਾਪ ਕਿੱਥੇ ਐ ਤੇਰੀ?'

'ਮਕਾਨ ਮੇਰਾ ਐ। ਪਹਿਲਾਂ ਈ ਮੇਰੇ ਨਾਂ ਸੀ। ਮੈਂ ਮੋਰਟਗੇਜ ਭਰਦੀ ਰਹੀ ਆਂ ਇਹਦੀ। ਸਾਰੀਆਂ ਕਿਸ਼ਤਾਂ ਮੁੱਕ ਗਈਆਂ। ਹੁਣ ਮੇਰਾ ਐ ਇਹ।'

ਚਾਰ ਵੱਜ ਚੁੱਕੇ ਸਨ। ਮੈਂ ਪੰਜ ਵਜੇ ਮੁੜਨਾ ਸੀ। ਪੰਜ ਵਜੇ ਬਰਮਿੰਘਮ ਲਈ ਆਖ਼ਰੀ ਕੋਚ ਮਿਲਣਾ ਸੀ। ਮੇਰਾ ਦੋਸਤ ਓਥੇ ਬੱਸ-ਸਟਾਪ 'ਤੇ ਮੈਨੂੰ ਲੈਣ ਆਇਆ ਹੋਵੇਗਾ। ♦

# ਚੜ੍ਹਦੀ ਕਲਾ

ਘਰ ਵਾਲੀ ਨੇ ਦੱਸਿਆ ਕਿ ਜੰਗ ਸੂੰ ਆਇਆ ਸੀ, ਬਰਫ਼ੀ ਦਾ ਡੱਬਾ ਦੇ ਗਿਆ ਹੈ।

'ਬਰਫ਼ੀ ਦਾ ਡੱਬਾ? ਕਿਉਂ ਬਈ?' ਮੈਂ ਹੈਰਾਨ ਸੀ। 'ਜੰਗ ਬਹਾਦਰ ਸਿੰਘ ਤੇ ਬਰਫ਼ੀ ਦਾ ਡੱਬਾ! ਗੱਲ ਕੀ ਹੋਈ ਇਹ?' ਮੇਰਾ ਮਨ ਝਗੜਾ ਕਰਨ ਲੱਗ ਪਿਆ। ਸੋਚ ਰਿਹਾ ਸਾਂ–ਇਹ ਇਕਦਮ ਤਬਦੀਲੀ ਕਿਵੇਂ ਆਈ ਉਹਦੇ 'ਚ...? ਪੁੱਛਿਆ, 'ਬੋਲਿਆ ਨ੍ਹੀਂ ਕੁਛ?'

'ਨਾ ਬੱਸ, ਕਹਿੰਦਾ ਸੀ, ਕੱਦੂ ਨੂੰ ਕਹਿ ਦੀਂ, ਚੜ੍ਹਦੀ ਕਲਾ ਐ। ਹੁਣ ਠੀਕ ਆਂ ਮੈਂ। ਤਿੰਨ ਪੋਤੇ ਅਗਲੀਆਂ ਜਮਾਤਾਂ ਚੜ੍ਹਗੇ। ਅੱਜ ਨਤੀਜਾ ਸੁਣਾਇਆ ਸਕੂਲ ਵਾਲਿਆਂ ਨੇ। ਮਖਿਆ, ਨਾਲੇ ਕੱਦੂ ਨੂੰ ਮਿਲ ਆਵਾਂਗੇ।' ਫੇਰ ਘਰਵਾਲੀ ਹੱਸ ਕੇ ਮੈਨੂੰ ਪੁੱਛਣ ਲੱਗੀ, 'ਕਿਉਂ ਜੀ, ਉਹ ਥੋਨੂੰ ਕੱਦੂ ਕਿਉਂ ਆਖਦਾ ਹੁੰਦੈ?'

'ਜਦੋਂ ਉਹਦਾ ਚਿੱਤ ਠੀਕ ਹੋਵੇ ਤੇ ਉਹ ਚੜ੍ਹਦੀ ਕਲਾ 'ਚ ਹੁੰਦੈ ਤਾਂ ਮੈਨੂੰ ਕੱਦੂ ਆਖਦੈ, ਨਹੀਂ ਭੱਠਲ ਸਾਅਬ ਜਾਂ ਸਿਰਫ਼ ਗਿਆਨ।'

'ਹਾਂ ਜੀ, ਚਿੱਟੀ ਜੀਪ ਗੇਟ ਮੂਹਰੇ ਆ ਕੇ ਖੜ੍ਹ 'ਗੀ। ਮਖਿਆ–ਪਤਾ ਨਹੀਂ ਕੌਣ ਐ? ਹਾਕ ਮਾਰੀ–ਭੱਠਲ ਸਾਅਬ। ਮੈਂ ਦੇਖਣ ਗਈ ਤਾਂ ਸਤਿ ਸ੍ਰੀ ਅਕਾਲ ਬੁਲਾ ਕੇ ਡੱਬਾ ਫੜਾ 'ਤਾ। ਫੇਰ ਥੋਨੂੰ 'ਕੱਦੂ–ਕੱਦੂ' ਆਖ ਕੇ ਪੁੱਛਣ ਲੱਗ ਪਿਆ। ਉਹ ਥੋਡਾ ਸਿੱਧਾ ਨਾਉਂ ਕਿਉਂ ਨ੍ਹੀਂ ਲੈਂਦਾ ਜੀ?'

ਮੈਂ ਦੱਸਿਆ–'ਜਦੋਂ ਅਸੀਂ ਕਾਲਜ 'ਚ ਪੜ੍ਹਦੇ ਹੁੰਦੇ, ਮੇਰਾ ਛੋਟਾ ਕੱਦ ਹੋਣ ਕਰਕੇ ਹੋਸਟਲ ਦੇ ਮੁੰਡਿਆਂ ਨੇ ਮੇਰਾ ਨਾਉਂ ਕੱਦੂ ਪਕਾ ਲਿਆ। ਪਹਿਲਾਂ–ਪਹਿਲਾਂ ਤਾਂ ਖਿਝ ਚੜ੍ਹਦੀ ਸੀ, ਫੇਰ ਨ੍ਹੀਂ। ਫੇਰ ਕੱਦੂ ਨਾਉਂ ਮੈਨੂੰ ਆਪ ਈ ਪਿਆਰਾ ਲੱਗਦਾ। ਹੁਣ ਜਦੋਂ ਕੋਈ ਮੈਨੂੰ ਕੱਦੂ ਕਹਿ ਕੇ ਬੁਲਾਉਂਦੇ, ਮੈਨੂੰ ਮਾਨਸਿਕ ਤਸੱਲੀ ਮਿਲਦੀ ਐ। ਮੈਂ ਸਮਝਦਾਂ, ਉਹ ਮੇਰਾ ਆਪਣਾ ਐ ਕੋਈ। ਕੱਦੂ ਨਾਉਂ ਸੁਣਨ ਖ਼ਾਤਰ ਤਾਂ ਮੈਂ ਤਰਸਦਾ ਰਹਿਨਾਂ। ਏਸ ਜੰਗ ਸੂੰ ਦਾ ਪੂਰਾ ਨਾਉਂ ਐ ਜੰਗ ਬਹਾਦਰ ਸਿੰਘ ਚੜ੍ਹਦੀ ਕਲਾ। ਇਹਨੂੰ ਕਿਸੇ ਨੇ ਪੁੱਛਣਾ–ਕੀ ਹਾਲ ਐ ਜੰਗਿਆ? ਤਾਂ ਇਹਨੇ ਜਵਾਬ ਦੇਣਾ–ਚੜ੍ਹਦੀ ਕਲਾ। ਮੁੰਡਿਆਂ ਨੇ ਇਹਦਾ ਨਾਉਂ ਚੜ੍ਹਦੀ ਕਲਾ ਪਕਾ ਲਿਆ। ਹੋਸਟਲ 'ਚ ਸਾਰੇ ਮੁੰਡਿਆਂ ਦੇ ਕੋਈ ਨਾ ਕੋਈ ਨਾਉਂ ਧਰੇ ਹੋਏ ਸੀ।'

'ਹੁਣ ਮੈਂ ਵੀ ਥੋਨੂੰ ਕੱਦੂ ਆਖਿਆ ਕਰੂੰ। ਮੈਂ ਵੀ ਤਾਂ ਥੋਡੀ ਆਪਣੀ ਆਂ। ਨਹੀਂ?'

'ਲੈ, ਤੂੰ ਕਹਿ ਲਿਆ ਕਰ। ਪਰ ਤੇਰੀ ਰੀਸ ਆਪਣੇ ਜੁਆਕ ਨਾ ਕਿਤੇ ਮੈਨੂੰ ਕੱਦੂ ਆਖਣ ਲੱਗ ਪੈਣ। ਫੇਰ ਤਾਂ ਜਮ੍ਹਾਂ ਈ ਕੱਦੂ–ਕੱਸ ਹੋ ਜੂ ਮੇਰਾ।'

ਜੰਗ ਬਾਰੇ ਮੈਂ ਪਤਨੀ ਨੂੰ ਦੱਸਿਆ-ਇਹ ਟਿੱਚਰੀ ਬੜਾ ਹੁੰਦਾ ਸੀ। ਮੁੱਢ ਤੋਂ ਈ ਮਜ਼ਾਕੀਆ ਸੁਭਾਅ ਸੀ ਇਹਦਾ। ਹੁਣ ਵੀ ਓਹੀ, ਸੁਭਾਅ ਐ! ਪਰ ਵਿਚਾਰਾ ਦੁੱਖਾਂ ਨੇ ਮਾਰ 'ਤਾ। ਹੋਸਟਲ 'ਚ ਮੇਰੇ ਕਮਰੇ ਦੇ ਨਾਲ ਇਹਦਾ ਕਮਰਾ ਸੀ। ਇਹ ਪੜ੍ਹਦਾ-ਪੜ੍ਹਦਾ ਜਦੋਂ ਥੱਕ ਜਾਂਦਾ ਤਾਂ ਤਾਜ਼ਾ-ਦਮ ਹੋਣ ਖ਼ਾਤਰ ਆ ਕੇ ਮੇਰਾ ਬਾਰ ਖੜਕਾ ਦਿੰਦਾ। ਬੋਲ੍ਹਦਾ-ਓਏ ਸੁਣਾ ਬਈ ਸਰਦਾਰ ਗਿਆਨ ਸਿੰਘ ਭੱਠਲ? ਫੇਰ ਅੰਦਰ ਆ ਕੇ ਮੇਰੀਆਂ ਗੱਲ੍ਹਾਂ ਪੱਟਣ ਲੱਗਦਾ। ਕਮਰੇ ਵਿੱਚ ਖੜ੍ਹਾ ਉੱਚਾ ਬੋਲ ਕੱਢਦਾ-ਸਰਦਾਰ ਗਿਆਨ ਸਿੰਘ ਭੱਠਲ..... ਕੱਦੂ... ਫਿੱਸ... ਟੈਂਟੋਂ ਫਿੱਸ! ਤੇ ਚਲਿਆ ਜਾਂਦਾ। ਕਦੇ ਕਿਸੇ ਨਵੇਂ ਮੁੰਡੇ ਨਾਲ ਮੇਰੀ ਜਾਣਕਾਰੀ ਕਰਵਉਂਦਾ... ਚੰਗੇ ਰਉਂ 'ਚ ਹੁੰਦਾ ਤਾਂ ਆਖਦਾ-ਇਹ ਗਿਆਨ ਐ। ਮਜ਼ਾਕੀਆ ਰਓਂ 'ਚ ਹੁੰਦਾ ਤਾਂ ਬੋਲਦਾ-ਗਿਆਨ ਸਿੰਘ, ਇਹਦਾ ਪੂਰਾ ਨਾਉਂ ਐ ਸਰਦਾਰ ਗਿਆਨ ਸਿੰਘ ਭੱਠਲ ਉਰਫ਼ ਗਿਆਨ ਕੱਦੂ ਉਰਫ਼ ਫਿੱਸ-ਟੈਂ.... ਟੈਂ.. ਫਿੱਸ।'

'ਹਾਂ ਜੀ, ਹੁਣ ਤਾਂ ਜਦੋਂ ਦਾ ਮੁੰਡਾ ਮਰਿਆ, ਉਹ ਗੱਲ ਈ ਨ੍ਹੀਂ ਰਹਿ 'ਗੀ।' ਉਹ ਵਿਚਾਰਾ ਜਿਹਾ ਮੂੰਹ ਬਣਾ ਕੇ ਬੋਲੀ।

'ਪਰ ਬਰਫ਼ੀ ਦਾ ਡੱਬਾ? ਅਖੇ-ਮੁੰਡੇ ਪਾਸ ਹੋਏ ਐ। ਸੱਚੀਂ ਕੱਦੂ ਆਖਿਆ ਸੀ ਉਹਨੇ ਮੈਨੂੰ?'

'ਹਾਂ ਜੀ, ਦੋ-ਤਿੰਨ ਵਾਰੀ ਕੱਦੂ ਕਿਹੈ।'

'ਫੇਰ ਤਾਂ ਕੋਈ ਗੱਲ ਐ।'

ਮੈਨੂੰ ਬੇਹੱਦ ਖ਼ੁਸ਼ੀ ਸੀ ਕਿ ਉਹ ਫੇਰ ਚੜ੍ਹਦੀ ਕਲਾ ਵਿੱਚ ਹੈ। ਹੈਰਾਨੀ ਇਹ ਹੈ ਕਿ ਅਜਿਹੀ ਤਬਦੀਲੀ ਆਈ ਕਿਵੇਂ?

ਸੱਚੀ ਗੱਲ ਹੈ, ਮੈਂ ਤਾਂ ਉਹਤੋਂ ਕਤਰਾਉਣ ਲੱਗ ਪਿਆ ਸੀ। ਉਹ ਸਮਝਦਾ ਹੀ ਨਹੀਂ ਸੀ। ਬੰਦਾ ਕਦੇ ਤਾਂ ਦਿਲ ਧਰੇ। ਕਦੇ ਤਾਂ ਮਨ ਨੂੰ ਕਿਸੇ ਟਿਕਾਣੇ ਲਾਵੇ। ਪਰ ਉਹ ਤਾਂ ਮਿਲਦਾ ਸੀ ਤੇ ਇੱਧਰ-ਉੱਧਰ ਦੀਆਂ ਕੁਝ ਗੱਲਾਂ ਕਰਨ ਬਾਅਦ ਅਖ਼ੀਰ 'ਕੁੱਕੜ' ਦੀ ਗੱਲ ਲੈ ਕੇ ਬਹਿ ਜਾਂਦਾ ਤੇ ਰੋਣ ਲੱਗਦਾ। ਅੱਖਾਂ ਵਿੱਚ ਪਾਣੀ, ਅਵਾਜ ਭਿੱਜੀ-ਭਿੱਜੀ। ਮੇਰਾ ਦਿਲ ਵੀ ਭੈੜਾ ਪੈ ਜਾਂਦਾ। ਮੈਨੂੰ ਕੋਈ ਗੱਲ ਔੜਦੀ ਹੀ ਨਾ। ਇਸ ਬੰਦੇ ਨੂੰ ਹੁਣ ਕੋਈ ਸਮਝਾਵੇ ਵੀ ਤਾਂ ਕੀ ਸਮਝਾਵੇ। ਮੈਂ ਆਖਦਾ, 'ਜੰਗ ਯਾਰ, ਹੁਣ ਸਬਰ ਕਰ। ਮਨ ਨੂੰ ਸਮਝਾ। ਕੁਦਰਤ ਨੇ ਜਿਹੜਾ ਕਰ 'ਤਾ, ਉਹਦੇ ਅੱਗੇ ਕੋਈ ਜ਼ੋਰ ਨ੍ਹੀਂ ਕਿਸੇ ਦਾ।'

'ਕਿਵੇਂ ਸਮਝਾਵਾਂ ਮਨ ਨੂੰ, ਸਮਝਦਾ ਨ੍ਹੀਂ ਜਦੋਂ। ਤੂੰ ਸਮਝਾ ਕੇ ਦੇਖ ਲੈ।' ਉਹ ਮੈਨੂੰ ਭੱਜ ਕੇ ਪੈਂਦਾ ਤੇ ਗੁੱਸੇ ਵਿੱਚ ਬੋਲਦਾ। ਮੈਂ ਚੁੱਪ ਵੱਟ ਲੈਂਦਾ ਤੇ ਕੁਝ ਵੀ ਨਾ ਕਹਿ ਸਕਦਾ।

'ਕੁੱਕੜ' ਮਰੇ ਨੂੰ ਇੱਕ ਸਾਲ ਤੋਂ ਉੱਤੇ ਹੋ ਗਿਆ ਸੀ। ਜੰਗ ਨੇ ਹਾਲ ਤੱਕ ਦਿਲ ਨਹੀਂ ਧਰਿਆ ਸੀ। 'ਕੁੱਕੜ' ਦੀ ਮੌਤ ਬਾਰੇ ਸਾਨੂੰ ਤੁਰੰਤ ਪਤਾ ਨਹੀਂ ਲੱਗਿਆ। ਇਸ ਕਰਕੇ ਅਸੀਂ ਭੋਗ 'ਤੇ ਨਹੀਂ ਗਏ ਸੀ। ਦੋ ਮਹੀਨੇ ਬਾਅਦ ਉਨ੍ਹਾਂ ਦੇ ਪਿੰਡ ਦੇ ਇੱਕ ਨੰਬਰਦਾਰ ਨੇ ਦੱਸਿਆ। ਸੁਣਿਆ ਤਾਂ ਮੇਰਾ ਜਿਵੇਂ ਕਾਲਜਾ ਢੇਰੀ ਹੋ ਗਿਆ ਹੋਵੇ। ਦੇਹ ਖਿੰਡਣ ਲੱਗੀ। ਵਿਚਾਰਾ ਜੰਗ! ਲਓ, ਹੁਣ ਨਹੀਂ ਬਚਦਾ ਉਹ। ਇਹ ਆਖ਼ਰ ਦੀ ਸੱਟ ਹੈ। ਇਸ ਉਮਰ ਵਿੱਚ ਇਹ ਭਾਣਾ?

ਮੈਂ ਤੇ ਘਰਵਾਲੀ ਦੂਜੇ ਦਿਨ ਸਵੇਰੇ ਹੀ ਉਨ੍ਹਾਂ ਦੇ ਪਿੰਡ ਗਏ। ਘਰ ਵੜਨ ਵੇਲੇ ਡਰ ਲੱਗਦਾ ਸੀ। ਜੰਗ ਨਾਲ ਕੀ ਕਿਵੇਂ ਗੱਲ ਕਰ ਸਕਾਂਗੇ? ਉਹ ਵਰਾਂਡੇ ਵਿੱਚ ਕੁਰਸੀ ਡਾਹ ਕੇ ਬੈਠਾ ਸੀ। ਸਾਨੂੰ ਦੇਖ ਕੇ ਖੜ੍ਹਾ ਨਹੀਂ ਹੋਇਆ। ਬੈਠੇ ਦਾ ਬੈਠਾ, ਜਿਵੇਂ ਧਰਤੀ ਵਿੱਚ ਕੋਈ ਠੋਸ ਚੀਜ਼ ਗੱਡ ਕੇ ਖੜ੍ਹੀ ਕੀਤੀ ਹੋਵੇ। ਮੈਂ ਆਪ ਹੀ ਦੂਜੀ ਕੁਰਸੀ ਉਹ ਦੇ ਨੇੜੇ ਕੀਤੀ ਤੇ ਬੈਠ ਗਿਆ। ਘਰਵਾਲੀ ਅੰਦਰ ਕਿਧਰੇ ਜੰਗ ਦੀ ਪਤਨੀ ਤੇ ਨੂੰਹ ਕੋਲ ਜਾ ਬੈਠੀ। ਮੈਂ ਖ਼ੁਦ ਹੀ ਗੱਲ ਤੋਰੀ-ਮੈਨੂੰ ਤਾਂ ਕੱਲ੍ਹ ਪਤਾ ਲੱਗਿਆ। ਕਿਸੇ ਨੇ ਦੱਸਿਆ ਈ ਨ੍ਹੀਂ। ਕਾਰਡ ਭੇਜ ਦਿੰਦਾ, ਭੋਗ 'ਤੇ ਤਾਂ ਆ ਜਾਂਦਾ ਮੈਂ। ਤੂੰ ਗੁੱਸਾ ਕਰਦਾ ਹੋਵੇਂਗਾ, ਬਈ ਗਿਆਨ...।'

'ਕਾਰਡ ਕੀਹਨੂੰ ਸੁੱਝੇ ਐ? ਜੀਹਨੂੰ ਪਤਾ ਲੱਗਿਆ, ਆ ਗਿਆ। ਨਹੀਂ ਕੋਈ ਆਇਆ ਤਾਂ ਵੀ ਕੀਹ ਐ। ਜੋ ਹੋਣਾ ਸੀ, ਹੋ ਗਿਆ। ਕੋਈ ਆਓ, ਨਾ ਆਓ।' ਉਹ ਓਪਰਿਆਂ ਵਾਂਗ ਮੇਰੇ ਵੱਲ ਝਾਕ ਰਿਹਾ ਸੀ।

'ਯਾਰ, ਬਹੁਤ ਮਾੜਾ ਹੋਇਆ। ਕਿਵੇਂ....?' ਚਾਹੇ ਮੈਨੂੰ ਨੰਬਰਦਾਰ ਨੇ ਸਭ ਦੱਸ ਦਿੱਤਾ ਸੀ, ਪਰ ਮੈਂ ਉਹਦੇ ਮੂੰਹੋਂ ਸੁਣਨਾ ਚਾਹਿਆ।

ਉਹ ਦੱਸਣ ਲੱਗਿਆ ਕਿ 'ਕੁੱਕੜ' ਟਰੈਕਟਰ-ਟਰਾਲੀ ਲੈ ਕੇ ਖੇਤ ਨੂੰ ਜਾ ਰਿਹਾ ਸੀ। ਝਖੇੜਾ ਵਗ ਕੇ ਹਟਿਆ ਸੀ। ਤੜਕੇ ਦਾ ਵੇਲਾ ਸੀ। ਇੱਕ ਖੰਭਾ ਡਿੱਗਿਆ ਹੋਣ ਕਰਕੇ ਰਾਹ ਵਿੱਚ ਬਿਜਲੀ ਦੀਆਂ ਤਾਰਾਂ ਨੀਵੀਆਂ ਸਨ, ਬਹੁਤ ਨੀਵੀਆਂ। ਤਾਰਾਂ ਉਤਾਂਹ ਚੁੱਕੇ ਬ਼ਗੈਰ ਟਰੈਕਟਰ ਲੰਘ ਨਹੀਂ ਸਕਦਾ ਸੀ। ਬਿਜਲੀ ਬੰਦ ਸੀ। ਸਭ ਨੂੰ ਪਤਾ ਸੀ ਕਿ ਬਿਜਲੀ ਬੰਦ ਹੈ। 'ਕੁੱਕੜ' ਨੇ ਆਪਣੇ ਇੱਕ ਹੱਥ ਨਾਲ ਤਾਰਾਂ ਦਾ ਰੁੱਗ ਉਤਾਂਹ ਕਰਕੇ ਟਰੈਕਟਰ ਲੰਘਾਉਣਾ ਚਾਹਿਆ, ਪਰ ਕੁਦਰਤ ਰੱਬ ਦੀ, ਤਾਰਾਂ ਵਿੱਚ ਕਰੰਟ ਆ ਗਿਆ। ਐਨੀ ਵੋਲਟੇਜ, ਛੱਡਦੀ ਐ ਬਿਜਲੀ?....।

ਉਹ ਚੁੱਪ ਹੋ ਗਿਆ। ਰੋਇਆ ਵੀ ਨਹੀਂ। ਐਨੇ ਦਿਨ ਰੋਂਦਾ ਹੀ ਰਿਹਾ ਹੋਵੇਗਾ। ਹੁਣ ਤੱਕ ਇੱਕ ਵੀ ਹੰਝੂ ਬਾਕੀ ਨਹੀਂ ਬਚਿਆ ਹੋਵੇਗਾ, ਉਹਦੀਆਂ ਅੱਖਾਂ ਵਿੱਚ। ਜ਼ੁਬਾਨ ਮੇਰੀ ਵੀ ਬੰਦ ਹੋ ਗਈ। ਅਸੀਂ ਕਾਫ਼ੀ ਚਿਰ ਚੁੱਪ-ਚਾਪ ਬੈਠੇ ਰਹੇ। ਐਨੇ ਨੂੰ ਕੁੜੀ ਦਲਜੀਤ ਚਾਹ ਦੇ ਗਈ। ਕੁੜੀ ਤੇ ਪਰ੍ਹੌਣਾ ਓਥੇ ਸਨ। ਚਾਹ ਪੀਣ ਦੀ ਹਿੰਮਤ ਨਹੀਂ ਸੀ।

ਜੰਗ ਬਹਾਦਰ ਸਿੰਘ ਦੇ ਦੋ ਲੜਕੇ ਸਨ ਤੇ ਇੱਕ ਲੜਕੀ। ਉਹਦੇ ਪਿਤਾ ਫ਼ੌਜ ਵਿਚੋਂ ਸੂਬੇਦਾਰ ਪੈਨਸ਼ਨ ਆਏ। ਉਹ ਹਾਕੀ ਦੇ ਵਧੀਆ ਖਿਡਾਰੀ ਸਨ। ਸੰਸਾਰ-ਪ੍ਰਸਿੱਧ ਹਾਕੀ-ਖਿਡਾਰੀ ਮੇਜਰ ਧਿਆਨ ਚੰਦ ਦੀ ਟੀਮ ਵਿੱਚ ਖੇਡਦੇ ਰਹੇ। ਪਿਤਾ ਕਰਕੇ ਜੰਗ ਨੂੰ ਵੀ ਹਾਕੀ ਦੀ ਲਗਨ ਸੀ। ਕਾਲਜ ਵਿੱਚ ਉਹ ਵੀ ਏ-ਟੀਮ ਦਾ ਪਲੇਅਰ ਸੀ।

ਜ਼ਮੀਨ ਬਹੁਤ ਸੀ। ਜੰਗ ਬਹਾਦਰ ਪਿਓ ਦਾ ਇਕੱਲਾ ਪੁੱਤ ਸੀ। ਸੂਬੇਦਾਰ ਸਾਹਿਬ ਅਚਾਨਕ ਬਿਮਾਰ ਹੋ ਗਏ। ਖੇਤੀ ਦਾ ਕੰਮ ਠੱਪ ਹੋ ਗਿਆ। ਐਨੀ ਜ਼ਮੀਨ, ਐਵੇਂ ਜਾਂਦੀ ਸੀ। ਹਿੱਸੇ-ਠੇਕੇ ਵਾਲੇ ਦਿੰਦੇ ਕੁਝ ਨਹੀਂ ਸੀ। ਜੰਗ ਬਹਾਦਰ ਨੂੰ ਕਾਲਜ ਦੀ ਪੜ੍ਹਾਈ ਵਿੱਚੇ ਛੱਡ ਕੇ ਪਿੰਡ ਆਉਣ ਪੈ ਗਿਆ। ਆਉਂਦੇ ਹੀ ਉਹਨੂੰ ਖੇਤੀ-ਪੱਤੀ ਦੇ ਕੰਮ ਵਿੱਚ ਪੈਣਾ ਪਿਆ। ਫੇਰ ਛੇਤੀ ਹੀ ਉਹਦਾ ਵਿਆਹ ਕਰ ਦਿੱਤਾ ਗਿਆ। ਸਾਡੇ ਵਿਆਹ ਇੱਕੋ ਮਹੀਨੇ ਇੱਕੋ ਤਰੀਕ ਦੇ ਸਨ। ਕਾਲਜ ਵਿੱਚ ਅਸੀਂ ਸ਼ਰਤਾਂ ਲਾਉਂਦੇ ਹੁੰਦੇ ਕਿ ਪਹਿਲਾਂ ਕਿਸ ਦਾ ਵਿਆਹ ਹੋਵੇਗਾ। ਇਹ ਸ਼ਰਤ ਵੀ ਰੱਖਦੇ ਕਿ ਅਸੀਂ ਇੱਕ-ਦੂਜੇ ਦੀ ਬਰਾਤ

ਵਿੱਚ ਜ਼ਰੂਰ ਸ਼ਾਮਲ ਹੋਵਾਂਗੇ। ਪਰ ਇੱਕੋ ਦਿਨ ਵਿਆਹ ਹੋਣ ਕਰਕੇ ਨਾ ਉਹ ਮੇਰੀ ਬਰਾਤ ਜਾ ਸਕਿਆ ਤੇ ਨਾ ਮੈਂ ਉਹ ਦੀ ਬਰਾਤ।

ਜੰਗ ਬਹਾਦਰ ਪੜ੍ਹਾਈ ਵਿੱਚ ਬਹੁਤ ਹੁਸ਼ਿਆਰ ਸੀ।ਉਹਨੂੰ ਹਿਸਾਬ ਦੇ ਪ੍ਰੋਫ਼ੈਸਰ ਨਾਲੋਂ ਵੱਧ ਹਿਸਾਬ ਆਉਂਦਾ। ਐੱਫ. ਐੱਸ. ਸੀ. ਵਿਚੋਂ ਉਹਨੇ ਅੱਸੀ ਫ਼ੀਸਦੀ ਨੰਬਰ ਲਏ। ਜੇ ਉਹਦੀ ਪੜ੍ਹਾਈ ਜਾਰੀ ਰਹਿੰਦੀ ਤਾਂ ਉਹ ਪਤਾ ਨਹੀਂ ਕਿੱਥੇ ਪਹੁੰਚਦਾ।ਮੈਨੂੰ ਵੀ ਐੱਫ. ਏ. ਕਰਨ ਬਾਅਦ ਘਰਦਿਆਂ ਨੇ ਵਾਪਸ ਬੁਲਾ ਲਿਆ ਸੀ, ਅਖੇ-ਹੋਰ ਖ਼ਰਚ ਨਹੀਂ ਦੇ ਸਕਦੇ। ਜੰਗ ਬਹਾਦਰ ਦਾ ਖ਼ਰਚ ਦਾ ਕੋਈ ਮਸਲਾ ਨਹੀਂ ਸੀ।ਉਦੋਂ ਉਹ ਜ਼ਿੰਦਗੀ ਵਿੱਚ ਪਹਿਲੀ ਵਾਰੀ ਉਦਾਸ ਹੋਇਆ ਸੀ।

ਉਹਦੀਆਂ ਪੰਜ ਭੈਣਾਂ ਸਨ। ਵੱਡੀਆਂ ਦੋ ਦੇ ਸੂਬੇਦਾਰ ਸਾਹਿਬ ਵਿਆਹ ਕਰ ਗਏ ਸਨ, ਤਿੰਨ ਜੰਗ ਸਿੰਘ ਨੇ ਆਪ ਵਿਆਹੀਆਂ। ਫੇਰ ਉਹਦੀ ਆਪਣੀ ਕਬੀਲਦਾਰੀ ਸ਼ੁਰੂ ਹੋ ਗਈ। ਕੁੜੀ ਵੱਡੀ ਸੀ। ਪਹਿਲਾਂ ਉਹਦਾ ਵਿਆਹ ਕੀਤਾ। ਮੁੰਡਾ ਕਨੇਡਾ ਤੋਂ ਆਇਆ ਸੀ, ਪਰ ਠੱਗੀ ਹੋ ਗਈ। ਮੁੰਡਾ ਬਾਹਰਲਾ ਹੋਵੇ ਤੇ ਕੁੜੀ ਏਧਰਲੀ ਜਾਂ ਮੁੰਡਾ ਏਧਰਲਾ ਹੋਵੇ ਤੇ ਕੁੜੀ ਓਧਰਲੀ, ਕਹਾਣੀ ਫਿੱਟ ਬੈਠਦੀ ਹੀ ਨਹੀਂ। ਸੱਭਿਆਚਾਰ ਦਾ ਫ਼ਰਕ ਮਾਨਸਿਕ ਤੌਰ ’ਤੇ ਇੱਕ-ਦੂਜੇ ਨੂੰ ਨੇੜੇ ਨਹੀਂ ਢੁਕਣ ਦਿੰਦਾ। ਹਮੇਸ਼ਾ ਕਜੋੜ ਰਹਿੰਦਾ ਹੈ, ਪਰ ਦਲਜੀਤ ਦਾ ਮਸਲਾ ਅਜੀਬ ਸੀ। ਵਿਆਹ ਕਰਵਾ ਕੇ ਮੁੰਡਾ ਇੱਕ ਮਹੀਨਾ ਏਧਰ ਰਿਹਾ। ਮੁੜ ਕੇ ਉੱਧਰੋਂ ਆਇਆ ਹੀ ਨਹੀਂ। ਨਾ ਕੋਈ ਕਾਗਜ਼-ਪੱਤਰ ਭੇਜਿਆ। ਉਡੀਕ-ਉਡੀਕ ਜੰਗ ਬਹਾਦਰ ਟੁੱਟ ਕੇ ਰਹਿ ਗਿਆ। ਇਹ ਉਹਦੀ ਦੂਜੀ ਸੱਟ ਸੀ, ਪਰ ਕੁੜੀ ਦਾ ਦੁਬਾਰਾ ਵਿਆਹ ਕਰਕੇ ਉਹ ਸੰਭਲ ਗਿਆ।

ਚਾਹੇ ਉਹ ਖੇਤੀ ਦਾ ਖੱਬੀਖਾਨ ਕੰਮ ਚਲਾ ਰਿਹਾ ਸੀ, ਪਰ ਜਦੋਂ ਮਿਲਦਾ ਝੂਰਦਾ। ਮੈਂ ਸਰਕਾਰੀ ਨੌਕਰੀ ਕਰਦਾ ਸੀ। ਉਹ ਆਖਦਾ-‘ਦੇਖ ਲੈ, ਤੂੰ ਛਾਂ ’ਚ ਬਹਿਨੈਂ, ਚਿੱਟੇ ਕੱਪੜੇ ਪਾਉਨੈਂ, ਪਹਿਨ-ਪੱਥਰ ਕੇ ਰਹਿਨੈਂ। ਅਸੀਂ ਐਧਰ ਘੱਟਾ ਢੋਨੇ ਆਂ। ਮਿੱਟੀ ਨਾਲ ਮਿੱਟੀ ਵਾਲਾ ਹਿਸਾਬ ਐ। ਹੁਣ ਆਖਦੂ ਮੈਨੂੰ ਕੋਈ ਬਈ ਮੈਂ ਐੱਫ. ਸੀ. ਫਸਟ-ਕਲਾਸ ਆਂ? ਬਾਪੂ ਜੀ ਜੇ ਬਿਮਾਰ ਨਾ ਹੁੰਦੇ ਤੇ ਮੈਂ ਪੜ੍ਹਾਈ ਨਾ ਛੱਡਦਾ ਤਾਂ ਅੱਜ ਨੂੰ ਕੋਈ ਵੱਡਾ ਅਫ਼ਸਰ ਲੱਗਿਆ ਹੁੰਦਾ। ਤੈਥੋਂ ਉੱਤੋਂ ਦੀ ਹੋਣਾ ਸੀ।’

ਵੱਡਾ ਮੁੰਡੇ ਦਾ ਨਾਉਂ ਬਲਵੰਤ ਸਿੰਘ ਸੀ, ਉਹਨੂੰ ਬਿੱਲੂ ਆਖਦੇ। ਛੋਟੇ ਕੁੱਕੜ ਦਾ ਅਸਲੀ ਨਾਉਂ ਕੁਲਵੰਤ ਸਿੰਘ ਸੀ। ਕਾਗਜ਼ਾਂ ਵਿੱਚ ਹੀ ਉਨ੍ਹਾਂ ਦੇ ਅਸਲੀ ਨਾਉਂ ਲਿਖੇ ਜਾਂਦੇ, ਨਹੀਂ ਤਾਂ ਪਿੰਡ ਵਿੱਚ, ਰਿਸ਼ਤੇਦਾਰਾਂ ਤੇ ਦੋਸਤਾਂ-ਮਿੱਤਰਾਂ ਲਈ ਉਹ ਬਿੱਲੂ ਤੇ ਕੁੱਕੜ ਸਨ। ਦੋਵੇਂ ਐਡੇ ਸੁਹਣੇ ਜੁਆਨ, ਕਲੰਡਰੀ ਮੂਰਤਾਂ ਵਰਗੇ ਮੁੰਡੇ।

ਬਿੱਲੂ ਨੇ ਬੀ. ਏ. ਕੀਤੀ ਤੇ ਉਹਨੂੰ ਬੈਂਕ ਵਿੱਚ ਨੌਕਰੀ ਮਿਲ ਗਈ। ਪਹਿਲਾਂ ਕਲਕੱਤੇ ਰਿਹਾ ਤੇ ਫੇਰ ਫ਼ਿਰੋਜ਼ਪੁਰ। ਚੰਗੇ ਰੱਜੇ-ਪੁੱਜੇ ਘਰ ਉਹਨੂੰ ਵਿਆਹ ਲਿਆ। ਮੁੰਡਾ ਹੋ ਗਿਆ। ਜੰਗ ਬਹਾਦਰ ਹਿੱਕ ਚੌੜੀ ਕਰਕੇ ਤੁਰਦਾ।

ਉਹਦਾ ਫ਼ੈਸਲਾ ਸੀ ਕਿ ਉਹ ਕੁੱਕੜ ਨੂੰ ਵੀ ਬੀ. ਏ. ਕਰਵਾਏਗਾ। ਅੱਗੇ ਕੋਈ ਕੋਰਸ ਕਰਨਾ ਹੈ ਤਾਂ ਉਹ ਵੀ ਕਰ ਲਵੇ।ਉਹਨੂੰ ਵੀ ਸਰਕਾਰੀ ਨੌਕਰੀ ਦਿਵਾਏਗਾ। ਖੇਤੀ ਦੇ ਕੰਮ ਵਿੱਚ ਦੋਵਾਂ ਨੂੰ ਨਹੀਂ ਰੱਖਣਾ। ਜਿੰਨਾ ਚਿਰ ਉਹਦੇ ਆਪਣੇ ਹੱਡ-ਗੋਡੇ ਕਾਇਮ ਹਨ, ਉਹ ਖੇਤੀ ਦਾ ਕੰਮ ਰੋੜ੍ਹੀ ਜਾਵੇਗਾ। ਮੁੰਡਿਆਂ ਨੂੰ ਐਸ਼ ਕਰਾਉਣੀ ਹੈ, ਮਿੱਟੀ ਨਾਲ ਮਿੱਟੀ ਨਹੀਂ ਹੋਣ ਦੇਣਾ।

ਪਰ ਅਚਿੰਤੇ ਬਾਜ ਪੈ ਗਏ। ਅੰਬਰੋਂ ਬਿਜਲੀ ਡਿੱਗ ਪਈ ਹੋਵੇ, ਜਿਵੇਂ। ਪਤਾ ਨਹੀਂ ਕੀ ਰੱਬ ਦਾ ਭਾਣਾ ਵਰਤਿਆ, ਬਿੱਲੂ ਰਾਤ ਨੂੰ ਚੰਗਾ-ਭਲਾ ਸੁੱਤਾ, ਤੜਕੇ ਨਹੀਂ ਸੀ। ਸੂਰਜ ਕਾਲਾ ਹੋ ਗਿਆ। ਹਨੇਰ-ਗੁਬਾਰ ਵਿਚੋਂ ਹੀ ਅਦਭੁੱਤ ਫ਼ੈਸਲੇ ਕਰ ਲਏ ਗਏ।

ਕੁੱਕੜ ਪਲੱਸ-ਟੂ ਵਿੱਚ ਪੜ੍ਹਦਾ ਸੀ। ਉੱਠਦੀ ਜਵਾਨੀ ਸੀ ਉਹਦੀ। ਅਜੇ ਤਾਂ ਉਹਨੂੰ ਜੱਗ-ਜਹਾਨ ਦੀ ਸੁਰਤ ਨਹੀਂ ਸੀ। ਬਿੱਲੂ ਦੇ ਭੋਗ ਵਾਲੇ ਦਿਨ ਪਾਠ ਦੀ ਸਮਾਪਤੀ ਤੋਂ ਬਾਅਦ ਬਾਬੇ ਦੀ ਹਜ਼ੂਰੀ ਵਿੱਚ ਅਰਦਾਸ ਕਰ ਦਿੱਤੀ ਗਈ ਕਿ ਬਿੱਲੂ ਦੀ ਵਿਧਵਾ ਵਹੁਟੀ ਨੂੰ ਕੁਲਵੰਤ ਦੇ ਲੜ ਲਾਇਆ ਜਾਂਦਾ ਹੈ। ਵਾਹਿਗੁਰੂ ਸੱਚਾ ਪਾਤਸ਼ਾਹ ਮਿਹਰ ਰੱਖੇਗਾ ਤੇ ਜੋੜੀ ਦੇ ਅੰਗ-ਸੰਗ ਸਹਾਈ ਹੋਵੇਗਾ। ਅੱਜ ਤੋਂ ਇਹ ਨਵਾਂ ਜੀਵਨ ਸਫ਼ਰ ਸ਼ੁਰੂ ਕਰਨਗੇ। ਵਹੁਟੀ ਰੋ ਰਹੀ ਸੀ, ਕੁਲਵੰਤ ਰੋ ਰਿਹਾ ਸੀ, ਜੰਗ ਬਹਾਦਰ ਰੋ ਰਿਹਾ ਸੀ, ਉਹਦੀ ਘਰਵਾਲੀ ਤੇ ਧੀ-ਜੁਆਈ ਸਮੇਤ ਸਭ ਅੱਖਾਂ ਭਰੀ ਖੜ੍ਹੇ ਸਨ। ਇਹ ਤਾਂ ਕਿਸੇ ਨੂੰ ਚਿੱਤ-ਚੇਤੇ ਵੀ ਨਹੀਂ ਸੀ ਕਿ ਇੰਝ ਹੋ ਜਾਵੇਗਾ। ਚੜ੍ਹਦੀ ਕਲਾ ਵਿੱਚ ਰਹਿਣ ਵਾਲਾ ਜੰਗ ਬਹਾਦਰ ਸਿੰਘ ਨਿਢਾਲ ਸੀ। ਨੂੰਹ-ਪੁੱਤ ਦੀ ਜ਼ਿੰਦਗੀ ਚਾਹੇ ਨਵੇਂ ਸਿਰੇ ਸ਼ੁਰੂ ਹੋ ਗਈ, ਪਰ ਬਿੱਲੂ ਟੱਬਰ ਨੂੰ ਕਿਵੇਂ ਵੀ ਭੁੱਲਦਾ ਨਹੀਂ ਸੀ। ਹਰ ਵਰ੍ਹੇ ਉਹਦੀ ਬਰਸੀ ਮਨਾਈ ਜਾਂਦੀ। ਦਿਨ ਦੇ ਦਿਨ ਉਹਦੀਆਂ ਹੀ ਗੱਲਾਂ ਕੀਤੀਆਂ ਜਾਂਦੀਆਂ। ਕੁੱਕੜ ਦੀ ਬਹੂ ਕੋਲ ਪਹਿਲਾਂ ਮੁੰਡਾ ਹੋਇਆ ਤਾਂ ਇੱਕ ਸਾਲ ਦਾ ਹੋਏ ਤੋਂ ਉਹਦੀ 'ਛਟੀ' ਕੀਤੀ ਗਈ, ਜਨਮ-ਦਿਨ ਮਨਾਇਆ ਗਿਆ। ਵਿਆਹ ਨਾਲੋਂ ਵੱਡਾ ਇਕੱਠ ਸੀ। ਜੰਗ ਬਹਾਦਰ ਸਿੰਘ ਸਿਰੇ ਦੀ ਚੜ੍ਹਦੀ ਕਲਾ ਵਿੱਚ ਸੀ। ਸਾਰੇ ਰੰਗ-ਰਾਗ ਕੀਤੇ ਗਏ।

ਉਹ ਧਾਰਮਿਕ ਬਿਰਤੀ ਦਾ ਮਾਲਕ ਸੀ। ਮੈਨੂੰ ਉਹ ਨਾਸਤਿਕ ਕਹਿੰਦਾ ਹੁੰਦਾ। ਕਦੇ-ਕਦੇ ਅਸੀਂ ਕਿਸੇ ਨੁਕਤੇ 'ਤੇ ਬਹਿਸ ਕਰਨ ਲੱਗਦੇ ਤੇ ਪੂਰਾ ਖਹਿਬੜ ਪੈਂਦੇ, ਪਰ ਯਾਰੀ ਵਿੱਚ ਕਦੇ ਕੋਈ ਫ਼ਰਕ ਨਹੀਂ ਪਿਆ ਸੀ। ਬਹਿਸ ਤਾਂ ਬਿੰਦ-ਝੱਟ ਦੀ ਮਹਿਮਾਨ ਹੁੰਦੀ। ਅਖ਼ੀਰ ਮੈਂ ਉਹਦੀ ਕੁਝ ਗੱਲ ਮੰਨ ਲੈਂਦਾ ਤੇ ਉਹ ਮੇਰੀ ਕੁਝ-ਕੁਝ।

ਉਹ ਸਵੇਰੇ ਚਾਰ ਵਜੇ ਉੱਠਦਾ। ਜੰਗਲ-ਪਾਣੀ ਜਾ ਕੇ ਇਸ਼ਨਾਨ ਕਰਦਾ। ਫੇਰ ਗੁਰਦੁਆਰਾ ਸਾਹਿਬ ਮੱਥਾ ਟੇਕਣ ਜਾਂਦਾ। ਮੱਥਾ ਟੇਕ ਕੇ ਹੀ ਮੂੰਹ ਜੂਠਾ ਕਰਦਾ। ਇਹ ਉਹਦਾ ਨਿੱਤ-ਨੇਮ ਸੀ-ਹਾੜ੍ਹ ਕੀ ਤੇ ਸਿਆਲ ਕੀ। ਸਵੇਰੇ ਜਪੁਜੀ ਸਾਹਿਬ ਤੇ ਆਥਣੇ ਰਹਿਰਾਸ ਦਾ ਪਾਠ ਕਦੇ ਨਹੀਂ ਖੁੰਝਣ ਦਿੰਦਾ ਸੀ, ਚਾਹੇ ਘਰੋਂ ਬਾਹਰ ਕਿਤੇ ਵੀ ਹੁੰਦਾ।

ਇੱਕ ਵਾਰ ਮੈਂ ਉਹਦੇ ਪਿੰਡ ਗਿਆ। ਪਿਛਲੀ ਰਾਤ ਝੱਖੜ ਬੜਾ ਜ਼ੋਰਦਾਰ ਆਇਆ ਸੀ। ਰਾਹ ਵਿੱਚ ਦੇਖਿਆ, ਸੜਕ 'ਤੇ ਦਰਖ਼ਤ ਥਾਂ-ਥਾਂ ਟੁੱਟੇ ਪਏ ਸਨ। ਬਿਜਲੀ ਦੇ ਖੰਭੇ ਟੇਢੇ ਹੋ ਗਏ। ਘੁੱਗੀਆਂ, ਗੁਟਾਰਾਂ ਤੇ ਕਾਂ ਮਰੇ ਪਏ। ਫ਼ਸਲਾਂ ਧਰਤੀ ਨਾਲ ਵਿਛ ਗਈਆਂ। ਚਾਹ-ਪਾਣੀ ਪੀਣ ਤੋਂ ਪਹਿਲਾਂ ਹੀ ਉਹ ਮੈਨੂੰ ਆਪਣੀ ਬੈਠਕ ਵਿੱਚ ਲੈ ਗਿਆ। ਕਹਿੰਦਾ-'ਕੱਦੂਆ ਸਾਲਿਆ, ਮੰਨਦਾ ਨ੍ਹੀਂ ਹੁੰਦਾ, ਆਹ ਦੇਖ।'

ਮੈਂ ਦੇਖਿਆ, ਬੈਠਕ ਦੀ ਇੱਟ-ਬਾਲੇ ਦੀ ਛੱਤ ਕਾਇਮ ਸੀ, ਪਰ ਤਿੰਨ ਕੰਧਾਂ ਵਿੱਚ ਤ੍ਰੇੜਾਂ ਆਈਆਂ ਹੋਈਆ। ਚੌਥੀ ਕੰਧ ਸਾਬਤ ਖੜ੍ਹੀ ਸੀ। ਏਸੇ ਵਿੱਚ ਹੀ ਬੈਠਕ ਦਾ ਬਾਰ ਸੀ। ਮੈਂ ਕਿਹਾ-'ਹਾਂ ਦੇਖ ਲਿਆ।'

'ਭਲਾਂ ਇਹ ਕੰਧ ਕਿਵੇਂ ਬਚਗੀ, ਤਿੰਨ ਤਿੜਕ 'ਗੀਆਂ?' ਉਹ ਢਾਕਾਂ 'ਤੇ ਹੱਥ ਧਰੀ ਰੋਅਬ ਨਾਲ ਖੜ੍ਹਾ ਸੀ-ਪੂਰਾ ਜਬਰ ਜੰਗ ਬਣਿਆ ਹੋਇਆ।

ਮੈਂ ਸਮਝ ਗਿਆ ਬੱਦਲਾਂ ਦੀ ਬਿਜਲੀ ਟੈਲੀਵਿਜ਼ਨ ਦੇ ਐਂਟੀਨੇ ਰਾਹੀ ਚਾਰਜ ਹੋ ਗਈ। ਟੈਲੀਵਿਜ਼ਨ ਵੀ ਸੜਿਆ ਪਿਆ ਸੀ। ਕੰਧਾਂ ਹਿੱਲ ਗਈਆਂ। ਜਿਹੜੀ ਕੰਧ 'ਤੇ ਐਂਟੀਨਾ ਸੀ, ਉਹੀ ਬਹੁਤ ਪਾਟੀ ਹੋਈ ਸੀ, ਨਾਲ ਲੱਗਦੀਆਂ ਦੋ ਕੰਧਾਂ ਘੱਟ! ਚੌਥੀ ਕੰਧ ਵਿੱਚ ਕੋਈ ਤਰੇੜ ਨਹੀਂ ਸੀ। ਮੈਂ ਉਹਦੇ ਮੂੰਹ ਵੱਲ ਝਾਕਣ ਲੱਗਿਆ। ਮੂੰਹੋਂ ਕੁਝ ਨਹੀਂ ਬੋਲਿਆ। ਉਹੀ ਬੋਲਿਆ, 'ਓਏ ਵੱਡਿਆ ਕਾਮਰੇਡਾ, ਦੀਂਹਦਾ ਨ੍ਹੀ ਏਸ ਕੰਧ 'ਤੇ ਸੰਤਾਂ ਦੀ ਫ਼ੋਟੋ ਲੱਗੀ ਹੋਈ ਐ, ਜੋਗੀਪੁਰ ਆਲਿਆਂ ਦੀ। ਕੀ ਕਰਦੀ ਬਿਜਲੀ?'

ਅਸੀਂ ਬੈਠਕ ਤੋਂ ਬਾਹਰ ਆ ਗਏ। ਉਹ ਆਖ ਰਿਹਾ ਸੀ-'ਹੁਣ ਤਾਂ ਮੰਨੇਗਾ ਨਾ ਕਿ ਕਰਾਂ ਤੇਰਾ ਕੱਦੂ-ਕੱਸ?'

ਮੈਂ ਕੁਝ ਨਹੀਂ ਬੋਲਿਆ, ਚੁੱਪ ਵੱਟ ਲਈ। ਅਸਲ ਵਿੱਚ ਜਦੋਂ ਤੋਂ ਬਿੱਲੂ ਨਹੀਂ ਰਿਹਾ ਸੀ, ਮੈਂ ਉਹਦੇ ਨਾਲ ਕਿਸੇ ਬਹਿਸ ਵਿੱਚ ਨਹੀਂ ਪੈਂਦਾ ਸੀ। ਜੋ ਉਹ ਕਹਿੰਦਾ, ਮੈਂ ਮੰਨ ਲੈਂਦਾ। ਉਹਦੇ ਅੰਦਰਲੇ ਦੁੱਖ ਸਾਹਮਣੇ ਬਹਿਸਾਂ ਨਿਗੂਣੀਆਂ ਸਨ, ਪਰ ਉਹ ਜਿਵੇਂ ਸਭ ਭੁੱਲ ਗਿਆ ਹੋਵੇ। ਉਹੀ ਮੜਕ, ਗੱਲ ਕਰਨ ਦਾ ਉਹੀ ਮਜ਼ਾਕੀਆ ਅੰਦਾਜ਼। ਕੀ ਹਾਲ ਐ? ਚੜ੍ਹਦੀ ਕਲਾ।

ਕੁੱਕੜ ਦੀ ਬਹੂ ਕੋਲ ਦੂਜਾ ਮੁੰਡਾ ਹੋ ਗਿਆ। ਜੰਗ ਆਖਦਾ ਹੁੰਦਾ-'ਮੈਂ ਕੱਲਾ ਸੀ, ਮੇਰੇ ਗਾਹਾਂ ਦੋ ਸੀ। ਹੁਣ ਇਹ ਤਿੰਨ ਹੋ 'ਗੇ। ਬੰਦਿਆਂ ਕੰਨੀਓਂ ਤਾਂ ਨ੍ਹੀਂ ਮਾਰ ਖਾਂਦੇ।'

ਕੁੱਕੜ ਦਾ ਦੂਜਾ ਮੁੰਡਾ ਦੋ ਵਰ੍ਹਿਆਂ ਦਾ ਸੀ, ਜਦੋਂ ਭਾਣਾ ਵਰਤਿਆ। ਜੰਗ ਬਹਾਦਰ ਜਮ੍ਹਾ ਟੁੱਟ ਗਿਆ। ਅੰਦਰੋਂ ਵੀ ਤੇ ਬਾਹਰੋਂ ਵੀ। ਉਹਦੇ ਗੋਡੇ ਖੜ੍ਹ ਗਏ। ਲੱਤਾਂ ਭਾਰ ਨਾ ਝੱਲਦੀਆਂ। ਮਸ੍ਹਾਂ ਤੁਰਦਾ।

ਕੁੱਕੜ ਦੀ ਮੌਤ ਤੋਂ ਚਾਰ-ਪੰਜ ਮਹੀਨਿਆਂ ਬਾਅਦ ਸਾਡਾ ਇੱਕ ਪੁਰਾਣਾ ਦੋਸਤ ਇੰਗਲੈਂਡ ਤੋਂ ਆਇਆ। ਮੈਂ ਉਹਨੂੰ ਕੁੱਕੜ ਬਾਰੇ ਦੱਸਿਆ ਤਾਂ ਅਸੀਂ ਦੋਵੇਂ ਜੰਗ ਬਹਾਦਰ ਦੇ ਪਿੰਡ ਗਏ। ਸੋਚਿਆ ਸੀ ਕਿ ਹੁਣ ਤੱਕ ਕੁਝ-ਕੁਝ ਵੱਲ ਹੋ ਗਿਆ ਹੋਵੇਗਾ। ਪਰ ਉਹ ਤਾਂ.. ਅਸੀਂ ਜਾ ਕੇ ਬੈਠੇ ਤੇ ਉਹਨੇ ਅੱਖਾਂ ਭਰ ਲਈਆਂ। ਉਹਦੇ ਸੰਘ ਵਿਚੋਂ ਮਸਾਂ ਬੋਲ ਨਿਕਲਦਾ ਸੀ। ਅਸੀਂ ਦੋਵੇਂ ਉਹਨੂੰ ਸਮਝਾਉਂਦੇ ਰਹੇ। ਪਰ ਉਹ ਵਾਰ-ਵਾਰ ਇਹੀ ਆਖਦਾ ਜਾ ਰਿਹਾ ਸੀ-'ਇੱਕ ਬੱਸ ਮਰਿਆ ਨ੍ਹੀਂ ਜਾਂਦਾ, ਹੋਰ ਕਸਰ ਕੋਈ ਨ੍ਹੀਂ।'

ਮੈਂ ਉਹਨੂੰ ਸੁਝਾਓ ਦਿੱਤਾ ਕਿ ਉਹ ਆਪਣੇ ਗੋਡਿਆਂ ਦੀ ਦਵਾਈ ਲਵੇ। ਤਾਕਤ ਦੀਆਂ ਗੋਲੀਆਂ ਖਾਇਆ ਕਰੇ। ਸਰੀਰ ਦੀ ਸੰਭਾਲ ਰੱਖੇ। ਪਰ ਉਹ ਕਹਿੰਦਾ-'ਗਿਆਨ, ਸਰੀਰ ਦਾ ਕੀ ਕਰਨੈਂ ਹੁਣ? ਮੈਂ ਤਾਂ ਕਹਿਨਾ ਛੇਤੀ ਖ਼ਤਮ ਹੋਵੇ ਇਹ। ਜਿੱਥੇ ਉਹ ਦੋਵੇਂ ਨੇ, ਮੈਂ ਵੀ ਜਾ ਬੈਠਾਂ। ਰਲਾਂ ਜਾ ਕੇ ਰਾਹੀਆਂ ਦੇ ਸੰਗ।'

ਉਹਦੀਆਂ ਗੱਲਾਂ ਸਾਹਮਣੇ ਅਸੀਂ ਨਿਰੁੱਤਰ ਬੈਠੇ ਸੀ। ਦਿਲਾਸੇ ਦੇ ਸ਼ਬਦ ਬੇਕਾਰ ਸਾਬਤ ਹੁੰਦੇ ਚਲੇ ਗਏ। ਅਸੀਂ ਉਹਦੀਆਂ ਗਿੱਲੀਆਂ ਅੱਖਾਂ ਛੱਡ ਕੇ ਵਾਪਸ ਆ ਗਏ।

ਸਾਲ ਭਰ ਲੰਘ ਗਿਆ। ਉਹਦੇ ਪਿੰਡ ਜਾਣਾ ਮੈਂ ਕਦੇ ਮੁਨਾਸਿਬ ਨਾ ਸਮਝਿਆ। ਜੀਅ ਤਾਂ ਬਹੁਤ ਕਰਦਾ ਕਿ ਉਹਨੂੰ ਮਿਲਾਂ। ਗੱਲਾਂ ਕਰਕੇ ਦੁੱਖ ਹੌਲਾ ਹੋ ਜਾਂਦਾ ਹੈ। ਪਰ ਉਹ ਤਾਂ ਅਜਿਹੀਆਂ ਗੱਲਾਂ ਕਰਦਾ ਕਿ ਅੱਗੋਂ ਹਮਦਰਦ ਬੰਦਾ ਮੂੰਹ ਬੰਦ ਕਰ ਲੈਂਦਾ।

ਫੇਰ ਪਤਾ ਲੱਗਿਆ ਕਿ ਉਹ ਹੁਣ ਆਪਣੇ ਪੋਤਿਆਂ ਨੂੰ ਲੈ ਕੇ ਸ਼ਹਿਰ ਆਉਂਦਾ ਹੈ। ਉਹਦੀ ਆਪਣੀ ਜੀਪ ਹੈ। ਡਰਾਈਵਰ ਰੱਖਿਆ ਹੋਇਆ ਹੈ। ਇੱਥੋਂ ਦੇ ਪਬਲਿਕ

ਸਕੂਲ ਵਿੱਚ ਤਿੰਨ ਬੱਚੇ ਪੜ੍ਹਦੇ ਹਨ। ਛੁੱਟੀ ਬਾਅਦ ਉਨ੍ਹਾਂ ਨੂੰ ਵਾਪਸ ਲੈ ਕੇ ਵੀ ਜਾਂਦਾ ਹੈ। ਓਨੀ ਦੇਰ ਸ਼ਹਿਰ ਵਿੱਚ ਹੋਰ ਕੰਮ-ਧੰਦਾ ਕਰਦਾ ਫਿਰਦਾ ਰਹਿੰਦਾ ਹੈ। ਜ਼ਮੀਨ ਹਿੱਸੇ 'ਤੇ ਦਿੱਤੀ ਹੋਈ ਹੈ। ਟਰੈਕਟਰ-ਟਰਾਲੀ ਓਵੇਂ ਦੀ ਓਵੇਂ ਘਰ ਖੜ੍ਹੇ ਹਨ। ਮੈਂ ਸੋਚਿਆ, ਇਹਦਾ ਮਤਲਬ ਹੁਣ ਉਹ ਠੀਕ ਹੈ। ਮਨ ਵਿੱਚ ਪ੍ਰੋਗਰਾਮ ਜਿਹੇ ਬਣਾਉਂਦਾ ਰਹਿੰਦਾ ਕਿ ਜੰਗ ਦੇ ਪਿੰਡ ਜਾਵਾਂ। ਰਾਤ ਰਹਿ ਕੇ ਗੱਲਾਂ ਕੀਤੀਆਂ ਜਾਣ, ਪਰ ਇੱਕ ਦਿਨ ਇੱਥੇ ਉਹ ਬਾਜ਼ਾਰ ਵਿੱਚ ਹੀ ਟੱਕਰ ਗਿਆ। ਚਿੱਟੀ ਜੀਪ ਮੇਰੇ ਸਾਈਕਲ ਕੋਲ ਦੀ ਲੰਘ ਗਈ ਸੀ। ਪਿੱਛੋਂ ਅਵਾਜ਼ ਪਈ-'ਗਿਆਨ।' ਮੁੜ ਕੇ ਦੇਖਿਆ 'ਇਹ ਤਾਂ ਜੰਗ ਐ।'

ਡਰਾਈਵਰ ਜੀਪ ਲੈ ਕੇ ਅਗਾਂਹ ਕਿਸੇ ਵਰਕਸ਼ਾਪ ਨੂੰ ਚਲਿਆ ਗਿਆ। ਕੁਝ ਠੀਕ ਕਰਾਉਣਾ ਹੋਵੇਗਾ। ਅਸੀਂ ਇੱਕ ਚਾਹ ਦੀ ਦੁਕਾਨ ਵਿੱਚ ਜਾ ਬੈਠੇ। ਬਹਿੰਦੇ ਹੀ ਮੈਂ ਗੱਲ ਛੇੜੀ-'ਹੁਣ ਕੀ ਹਾਲ ਐ ਤੇਰਾ?'

'ਹਾਲ ਕੀ ਹੋਣਾ ਸੀ, ਬੱਸ ਤੁਰੇ ਫਿਰਦੇ ਆਂ। ਕੋਈ ਪਤਾ ਨ੍ਹੀਂ ਕਿਵੇਂ ਤੁਰੇ ਜੇ੍ਹ ਫਿਰਦੇ ਆਂ।' ਉਹਨੇ ਹੱਸ ਕੇ ਜਵਾਬ ਦਿੱਤਾ।

'ਤੂੰ ਹੁਣ ਬਿੱਲੂ ਤੇ ਕੁੱਕੜ ਨੂੰ ਇਨ੍ਹਾਂ ਤਿੰਨਾਂ ਮੁੰਡਿਆਂ ਵਿੱਚ ਦੇਖਿਆ ਕਰ। ਇਹੀ ਤੇਰੇ ਬਿੱਲੂ-ਕੁੱਕੜ ਨੇ।' ਮੈਂ ਕਿਹਾ।

'ਇਹ ਜਦੋਂ ਨੂੰ ਜੁਆਨ ਹੋਣਗੇ, ਮੈਂ ਨ੍ਹੀਂ ਰਹਿਣਾ। ਇਨ੍ਹਾਂ ਵਿੱਚ ਦੀ ਕੀ ਦੇਖਾਂ ਮੈਂ?' ਉਹਨੇ ਰੁੱਖਾ ਬੋਲ ਕੱਢਿਆ।

'ਹੋਰ ਯਾਰ ਫੇਰ ਕਿਵੇਂ ਹੋਊ ਤੇਰਾ?' ਮੈਂ ਹਥਿਆਰ ਸੁੱਟ ਦਿੱਤੇ।

'ਹੋਣਾ ਕੀਹ ਐ, ਹੋਈ ਜਾਂਦੈ। ਰੱਬ ਨਾਲ ਝਗੜੈ ਮੇਰਾ ਤਾਂ। ਮੈਂ ਐਨਾ ਰੱਬ ਨੂੰ ਯਾਦ ਰੱਖਣ ਵਾਲਾ, ਜਦੋਂ ਮੇਰੇ ਨਾਲ ਈ ਐਂ ਹੋ 'ਗੀ ਤਾਂ ਬਾਕੀ ਦੁਨੀਆ ਤਾਂ ਖ਼ਤਮ ਐ ਫੇਰ। ਉਹਨੇ ਚਾਹ ਪੀਂਦੇ ਨੇ ਅੱਖਾਂ ਭਰ ਲਈਆਂ। ਬੋਲਣਾ ਬੰਦ ਕਰ ਦਿੱਤਾ।

ਉਹਦੀ ਇਹ ਹਾਲਤ ਦੇਖ ਕੇ ਮੈਂ ਪਰ੍ਹੇ ਮੂੰਹ ਕਰ ਲਿਆ। ਨਿੱਕੀ-ਨਿੱਕੀ ਘੁੱਟ ਭਰ ਕੇ ਚਾਹ ਪੀਣ ਲੱਗਿਆ। ਇਹ ਨਹੀਂ ਸਮਝਦਾ। ਕੀ ਕੀਤਾ ਜਾਵੇ ਇਹਦਾ? ਜਿੰਨੀ ਦੇਰ ਅਸੀਂ ਓਥੇ ਬੈਠੇ, ਉਹ ਇਹੀ ਗੱਲ ਕਰਦਾ ਰਿਹਾ। ਮੇਰੇ ਕੋਲ ਨਾ ਕੋਈ ਜਵਾਬ ਸੀ ਤੇ ਨਾ ਕੋਈ ਸੁਝਾਓ। ਜੀਪ ਦੁਕਾਨ ਮੂਹਰੇ ਹੀ ਆ ਖੜ੍ਹੀ। ਅਸੀਂ ਇੱਕ ਦੂਜੇ ਤੋਂ ਵਿਛੜ ਗਏ। ਫੇਰ ਵੀ ਮੈਂ ਰਹਿ ਨਾ ਸਕਿਆ। ਬੋਲਿਆ, 'ਚੰਗਾ ਜੰਗ, ਆਵਦਾ ਖ਼ਿਆਲ ਰੱਖਿਆ ਕਰ। ਮੈਂ ਕਦੇ ਆਊਂਗਾ।'

ਉਹ ਹੱਸਿਆ-'ਖ਼ਿਆਲ ਈ ਖ਼ਿਆਲ ਐ। ਸਰੀਰ ਤੋਂ ਤਾਂ ਹੁਣ ਛੇਤੀ ਛੁਟਕਾਰਾ ਚੰਗੈ। ਆਪ ਚਲੇ ਗਏ, ਮੈਨੂੰ ਛੱਡ 'ਗੇ ਮੈਨੂੰ ਛੱਡ 'ਗੇ। ਆਹ ਫਿਰਦਾਂ ਡੱਪ-ਡੱਪ ਵੱਜਦਾ। ਕਿੱਥੇ ਤਾਂ ਪੁੱਤ ਪਿਓ ਨੂੰ ਤੋਰਦੇ ਹੁੰਦੇ ਨੇ, ਕਿੱਥੇ ਪਿਓ ਨੇ ਪੁੱਤਾਂ ਨੂੰ ਤੋਰ 'ਤਾ, ਆਪਣੇ ਹੱਥੀਂ।'

ਜੰਗ ਬਹਾਦਰ ਦੀ ਮੁੱਖ ਮੰਤਰੀ ਨਾਲ ਕੋਈ ਦੂਰ-ਨੇੜੇ ਦੀ ਰਿਸ਼ਤੇਦਾਰੀ ਸੀ। ਮੈਨੂੰ ਇਸ ਗੱਲ ਦਾ ਪਤਾ ਸੀ। ਉਸ ਦਿਨ ਜਿਹੜਾ ਬਰਫ਼ੀ ਦਾ ਡੱਬਾ ਦੇ ਗਿਆ ਤੇ ਮੈਨੂੰ ਉਹਨੇ ਕੱਦੂ ਆਖਿਆ, ਘਰਵਾਲੀ ਤੋਂ ਉਹਦੀਆਂ ਗੱਲਾਂ ਸੁਣ ਕੇ ਮੈਨੂੰ ਯਕੀਨ ਹੋ ਗਿਆ ਕਿ ਉਹ ਹੁਣ ਠੀਕ ਹੈ। ਮੈਂ ਅਗਲੇ ਦਿਨ ਹੀ ਉਹਦੇ ਪਿੰਡ ਗਿਆ। ਉਹ ਉੱਡ

ਕੇ ਮਿਲਿਆ। ਉਹਦਾ ਖਿੜਿਆ ਚਿਹਰਾ ਦੇਖ ਕੇ ਮੈਂ ਐਨਾ ਹੀ ਕਿਹਾ, 'ਹੁਣ ਫੇਰ ਚੜ੍ਹਦੀ ਕਲਾ ਐ,'

'ਜਮ੍ਹਾਂ ਚੜ੍ਹਦੀ ਕਲਾ। ਤੂੰ ਸੁਣਾਅ ਆਵਦਾ?'

ਮੈਂ ਚੁੱਪ ਸੀ।

ਉਹ ਚਾਂਭਲ ਕੇ ਬੋਲ ਰਿਹਾ ਸੀ-'ਮੁੱਖ ਮੰਤਰੀ ਦੇ ਜਾਣੈ, ਮਖੌਲ ਦੀ ਘੱਗਰੀ ਨ੍ਹੀਂ, ਕੱਢੂ ਸਾਅਬ। ਐਨਾ ਤਾਂ ਤੂੰ ਕਰੇਂਗਾ ਈ।'

'ਚੁੱਪ ਤਾਂ ਮੇਰਾ ਵਿਖਾਵਾ ਸੀ। ਮੈਂ ਅੰਦਰੋਂ ਬਹੁਤ ਖ਼ੁਸ਼ ਸੀ ਕਿ ਜੰਗ ਹੁਣ ਸਹੀ ਰਾਹ 'ਤੇ ਆ ਗਿਆ ਹੈ। ਮੈਂ ਉਹਦੇ ਨਾਲ ਚੰਡੀਗੜ੍ਹ ਜਾਣ ਦੀ ਤਰੀਕ ਪੱਕੀ ਕਰਕੇ ਵਾਪਸ ਆ ਗਿਆ। ਚੰਡੀਗੜ੍ਹ ਜਾਣ ਦੀ ਤਰੀਕ ਤੱਕ ਇਹੀ ਸੋਚਦਾ ਰਿਹਾ ਕਿ ਜੰਗ ਬਹਾਦਰ ਵਿੱਚ ਇਹ ਤਬਦੀਲੀ ਆਈ ਕਿਵੇਂ? ਸੋਚਦਾ ਤਾਂ ਮੈਂ ਬਰਫ਼ੀ ਦੇ ਡੱਬੇ ਵਾਲੇ ਦਿਨ ਤੋਂ ਹੀ ਸੀ, ਪਰ ਹੁਣ ਇਹ ਉਤਸੁਕਤਾ ਸੀ ਕਿ ਇਸ ਤਬਦੀਲੀ ਬਾਰੇ ਕਦੋਂ ਛੇਤੀ ਪੁੱਛਾਂ।

ਚੰਡੀਗੜ੍ਹ ਜਾਂਦਿਆਂ ਜੀਪ ਵਿੱਚ ਅਸੀਂ ਪਿਛਲੀਆਂ ਸੀਟਾਂ 'ਤੇ ਬੈਠ ਗਏ। ਸਾਡੇ ਨਾਲ ਇੱਕ ਬੰਦਾ ਹੋਰ ਵੀ ਸੀ, ਉਹ ਡਰਾਈਵਰ ਨਾਲ ਬੈਠ ਗਿਆ। ਕਈ ਪ੍ਰਕਾਰ ਦੀਆਂ ਗੱਲਾਂ ਹੋ ਰਹੀਆਂ ਸਨ। ਗੱਲਾਂ-ਗੱਲਾਂ ਵਿੱਚ ਹੀ ਉਹਨੂੰ ਕਿਹਾ, 'ਕਿਉਂ ਜੰਗ, ਤੂੰ ਹੁਣ ਪੂਰਾ ਠੀਕ ਐਂ। ਤੂੰ ਚੰਗਾ ਸੋਚਿਆ।'

'ਅਮਰੀਕਾ ਵਾਲਾ ਪਰੌਣਾ ਮਾਰ ਗਿਆ ਮੰਤਰ। ਦੋ ਮਹੀਨੇ ਹੋਏ ਭੈਣ ਆਈ ਸੀ। ਦੋਵੇਂ ਸੀ ਬੱਸ। ਭਾਣਜੇ-ਭਾਜਣੀਆਂ ਨ੍ਹੀਂ ਆਏ। ਚਾਰ ਦਿਨ ਰਹੇ ਉਹ ਪਿੰਡ। ਜੰਗ ਬਹਾਦਰ ਪੂਰੀ ਗੜ੍ਹਕ ਨਾਲ ਬੋਲ ਰਿਹਾ ਸੀ। 'ਪਹਿਲੇ ਦਿਨ ਤਾਂ ਮੁੰਡਿਆਂ ਦੀਆਂ ਗੱਲਾਂ ਈ ਉਹ ਕਰਦੇ ਰਹੇ। ਬਿੱਲੂ ਵੇਲੇ ਆ ਨ੍ਹੀਂ ਸਕੇ ਸੀ। ਅਗਲੇ ਦਿਨ ਸੋਹਣ ਸੂੰ ਮੈਨੂੰ ਸਮਝਾਉਣ ਲੱਗਿਆ, ਗੱਲੀਂ-ਗੱਲੀਂ। ਜਿਵੇਂ ਤੂੰ ਸਮਝਾਉਂਦਾ ਹੁੰਦਾ। ਉਹ ਨੇ ਸਾਰਾ ਦਿਨ ਮੇਰੇ 'ਤੇ ਈ ਲਾਇਆ ਤੀਜੇ ਦਿਨ ਆਥਣੇ ਜੇ ਮੈਂ ਬੋਤਲ ਫੜ ਲਿਆਂਦੀ। ਜਿਉਂ ਕੁੱਕੜ ਮੁੱਕਿਆ, ਕਦੇ ਪੀਤੀ ਨ੍ਹੀ ਸੀ। ਓਸ ਦਿਨ ਸੋਚਿਆ, ਅੱਜ ਪੀਨੇ ਆਂ। ਨਾਲੇ ਇਹ ਦੋ ਦਿਨਾਂ ਦਾ ਭੁਕਾਈ ਮਾਰੀ ਜਾਂਦੈ। ਪੀ ਕੇ ਸੌਂ ਜਾਂਗੇ। ਇਹ ਦੀ ਭੁਕਾਈ ਤੋਂ ਬਚਾਂਗੇ। ਉਹ ਮੇਰਾ ਖਹਿੜਾ ਨ੍ਹੀਂ ਛੱਡਦਾ ਸੀ।' ਉਹ ਇਹ ਸਭ ਹੱਸ-ਹੱਸ ਕੇ ਦੱਸਦਾ ਜਾ ਰਿਹਾ ਸੀ। ਆਪਣੇ ਮਖ਼ਸੂਸ ਅੰਦਾਜ਼ ਵਿੱਚ। 'ਦੋ-ਦੋ ਪੈੱਗ ਜਦੋਂ ਅਸੀਂ ਅੰਦਰ ਸਿੱਟ 'ਲੇ, ਸੋਹਣ ਸੂੰ ਕਹਿੰਦਾ, 'ਜੰਗ, ਐਧਰ ਝਾਕ ਮੇਰੇ ਕੰਨੀ, ਮੇਰੀਆਂ ਅੱਖਾਂ 'ਚ ਦੇਖ।' ਉਹ ਬੋਲਿਆ, 'ਮੈਂ ਦੱਸਾਂ ਤੈਨੂੰ, ਤੂੰ ਪਹਿਲਾਂ ਦੋ ਤਾਂ ਗੁਆ 'ਲੇ, ਰੱਬ ਨੇ ਕੀਤੀਆਂ, ਹੁਣ ਇਨ੍ਹਾਂ ਤਿੰਨਾਂ ਨੂੰ ਵੀ ਗੁਆਏਂਗਾ, ਜੇ ਇਹੀ ਹਾਲ ਰਿਹਾ ਤੇਰਾ।'

'ਇਹੀ ਮੈਂ ਤੈਨੂੰ ਆਖਦਾ ਹੁੰਦਾ ਸੀ।' ਮੈਂ ਜ਼ੋਰ ਦੇ ਕੇ ਆਖਿਆ।

'ਸੋਹਣ ਤੂੰ ਸਿਆਣਾ ਬਹੁਤ ਐ। ਮੇਰੇ ਅੰਦਰ ਤਾਂ ਭਾਈ ਉਹਦੀ ਗੱਲ ਇਉਂ ਜਾ ਵੜੀ, ਜਿਵੇਂ ਡਾਕਟਰ ਸੂਆ ਲਾ ਦਿੰਦਾ ਹੋਵੇ ਕੋਈ। ਚੌਥੇ ਦਿਨ ਅਸੀਂ ਬਿੱਲੂ-ਕੁੱਕੜ ਦੀਆਂ ਗੱਲ੍ਹਾਂ ਨ੍ਹੀਂ ਕੀਤੀਆਂ, ਪੋਤਿਆਂ ਦੀਆਂ ਕਰਦੇ ਰਹੇ।'

'ਚੱਲ ਠੀਕ ਹੋ ਗਿਆ।'

'ਇੱਕ ਹੋਰ ਦੱਸਾਂ, ਜੇ ਭੈਣ ਨਾ ਆਉਂਦੀ, ਮੈਂ ਇਸ ਸੰਸਾਰ 'ਤੇ ਨਾ ਹੁੰਦਾ।

'ਉਹ ਕਿਵੇਂ?'

'ਜ਼ਹਿਰ ਦੀ ਸ਼ੀਸ਼ੀ ਲਿਆ ਕੇ ਰੱਖੀ ਪਈ ਸੀ। ਬੱਸ ਉਸ ਰਾਤ ਪੀ ਕੇ ਪੈਣਾ ਸੀ। ਤੜਕੇ ਨੂੰ ਸਤਿਨਾਮ ਹੋ 'ਗੀ ਹੁੰਦੀ, ਪਰ ਆਥਣ ਨੂੰ ਭੈਣ ਤੇ ਸੋਹਣ ਸੂੰ ਕਾਰ ਲੈ ਕੇ ਆ ਖੜ੍ਹੇ।'

'ਅੱਛਾ ਯਾਰ! ਖ਼ੁਦਕਸ਼ੀ ਕਰਨ ਲੱਗਿਆ ਸੀ?' ਮੈਂ ਅੱਖਾਂ ਚੜ੍ਹਾਈਆਂ।'

'ਹੋਰ ਫੇਰ ਜੀਅ ਤਾਂ ਕਿਤੇ ਲੱਗਦਾ ਨ੍ਹੀਂ ਸੀ। ਹੁਣ ਠੀਕ ਆਂ। ਹੁਣ ਚੜ੍ਹਦੀ ਕਲਾ ਐ। ਹੁਣ ਪੋਤਿਆਂ ਖ਼ਾਤਰ ਜੀਵਾਂਗੇ।' ♦

# ਆਪਣੇ ਘੜੇ ਦਾ ਪਾਣੀ

ਅਰਦਾਸ ਤੋਂ ਬਾਅਦ ਬਾਬੇ ਦਾ ਪ੍ਰਸ਼ਾਦ ਵੰਡਿਆ ਗਿਆ ਤੇ ਫਿਰ ਸਾਨੂੰ ਕਿਹਾ ਗਿਆ ਕਿ ਅਸੀਂ ਹੁਣ ਗੁਰਦੁਆਰਾ ਸਾਹਿਬ ਤੋਂ ਬਾਹਰ ਵੀਜ਼ੇ ਵਿੱਚ ਦਿੱਤੀ ਹੱਦ ਦੇ ਅੰਦਰ-ਅੰਦਰ ਕਿਤੇ ਵੀ ਜਾ ਸਕਦੇ ਹਾਂ, ਕਿਸੇ ਨੂੰ ਵੀ ਮਿਲ ਸਕਦੇ ਹਾਂ। ਰਾਤ ਦਸ ਵਜੇ ਤੋਂ ਪਹਿਲਾਂ-ਪਹਿਲਾਂ ਵਾਪਸ ਗੁਰਦੁਆਰਾ ਸਾਹਿਬ ਮੁੜਨਾ ਹੋਵੇਗਾ।

ਗੁਰਦੁਆਰੇ ਤੋਂ ਬਾਹਰ ਨਿਕਲੇ ਤਾਂ ਪਾਕਿਸਤਾਨੀ ਲੋਕਾਂ ਦਾ ਇੱਕ ਵੱਡਾ ਇਕੱਠ ਸਾਨੂੰ ਉਡੀਕ ਰਿਹਾ ਸੀ। ਉਨ੍ਹਾਂ ਦੀਆਂ ਬਾਹਾਂ ਸਾਡੇ ਵੱਲ ਉੱਠਿਆਂ। ਲੋਕ ਇੱਕ-ਦੂਜੇ ਨੂੰ ਪਹਿਚਾਣ ਰਹੇ ਸਨ। ਕਿਸੇ ਨੂੰ ਕੋਈ ਲੱਭ ਪਿਆ ਤਾਂ ਝੱਟ ਬਗਲਗੀਰ ਹੋ ਗਿਆ। ਇੱਕ-ਦੂਜੇ ਬਾਰੇ ਬੇਸ਼ੁਮਾਰ ਸਵਾਲ ਪੁੱਛੇ ਜਾ ਰਹੇ ਸਨ। ਕਾਹਲ ਵਿੱਚ, ਛੇਤੀ-ਛੇਤੀ। ਉਸ ਜੱਥੇ ਵਿੱਚ ਅਸੀਂ ਤਿੰਨ ਸ਼ਾਇਰ ਵੀ ਸਾਂ। ਪਾਕਿਸਤਾਨ ਦੇ ਸ਼ਾਇਰ ਸਾਨੂੰ ਹੀ ਲੱਭ ਰਹੇ ਸਨ। ਅਸੀਂ ਸਭ ਮਿਲੇ ਤਾਂ ਜੱਫ਼ੀਆਂ ਦੇ ਵਟਾਂਦਰੇ ਬਾਅਦ ਇੱਕ ਪਾਸੇ ਇੱਕ ਰੁੱਖ ਥੱਲੇ ਖੜ੍ਹੇ ਹੋ ਕੇ ਭਾਰਤ ਦੇ ਕਿੰਨੇ ਹੀ ਪੰਜਾਬੀ ਅਦੀਬਾਂ ਬਾਰੇ ਉਨ੍ਹਾਂ ਦੀਆਂ ਪੁੱਛਾਂ ਦੇ ਜਵਾਬ ਦੇਣ ਲੱਗੇ। ਕਿੰਨੀਆਂ ਸਾਰੀਆਂ ਗੱਲਾਂ ਕੀਤੀਆਂ। ਕਿੰਨਾ ਕੁਝ ਉਨ੍ਹਾਂ ਨੂੰ ਦੱਸਿਆ, ਕਿੰਨਾ ਕੁਝ ਉਨ੍ਹਾਂ ਤੋਂ ਜਾਣ ਲਿਆ। ਸ਼ਾਮ ਚਾਰ ਵਜੇ ਇੱਕ ਮੁਸ਼ਾਇਰ ਰੱਖਿਆ ਗਿਆ ਸੀ। ਇੱਕ ਘੰਟਾ ਪਹਿਲਾਂ ਉਨ੍ਹਾਂ ਨੇ ਆ ਕੇ ਸਾਨੂੰ ਮੁਸ਼ਾਇਰੇ ਵਾਲੀ ਥਾਂ ’ਤੇ ਲੈ ਜਾਣਾ ਸੀ।

ਪਾਕਿਸਤਾਨੀ ਸ਼ਾਇਰ ਮੁੜ ਆਉਣ ਦਾ ਇਕਰਾਰ ਦੇ ਕੇ ਤੇ ਮੁਸਕਰਾਹਟਾਂ ਬਖ਼ੇਰਦੇ, ਜਦੋਂ ਵਾਪਸ ਜਾ ਰਹੇ ਸਨ, ਅਸੀਂ ਉੱਚੀ-ਉੱਚੀ ਬੋਲ ਕੇ ਉਨ੍ਹਾਂ ਨੂੰ ਆਖਿਆ ਕਿ ਉਹ ਸਾਡਾ ਫ਼ਿਕਰ ਨਾ ਕਰਨ, ਮੁਸ਼ਾਇਰੇ ਦਾ ਇੰਤਜ਼ਾਮ ਕਰ ਲੈਣ, ਤਿੰਨ ਵਜੇ ਅਸੀਂ ਇੱਥੇ ਗੁਰਦੁਆਰੇ ਵਿੱਚ ਹੀ ਹੋਵਾਂਗੇ। ਮੈਂ ਦੇਖਿਆ, ਇੱਕ ਔਰਤ ਇਕੱਲੀ ਖੜ੍ਹੀ ਸੋਗਵਾਰ ਅੱਖਾਂ ਨਾਲ ਮੇਰੇ ਵੱਲ ਝਾਕ ਰਹੀ ਸੀ। ਉਹ ਕਿਸੇ ਨੂੰ ਮਿਲਣ ਆਈ ਹੋਵੇਗੀ। ਉਹ ਕੋਈ ਜੱਥੇ ਨਾਲ ਨਹੀਂ ਆਇਆ ਹੋਵੇਗਾ। ਕੋਈ ਹੋਰ ਵੀ ਜਾਣ-ਪਹਿਚਾਣ ਵਾਲਾ ਉਸ ਨੂੰ ਨਹੀਂ ਦਿੱਸਿਆ ਹੋਵੇਗਾ। ਉਹ ਉਦਾਸ ਸੀ। ਮੇਰਾ ਬੋਲ ਸੁਣ ਕੇ ਉਸ ਦੀਆਂ ਅੱਖਾਂ ’ਚ ਬੇਮਲੂਮੀ ਜਿਹੀ ਚਮਕ ਉੱਭਰੀ। ਉਦਾਸ ਦੇ ਰੰਗ ’ਚ ਘੁਲ ਕੇ ਖੋ ਜਾਣ ਜਿੰਨੀ ਕੁ ਚਮਕ। ਆਪਣੇ ਸਾਥੀ ਸ਼ਾਇਰ ਨਾਲ ਮੈਂ ਕੋਈ ਗੱਲ ਕੀਤੀ ਤਾਂ ਉਸ ਔਰਤ ਨੇ ਬੜੀ ਕਾਹਲ ਨਾਲ ਪੁੱਛਿਆ-‘ਤੂੰ ਕਿੱਥੋਂ ਦਾ ਰਹਿਣ ਵਾਲਾ ਹੈਂ ਵੀਰਾ?’ ਉਸ ਦੇ ਪੁੱਛਣ ਤੋਂ ਮੈਨੂੰ ਪਤਾ ਲੱਗ ਗਿਆ ਕਿ ਇਹ ਵੀ ਜਿਹਲਮ ਵੱਲ ਦੀ ਕੋਈ ਹੈ। ਮੇਰੀ

ਜਿਹਲਮੀ ਬੋਲੀ ਪਹਿਚਾਣ ਕੇ ਹੀ ਉਹਨੇ ਕੋਈ ਗੱਲ ਦਿਲ ਵਿੱਚ ਸੋਚੀ ਹੋਵੇਗੀ ਤੇ ਮੈਨੂੰ ਬੁਲਾ ਲਿਆ।

'ਪਟਿਆਲੇ ਤੋਂ।' ਮੈਂ ਜਵਾਬ ਦਿੱਤਾ।

'ਉੱਧਰ ਹੀ ਜੰਮਿਆ ਸੀ। ਜਾਂ ਏਧਰੋਂ ਦਾ ਹੈਂ ਕਿਤੋਂ ਦਾ? ਮੇਰੇ ਜਵਾਬ ਨਾਲ ਉਸ ਦੀ ਤਸੱਲੀ ਨਹੀਂ ਹੋਈ।

'ਜਨਮ ਤਾਂ ਮੇਰਾ ਏਧਰ ਦਾ ਹੀ ਹੈ, ਭੈਣਾਂ। ਏਧਰ ਹੀ ਵੱਡਾ ਹੋਇਆ ਸਾਂ। ਉੱਜੜ ਕੇ ਓਧਰ ਗਿਆ ਹਾਂ।'

'ਏਧਰ ਕਿੱਥੋਂ ਦਾ?'

'ਕਾਲਾ, ਜਿਹਲਮ ਨੇੜੇ ਪਿੰਡ ਹੈ।'

'ਹੱਛਾ! ਕਾਲਾ ਪਿੰਡ ਹੈ, ਤੇਰਾ?' ਉਸ ਦੀਆਂ ਅੱਖਾਂ ਵਿਚੋਂ ਨਾਲ ਦੀ ਨਾਲ ਸਾਰੀ ਉਦਾਸੀ ਉੱਡ ਗਈ। ਉਸ ਦੀ ਨਿਗਾਹ ਚਿੱਟੀ ਨਿੱਘੀ ਧੁੱਪ ਵਾਂਗ ਮਹਿਕ ਉੱਠੀ ਤੇ ਫਿਰ ਉਸ ਨੇ ਕਿਹਾ, 'ਮੈਂ ਤਾਂ ਤੇਰੀ ਬੋਲੀ ਹੀ ਪਹਿਚਾਣ ਲਈ ਸੀ, ਵੀਰਾ।' ਤੇ ਉਸ ਨੇ ਉੱਡ ਕੇ ਮੇਰਾ ਹੱਥ ਫੜ ਲਿਆ।

'ਤੂੰ ਏਧਰ ਕਿੱਥੋਂ ਦੀ ਹੈਂ ਭੈਣ?' ਮੇਰਾ ਮਨ ਵੀ ਪਿਘਲਣ ਲੱਗ ਪਿਆ।

'ਕਾਲਾ ਹੀ ਮੇਰਾ ਪਿੰਡ ਹੈ।' ਉਸ ਦੀਆਂ ਅੱਖਾਂ ਵਿੱਚ ਅਪਣੱਤ ਉਭਰਨ ਲੱਗੀ।

'ਤੂੰ ਵਿਆਹੀ ਹੋਵੇਂਗੀ ਉੱਥੇ?'

'ਨਹੀਂ, ਮੈਂ ਜੰਮੀ ਸਾਂ ਕਾਲੇ ਪਿੰਡ। ਵਿਆਹੀ ਗਈ ਸਾਂ ਅਧਵਾਲ। ਮੇਰਾ ਖਾਵੰਦ ਅੰਮ੍ਰਿਤਸਰ ਕੱਪੜੇ ਦੀ ਦੁਕਾਨ ਕਰਦਾ ਸੀ। ਮੁਲਕ ਦੀ ਵੰਡ ਵੇਲੇ ਉਧਰ ਹੀ ਰਹਿ ਗਿਆ। ਮੈਂ ਤਾਂ ਅਜੇ ਵਿਆਹੀ ਹੀ ਸਾਂ। ਦੋ ਵਾਰ ਉਹ ਮੈਨੂੰ ਅੰਮ੍ਰਿਤਸਰ ਲੈ ਕੇ ਗਿਆ ਸੀ। ਇੱਕ ਮਹੀਨਾ ਹੀ ਰਹੀ ਤੇ ਫਿਰ ਭਾਣਾ ਵਰਤ ਗਿਆ। ਮੈਂ ਤਾਂ ਕਾਲੇ ਹੀ ਸਾਂ, ਮਾਪਿਆਂ ਕੋਲ। ਹੁਣ ਜਦੋਂ ਵੀ ਕੋਈ ਜੱਥਾਂ ਪੰਜਾ ਸਾਹਿਬ ਆਉਂਦਾ ਹੈ, ਮੈਂ ਸੱਤਰ ਮੀਲ ਦਾ ਪੈਂਡਾ ਮਾਰ ਕੇ ਇੱਥੇ ਆਉਂਦੀ ਹਾਂ, ਕੀਹ ਐ, ਕੋਈ ਮਿਲ ਜਾਵੇ ਤੇ ਮੈਨੂੰ ਉਸ ਦਾ ਪਤਾ ਦੱਸੇ। ਤੂੰ ਤਾਂ ਨਹੀਂ ਜਾਣਦਾ ਹੋਵੇਂਗਾ ਵੀਰ, ਉਸ ਨੂੰ?' ਉਸ ਨੇ ਮੇਰਾ ਮੋਢਾ ਝੰਜੋੜਿਆ। ਕੱਦ ਵਿੱਚ ਉਹ ਮੈਥੋਂ ਲੰਬੀ ਸੀ ਤੇ ਦਰਖ਼ਤ ਦੀ ਛਾਂ ਵਾਂਗ ਮੇਰੇ 'ਤੇ ਝੁਕੀ ਹੋਈ ਸੀ।

'ਕੀ ਨਾਂ ਸੀ?' ਮੈਂ ਪੁੱਛਿਆ।

'ਕਰਮ ਦੀਨ।' ਉਸ ਦੇ ਬੁੱਲ੍ਹਾਂ 'ਤੇ ਕਿਸੇ ਮਿੱਠੀ ਆਸ ਦੀ ਫੜਫੜਾਹਟ ਸੀ।

'ਅੰਮ੍ਰਿਤਸਰ ਕਿਸ ਬਜ਼ਾਰ ਵਿੱਚ ਦੁਕਾਨ ਸੀ ਉਹਦੀ?'

ਉਸ ਦੀਆਂ ਅੱਖਾਂ ਵਿੱਚ ਕੋਈ ਅਕਹਿ ਰੋਸ਼ਨੀ ਸੀ। ਉਹ ਤੜਪ ਉੱਠਣ ਵਾਂਗ ਬੋਲੀ–'ਹਾਲ ਬਜ਼ਾਰ ਵਿੱਚ।' ਹੁਣ ਉਸ ਦੀਆਂ ਗਹਿਰ–ਗੰਭੀਰ ਅੱਖਾਂ ਮੇਰੇ ਬੁੱਲ੍ਹਾਂ 'ਤੇ ਗੱਡੀਆਂ ਹੋਈਆਂ ਸਨ, ਜਿਵੇਂ ਮੈਂ ਜੋ ਕੁਝ ਬੋਲਾਂਗਾ, ਉਸ ਨਾਲ ਉਸ ਦੀ ਕਿਸਮਤ ਜਾਗ ਉੱਠੇਗੀ, ਪਰ ਮੈਂ ਤਾਂ ਸੋਚਾਂ ਵਿੱਚ ਹੀ ਡੁੱਬ ਗਿਆ। ਕੌਣ ਕਰਮ ਦੀਨ, ਹਾਲ ਬਜ਼ਾਰ ਵਿੱਚ ਕਿਹੜੀ ਦੁਕਾਨ? ਮੈਨੂੰ ਕੁਝ ਪਤਾ ਨਹੀਂ ਸੀ। ਮੇਰੀ ਚੁੱਪ ਨੂੰ ਦੇਖ ਕੇ ਉਹ ਨਿਰਾਸ਼ ਹੋ ਗਈ। ਅੱਖਾਂ ਦੇ ਚਿੱਟੇ ਚਾਨਣ ਵਿੱਚ ਉਦਾਸੀ ਦਾ ਰੰਗ ਇਕਦਮ ਘੁਲ

ਗਿਆ। ਉਹ ਧਰਤੀ ’ਤੇ ਪੈਰਾਂ ਭਾਰ ਬੈਠ ਗਈ ਤੇ ਪੁੜਪੜੀਆਂ ’ਤੇ ਹੱਥ ਧਰ ਲਏ। ਮੈਂ ਵੀ ਉਸ ਤੋਂ ਜ਼ਰਾ ਹਟ ਕੇ ਇੱਕ ਪੱਥਰ ’ਤੇ ਬਹਿ ਗਿਆ। ਜ਼ਹਿਰ ਵਰਗੀ ਕੋਈ ਘੁੱਟ ਅੰਦਰ ਲੰਘਾ ਕੇ ਫੇਰ ਉਸ ਨੇ ਗੱਲ ਦਾ ਰੁਖ਼ ਬਦਲਿਆ।

‘ਕਾਲੇ ਵਿੱਚ, ਵੀਰ, ਤੁਹਾਡਾ ਘਰ ਕਿਹੜੇ ਪਾਸੇ ਸੀ?’

‘ਚੜ੍ਹਦੇ ਪਾਸੇ। ਦੇਵੀ ਦੇ ਮੰਦਰ ਕੋਲ।’

‘ਹੱਛਾ-ਹੱਛਾ! ਹਾਂ, ਉਹ ਇੱਕੋਂ ਹੀ ਘਰ ਹੈ, ਉਸ ਪਾਸੇ ਜਿਸ ਵਿੱਚ ਹੁਣ ਇੱਕ ਰਫ਼ਿਊਜੀ-ਟੱਬਰ ਰਹਿੰਦਾ ਹੈ। ਸਾਡਾ ਘਰ ਵੀ ਉਸੇ ਪਾਸੇ ਹੈ। ਮੈਂ ਅਮਾਮ ਬਖ਼ਸ ਦੀ ਧੀ ਹਾਂ।’

‘ਅਮਾਮ ਬਖ਼ਸ਼, ਜਿਸ ਕੋਲ ਭੇਡਾਂ ਦਾ ਇੱਜੜ ਹੁੰਦਾ ਸੀ?’

‘ਹਾਂ, ਓਹੀ ਵੀਰ।’

‘ਤੂੰ ਸਦੀਕਾਂ ਤਾਂ ਨਹੀਂ?’

‘ਹਾਂ ਵੀਰ, ਮੈਂ ਸਦੀਕਾਂ ਹਾਂ।’

ਤੇ ਅਸੀਂ ਆਪਣੀ-ਆਪਣੀ ਥਾਂ ਤੋਂ ਉੱਠੇ ਤੇ ਨੇੜੇ ਹੋ ਕੇ ਖੜ੍ਹ ਗਏ। ਮੈਂ ਦੱਸਿਆ- ‘ਮੈਂ ਦਰਸ਼ਨ ਹਾਂ। ਹੌਲਦਾਰ ਸ਼ਿੰਗਾਰਾ ਸਿੰਘ ਦਾ ਪੁੱਤਰ। ਸ਼ਿੰਗਾਰਾ ਸਿੰਘ ਜਿਹੜਾ ਦੂਜੀ ਵੱਡੀ ਜੰਗ ਵਿੱਚ ਮਾਰਿਆ ਗਿਆ ਸੀ। ਮੇਰਾ ਇੱਕ ਤਾਇਆ ਵੀ ਸੀ, ਸੁਜਾਨ ਸਿੰਘ। ਉਸ ਨੇ ਹੀ ਮੈਨੂੰ ਪਿਆਰ ਦਿੱਤਾ ਸੀ। ਮੈਨੂੰ ਪੜ੍ਹਾਇਆ ਸੀ ਤੇ ਫਿਰ ਆਪਣੇ ਨਾਲ ਹੀ ਸ਼ਹਿਰ ਲੈ ਗਿਆ ਸੀ, ਜਿੱਥੇ ਉਸ ਦੀ ਲੱਕੜਾਂ ਦੀ ਇੱਕ ਵੱਡੀ ਟਾਲ ਸੀ।’

‘ਤੂੰ ਦਰਸ਼ਨ ਹੈ।’ ਸਦੀਕਾਂ ਨੇ ਮੇਰੇ ਦੋਵੇਂ ਹੱਥ ਫੜ ਕੇ ਆਪਣੇ ਕਾਲਜੇ ਨਾਲ ਘੁੱਟੇ ਤੇ ਫਿਰ ਮੇਰੇ ਮੱਥੇ ’ਤੇ ਪਿਆਰ ਦੇ ਕੇ ਆਖਿਆ-‘ਚੱਲ ਅੱਜ ਕਾਲੇ ਨੂੰ। ਇੱਕ ਰਾਤ ਰਹਿ ਆ ਸਾਡੇ ਕੋਲ।’

‘ਓਥੇ ਤਾਂ ਮੈਂ ਜਾ ਨਹੀਂ ਸਕਦਾ, ਸਦੀਕਾਂ। ਮੇਰੇ ਵੀਜ਼ੇ ਵਿੱਚ ਲਿਖਿਆ ਹੋਇਆ ਨਹੀਂ। ਹੁਣ ਤਾਂ ਸਰਕਾਰਾਂ ਦੇ ਵੱਸ ਪਏ ਹੋਏ ਹਾਂ।’

ਉਹ ਰੋਣ ਲੱਗੀ...

ਆਪਣੇ ਪਿੰਡ ਕਾਲਾ ਦਾ ਨਾਉਂ ਸੁਣ ਕੇ ਤੇ ਆਪਣੇ ਘਰ ਨੂੰ ਅੱਖਾਂ ਵਿੱਚ ਵਸਾ ਕੇ ਜਿਸ ਵਿੱਚ ਹੁਣ ਕੋਈ ਰਫ਼ਿਊਜੀ ਪਰਿਵਾਰ ਰਹਿੰਦਾ ਸੀ ਤੇ ਸਦੀਕਾਂ ਨਾਲ ਬਚਪਨ ਵਿੱਚ ਖੇਡਣ ਦੀ ਫ਼ਿਲਮ ਯਾਦਾਂ ਦੀ ਸਕਰੀਨ ’ਤੇ ਚੱਲਦੀ ਦੇਖ ਕੇ ਮੈਂ ਤਾਂ ਗੁਆਚ ਹੀ ਗਿਆ ਸਾਂ। ਪਤਾ ਨਹੀਂ, ਕੀ-ਕੀ ਸੋਚ ਗਿਆ ਸਾਂ। ਅੱਖਾਂ ਪੂੰਝ ਕੇ, ਉਸ ਨੇ ਮੇਰਾ ਹੱਥ ਫੜਿਆ ਤੇ ਪੁੱਛਿਆ-ਕੱਲ੍ਹ ਨੂੰ ਇੱਥੇ ਹੈਂ?’

‘ਹਾਂ, ਕੱਲ੍ਹ ਸ਼ਾਮ ਨੂੰ ਅਸੀਂ ਚੱਲਣਾ ਹੈ।’

‘ਮੈਂ ਅੱਜ ਕਾਲੇ ਨੂੰ ਜਾਂਦੀ ਹਾਂ। ਕੱਲ੍ਹ ਦੁਪਹਿਰ ਨੂੰ ਤੇਰੇ ਲਈ ਘਰੋਂ ਆਪ ਰੋਟੀ ਪਕਾ ਕੇ ਲਿਆਵਾਂਗੀ। ਤੂੰ ਕਾਲੇ ਦੀ ਰੋਟੀ ਖਾਵੀਂ।’

ਮੇਰਾ ਲੂੰ-ਲੂੰ ‘ਹਾਂ’ ਕਹਿ ਗਿਆ।

ਉਹ ਚਲੀ ਗਈ। ਗੁਰਦੁਆਰੇ ਅੰਦਰ ਦੋਵੇਂ ਸਾਥੀ-ਸ਼ਾਇਰਾ ਕੋਲ ਮੈਂ ਜਾ ਬੈਠਾ। ਅਸੀਂ ਸ਼ਾਮ ਨੂੰ ਪੜ੍ਹਨ ਵਾਲੀਆਂ ਨਜ਼ਮਾਂ ਦੀ ਚੋਣ ਕਰਨ ਲੱਗੇ।

ਦੂਜੇ ਦਿਨ ਸਦੀਕਾਂ ਰੋਟੀ ਲੈ ਕੇ ਆਈ। ਗੁਰਦੁਆਰੇ ਤੋਂ ਬਾਹਰ ਇੱਕ ਰੁੱਖ ਥੱਲੇ ਅਸੀਂ ਬੈਠ ਗਏ। ਚਾਰ ਡੱਬਿਆਂ ਵਾਲੇ ਵੱਡੇ ਟਿਫ਼ਨ ਵਿੱਚ ਉਸ ਨੇ ਕਿੰਨਾ ਹੀ ਕੁਝ ਲਿਆਂਦਾ ਹੋਇਆ ਸੀ। ਮੈਨੂੰ ਆਦਤ ਹੈ, ਸਾਰੀ ਰੋਟੀ ਖਾਣ ਪਿੱਛੋਂ ਹੀ ਮੈਂ ਪਾਣੀ ਪੀਂਦਾ ਹਾਂ। ਵਿੱਚ ਦੀ ਸਦੀਕਾਂ ਨੇ ਪੁੱਛਿਆ ਵੀ-'ਪਾਣੀ ਪਾ ਦਿਆਂ?' ਪਰ ਮੈਂ ਕਹਿ ਦਿੱਤਾ, 'ਕੋਈ ਗੱਲ ਨਹੀਂ, ਪਾਣੀ ਵੀ ਪੀ ਲਵਾਂਗਾ।'

ਮੇਰੇ ਕੋਲ ਬੈਠੀ ਉਹ ਸੰਵਾਰ-ਸੰਵਾਰ ਮੈਨੂੰ ਰੋਟੀ ਖਵਾ ਰਹੀ ਸੀ। ਮੇਰੀ ਮਾਂ ਮੈਨੂੰ ਇਸੇ ਤਰ੍ਹਾਂ ਐਨੇ ਹੀ ਚਾਅ ਨਾਲ ਰੋਟੀ ਖਵਾਇਆ ਕਰਦੀ ਸੀ। ਸਦੀਕਾਂ ਦੀਆਂ ਲਿਆਂਦੀਆਂ ਪਰੌਂਠੀਆਂ, ਆਲੂ-ਛੋਲਿਆ ਦੀ ਲਜ਼ੀਜ਼ ਸੁੱਕੀ ਸਬਜ਼ੀ, ਅੰਬ ਤੇ ਨਿੰਬੂ ਦਾ ਜ਼ਾਇਕੇਦਾਰ ਅਚਾਰ, ਅਣਘਾਲੇ ਦੁੱਧ ਵਿੱਚ ਰਿੰਨ੍ਹੀ ਰਬੜੀ ਵਰਗੀ ਮਿੱਠੀ ਤੇ ਖੋਪਾ-ਦਾਖਾ ਪਾ ਕੇ ਬਣਾਈ ਖੀਰ, ਸਭ ਕਾਸੇ ਵਿਚੋਂ ਮੈਨੂੰ ਉਹੀ ਸੁਆਦ ਆਇਆ, ਜਿਹੜਾ ਮਾਂ ਵੇਲੇ ਆਇਆ ਕਰਦਾ ਸੀ। ਮੈਂ ਦੁੱਗਣੀ ਰੋਟੀ ਖਾ ਗਿਆ ਹੋਵਾਂਗਾ, ਫਿਰ ਵੀ ਉਹ ਜ਼ਿੱਦ ਕਰ ਰਹੀ ਸੀ-'ਭੁੱਖਾ ਨਾ ਰਹੀਂ, ਵੀਰ ਵੇ।'

ਮਾਂ ਦੀ ਆਦਤ ਸੀ, ਉਹ ਰੋਟੀ ਵੇਲੇ ਪਾਣੀ ਨਹੀਂ ਦਿਆ ਕਰਦੀ ਸੀ। ਕਹਿ ਦਿੰਦੀ-'ਆਪੇ ਲੈ-ਲੈ ਘੜੇ 'ਚੋਂ।' ਮੈਂ ਵੀ ਘੌਲ ਕਰ ਜਾਂਦਾ ਸਾਂ, ਸਾਰੀ ਰੋਟੀ ਖਾਣ ਪਿੱਛੋਂ ਹੀ ਪਾਣੀ ਪੀਂਦਾ। ਸਾਰੀ ਰੋਟੀ ਖਾਣ ਤੋਂ ਬਾਅਦ ਪਾਣੀ ਪੀਣ ਦੀ ਆਦਤ ਸ਼ਾਇਦ ਉਦੋਂ ਤੋਂ ਬਣ ਗਈ ਸੀ। ਰੋਟੀ ਖਾਣ ਪਿੱਛੋਂ ਘੜੇ ਦੇ ਗਲ ਵਿੱਚ ਬਾਂਹ ਪਾ ਕੇ ਪਾਣੀ ਦੀ ਗੜਵੀ ਭਰਦਾ ਤੇ ਹੱਥ ਨਾਲ ਪੀ ਲੈਂਦਾ। ਬਾਅਦ ਵਿੱਚ ਜਿਹੜਾ ਡਕਾਰ ਆਉਂਦਾ, ਉਸ ਨਾਲ ਤਾਂ ਪੂਰਾ ਸੁਆਦ ਆ ਜਾਂਦਾ। ਉਸ ਤਰ੍ਹਾਂ ਦੀ ਸੁਆਦ ਰੋਟੀ ਮੁੜ ਸਾਰੀ ਉਮਰ ਨਹੀਂ ਮਿਲੀ ਸੀ। ਜਾਂ ਫਿਰ ਇਹ ਦਿਨ...

ਸਦੀਕਾਂ ਵੱਲ ਭਰਪੂਰ ਨਿਗਾਹਾਂ ਭਰ ਕੇ ਤੇ ਫਿਰ ਆਲਾ-ਦੁਆਲਾ ਭਾਂਪ ਕੇ ਮੈਂ ਅੰਦਾਜ਼ਾ ਲਾਇਆ, ਪਾਣੀ ਕਿਤੇ ਨਹੀਂ ਸੀ। ਮੈਂ ਉਸ ਨੂੰ ਕਿਹਾ-'ਰੋਟੀ ਤਾਂ ਤੂੰ ਕਾਲੇ ਦੀ ਲੈ ਆਈ, ਪਾਣੀ ਹੁਣ ਕਿੱਥੋਂ ਪੀਵਾਂ?' ਉਸ ਨੇ ਵੱਡੇ ਡੋਲੂ ਦਾ ਢੱਕਣ ਖੋਲ੍ਹਿਆ ਤੇ ਸਟੀਲ ਦਾ ਗਲਾਸ ਪਾਣੀ ਨਾਲ ਭਰ ਕੇ ਕਹਿਣ ਲੱਗੀ, 'ਪਾਣੀ ਵੀ ਉੱਥੋਂ ਲੈ ਕੇ ਆਈ ਹਾਂ। ਤੁਹਾਡੇ ਘਰ ਵਾਲੀ ਖੂਹੀ ਦਾ ਹੈ।'

ਰੋਟੀ ਨਾਲ ਐਨਾ ਰੱਜ ਜਾਣ ਤੋਂ ਬਾਅਦ ਵੀ ਮੇਰਾ ਦਿਲ ਕਰਦਾ ਸੀ, ਸਾਰਾ ਡੋਲੂ ਪੀ ਜਾਵਾਂ। ♦

# ਹੱਡੀਆਂ

ਮੈਂਗਲ ਤੇ ਬਾਰੂ ਵੱਡੀ ਉਮਰ ਦੇ ਬੰਦੇ ਸਨ। ਉਨ੍ਹਾਂ ਦੀ ਅੱਖ ਵੱਡੇ ਤੜਕੇ ਖੁੱਲ੍ਹ ਜਾਂਦੀ ਪਿਸ਼ਾਬ ਕਰ ਕੇ ਜਾਂ ਪਾਣੀ ਪੀ ਕੇ ਉਹ ਦੁਬਾਰਾ ਮੰਜੇ ’ਤੇ ਆ ਕੇ ਪੈਂਦੇ, ਪਰ ਇੱਕ ਵਾਰ ਉੱਖੜੀ ਨੀਂਦ ਮੁੜ ਕੇ ਵਾਪਸ ਨਾ ਆਉਂਦੀ। ਰਾਤ ਨੂੰ ਵੀ ਉਹ ਦੇਰ ਤੱਕ ਧੂਣੀ ਦੁਆਲੇ ਬੈਠੇ ਰਹਿੰਦੇ। ਸੋਚਦੇ-ਖਾਸੀ ਰਾਤ ਲੰਘ ਕੇ ਪੈਣਗੇ ਤਾਂ ਤਕੜੇ ਸਦੇਹਾਂ ਜਾਗ ਨਹੀਂ ਖੁੱਲ੍ਹੇਗੀ। ਪਰ ਨਹੀਂ, ਉਹ ਤਾਂ ਚਾਰ-ਪੰਜ ਘੰਟੇ ਹੀ ਮਸ੍ਹਾਂ ਸੌਂ ਸਕਦੇ। ਦੋਵਾਂ ਬੁੜ੍ਹਿਆਂ ਦਾ ਇਹੀ ਹਾਲ ਸੀ। ਉਨ੍ਹਾਂ ਦੇ ਦਿਮਾਗ ਵਿੱਚ ਕੋਈ ਚਿੰਤਾ ਵੀ ਨਹੀਂ ਸੀ। ਪੁੱਤਾਂ-ਪੋਤਿਆਂ ਵਾਲੇ ਸਨ। ਦੋਵਾਂ ਨੇ ਹੀ ਕਬੀਲਦਾਰੀ ਦਾ ਫ਼ਿਕਰ ਕਈ ਵਰ੍ਹਿਆਂ ਤੋਂ ਛੱਡ ਰੱਖਿਆ ਸੀ। ਉਨ੍ਹਾਂ ਕੋਲ ਬੱਸ ਇੱਕੋਂ ਰਾਹ ਸੀ। ਉਹ ਬਿਸਤਰਿਆਂ ਵਿੱਚ ਹੀ ਵਾਖਰੂ-ਵਾਖਰੂ ਕਰਦੇ ਰਹਿੰਦੇ ਤੇ ਜਦੋਂ ਲੋਕ ਵੀਹੀ ਗਲੀ ਵਿੱਚ ਫਿਰਨ-ਤੁਰਨ ਲੱਗਦੇ ਤਾਂ ਉਹ ਖੇਸਾਂ ਦੀਆਂ ਬੁੱਕਲਾਂ ਮਾਰ ਕੇ ਸੱਥ ਵਿੱਚ ਖੁੰਢਾਂ ’ਤੇ ਆ ਬੈਠਦੇ। ਖੰਘਦੇ-ਥੁੱਕਦੇ ਏਧਰ-ਓਧਰ ਦੀਆਂ ਗੱਲਾਂ ਕਰਨ ਲੱਗਦੇ। ਪੋਤੇ-ਪੋਤੀਆਂ ਸੱਥ ਵਿੱਚ ਬੈਠਿਆਂ ਨੂੰ ਚਾਹਾਂ ਦੀਆਂ ਗੜਵੀਆਂ ਫੜਾ ਜਾਂਦੇ। ਉਨ੍ਹਾਂ ਕੋਲ ਹੋਰ ਲੋਕ ਵੀ ਆ ਕੇ ਬਹਿੰਦੇ ਤੇ ਇੱਕ-ਦੋ ਗੱਲਾਂ ਸੁਣ ਕੇ ਤੁਰ ਜਾਂਦੇ। ਮੈਂਗਲ ਤੇ ਬਾਰੂ ਤਾਂ ਖਾਸੀਆਂ ਧੁੱਪਾਂ ਚੜ੍ਹੀਆਂ ਤੋਂ ਉੱਥੋਂ ਉੱਠਦੇ।

ਇੱਕ ਦਿਨ ਸੂਰਜ ਚੜ੍ਹਨ ਤੋਂ ਪਹਿਲਾਂ ਉਹ ਚਾਹ ਦੀਆਂ ਗੜਵੀਆਂ ਖ਼ਾਲੀ ਕਰਕੇ ਅਜੇ ਬੈਠੇ ਹੀ ਸਨ ਕਿ ਘੀਚਰ ਕਾ ਮੁਕੰਦ ਚੁੱਪ ਕੀਤਾ ਹੀ ਉਨ੍ਹਾਂ ਕੋਲ ਆ ਕੇ ਬੈਠ ਗਿਆ। ਉਨ੍ਹਾ ਨੇ ਦੇਖਿਆ, ਉਹਦੇ ਮੂੰਹ ’ਤੇ ਮੁਰਦੇਹਾਣੀ ਛਾਈ ਹੋਈ ਸੀ। ਉਹਦੀਆਂ ਅੱਖਾਂ ਵੱਡੀਆਂ-ਵੱਡੀਆਂ ਤੇ ਓਪਰੀਆਂ-ਓਪਰੀਆਂ ਲੱਗ ਰਹੀਆਂ ਸਨ। ਦੋਵਾਂ ਦੀ ਗੱਲ ਵਿਚੋਂ ਕੱਟ ਕੇ ਉਹ ਆਪ-ਮੁਹਾਰਾ ਬੋਲਣ ਲੱਗ ਪਿਆ, ‘ਇੱਕ ਹੋਰ ਭਾਣਾ ਸੁਣ ਲੌ ਹੁਣ। ਤੜਕੇ ਆਹ ਹੁਣੇ, ਉੱਠਿਆ ਈ ਆਂ ਮੈਂ, ਪਰਤਾਪ ਦੀ ਮਾਂ ਤਾਂ ਹਾਲੇ ਜਾਗੀ ਨ੍ਹੀਂ ਸੀ, ਵਿਹੜੇ ’ਚ ਪੰਪ ਦੇ ਫ਼ਰਸ਼ ’ਤੇ ਹੱਡੀ ਡਿੱਗੀ ਪਈ। ਬੰਦੇ ਦੀ ਹੱਡੀ ਐ। ਜਮ੍ਹਾਂ ਤਾਜ਼ੀ। ਮਾਸ ਵੀ ਹੈਗਾ ਨਾਲ ਇਹਦੇ।’

‘ਹੱਡੀ? ਬੰਦੇ ਦੀ ਹੱਡੀ?’ ਮੈਂਗਲ ਚੌਂਕ ਪਿਆ।

‘ਹਾਂ, ਜਮ੍ਹਾਂ ਬੰਦੇ ਦੀ।’

‘ਕਿੱਥੇ ਐ?’ ਬਾਰੂ ਵੀ ਹੈਰਾਨ।

‘ਮੇਰੇ ਕੋਲ ਐ।

'ਤੂੰ ਕਿਉਂ ਰੱਖੀ ਐ ਆਪਣੇ ਕੋਲ? ਸਿੱਟ ਕਿਉਂ ਨ੍ਹੀਂ ਦਿੰਦਾ ਬਾਹਰ ਰੂੜੀ 'ਤੇ? ਕੋਈ ਕਾਂ-ਕੁੱਤਾ ਡੇਗ ਗਿਆ ਹੋਣੈ।' ਮੈਂਗਲ ਨੇ ਇੱਕੋ ਸਾਹ ਕਈ ਗੱਲਾਂ ਆਖ ਦਿੱਤੀਆਂ।

ਮੈਂ ਤਾਂ ਚੁੱਕ ਲਿਆ ਇਹਨੂੰ। ਮੇਰੇ ਕੋਲ ਐ ਐਸ ਵੇਲੇ।' ਮੁਕੰਦ ਨੇ ਖੇਸ ਦੀ ਬੁੱਕਲ ਮਾਰੀ ਹੋਈ ਸੀ। ਉਹ ਉਨ੍ਹਾਂ ਕੋਲ ਪੈਰਾਂ-ਭਾਰ ਬੈਠਾ ਸੀ। ਦੋਵੇਂ ਹੱਥ ਆਪਣੇ ਗੋਡਿਆਂ ਵਿਚਕਾਰ ਕੀਤੇ ਹੋਏ ਸਨ। ਉਹਦੀ ਝੋਲੀ ਵਿੱਚ ਜ਼ਰੂਰ ਸੀ ਕੋਈ ਚੀਜ਼।

'ਤੂੰ ਕੀ ਕਰੇਂਗਾ ਫਿਰ ਇਹ ਦਾ? ਐਵੇਂ ਕਾਹਨੂੰ ਮੁਰਦਾਰ ਚੁੱਕੀ ਫਿਰਦੈਂ? ਇਸ ਵਾਰ ਬਾਰੂ ਨੇ ਉਹਦੀ ਝੋਲੀ ਵੱਲ ਬੜੇ ਗਹੁ ਨਾਲ ਦੇਖਿਆ।

'ਕਿਉਂ, ਹੋ ਸਕਦੈ ਇਹ ਮੇਰੇ ਪਰਤਾਪ ਦੀ ਹੱਡੀ ਹੋਵੇ।' ਹੁਣ ਉਹਦੀਆਂ ਓਪਰੀਆਂ-ਓਪਰੀਆਂ ਅੱਖਾਂ ਵਿੱਚ ਪਾਣੀ ਸਿੰਮ ਆਇਆ।

ਦੋਵੇਂ ਜਣਿਆਂ ਨੂੰ ਉਹਦੇ 'ਤੇ ਤਰਸ ਆਇਆ ਪਰ ਉਹਦੇ ਮੂੰਹੋਂ ਹੱਡੀ ਵਾਲੀ ਗੱਲ ਸੁਣ ਕੇ ਆਪ ਵੀ ਭੈਅ ਭੀਤ ਹੋਏ ਬੈਠੇ ਸਨ। ਮੈਂਗਲ ਨੂੰ ਪਿਛਲੇ ਦਿਨਾਂ ਦੀਆਂ ਅਖ਼ਬਾਰੀ ਗੱਲਾਂ ਯਾਦ ਆਈਆਂ। ਅਖੇ-ਮੰਦਰ ਵਿੱਚ ਗਊ ਦੀ ਪੂਛ, ਗਊ ਦੇ ਸਿੰਗ, ਗਊ ਦੇ ਕੰਨ..।ਉਹ ਹੈਰਾਨ 'ਹੁਣ ਬੰਦੇ ਦੀਆਂ ਹੱਡੀਆਂ ਡਿੱਗਣ ਵਾਲੀ ਕਹਾਣੀ ਕੀ ਬਣੀ ਇਹ?'

ਬਾਰੂ ਆਪਣੀ ਥਾਂ ਤੋਂ ਖਿਸਕ ਕੇ ਥੋੜ੍ਹਾ ਉਹਦੇ ਨੇੜੇ ਹੋਇਆ ਤੇ ਉਹ ਦੀ ਝੋਲੀ ਨੂੰ ਹੱਥ ਲਾਉਣ ਲੱਗਿਆ, ਪਰ ਮੁਕੰਦ ਛਾਲ ਮਾਰ ਕੇ ਉੱਠ ਖੜ੍ਹਾ। ਬੁੜਬੁੜ ਕਰਦਾ ਉਨ੍ਹਾਂ ਕੋਲੋਂ ਤੁਰਦਾ ਹੋਇਆ।

'ਇਹ ਕੀ ਕਹਾਣੀ ਹੋਈ ਮੈਂਗਲਾ?'

'ਬਾਰੂ, ਮੈਨੂੰ ਤਾਂ ਆਪ ਅਕਲ 'ਚ ਨ੍ਹੀਂ ਔਂਦੀ ਇਹ ਗੱਲ।'

ਤੇ ਫੇਰ ਉਹ ਉਹਦੇ ਮੁੰਡੇ ਪਰਤਾਪ ਦੀ ਗੱਲ ਲੈ ਕੇ ਬੈਠ ਗਏ।

ਮੈਂਗਲ ਕਹਿ ਰਿਹਾ ਸੀ-'ਇੱਕੋ ਮੁੰਡਾ ਸੀ, ਜਾਰ। ਹੋਰ ਕੋਈ ਧੀ, ਨਾ ਪੁੱਤ। ਇਹ ਵੀ ਦੋਵੇਂ ਜੀਅ ਪੰਜਾਹ-ਪਚਵੰਜਾ ਦੇ ਹੋਣਗੇ। ਓਹੀ ਇੱਕ ਸਹਾਰਾ ਸੀ ਇਨ੍ਹਾਂ ਦਾ ਤਾਂ। ਕਿਹੜੇ, ਕਸੂਤੇ ਰਾਹ ਪੈ ਗਿਆ। ਜਾਨ ਗੁਆ ਲਈ।'

'ਸੂਤ ਜਾਂ ਕਸੂਤ, ਇਹ ਤਾਂ ਭਾਈ ਉਹਦਾ ਮਨੂਆ ਸੀ। ਸੂਤ ਸਮਝ ਕੇ ਈ ਤੁਰਿਆ ਹੋਊ ਉਹ ਏਸ ਰਾਹ 'ਤੇ।' ਬਾਰੂ ਨੇ ਦੂਜਾ ਪੱਖ ਲਿਆ।

'ਗੱਲ ਤਾਂ ਠੀਕ ਐ ਤੇਰੀ। ਸੂਤ-ਕਸੂਤ ਮੁੰਡਿਆਂ ਨੇ ਪਹਿਲਾਂ ਸੋਚਿਆ ਹੀ ਹੋਊ। ਨਹੀਂ ਤਾਂ ਕੌਣ ਧਰਦੈ ਭਾਈ, ਜਾਨ ਹਥੇਲੀ 'ਤੇ।

'ਓਦਣ ਖਬਾਰ 'ਚ ਸੁਣਿਆ ਨ੍ਹੀਂ ਸੀ ਤੂੰ, ਸੂਬੇਦਾਰ ਨੇ ਪੜ੍ਹ ਕੇ ਸੁਣਾਇਐ, ਅੱਖਰ-ਅੱਖਰ?' ਬਾਰੂ ਦੱਸਣ ਲੱਗਿਆ-'ਬਈ ਜ਼ਮੀਨਾਂ ਰਹਿ ਗਈਆਂ ਥੋੜ੍ਹੀਆਂ। ਕਿੱਲਾ-ਕਿੱਲਾ, ਦੋ-ਦੋ ਕਿੱਲੇ ਈ ਐ, ਬਹੁਤੇ ਘਰਾਂ ਕੋਲੇ। ਦੂਜੇ ਪਾਸੇ ਮੁੰਡੇ ਚੌਂਦਾ-ਚੌਂਦਾ, ਸੌਲਾਂ-ਸੌਲਾਂ ਜਮਾਤਾਂ ਪੜ੍ਹੀ ਫਿਰਦੇ ਐ। ਗੱਡਾ ਨੋਟਾਂ ਦਾ ਭਰ ਕੇ ਲਿਜਾਵੇ ਕੋਈ, ਫੇਰ ਮਿਲਦੀ ਐ ਨੌਕਰੀ। ਪਹਿਲਾਂ ਤਾਂ ਇਹੀ ਮੁੰਡੇ ਨਕਸਲਵਾੜੀ ਬਣੇ, ਹੁਣ ਫੇਰ ਏਧਰ ਹੋ ਗਏ। ਕਿੱਧਰ ਜਾਣ? ਤੱਤਾ ਲਹੂ ਐ, ਕੰਮ 'ਤੇ ਲਾ ਦਿਓ ਤਾਂ ਠੀਕ, ਨਹੀਂ ਫੇਰ ਖਰਾਬੀ ਕਰੂ। ਕਿਸੇ ਪਾਰਟੀ ਨੇ ਤਾਂ ਇਨ੍ਹਾਂ ਮੁੰਡਿਆਂ ਨੂੰ ਰਾਹ ਨਾ ਪਾਇਆ। ਇਹ ਫੇਰ ਹੋਰ ਕੀ ਕਰਦੇ? ਧਰਮ ਦੀ ਬੁੱਕਲ 'ਚ ਵੜੇ ਹਾਨੀਸਾਰ ਨੂੰ।'

'ਆਹੋ, ਪਹਿਲਾਂ-ਪਹਿਲਾਂ ਤਾਂ ਸਰਕਾਰ ਵੀ ਇਨ੍ਹਾਂ ਦਾ ਮਖ਼ੌਲ ਈ ਸਮਝਦੀ ਰਹੀ। ਬਈ, ਅਲਮਸਤ ਵਹਿੜਕੇ ਨੇ, ਖੌਰੂ ਪਾ-ਪਾ ਥੱਕ ਗਏ ਤਾਂ ਆਪੇ ਨਿੱਸਲ ਹੋ ਕੇ ਬੈਠ ਜਾਣਗੇ।' ਮੈਂਗਲ ਨੇ ਉਹਦਾ ਹੁੰਗਾਰਾ ਭਰਿਆ।

'ਫੇਰ ਤਾਂ ਬਈ ਜਦੋਂ ਵਿਗੜ ਗਈ ਕਹਾਣੀ, ਫੇਰ ਕਦ ਸੂਤ ਔਂਦੀ ਐ। ਦਿੱਲੀ ਸਰਕਾਰ ਨਰੰਗੇ ਦੇ ਰਾਹ ਤੁਰ ਪਈ। ਓਹੀ ਫਰੰਗੀ ਆਲੀਆਂ ਚਾਲਾਂ ਇਨ੍ਹਾਂ ਦੀਆਂ। ਹੁਣ ਦੇਖ ਫੇਰ, ਕਿੱਥੇ ਪਹੁੰਚ ਗਈ ਗੱਲ।'

ਇਹ ਗੱਲਾਂ ਉਹ ਕਰ ਹੀ ਰਹੇ ਸਨ ਕਿ ਉਨ੍ਹਾਂ ਨੇ ਆਪਣੇ ਵੱਲ ਮੁਕੰਦ ਨੂੰ ਆਉਂਦੇ ਦੇਖਿਆ। ਖੇਸ ਦੀ ਬੁੱਕਲ ਮਾਰੀ ਹੋਈ ਤੇ ਦੋਵੇਂ ਹੱਥ ਪਿਛਾਂਹ ਵੱਲ ਕੀਤੇ ਹੋਏ। ਉਹ ਛੇਤੀ-ਛੇਤੀ ਤੁਰਿਆ ਆ ਰਿਹਾ ਸੀ। ਅੱਖਾਂ ਜ਼ਮੀਨ 'ਤੇ ਸਨ। ਉਹ ਉਨ੍ਹਾਂ ਦੇ ਕੋਲ ਦੀ ਚੁੱਪ ਕੀਤਾ ਹੀ ਲੰਘ ਗਿਆ। ਇਸ ਵਾਰ ਤਾਂ ਉਹ ਉਨ੍ਹਾਂ ਵੱਲ ਝਾਕਿਆ ਵੀ ਨਾ। ਮੈਂਗਲ ਨੇ ਉਹਨੂੰ ਮਗਰੋਂ ਹੀ ਹਾਕ ਮਾਰ ਲਈ-'ਮੁਕੰਦ ਸਿਆਂ, ਹੱਡੀ ਤੇਰੀ?'

ਉਹ ਪਿਛਾਂਹ ਵੱਲ ਗਰਦਨ ਭੰਵਾ ਕੇ ਬੋਲਿਆ-'ਖੂਹ 'ਚ।' ਉਹਦਾ ਭਰੜਾਇਆ ਬੋਲ ਸੁਣ ਕੇ ਉਹ ਖੂਹ ਦੇ ਨਾਉਂ ਤੋਂ ਹੋਰ ਵੀ ਭੈਅ ਭੀਤ ਹੋ ਗਏ।

ਚੌਥੇ-ਪੰਜਵੇਂ ਦਿਨ ਉਹ ਦੋਵੇਂ ਨਿੱਤ ਵਾਂਗ ਹੀ ਸੱਥ ਵਿੱਚ ਬੈਠੇ ਹੋਏ ਸਨ ਕਿ ਸਦੇਹਾਂ ਸੂਰਜ ਚੜ੍ਹਨ ਤੋਂ ਪਹਿਲਾਂ ਉਨ੍ਹਾਂ ਨੇ ਮੁਕੰਦ ਨੂੰ ਦੇਖਿਆ। ਉਹਦੇ ਸਿਰ 'ਤੇ ਖਾਲੀ ਟੋਕਰਾ ਸੀ। ਖੇਸ ਦੀ ਬੁੱਕਲ ਮਾਰੀ ਹੋਈ। ਇੱਕ ਹੱਥ ਉਹਨੇ ਟੋਕਰੇ ਨੂੰ ਪਾਇਆ ਹੋਇਆ ਤੇ ਇੱਕ ਹੱਥ ਢਾਕ 'ਤੇ, ਕੂਹਣੀ ਖੇਸ ਤੋਂ ਬਾਹਰ ਨਿਕਲੀ ਦਿਸ ਰਹੀ ਸੀ।

ਇਨ੍ਹਾਂ ਚਾਰ-ਪੰਜ ਦਿਨਾਂ ਵਿੱਚ ਮੁਕੰਦ ਬਾਰੇ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਉੱਡ ਚੁੱਕੀਆਂ ਸਨ। ਮੁਕੰਦ ਦੀ ਘਰਵਾਲੀ ਨੂੰ ਪੁੱਤ ਮੁੱਕੇ ਦਾ ਦੁੱਖ ਛੱਡ ਕੇ ਹੁਣ ਉਹਦਾ ਫ਼ਿਕਰ ਪੈ ਗਿਆ। ਗਵਾਂਢੀ ਘਰਾਂ ਵਿੱਚ ਚਰਚਾ ਸੀ ਕਿ ਮੁਕੰਦ ਆਪਣੇ ਮੁੰਡੇ ਨੂੰ ਜਿਉਂਦਾ ਸਮਝੀ ਬੈਠਾ ਹੈ। ਉਹ ਕਹਿੰਦਾ ਹੈ ਕਿ ਪੁਲਿਸ ਵਾਲੇ ਉਹ ਦੇ ਪੁੱਤ ਦੇ ਸਰੀਰ ਦਾ ਇੱਕ ਅੰਗ ਵੱਢਦੇ ਹਨ ਤੇ ਰਾਤ ਨੂੰ ਚੋਰੀਓਂ ਉਨ੍ਹਾਂ ਦੇ ਘਰ ਦੇ ਵਿਹੜੇ ਵਿੱਚ ਸੁੱਟ ਜਾਂਦੇ ਹਨ। ਉਹ ਓਸ ਹੱਡੀ ਨੂੰ ਖੂਹ ਵਿੱਚ ਸੁੱਟ ਆਉਂਦਾ ਹੈ। ਧਾਰਮਿਕ ਬਿਰਤੀ ਵਾਲਾ ਬੰਦਾ ਹੈ। ਉਹਦਾ ਵਿਸ਼ਵਾਸ ਹੈ ਕਿ ਜਿਵੇਂ ਰਾਜਾ ਸਲਵਾਨ ਦੇ ਪੁੱਤ ਪੂਰਨ ਭਗਤ ਦੇ ਹੱਥ ਖੂਹ ਵਿਚੋਂ ਨਿਕਲ ਕੇ ਉਹਦੀਆਂ ਬਾਹਵਾਂ ਨਾਲ ਜੁੜ ਗਏ ਸਨ, ਏਦਾਂ ਹੀ ਇੱਕ ਦਿਨ ਉਹਦੇ ਪੁੱਤ ਪਰਤਾਪ ਦੀਆਂ ਹੱਡੀਆਂ ਖੂਹ ਵਿਚੋਂ ਨਿਕਲ ਆਉਣਗੀਆਂ ਤੇ ਉਹ ਸਾਬਤ-ਸਬੂਤ ਘਰ ਪਰਤ ਆਵੇਗਾ।

ਉਸ ਦਿਨ ਉਨ੍ਹਾਂ ਨੇ ਉਸ ਨੂੰ ਬੁਲਾਇਆ ਨਹੀਂ। ਉਸ ਨਾਲ ਕੋਈ ਵੀ ਗੱਲ ਕਰਨੀ ਉਹ ਦੇ ਦੁੱਖ ਨਾਲ ਇੱਕ ਮਜ਼ਾਕ ਹੀ ਤਾਂ ਸੀ। ਉਹ ਅਬਾ-ਤਬਾ ਬੋਲਦਾ। ਗੰਭੀਰ ਵੀ ਪੂਰਾ ਰਹਿੰਦਾ। ਉਹਦੀਆਂ ਅੱਖਾਂ ਵਿੱਚ ਕੋਈ ਭਿਆਨਕ ਤੇ ਰੋਹਲਾ ਰੰਗ ਬੈਠ ਗਿਆ ਸੀ। ਉਹਦੇ ਪੁੱਤ ਦਾ ਦਰਦ ਗਵਾਂਢੀ ਘਰਾਂ ਵਿੱਚ ਇੱਕ ਸਹਿਮ ਬਣ ਕੇ ਫੈਲਿਆ ਹੋਇਆ ਸੀ, ਪਰ ਉਸ ਦਿਨ ਉਹ ਖ਼ੁਦ ਹੀ ਜਾਂਦਾ-ਜਾਂਦਾ ਬੋਲਿਆ-'ਅੱਜ ਤਾਂ ਟੋਕਰਾ ਭਰਿਆ ਸੁੱਟ ਕੇ ਆਇਆਂ ਖੂਹ 'ਚ।'

'ਇਹਨੂੰ ਹੁਣ ਸਮਝਾਈਏ ਵੀ ਤਾਂ ਕੀ? ਪੁੱਤ ਮੁੱਕ ਗਿਆ, ਮੁੜਦਾ ਤਾਂ ਹੈਂ ਨ੍ਹੀਂ। ਹੁਣ ਤਾਂ ਵਾਖਰੂ ਦਾ ਨਾਉਂ ਰਹਿ ਗਿਆ ਬੱਸ। ਦਮਾਕ ਹਿਲਾਈ ਫਿਰਦੈ।' ਮੈਂਗਲ ਨੇ ਉਹਦਾ ਝੋਰਾ ਕੀਤਾ।

ਬਾਰੂ ਕਹਿੰਦਾ, 'ਮੈਂਗਲ ਪਰਤਾਪ ਦੀ ਖ਼ਬਰ ਜਿਹੜੀ ਸੁਣੀ ਸੀ ਨਾ ਆਪਾਂ ਰੇੜ੍ਹੀਏ 'ਤੇ ਓਸ ਦਿਨ, ਜਮ੍ਹਾਂ ਓਹੀ ਖ਼ਬਰਾਂ ਹੁਣ ਹੋਰ ਔਂਦੀਆਂ ਨੇ। ਕੀ ਸਭ ਨਾਲ ਐਂ ਈ ਹੁੰਦੈ, ਜਾਰ?'

'ਕਿਵੇਂ, ਕਿਹੜੀ ਖ਼ਬਰ?' ਮੈਂਗਲ ਦਾ ਧਿਆਨ ਪਤਾ ਨਹੀਂ ਕਿੱਥੇ ਸੀ।

'ਅਖੇ, ਸਕੂਟਰ 'ਤੇ ਦੋ ਬੰਦੇ ਜਾ ਰਹੇ ਸੀ। ਸ਼ੱਕ ਪੈਣ 'ਤੇ ਪੁਲਿਸ ਨੇ ਉਨ੍ਹਾਂ ਨੂੰ ਲਲਕਾਰਿਆ। ਅੱਗੋਂ ਸਕੂਟਰ ਆਲਿਆਂ ਨੇ ਫੈਰ ਕਰ 'ਤਾ। ਜਵਾਬ 'ਚ ਪੁਲਿਸ ਨੇ ਗੋਲੀ ਚਲਾਈ। ਇੱਕ ਬੰਦਾ ਮਾਰਿਆ ਗਿਆ, ਦੂਜਾ ਭੱਜਣ ਵਿੱਚ ਕਾਮਯਾਬ ਹੋ ਗਿਆ।'

ਤੇ ਫੇਰ ਸਾਰੇ ਅਗਵਾੜ ਵਿੱਚ ਇਹ ਗੱਲ ਆਮ ਹੋ ਗਈ ਸੀ ਕਿ ਮੁਕੰਦ ਸਵੇਰੇ ਦਿਨ ਚੜ੍ਹਨ ਤੋਂ ਪਹਿਲਾਂ ਟੋਕਰਾ ਲੈ ਕੇ ਦੁਵਿੱਢੇ ਖੂਹ ਵੱਲ ਜਾਂਦਾ ਹੈ। ਟੋਕਰਾ ਚਾਦਰੇ ਨਾਲ ਢਕਿਆ ਹੁੰਦਾ ਹੈ। ਖੇਸ ਦੀ ਬੁੱਕਲ ਮਾਰੀ ਹੋਈ। ਇੱਕ ਹੱਥ ਟੋਕਰੇ ਨੂੰ ਤੇ ਇੱਕ ਹੱਥ ਢਾਕ ਦੇ ਉੱਤੇ, ਕੂਹਣੀ ਖੇਸ ਤੋਂ ਬਾਹਰ ਨਿਕਲੀ ਦਿੱਸਦੀ।

ਹੁਣ ਦੋ ਦਿਨਾਂ ਤੋਂ ਕਿਸੇ ਨੇ ਮੁਕੰਦ ਨੂੰ ਦੇਖਿਆ ਨਹੀਂ ਸੀ। ਉਹ ਦੀ ਘਰਵਾਲੀ ਨੇ ਰਿਸ਼ਤੇਦਾਰੀਆਂ ਵਿੱਚ ਬੰਦੇ ਭਿਜਵਾਏ ਸਨ, ਪਰ ਉਹ ਕਿਧਰੇ ਨਹੀਂ ਸੀ। ਖੇਤਾਂ ਦੀਆਂ ਝੁੰਬੀਆਂ ਵੀ ਅਗਵਾੜ ਵਾਲਿਆਂ ਨੇ ਛਾਣ ਮਾਰੀਆਂ। ਉਹ ਕਿਤੇ ਵੀ ਨਹੀਂ ਲੱਭ ਰਿਹਾ ਸੀ।

ਤੀਜੇ ਦਿਨ ਸਵੇਰੇ-ਸਵੇਰੇ ਸੱਥ ਵਿੱਚ ਮੈਂਗਲ ਤੇ ਬਾਰੂ ਚੁੱਪ-ਚਾਪ ਬੈਠੇ ਸਨ। ਅਗਵਾੜ ਦੇ ਦਸ-ਬਾਰਾਂ ਬੰਦੇ ਇਕੱਠੇ ਹੋ ਕੇ ਉਨ੍ਹਾਂ ਕੋਲ ਆ ਖੜ੍ਹੇ। ਸਭ ਮੁਕੰਦ ਦੀਆਂ ਗੱਲਾਂ ਕਰ ਰਹੇ ਸਨ। ਅਖ਼ੀਰ ਮੈਂਗਲ ਬੋਲਿਆ-'ਬਾਰਾ ਸਿਆਂ, ਆਪਾਂ ਖੂਹ ਨਾ ਦੇਖੀਏ ਜਾ ਕੇ?'

'ਮੁਕੰਦ ਮੂਜਬ ਖੂਹ ਤਾਂ ਹੱਡੀਆਂ ਨਾਲ ਭਰ ਗਿਆ ਹੋਊ ਹੁਣ ਤਾਈਂ। ਪਾਣੀ ਤਾਂ ਹੈ ਨ੍ਹੀਂ ਸੀ ਉਹ ਦੇ 'ਚ। ਪੁਰਾਣਾ ਖੂਹ ਐ, ਸਦੀਆਂ ਦਾ। ਕਿਰਪੇ ਬਾਣੀਏ ਦੇ ਪੜਦਾਦੇ ਹੱਥੀਂ ਲੱਗਿਆ ਸੀ ਏਹ।' ਬਾਰੂ ਖੂਹ ਦਾ ਇਤਿਹਾਸ ਲੈ ਕੇ ਬੈਠ ਗਿਆ।

ਬੰਦਿਆਂ ਦੀ ਜਗਿਆਸਾ ਖੂਹ 'ਤੇ ਜਾ ਟਿਕੀ।

ਤੇ ਫੇਰ ਅੱਗੇ-ਅੱਗੇ ਮੈਂਗਲ ਤੇ ਬਾਰੂ ਬੁੜ੍ਹਾ, ਪਿੱਛੇ-ਪਿੱਛੇ ਅਗਵਾੜ ਦੇ ਬੰਦੇ। ਉਨ੍ਹਾਂ ਨਾਲ ਹੋਰ ਬੰਦੇ ਵੀ ਜੁੜਦੇ ਗਏ। ਦੁਵਿੱਢੇ ਖੂਹ ਦੇ ਚੌਂਤਰੇ 'ਤੇ ਚੜ੍ਹ ਕੇ ਸਭ ਨੇ ਦੇਖਿਆ, ਅੰਨ੍ਹੇ ਖੂਹ ਵਿੱਚ ਕਿਸੇ ਹੱਡੀ ਦਾ ਕੋਈ ਨਾਓਂ ਨਿਸ਼ਾਨ ਵੀ ਨਹੀਂ ਸੀ। ਦੂਰ ਸਾਰੇ ਖੂਹ ਦੇ ਥੱਲੇ 'ਤੇ ਕੋਈ ਕਾਲਾ ਅਕਾਰ ਜਿਹਾ ਪਿਆ ਉਨ੍ਹਾਂ ਨੂੰ ਦਿੱਸ ਰਿਹਾ ਸੀ।

ਅਗਵਾੜ ਦੇ ਬੰਦਿਆਂ ਨੇ ਆਪਣੇ ਅਗਵਾੜ ਦੇ ਹੀ ਬਦਲੇ ਝਿਊਰ ਨੂੰ ਲਾਸ ਵਗ੍ਹਾ ਕੇ ਥੱਲੇ ਉਤਾਰਿਆ। ਖੂਹ ਥੱਲਿਓਂ ਬਚਨੇ ਦੀ ਗੂੰਜਵੀ ਅਵਾਜ਼ ਆਈ, ਖੂਹ ਦੇ ਮਹਿਲ ਨੂੰ ਪਾੜਦੀ ਹੋਈ-ਮੁਕੰਦ ਐ.... ਮਰਿਆ ਪਿਐ... ♦

# ਕਾਮਰੇਡ ਮਨਸ਼ਾ ਰਾਮ

ਕਾਮਰੇਡ ਮਨਸ਼ਾ ਰਾਮ ਦੇ ਤਿੰਨ ਗੋਲੀਆਂ ਲੱਗੀਆਂ-ਇੱਕ ਗੋਲੀ ਖੱਬੀ ਲੱਤ 'ਤੇ ਪੱਟ ਵਿੱਚ, ਇੱਕ ਗੋਲੀ ਖੱਬੀਂ ਬਾਂਹ 'ਤੇ ਡੌਲੇ ਵਿੱਚ ਅਤੇ ਇੱਕ ਗੋਲੀ ਪਿੱਠ 'ਤੇ ਕੰਗਰੋੜ ਵਿੱਚ। ਸਕੂਟਰ ਤੋਂ ਡਿੱਗਣ ਵੇਲੇ ਉਹਦਾ ਮੱਥਾ ਇੱਕ ਟਾਹਲੀ ਨਾਲ ਜਾ ਵੱਜਿਆ। ਮੱਥੇ ਵਿੱਚ ਗਹਿਰਾ ਜ਼ਖ਼ਮ ਸੀ। ਖ਼ੂਨ ਬਹੁਤ ਨਿਕਲ ਗਿਆ। ਡਾਕਟਰਾਂ ਨੇ ਲੱਤ ਤੇ ਬਾਂਹ ਦੀਆਂ ਗੋਲੀਆਂ ਤਾਂ ਕੱਢ ਦਿੱਤੀਆਂ, ਪਿੱਠ ਵਾਲੀ ਗੋਲੀ ਨਹੀਂ ਲੱਭ ਰਹੀ ਸੀ। ਐਕਸਰੇ ਵਿੱਚ ਵੀ ਇਹਦਾ ਕੋਈ ਸਾਫ਼ ਨਿਸ਼ਾਨ ਨਹੀਂ ਦਿੱਸਿਆ। ਪੇਟ ਵੱਲੋਂ ਬਾਹਰ ਵੀ ਇਹ ਕਿਧਰੇ ਨਹੀਂ ਨਿਕਲੀ ਪਤਾ ਨਹੀਂ ਲੱਗ ਰਿਹਾ ਸੀ, ਕਿੱਥੇ ਹੈ।

ਦਿਨ ਦੇ ਛਿਪਾਅ ਨਾਲ ਉਹ ਸ਼ਹਿਰੋਂ ਆਪਣੇ ਪਿੰਡ ਨੂੰ ਵਾਪਸ ਆ ਰਿਹਾ ਸੀ, ਆਪਣੇ ਸਦੀਆਂ ਪੁਰਾਣੇ ਸਕੂਟਰ 'ਤੇ। ਕੋਲ ਦੀ ਲੰਘੇ ਜਾ ਰਹੇ ਸਕੂਟਰ ਸਵਾਰ ਉਹਨੂੰ ਗੋਲੀਆਂ ਮਾਰ ਗਏ। ਹੁਣ ਮਨਸ਼ਾ ਰਾਮ ਕੁਝ ਨਹੀਂ ਦੱਸ ਰਿਹਾ ਸੀ ਕਿ ਉਹ ਕੌਣ ਸਨ। ਅਸਲ ਵਿੱਚ ਉਹਨੂੰ ਪਤਾ ਵੀ ਨਹੀਂ ਸੀ। ਅਜਿਹੇ ਲੋਕ ਤਾਂ ਬਹੁਤ ਸਨ, ਹੁਣ ਪੰਜਾਬ ਵਿੱਚ। ਕੀ ਪਛਾਣ ਹੈ, ਕੀ ਪਤਾ ਲੱਗਦਾ ਹੈ, ਕਿਹੜਾ ਕਿਸੇ ਦੇ ਮੂੰਹ 'ਤੇ ਲਿਖਿਆ ਹੁੰਦਾ ਹੈ ਕਿ ਉਹ...

ਟ੍ਰੈਫ਼ਿਕ ਅਜੇ ਜਾਰੀ ਸੀ। ਸੜਕ ਖ਼ਾਲੀ ਹੁੰਦੀ ਤਾਂ ਉਹ ਉਹਨੂੰ ਜਾਨੋਂ ਮਾਰ ਕੇ ਜਾਂਦੇ, ਪਰ ਹੁਣ ਹਸਪਤਾਲ ਆ ਕੇ ਕਿਹੜਾ ਪਤਾ ਸੀ ਕਿ ਉਹ ਬਚ ਰਹੇਗਾ ਜਾਂ...। ਦੋ ਰਾਤਾਂ ਲੰਘ ਗਈਆਂ, ਏਸੇ ਤਰ੍ਹਾਂ ਪਏ ਨੂੰ। ਪਿੱਠ ਵਾਲੀ ਗੋਲੀ..। ਜ਼ਹਿਰ ਫੈਲ ਰਿਹਾ ਸੀ।

ਉਹਨੂੰ ਸੁਰਤ ਸੀ, ਪਰ ਉਹ ਕੋਈ ਗੱਲ ਕਰਦਾ, ਜਿਵੇਂ ਤਾਪ ਦੀ ਘੂਕੀ ਚੜ੍ਹੀ ਹੋਵੇ। ਹਸਪਤਾਲ ਵਿੱਚ ਉਹਦਾ ਪਤਾ ਲੈਣ ਆਉਂਦੇ ਲੋਕ ਗੱਲਾਂ ਕਰਦੇ, ਗੱਲਾਂ ਦਾ ਤੱਤ ਸਾਰ ਇਹੀ ਹੁੰਦਾ ਕਿ ਹਿੰਦੂ ਹੋਣ ਕਰਕੇ ਉਹਦੇ ਗੋਲੀਆਂ ਮਾਰੀਆਂ ਗਈਆਂ। ਉਹ ਉਨ੍ਹਾਂ ਦੇ ਖ਼ਿਲਾਫ਼ ਪ੍ਰਚਾਰ ਕਰਦਾ ਹੁੰਦਾ। ਉਹ ਦੇ ਕੰਨਾਂ ਵਿੱਚ ਇਹ ਗੱਲ ਪੈਂਦੀ ਤਾਂ ਉਹ ਹੋਰ ਦੁਖੀ ਹੋ ਜਾਂਦਾ। ਉਹਦੀ ਬੈਚੇਨੀ ਵਧਣ ਲੱਗਦੀ। ਹਿੰਦੂ 'ਸ਼ਬਦ' ਸੁਣਨ ਸਾਰ ਉਹ ਕਸੀਸ ਜਿਹੀ ਵੱਟਦਾ। ਉਹ ਦੀ ਜਾਨ ਵੀ ਤਾਂ ਨਹੀਂ ਨਿਕਲ ਰਹੀ ਸੀ।

ਉਹ ਚੜ੍ਹਦੀ ਜਵਾਨੀ ਤੋਂ ਮਾਪਿਆਂ ਦੇ ਪਿਤਾ-ਪੁਰਖ਼ੀ ਕੰਮਾਂ ਦੇ ਵਿਰੁੱਧ ਸੀ। ਨਾ ਤਾਂ ਉਹ ਜਜ਼ਮਾਨਾਂ ਦੇ ਘਰਾਂ ਵਿੱਚ ਤਿੱਥ-ਤਿਹਾਰ ਨੂੰ ਨਿਉਂਦਾ ਖਾਣ ਜਾਂਦਾ ਤੇ ਘਰ ਵਿੱਚ ਆਈ ਕਿਸੇ ਦਾਨ-ਪੁੰਨ ਦੀ ਚੀਜ਼ ਵਿਚੋਂ ਉਹਨੂੰ ਕਚਿਆਣ ਆਉਂਦੀ।

ਸਕੂਲ ਦੀ ਪੜ੍ਹਾਈ ਖ਼ਤਮ ਕਰਕੇ ਉਹ ਕਾਲਜ ਵੀ ਗਿਆ, ਪਰ ਬੀ. ਏ. ਪੂਰੀ ਨਹੀਂ ਕਰ ਸਕਿਆ। ਕਾਲਜ ਵਿੱਚ ਉਹਦਾ ਸੰਪਰਕ ਉਹਦੇ ਖ਼ਿਆਲਾਂ ਦੀ ਹੀ ਇੱਕ

ਰਾਜਨੀਤਿਕ ਪਾਰਟੀ ਨਾਲ ਹੋ ਗਿਆ। ਇਹੀ ਉਹ ਚਾਹੁੰਦਾ ਸੀ ਤੇ ਫੇਰ ਕਿਸੇ ਨੌਕਰੀ ਆਦਿ ਦੀ ਖ਼ਾਹਸ਼ ਛੱਡ ਕੇ ਆਖ਼ਰ ਉਹ ਏਸੇ ਪਾਰਟੀ ਦਾ ਕੰਮ ਕਰਨ ਲੱਗ ਪਿਆ। ਸਾਰੀ ਉਮਰ ਏਧਰ ਲਾ ਦਿੱਤੀ।

ਉਹਨੇ ਸਮਾਜਵਾਦੀ ਵਿਚਾਰਾਂ ਦੀਆਂ ਢੇਰ ਸਾਰੀਆਂ ਕਿਤਾਬਾਂ ਪੜ੍ਹੀਆਂ। ਭਾਰਤੀ ਸਮਾਜ ਦੀ ਪੂਰੀ ਛਾਣ-ਬੀਣ ਕੀਤੀ। ਦੇਸ਼ ਦੇ ਅਰਥਚਾਰੇ ਨੂੰ ਸਮਝਿਆ। ਉਹਨੂੰ ਰੂੜ੍ਹੀਵਾਦੀ ਹਿੰਦੂ ਧਰਮ ਵਿੱਚ ਕੋਈ ਆਸਥਾ ਨਹੀਂ ਰਹੀ ਸੀ। ਚਾਰ ਵਰਣਾਂ ਦੀ ਵੰਡ ਨੂੰ ਉਹ ਉੱਕਾ ਹੀ ਨਿਰਮੂਲ ਦੱਸਦਾ। ਉਹ ਪ੍ਰਚਾਰ ਕਰਦਾ, ਆਪਣੇ ਆਪ ਵਿੱਚ ਕੋਈ ਵਰਣ ਵੱਡਾ ਤੇ ਉੱਚਾ ਨਹੀਂ। ਅੱਜ ਦਾ ਵਰਗ ਸੰਘਰਸ਼ ਹੀ ਅਸਲੀ ਲੜਾਈ ਹੈ, ਮਨੁੱਖ ਦੀ। ਪਿੰਡ ਵਿੱਚ ਜੇ ਕੋਈ ਉਹਨੂੰ 'ਪੰਡਤ ਜੀ' ਕਹਿ ਕੇ ਬੁਲਾਉਂਦਾ ਤਾਂ ਉਹਨੂੰ ਬਹੁਤ ਬੁਰਾ ਲੱਗਦਾ। ਪਿੰਡ ਦੇ ਲੋਕਾਂ ਨਾਲ ਉਹ ਮੱਥਾ ਮਾਰਦਾ ਕਿ ਜਾਤ ਕਰਕੇ ਕੋਈ ਵੱਡਾ ਨਹੀਂ। ਹਰ ਪ੍ਰਕਾਰ ਦਾ ਕੰਮ ਆਪਣੇ ਆਪ ਵਿੱਚ ਮਹੱਤਵਪੂਰਨ ਹੈ। ਚਾਹੇ ਉਸ ਕੰਮ ਨੂੰ ਕੋਈ ਨੀਵੀਂ ਜਾਤ ਦਾ ਬੰਦਾ ਕਰਦਾ ਹੋਵੇ ਜਾਂ ਉੱਚੀ ਜਾਤ ਦਾ।

ਉਹਨਾ ਕਿਸੇ ਦੇਵੀ-ਦੇਵਤੇ ਨੂੰ ਮੰਨਦਾ ਤੇ ਨਾ ਉਹਨੂੰ ਭੂਤਾਂ-ਪ੍ਰੇਤਾਂ ਤੋਂ ਡਰ ਲੱਗਦਾ। 'ਮਨ ਦੇ ਵਹਿਮ ਹੁੰਦੇ ਨੇ', ਉਹ ਹੱਸ ਕੇ ਟਾਲ ਦਿੰਦਾ। ਉਹ ਤਾਂ ਰੱਬ ਦੀ ਹੋਂਦ ਬਾਰੇ ਵੀ ਮੁਨਕਰ ਹੋ ਬਹਿੰਦਾ। ਪਿੰਡ ਦੇ ਲੋਕ ਆਖਦੇ-'ਦਮਾਕ ਫਿਰ ਗਿਆ ਬਾਮ੍ਹਣ ਦਾ।'

ਉਹ ਸਲਾਹ ਦਿੰਦਾ, 'ਭਗਤ ਸਿੰਘ ਦਾ ਲੇਖ ਪੜ੍ਹੋ-'ਮੈਂ ਨਾਸਤਿਕ ਕਿਉਂ ਹਾਂ', ਸਾਡਾ ਚਾਨਣ ਹੋ ਜਾਂਦੈ।'

ਅਨਪੜ੍ਹ ਲੋਕ ਉਹਦੇ 'ਤੇ ਹੱਸਦੇ-'ਮਨਸ਼ਾ 'ਕੌਮਨਸ਼ਟ' ਐ, ਕੌਮ ਦਾ ਨਸ਼ਟ। ਸੁਣ ਲੌ ਬਈ, ਇਹ ਹੁਣ ਰੱਬ ਨੂੰ ਵੀ ਨ੍ਹੀਂ ਮੰਨਦਾ।'

ਪਾਰਟੀ ਜਿਹੜਾ ਵੀ ਕੰਮ ਉਹਨੂੰ ਸੌਂਪਦੀ, ਉਹ ਪੂਰਾ ਨਿਭਾਉਂਦਾ। ਅਣਥੱਕ ਕਾਰਕੁੰਨ ਸੀ ਉਹ। ਨਿੱਡਰ ਪੂਰਾ, ਖੁੱਲ੍ਹ ਕੇ ਤੇ ਨਿਝੱਕ ਹੋ ਕੇ ਗੱਲ ਕਰਦਾ। ਹੁਣ ਜਦੋਂ ਪੰਜਾਬ ਦਾ ਮਾਹੌਲ ਖਰਾਬ ਹੋਇਆ, ਉਹ ਇਹਦੇ ਕਾਰਨਾਂ ਦਾ ਪ੍ਰਚਾਰ ਕਰਦਾ। ਪਿੰਡ ਦੀ ਸੱਥ ਵਿੱਚ ਤੇ ਬੱਸ-ਅੱਡੇ 'ਤੇ ਆ ਕੇ ਉਹ ਬੋਲਦਾ ਰਹਿੰਦਾ।

'ਓਏ ਕੁਛ ਸੋਚ ਕੇ ਬੋਲਿਆ ਕਰ, ਤੇਰਾ ਵੀ ਡੰਡਾ ਜਾ ਡੁੱਕ ਦੂ ਕੋਈ।' ਉਹਦੇ ਹਾਣੀ ਬੰਦੇ ਉਹਨੂੰ ਸਮਝਾਉਂਦੇ। ਪਰ ਉਹ ਇੱਕ ਨਾ ਜਾਣਦਾ। ਉਹ ਆਖਦਾ-'ਮੌਤ ਦਾ ਆਪਾਂ ਨੂੰ ਕੋਈ ਡਰ ਨ੍ਹੀਂ। ਸੱਚ ਦਾ ਪ੍ਰਚਾਰ ਕਰਨਾ ਮੇਰਾ ਧਰਮ ਐ। ਪਤੈ ਮੈਨੂੰ, ਸੱਚ ਨਿਰਪੱਖ ਨ੍ਹੀਂ ਹੁੰਦਾ, ਸੱਚ ਤਰਫ਼ਦਾਰ ਹੁੰਦੈ।'

ਹੁਣ ਉਹ ਸ਼ਹਿਰ ਦੇ ਸਰਕਾਰੀ ਹਸਪਤਾਲ ਵਿੱਚ ਜਨਰਲ ਵਾਰਡ ਦੇ ਇੱਕ ਖੂੰਜੇ ਬੈੱਡ 'ਤੇ ਪਿਆ ਸੀ, ਲੱਤ, ਬਾਂਹ ਤੇ ਸਿਰ 'ਤੇ ਪੱਟੀਆਂ ਬੰਨ੍ਹੀਆਂ ਹੋਈਆਂ। ਗੁਲੂਕੋਜ਼ ਦੀ ਬੋਤਲ ਲੱਗੀ ਹੋਈ ਸੀ। ਪਲ-ਪਲ ਉਹਦੀ ਜਾਨ ਘਟਦੀ ਜਾਂਦੀ। ਪਲ-ਪਲ ਉਹ ਮੁੱਕਦਾ ਜਾਂਦਾ। ਔਖਾ ਬਹੁਤ, ਪਰ ਜਾਨ ਨਿਕਲਦੀ ਨਹੀਂ ਸੀ। ਜਿਵੇਂ ਸਮੇਂ ਦੀ ਸੂਈ ਇੱਕ ਥਾਂ ਅਟਕ ਕੇ ਰਹਿ ਗਈ ਹੋਵੇ। ਦਿਖਾਵੇ ਦਾ ਓਹੜ-ਪੋਹੜ ਜਿਹਾ ਤਾਂ ਕਰਦੇ, ਪਰ ਅੰਦਰੋਂ ਡਾਕਟਰ ਵੀ ਹੈਰਾਨ ਤੇ ਪ੍ਰੇਸ਼ਾਨ ਸਨ ਕਿ ਉਹ...

ਮਨਸ਼ਾ ਰਾਮ ਦੇ ਘਰ ਵਾਲੇ ਉਹਦੀ ਆਸ ਮੁਕਾਈ ਬੈਠੇ ਸਨ। ਕੋਈ ਉਹ ਦੀ ਖ਼ਬਰ ਸਾਰ ਲੈਣ ਆਉਂਦਾ ਤੇ ਉਹਨੂੰ ਬੁਲਾ ਕੇ ਦੇਖਦਾ ਤਾਂ ਉਹ ਬੱਸ ਅੱਖਾਂ ਦੀਆਂ ਪਲਕਾਂ ਹੀ ਹਿਲਾਉਂਦਾ, ਮੂੰਹੋਂ ਬੋਲ ਨਾ ਸਕਦਾ। ਕੋਲ ਬੈਠੇ ਗੱਲਾਂ ਕਰਨ ਵਾਲੇ ਇਹ ਚਰਚਾ ਵੀ ਕਰਦੇ–'ਜਾਨ ਨਾਲੋਂ ਪਿਆਰੀ ਨ੍ਹੀਂ ਕੋਈ ਚੀਜ਼। ਮਨਸ਼ਾ ਰਾਮ ਨੇ ਭਲਾ ਬਈ ਕੀ ਲੈਣਾ ਸੀ ਉਨ੍ਹਾਂ ਵਿਰੁੱਧ ਬੋਲ ਕੇ? ਫੇਰ ਕੀ ਇਹ ਸਿਲਸਿਲਾ ਮੁੱਕਦਾ ਦੀਂਹਦੈ ਕਿਤੇ।'

ਤੇ ਫੇਰ ਦੋ ਬੰਦੇ ਆਏ। ਗੱਲਾਂ–ਗੱਲਾਂ ਵਿੱਚ ਪਹਿਲਾਂ ਬੈਠੇ ਬੰਦਿਆਂ ਨਾਲ ਉਨ੍ਹਾਂ ਨੇ ਗੱਲ ਸਾਂਝੀ ਕੀਤੀ–'ਹਿੰਦੂ ਕਾਹਨੂੰ ਜੀ, ਇਹ ਤਾਂ ਕਾਮਰੇਡ ਹੋਣ ਕਰਕੇ ਕੀਤੀ ਐ ਉਨ੍ਹਾਂ ਨੇ ਇਹ ਵਾਰਦਾਤ।'

'ਕਾਮਰੇਡ' ਦਾ ਸ਼ਬਦ ਸੁਣ ਦੇ ਹੀ ਮਨਸ਼ਾ ਰਾਮ ਦਾ ਸਿਰ ਲੁੜ੍ਹਕ ਗਿਆ। ਜਨਰਲ ਵਾਰਡ ਵਿੱਚ ਭੱਜ–ਨੱਠ ਸ਼ੁਰੂ ਹੋ ਗਈ। ਬੈੱਡ ਕੋਲ ਆ ਕੇ ਇੱਕ ਨਰਸ ਨੇ ਗੁਲੂਕੋਸ਼ ਦੀ ਸੂਈ ਪੁੱਟ ਦਿੱਤੀ। ♦

# ਦਹਿਲ

ਚੰਡੀਗੜ੍ਹ ਦਾ ਆਪਣਾ ਕੰਮ ਮੁਕਾ ਕੇ ਉਨ੍ਹਾਂ ਨੇ ਆਖ਼ਰੀ ਬੱਸ ਫੜ ਲਈ। ਆਖ਼ਰੀ ਬੱਸ ਦਾ ਨਾਉਂ ਲੈਂਦਿਆਂ ਲੱਗਦਾ ਹੈ, ਜਿਵੇਂ ਸੂਰਜ ਛਿਪਣ ਵਾਲਾ ਹੋਵੇ। ਸਾਡੀ ਮਾਨਸਿਕਤਾ ਉੱਥੇ ਹੀ ਖੜ੍ਹੀ ਹੈ, ਜਦੋਂ ਕਿ ਹਾਲਾਤ ਕਿੰਨੇ ਬਦਲ ਚੁੱਕੇ ਹਨ। ਫੇਰ ਲੰਮੇ ਰੂਟ ਦੀ ਬੱਸ। ਇਹ ਆਖ਼ਰੀ ਬੱਸ ਹੁਣ ਚੰਡੀਗੜ੍ਹੋਂ ਢਾਈ ਵਜੇ ਚੱਲ ਪੈਂਦੀ ਹੈ। ਕਿੱਥੇ ਜਾ ਕੇ ਬਠਿੰਡੇ ਪਹੁੰਚਣਾ ਹੁੰਦਾ ਹੈ, ਸ਼ਾਮ ਸੱਤ ਵਜੇ ਤੱਕ। ਭਲੇ ਵੇਲਿਆਂ ਵਿੱਚ ਚੰਡੀਗੜ੍ਹ ਤੋਂ ਬਠਿੰਡੇ ਵਾਲੀ ਆਖ਼ਰੀ ਬੱਸ ਪੰਜ ਵਜੇ ਚੱਲਦੀ ਹੁੰਦੀ। ਸੰਗਰੂਰ ਆ ਕੇ ਮੁਸਾਫ਼ਰਾਂ ਨੇ ਦਾਰੂ ਪੀਣੀ। ਬਰਨਾਲੇ ਰੋਟੀ ਖਾਂਦੇ। ਦਸ-ਗਿਆਰਾਂ ਬਰਨਾਲੇ ਹੀ ਵੱਜ ਜਾਂਦੇ। ਬਠਿੰਡੇ ਇਹ ਬੱਸ ਕਿਤੇ ਬਾਰਾਂ-ਸਾਢੇ ਬਾਰਾਂ ਵਜੇ ਜਾ ਕੇ ਪਹੁੰਚਦੀ। ਲੋਕ ਤਾਂ ਤਰਸ ਗਏ ਉਨ੍ਹਾਂ ਵੇਲਿਆਂ ਨੂੰ। ਪਤਾ ਨਹੀਂ ਕਦੋਂ ਹਾਲਾਤ ਠੀਕ ਹੋਣਗੇ ਤੇ ਚੰਡੀਗੜ੍ਹ ਆਖ਼ਰੀ ਬੱਸ....

ਉਸ ਦਿਨ ਵੀ ਧੁੰਦ ਉਨੀ ਹੀ ਸੀ। ਵੀਹ ਦਿਨਾਂ ਤੋਂ ਸੂਰਜ ਨਹੀਂ ਦਿੱਸਿਆ ਸੀ। ਸਿਆਲਾਂ ਦੇ ਦਿਨ, ਨੌਂ-ਦਸ ਵਜੇ ਜਾ ਕੇ ਬੰਦੇ ਨੂੰ ਬੰਦਾ ਦਿੱਸਿਆ ਸੀ। ਐਨੀ ਧੁੰਦ ਬਹੁਤ ਵਰ੍ਹਿਆਂ ਬਾਅਦ ਪਈ। ਸਵੇਰੇ ਬੱਸਾਂ ਆਪਣੇ ਅੱਡਿਆਂ ਵਿਚੋਂ ਨਿਕਲਦੀਆਂ ਤਾਂ ਉਸੇ ਟਾਈਮ, ਮਤਲਬ ਕੋਈ ਸਾਢੇ ਪੰਜ, ਕੋਈ ਛੇ ਵਜੇ, ਪਰ ਦੂਰ ਦੀਆਂ ਮੰਜ਼ਲਾਂ ਵਾਲੀਆਂ ਬੱਸਾਂ ਦੋ-ਦੋ, ਤਿੰਨ-ਤਿੰਨ ਘੰਟੇ ਲੇਟ ਪਹੁੰਚਦੀਆਂ। ਬੱਸ ਦੀ ਲਾਈਟ ਅੱਠ-ਦਸ ਗਜ਼ ਤੋਂ ਅੱਗੇ ਨਾ ਤੁਰ ਸਕਦੀ। ਭੱਜੀ ਜਾਂਦੀ ਬੱਸ ਇਉਂ ਲੱਗਦੀ, ਜਿਵੇਂ ਘੁੱਪ ਹਨੇਰੀ ਰਾਤ ਵਿੱਚ ਅੰਨ੍ਹਾ ਝੋਟਾ ਸਿਰ-ਮੁਧ ਭੱਜਿਆ ਜਾ ਰਿਹਾ ਹੋਵੇ। ਪੈਰ-ਪੈਰ ’ਤੇ ਐਕਸੀਡੈਂਟ ਦਾ ਖ਼ਤਰਾ ਬਣਿਆ ਰਹਿੰਦਾ। ਸਵੇਰ ਵੇਲੇ ਦੀਆਂ ਬੱਸਾਂ ਵਿੱਚ ਉਨੀ ਭੀੜ ਨਾ ਹੁੰਦੀ। ਅਣਸਰਦੇ ਨੂੰ ਅਗਲਾ ਘਰੋਂ ਨਿਕਲਦਾ। ਉਹ ਇਸੇ ਕਰਕੇ ਉਸ ਦਿਨ ਸਵੇਰੇ ਬੱਸ ’ਤੇ ਨਹੀਂ ਗਏ ਸਨ, ਰੇਲ ਗੱਡੀ ਚੜ੍ਹੇ। ਪਟਿਆਲੇ ਤੱਕ ਰੇਲ ਗੱਡੀ, ਫੇਰ ਉੱਥੋਂ ਬੱਸ ਲੈਣ ਵੇਲੇ ਨੂੰ ਤਾਂ ਅਸਮਾਨ ਕੁਝ-ਕੁਝ ਖੁੱਲ੍ਹ ਗਿਆ ਸੀ। ਉਨ੍ਹਾਂ ਦੇ ਸ਼ਹਿਰੋਂ ਗੱਡੀ ਸਵੇਰੇ ਛੇ ਵਜੇ ਮਿਲਦੀ। ਉਹ ਕੁਝ ਸਮਾਂ ਪਹਿਲਾਂ ਹੀ ਸਟੇਸ਼ਨ ’ਤੇ ਆ ਕੇ ਬੈਠ ਗਏ। ਰੇਲ ਗੱਡੀ ’ਤੇ ਵੀ ਇਸ ਧੁੰਦ-ਗੁਬਾਰ ਦਾ ਅਸਰ ਹੋਣ ਲੱਗ ਪਿਆ। ਜਿਵੇਂ ਉਹ ਵੀ ਬੋਚ-ਬੋਚ ਪੱਬ ਧਰਦੀ ਹੋਵੇ। ਗੱਡੀ ਉਸ ਦਿਨ ਸਾਢੇ ਛੇ ਵਜੇ ਆਈ। ਗੱਡੀ ਦੀ ਉਡੀਕ ਵਿੱਚ ਪਲੇਟ-ਫਾਰਮ ਦੇ ਸ਼ੈੱਡ ਥੱਲੇ ਬੈਂਚ ’ਤੇ ਬੈਠੇ ਉਹ ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ ਰਹੇ। ਅਖ਼ਬਾਰ ਲਿਆ, ਪਰ ਅੱਖਰ ਨਹੀਂ ਪੜ੍ਹੇ ਜਾਂਦੇ ਸਨ। ਧੁੰਦ ਨੇ ਜਿਵੇਂ ਬਿਜਲੀ ਨੂੰ ਵੀ ਅੰਨ੍ਹਾ ਕਰ ਰੱਖਿਆ ਹੋਵੇ। ਦੂਰ ਰੇਲਵੇ ਪੁਲ ਤੋਂ ਵੀ ਉੱਚੇ ਖੰਭੇ ’ਤੇ ਲੱਗੀਆਂ ਦੋ

ਟਿਊਬਾਂ ਇਉਂ ਲੱਗ ਰਹੀਆਂ ਸਨ, ਜਿਵੇਂ ਖਿਲਾਅ ਵਿੱਚ ਲੰਮ-ਸਲੰਮਾ ਖਲਪਾੜ ਦਾ ਅੰਗਿਆਰ ਟੰਗਿਆ ਪਿਆ ਹੋਵੇ। ਗੱਡੀ ਦੀ ਉਡੀਕ ਵਿੱਚ ਉਹ ਵਕਤ ਨੂੰ ਤਾਂ ਕੋਸ ਹੀ ਰਹੇ ਸਨ, ਹਾਲਾਤ ਨੂੰ ਵੀ ਤੱਤਾ-ਠੰਡਾ ਬੋਲਣ ਲੱਗੇ, 'ਇਹ ਧੁੰਦ ਵੀ ਸਾਲੀ ਪੰਜਾਬ ਸਮੱਸਿਆ ਬਣੀ ਪਈ ਹੈ, ਪਤਾ ਨਹੀਂ ਕਦੋਂ ਮੁੱਕੂਗੀ।'

'ਸੂਰਜ ਨੂੰ ਕੋਈ ਹੋਰ ਈ ਨਾ ਲੈ ਗਿਆ ਹੋਵੇ ਕਿਧਰੇ?'

'ਅਮਰੀਕਾ ਨੇ ਕੋਈ ਬੰਬ-ਤਜ਼ਰਬਾ ਨਾ ਕੀਤਾ ਹੋਵੇ, ਐਨੀ ਧੁੰਦ ਤਾਂ ਉਸੇ ਦਾ ਕਾਰਨ ਲੱਗਦੀ ਹੈ।

'ਹਾਂ, ਹੋ ਸਕਦੈ। ਬੰਬ ਨੇ ਸਮੁੰਦਰ ਦਾ ਪਾਣੀ ਉਛਾਲਤਾ ਹੋਊ ਅਸਮਾਨ ਕੰਨੀ। ਪਾਣੀ ਧੁੰਦ ਬਣ ਗਿਆ। ਐਧਰ ਇੰਡੀਆ ਕੰਨੀ ਕਰ 'ਤਾ ਮੂੰਹ ਧੁੰਦ ਦਾ। ਅਮਰੀਕਾ ਨੇ। ਇਹ ਅਮਰੀਕਾ ਦੀ ਈ ਸ਼ਰਾਰਤ ਐ।'

'ਸ਼ਰਾਰਤ ਨਹੀਂ, ਸਾਜ਼ਿਸ਼ ਆਖ।'

'ਜਿਵੇਂ ਪੰਜਾਬ ਸਮੱਸਿਆ ਵੀ ਤਾਂ..।'

ਗੱਡੀ ਦੀ ਲਾਈਟ ਇਉਂ ਦਿਸੀ ਜਿਵੇਂ ਕਿਸੇ ਨੇ ਕੋਲ ਆ ਕੇ ਅਚਾਨਕ ਹੀ ਟਾਰਚ ਦਾ ਬਟਨ ਦੱਬ ਦਿੱਤਾ ਹੋਵੇ। ਧੁੰਦ ਨੇ ਗੱਡੀ ਦਾ ਖੜਕਾ ਵੀ ਖਾ ਲਿਆ ਸੀ।

ਡੱਬੇ ਵਿੱਚ ਉਹ ਕੁੰਗੜ ਕੇ ਬੈਠੇ ਸਨ। ਠੰਡ ਬਹੁਤ ਸੀ। ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਡੱਬੇ ਦੇ ਮੁਸਾਫ਼ਰ ਨਹੀਂ ਦਿੱਸ ਰਹੇ ਸਨ। ਬਾਰੀਆਂ ਦੇ ਸ਼ੀਸ਼ਿਆਂ ਵਿੱਚ ਦੀ ਬਾਹਰ ਕੁਝ ਨਹੀਂ ਦਿੱਸਦਾ ਸੀ।

'ਐਦੂੰ ਤਾਂ ਯਾਰ ਕੀੜੀ ਵੀ ਬਹੁਤਾ ਭੱਜਦੀ ਹੋਊਗੀ। ਪਤਾ ਨ੍ਹੀਂ ਕਦੋਂ ਆਊ ਪਟਿਆਲਾ।' ਬਿੱਕਰ ਨੇ ਕੰਬਲ ਦੀ ਬੁੱਕਲ ਹੋਰ ਕੱਸਦੇ ਹੋਏ ਆਖਿਆ।

'ਓਏ ਚੱਲ ਬੈਠੇ ਆਂ। ਬਾਰਾਂ ਤੋਂ ਪਹਿਲਾਂ ਤਾਂ ਚੰਡੀਗੜ੍ਹ ਪਹੁੰਚ ਈ ਜਾਵਾਂਗੇ। ਉੱਥੇ ਇੱਕ ਘੰਟੇ ਤੋਂ ਵੱਧ ਦਾ ਕੰਮ ਨ੍ਹੀਂ ਆਪਣਾ। ਮੌਜ ਨਾਲ ਮੁੜ ਆਵਾਂਗੇ। ਗੱਡੀ 'ਚ ਐਕਸੀਡੈਂਟ ਦਾ ਧੁੜਕੂ ਤਾਂ ਨ੍ਹੀਂ ਹੈਗਾ। ਬੱਸਾਂ ਤਾਂ ਨਿੱਤ ਡਿੱਗਦੀਆਂ ਨੇ ਖਤਾਨਾਂ 'ਚ।' ਜ਼ੋਰਾ ਸਿੰਘ ਤਸੱਲੀ ਨਾਲ ਗੱਲ ਕਰ ਰਿਹਾ ਸੀ।

'ਜ਼ੋਰਿਆ, ਤੂੰ ਤਾਂ ਹਰ ਗੱਲ 'ਤੇ ਮੋਕ ਮਾਰ ਜਾਨੈ। ਜੇ ਐਂ ਪੁੱਛਦੈਂ, ਗੱਡੀਆਂ ਦੇ ਐਕਸੀਡੈਂਟ ਕੀ ਹੁੰਦੇ ਨ੍ਹੀਂ ਤੇਰੇ ਭਾਅ ਦਾ। ਇਹ ਤਾਂ ਜਦੋਂ ਮੌਤ ਆਉਣੀ ਐ ਨਾ, ਬੱਸ ਆ ਜਾਣੀ ਐ। ਮੌਤ ਤੋਂ ਪਹਿਲਾਂ ਈ ਮਰੀਂ ਜਾਣਾ ਬੰਦੇ ਦਾ ਧਰਮ ਨ੍ਹੀਂ।'

'ਓਏ ਚੱਲ, ਬੱਚਤ ਰਹਿ ਜੇ ਜਿੰਨੀ, ਮਾੜੀ ਗੱਲ ਐ ਕੋਈ?'

'ਪਰ ਤੂੰ ਮੋਕ ਬਹੁਤ...।'

ਜ਼ੋਰਾ ਸਿੰਘ ਤੇ ਬਿੱਕਰ ਸਿੰਘ ਵਰ੍ਹਿਆਂ ਤੋਂ ਇੱਕ-ਦੂਜੇ ਨੂੰ ਜਾਣਦੇ ਸਨ। ਪਹਿਲਾਂ ਤਾਂ ਉਹ ਸਕੂਲ ਵਿੱਚ ਇਕੱਠੇ ਪੜ੍ਹੇ। ਫੇਰ ਟ੍ਰੇਨਿੰਗ ਕੋਰਸ ਵੀ ਇਕੱਠਿਆਂ ਨੇ ਕੀਤਾ। ਨੌਕਰੀ ਇਕੱਠਿਆਂ ਨੂੰ ਮਿਲੀ। ਹੁਣ ਉਹ ਇੱਕੋ ਥਾਂ ਲੱਗੇ ਹੋਏ ਹਨ। ਪੱਕੇ ਦੋਸਤ ਸਨ। ਪਰ ਸੁਭਾਅ ਵਿੱਚ ਫ਼ਰਕ ਸੀ। ਬਿੱਕਰ ਸਿੰਘ ਪੂਰਾ ਦਲੇਰ ਸੀ। ਘੱਟ ਹੀ ਕਿਸੇ ਗੱਲ ਦਾ ਫ਼ਿਕਰ ਕਰਦਾ। ਬੇਪ੍ਰਵਾਹ ਬੰਦਾ ਸੀ। ਜ਼ੋਰਾ ਸਿੰਘ ਸਮਝਦਾਰੀ ਤਾਂ ਪੂਰੀ ਵਰਤਦਾ, ਪਰ ਡਰਪੋਕ ਸੀ। ਬਿੱਕਰ ਉਹਨੂੰ ਚਹੇਡਾਂ ਕਰਦਾ ਰਹਿੰਦਾ। ਇੱਕ ਤਰ੍ਹਾਂ ਨਾਲ ਉਹਨੂੰ ਬਿੱਕਰ

ਦਾ ਆਸਰਾ ਵੀ ਸੀ। ਉਹਦੀ ਬੇਪ੍ਰਵਾਹੀ ਤੇ ਦਲੇਰੀ ਨਾਲ ਜ਼ੋਰਾ ਸਿੰਘ ਦਾ ਦਿਲ ਟਿਕਾਣੇ ਰਹਿੰਦਾ।

ਚਾਹੇ ਦੁਪਹਿਰ ਢਲਣ ਲੱਗੀ ਸੀ, ਪਰ ਸੂਰਜ ਦਾ ਹਾਲੇ ਵੀ ਕੋਈ ਪਤਾ ਨਹੀਂ ਲੱਗ ਰਿਹਾ ਸੀ ਕਿ ਕਿੱਥੇ ਜਿਹੇ ਖੜ੍ਹਾ ਹੈ। ਅੱਜ ਤਾਂ ਉਹ ਬਿਲਕੁੱਲ ਹੀ ਨਹੀਂ ਦਿੱਸਿਆ ਸੀ। ਪਹਿਲਾਂ ਕਿਸੇ-ਕਿਸੇ ਦਿਨ ਦੁਪਹਿਰ ਜਿਹੀ ਨੂੰ ਕਿਤੇ ਜਾ ਕੇ ਸੂਰਜ ਦਿੱਸਦਾ, ਬੱਸ ਜਿਵੇਂ ਲਾਲ ਰੰਗ ਦੀ ਰੋਟੀ। ਆਸ ਜਿਹੀ ਬੱਝਣ ਲੱਗਦੀ ਕਿ ਹੁਣੇ ਉਹ ਨੰਗਾ-ਚਿੱਟਾ ਹੋਵੇਗਾ ਤੇ ਆਪਣੀ ਤੇਜ਼ ਤਪਸ਼ ਨਾਲ ਸਾਰੇ ਬ੍ਰਹਿਮੰਡ ਦੀ ਧੁੰਦ ਪਾਣੀ ਵਿੱਚ ਬਦਲ ਕੇ ਅਕਾਸ਼ ਦਾ ਨਿੱਖਰਿਆ ਚਿਹਰਾ ਦਿਖਾ ਦੇਵੇਗਾ, ਪਰ ਕਾਹਨੂੰ ਲਾਲ ਰੋਟੀ ਤਾਂ ਪਲਾਂ-ਛਿਣਾਂ ਵਿੱਚ ਹੀ ਕਿਧਰੇ ਖਾਧੀ ਪੀਤੀ ਜਾਂਦੀ ਤੇ ਸਮੁੱਚਾ ਅਕਾਸ਼ ਧਰਤੀ ’ਤੇ ਗੱਡਿਆ ਅੰਧਕਾਰ ਦਾ ਤੰਬੂ ਬਣ ਕੇ ਰਹਿ ਜਾਂਦਾ।

ਉਹ ਬੱਸ ਦੇ ਵਿਚਾਲੇ ਜਿਹੇ ਹੋ ਕੇ ਬੈਠੇ। ਜ਼ੋਰਾ ਸਿੰਘ ਨੇ ਬਿੱਕਰ ਸਿੰਘ ਨੂੰ ਰਮਜ਼ ਦਿੱਤੀ, ‘ਡਰਾਈਵਰ ਸੀਟ ਤੋਂ ਥੋੜ੍ਹਾ ਪਿੱਛੇ ਈ ਠੀਕ ਐ। ਤੈਨੂੰ ਨ੍ਹੀਂ ਪਤਾ। ਬੱਚਤ ਚੰਗੀ ਹੁੰਦੀ ਐ। ਬਹੁਤਾ ਮਗਰ ਵੀ ਨਾ ਬੈਠੇ। ਕਈ ਵਾਰੀ ਮਗਰ ਵੀ ਖ਼ਤਰਾ ਰਹਿੰਦੈ।’

ਬਿੱਕਰ ਨੇ ਉਹਦੀ ਗੱਲ ਮੰਨ ਤਾਂ ਲਈ, ਪਰ ਹੱਸੀਂ ਵੀ ਜਾਂਦਾ ਸੀ। ‘ਓਏ ਜ਼ੋਰਾ ਸਿੰਘ, ਕਿੱਥੇ-ਕਿੱਥੇ ਕਰੇਂਗਾ ਬੱਚਤਾਂ, ਸਿੰਘਾ-ਸਰਦਾਰਾ। ਜਦੋਂ...। ਤੂੰ ਮੋਕ....।’

ਹੁਣ ਸਵੇਰ ਦੀਆਂ ਬੱਸਾਂ ਵਾਲੀ ਗੱਲ ਨਹੀਂ ਸੀ। ਹੁਣ ਤਾਂ ਦੂਰ-ਦੂਰ ਤੱਕ ਸੜਕ ਸਾਫ਼ ਦਿੱਸਦੀ ਤੇ ਬੱਸਾਂ ਆਪਣੀ ਪੂਰੀ ਸਪੀਡ ’ਤੇ ਭੱਜੀਆਂ ਜਾ ਰਹੀਆਂ ਸਨ। ਟਰੱਕਾਂ ਵਾਲੇ ਖੁੱਲ੍ਹ-ਖੇਡ ਮਾਣ ਰਹੇ ਸਨ।

ਨਦਾਮਪੁਰ ਦਾ ਪੁਲ ਲੰਘ ਕੇ ਉਨ੍ਹਾਂ ਦੀ ਬੱਸ ਨੇ ਤੇਜ਼ ਰਫ਼ਤਾਰ ਫੜ ਲਈ। ਸਾਹਮਣਿਓਂ ਆ ਰਹੀ ਬੱਸ ਵੀ ਪੂਰੀ ਸਪੀਡ ’ਤੇ ਸੀ। ਦੋਵੇਂ ਬੱਸਾਂ ਨੇ ਇੱਕ-ਦੂਜੀ ਨੂੰ ਦੇਖਣ ਸਾਰ ਜਿਵੇਂ ਬਿੰਦ ਦੀ ਬਿੰਦ ਪੈਰ ਮਲਿਆ ਹੋਵੇ, ਪਰ ਇਹ ਕੀ, ਸਾਹਮਣੇ ਵਾਲੀ ਬੱਸ ਤਾਂ ਸੜਕ ਦੇ ਐਨ ਵਿਚਕਾਰ ਭੱਜੀ ਆ ਰਹੀ ਸੀ। ਉਹਨੇ ਤਾਂ ਭੋਰਾ ਵੀ ਪਾਸਾ ਨਹੀਂ ਵੱਟਿਆ। ਜਿਵੇਂ ਬੱਸ ਦਾ ਡਰਾਈਵਰ ਸੁੱਤਾ ਪਿਆ ਹੋਵੇ। ਜਿਵੇਂ ਉਹ ਬੱਸ ਦਾ ਸਟੇਅਰਿੰਗ ਜਾਮ ਹੋ ਗਿਆ ਹੋਵੇ। ਉਹ ਬੱਸ ਜਿਵੇਂ ਅੰਨ੍ਹੀ ਹੋਵੇ। ਨੱਕ ਦੀ ਸੇਧ ਭੱਜੀ ਆ ਰਹੀ ਸੀ। ਉਨ੍ਹਾਂ ਵਾਲੀ ਬੱਸ ਹੋਰ ਕਿੰਨੀ ਕੁ ਵੱਟੀ ਜਾ ਸਕਦੀ।

ਬਿੱਕਰ ਠੀਕ ਜਿਹਾ ਹੋ ਕੇ ਬੈਠ ਗਿਆ। ਮੂਹਰਲੀ ਸੀਟ ਦੇ ਡੰਡੇ ਨੂੰ ਘੁੱਟ ਕੇ ਫੜ ਲਿਆ। ਉਹਦੀ ਨਿਗਾਹ ਸਾਹਮਣੇ ਸੀ। ਅੱਖਾਂ ਟੱਡੀਆਂ ਹੋਈਆਂ। ਇੱਕ ਬਿੰਦ ਉਹਨੂੰ ਲੱਗਿਆ, ਜਿਵੇਂ ਸਾਹਮਣੇ ਧੁੰਦ ਹੀ ਧੁੰਦ ਹੋਵੇ। ਸਾਹਮਣੇ ਵਾਲੀ ਬੱਸ ਕੋਈ ਬੱਸ ਕਾਹਨੂੰ, ਇੱਕ ਝੌਲਾ ਸੀ, ਬੱਸ ਦਾ। ਅਸਲ ਵਿੱਚ ਇਹ ਧੁੰਦ ਉਹਦੀਆਂ ਅੱਖਾਂ ਵਿੱਚ ਹੀ ਕਿਧਰੋਂ ਉਤਰ ਆਈ ਸੀ।

ਸਾਹਮਣਿਓਂ ਸਿੱਧੀ ਆਉਂਦੀ ਬੱਸ ਦੇਖ ਕੇ ਉਸ ਬੱਸ ਦੀਆਂ ਸਵਾਰੀਆਂ ਨੂੰ ਜਿਵੇਂ ਸਕਤਾ ਮਾਰ ਗਿਆ ਹੋਵੇ। ਜਿਵੇਂ ਉਨ੍ਹਾਂ ਦੇ ਬੁੱਲ੍ਹ ਸਿਉਂ ਦਿੱਤੇ ਗਏ ਹੋਣ। ਜਿਵੇਂ ਕਸਾਈ ਦਾ ਟੋਕਾ ਦੇਖ ਕੇ ਬੱਕਰਾ ਗਰਦਨ ਝੁਕਾ ਲੈਂਦਾ ਹੈ, ਕੂੰਦਾ ਤੱਕ ਨਹੀਂ। ਜ਼ੋਰਾ ਸਿੰਘ ਨੇ ਆਪਣੀਆਂ ਅੱਖਾਂ ਅੱਗੇ ਬਾਂਹ ਕਰ ਲਈ। ਕਬੂਤਰ ਸੋਚਦਾ ਹੈ, ਉਹ ਅੱਖਾਂ ਮੀਚ ਲਵੇ ਤਾਂ ਬਿੱਲੀ ਨੂੰ ਦਿੱਸੇਗਾ ਨਹੀਂ।

ਇੰਜਣ ਜਿਵੇਂ ਚੱਟਾਨ ਨਾਲ ਜਾ ਵੱਜੇ ਹੋਣ। ਖੱਖੜੀ ਵਾਂਗ ਖਿੰਡ ਗਿਆ, ਬੱਸਾਂ ਦਾ ਪੁਰਜ਼ਾ-ਪੁਰਜ਼ਾ। ਬਾਡੀਆਂ ਪੀਪੀਆਂ ਵਾਂਗ ਮਚਕੋੜ ਦਿੱਤੀਆਂ ਗਈਆਂ। ਹਾਏ-ਕੁਰਲਾਹਟ ਮੱਚੀ ਹੋਈ ਸੀ। ਦੋਵੇਂ ਡਰਾਈਵਰ ਸਟੇਅਰਿੰਗਾਂ ਵਿੱਚ ਹੀ ਫਸੇ ਰਹਿ ਗਏ। ਚਾਲੀ ਸਵਾਰੀਆਂ ਬੱਸਾਂ ਦੇ ਅੰਦਰ ਹੀ ਮਰ ਚੁੱਕੀਆਂ ਸਨ। ਸੀਟਾਂ ਦੇ ਕਿੱਲ ਉਨ੍ਹਾਂ ਦੀਆਂ ਛਾਤੀਆਂ ਵਿੱਚ ਧੱਸ ਗਏ ਸਨ। ਮੱਥੇ ਫਟ ਗਏ।

ਸਮੁੰਦਰ ਵਿੱਚ ਡੁੱਬੇ ਜਹਾਜ਼ ਦੀਆਂ ਵੀ ਕੁਝ ਨਾ ਕੁਝ ਸਵਾਰੀਆਂ ਬਚ ਰਹਿੰਦੀਆਂ ਹਨ ਤੇ ਫੇਰ ਉਨ੍ਹਾਂ ਨੂੰ ਵੀ ਕਿਵੇਂ ਨਾ ਕਿਵੇਂ ਧਰਤੀ ਦਾ ਸੁੱਕਾ ਕਿਨਾਰਾ ਨਸੀਬ ਹੋ ਜਾਂਦਾ ਹੈ। ਏਵੇਂ ਹੀ ਦੋਵੇਂ ਬੱਸਾਂ ਦੇ ਕੁਝ ਮੁਸਾਫ਼ਰ, ਜਿਨ੍ਹਾਂ ਦੇ ਹੱਡ-ਗੋਡੇ ਹੀ ਫੁੱਟੇ ਸਨ, ਆਪਣੇ-ਆਪ ਬੱਸਾਂ ਤੋਂ ਬਾਹਰ ਨਿਕਲ ਆਏ। ਕੁਝ ਉਹ ਸਨ, ਜਿਨ੍ਹਾਂ ਨੂੰ ਸੀਟਾਂ ਵਿਚੋਂ ਖਿੱਚ ਕੇ ਬਾਹਰ ਕੱਢ ਲਿਆ ਗਿਆ। ਸੱਟਾਂ ਚਾਹੇ ਬਹੁਤ ਸਨ, ਪਰ ਉਹ ਬਚਾਏ ਜਾ ਸਕਦੇ ਸਨ। ਪੰਦਰਾਂ-ਵੀਹ ਮਿੰਟਾਂ ਬਾਅਦ ਇੱਕ ਹੋਰ ਬੱਸ ਸੰਗਰੂਰ ਵੱਲੋਂ ਆਈ, ਉਸ ਦੀਆਂ ਸੇਵਾ-ਭਾਵ ਵਾਲੀਆਂ ਦਲੇਰ ਸਵਾਰੀਆਂ ਨੇ ਇਹ ਸ਼ੁਭ ਕਾਰਜ ਕੀਤਾ। ਜਿਹੜੇ ਵਿੱਚ ਦਮ ਤੋੜ ਗਏ, ਉਨ੍ਹਾਂ ਨੂੰ ਕਿਸੇ ਨੇ ਨਹੀਂ ਕੱਢਿਆ। ਉਨ੍ਹਾਂ ਨੂੰ ਤਾਂ ਕੋਈ ਘੰਟੇ-ਡੇਢ ਘੰਟੇ ਬਾਅਦ ਬਾਹਰ ਲਿਆਂਦਾ। ਨੇੜੇ ਦੇ ਖੇਤ ਵਿੱਚ ਪਈਆਂ ਲੋਥਾਂ ਮੈਦਾਨ-ਏ-ਜੰਗ ਦਾ ਕੋਝਾ ਦ੍ਰਿਸ਼ ਪੇਸ਼ ਕਰ ਰਹੀਆਂ ਸਨ।

ਜ਼ੋਰਾ ਸਿੰਘ ਖ਼ੁਦ ਹੀ ਬੱਸ ਵਿਚੋਂ ਬਾਹਰ ਨਿਕਲਿਆ ਸੀ। ਉਹਦੀਆਂ ਚੱਪਣੀਆਂ ਵਿਚੋਂ ਲਹੂ ਵਗ ਰਿਹਾ ਸੀ। ਦੋਵੇਂ ਗੋਡਿਆਂ ਤੋਂ ਪੈਂਟ ਫਟ ਗਈ। ਖੱਬੇ ਪੈਰ ਦੀ ਛੱਤ 'ਤੇ ਝਰੀਟਾਂ ਸਨ। ਮੱਥੇ 'ਤੇ ਇੱਕ ਜ਼ਖ਼ਮ ਸੀ, ਜੋ ਬਹੁਤ ਡੂੰਘਾ ਨਹੀਂ ਸੀ। ਇੱਕ ਜੇਬ੍ਹ ਕੋਲੋਂ ਕੋਟ ਲੰਗਾਰਿਆ ਗਿਆ ਸੀ। ਬੱਸ ਵਿਚੋਂ ਨਿਕਲ ਕੇ ਉਹ ਪਰ੍ਹਾਂ ਇੱਕ ਕਿੱਕਰ ਥੱਲੇ ਘਾਹ 'ਤੇ ਲੇਟ ਗਿਆ। ਹਾਏ-ਹਾਏ ਕਰ ਰਿਹਾ ਸੀ। ਕਦੇ-ਕਦੇ ਬੈਠਾ ਹੋ ਜਾਂਦਾ ਅਤੇ ਲੋਥਾਂ ਵੱਲ ਝਾਕ ਕੇ ਤੇ ਜ਼ਖ਼ਮੀਆਂ ਦੀਆਂ ਚੀਕਾਂ ਸੁਣ ਕੇ ਫੇਰ ਲੇਟ ਜਾਂਦਾ। ਉਹਨੂੰ ਕੋਈ ਪਤਾ ਨਹੀਂ ਸੀ ਕਿ ਬਿੱਕਰ ਕਿੱਥੇ ਹੈ। ਜਿਉਂਦਾ ਵੀ ਹੈ ਜਾਂ ਮਰ ਗਿਆ।

ਬਿੱਕਰ ਬੱਸ ਵਿੱਚ ਹੀ ਸੀਟਾਂ ਵਿਚਕਾਰ ਫਸਿਆ ਪਿਆ ਸੀ। ਬੱਸਾਂ ਦੀ ਟੱਕਰ ਹੁੰਦੇ ਹੀ ਉਹ ਬੇਹੋਸ਼ ਹੋ ਗਿਆ। ਉਹਨੂੰ ਕਿਸੇ ਨੇ ਬਾਹਰ ਨਹੀਂ ਕੱਢਿਆ। ਅਗਲਿਆਂ ਨੇ ਸੋਚਿਆ ਹੋਵੇਗਾ, ਬੋਲਦਾ ਨਹੀਂ, ਹਿੱਲਦਾ-ਜੁਲਦਾ ਨਹੀਂ, ਮਰ ਗਿਆ। ਰੱਬ-ਤਵੱਕੋ ਹੀ ਫੇਰ ਉਹਨੂੰ ਸੁਰਤ ਆਈ ਸੀ। ਉਹਨੇ ਬਥੇਰਾ ਹੱਥ-ਪੈਰ ਮਾਰੇ, ਪਰ ਉਹਦੇ ਕੋਲੋਂ ਆਪਣਾ ਸਰੀਰ ਚੁੱਕਿਆ ਨਹੀਂ ਜਾ ਰਿਹਾ ਸੀ। ਮੂਹਰਲੀ ਸੀਟ ਥੱਲੇ ਉਹਦੀਆਂ ਲੱਤਾਂ ਫਸੀਆਂ ਪਈਆਂ ਸਨ। ਸੱਜੀ ਬਾਂਹ 'ਤੇ ਭਾਰ ਨਹੀਂ ਪੈਂਦਾ ਸੀ। ਖੱਬਾ ਹੱਥ ਮੂਹਰਲੀ ਸੀਟ ਦੇ ਡੰਡੇ ਨੂੰ ਪਾ ਕੇ ਉਹ ਉੱਠਣ ਦਾ ਉਰ੍ਹਮਾ ਕਰਦਾ ਤਾਂ ਮੂਹਰਲੀ ਸੀਟ ਉਹਦੇ 'ਤੇ ਹੋਰ ਡਿੱਗਣ ਨੂੰ ਆਉਂਦੀ। ਉਹਨੇ ਆਪਣੇ ਸਿਰ ਨੂੰ ਹੱਥ ਮਾਰਿਆ। ਸਿਰ 'ਤੇ ਪੱਗ ਨਹੀਂ ਸੀ। ਉਹਨੇ ਟੋਹ-ਟੋਹ ਸਿਰ ਦਾ ਚਾਰ-ਚੁਫ਼ੇਰਾ ਦੇਖਿਆ, ਕਿਤੇ ਵੀ ਉਹਦਾ ਹੱਥ ਲਹੂ ਨਾਲ ਨਹੀਂ ਭਰਿਆ। ਉਹਨੇ ਹੌਸਲਾ ਫੜਿਆ, ਸਿਰ ਕਾਇਮ ਹੈ, ਹੁਣ ਉਹ ਮਰਦਾ ਨਹੀਂ। ਸਰੀਰ ਦੀਆਂ ਦੂਜੀਆਂ ਸੱਟਾਂ ਨੂੰ ਉਹ ਨਹੀਂ ਗੌਲੇਗਾ। ਕਿਸੇ ਅੰਗ ਤੋਂ ਮਾਰਿਆ ਗਿਆ ਤਾਂ ਕੀ, ਘੱਟੋ-ਘੱਟ ਜਾਨ ਤਾਂ ਬਚੀ ਰਹੇਗੀ।

ਉਹਨੇ ਉੱਚੀ-ਉੱਚੀ ਹਾਕਾਂ ਮਾਰੀਆਂ, 'ਓਏ ਕੋਈ ਹੈ? ਕੱਢ ਲਓ ਓਏ ਮੈਨੂੰ। ਓਏ ਮੈਂ ਜਿਉਨਾਂ। ਓਏ ਖਸਮੋ!'

ਹੁਣ ਤੱਕ ਕਿੰਨੇ ਹੀ ਲੋਕ ਟੁੱਟੀਆਂ ਬੱਸਾਂ ਦੇ ਆਲੇ-ਦੁਆਲੇ ਫਿਰ-ਤੁਰ ਰਹੇ ਸਨ। ਉਹਦੀ ਅਵਾਜ਼ ਬਾਹਰ ਤੱਕ ਗਈ ਤਾਂ ਦੋ ਜਣੇ ਕਿਵੇਂ ਨਾ ਕਿਵੇਂ ਅੰਦਰ ਆ ਵੜੇ। ਜਦੋਂ-ਜਹਿਦ ਬਾਅਦ ਉਹਨੂੰ ਬਾਹਰ ਕੱਢਿਆ ਗਿਆ। ਉਹਨੂੰ ਸੜਕ ਕਿਨਾਰੇ ਲਿਆ ਦਿੱਤਾ। ਉਹਦੇ ਜ਼ਖ਼ਮਾਂ 'ਤੇ ਉਹਦੀ ਟੁੱਟ-ਭੱਜ ਵੱਲ ਕਿਸੇ ਦਾ ਧਿਆਨ ਨਹੀਂ ਗਿਆ। ਜ਼ਖ਼ਮੀ ਬੰਦੇ ਹੋਰ ਵੀ ਤਾਂ ਬਹੁਤ ਏਧਰ-ਉਧਰ ਲੇਟੇ ਹੋਏ ਸਨ। ਟਰੱਕਾਂ ਦੀ ਉਡੀਕ ਕੀਤੀ ਜਾ ਰਹੀ ਸੀ ਤਾਂ ਕਿ ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਇਆ ਜਾਵੇ। ਲਾਸ਼ਾਂ ਤਾਂ ਲਾਸ਼ਾਂ ਹਨ, ਫੇਰ ਸੰਭਾਲ ਲਈਆਂ ਜਾਣਗੀਆਂ।

'ਛੋਟਿਆ, ਗੱਲ ਸੁਣ ਓਏ।' ਉਹਨੇ ਥੋੜ੍ਹਾ ਪਰ੍ਹੇ ਖੜ੍ਹੇ ਪਾਲੀ-ਮੁੰਡੇ ਨੂੰ ਬੁਲਾਇਆ। ਮੁੰਡਾ ਨੇੜੇ ਆ ਗਿਆ। ਉਹਦੇ ਹੱਥ ਵਿੱਚ ਸੋਟੀ ਸੀ। ਬਾਂਹ ਵਿੱਚ ਸਾਈਕਲ ਦੀ ਤਾਰ ਦੇ ਵੰਗਣੇ ਵਾਲਾ ਟੀਨ ਦਾ ਡੱਬਾ।

ਉਹ ਔਖਾ-ਸੁਖਾਲਾ ਹੋ ਕੇ ਬੈਠ ਗਿਆ। ਮੁੰਡਾ ਇੱਕ ਪੱਗ ਚੁੱਕ ਲਿਆਇਆ। ਕਹਿੰਦਾ, 'ਔਹ ਪੱਗ ਚੁੱਕ ਕੇ ਲਿਆ ਉਰੇ।' ਏਧਰ-ਉੱਧਰ ਕਈ ਪੱਗਾਂ ਪਈਆਂ ਸਨ। ਅੱਧ-ਸੁੱਕੀਆਂ, ਅੱਧੀਆਂ ਮੈਲੇ ਨਾਲ ਗੜੁੱਚ।

'ਸੁੱਕਾ ਜ੍ਹਾ ਥਾਂ ਦੇਖ ਕੇ ਪਾੜ ਲੈ ਇਹਨੂੰ।'

ਮੁੰਡੇ ਨੇ ਪੱਗ ਦੇ ਗਜ਼-ਗਜ਼ ਦੇ ਦੋ ਟੋਟੇ ਕਰ ਲਏ। ਲਹੂ ਲਿੱਬੜਿਆ ਕੱਪੜਾ ਪਰ੍ਹਾਂ ਵਗਾਹ ਮਾਰਿਆ।

ਬਿੱਕਰ ਦੀ ਖੱਬੀ ਲੱਤ ਦੀ ਸੁਕੜੰਜ ਤੋਂ ਮਾਸ ਦਾ ਖਲੇਪੜ ਲਹਿ ਕੇ ਲੱਤ ਦੇ ਨਾਲ ਹੀ ਲਟਕ ਰਿਹਾ ਸੀ। ਕੱਪੜੇ ਦੀ ਟਾਕੀ ਵਾਂਗ ਮੋੜ ਕੇ ਨੰਗੀ ਹੱਡੀ 'ਤੇ ਮਾਸ ਉਹਨੇ ਥਾਂ ਦੀ ਥਾਂ ਚਮੇੜ ਦਿੱਤਾ। ਮੁੰਡੇ ਨੂੰ ਕਿਹਾ, 'ਲੈ ਇੱਕ ਟੋਟੇ ਨਾਲ ਏਥੋਂ ਬੰਨ੍ਹ ਦੇ।'

ਦੂਜੇ ਟੋਟੇ ਨਾਲ ਉਹਨੇ ਉਸੇ ਲੱਤ ਦੀ ਅੱਡੀ ਬੰਨ੍ਹਵਾ ਲਈ। ਅੱਡੀ ਦਾ ਮਾਸ ਵੀ ਇਉਂ ਲੱਥ ਗਿਆ ਸੀ, ਜਿਵੇਂ ਗਿੱਲੀ ਲੱਕੜ ਦੀ ਵਿਲਕ।

ਉਹਦੀ ਸੱਜੀ ਬਾਂਹ ਤਿੰਨ ਥਾਂ ਤੋਂ ਟੁੱਟ ਗਈ ਸੀ। ਖੱਬੇ ਹੱਥ ਨਾਲ ਉਹਨੇ ਟੋਹ ਕੇ ਦੇਖਿਆ, ਤਿੰਨ ਥਾਂ ਡੂੰਘ ਪਏ ਹੋਏ ਸਨ।

'ਛੋਟਿਆ, ਹੁਣ ਐਧਰੋਂ ਕਿਤੋਂ ਕੋਈ ਫੱਟੀ ਜ੍ਹੀ ਲਿਆ ਭਾਲ ਕੇ। ਬੱਸ ਕੰਨੀ ਜਾਹ। ਬਾਡੀ ਦੀ ਲੱਕੜ ਪਈ ਹੋਣੀ ਐ ਛੋਟੀ ਜ੍ਹੀ ਕੋਈ।'

ਮੁੰਡਾ ਡੇਢ ਕੁ ਗਿੱਠ ਲੰਮੀ ਫੱਟੀ ਚੁੱਕ ਲਿਆਇਆ

'ਲੈ ਹੁਣ, ਇਹ ਫੱਟੀ ਮੇਰੀ ਏਸ ਬਾਂਹ ਨਾਲ ਲਾ ਕੇ ਘੁੱਟ ਕੇ ਬੰਨ੍ਹ ਦੇ। ਹੋਰ ਸਾਫ਼ਾ ਚੱਕ ਲਿਆ ਐਥੋਂ ਕਿਤੇ।'

ਮੁੰਡੇ ਨੇ ਫੱਟੀ ਲਾ ਕੇ ਬਾਂਹ ਬੰਨ੍ਹ ਦਿੱਤੀ।

ਬਿੱਕਰ ਦਾ ਸਾਰਾ ਕੰਮ ਕਰਕੇ ਪਾਲੀ-ਮੁੰਡਾ ਕਹਿੰਦਾ, 'ਬਾਈ, ਪਾਣੀ ਲਿਆਵਾਂ ਤੈਨੂੰ ਪੀਣ ਨੂੰ?'

ਪਾਣੀ ਪੀ ਕੇ ਬਿੱਕਰ ਪੈ ਗਿਆ। ਉਹਦਾ ਚਿੱਤ ਟਿਕਾਣੇ ਸੀ।

ਟਰੱਕ ਵਿੱਚ ਜ਼ੋਰਾ ਸਿੰਘ ਉਹਦੇ ਕੋਲ ਹੀ ਪਿਆ ਸੀ। ਹਾਏ-ਹਾਏ ਕਰ ਰਿਹਾ ਸੀ। ਵਿੱਚ-ਵਿੱਚ ਵਾਹਿਗੁਰੂ ਦਾ ਨਾਉਂ ਵੀ ਲੈਂਦਾ। ਦੋਵਾਂ ਨੇ ਇੱਕ-ਦੂਜੇ ਨੂੰ ਸਿਆਣ ਲਿਆ। ਬਿੱਕਰ ਪੁੱਛਣ ਲੱਗਿਆ, 'ਓਏ ਤੇਰੇ ਕਿੱਥੇ-ਕਿੱਥੇ ਸੱਟਾਂ ਨੇ?'

'ਹਾਏ, ਗੋਡੇ ਫੁੱਟ'ਗੇ। ਆਹ ਮੱਥਾ ਦੇਖ।'

'ਓਏ, ਕੁੱਛ ਟੁੱਟਿਆ ਤਾਂ ਨ੍ਹੀਂ?'

'ਟੁੱਟਿਆ, ਕੁੱਛ ਨ੍ਹੀਂ, ਭਰਾਵਾ।'

'ਫੇਰ ਹਾਏ-ਹਾਏ ਕਿਉਂ ਕਰਦੈਂ। ਚੁੱਪ ਕਰਕੇ ਪਿਆ ਰਹਿ। ਹਸਪਤਾਲ ਜਾ ਕੇ ਸਭ ਠੀਕ ਹੋ ਜੂਗਾ।'

ਜ਼ੋਰਾ ਸਿੰਘ ਨੇ ਥੋੜ੍ਹਾ ਚਿਰ ਮੂੰਹ ਘੁੱਟ ਕੇ ਰੱਖਿਆ। ਪਰ ਫੇਰ ਉਹਦੇ ਮੂੰਹੋਂ ਹਾਏ ਨਿਕਲ ਗਈ।

'ਓਏ ਤੂੰ ਚੁੱਪ ਕਰਕੇ ਨ੍ਹੀ ਪੈਂਦਾ? ਸਾਲਿਆ, ਮੇਰੀ ਬਾਂਹ ਜਮ੍ਹਾਂ ਗਈ। ਲੱਤ ਦਾ ਪਤਾ ਨ੍ਹੀਂ ਕਿੰਨੀ ਕੁ ਸੱਟ ਐ। ਤੂੰ ਊਂਈ....'

ਸੰਗਰੂਰ ਹਸਪਤਾਲ ਵਿੱਚ ਫੱਟੜ ਸਵਾਰੀਆਂ ਨਾਲ ਕਮਰੇ ਭਰ ਗਏ। ਕੁਝ ਇੱਕ ਤਾਂ ਦੋ-ਚਾਰ ਘੰਟੇ ਰੱਖ ਕੇ ਘਰਾਂ ਨੂੰ ਤੋਰ ਦਿੱਤੇ ਗਏ। ਇੱਕ-ਇੱਕ, ਦੋ-ਦੋ ਦਿਨਾਂ ਬਾਅਦ ਹੋਰ ਵੀ ਕਈ ਚਲੇ ਗਏ। ਉਨ੍ਹਾਂ ਦੇ ਟਾਂਕੇ ਲੱਗੇ ਸਨ। ਬਿੱਕਰ ਦੀ ਬਾਂਹ ਦਾ ਪਲੱਸਤਰ ਕਰ ਦਿੱਤਾ ਗਿਆ। ਲੱਤ 'ਤੇ ਪੱਟੀ ਹੁੰਦੀ ਰਹੀ। ਲੱਤ ਦੀ ਹੱਡੀ ਕੋਈ ਨਹੀਂ ਟੁੱਟੀ ਸੀ। ਬਿੱਕਰ ਸਿੰਘ ਕੁਝ ਦਿਨਾਂ ਬਾਅਦ ਘਰ ਆ ਗਿਆ। ਉਹਨੂੰ ਖ਼ੁਸ਼ੀ ਸੀ ਕਿ ਉਹ ਜਾਨੋਂ ਬਚ ਗਿਆ। ਸਰੀਰ ਦੀ ਮਿੱਟੀ ਦਾ ਕੀਹ ਐ, ਟੋਏ ਆਪੇ ਭਰ ਜਾਂਦੇ ਨੇ। ਉਹਨੂੰ ਗਹਿਰਾ ਦੁੱਖ ਇਹੀ ਸੀ ਕਿ ਜ਼ੋਰਾ ਸਿੰਘ ਵਿਚਾਰਾ ਦਹਿਲ ਨਾਲ ਹੀ ਮਰ ਗਿਆ। ਹਸਪਤਾਲ ਜਾ ਕੇ ਇੱਕ ਰਾਤ ਮਸ੍ਹਾਂ ਕੱਟੀ। ♦

# ਆਪਣੀ ਧਰਤੀ

'ਚਲੇ ਆਓ, ਚਾਰ ਰੁਪਏ! ਗੋਭੀ ਚਾਰ ਰੁਪਏ ਕਿੱਲੋ।' ਬਜ਼ਾਰ ਵਿੱਚ ਰੇੜ੍ਹੀ ਵਾਲੇ ਅੱਧਖੜ੍ਹ ਆਦਮੀ ਨੇ ਉੱਚਾ ਬੋਲ ਕੱਢਿਆ।

'ਆ ਜਾਓ, ਚਾਰ ਰੁਪਈਏ। ਗੋਭੀ ਦਾ ਫੁੱਲ ਵੀ ਦੇਖੋ, ਟਹਿ-ਟਹਿ ਕਰਦਾ। ਚੁੱਕੋ ਜੀ, ਚਾਰ ਰੁਪਏ ਕਿੱਲੋ!' ਪਹਿਲੇ ਰੇੜ੍ਹੀ ਵਾਲੇ ਤੋਂ ਥੋੜ੍ਹੀ ਦੂਰ ਖੜ੍ਹੇ ਦੂਜੇ ਰੇੜ੍ਹੀ ਵਾਲੇ ਨੌਜਵਾਨ ਮੁੰਡੇ ਨੇ ਆਪਣਾ ਹੋਰ ਉੱਚਾ ਟੁਣਕਵਾਂ ਬੋਲ ਕੱਢ ਦਿੱਤਾ ਹੈ।

ਤੇ ਫੇਰ ਉੱਚੇ ਬੋਲਾਂ ਦਾ ਹੀ ਮੁਕਾਬਲਾ। ਗਾਹਕ ਕੋਈ ਕਿਧਰੇ ਵੀ ਨਹੀਂ। ਨਵੀਂ ਰੁੱਤ ਦੀ ਸਬਜ਼ੀ ਬਜ਼ਾਰ ਵਿੱਚ ਥੋੜ੍ਹੇ ਦਿਨਾਂ ਤੋਂ ਆਈ ਹੈ। ਐਨੇ ਮਹਿੰਗੇ ਭਾਅ ਦੀ ਗੋਭੀ ਹਰ ਕੋਈ ਨਹੀਂ ਖਰੀਦ ਰਿਹਾ। ਕੁਝ ਲੋਕ ਹੀ ਚਾਹੁੰਦੇ ਹੋਣਗੇ, ਨਵੀਂ ਸਬਜ਼ੀ ਖਾਧੀ ਜਾਵੇ।

ਇਸ ਵਾਰ ਮੁੰਡੇ ਨੇ ਉੱਚਾ ਟੁਣਕਵਾਂ ਬੋਲ ਕੱਢਿਆ ਹੈ ਤਾਂ ਅੱਧਖੜ੍ਹ ਆਦਮੀ ਨੇ ਆਪਣਾ ਬੋਲ ਰੋਕ ਲਿਆ ਹੈ। ਉਹ ਮੁੰਡੇ ਦੀ ਰੇੜ੍ਹੀ ਵੱਲ ਚੁੱਪ ਕੀਤਾ ਹੀ ਗਿਆ ਹੈ ਤੇ ਜਾ ਕੇ ਉਹ ਦੇ ਮੂੰਹ 'ਤੇ ਦੋ ਥੱਪੜ ਧਰ ਦਿੱਤੇ ਹਨ। ਕੜਕਿਆ ਹੈ, 'ਸਾ....ਲਾ, ਪੰਜਾਬੀ ਕਹੀਂ ਕਾ। ਉਧਰ ਹੀ ਰਹਿਤਾ, ਪੰਜਾਬ ਮੈਂ। ਯਹਾਂ ਆ ਕੇ ਹਮਾਰਾ ਧੰਦਾ ਖਰਾਬ ਕਰਤਾ ਹੈ। ਬੋਲ ਮਤ। ਸੀਧਾ ਹੋ ਕੇ ਬੇਚ ਲੇ ਬਿਕਤਾ ਹੈ ਤੋ।'

ਮੁੰਡਾ ਕੰਨ 'ਤੇ ਹੱਥ ਧਰ ਕੇ ਖੜ੍ਹ ਗਿਆ ਅਤੇ ਅੱਧਖੜ੍ਹ ਆਦਮੀ ਵੱਲ ਡੌਰ ਹੋ ਕੇ ਝਾਕਣ ਲੱਗਿਆ ਹੈ।

ਨੰਦ ਲਾਲ ਕੱਪੜੇ ਦੀ ਇੱਕ ਵੱਡੀ ਦੁਕਾਨ 'ਤੇ ਨੌਕਰ ਸੀ। ਹੋਰ ਨੌਕਰ ਵੀ ਹਨ, ਪਰ ਪੰਜਾਬੀ ਉਹ ਇਕੱਲਾ ਹੀ ਹੈ। ਦੁਕਾਨ ਦਾ ਮਾਲਕ ਸੇਠ ਤਿਪਰ ਚੰਦ ਵੀ ਪੰਜਾਬੀ ਹੈ, ਪਰ ਉਹ ਪੰਜਾਬੀ ਲੱਗਦਾ ਨਹੀਂ। ਐਨਾ ਹੈ ਕਿ ਉਹ ਪੰਜਾਬੀ ਜ਼ੁਬਾਨ ਬੋਲ ਸਕਦਾ ਹੈ। ਉਹਦਾ ਬਾਪ ਪੰਜਾਹ ਸਾਲ ਪਹਿਲਾਂ ਇਸ ਛੋਟੇ ਜਿਹੇ ਸ਼ਹਿਰ ਵਿੱਚ ਆ ਕੇ ਵੱਸ ਗਿਆ ਸੀ ਤੇ ਉਹਦੀ ਇਹ ਕੱਪੜੇ ਦੀ ਦੁਕਾਨ ਚੱਲ ਨਿਕਲੀ ਸੀ। ਹੁਣ ਓਧਰ ਪੰਜਾਬ ਵਿੱਚ ਉਨ੍ਹਾਂ ਦਾ ਕੁਝ ਨਹੀਂ। ਹੁਣ ਤਾਂ ਉਨ੍ਹਾਂ ਦੀਆਂ ਰਿਸ਼ਤੇਦਾਰੀਆਂ ਵੀ ਏਧਰ ਹੀ ਹਨ। ਸੇਠ ਤਿਪਰ ਚੰਦ ਘਰ ਦੇ ਮਾਹੌਲ ਵਿੱਚ ਬਚਪਨ ਤੋਂ ਹੀ ਪੰਜਾਬੀ ਜ਼ੁਬਾਨ ਜਾਣਦਾ ਹੈ, ਪਰ ਅਗਾਂਹ ਉਹ ਦੇ ਮੁੰਡੇ ਪੰਜਾਬੀ ਨਹੀਂ ਬੋਲਦੇ-ਘਰ ਵਿੱਚ ਵੀ ਨਹੀਂ।

ਸ਼ਾਇਦ ਭਾਸ਼ਾ ਦਾ ਹੀ ਲਗਾਓ ਸੀ ਜਾਂ ਫੇਰ ਸੇਠ ਤਿਪਰ ਚੰਦ ਦੇ ਪੁਰਾਣੇ ਪੰਜਾਬੀ ਸੰਸਕਾਰ ਕਿ ਉਹ ਨੇ ਨੰਦ ਲਾਲ ਨੂੰ ਆਪਣੀ ਦੁਕਾਨ 'ਤੇ ਰੱਖ ਲਿਆ। ਤਰਸ ਵੀ ਸ਼ਾਇਦ ਖਾਧਾ ਹੋਵੇਗਾ ਕਿ ਉਹ ਉੱਧਰੋਂ ਪੰਜਾਬ ਦੀ ਬਲਦੀ ਅੱਗ ਵਿਚੋਂ ਨਿਕਲ ਕੇ

ਆਇਆ ਹੈ ਵਿਚਾਰਾ-ਹਿੰਦੂ ਪੰਜਾਬੀ ਭਰਾ ਹੈ। ਪਰ ਦੁਕਾਨ ਦੇ ਦੂਜੇ ਨੌਕਰ ਨੰਦ ਲਾਲ ਦੀ ਨਿੱਕੀ ਜਿਹੀ ਭੁੱਲ ਨੂੰ ਐਨਾ ਉਛਾਲ ਕਿਉਂ ਦਿੰਦੇ ਨੇ। ਨੰਦ ਲਾਲ ਨੂੰ ਇਹ ਬਹੁਤ ਅੱਖਰਦਾ ਹੈ, ਬਹੁਤ ਚੁਭਦਾ ਹੈ। ਉੱਧਰ ਪੰਜਾਬ ਵਿੱਚ ਵੀ ਤਾਂ ਇਹੀ ਕੰਮ ਕਰਦਾ ਆਇਆ-ਪੰਦਰਾਂ ਸਾਲਾਂ ਤੋਂ ਇਹੀ ਕੰਮ ਕਰਦਾ ਸੀ। ਉਨ੍ਹਾਂ ਦੇ ਸ਼ਹਿਰ ਦਾ ਸੇਠ ਵਲਾਇਤੀ ਰਾਮ ਤਿਪਰ ਚੰਦ ਨਾਲੋਂ ਕਿਤੇ ਵੱਡਾ ਵਪਾਰੀ ਸੀ, ਕੱਪੜੇ ਦਾ। ਵਲਾਇਤੀ ਰਾਮ ਦੀ ਦੁਕਾਨ 'ਤੇ ਉਹ ਸਭ ਤੋਂ ਸਿਆਣਾ ਤੇ ਇਮਾਨਦਾਰ ਨੌਕਰ ਗਿਣਿਆ ਜਾਂਦਾ। ਇੰਝ ਬੈਠਦਾ ਤੇ ਇੰਝ ਗਾਹਕ ਨਾਲ ਗੱਲ ਕਰਦਾ, ਜਿਵੇਂ ਉਹ ਖ਼ੁਦ ਦੀ ਦੁਕਾਨ ਦਾ ਮਾਲਕ ਹੋਵੇ ਜਾਂ ਸੇਠ ਵਲਾਇਤੀ ਰਾਮ ਦਾ ਕੋਈ ਭਾਈ-ਭਤੀਜਾ। ਪਰ ਏਥੇ ਆ ਕੇ-ਏ ਪੰਜਾਬੀ, ਕੈਸਾ ਕਰਤਾ? ਕੱਪੜਾ ਪਕੜਾਨਾ ਨਹੀਂ ਆਤਾ ਕਿਆ?' ਤੇ ਫੇਰ ਉਹ ਇੱਕ ਦਿਨ ਗੱਲਾਂ ਕਰ ਰਹੇ ਹੁੰਦੇ ਹਨ-'ਯੇਹ ਸਾਲੇ ਸਬ ਏਕ ਸੇ ਹੈ। ਅੰਦਰ ਸੇ ਯੇਹ ਭ੍ਰੀ ਉਗਰਵਾਦੀ ਲੱਗਤਾ। ਆਂਖ ਦੇਖੋ ਕੈਸਾ ਨਿਕਾਲਤਾ। ਦਾੜ੍ਹੀ ਬੜ੍ਹਾ ਕੇ ਪਗੜੀ ਬਾਂਧੇ, ਚਾਹੇ ਇਸ ਜੈਸਾ ਬਾਲ ਕਟਵਾ ਕੇ ਰਖੇ, ਇਨਕਾ ਕੋਈ ਪਤਾ ਨਹੀਂ ਬਾਬਾ... ਬਚ ਕੇ ਰਹਿਨਾ ਸਾਲੇ ਸੇ....'ਤੇ ਜ਼ੋਰ ਦਾ ਹੱਸੇ ਹਨ।

ਲੱਗਦਾ ਹੈ, ਉਹ ਇੱਥੇ ਉਸ ਨੂੰ ਟਿਕਣ ਨਹੀਂ ਦੇਣਗੇ।

ਉਹਦਾ ਆਪਣਾ ਤਾਂ ਕੁਝ ਨਹੀਂ, ਉਹ ਨਰਮ ਰਹਿ ਕੇ ਦਿਨ ਕੱਟ ਲਵੇਗਾ, ਪਰ ਉਹਦੇ ਮੁੰਡੇ ਦੀ ਰੇੜ੍ਹੀ ਵੀ ਤਾਂ ਨਹੀਂ ਲੱਗਣ ਦਿੱਤੀ ਜਾ ਰਹੀ। ਓਸ ਢਾਂਗੇ ਜਿਹੇ ਬਿਸ਼ੰਭਰ ਦਾਸ ਨੇ ਅੱਜ ਫੇਰ ਪ੍ਰਮਾਤਮਾ ਨੰਦ ਨੂੰ ਕੁੱਟ ਦਿੱਤਾ ਹੈ। ਅਖੇ ਜੀ-'ਤੁਮ ਊਂਚਾ ਕਿਉਂ ਬੋਲਤਾ ਇਤਨਾ।'

'ਅਜੀਬ ਗੱਲ ਹੈ, ਉਹ ਉੱਚਾ ਬੋਲ ਕੇ ਹੋਕਾ ਨਹੀਂ ਦੇਵੇਗਾ ਤਾਂ ਸਬਜ਼ੀ ਲੈਣ ਕੌਣ ਆਵੇਗਾ?'

ਨੰਦ ਲਾਲ ਪੰਜਾਬ ਦਾ ਹਿੰਦੂ ਹੈ। ਉਹਦੇ ਲਈ ਇਹ ਕਸ਼ਟ ਦਾ ਇੱਕ ਅਹਿਸਾਸ ਹੈ ਕਿ ਉਹ ਪੰਜਾਬ ਵਿੱਚ 'ਹਿੰਦੂ' ਹੈ ਤੇ ਪੰਜਾਬ ਤੋਂ ਬਾਹਰ 'ਪੰਜਾਬੀ।' ਪੰਜਾਬ ਵਿੱਚ ਸ਼ਹਿਰ ਕੋਲ ਉਹਦਾ ਪਿੰਡ ਹੈ। ਸ਼ਹਿਰ ਤੋਂ ਤਿੰਨ ਮੀਲ ਦੂਰ। ਸਾਹ ਸੂਤ ਲੈਣ ਵਾਲਾ ਆਤੰਕ ਤਾਂ ਹਰ ਪਿੰਡ, ਸ਼ਹਿਰ ਵਿੱਚ ਹੈ। ਹਰ ਪੰਜਾਬੀ ਹਿੰਦੂ ਦੇ ਮਨ ਵਿੱਚ ਦਹਿਸ਼ਤ ਦੂਰ ਗਹਿਰਾਈ ਤੱਕ ਉਤਰ ਗਈ ਹੈ। ਪਿੰਡਾਂ ਦੇ ਹਿੰਦੂ ਪਰਿਵਾਰ ਉੱਠ ਕੇ ਸ਼ਹਿਰਾਂ ਵਿੱਚ ਆ ਵੱਸੇ ਹਨ। ਸੋਚਦੇ ਹਨ, ਸ਼ਹਿਰਾਂ ਵਿੱਚ ਤਾਂ ਬਚਾਓ ਹੈ, ਫੇਰ ਵੀ ਕੁਝ। ਬਹੁਤੇ ਫੇਰ ਵਾਪਸ ਵੀ ਆਪਣੇ ਪਿੰਡਾਂ ਨੂੰ ਚਲੇ ਗਏ। ਪੰਚਾਇਤਾਂ ਆਈਆਂ ਤੇ ਉਨ੍ਹਾਂ ਨੂੰ ਮੋੜ ਕੇ ਲੈ ਗਈਆਂ। ਅਖੇ, 'ਤੁਹਾਡੇ ਬਗੈਰ ਸਾਡਾ ਗੁਜ਼ਾਰਾ ਨਹੀਂ।' ਕੁਝ ਹਿੰਦੂ ਪਰਿਵਾਰ ਬਹੁਤ ਤੱਤੇ ਵਗੇ ਤੇ ਪੰਜਾਬ ਛੱਡ ਹੀ ਦਿੱਤਾ। ਦੂਜੇ ਸੂਬਿਆਂ ਵਿੱਚ ਜਾ ਵਸੇ। ਅਖੇ, ਓਥੇ ਆਪਣੇ ਹਿੰਦੂ ਭਰਾਵਾਂ ਵਿੱਚ ਰਹਾਂਗੇ।'

ਪੰਜਾਬ ਵਿੱਚ ਨੰਦ ਲਾਲ ਨਿੱਤ ਸਵੇਰੇ ਅੱਠ ਵਜੇ ਆਪਣੇ ਪਿੰਡੋਂ ਸਾਈਕਲ 'ਤੇ ਚੱਲਦਾ ਤੇ ਸ਼ਹਿਰ ਪਹੁੰਚਦਾ। ਸੇਠ ਵਲਾਇਤੀ ਰਾਮ ਤੋਂ ਚਾਬੀ ਲੈ ਕੇ ਦੁਕਾਨ ਓਹੀ ਖੋਲ੍ਹਦਾ ਹੁੰਦਾ ਤੇ ਨਿੱਤ ਦਾ ਕਾਰ-ਵਿਹਾਰ ਚੱਲਣ ਲੱਗਦਾ। ਉਹ ਸ਼ਾਮ ਨੂੰ ਅੱਠ ਵਜੇ ਹੀ ਪਿੰਡ ਮੁੜਦਾ।

ਨੰਦ ਲਾਲ ਦਾ ਮੁੰਡਾ ਪਰਮਾਤਮਾ ਨੰਦ ਸਵੇਰੇ ਪੰਜ ਵਜੇ ਪਿੰਡੋਂ ਸਾਈਕਲ ’ਤੇ ਸ਼ਹਿਰ ਆਉਂਦਾ ਤੇ ਸਬਜ਼ੀ ਮੰਡੀ ਵਿਚੋਂ ਗਧੇ ਵਾਂਗ ਸਾਈਕਲ ਲੱਦ ਕੇ ਪਿੰਡ-ਪਿੰਡ ਫਿਰ ਕੇ ਸਬਜ਼ੀ ਵੇਚਦਾ।

ਨੰਦ ਲਾਲ ਦੇ ਦਿਮਾਗ਼ ਵਿੱਚ ਕੈਂਸਰ-ਰੋਗ ਜਿਹਾ ਇੱਕ ਡਰ ਬੈਠ ਗਿਆ ਸੀ ਕਿ ਉਨ੍ਹਾਂ ਦੋਵੇਂ ਪਿਓ-ਪੁੱਤਰ ਨੂੰ ਇੱਕ ਦਿਨ ਕੋਈ ਕਤਲ ਕਰ ਦੇਵੇਗਾ-ਉਹਨੂੰ ਸ਼ਾਮ ਦੇ ਹਨੇਰੇ ਵਿੱਚ ਤੇ ਉਹਦੇ ਮੁੰਡੇ ਨੂੰ ਸਵੇਰ ਦੇ ਹਨੇਰੇ ਵਿੱਚ। ਕੰਮ ’ਤੇ ਜਾਏ ਬਗੈਰ ਦੋਵਾਂ ਨੂੰ ਨਹੀਂ ਸਰਦਾ ਤੇ ਉਹ ਹਨੇਰੇ ਤੋਂ ਭੱਜ ਕੇ ਕਿਧਰੇ ਜਾ ਨਹੀਂ ਸਕਦੇ। ਇੱਕ ਦਿਨ ਇਹ ਹਨੇਰਾ ਉਨ੍ਹਾਂ ਨੂੰ ਕਾਲੇ ਨਾਗ ਵਾਂਗ ਡੁੱਸ ਲਵੇਗਾ, ਪਰ ਕਤਲ ਤਾਂ ਚਿੱਟੇ ਦਿਨ ਵੀ ਹੋ ਰਹੇ ਸਨ। ਜਿਵੇਂ ਦਿਨ ਹੋਣ ਹੀ ਨਾ, ਰਾਤ ਹੀ ਰਾਤ ਹੋਵੇ। ਕਿਉਂ ਨਾ ਉਹ ਇਸ ਹਨੇਰੇ ਨੂੰ ਚਾਨਣ ਵਿੱਚ ਬਦਲ ਲੈਣ, ਪੰਜਾਬ ਹੀ ਛੱਡ ਜਾਣ। ਸਾਰਾ ਪੰਜਾਬ ਉਨ੍ਹਾਂ ਲਈ ਇੱਕ ਰਾਤ ਹੈ। ਵਰ੍ਹਿਆਂ ਲੰਬੀ ਰਾਤ ਤੇ ਪੰਜਾਬ ਤੋਂ ਬਾਹਰ ਸਾਰਾ ਚਾਨਣ ਹੀ ਚਾਨਣ।

ਪੰਜਾਬ ਤੋਂ ਬਾਹਰ ਆ ਕੇ ਇਸ ਛੋਟੇ ਸ਼ਹਿਰ ਵਿੱਚ ਹੁਣ ਉਨ੍ਹਾਂ ਦਾ ਫੇਰ ਗੁਜ਼ਾਰਾ ਨਹੀਂ। ਨੰਦ ਲਾਲ ਤਾਂ ਇਹ ਸੋਚ ਕੇ ਇੱਥੇ ਆਇਆ ਸੀ ਕਿ ਹਿੰਦੂ ਭਰਾਵਾਂ ਵਿੱਚ ਰਹਾਂਗਾ, ਪਰ ਇੱਥੇ ਹਿੰਦੂ ਭਰਾ ਵਾਲੀ ਗੱਲ ਹੀ ਕੋਈ ਨਾ। ਸਭ ਹਿੰਦੂ ਹੀ ਹਿੰਦੂ ਹਨ, ਭਰਾ ਹੋਣ ਦਾ ਅਹਿਸਾਸ ਕਿੱਥੋਂ ਆਵੇ। ਇੱਕੋ ਕਿਸਮ ਦੇ ਕੀੜਿਆਂ ਵਿੱਚ ਕੀੜਾ ਹੋਣ ਦਾ ਅਹਿਸਾਸ ਕਿਸ ਨੂੰ ਹੁੰਦਾ ਹੈ। ਨੰਦ ਲਾਲ ਨੂੰ ਅਹਿਸਾਸ ਤਾਂ ਹੈ, ਪੰਜਾਬੀ ਹੋਣ ਦਾ ਬੁਰਾ ਅਹਿਸਾਸ। ਪੰਜਾਬ ਵਿੱਚ ਉਹਨੂੰ ਆਪਣਾ ਹਿੰਦੂ ਹੋਣਾ ਬੁਰਾ ਲੱਗਿਆ ਸੀ ਤੇ ਇੱਥੇ ਪੰਜਾਬੀ ਹੋਣਾ ਬੁਰਾ ਲੱਗਦਾ ਹੈ।

ਇੱਕ ਦਿਨ ਕੀ ਹੁੰਦਾ ਹੈ, ਸੇਠ ਤਿਪਰ ਚੰਦ ਉਹਨੂੰ ਨੌਕਰੀ ਤੋਂ ਜਵਾਬ ਦੇ ਦਿੰਦਾ ਹੈ। ਕਹਿੰਦਾ ਹੈ, ‘ਤੇਰਾ ਦੂਜੇ ਨੌਕਰਾ ਨਾਲ ਹਰ ਰੋਜ਼ ਝਗੜਾ ਰਹਿੰਦੈ। ਤੇਰ। ਵਿੱਚ ਈ ਕੋਈ ਨੁਕਸ ਹੋਵੇਗਾ। ਇਹ ਐਨੇ ਨੌਕਰ ਸਾਰੇ ਥੋੜ੍ਹਾ ਝੂਠੇ ਹੋ ਗਏ। ਕਿਸੇ ਹੋਰ ਦੁਕਾਨ ’ਤੇ ਆਪਣਾ ਬੰਦੋਬਸਤ ਕਰ, ਭਾਈ।’

ਕਿੱਧਰ ਜਾਵੇ ਨੰਦ ਲਾਲ, ਕੀ ਕਰੇ? ਉਸ ਸ਼ਹਿਰ ਵਿੱਚ ਹੋਰ ਕੋਈ ਵੀ ਕੱਪੜੇ ਦੀ ਦੁਕਾਨ ਅਜਿਹੀ ਨਹੀਂ, ਜਿੱਥੇ ਕੋਈ ਨੌਕਰ ਰੱਖ ਲਵੇ। ਉਹ ਕਈ ਦੁਕਾਨਾਂ ’ਤੇ ਜਾ ਆਇਆ ਹੈ। ਹਰ ਕਿਸੇ ਨੇ ਜਵਾਬ ਦਿੱਤਾ ਹੈ, ‘ਜ਼ਰੂਰਤ ਨਹੀਂ, ਭ੍ਰਾਈ।’ ਜਾਂ, ‘ਪਹਿਲੇ ਹੀ ਫਾਲਤੂ ਹੈ।’

ਨੰਦ ਲਾਲ ਪਿਛਲੇ ਦਸ ਦਿਨਾਂ ਤੋਂ ਵਿਹਲਾ ਘਰ ਬੈਠਾ ਹੋਇਆ ਹੈ। ਮਾਲਕ-ਮਕਾਨ ਨੇ ਇੱਕ ਕਮਰਾ ਦੋ ਮਹੀਨਿਆਂ ਲਈ ਕਿਰਾਏ ’ਤੇ ਦਿੱਤਾ ਸੀ। ਕਿਰਾਇਆ ਪੇਸ਼ਗੀ ਲੈ ਗਿਆ। ਹੁਣ ਦੋ ਮਹੀਨੇ ਪੂਰੇ ਹੋਣ ਵਾਲੇ ਹਨ। ਅਗਲੇ ਦੋ ਮਹੀਨੇ ਜਾਂ ਇੱਕ ਮਹੀਨੇ ਲਈ ਉਹ ਪੇਸ਼ਗੀ ਕਿਰਾਇਆ ਕਿੱਥੋਂ ਦੇਵੇਗਾ। ਹੋ ਸਕਦਾ ਹੈ, ਕਮਰਾ ਹੀ ਖ਼ਾਲੀ ਕਰਵਾ ਲਿਆ ਜਾਵੇ। ਪਰਮਾਤਮਾ ਨੰਦ ਵੀ ਕੋਈ ਖ਼ਾਸ ਕਮਾਈ ਕਰਕੇ ਨਹੀਂ ਲਿਆਉਂਦਾ। ਬੁਝਿਆ-ਬੁਝਿਆ ਰਹਿੰਦਾ ਹੈ। ਉਹ ਪੰਜਾਬ ਛੱਡਣ ਲਈ ਰਾਜ਼ੀ ਨਹੀਂ ਸੀ। ਆਖ ਰਿਹਾ ਸੀ, ‘ਕੀ ਹੁੰਦੈ, ਬਾਈ ਜੀ, ਬੈਠੇ ਰਹੋ। ਹਨੇਰੀ ਐ ਨਿਕਲ ਜਾਵੇਗੀ।’

ਨੰਦ ਲਾਲ ਨੇ ਸੋਚਿਆ ਸੀ, ‘ਜਵਾਨੀ ਦੀ ਉਮਰ ਐ। ਮੁੰਡੇ ਨੂੰ ਜ਼ਮਾਨੇ ਦਾ ਕੀ ਬਹੁ-ਪਤਾ? ਇਹਨੂੰ ਹਵਾ ਦੀ ਕੀ ਪਛਾਣ? ਅਸੀਂ ਤਾਂ ਦੁਨੀਆਂ ਦੇਖੀ ਐ। ਮੈਂ ਤਾਂ ਸੰਤਾਲੀ ਸੁਣਿਆ ਹੋਇਐ, ਭਾਈ। ਹੂੰਝਾ ਈ ਫਿਰ ਗਿਆ ਤਾਂ ਕੀਹਦੀ ਮਾਂ ਨੂੰ ਮਾਸੀ ਆਖਾਂਗੇ?’

ਉਹ ਚਾਰ ਜੀਅ ਹਨ। ਉਹ ਤੇ ਪਰਮਾਤਮਾ ਨੰਦ, ਪਰਮਾਤਮਾ ਨੰਦ ਦੀ ਮਾਂ ਤੇ ਉਨ੍ਹਾਂ ਦੀ ਦਸ-ਗਿਆਰਾਂ ਸਾਲ ਦੀ ਛੋਟੀ ਕੁੜੀ। ਉਹ ਸਕੂਲ ਪੜ੍ਹਨ ਜਾਂਦੀ ਹੈ। ਸਕੂਲ ਵਿੱਚ ਉਹ ਵੀ ਦੁਖੀ ਹੈ। ਉਹਨੂੰ ਹਿੰਦੀ ਨਹੀਂ ਬੋਲਣੀ ਆਉਂਦੀ। ਉਹਦੀ ਪੰਜਾਬੀ 'ਤੇ ਕੁੜੀਆਂ ਉਹਨੂੰ ਛੇੜਦੀਆਂ ਹਨ ਤੇ ਉਹਦੇ 'ਤੇ ਬੁਰੀ ਤਰ੍ਹਾਂ ਹੱਸਦੀਆਂ ਹਨ। ਪੰਜਾਬੀ ਸ਼ਬਦਾਂ ਨੂੰ ਲੈ ਕੇ ਉਹਨੂੰ ਖਿੱਝਾਂ ਪਾ ਰੱਖੀਆਂ ਹਨ। ਘਰ ਆ ਕੇ ਕੁੜੀ ਉਦਾਸ ਰਹਿੰਦੀ ਹੈ। ਜੇ ਇਸ ਤਰ੍ਹਾਂ ਦਾ ਹੀ ਹਾਲ ਰਿਹਾ ਤਾਂ ਇੱਕ ਦਿਨ ਉਹ ਭੁੱਖੇ ਮਰ ਜਾਣਗੇ। ਲੱਗਦਾ ਹੈ, ਜਿਵੇਂ ਡੰਗਾਂ ਦੀ ਰੋਟੀ ਵੀ ਨਦੀਦ ਹੋਵੇ। ਇੱਥੇ ਨਾ ਘਰ ਦਾ ਮਕਾਨ ਤੇ ਨਾ ਕਮਾਈ। ਇਨ੍ਹਾਂ ਲੋਕਾਂ ਦੀਆਂ ਓਪਰੀਆਂ ਅੱਖਾਂ ਅਲੱਗ।

ਨਿੱਤ ਵਾਂਗ ਉਹਨੇ ਅੱਜ ਵੀ ਆਪਦਾ ਦੋ ਸੈੱਲਾਂ ਵਾਲਾ ਟੁੱਟਿਆ-ਤਿੜਕਿਆ ਟਰਾਂਜ਼ਿਸਟਰ ਸੁਣਿਆ ਹੈ। ਤਰਨ ਤਾਰਨ ਨੇੜੇ ਨਹਿਰ ਦੀ ਪਟੜੀ 'ਤੇ ਜਾਂਦੇ ਇੱਕ ਸਾਈਕਲ ਸਵਾਰ ਦੋਧੀ ਨੂੰ ਗੋਲੀ ਮਾਰ ਦਿੱਤੀ ਗਈ। ਦੋਧੀ ਥਾਂ ਦੀ ਥਾਂ ਦਮ ਤੋੜ ਗਿਆ। ਮੋਗੇ ਵਿੱਚ ਸ਼ਾਮ ਨੂੰ ਇੱਕ ਦੁਕਾਨਦਾਰ ਆਪਣੀ ਦੁਕਾਨ ਬੰਦ ਕਰਕੇ ਘਰ ਜਾ ਰਿਹਾ ਸੀ, ਉਹਨੂੰ ਸਰੇ-ਬਜ਼ਾਰ ਸੜਕ 'ਤੇ ਭੁੰਨ੍ਹ ਦਿੱਤਾ ਗਿਆ। ਨਿੱਤ ਅਜਿਹੀਆਂ ਖ਼ਬਰਾਂ ਸੁਣਨ ਦੀ ਨੰਦ ਲਾਲ ਨੂੰ ਜਿਵੇਂ ਆਦਤ ਪੈ ਗਈ ਹੋਵੇ। ਹੁਣ ਇਹ ਖ਼ਬਰਾਂ ਸੁਣ ਕੇ ਉਹਦਾ ਦਿਲ ਨਹੀਂ ਕੰਬਦਾ।

ਆਪਣੇ ਪਿੰਡੋਂ ਚੱਲਣ ਵੇਲੇ ਉਹ ਇੱਕ ਟਰੱਕ ਵਿੱਚ ਆਪਣਾ ਸਾਰਾ ਕੁਝ ਲਕਾ-ਤੁਕਾ ਲੱਦ ਲਿਆਇਆ ਸੀ। ਘਰ ਦੇ ਸਾਰੇ ਬਾਰਾਂ ਨੂੰ ਜਿੰਦਰੇ ਲਾ ਕੇ ਚਾਬੀਆਂ ਆਪਣੇ ਗਵਾਂਢੀ ਜਰਨੈਲ ਸਿੰਘ ਨੂੰ ਫੜਾ ਦਿੱਤੀਆਂ ਸਨ। ਅਖਿਆ ਸੀ, 'ਜੈਲਿਆ ਭਰਾਵਾ, ਆਹ ਫੜ ਚਾਬੀਆਂ। ਕੁਦਰਤ ਦਾ ਕੀ ਪਤਾ, ਕੀਹ ਐ ਮੁੜ ਕੇ ਆ ਜਾਈਏ, ਨਹੀਂ ਫੇਰ ਤੂੰ ਮਾਲਕ ਏਸ ਘਰ ਦਾ।'

ਜਰਨੈਲ ਸਿੰਘ ਦੀਆਂ ਅੱਖਾਂ ਗਿੱਲੀਆਂ ਸਨ, 'ਨੰਦੂ ਭਾਈ, ਦੇ ਜਾ ਚਾਬੀਆਂ। ਤੇਰੀ 'ਮਾਨਤ ਐ, ਤੇਰਾ ਘਰ। ਜਿਹੜਾ ਕੁਝ ਛੱਡ ਗਿਐਂ, ਹੱਥ ਤਾਂ ਕਿਸੇ ਨੂੰ ਲੌਣ ਨ੍ਹੀਂ ਦੇਣਾ ਮੈਂ। ਜਦੋਂ ਮਰਜ਼ੀ ਚਾਬੀਆਂ ਫੜ ਲਈਂ ਆਣ ਕੇ। ਮੈਂ ਤਾਂ ਬਥੇਰਾ ਸਮਝਾਇਆ ਤੈਨੂੰ, ਤੇਰਾ ਦਿਲ ਨਹੀਂ ਖੜ੍ਹਦਾ ਤਾਂ, ਤੇਰੀ ਮਰਜ਼ੀ।'

ਜਰਨੈਲ ਸਿੰਘ ਨੂੰ ਹੀ ਪਤਾ ਸੀ, ਬੱਸ ਇੱਕ ਦਿਨ ਨੰਦ ਲਾਲ ਤੜਕੇ ਚਾਰ ਵਜੇ ਪਿੰਡੋਂ ਨਿਕਲ ਤੁਰਿਆ ਸੀ।

ਇਸ ਸ਼ਹਿਰ ਵਿੱਚ ਅੱਜ ਉਹਨੇ ਫੇਰ ਟਰੱਕ ਭਾੜੇ ਕੀਤਾ ਹੈ। ਦਿਨ ਦੇ ਚਿੱਟੇ ਚਾਨਣ ਵਿੱਚ ਆਪਣਾ ਸਾਰਾ ਸਮਾਨ ਟਰੱਕ 'ਤੇ ਲੱਦ ਲਿਆ ਹੈ। ਸ਼ਾਮ ਤੱਕ ਉਹ ਪੰਜਾਬ ਵਿੱਚ ਆਪਣੇ ਪਿੰਡ, ਆਪਣੇ ਘਰ, ਆਪਣੀ ਧਰਤੀ 'ਤੇ ਪਹੁੰਚ ਜਾਵੇਗਾ। ਸ਼ਾਮ ਕੀ, ਚਾਹੇ ਅੱਧੀ ਰਾਤ ਹੋ ਜਾਵੇ। ਆਪਣੇ ਪਿੰਡ ਜਾ ਕੇ ਕਾਹਦਾ ਡਰ?

ਮਾਂ-ਧੀ ਡਰਾਈਵਰ ਕੋਲ ਬੈਠ ਗਈਆਂ ਹਨ। ਉਹ ਆਪ ਵੀ ਇੱਥੇ ਹੀ ਬੈਠ ਜਾਵੇਗਾ। ਪਰਮਾਤਮਾ ਨੰਦ ਟਰੱਕ ਦੇ ਉੱਤੇ ਜਾ ਕੇ ਟੂਲ-ਬਾਕਸ ਵਿੱਚ ਅੱਧਲੇਟਿਆ ਜਿਹਾ ਬੈਠ ਗਿਆ ਹੈ। ਮਕਾਨ-ਮਾਲਕ ਨੂੰ ਕਮਰਾ ਸੰਭਾਲ ਕੇ ਨੰਦ ਲਾਲ ਬੋਲਿਆ, 'ਚੰਗਾ ਭਾਈ ਸਾਅਬ, ਏਥੇ ਭੁੱਖੇ ਮਰਨ ਨਾਲੋਂ, ਜੇ ਮਰਨਾ ਈ ਹੋਇਆ, ਓਥੇ ਆਪਣੀ ਧਰਤੀ 'ਤੇ ਖਾਂਦੇ-ਪੀਂਦੇ ਤਾਂ ਮਰਾਂਗੇ।' ♦

# ਹਾਲਾਤ

ਅੱਗ ਲੱਗਣ ਵਾਂਗ ਸ਼ਹਿਰ ਵਿੱਚ ਖ਼ਬਰ ਪਹੁੰਚੀ ਹੈ ਕਿ ਨੇੜੇ ਦੇ ਸ਼ਹਿਰ ਦੀਆਂ ਕੈਂਚੀਆਂ ’ਤੇ ਪੂਰੀ ਦੀ ਪੂਰੀ ਬੱਸ ਤਬਾਹ ਹੋ ਗਈ। ਇੱਕ ਵੀ ਸਵਾਰੀ ਜਿਉਂਦੀ ਨਹੀਂ ਬਚੀ। ਸਭ ਥਾਂ ਦੀ ਥਾਂ ਦਮ ਤੋੜ ਗਏ। ਡਰਾਈਵਰ ਤੇ ਕੰਡਕਟਰ ਵੀ ਇਹ ਵੀ ਕਿ ਬੱਸ ਵਿੱਚ ਕੋਈ ਧਮਾਕਾ ਹੋਇਆ ਸੀ।

ਇਸ ਸ਼ਹਿਰ ਦੇ ਲੋਕ ਦੂਜੇ ਸ਼ਹਿਰ ਦੀਆਂ ਕੈਂਚੀਆਂ ਵੱਲ ਭੱਜਣ ਲੱਗੇ ਹਨ। ਸਕੂਟਰ, ਮੋਟਰ ਸਾਈਕਲ, ਮੋਪਿਡ ਤੇ ਕਾਰਾਂ ਭਜਾ ਕੇ ਲੈ ਗਏ ਹਨ। ਕੋਈ ਜਿਸ ਦਾ ਹੋਰ ਵਸੀਲਾ ਨਾ ਬਣਿਆ, ਅਗਲੀ ਬੱਸ ’ਤੇ ਸਵਾਰ ਹੋ ਗਿਆ। ਜਾਣ ਵਾਲਿਆਂ ਵਿੱਚ ਕੁਝ ਲੋਕ ਤਮਾਸ਼ਬੀਨ ਵੀ ਹਨ। ਦੇਖਣਾ ਚਾਹੁੰਦੇ ਹੋਣਗੇ, ਆਖ਼ਰ ਇੰਝ ਹੋਇਆ ਕਿਵੇਂ? ਇਸ ਸ਼ਹਿਰ ਦੇ ਪੱਤਰਕਾਰ ਵੀ ਗਏ ਹਨ, ਮੋਢੀਂ ਕੈਮਰੇ ਲਟਕਾ ਕੇ।

ਅੱਜ ਮੈਨੂੰ ਸਕੂਲੋਂ ਛੁੱਟੀ ਹੈ। ਅਸੀਂ ਸਾਰਾ ਟੱਬਰ ਦੁਪਹਿਰ ਦੀ ਰੋਟੀ ਖਾ ਕੇ ਟੈਲੀਵਿਜ਼ਨ ਸਾਹਮਣੇ ਬੈਠੇ ਹਾਂ। ਕ੍ਰਿਕਟ ਦਾ ਮੈਚ ਚੱਲ ਰਿਹਾ ਹੈ। ਬੱਸ ਦੁਰਘਟਨਾ ਦੀ ਖ਼ਬਰ ਸਾਨੂੰ ਪੋਸਟਮੈਨ ਦੇ ਗਿਆ ਹੈ। ਬੱਸ ਫੇਰ ਕੀ, ਸਾਡਾ ਕਾਲਜੀਏਟ ਮੁੰਡਾ ਟੈਲੀਵਿਜ਼ਨ ਛੱਡ ਕੇ ਬਾਹਰ ਨੂੰ ਦੌੜ ਗਿਆ ਹੈ। ਪੰਦਰਾਂ-ਵੀਹ ਮਿੰਟ ਬਾਅਦ ਜਾਂ ਅੱਧੇ ਘੰਟੇ ਪਿੱਛੋਂ ਉਹ ਘਰ ਆਉਂਦਾ ਹੈ ਤੇ ਨਵੀਆਂ ਖ਼ਬਰਾਂ ਸੁਣਾਉਣ ਲੱਗਦਾ ਹੈ। ਇੱਕ ਵਾਰ ਤਾਂ ਮੈਂ ਵੀ ਗਲੀ ਤੋਂ ਬਾਹਰ ਗਿਆ ਹਾਂ ਤੇ ਸੜਕ ਦੇ ਚੌਰਹੇ ’ਤੇ ਖੜ੍ਹ ਕੇ ਆਉਂਦੇ-ਜਾਂਦੇ ਵਾਕਿਫ਼ਕਾਰ ਲੋਕਾਂ ਤੋਂ ਬੱਸ ਦੁਰਘਟਨਾ ਬਾਰੇ ਪੁੱਛਿਆ ਹੈ। ਹਰ ਕੋਈ ਨਵੀਂ ਗੱਲ ਦੱਸਦਾ ਹੈ। ਜਿੰਨੇ ਮੂੰਹ ਓਨੀਆਂ ਗੱਲਾਂ। ਸਾਡੇ ਮੁੰਡੇ ਕੋਲ ਸਾਈਕਲ ਹੈ। ਉਹ ਪੈਡਲ ਮਾਰਦਾ ਹੈ, ਔਧਰ ਨੂੰ ਭੱਜ ਨਿਕਲਦਾ ਹੈ। ਪੈਡਲ ਮਾਰਦਾ ਹੈ, ਐਧਰ ਨੂੰ ਚੱਲ ਪੈਂਦਾ ਹੈ। ਸੁਣੀਆਂ-ਸੁਣਾਈਆਂ ਗੱਲਾਂ ਘਰ ਆ ਕੇ ਦੱਸਦਾ ਹੈ, ‘ਹੈਂ ਮੰਮੀ, ਹੈਂ ਪਾਪਾ’, ਉਹਦਾ ਸਾਹ ਨਾਲ ਸਾਹ ਨਹੀਂ ਰਲਦਾ।

ਇੱਕ ਖ਼ਬਰ, ਜੋ ਹੁਣ ਲੱਗਭਗ ਪੱਕ ਚੁੱਕੀ ਹੈ, ਉਹ ਇਹ ਕਿ ਬੱਸ ਵਿੱਚ ਬੰਬ ਸੀ। ਚੱਲ ਗਿਆ ਤੇ ਸਾਰੀ ਦੀ ਸਾਰੀ ਬੱਸ ਤਬਾਹ ਹੋ ਗਈ।

‘ਬੰਬ ਤਾਂ ਫੇਰ ਟਰਾਂਜ਼ਿਸਟ-ਬੰਬ ਈ ਹੋਊਗਾ? ਕੋਈ ਆਖਦਾ ਹੈ ਤੇ ਸੁਣਨ ਵਾਲਿਆਂ ਦੇ ਦਿਲ ਦਹਿਲ ਉੱਠਦੇ ਹਨ।

ਥੋੜ੍ਹੇ ਦਿਨ ਪਹਿਲਾਂ ਦਿੱਲੀ ਤੇ ਹੋਰ ਇੱਕ-ਦੋ ਵੱਡੇ ਸ਼ਹਿਰਾਂ ਵਿੱਚ ਇਹ ਟਰਾਂਜਿਸ਼ਟਰ-ਬੰਬ ਚੱਲੇ ਸਨ। ਪਲਾਂ-ਛਿਣਾਂ ਵਿੱਚ ਕਿੰਨੀਆਂ ਹੀ ਜਾਨਾਂ ਜਾਂਦੀਆਂ

ਰਹੀਆਂ ਹਨ। ਅਗਲਾ ਸੋਚਦਾ, ਟਰਾਂਜ਼ਿਸਟਰ ਪਿਆ ਹੈ, ਕੋਈ ਭੁੱਲ ਗਿਆ ਹੋਵੇਗਾ। ਸਵਿੱਚ ਆਨ ਕੀਤੀ ਨਹੀਂ ਕਿ ਟਰਾਂਜ਼ਿਸਟਰ ਫਟਿਆ ਨਹੀਂ। ਅਸਲ ਵਿੱਚ ਉਹ ਟਰਾਂਜਿਸ਼ਟਰ ਕਾਹਨੂੰ ਸਨ, ਟਰਾਂਜਿਸ਼ਟਰ ਦੇ ਤਾਂ ਸਿਰਫ਼ ਖੋਲ਼ ਸਨ, ਵਿੱਚ ਤਾਂ ਬੰਬ ਹੁੰਦਾ। ਪਲੀਤਾ ਅੱਗ ਫੜਦਾ ਤੇ ਉਹ ਚੱਲ ਜਾਂਦਾ। ਅਜੀਬ ਦਹਿਸ਼ਤ ਦਾ ਮਾਹੌਲ ਸੀ। ਟਰਾਂਜ਼ਿਸਟਰ-ਬੰਬ ਨਾ ਹਿੰਦੂ ਦੇਖਦਾ, ਨਾ ਸਿੱਖ, ਨਾ ਮੁਸਲਮਾਨ। ਉਹ ਤਾਂ ਸਭ ਧਰਮਾਂ ਲਈ ਬੰਬ ਸੀ ਤੇ ਉਡਾ ਦਿੰਦਾ।

ਚੰਡੀਗੜ੍ਹ ਦੇ ਇੱਕ ਹਾਸ ਵਿਅੰਗ ਲੇਖਕ ਨੇ ਲਤੀਫ਼ਾ ਘੜਿਆ, ਅਖੇ, 'ਮੈਂ ਇੱਕ ਦਿਨ ਬਾਹਰੋਂ ਕਿੱਧਰੋਂ ਲਾਸਟ ਬੱਸ ਆਇਆ ਤੇ ਆਪਣਾ ਟਰਾਂਜ਼ਿਸਟਰ ਬੱਸ ਵਿੱਚ ਭੁੱਲ ਗਿਆ। ਤੜਕੇ ਉੱਠ ਕੇ ਯਾਦ ਕੀਤਾ ਤਾਂ ਭੱਜਿਆ ਬੱਸ-ਸਟੈਂਡ ਨੂੰ। ਜਾ ਕੇ ਦੇਖਿਆ, ਉਹ ਬੱਸ ਓਥੇ ਹੀ ਖੜ੍ਹੀ ਸੀ ਤੇ ਮੇਰੀ ਓਸ ਸੀਟ 'ਤੇ ਮੇਰਾ ਟਰਾਂਜਿਸ਼ਟਰ ਸਹੀ ਸਲਾਮਤ ਪਿਆ ਹੋਇਆ ਸੀ।'

ਹਾਲਾਤ ਕੁਝ ਅਜਿਹੇ ਬਣ ਚੁੱਕੇ ਹਨ ਕਿ ਕਿਧਰੇ ਕੁਝ ਵੀ ਮਾੜਾ ਵਾਪਰ ਸਕਦਾ ਹੈ। ਪੰਜਾਬ ਵਿੱਚ ਤਾਂ ਖ਼ਾਸ ਕਰਕੇ, ਪੰਜਾਬ ਦੇ ਨਾਲ ਲੱਗਦੇ ਸੂਬਿਆਂ ਵਿੱਚ ਵੀ ਦਿੱਲੀ ਤੱਕ ਆਮ ਲੋਕਾਂ ਲਈ ਜ਼ਿੰਦਗੀ ਇੱਕ ਦਹਿਸ਼ਤ ਬਣ ਕੇ ਰਹਿ ਗਈ ਹੈ।

ਪੰਜਾਬ ਦੇ ਹਿੰਦੂਆਂ ਨੂੰ ਤੇ ਪੰਜਾਬ ਦੇ ਬਾਹਰ ਸਿੱਖਾਂ ਨੂੰ ਦਿਨ ਕੱਟਣੇ ਔਖੇ ਹੋ ਗਏ ਸਨ। ਅਜੀਬ ਮਾਹੌਲ ਹੈ। ਅਜੀਬ ਦਹਿਸ਼ਤ ਹੈ। ਜ਼ਬਰਦਸਤ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ ਕਿ ਸਾਰੇ ਦੇਸ਼ ਵਿੱਚ ਹਿੰਦੂ-ਸਿੱਖ ਫਸਾਦ ਭੜਕ ਪੈਣ ਤਾਂ ਕਿ ਅਗਲਿਆਂ ਦਾ ਉੱਲੂ ਸਿੱਧਾ ਹੋ ਸਕੇ। ਲੱਗਦਾ ਤਾਂ ਇੰਝ ਹੀ ਰਿਹਾ ਸੀ ਕਿ ਹਿੰਦੂ-ਸਿੱਖ ਦੀਆਂ ਜੜ੍ਹਾਂ ਜੋ ਇੱਕ ਹਨ। ਭਰਾ-ਭਰਾ ਨੂੰ ਕਤਲ ਨਹੀਂ ਕਰ ਸਕਦਾ। ਤੇ ਫਿਰ ਗੱਲ ਸਪਸ਼ਟ ਹੋ ਗਈ ਕਿ ਇਹ ਹਿੰਦੂ-ਸਿੱਖ ਲੜਾਈ ਬਿਲਕੁੱਲ ਨਹੀਂ, ਅਕਾਲੀ ਦਲ ਦੀ ਲੜਾਈ ਹੈ, ਕੇਂਦਰੀ ਸਰਕਾਰ ਨਾਲ। ਵਿਰੋਧੀ ਪਾਰਟੀ ਦੀ ਲੜਾਈ, ਪਾਰਟੀ ਚਾਹੇ ਸੂਬੇ ਦੀ ਹੋਵੇ ਜਾਂ ਆਲ ਇੰਡੀਆ, ਕੇਂਦਰ ਨਾਲ ਹਮੇਸ਼ਾ ਹੀ ਰਹਿਣੀ ਹੈ। ਪਰ ਦਹਿਸ਼ਤ ਪਸੰਦਾਂ ਦਾ ਪਤਾ ਹੀ ਨਹੀਂ ਲੱਗ ਰਿਹਾ ਕਿ ਉਹ ਕੌਣ ਹਨ? ਅਕਾਲੀ ਦਲ ਨਾਲ ਉਨ੍ਹਾਂ ਦਾ ਕੋਈ ਵਾਹ-ਵਾਸਤਾ ਨਜ਼ਰ ਨਹੀਂ ਆਉਂਦਾ।

ਪਿਛਲੇ ਦਿਨਾਂ ਦੀਆਂ ਘਟਨਾਵਾਂ ਯਾਦ ਆਉਂਦੀਆਂ ਹਨ ਤਾਂ ਤ੍ਰਾਹ ਨਿਕਲ-ਨਿਕਲ ਜਾਂਦਾ ਹੈ। ਕਦੇ ਤਾਂ ਪਾਗਲ ਹਾਸੀ ਹੱਸਣ ਨੂੰ ਜੀਅ ਕਰਦਾ ਹੈ। ਇਹ ਕਿਹੜੀ ਰਾਜਨੀਤੀ ਹੋਈ ਬਈ, ਇੱਕ ਮੋਟਰ ਸਾਈਕਲ 'ਤੇ ਦੋ ਜਣੇ ਸਵਾਰ ਹਨ। ਅਗਲਾ ਮੋਟਰ ਸਾਈਕਲ ਚਲਾ ਰਿਹਾ ਹੈ ਤੇ ਪਿਛਲਾ ਸਟੇਨ ਗੰਨ ਨਾਲ ਬਾਜ਼ਾਰ ਦੀ ਭੀੜ 'ਤੇ ਤੜ... ੜ.... ੜ ਗੋਲੀਆਂ ਦਾ ਛਾਣਾ ਦੇ ਗਿਆ ਹੈ। ਮਰਨ ਵਾਲਾ ਚਾਹੇ ਹਿੰਦੂ ਹੋਵੇ, ਚਾਹੇ ਸਿੱਖ, ਚਾਹੇ ਕੋਈ ਮੁਸਲਮਾਨ।

ਉਸ ਤੋਂ ਵੀ ਕੁਝ ਪਹਿਲਾਂ ਦਾ ਸਮਾਂ... ਬੱਸ ਡਰਾਈਵਰ ਦੀ ਧੌਣ 'ਤੇ ਰਿਵਾਲਵਰ ਦੀ ਨੋਕ ਹੈ। ਬੱਸ ਸੜਕ 'ਤੋਂ ਲਹਿ ਕੇ ਉਜਾੜ ਖੇਤਾਂ ਵਿੱਚ ਜਾ ਖੜ੍ਹਦੀ ਹੈ। ਹੁਕਮ ਹੁੰਦਾ ਹੈ, ਨੰਗੇ ਸਿਰਾਂ ਵਾਲੇ ਥੱਲੇ ਉਤਰ ਆਓ ਤੇ ਫੇਰ ਦੂਜੇ ਬਿੰਦ ਸਭ ਭੁੰਨ੍ਹ ਦਿੱਤੇ ਜਾਂਦੇ ਹਨ।

ਅਤਿਵਾਦ ਦੀ ਸਿਖ਼ਰ ਇੰਦਰਾ ਗਾਂਧੀ ਦਾ ਕਤਲ। ਤੇ ਫੇਰ ਅਗਲਾ ਇੱਕ ਹਫ਼ਤਾ-ਤੋਬਾ। ਅੰਮ੍ਰਿਤਸਰ ਦਾ ਬਲਿਊ ਸਟਾਰ ਆਪ੍ਰੇਸ਼ਨ ਤਾਂ ਕੁਝ ਵੀ ਨਹੀਂ ਸੀ। ਅਠਾਰਾਂ

ਸਾਲਾਂ ਤੋਂ ਦਿੱਲੀ ਰਹਿੰਦੇ ਇੱਕ ਸਿੱਖ-ਦੋਸਤ ਦਾ ਖ਼ਤ, ਸੱਚ ਜਾਣ, ਅੰਦਰੋਂ ਇੱਕ ਹਿੱਸਾ ਮਰ ਗਿਆ ਹੈ। ਭੁੱਖ ਨਹੀਂ ਲੱਗਦੀ, ਨੀਂਦ ਨਹੀਂ ਆਉਂਦੀ। ਆਪਣੇ ਅੰਦਰੋਂ ਅਤੇ ਆਲੇ-ਦੁਆਲੇ ਵਿਚੋਂ ਜਿਉਂਦੇ ਸੜ ਰਹੇ ਬੰਦਿਆਂ ਦਾ ਮੁਸ਼ਕ ਮਾਰਦਾ ਰਹਿੰਦਾ ਹੈ। ਸਮੂਹਕ ਬਲਾਤਕਾਰ ਦੀਆਂ ਸ਼ਿਕਾਰ ਕੁੜੀਆਂ ਦੀਆਂ ਚੀਕਾਂ ਜਿਵੇਂ ਕੰਨਾਂ ਵਿੱਚ ਓਵੇਂ ਸੁਣਾਈ ਦਿੰਦੀਆਂ ਹੋਣ। ਆਪਣੇ ਵਰਗੇ ਲੋਕ ਕਿੱਥੇ ਦਿਨ-ਕਟੀ ਕਰਨ? ਨਾ ਅਸੀਂ ਸਿੱਖ, ਨਾ ਹਿੰਦੂ, ਨਾ ਮੁਸਲਮਾਨ, ਨਾ ਬਾਹਮਣ, ਨਾ ਜੱਟ, ਨਾ ਚੂਹੜੇ। ਕਿੱਧਰ ਜਾਈਏ ਅਸੀਂ ਇਨ੍ਹਾਂ ਸਿਆਸਤਦਾਨਾਂ ਲਈ ਤਾਂ ਭੈਣ ਦੇ ਖ਼ਸਮਾਂ ਲਈ ਬੰਦੇ ਦਾ ਕੋਈ ਮੁੱਲ ਨਹੀਂ। ਪਰ ਅਸੀਂ ਕੀ ਕਰੀਏ? ਜੇ ਕੋਈ ਹਿੰਦੂ ਮਰਦਾ ਹੈ ਤਾਂ ਸਾਡਾ ਅੰਦਰਲਾ ਕੁਝ ਮਾਰਿਆ ਜਾਂਦਾ ਹੈ। ਜੇ ਕੋਈ ਸਿੱਖ ਮਰਦਾ ਹੈ ਤਾਂ ਵੀ ਅਸੀਂ ਅੰਦਰੋਂ ਮਰਦੇ ਹਾਂ ਤੇ ਜੇ ਕੋਈ ਮੁਸਲਮਾਨ ਮਰਦਾ ਹੈ ਤਾਂ ਮਰਨ ਵਾਲੇ ਅਸੀਂ ਹੀ ਹਾਂ। ਅਸੀ ਘਰ ਨੂੰ ਵਾਹਿਗੁਰੂ ਦੇ ਆਸਰੇ ਛੱਡ ਕੇ ਇੱਕ ਹਿੰਦੂ-ਮਿੱਤਰ ਦੇ ਘਰ ਪੰਜ ਦਿਨ ਛੁਪੇ ਰਹੇ। ਸਭ ਨੇ ਇਉਂ ਹੀ ਕੀਤਾ। ਜਮਨਾਂ ਪਾਰ ਸ਼ਾਹਦਰੇ ਵੱਲ ਤੂੰ ਦੇਖਿਆ ਹੀ ਹੋਵੇਗਾ, ਕਿਹੋ ਜਿਹਾ ਸੰਘਣਾ ਤੇ ਨਿਮਨ ਪੱਧਰ ਦਾ ਇਲਾਕਾ ਹੈ। ਉੱਧਰ ਬਹੁਤ ਘਾਣ ਹੋਇਆ। ਇੱਧਰ ਝੁੱਗੀਆਂ ਤੇ ਪਿੰਡਾਂ ਦੇ ਆਲੇ-ਦੁਆਲੇ ਬਹੁਤ ਨੁਕਸਾਨ ਹੋਇਆ। ਜੋ ਸੜਕ ’ਤੇ ਸਿੱਖ ਮਿਲਿਆ, ਕਿਤੇ ਵੀ ਸਾਰੀ ਦਿੱਲੀ ਵਿੱਚ, ਉਹ ਕਿਤੇ ਨਹੀਂ ਬਚਿਆ। ਜੋ ਸਿੱਖ ਉਸ ਸਮੇਂ ਯੂ. ਪੀ., ਬਿਹਾਰ, ਦਿੱਲੀ, ਮੱਧ ਪ੍ਰਦੇਸ਼ ਆਦਿ ਵਿੱਚ ਕਿਤੇ ਵੀ ਗੱਡੀ ਵਿੱਚ ਸੀ, ਉਹ ਨਹੀਂ ਬਚਿਆ। ਇੱਥੇ ਇੱਕ ਕੋਈ ਰਸਾਇਣ ਵੰਡੀ ਗਈ, ਜੋ ਜਿਉਂਦੇ ਬੰਦੇ ’ਤੇ ਭੁੱਕ ਕੇ ਤੀਲੀ ਦਿਖਾਈ ਨਹੀਂ ਅਤੇ ਉਹ ਭੜੱਕ ਕਰਕੇ ਮੱਚਿਆ ਨਹੀਂ। ਝੁੱਗੀਆਂ-ਝੌਂਪੜੀਆਂ ਵਾਲੇ ਅਤੇ ਆਲੇ-ਦੁਆਲੇ ਦੇ ਪਿੰਡਾਂ ਵਾਲੇ ਲੋਕ ਸ਼ਰਾਬ, ਪੈਸੇ, ਸਰੀਏ, ਪਟਰੌਲ, ਮਾਚਸਾਂ ਦੇ ਕੇ ਤੋਰੇ ਗਏ ਸਨ। ਉਨ੍ਹਾਂ ਨੇ ਪਹਿਲਾਂ ਤਾਂ ਆਪਣੇ ਵਿੱਚ ਵੱਸਦੇ ਸਿੱਖ ਫੂਕੇ, ਫੇਰ ਨੇੜੇ ਦੀਆਂ ਕਾਲੋਨੀਆਂ ’ਤੇ ਧਾਵੇ ਕੀਤੇ ਅਤੇ ਅੱਗੇ ਵਧਦੇ ਗਏ।’

ਸਿੱਖਾਂ ਲਈ ਇਹ ਕਿਹੇ ਚੰਦਰੇ ਦਿਨ ਸਨ। ਸਿੱਖਾਂ ਬਾਰੇ ਤਾਂ ਮਸ਼ਹੂਰ ਸੀ ਕਿ ਉਹ ਕਿਤੇ ਵੀ ਹੋਵੇ, ਵਣੀ ਦਾ ਸ਼ੇਰ ਹੁੰਦਾ ਹੈ। ਪਰ ਇਹ ਕੀ, ਸਾਰੇ ਦੇਸ਼ ਵਿੱਚ ਅਪੀਲਾਂ ਕੀਤੀਆਂ ਜਾ ਰਹੀਆਂ ਸਨ, ਸਿੱਖਾਂ ਦੇ ਜਾਨ-ਮਾਲ ਦੀ ਹਿਫ਼ਾਜ਼ਤ ਕੀਤੀ ਜਾਵੇ। ਗਊ-ਗ਼ਰੀਬ ਦੀ ਰੱਖਿਆ ਕਰਨ ਵਾਲਾ ਖ਼ੁਦ ਰੱਖਿਆ ਮੰਗਣ ਲੱਗਿਆ।

ਮੈਂ ਟੈਲੀਵਿਜ਼ਨ ਬੰਦ ਕਰ ਦਿੱਤਾ ਹੈ ਤੇ ਵਿਹੜੇ ਵਿੱਚ ਆ ਬੈਠਾ ਹਾਂ। ਸੋਚਣ ਲੱਗਿਆ ਹਾਂ। ਪੰਜਾਬ ਵਿੱਚ ਹਿੰਦੂ-ਸਿੱਖ ਦੀ ਲੜਾਈ ਤਾਂ ਇਹ ਬਣ ਨਾ ਸਕੀ। ਫੇਰ ਇਹ ਹੁਣ ਦਹਿਸ਼ਤ ਕਾਹਦੀ? ਹਿੰਦੂ ਵੀ ਮਰ ਰਿਹਾ ਹੈ, ਸਿੱਖ ਵੀ ਮਰ ਰਿਹਾ ਹੈ। ਜ਼ਮਾਨਾ ਕਿੰਨਾ ਨਾਜ਼ੁਕ ਆ ਗਿਆ। ਕਿਧਰੇ ਕੁਝ ਵੀ ਵਾਪਰ ਜਾਵੇ ਚਾਹੇ। ਤੁਸੀਂ ਸੜਕ ’ਤੇ ਤੁਰੇ ਜਾ ਰਹੇ ਹੋ। ਤੁਹਾਡੇ ਪੈਰ ਦਾ ਠੇਡਾ ਕਿਸੇ ਇੱਟ ਜਾਂ ਪੱਥਰ ਨਾਲ ਲੱਗ ਜਾਵੇ ਤਾਂ ਦਿਲ ਧੜਕ ਉੱਠੇਗਾ, ਕਿਉਂਕਿ ਉਹ ਇੱਟ ਜਾਂ ਪੱਥਰ ਕੋਈ ਬੰਬ ਵੀ ਹੋ ਸਕਦਾ ਹੈ, ਜੋ ਹੈ ਤਾਂ ਬੰਬ ਹੀ, ਪਰ ਇੱਟ ਜਾਂ ਪੱਥਰ ਦੀ ਸ਼ਕਲ ਧਾਰੀ ਬੈਠਾ ਹੈ। ਆਖ਼ਰ ਸਭ ਕਿਉਂ ਹੋ ਰਿਹਾ ਹੈ? ਪੁਰਾਣੇ ਦਿਨ ਮੁੜ ਕੇ ਕਦੋਂ ਆਉਣਗੇ? ਅਸੀਂ ਭੁੱਖੇ-ਨੰਗੇ ਸਹੀ, ਪਰ ਅਮਨ-ਅਮਾਨ ਨਾਲ ਤਾਂ ਰਹਿ ਰਹੇ ਸੀ। ਸਾਡੀ ਲੜਾਈ ਤਾਂ ਆਰਥਿਕ ਨਾ-ਬਰਾਬਰੀ ਵਿਰੁੱਧ

ਛਿੜੀ ਹੋਈ ਸੀ। ਇਹ ਕਿਹਾ ਮਾਹੌਲ ਬਣ ਗਿਆ? ਹੁਣ ਬਾਰੇ ਕੋਈ ਸੋਚਦਾ ਹੀ ਨਹੀਂ। ਰੋਟੀ ਦਾ ਨਾਉਂ ਲੈਣਾ ਕਿਸੇ ਨੂੰ ਯਾਦ ਨਹੀਂ ਰਹਿ ਗਿਆ। ਬੱਸ ਐਨਾ ਹੀ ਕਾਫ਼ੀ ਸਮਝਿਆ ਜਾਣ ਲੱਗਿਆ ਹੈ ਕਿ ਸਾਹ ਆਉਂਦਾ ਰਹੇ।

ਫੇਰ ਵਿਵੇਕ ਜਵਾਬ ਦਿੰਦਾ ਹੈ, 'ਇਹੀ ਤਾਂ ਚਾਲ ਸੀ ਸਰਮਾਏਦਾਰੀ ਨਿਜ਼ਾਮ ਦੀ। ਚਾਲ ਚੱਲ ਦਿੱਤੀ ਗਈ ਹੈ।' ਇਹੀ ਤਾਂ ਚਾਹੁੰਦਾ ਸੀ ਸ਼ੈਤਾਨ ਸਰਮਾਏਦਾਰ। ਬਈ ਕਮਾਲ! ਲੜਾਈ ਧਰਮਾਂ ਦੀ ਨਾ ਰਹਿ ਕੇ ਵੀ ਦਹਿਸ਼ਤ ਦਾ ਸੇਕ ਕਿੰਨਾ ਭਖ਼ ਉੱਠਿਆ ਹੈ। ਕਿਧਰੇ ਕੁਝ ਵੀ ਮਾੜਾ ਹੋ ਸਕਦਾ ਹੈ। ਬੰਦਿਆਂ ਦੀ ਕੀਮਤ ਕੁੱਤਿਆਂ-ਬਿੱਲੀਆਂ ਤੋਂ ਵੱਧ ਨਹੀਂ। ਦੋ ਅਣਪਛਾਤੇ ਵਿਅਕਤੀ ਭੱਜਣ ਵਿੱਚ ਕਾਮਯਾਬ ਹੋ ਗਏ। ਕੇਸ ਦਰਜ ਕਰ ਲਿਆ ਗਿਆ। ਪੁਲਿਸ ਤੇਜ਼ੀ ਨਾਲ ਪੜਤਾਲ ਕਰ ਰਹੀ ਹੈ।

ਪੰਜਾਬ ਦਾ ਆਮ ਹਿੰਦੂ ਸੋਚਦਾ ਹੈ, 'ਕਾਹਨੂੰ ਜੰਮਣਾ ਸੀ ਪੰਜਾਬ ਵਿੱਚ?'

ਪੰਜਾਬ ਤੋਂ ਬਾਹਰਲੇ ਸੂਬਿਆਂ ਵਿੱਚ ਬੈਠੇ ਆਮ ਸਿੱਖ ਝੁਰਦੇ, 'ਪੰਜਾਬ ਵਿੱਚ ਹੀ ਰਹਿੰਦੇ ਤਾਂ ਕਿੰਨਾ ਚੰਗਾ ਹੁੰਦਾ।'

ਪਾਕਿਸਤਾਨ ਬਣਨ ਵੇਲੇ ਪੰਜਾਬ ਤੋਂ ਬਾਹਰ ਦਿੱਲੀ, ਕਾਹਨਪੁਰ ਤੇ ਕਲਕੱਤਾ ਵੱਡੇ ਸ਼ਹਿਰਾਂ ਵਿੱਚ ਆ ਕੇ ਵਸੇ ਰਫ਼ਿਊਜ਼ੀ ਸਿੱਖ ਮੱਥਾ ਫੜ ਕੇ ਬੈਠ ਜਾਂਦੇ ਹਨ, ਪੰਜਾਬ ਮਸਲੇ ਨਾਲ ਸਾਡਾ ਕੀ ਸਬੰਧ? ਸਾਡੇ ਲਈ ਤਾਂ ਇਹ ਦੂਜਾ ਪਾਕਿਸਤਾਨ ਬਣਾ ਕੇ ਰੱਖ ਦਿੱਤਾ ਜ਼ਾਲਮਾਂ ਨੇ।'

ਜਿਨ੍ਹਾਂ ਨੇ ਸੰਤਾਲੀ ਦੇ ਫ਼ਸਾਦ ਦੇਖੇ ਹੋਏ ਸਨ, ਆਖਦੇ, 'ਦਿੱਲੀ ਦੇ ਇਨ੍ਹਾਂ ਦੰਗਿਆਂ ਸਾਹਮਣੇ ਉਹ ਕਟਾ-ਵਢੀ ਤਾਂ ਪਾਸਕੂ ਵੀ ਨਹੀਂ ਸੀ।

ਸਿਰ ਚਕਰਾ ਕੇ ਰਹਿ ਗਿਆ ਹੈ। ਕੋਈ ਥਿਊਰੀ ਸਮਝ ਵਿੱਚ ਨਹੀਂ ਆਉਂਦੀ। ਇਹ ਸਭ ਕਿਉਂ ਹੋ ਰਿਹਾ ਹੈ? ਕੌਣ ਕਰ ਰਿਹਾ ਹੈ? ਕੌਣ ਕਰਵਾ ਰਿਹਾ ਹੈ?

ਕੋਈ ਆਖਦਾ ਹੈ, 'ਇਹ ਸਭ ਅਮਰੀਕਾ ਦੀ ਸੀ.ਆਈ.ਏ. ਕਰਵਾ ਰਹੀ ਐ। ਪਾਕਿਸਤਾਨ ਵਿੱਚ ਦੀ। ਅਮਰੀਕਾ ਚਾਹੁੰਦੈ, ਇੰਡੀਆ ਟੁਕੜੇ-ਟੁਕੜੇ ਹੋ ਜਾਵੇ। ਪੰਜਾਬ ਟੁੱਟ ਕੇ ਖਾਲਿਸਤਾਨ ਬਣੇ, ਇੱਕ ਵੱਖਰਾ ਮੁਲਕ।'

ਕੋਈ ਹੋਰ, 'ਪਾਕਿਸਤਾਨ ਖ਼ੁਦ ਇਸ ਵਿੱਚ ਸ਼ਾਮਲ ਐ ਜੀ। ਮਾਰੇ ਗਏ ਅਤਿਵਾਦੀ ਸਿੱਖ ਨੌਜਵਾਨ ਸਿੱਖ ਕਦੋਂ ਸੀ, ਮੁਸਲਮਾਨ ਨਿਕਲੇ। ਸੁੰਨਤਾਂ ਕੀਤੀਆਂ ਹੋਈਆਂ।'

ਤੇ ਕੋਈ ਜਣਾ ਆਪਣਾ ਤਰਕ ਪੇਸ਼ ਕਰਦਾ, 'ਇਹ ਸਭ ਕਾਂਗਰਸ ਆਪ ਕਰਵਾ ਰਹੀ ਐ, ਭਾਈ ਸਾਅਬ। ਚਾਹੁੰਦੀ ਐ, ਪੰਜਾਬ ਵਿੱਚ ਅਕਾਲੀ ਦਲ ਪੂਰੀ ਤਰ੍ਹਾਂ ਕਮਜ਼ੋਰ ਹੋ ਜਾਵੇ ਤੇ ਪੰਜਾਬ ਦੀ ਹਿੰਦੂ ਵੋਟ ਸੌ ਫ਼ੀਸਦੀ ਕਾਂਗਰਸ ਦੇ ਝੋਲੀ ਆ ਡਿੱਗੇ।'

ਅਕਾਲੀ ਦਲ ਦਾ ਦੋਸ਼, 'ਅਤਿਵਾਦ ਕਾਂਗਰਸ ਨੇ ਆਪ ਪੈਦਾ ਕੀਤੈ।'

ਕਾਂਗਰਸ ਦੀ ਮੰਗ, 'ਅਕਾਲੀ ਦਲ ਪਹਿਲਾਂ ਅਤਿਵਾਦੀਆਂ ਨੂੰ ਖੁੱਲ੍ਹੇਆਮ ਕੰਡੈਮ ਕਰੇ।'

ਸੋਚਦਾ ਹਾਂ, 'ਅਜੀਬ ਕਹਾਣੀ ਬਣ ਕੇ ਰਹਿ ਗਿਆ ਪੰਜਾਬ ਵੀ। ਕਿਸੇ ਪਾਸਿਓਂ ਵੀ ਕੋਈ ਤੰਦ ਫੜ ਕੇ ਇਹ ਗੁੱਥੀ ਸੁਲਝਾਈ ਨਹੀਂ ਜਾ ਸਕਦੀ। ਅਜੀਬ ਮਾਹੌਲ ਐ। ਅਜੀਬ ਹਾਲਾਤ ਨੇ।'

ਘਰਵਾਲੀ ਚਾਹ ਦਾ ਗਿਲਾਸ ਕੋਲ ਰੱਖ ਗਈ। ਪਤਾ ਨਹੀਂ ਕਦੋਂ ਰੱਖ ਗਈ। ਆਈ ਹੈ, ਕਹਿੰਦੀ ਹੈ, 'ਚਾਹ ਤਾਂ ਪਾਣੀ ਬਣ ਗਈ। ਪੀਤੀ ਕਿਉਂ ਨਹੀਂ? ਕੀ ਸੋਚੀ ਜਾਨੇ ਓਂ?'

ਪੁੱਛਦਾ ਹਾਂ, 'ਬੱਸ ਵਿੱਚ ਕਿੰਨੀਆਂ ਸਵਾਰੀਆਂ ਹੁੰਦੀਆਂ ਨੇ?'

'ਕਿੰਨੀਆਂ ਹੁੰਦੀਆਂ ਐਂ? ਉਹ ਉਲਟਾ ਕੇ ਮੈਨੂੰ ਹੀ ਪੁੱਛਦੀ ਹੈ।

'ਪੰਜਾਹ-ਪਚਵੰਜਾ ਤਾਂ ਸੀਟਾਂ ਈ ਹੁੰਦੀਆਂ ਨੇ। ਖੜ੍ਹੇ ਤੇ ਅੱਧ-ਬੈਠੇ ਅਲੱਗ। ਆਪਣੇ ਇਲਾਕੇ 'ਚ ਤਾਂ ਉੱਤੇ ਵੀ ਚੜ੍ਹ ਜਾਂਦੇ ਐ। ਸੱਤਰ-ਅੱਸੀ ਬੰਦੇ ਮਰ ਗਏ ਹੋਣੇ ਐ।'

'ਓਹੋ... ਤੁਸੀਂ ਹੁਣ ਤੱਕ ਇਹੀ ਸੋਚੀ ਜਾ ਰਹੇ ਓਂ?' ਉਹ ਹੱਸ ਕੇ ਬੋਲੀ ਹੈ।

'ਕਿਉਂ? ਇਹ ਸੋਚਣ ਵਾਲੀ ਗੱਲ ਨਹੀਂ?'

'ਸੋਚਣ ਵਾਲੀ ਤਾਂ ਉਸ ਦਿਨ ਵੀ ਸੀ।'

'ਕਿਸ ਦਿਨ?'

'ਇੰਦਰਾ ਗਾਂਧੀ ਜਿੱਦਣ ਕਤਲ ਹੋਈ ਸੀ। ਤੁਸੀਂ ਪਤੈ ਕੀ ਆਖਿਆ ਸੀ ਮੈਨੂੰ?'

'ਕੀ ਆਖਿਆ ਸੀ?'

'ਅਖੇ, ਤੂੰ ਰੋਟੀ ਕਿਉਂ ਨ੍ਹੀਂ ਖਾਂਦੀ। ਤੇਰੀ ਕਿਹੜਾ ਉਹ ਕੋਈ ਰਿਸ਼ਤੇਦਾਰੀ ਲੱਗਦੀ ਸੀ।'

'ਹਾਂ ਫੇਰ, ਠੀਕ ਆਖਿਆ ਸੀ ਮੈਂ।'

'ਮੈਂ ਵੀ ਤਾਂ ਉਸ ਦਿਨ ਸੋਚਾਂ ਵਿੱਚ ਈ ਡੁੱਬ ਗਈ ਸੀ। ਜਿਵੇਂ ਹੁਣ ਤੁਹਾਨੂੰ ਚਾਹ ਪੀਣੀ ਯਾਦ ਨਹੀਂ।'

ਮੈਂ ਪਤਨੀ ਨਾਲ ਹੋਰ ਬਹਿਸ ਵਿੱਚ ਨਹੀਂ ਪੈਂਦਾ। ਠੰਡੀ ਚਾਹ ਪੀਣ ਲੱਗਦਾ ਹਾਂ। ਉਹ ਆਪਣੇ ਰਸੋਈ ਦੇ ਕੰਮਾਂ ਵਿੱਚ ਜਾ ਲੱਗੀ ਹੈ। ਸਾਡਾ ਕਾਲਜੀਏਟ ਮੁੰਡਾ ਕਾਫ਼ੀ ਦੇਰ ਤੋਂ ਬਾਹਰੋਂ ਨਹੀਂ ਆਇਆ। ਉਸ ਬਾਰੇ ਮੈਨੂੰ ਅਕਹਿ ਜਿਹੀ ਚਿੰਤਾ ਹੋਣ ਲੱਗਦੀ ਹੈ। ਖ਼ਾਲੀ ਗਿਲਾਸ ਰਸੋਈ ਵਿੱਚ ਰੱਖ ਕੇ ਮੈਂ ਘਰੋਂ ਬਾਹਰ ਹੁੰਦਾ ਹਾਂ। ਗਲੀ ਪਾਰ ਕਰਕੇ ਸੜਕ ਦੇ ਚੌਰਾਹੇ 'ਤੇ ਜਾ ਖੜ੍ਹਦਾ ਹਾਂ। ਇਸ ਸ਼ਹਿਰ ਵਿੱਚ ਹੁਣ ਤੱਕ ਉਸ ਸ਼ਹਿਰ ਤੋਂ ਬਹੁਤ ਸਾਰੇ ਟੈਲੀਫ਼ੋਨ ਆ ਚੁੱਕੇ ਹਨ। ਬੰਦੇ ਵੀ ਮੁੜ ਆਏ ਹਨ।

ਹੁਣ ਖ਼ਬਰ ਗ਼ਰਮ ਹੈ, 'ਮੌਕੇ 'ਤੇ ਹੀ ਚਾਲੀ ਬੰਦੇ ਮਰ ਗਏ। ਬੱਸ ਵਿੱਚ ਸੱਤਰ ਸਵਾਰੀਆਂ ਸਨ। ਬਾਕੀਆਂ ਨੂੰ ਹਸਪਤਾਲ ਪਹੁੰਚਾ ਦਿੱਤਾ ਗਿਐ, ਓਸੇ ਸ਼ਹਿਰ।'

ਤੀਹ ਸਵਾਰੀਆਂ ਜਾਨੋਂ ਬਚ ਗਈਆਂ ਸੁਣ ਕੇ ਮੈਨੂੰ ਤਸੱਲੀ ਨਹੀਂ ਹੋਈ। ਬੰਦੇ ਤਾਂ ਦੋ ਵੀ ਜੇ ਮਰ ਜਾਣ ਤਾਂ ਕਿੱਡੀ ਮਾੜੀ ਗੱਲ ਹੁੰਦੀ ਹੈ। ਉਹ ਤਾਂ ਚਾਲੀ ਸਨ। ਇਕਦਮ ਚਾਲੀ ਜਣੇ ਇਕੱਠੇ ਹੀ ਮਰ ਗਏ। ਉਨ੍ਹਾਂ ਵਿੱਚ ਹਿੰਦੂ ਵੀ ਹੋਣਗੇ, ਸਿੱਖ ਵੀ ਹੋਣਗੇ, ਕੋਈ ਮੁਸਲਮਾਨ ਵੀ ਹੋ ਸਕਦਾ ਹੈ। ਇਹ ਤਾਂ ਹੋ ਨਹੀਂ ਸਕਦਾ ਕਿ ਸਾਰੀ ਦੀ ਸਾਰੀ ਬੱਸ ਹਿੰਦੂਆਂ ਨਾਲ ਭਰੀ ਹੋਵੇ ਜਾਂ ਸਿਰਫ਼ ਸਿੱਖਾਂ ਨਾਲ ਭਰੀ ਹੋਵੇ।

ਫੇਰ ਕੋਈ ਆ ਕੇ ਦੱਸਦਾ ਹੈ, 'ਚਾਲੀ ਨਹੀਂ ਜੀ, ਬੰਦੇ ਉਣੰਜਾ ਮਰੇ ਐ। ਆਪ ਗਿਣ ਕੇ ਆਇਐ ਜੋ, ਉਹਨੇ ਦੱਸਿਐ ਮੈਨੂੰ।'

ਕਿਸੇ ਹੋਰ ਨੇ ਗੱਲ ਕੀਤੀ ਹੈ, 'ਕੰਡਕਟਰ ਬਚ ਗਿਆ ਜੀ। ਡਰਾਈਵਰ ਨਹੀਂ ਬਚਿਆ।'

ਫੇਰ ਇੱਕ ਹੋਰ ਬੰਦਾ ਅਚਾਨਕ ਆ ਕੇ ਦੱਸਦਾ ਹੈ, 'ਦੇਖੋ ਜੀ, ਟਰੱਕ ਦਾ ਭੋਰਾ ਨਹੀਂ ਵਿਗੜਿਆ। ਡਰਾਈਵਰ ਉਤਰ ਕੇ ਭੱਜ ਗਿਆ। ਟਰੱਕ ਲੋਹੇ ਦਾ ਭਰਿਆ ਹੋਇਆ ਸੀ। ਟਰੱਕ ਆਲੇ ਨੇ ਵੱਟਿਆ ਨਹੀਂ। ਓਧਰ ਖ਼ਤਾਨਾਂ ਸਾਹਮਣਿਓਂ ਆਉਂਦਾ ਸੀ ਟਰੱਕ। ਬੱਸ ਜੀ ਟਰੱਕ ਬਚਾਉਂਦਾ-ਬਚਾਉਂਦਾ ਬੱਸ ਦਾ ਡਰਾਈਵਰ ਘਬਰਾ ਗਿਆ। ਬੱਸ ਸੀ ਤੇਜ਼। ਸੱਜੇ ਪਾਸੇ ਟਰੱਕ, ਖੱਬੇ ਖਤਾਨ। ਸਾਹਮਣੇ ਇੱਕ ਮੋਟੀ ਕਿੱਕਰ ਵਿੱਚ ਜਾ ਵੱਜੀ ਬੱਸ। ਬੱਸ ਜੀ, ਨਾਲ ਦੀ ਨਾਲ ਫ਼ਨਾਹ ਹੋ ਗਈ। ਖ਼ਤਾਨ ਡੂੰਘਾ ਬਹੁਤ ਸੀ। ਖ਼ਤਾਨ 'ਚ ਡਿੱਗੀ ਬੱਸ ਕਿਵੇਂ ਬਚਦੀ?'

ਜਿਵੇਂ ਮੇਰੇ ਮੂੰਹ ਨੇ ਨਹੀਂ, ਸਾਰੇ ਸਰੀਰ ਨੇ ਸਵਾਲ ਕੀਤਾ ਹੋਵੇ, 'ਤਾਂ ਕੀ ਬੱਸ ਵਿੱਚ ਧਮਾਕਾ ਕੋਈ ਨਹੀਂ ਹੋਇਆ?'

'ਨਾ ਜੀ, ਧਮਾਕੇ ਵਾਲੀ ਕਿਹੜੀ ਗੱਲ ਆਖੀ ਤੁਸੀਂ? ਐਕਸੀਡੈਂਟ ਹੋਇਐ।'

'ਐਕਸੀਡੈਂਟ?'

'ਹੋਰ ਜੀ। ਬੰਬ ਧਮਾਕੇ ਵਾਲੀ ਗੱਲ ਤਾਂ ਐਵੇਂ ਉਡਾ ਦਿੱਤੀ ਸੀ ਕਿਸੇ ਨੇ। ਐਕਸੀਡੈਂਟ ਹੋਇਐ ਇਹ ਤਾਂ। ਆਪਣੇ ਸ਼ਹਿਰ ਦੇ ਪੰਜਾਹ ਬੰਦੇ ਅੱਖੀਂ ਦੇਖ ਕੇ ਆਏ ਐ।'

ਸੜਕ ਦੇ ਚੌਰਾਹੇ ਤੋਂ ਹਟ ਕੇ ਕਾਹਲੇ ਕਦਮੀਂ ਮੈਂ ਘਰ ਨੂੰ ਆ ਰਿਹਾ ਹਾਂ। ਮੇਰੇ ਚਿਹਰੇ 'ਤੇ ਤਸੱਲੀ ਦੇ ਭਾਵ ਹਨ। ਘਰ ਆ ਕੇ ਪਤਨੀ ਨੂੰ ਰੋਟੀ ਪਕਾਉਣ ਲਈ ਆਖਦਾ ਹਾਂ। ਭੁੱਖ ਲੱਗੀ ਹੋਈ ਹੈ। ਮੇਰਾ ਖਿੜਿਆ ਚਿਹਰਾ ਦੇਖ ਕੇ ਉਹ ਪੁੱਛਦੀ ਹੈ, 'ਕੀ ਗੱਲ ਜੀ, ਹੁਣੇ ਤਾਂ ਉਦਾਸ ਚਿਹਰਾ ਲੈ ਕੇ ਗਏ ਸੀ। ਹੁਣ ਇਹ ਖ਼ੁਸ਼ੀ ਕਾਹਦੀ ਚੜ੍ਹ ਗਈ ਤੁਹਾਨੂੰ।'

'ਭੁੱਖ ਬੜੀ ਲੱਗੀ ਐ। ਰੋਟੀ ਦਾ ਆਹਰ ਕਰ ਛੇਤੀ।'

'ਕਿਸ ਖ਼ੁਸ਼ੀ ਵਿੱਚ ਆਖਰ?' ਉਹ ਹੈਰਾਨ ਹੋ ਕੇ ਪੁੱਛਦੀ ਹੈ।

'ਓਸ ਸ਼ਹਿਰ ਕੈਂਚੀਆਂ 'ਤੇ ਬੱਸ 'ਚ ਉਹ ਬੰਦੇ ਮਰ ਗਏ ਨਾ, ਜਿਹੜੇ ਚਾਲੀ ਕੋਈ ਕਹਿੰਦੈ ਉਣੰਜਾ, ਉਹ ਕੋਈ ਬੰਬ ਧਮਾਕਾ ਨਹੀਂ ਸੀ, ਐਕਸੀਡੈਂਟ ਹੋਇਐ। ਐਕਸੀਡੈਂਟ ਤਾਂ ਹੁੰਦੇ ਈ ਰਹਿੰਦੇ ਐ।'

ਸ਼ਾਮ ਦੀ ਰੋਟੀ ਖਾ ਕੇ ਮੈਂ ਟੈਲੀਵਿਜ਼ਨ ਫੇਰ ਖੋਲ੍ਹ ਲਿਆ ਹੈ। ਸਾਡਾ ਕਾਲਜੀਏਟ ਮੁੰਡਾ ਬਾਹਰੋਂ ਆ ਕੇ ਸਾਹੋ-ਸਾਹ ਹੋਇਆ ਕਿੰਨੀਆਂ ਸਾਰੀਆਂ ਗੱਲਾਂ ਸੁਣਾ ਰਿਹਾ ਹੈ, 'ਹੈਂ-ਹੈਂ ਮੰਮੀ, ਹੈਂ ਪਾਪਾ....' ਉਹ ਦੱਸਦਾ ਹੈ, 'ਆਪਣੇ ਸ਼ਹਿਰ ਦੇ ਓਸ ਬੱਸ 'ਚ ਨੌਂ ਬੰਦੇ ਸੀ।' ਉਹ ਇੱਕ-ਇੱਕ ਕਰਕੇ ਨੌਂ ਦੇ ਨੌਂ ਬੰਦਿਆ ਬਾਰੇ ਦੱਸਦਾ ਹੈ। ਛੇ ਆਦਮੀ, ਦੋ ਔਰਤਾਂ ਤੇ ਇੱਕ ਬੱਚਾ।

ਮੈਨੂੰ ਕੋਈ ਅਫ਼ਸੋਸ ਨਹੀਂ। ਕ੍ਰਿਕਟ ਦਾ ਮੈਚ ਜ਼ੋਰ-ਸ਼ੋਰ ਨਾਲ ਚੱਲ ਰਿਹਾ ਹੈ।

ਦੂਜੇ ਦਿਨ ਸਕੂਲ ਜਾ ਕੇ ਸਾਰਾ ਦਿਨ ਉਸ ਬੱਸ ਐਕਸੀਡੈਂਟ ਦੀਆਂ ਗੱਲਾਂ ਸੁਣਨ ਨੂੰ ਮਿਲਦੀਆਂ ਹਨ। ਪਰ ਮੈਂ ਆਪਣੇ ਮਨ ਦੀ ਗੱਲ ਕਿਸੇ ਨੂੰ ਨਹੀਂ ਦੱਸੀ। ਸੋਚਦਾ ਹਾਂ, ਕੋਈ ਕੀ ਆਖੂਗਾ? ਕਿੱਡਾ ਮੂਰਖ਼ ਆਦਮੀ ਐ। ਬੰਬ ਧਮਾਕੇ ਨਾਲ ਚਾਹੇ ਐਕਸੀਡੈਂਟ ਨਾਲ, ਬੰਦੇ ਤਾਂ ਮਰ ਗਏ ਨਾ।'

ਪਰ ਨਹੀਂ, ਮੈਨੂੰ ਤਸੱਲੀ ਹੈ ਕਿ ਉਹ ਲੋਕ, ਚੰਗਾ ਹੋਇਆ, ਬੰਬ ਧਮਾਕੇ ਨਾਲ ਨਹੀਂ ਮਰੇ। ਐਕਸੀਡੈਂਟ ਨਾਲ ਮਰਨਾ ਕੋਈ ਮਾੜਾ ਨਹੀਂ, ਅੱਜ ਦੇ ਹਾਲਾਤ ਵਿੱਚ। ♦

# ਭੀੜੀ ਗਲੀ

'ਨੀ ਬੀਬੋ, ਭੀੜੀ ਗਲੀ ਨਾ ਜਾਈਂ, ਚੰਦਰੀਏ।' ਪਿੱਠ ਪਿੱਛੋਂ ਉੱਚਾ ਬੋਲ ਕੇ ਮਾਂ ਨੇ ਧੀ ਨੂੰ ਤਾੜਿਆ।

'ਨਹੀਂ ਬੇਬੇ, ਪਤੈ ਮੈਨੂੰ। ਮੈਂ ਤਾਂ ਐਧਰ ਝਾਲ ਕੰਨੀ ਦੀ ਜਾਊਂਗੀ।' ਕੁੜੀ ਨੇ ਮਾਂ ਦੀ ਤਸੱਲੀ ਕਰਾ ਦਿੱਤੀ।

ਘੁਮਿਆਰ ਦੇ ਘਰਾਂ ਤੋਂ ਲੈ ਕੇ ਓਧਰ ਪਰਲੇ ਅਗਵਾੜ ਮੱਖਣ ਝਿਊਰ ਦੇ ਘਰ ਤੱਕ ਭੀੜੀ ਗਲੀ ਜਾਂਦੀ ਸੀ। ਗਲੀ ਵਿੱਚ ਬਰਾਬਰ-ਬਰਾਬਰ ਮਸ੍ਹਾਂ ਦੋ ਬੰਦੇ ਤੁਰ ਸਕਦੇ। ਓਧਰੋਂ ਆ ਰਹੇ ਕਿਸੇ ਬੰਦੇ ਕੋਲ ਦੀ ਏਧਰੋਂ ਜਾ ਰਿਹਾ ਬੰਦਾ ਮੋਢਾ ਵੱਟ ਕੇ ਲੰਘਦਾ। ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਗਲੀ ਦੇ ਕਿਸੇ ਕੰਧ ਵਿੱਚ ਕੋਈ ਬਾਰ ਤਾਂ ਕੀ ਖਿੜਕੀ ਵੀ ਨਹੀਂ ਸੀ। ਓਧਰ ਝਿਊਰਾਂ ਦੇ ਘਰਾਂ ਤੋਂ ਲੈ ਕੇ ਏਧਰ ਘੁਮਿਆਰਾਂ ਦੇ ਘਰਾਂ ਤੱਕ ਗਲੀ ਦੀ ਢਲਾਣ ਨੀਵੀਂ ਹੀ ਨੀਵੀਂ ਹੁੰਦੀ ਆਉਂਦੀ। ਮੀਂਹ ਪਏ ਤੋਂ ਇਹ ਭੀੜੀ ਗਲੀ ਇੱਕ ਤਰ੍ਹਾਂ ਨਾਲ ਪਾਣੀ ਦਾ ਖਾਲ ਬਣ ਜਾਂਦੀ। ਮੀਂਹ ਪੈ ਰਿਹਾ ਹੁੰਦਾ ਤਾਂ ਕੋਈ ਭੀੜੀ ਗਲੀ ਜਾਂਦਾ ਹੀ ਨਾ। ਜੇ ਕੋਈ ਤੁਰ ਹੀ ਪੈਂਦਾ ਤਾਂ ਜਿੱਥੇ ਜਾ ਕੇ ਖੜ੍ਹਦਾ ਖੜ੍ਹਾ ਰਹਿੰਦਾ। ਤਿਲਕਣ ਹੁੰਦੀ ਜਾਂ ਫੇਰ ਪਾਣੀ। ਸੁੱਕਾ ਥਾਂ ਕਿਧਰੇ ਨਹੀਂ ਹੁੰਦਾ ਸੀ। ਇੱਟਾਂ-ਵੱਟੇ ਤੇ ਫੁੱਟੇ ਹੋਏ ਮਿੱਟੀ ਦੇ ਭਾਂਡਿਆਂ ਦੀਆਂ ਠੀਕਰੀਆਂ ਥਾਂ-ਥਾਂ ਖਿੰਡੀਆਂ ਰਹਿੰਦੀਆਂ। ਪਾਣੀ ਦੇ ਹੜ੍ਹ ਨਾਲ ਮਿੱਟੀ ਖੁਰਨ ਦੇ ਡਰੋਂ ਹਰ ਕੱਚੀ ਕੰਧ ਦੀਆਂ ਜੜ੍ਹਾਂ ਵਿੱਚ ਪੱਕੀਆਂ ਇੱਟਾਂ ਦੇ ਚਹੇ ਭਰੇ ਹੁੰਦੇ।

ਪਿੰਡ ਵਿੱਚ ਬਜ਼ਾਰ ਵੀ ਸੀ, ਉਸ ਤਰ੍ਹਾਂ ਦਾ ਬਜ਼ਾਰ ਨਹੀਂ, ਜਿਵੇਂ ਸ਼ਹਿਰਾਂ ਵਿੱਚ ਹੁੰਦਾ ਹੈ। ਦਸ-ਬਾਰਾਂ ਦੁਕਾਨਾਂ ਸਨ, ਜਿਨ੍ਹਾਂ ਤੋਂ ਪਿੰਡ ਵਿੱਚ ਲੋੜੀਂਦੀਆਂ ਖ਼ਾਸ-ਖ਼ਾਸ ਚੀਜ਼ਾਂ ਮਿਲ ਜਾਂਦੀਆਂ-ਖੰਡ, ਚਾਹ, ਗੁੜ ਤੇ ਲੂਣ, ਤੇਲ, ਵਸਾਰ ਤੋਂ ਲੈ ਕੇ ਕੱਪੜਾ-ਲੀੜਾ ਤੇ ਹੋਰ ਸਾਰਾ ਨਿੱਕ-ਸੁੱਕ। ਇੱਥੇ ਹੀ ਸ਼ਰਾਬ ਦਾ ਠੇਕਾ ਵੀ ਸੀ। ਦਰਜੀ ਦੀ ਦੁਕਾਨ ਤੇ ਲਲਾਰੀ ਵੀ ਬੈਠਦਾ। ਡਾਕਟਰ ਦੀ ਦੁਕਾਨ ਵੀ ਸੀ। ਹਲਵਾਈ ਸੀ। ਬੱਸ ਏਸੇ ਨੂੰ ਬਜ਼ਾਰ ਕਹਿੰਦੇ। ਸਾਰਾ ਪਿੰਡ ਬਜ਼ਾਰ ਵਿੱਚ ਆਉਂਦਾ-ਕੁੜੀਆਂ, ਬੁੜ੍ਹੀਆਂ, ਬਹੂਆਂ ਤੇ ਛੋਟੇ ਜੁਆਕ। ਪਿੱਪਲ ਥੱਲੇ ਵਿਹਲੇ ਬੰਦੇ ਤਾਸ਼ ਖੇਡਦੇ।

ਘੁਮਿਆਰਾਂ ਦੇ ਘਰਾਂ ਵੱਲ ਦੋ ਅਗਵਾੜ ਪੈਂਦੇ ਸਨ-ਲਾਲੂ ਦੀ ਪੱਤੀ ਤੇ ਬਾਵਿਆਂ ਦਾ ਅਗਵਾੜ। ਦੋਵੇਂ ਅਗਵਾੜ ਪਿੰਡ ਦੇ ਛਿਪਦੇ ਪਾਸੇ ਸਨ ਤੇ ਨੀਵੇਂ ਥਾਂ ਵੀ। ਪਿੰਡ ਦਾ ਸਾਰਾ ਪਾਣੀ ਏਧਰ ਹੀ ਆਉਂਦਾ। ਦੋਵਾਂ ਅਗਵਾੜਾ ਨੂੰ ਪੱਕੀ ਝਾਲ ਜੋੜਦੀ। ਝਾਲ

’ਤੇ ਆ ਕੇ ਹੀ ਦੋਵੇਂ ਅਗਵਾੜ ਖ਼ਤਮ ਹੁੰਦੇ। ਬਰਸਾਤਾਂ ਵਿੱਚ ਗਲੀਆਂ ਦੀ ਮਿੱਟੀ ਰੁੜ੍ਹ ਜਾਣ ਦਾ ਖ਼ਤਰਾ ਬਣਿਆ ਰਹਿੰਦਾ, ਇਸੇ ਕਰਕੇ ਇਹ ਝਾਲ ਬਣਾਈ ਗਈ ਸੀ। ਝਾਲ ਕਰਕੇ ਗਲੀਆਂ ਦਾ ਪਾਣੀ ਬੰਨ੍ਹਿਆ ਜਾਂਦਾ ਤੇ ਟਿਕਵੀਂ ਤੋਰ ਵਗ ਕੇ ਝਾਲ ਤੋਂ ਡਿੱਗਦਾ। ਇਸ ਢਾਲ ਤੋਂ ਬਜ਼ਾਰ ਤੱਕ ਵਿੰਗ-ਵਲੇਵੇ ਜੇ੍ਹ ਖਾਂਦਾ ਤੇ ਕਈ ਗਲੀਆਂ-ਅਗਵਾੜਾਂ ਨੂੰ ਪਾਰ ਕਰਦਾ ਇੱਕ ਲੰਮਾ ਰਾਹ ਸੀ-ਸਾਰਾ ਪਿੰਡ ਲੰਘ ਕੇ ਜਾਣਾ ਪੈਂਦਾ। ਪਰ ਜੇ ਭੀੜੀ ਗਲੀ ਜਾਈਦਾ ਤਾਂ ਬਜ਼ਾਰ ਬਹੁਤ ਨੇੜੇ ਸੀ। ਕਿਸੇ ਨੇ ਕਾਹਲ ਨਾਲ ਬਜ਼ਾਰ ਜਾਣਾ ਹੁੰਦਾ ਤਾਂ ਭੀੜੀ ਗਲੀ ਜਾਂਦਾ।

ਅਜਿਹਾ ਤਾਂ ਆਮ ਹੀ ਹੁੰਦਾ ਰਹਿੰਦਾ, ਕੋਈ ਛੋਟੀ ਉਮਰ ਦਾ ਮੁੰਡਾ ਜਾਂ ਕੁੜੀ ਦਾਣਿਆਂ ਦੀ ਝੋਲੀ ਜਾਂ ਨਕਦ ਪੈਸੇ ਲੈ ਕੇ ਭੀੜੀ ਗਲੀ ਵਿੱਚ ਦੀ ਬਜ਼ਾਰ ਨੂੰ ਜਾਂਦਾ ਜਾਂ ਬਜ਼ਾਰੋਂ ਕੋਈ ਸੌਦਾ ਲੈ ਕੇ ਮੁੜਦਾ, ਮਜ੍ਹਬੀਆਂ ਦੇ ਮੁੰਡੇ ਝਪੁੱਟ ਮਾਰ ਕੇ ਉਹਦੇ ਹੱਥੋਂ ਚੀਜ਼ ਜਾਂ ਪੈਸੇ ਖੋਹਦੇ ਤੇ ਭੱਜ ਜਾਂਦੇ। ਜੁਆਕਾਂ ਨੂੰ ਉਹ ਕੁੱਟਦੇ ਵੀ।

ਕਈ ਵਰ੍ਹਿਆਂ ਦੀ ਗੱਲ ਹੈ, ਜੇਠ-ਹਾੜ੍ਹ ਦੀ ਰੁੱਤ ਸੀ, ਉਸ ਦਿਨ ਹਨੇਰੀ ਵਗ ਰਹੀ ਸੀ। ਟਿੱਬਿਆਂ ਦਾ ਬਦਾਮੀ ਰੇਤਾ ਅਸਮਾਨ ਨੂੰ ਜਾ ਚੜ੍ਹਿਆ। ਵਾਰ-ਵਾਰ ਅੱਖਾਂ ਝਮਕਣੀਆਂ ਪੈਂਦੀਆਂ। ਖੁੱਲ੍ਹੀਆਂ ਅੱਖਾਂ ਤਾਂ ਰੇਤੇ ਨਾਲ ਭਰ ਜਾਂਦੀਆਂ। ਦਿੱਸਣੋ ਹਟ ਜਾਂਦਾ। ਦਿਨ ਦਾ ਛਿਪਾਅ ਸੀ। ਲਾਲੂ ਕੀ ਪੱਤੀ ਦੇ ਸੰਤੋਖ ਸਿੰਘ ਦੀ ਵੱਡੀ ਕੁੜੀ ਬਜ਼ਾਰ ਗਈ-ਦਰੀਆਂ ਦਾ ਰੰਗ ਲੈਣ। ਸਰਵਣ ਨੰਬਰਦਾਰ ਦਾ ਨਾਮਕਟੀਆ ਫ਼ੌਜੀ ਦਾਰੂ ਦੇ ਠੇਕੇ ਮੂਹਰੇ ਖੜ੍ਹਾ ਮੁੱਛਾਂ ਨੂੰ ਵੱਟ ਦੇ ਰਿਹਾ ਸੀ। ਮੂੰਹ ਨੂੰ ਘੁੱਟ ਲੱਗੀ ਹੋਈ ਸੀ। ਉਹ ਕੁੜੀ ਮਗਰ ਹੋ ਗਿਆ। ਭੀੜੀ ਗਲੀ ਦੇ ਵਿਚਾਲੇ ਜਿਹੇ ਜਾ ਕੇ ਕੁੜੀ ਨੇ ਮਗਰੋਂ ਕਿਸੇ ਦੀ ਪੈੜਚਾਲ ਸੁਣੀ ਤਾਂ ਉਹ ਚੁੱਕਵੇਂ ਪੈਰੀਂ ਤੁਰਨ ਲੱਗੀ, ਪਰ ਫ਼ੌਜੀ ਤਾਂ ਭੱਜ ਹੀ ਪਿਆ। ਅੱਖ ਦੇ ਫੋਰ ਉਹਨੇ ਆਪਣੀਆਂ ਬਾਹਾਂ ਦੇ ਸ਼ਕੰਜੇ ਵਿੱਚ ਕੁੜੀ ਨੂੰ ਜਾ ਦਬੋਚਿਆ। ਜਿਵੇਂ ਕੋਈ ਬਾਜ਼ ਚਿੜੀ ’ਤੇ ਝਪਟਦਾ ਹੋਵੇ। ਗੱਲ ਵਿਚੇ ਦੱਬੀ ਗਈ, ਪਰ ਗਲੀ ਵਿੱਚ ਡੁੱਲ੍ਹਿਆ ਲਾਲ ਰੰਗ ਓਦੋਂ ਤੱਕ ਚਰਚਾ ਦਾ ਵਿਸ਼ਾ ਬਣਦਾ ਰਿਹਾ, ਜਦੋਂ ਕਈ ਦਿਨਾਂ ਬਾਅਦ ਮੀਂਹ ਦੇ ਛੜਾਕਿਆਂ ਨੇ ਉੱਡਦਾ ਰੇਤਾ ਦੱਬ ਨਹੀਂ ਦਿੱਤਾ। ਆਥਣੇ ਜਿਹੇ ਸੰਤੋਖ ਸਿੰਘ ਦਾ ਵਿਚਕਾਰਲਾ ਮੁੰਡਾ ਗੰਡਾਸਾ ਲੈ ਕੇ ਬਜ਼ਾਰ ਵਿੱਚ ਪਿੱਪਲ ਦੀ ਚੌਕੜੀ ’ਤੇ ਆ ਬੈਠਦਾ ਤੇ ਦੱਬਵੀਂ ਜਿਹੀ ਖੰਘੂਰ ਮਾਰ ਕੇ ਮੁੱਛਾਂ ’ਤੇ ਹੱਥ ਫੇਰਦਾ ਰਹਿੰਦਾ। ਕਦੇ ਗੰਡਾਸੇ ਦੀ ਚੁੰਝ ਮਿੱਟੀ ਵਿੱਚ ਖੁਭੋਅ ਕੇ ਲੰਮੀ ਸਾਰੀ ਲਕੀਰ ਖਿੱਚਦਾ। ਸੱਜੇ-ਖੱਬੇ ਵਾਰ-ਵਾਰ ਝਾਕਦਾ, ਜਿਵੇਂ ਕਿਸੇ ਨੂੰ ਬੇਸਬਰੀ ਨਾਲ ਉਡੀਕ ਰਿਹਾ ਹੋਵੇ।

ਸਰਵਣ ਨੰਬਰਦਾਰ ਦਾ ਘਰ ਪਿੰਡ ਦੇ ਚੜ੍ਹਦੇ ਪਾਸੇ ਬਜ਼ਾਰ ਤੋਂ ਤੀਜੇ ਅਗਵਾੜ ਸੀ।

ਇਹ ਤਾਂ ਪਿਛਲੇ ਸਾਲ ਦੀ ਹੀ ਗੱਲ ਹੈ, ਝਾਲ ’ਤੇ ਬੈਠੇ ਬੰਦੇ ਝਗੜ ਰਹੇ ਸਨ।

ਕੋਈ ਕਹਿੰਦਾ ਸੀ, ‘ਭੀੜੀ ਗਲੀ ਨਾਲ ਲੱਗਦੀਆਂ ਪਿੱਠਾਂ ਵਾਲੇ ਘਰਾਂ ’ਚੋਂ ਕਿਸੇ ਨੇ ਸਿੱਟਿਐ ਇਹ ਪਾਪ।’

ਦੂਜਾ ਕੋਈ ਆਖਦਾ, ‘ਕਿਸੇ ਹੋਰ ਅਗਵਾੜੋਂ ਵੀ ਆ ਸਕਦੈ ਕੋਈ।’

ਤੀਜਾ ਦਲੀਲ ਦਿੰਦਾ, ‘ਹੋਰ ਅਗਵਾੜੋਂ ਵੀ ਕੋਈ ਆਉਂਦਾ ਤਾਂ, ਭਾਈ ਸਾਅਬ, ਗਲੀ ਦੇ ਮੋੜ ’ਤੇ ਸਿੱਟ ਕੇ ਜਾਂਦਾ।’

ਕੋਈ ਹੋਰ ਉਹਦੀ ਹਾਮੀ ਭਰਦਾ, 'ਹੋਰ ਕਿੱਧਰੋਂ ਆਉਣ ਵਾਲਾ ਗਲੀ ਦੇ ਐਨ ਵਿਚਾਲੇ ਜਾ ਕੇ ਕਿਉਂ ਸਿੱਟੂ ਬਈ। ਇਹ ਤਾਂ ਜਮ੍ਹਾਂ ਅੱਧ-ਵਿਚਾਲੇ ਪਿਆ ਐ।'

ਇੱਕ ਹੋਰ ਪੱਕੀ ਕਰਦਾ, 'ਪਹਿਲਾਂ ਵੀ ਹੋ ਚੁੱਕੀ ਇਹੀ ਵਾਰਦਾਤ। ਇੱਕ ਵਾਰੀ ਓਧਰ ਝਿਊਰਾਂ ਵੰਨੀ ਐਨ ਮੌੜ 'ਤੇ। ਇੱਕ ਵਾਰੀ ਐਧਰ ਧਰ ਕੇ ਗਿਆ ਕੋਈ, ਘੁਮਿਆਰ ਕੰਨੀ, ਜਮ੍ਹਾਂ ਗਲੀ ਦੇ ਮੂੰਹ 'ਤੇ। ਓਧਰ ਤਾਂ ਬਹੁਤੇ ਵਰ੍ਹੇ ਹੋ 'ਗੇ। ਐਧਰ ਇਹ ਦਸ ਕੁ ਵਰ੍ਹਿਆਂ ਦੀ ਗੱਲ ਐ। ਆਪਣੇ ਸਾਰਿਆਂ 'ਚੋਂ ਵੱਡਾ ਆਹ ਮੈਂਗਲ ਬੁੜ੍ਹਾ ਬੈਠਾ ਐ। ਇਹਨੂੰ ਪੁੱਛ ਲੈਨੇ ਆਂ। ਇਹਨੂੰ ਤਾਂ ਸਾਰਾ ਪਤਾ ਐ।'

ਇਸ ਵਾਰ ਇਹ ਨਵਾਂ ਜੰਮਿਆ ਬੱਚਾ ਜਿਉਂਦਾ ਸੀ। ਮੁੰਡਾ ਸੀ, ਜਦੋਂ ਕਿ ਪਹਿਲਾਂ ਦੋਵੇਂ ਕੁੜੀਆਂ ਸਨ, ਮਰੀਆਂ ਹੋਈਆਂ।

ਤੇ ਫੇਰ ਘੁਸਰ-ਮੁਸਰ ਹੋਣ ਲੱਗੀ, ਬਈ ਗਲੀ ਨਾਲ ਲੱਗਦੀਆਂ ਪਿੱਠਾਂ ਵਾਲੇ ਘਰਾਂ ਵਿਚੋਂ ਕਿਹੜੇ ਘਰ ਦੀ ਗੱਲ ਹੋ ਸਕਦੀ ਹੈ ਇਹ?

ਦੂਰ ਦੇ ਪਿੰਡਾਂ ਤੱਕ ਵੀ ਉਸ ਕਤਲ ਦਾ ਪਤਾ ਸੀ, ਜਿਹੜਾ ਇਸ ਭੀੜੀ ਗਲੀ ਵਿੱਚ ਹੋਇਆ ਸੀ। ਦੋ ਪਰਿਵਾਰਾਂ ਦੀ ਨਿੱਜੀ ਦੁਸ਼ਮਣੀ ਸੀ। ਤਿੰਨ ਪੁਸ਼ਤਾਂ ਤੋਂ ਉਨ੍ਹਾਂ ਦੇ ਕਈ ਕਤਲ ਹੋ ਚੁੱਕੇ ਸਨ। ਹਰ ਚੌਥੇ-ਪੰਜਵੇਂ ਸਾਲ ਨਵਾਂ ਕਤਲ ਹੋ ਜਾਂਦਾ। ਕਦੇ ਓਸ ਪਰਿਵਾਰ ਦਾ ਤੇ ਕਦੇ ਓਸ ਪਰਿਵਾਰ ਦਾ। ਸ਼ੇਰਾ ਤਾਂ ਬਹੁਤਾ ਹੀ ਸੂਕਰ ਗਿਆ ਸੀ। ਵਿਹਲਾ ਰਹਿੰਦਾ। ਉਹ ਪੰਜ ਭਰਾ ਸਨ। ਐਡਾ ਉੱਚਾ ਕੱਦ ਤੇ ਭਰਵਾਂ ਸਰੀਰ। ਜ਼ੋਰਾਵਰ ਬਹੁਤ ਸੀ। ਮੋਢੇ ਗੰਧਾਲਾ ਰੱਖਦਾ, ਡੱਬ ਵਿੱਚ ਬਾਰਾਂ ਬੋਰ ਦਾ ਦੇਸੀ ਪਸਤੌਲ। ਦੂਜੇ ਪਰਿਵਾਰ ਦੀਆਂ ਔਰਤਾਂ ਖੇਤ ਰੋਟੀ ਲੈ ਕੇ ਨਾ ਜਾਂਦੀਆਂ। ਦਿਨ ਛਿਪੇ ਤੋਂ ਬਾਅਦ ਉਨ੍ਹਾਂ ਦਾ ਕੋਈ ਬੰਦਾ ਘਰੋਂ ਬਾਹਰ ਨਹੀਂ ਨਿਕਲਦਾ ਸੀ। ਖੇਤਾਂ ਵਿੱਚ ਬਹੁਤਾ ਸੀਰੀ ਸਾਂਝੀ ਹੀ ਕੰਮ ਕਰਦੇ ਜਾਂ ਘਰ ਦੇ ਬੁੜ੍ਹੇ ਬੰਦੇ। ਇੱਕ ਤਰ੍ਹਾਂ ਸ਼ੇਰੇ ਨੇ ਉਨ੍ਹਾਂ ਨੂੰ ਘਰ ਵਿੱਚ ਹੀ ਕੈਦ ਕਰ ਦਿੱਤਾ ਸੀ। ਅਖ਼ੀਰ ਉਨ੍ਹਾਂ ਨੂੰ ਅੱਕ ਚੱਬਣਾ ਪਿਆ। ਉਹ ਵੀ ਤਿੰਨ ਸਨ। ਆਥਣ ਵੇਲੇ ਸ਼ੇਰਾ ਬਜ਼ਾਰ ਵਿੱਚ ਸ਼ਰਾਬ ਦੇ ਠੇਕੇ 'ਤੇ ਜ਼ਰੂਰ ਜਾਂਦਾ। ਠੇਕੇ ਵਿੱਚ ਬੈਠ ਕੇ ਹੀ ਪੀਂਦਾ। ਠੇਕੇ ਦਾ ਕਰਿੰਦਾ ਉਹਤੋਂ ਭੈਅ ਖਾਂਦਾ। ਨਹੀਂ ਤਾਂ ਹੋਰ ਕਿਸੇ ਨੂੰ ਠੇਕੇ ਵਿੱਚ ਬੈਠ ਕੇ ਉਹ ਪੀਣ ਨਹੀਂ ਦਿੰਦਾ ਸੀ। ਅਗਲੇ ਨੂੰ ਬੋਤਲ-ਅਧੀਆ ਫੜਾਉਂਦਾ ਤੇ ਤੁਰਦਾ ਕਰਦਾ। ਉਨ੍ਹਾਂ ਨੇ ਪਹਿਲਾਂ ਹੀ ਓਪਰੇ ਬੰਦੇ ਏਧਰ-ਓਧਰ ਬਿਠਾਏ ਹੋਏ ਸਨ। ਗੁੱਟ ਹੋ ਕੇ ਸ਼ੇਰਾ ਠੇਕੇ ਵਿਚੋਂ ਬਾਹਰ ਨਿਕਲਿਆ ਤੇ ਧਰਤੀ 'ਤੇ ਗੰਧਾਲਾ ਖੜਕਾਉਂਦਾ ਭੀੜੀ ਗਲੀ ਦੇ ਰਾਹ ਪੈ ਗਿਆ। ਅੱਧ ਵਿਚਕਾਰ ਗਿਆ ਤਾਂ ਦੋਵਾਂ ਪਾਸਿਆਂ ਤੋਂ ਪੈ ਗਏ ਟੁੱਟ ਕੇ ਉਹ। ਨਾ ਕੋਈ ਗੋਲੀ ਚੱਲੀ ਤੇ ਨਾ ਰੌਲਾ-ਗੌਲਾ। ਸੋਟੀਆਂ ਨਾਲ ਉਹਨੂੰ ਇਉਂ ਕੁੱਟ ਦਿੱਤਾ, ਜਿਵੇਂ ਗਿੱਦੜਮਾਰ ਰੜੇ ਮੈਦਾਨ ਗਿੱਦੜ ਦਾ ਸ਼ਿਕਾਰ ਖੇਡਦੇ ਹੋਣ।

ਫੇਰ ਤਾਂ ਪਿੰਡ ਦੀ ਪੰਚਾਇਤ ਨੇ ਭੀੜੀ ਗਲੀ ਨੂੰ ਬੰਦ ਹੀ ਕਰਵਾ ਦਿੱਤਾ ਸੀ। ਦੋਵੇਂ ਮੂੰਹਿਆਂ 'ਤੇ ਮੋੜ੍ਹੀਆਂ ਗੱਡ ਦਿੱਤੀਆਂ ਤੇ ਵਿੱਚ ਝਾਫੇ ਲਾ ਦਿੱਤੇ। ਚਲੋ ਜੀ, ਨਾ ਕੋਈ ਆਵੇ ਤੇ ਨਾ ਹੀ ਕੋਈ ਜਾਵੇ। ਨਹੀਂ ਤਾਂ ਨਿੱਤ ਕੋਈ ਨਾ ਕੋਈ ਕਾਰਾ ਹੋਇਆ ਰਹਿੰਦਾ। ਬੜੀ ਮਨਹੂਸ ਸੀ ਇਹ ਭੀੜੀ ਗਲੀ।

ਪਰ ਇਹ ਭੀੜੀ ਗਲੀ ਤਾਂ ਅੰਨ੍ਹੀ ਗਲੀ ਬਣ ਗਈ। ਮਾੜੇ ਬੰਦਿਆਂ ਨੂੰ ਮੌਜ਼ ਹੋ ਗਈ। ਉਹ ਝਾਫਿਆਂ ਨੂੰ ਪਰ੍ਹੇ ਹਟਾਉਂਦੇ ਤੇ ਜਾ ਵੜਦੇ ਗਲੀ ਅੰਦਰ। ਹੁਣ ਕਿਹੜਾ ਇਹ ਸ਼ਰ੍ਹੇਆਮ ਰਸਤਾ ਸੀ। ਜਿਵੇਂ ਘੁੱਪ-ਹਨੇਰੇ ਦੀ ਖੁੱਲ੍ਹੀ ਬੁੱਕਲ ਹੋਵੇ ਤੇ ਫੇਰ ਉਹ ਦਿਨ

ਵੀ ਆ ਗਿਆ, ਜਦੋਂ ਕਿਸੇ ਨੇ ਇੱਕ ਪਾਸਿਓਂ ਸਾਰੇ ਦੇ ਸਾਰੇ ਝਾਫੇ ਦੂਰ ਵਗਾਹ ਮਾਰੇ, ਮੋੜ੍ਹੀਆਂ ਪੁੱਟ ਦਿੱਤੀਆਂ। ਦੂਜੇ ਪਾਸੇ ਵੀ ਇਹੋ ਹੋਇਆ। ਭੀੜੀ ਗਲੀ ਦਾ ਕਾਰੋਬਾਰ ਪਹਿਲਾਂ ਵਾਂਗ ਹੀ ਚੱਲਣ ਲੱਗਿਆ।

ਮਾਵਾਂ ਆਪਣੀਆਂ ਮੁਟਿਆਰ ਧੀਆਂ ਨੂੰ ਭੀੜੀ ਗਲੀ ਜਾਣ ਨਾ ਦਿੰਦੀਆਂ। ਕੋਈ ਕੁੜੀ ਜਾਂਦੀ ਵੀ ਤਾਂ ਕਿਸੇ ਵੱਡੀ ਬੁੜ੍ਹੀ ਦਾ ਆਸਰਾ ਲੈ ਕੇ। ਛੋਟੇ ਜੁਆਕ ਵੀ ਕਿਸੇ ਵੱਡੇ ਦਾ ਸਾਥ ਕਰ ਕੇ ਜਾਂਦੇ। ਦੋ-ਚਾਰ ਜੁਆਕ ਇਕੱਠੇ ਜਾਂਦੇ ਤਾਂ ਭੱਜ ਕੇ ਗਲੀ ਨੂੰ ਪਾਰ ਕਰਦੇ, ਜਿਵੇਂ ਉਨ੍ਹਾਂ ਮਗਰ ਕੋਈ ਭੂਤ-ਪ੍ਰੇਤ ਪਿਆ ਹੋਵੇ।

ਇੱਕ ਦਿਨ ਘੋਰ ਅਨਰਥ ਹੋ ਗਿਆ। ਸਾਰਾ ਪਿੰਡ ਮੂੰਹ ਵਿੱਚ ਉਂਗਲਾਂ ਪਾਉਣ ਲੱਗਿਆ। ਕਿੱਡਾ ਵੱਡਾ ਗੁਨਾਹ ਕੀਤਾ ਸੀ, ਪਰਸ਼ੋਤਮ ਸਿੰਘ ਨੇ। ਉਹਦੇ ਘਰ ਦੀ ਪਿੱਠ ਭੀੜੀ ਗਲੀ ਨਾਲ ਲੱਗਦੀ ਸੀ। ਓਧਰਲੇ ਪਾਸੇ ਉਹਦੇ ਘਰ ਦਾ ਵਿਹੜਾ ਛੋਟਾ ਸੀ। ਵਰਾਂਡੇ ਮਗਰ ਦੋ ਕਮਰੇ ਸਨ, ਜਿਹੜੇ ਘਰ ਦੇ ਲਕੇ-ਤੁਕੇ ਨਾਲ ਅੱਟੇ ਰਹਿੰਦੇ। ਇਨ੍ਹਾਂ ਦੋ ਕਮਰਿਆਂ ਮਗਰ ਦੋ ਕਮਰੇ ਹੋਰ ਸਨ, ਇੱਕ ਵਿੱਚ ਪੇਟੀਆਂ-ਸੰਦੂਖ ਤੇ ਦੂਜੇ ਵਿੱਚ ਰਜ਼ਾਈਆਂ, ਗਦੈਲੇ ਤੇ ਹੋਰ ਲੀੜਾ-ਕੱਪੜਾ ਮੰਜਿਆਂ ’ਤੇ ਪਿਆ ਰਹਿੰਦਾ। ਪਿਛਲੇ ਦੋਵੇਂ ਕਮਰਿਆਂ ਦੀਆਂ ਛੱਤਾਂ ਵਿੱਚ ਮੋਘੇ ਰੱਖੇ ਹੋਏ ਸਨ, ਨਹੀਂ ਤਾਂ ਸੂਰਜ ਦੀ ਰੌਸ਼ਨੀ ਪਹੁੰਚਦੀ ਨਹੀਂ ਸੀ। ਬੁੜ੍ਹੀਆਂ ਨੇ ਅੰਦਰੋਂ ਕੋਈ ਚੀਜ਼ ਲੈਣੀ ਹੁੰਦੀ ਤਾਂ ਲਾਲਟੈਣ ਲੈ ਕੇ ਅੰਦਰ ਵੜਦੀਆਂ।

ਪਰਸ਼ੋਤਮ ਸਿੰਘ ਨੇ ਦਿਲ ਕਰੜਾ ਕੀਤਾ ਤੇ ਭੀੜੀ ਗਲੀ ਵਾਲੀ ਪਿਛਲੀ ਕੰਧ ਭੰਨ੍ਹ ਕੇ ਲੱਕੜ ਦੀ ਚੁਗਾਠ ਨੂੰ ਤਖ਼ਤੇ ਲਵਾ ਦਿੱਤੇ। ਰਜ਼ਾਈ-ਗੁਦੈਲਿਆਂ ਵਾਲੇ ਕਮਰੇ ਨੂੰ ਬੈਠਕ ਬਣਾ ਲਿਆ। ਧੁਰ ਤੋਂ ਧੁਰ ਤੱਕ ਸਾਰੇ ਘਰ ਵਿੱਚ ਚਾਨਣ ਹੋ ਗਿਆ।

ਉਹ ਝਾਲ ’ਤੇ ਆ ਕੇ ਬੈਠਾ ਤਾਂ ਕੋਈ ਜਣਾ ਉਹਦੇ ਨਾਲ ਬੋਲੇ ਹੀ ਨਾ, ਜਿਵੇਂ ਉਹਨੇ ਗਊ ਮਾਰ ਦਿੱਤੀ ਹੋਵੇ। ਚੁੱਪ-ਕੀਤਾ ਉੱਠ ਕੇ ਘਰ ਨੂੰ ਆ ਗਿਆ। ‘ਦਮਾਕ ਨ੍ਹੀਂ ਫਿਰ ਗਿਆ ਲੱਗਦਾ ਇਹਦਾ?’ ਕੋਈ ਉਹ ਦੀ ਪਿੱਠ ਪਿੱਛੇ ਕਹਿ ਰਿਹਾ ਸੀ।

ਪਰ ਕੁਝ ਦਿਨ ਹੀ ਲੰਘੇ ਹੋਣਗੇ, ਪਰਸ਼ੋਤਮ ਸਿੰਘ ਤੋਂ ਚੌਥੇ ਘਰ ਵਾਲੇ ਸੱਜਣ ਸਿੰਘ ਨੇ ਵੀ ਕੰਧ ਭੰਨ੍ਹ ਕੇ ਬਾਰ ਕੱਢ ਲਿਆ। ਤੇ ਫੇਰ ਛੇ ਮਹੀਨਿਆਂ ਦੇ ਅੰਦਰ-ਅੰਦਰ ਗਲੀ ਦੀਆਂ ਦੋਵੇਂ ਪਾਸਿਆਂ ਦੀਆਂ ਕੰਧਾਂ ਵਿੱਚ ਸੱਤ-ਅੱਠ ਬਾਰ ਨਿਕਲ ਗਏ। ਜਿਵੇਂ ਭੀੜੀ ਇਹ ਰਹੀ ਹੀ ਨਾ ਹੋਵੇ। ਹੁਣ ਗਲੀ ਵਿੱਚ ਦੀ ਲੰਘਣ ਵਾਲੇ ਲੋਕ ਕਾਹਲ ਨਾਲ ਨਹੀਂ ਤੁਰਦੇ ਸਨ। ਹੌਲੀ-ਹੌਲੀ ਜਾਂਦੇ ਧੀਰਜ-ਮਤੇ ਨਾਲ, ਗੱਲਾਂ ਕਰਦੇ। ਬਜ਼ਾਰ ਨੂੰ ਝਾਲ ਕੰਨੀਂ ਦੀ ਹੁਣ ਕਾਹਨੂੰ ਜਾਂਦਾ ਸੀ ਕੋਈ। ♦

# ਤਕਸੀਮ

'ਤਕਸੀਮ' ਤਾਂ ਤੁਸੀਂ ਜਾਣਦੇ ਹੋ: ਇੱਕ ਪਏ-ਦਾਅ ਲਕੀਰ, ਦੋਵੇਂ ਸਿਰਿਆਂ ਤੋਂ ਹੇਠਾਂ ਵੱਲ ਖਿੱਚੀਆਂ ਤੇ ਫਿਰ ਬਾਹਰ ਵੱਲ ਨੂੰ ਜਾਂਦੀਆਂ ਦੋ ਚਾਪਾਂ, ਅਰਧ-ਚੰਦ ਅਕਾਰ ਦੀਆਂ। ਬੱਸ, ਇਸ ਪ੍ਰਕਾਰ ਹੀ ਸਨ ਉਸ ਦੀਆਂ ਮੁੱਛਾਂ। ਉਤਲੇ ਬੁੱਲ੍ਹ 'ਤੇ ਛੋਟੇ-ਛੋਟੇ ਵਾਲਾਂ ਦੀ ਸਿੱਧੀ ਰੇਖਾ ਤੇ ਫਿਰ ਦੋਵੇਂ ਸਿਰਿਆਂ ਤੋਂ ਲੰਬੇ-ਲੰਬੇ ਕੁੰਡਲ, ਥੱਲੇ ਨੂੰ ਆ ਕੇ ਇਕਦਮ ਉਤਾਂਹ ਉੱਠੇ ਹੋਏ। ਕੁੰਡਲਾਂ ਨੂੰ ਉਹ ਮਰੋੜਾ ਦੇ ਕੇ ਰੱਖਦਾ। ਉਤਾਂਹ ਚੁੱਕਦਾ ਜਾਂ ਸਿੱਧਾ ਕਰਦਾ, ਪਰ ਉਹ ਫਿਰ ਆਪਣੀ ਅਸਲ ਸ਼ਕਲ ਵਿੱਚ ਕੁੰਡਲ ਬਣ ਜਾਂਦੇ। ਫ਼ਿਕਸਰ ਲਾ ਕੇ ਚਿਪਕਾਈ ਬਹੁਤ ਘੱਟ ਤੇ ਕੱਕੇ ਵਾਲਾਂ ਦੀ ਦਾੜ੍ਹੀ 'ਤੇ ਉਸ ਦੀਆਂ ਮੁੱਛਾਂ ਹੋਰ ਵੀ ਤਕਸੀਮ ਬਣ ਕੇ ਉੱਘੜਦੀਆਂ। ਉਸ ਦੇ ਸਾਥੀਆਂ ਨੇ ਉਸ ਦਾ ਨਾਉਂ ਤਕਸੀਮ ਰੱਖ ਛੱਡਿਆ ਸੀ। ਲਛਮਣ ਸਿੰਘ ਤਾਂ ਉਸ ਨੂੰ ਕਦੇ ਹੀ ਕੋਈ ਆਖਦਾ ਜਾਂ ਫਿਰ ਮਹੀਨੇ ਪਿੱਛੋਂ ਤਨਖ਼ਾਹ ਲੈਣ ਵੇਲੇ ਕਲਰਕ ਦੇ ਮੂੰਹੋਂ ਉਸ ਦਾ ਨਾਉਂ ਸੁਣਿਆ ਜਾਂਦਾ-'ਚੱਲ ਬਈ, ਲਛਮਣ ਸਿੰਘ ਲਾ ਟਿਕਟ।'

ਲਛਮਣ ਸਿੰਘ...ਲੱਛੂ....ਲੱਛੂ.....ਲੱਛਾ...ਵਾਲਾ ਦਾ ਲੱਛਾ....ਤੇ ਫਿਰ ਵਾਲਾਂ ਤੋਂ ਗੱਲ ਤੁਰ ਕੇ ਉਸ ਦੀਆਂ ਮੁੱਛਾਂ 'ਤੇ ਆ ਅਟਕਦੀ। ਉਹ ਗੁੱਸਾ ਨਹੀਂ ਕਰਦਾ ਸੀ। ਖਿਝਦਾ, ਮੋੜਵੇਂ ਜਵਾਬ ਕਰਦਾ ਤਾਂ ਸਾਥੀ ਹੋਰ ਛੇੜਦੇ। ਉਸ ਨੂੰ ਕੋਈ ਕੁਝ ਕਹੀ ਜਾਂਦਾ, ਉਹ ਮੁਸਕਰਾ ਹੀ ਛੱਡਦਾ। ਮੁਸਕਰਾਉਣ ਨਾਲ ਉਸ ਦੀਆਂ ਮੁੱਛਾਂ ਦੀ ਤਕਸੀਮ ਹੋਰ ਉੱਘੜ-ਉੱਘੜ ਪੈਂਦੀ।

ਉਸ ਦੇ ਸਾਥੀ ਲਖਬੀਰ, ਭਰਪੂਰ, ਜਸਵਿੰਦਰ ਤੇ ਹਰਨੇਕ ਇੱਕੋਂ ਜਿਹੀ ਉਮਰ ਦੇ, ਇੱਕੋ ਜਿਹੀਆਂ ਆਦਤਾਂ ਦੇ ਮਾਲਕ ਸਨ। ਲਖਬੀਰ ਕੁਝ ਚੁਸਤ, ਸਿਆਣਾ ਤੇ ਬਾਕੀਆਂ 'ਤੇ ਪ੍ਰਭਾਵ ਰੱਖਦਾ। ਚਾਰੇ ਹੀ ਛੜੇ-ਛੜਾਂਗ। ਇੱਕ ਚੁਬਾਰਾ ਕਿਰਾਏ 'ਤੇ ਲੈ ਕੇ ਇਕੱਠੇ ਰਹਿੰਦੇ। ਜਿਸ ਦਿਨ ਤਨਖ਼ਾਹ ਮਿਲਦੀ, ਉਹ ਪੀਣ ਦਾ ਪ੍ਰੋਗਰਾਮ ਬਣਾ ਲੈਂਦੇ। ਪੀਂਦੇ ਤੇ ਪੂਰਾ ਸ਼ੁਗਲ ਕਰਦੇ। ਇੱਕ ਵਾਰ ਉਨ੍ਹਾਂ ਨੇ ਤਕਸੀਮ ਨੂੰ ਵੀ ਚੁਬਾਰੇ ਵਿੱਚ ਬੁਲਾ ਲਿਆ। ਉਹ ਪਰਿਵਾਰ ਸਮੇਤ ਵੱਖਰੇ ਮਕਾਨ ਵਿੱਚ ਸੀ।

ਤਕਸੀਮ ਵਿੱਚ ਹੀਣਤਾ-ਭਾਵ ਪੈਦਾ ਹੁੰਦਾ ਜਾਂਦਾ ਸੀ। ਸਾਥੀਆਂ ਵਿੱਚ ਬੈਠ ਕੇ ਉਹ ਕੋਈ ਸੁਭਾਇਕੀ ਗੱਲ ਕਰਦਾ ਤਾਂ ਵੀ ਉਸ ਦੀ ਗੱਲ ਦਾ ਮਖੌਲ ਉਡਾ ਦਿੱਤਾ ਜਾਂਦਾ ਤੇ ਫਿਰ ਉਸ ਨੂੰ ਤਾਂ ਬੋਲਣ ਹੀ ਨਾ ਦਿੱਤਾ ਜਾਂਦਾ। ਮਖੌਲ 'ਤੇ ਮਖੌਲ। ਉਹ ਚੁੱਪ ਕਰਕੇ ਬੈਠ ਜਾਂਦਾ। ਉੱਤੋਂ-ਉੱਤੋਂ ਮੁਸਕਰਾਉਂਦਾ, ਪਰ ਅੰਦਰਲੇ ਮਨੋਂ ਹੀਣਾ ਹੋ ਚੁੱਕਿਆ ਹੁੰਦਾ।

ਕਦੇ ਜੇ ਕੋਈ ਉਸ ਨੂੰ ਪਿਆਰ ਨਾਲ ਬੁਲਾਉਂਦਾ ਤਾਂ ਉਹ ਮੁਸਕਰਾ-ਮੁਸਕਰਾ ਕੇ ਪੂਰੀ ਗੱਲਬਾਤ ਕਰਦਾ, ਪਰ ਅੰਦਰੋਂ ਡਰਦਾ ਰਹਿੰਦਾ। ਕਿਤੇ ਮਖੌਲ ਵਜੋਂ ਤਾਂ ਨਹੀਂ ਕਰ ਰਿਹਾ ਇਹ ਗੱਲ।

ਸਾਥੀਆਂ ਦੀ ਇਸ ਗੱਲ ਦਾ ਉਹ ਨੇ ਪਹਿਲਾਂ ਤਾਂ ਮਖੌਲ ਹੀ ਸਮਝਿਆ ਹੈ ਕਿ ਅੱਜ ਚੁਬਾਰੇ ਵਿੱਚ ਤਕਸੀਮ ਨੂੰ ਵੀ ਨਾਲ ਪਿਆਉਣੀ ਹੈ। ਪਰ ਵਿਸ਼ਵਾਸ ਉਸ ਨੂੰ ਤਦ ਆਇਆ, ਜਦੋਂ ਲਖਬੀਰ ਨੇ ਆਪਣੀ ਜੇਬ੍ਹ ਵਿਚੋਂ ਰੁਪਏ ਕੱਢ ਕੇ ਉਸ ਨੂੰ ਹੀ ਫੜਾ ਦਿੱਤੇ ਤੇ ਕਿਹਾ ਕਿ ਉਹ ਉਸ ਦਾ ਨਾਉਂ ਲੈ ਕੇ ਨੰਬਰਦਾਰਾਂ ਤੋਂ ਦੋ ਬੋਤਲਾਂ ਲੈ ਆਵੇ। ਕੰਬਦੇ ਹੱਥਾਂ ਨਾਲ ਤਕਸੀਮ ਨੇ ਰੁਪਏ ਫੜੇ ਸਨ।

ਮਈ ਦੇ ਦਿਨ ਸਨ। ਦਿਨ ਵੇਲੇ ਹਨੇਰੀਆਂ ਚੱਲਦੀਆਂ। ਕਦੇ-ਕਦੇ ਬੱਦਲ ਹੋ ਜਾਂਦੇ ਹਨੇਰੀ ਵੀ ਉੱਠਦੀ, ਪਰ ਬੱਦਲਾਂ ਦੀ ਗੜਗੜਾਹਟ ਵਿਚੋਂ ਚਾਰ ਛਿੱਟੇ ਵਰ੍ਹ ਜਾਂਦੇ ਤਾਂ ਮੌਸਮ ਸਾਫ਼ ਹੋ ਜਾਂਦਾ। ਬਹੁਤੀਆਂ ਕਣੀਆਂ ਪੈਂਦੀਆਂ ਤਾਂ ਹਵਾ ਵਿੱਚ ਠੰਡ ਵੀ ਭਰ ਜਾਂਦੀ। ਇਸ ਤਰ੍ਹਾਂ ਦੀ ਹਵਾ ਸਾਹਾਂ ਵਿੱਚ ਤਾਜ਼ਗੀ ਲਿਆਉਂਦੀ।

ਉਸ ਦਿਨ ਸ਼ਾਮ ਨੂੰ ਵੀ ਮੀਂਹ ਪੈ ਕੇ ਹਟਿਆ ਸੀ। ਠੰਡੀ-ਠੰਡੀ ਹਵਾ ਚੱਲ ਰਹੀ ਸੀ। ਉਨ੍ਹਾਂ ਦੇ ਚੁਬਾਰੇ ਕੋਲ ਵੱਡੇ ਪਿੱਪਲ ਦੇ ਪੱਤਿਆਂ ਦੀ ਖੜਖੜ ਕੰਨਾਂ ਨੂੰ ਸੁਖਾਵੀਂ-ਸੁਖਾਵੀਂ ਲੱਗ ਰਹੀ ਸੀ।

ਚੁੱਲ੍ਹੇ 'ਤੇ ਮੀਟ ਦਾ ਪਤੀਲਾ ਰੱਖ ਕੇ ਉਨ੍ਹਾਂ ਨੇ ਚੁਬਾਰੇ ਅੱਗੇ ਦੋ ਮੰਜੇ ਡਾਹੇ ਤੇ ਵਿਚਕਾਰ ਮੇਜ਼ ਰੱਖ ਕੇ ਪੀਣੀ ਸ਼ੁਰੂ ਕਰ ਦਿੱਤੀ। ਪਹਿਲਾਂ ਤਾਂ ਅੰਬ ਦੇ ਅਚਾਰ ਤੇ ਗੱਠਿਆਂ ਨਾਲ ਜੀਭ ਸੁਆਦ ਕਰਦੇ ਰਹੇ ਤੇ ਫਿਰ ਜਦੋਂ ਪਤੀਲੇ ਵਿਚੋਂ ਸੁਗੰਧ ਆਉਣ ਲੱਗੀ, ਉਹ ਅੱਧ-ਕੱਚੇ ਮੀਟ ਦੀਆਂ ਸੰਖੀਆਂ ਹੀ ਚੂਸਣ ਲੱਗੇ। ਪੀਂਦੇ ਰਹੇ। ਤਕਸੀਮ ਨਾਲ ਸ਼ੁਗਲ ਕਰਦੇ ਰਹੇ।

'ਕਿਉਂ ਭੁਕਾਈ ਮਾਰੀ ਐ, ਕੰਜਰ ਦੇ ਪੁੱਤੋ। ਇੱਕ ਵਾਰੀ ਕਹਿ ਲਓ, ਜੋ ਕਹਿਣਾ ਐ। ਸਾਰਾ ਦਿਨ ਹਿੜਹਿੜ ਕਰਨ ਦਾ ਕੀ ਮਤਲਬ।' ਤਕਸੀਮ ਨੇ ਗੰਭੀਰਤਾ ਤੇ ਗੁੱਸੇ ਵਿੱਚ ਰਲੀ-ਮਿਲੀ ਗੱਲ ਆਖੀ।

ਲਖਬੀਰ ਤੇ ਭਰਪੂਰ, ਜਿਹੜੇ ਇੱਕੋ ਮੰਜੇ 'ਤੇ ਕੋਲ ਬੈਠੇ ਸਨ, ਨੇ ਸੈਨਤ ਰਲਾਈ, ਅੱਜ ਸਾਲੇ ਨਾਲ ਕੋਈ ਵਧੀਆ ਮਖੌਲ ਕਰੀਏ।

ਦੋਵੇਂ ਬੋਤਲਾਂ ਮੁਕਾ ਕੇ ਉਨ੍ਹਾਂ ਨੇ ਰੋਟੀ ਖਾ ਲਈ ਤੇ ਪੈਣ ਲੱਗੇ। ਦਸ ਵਜੇ ਦਾ ਵਕਤ ਹੋ ਗਿਆ ਸੀ। ਚਾਰ ਮੰਜੇ ਨਿੱਤ ਵਾਂਗ ਉਨ੍ਹਾਂ ਨੇ ਚੁਬਾਰੇ ਅੱਗੇ ਹੀ ਡਾਹ ਲਏ ਤੇ ਆਪੋ-ਆਪਣੇ ਵਿਛਾ ਵੀ ਲਏ। ਰੋਟੀ ਵੀ ਤਕਸੀਮ ਨੇ ਉਸ ਦਿਨ ਉੱਥੇ ਉਨ੍ਹਾਂ ਨਾਲ ਖਾਧੀ। ਉਹ ਘਰ ਨੂੰ ਜਾਣ ਲੱਗਿਆ ਤਾਂ ਲਖਬੀਰ ਕਹਿੰਦਾ, 'ਤਕਸੀਮ, ਕੱਚੇ ਰਹਿ ਗਏ, ਯਾਰ। ਹੋਰ ਮੰਗਾਈਏ।'

'ਨਾਂਹ, ਮੈਂ ਤਾਂ ਬਿਲਕੁੱਲ ਠੀਕ ਆਂ।'

ਤਕਸੀਮ ਨੇ ਜਵਾਬ ਦਿੱਤਾ ਤੇ ਚੁਬਾਰੇ ਦੀਆਂ ਪੌੜੀਆਂ ਉਤਰਨ ਲਈ ਕਾਹਲ ਨਾਲ ਪੈਰ ਪੁੱਟਿਆ।ਉਏ, ਤੂੰ ਠਹਿਰ ਤਾਂ ਸਹੀ ਲਖਬੀਰ ਦੇ ਕੜਕਵੇਂ ਬੋਲ ਨੇ ਜਿਵੇਂ ਉਸ ਦੇ ਪੈਰਾਂ ਨੂੰ ਸੰਗਲ ਮਾਰ ਲਿਆ ਹੋਵੇ। ਹਿਠਾਂਹ ਪੈਰ ਰੱਖ ਕੇ ਉਸ ਨੇ ਫਿਰ ਉਤਾਂਹ ਚੁੱਕ

ਲਿਆ। ਕਹਿਣ ਲੱਗਿਆ, 'ਛੇਤੀ ਦੱਸ। ਖ਼ਾਸਾ ਹਨੇਰਾ ਹੋ ਗਿਐ। ਘਰ ਦੇ ਉਡੀਕਦੇ ਹੋਣਗੇ।'

'ਆਂ, ਘਰ ਦੇ ਉਡੀਕਦੇ ਹੋਣਗੇ, ਤੈਨੂੰ ਮਹੀਵਾਲ ਨੂੰ।' ਭਰਪੂਰ ਨੇ ਚੋਟ ਕੀਤੀ।

'ਆਹ ਫੜ ਦਸ ਰੁਪਏ। ਭਰਪੂਰ ਨੂੰ ਲੈ ਜਾ ਨਾਲ। ਇੱਕ ਬੋਤਲ ਹੋਰ ਫੜ ਲਿਆ। ਲਖਬੀਰ ਨੇ ਹੁਕਮ ਵਾਂਗ ਕਹਿ ਦਿੱਤਾ।

ਤਕਸੀਮ ਨੇ ਉਸ ਦਾ ਕਹਿਣਾ ਨਹੀਂ ਮੋੜਿਆ। ਇਹ ਵੀ ਸ਼ਾਇਦ ਨਹੀਂ ਸੋਚਿਆ ਹੋਵੇਗਾ ਕਿ ਰੋਟੀ ਤਾਂ ਖਾ ਲਈ ਸਭ ਨੇ, ਰੋਟੀ ਤੋਂ ਬਾਅਦ ਕੌਣ ਪੀਂਦਾ ਹੈ। ਭਰਪੂਰ ਨੂੰ ਉਹ ਕਹਿਣ ਲੱਗਿਆ, 'ਚੱਲ ਬਈ, ਹੋ ਖੜ੍ਹਾ।'

ਭਰਪੂਰ ਕਹਿੰਦਾ, 'ਚੱਲ। ਕੁੜਤਾ ਪਾ ਲਵਾਂ ਮੈਂ।'

ਤਕਸੀਮ ਦਸਾਂ ਦਾ ਨੋਟ ਲੈ ਕੇ ਹੌਲੀ-ਹੌਲੀ ਪੌੜੀਆਂ ਉਤਰਨ ਲੱਗਿਆ। ਭਰਪੂਰ ਅਜੇ ਖੜ੍ਹਾ ਸੀ ਤੇ ਮੁਸਕਰਾ ਰਿਹਾ ਸੀ। ਲਖਬੀਰ ਨੇ ਉਸ ਦੇ ਕੰਨ ਵਿੱਚ ਕੋਈ ਗੱਲ ਸਮਝਾਈ। ਉਹ ਵੀ ਫਿਰ ਉਸ ਦੇ ਮਗਰ ਦਗੜ-ਦਗੜ ਪੌੜੀਆਂ ਉਤਰ ਗਿਆ।

ਸ਼ਰਾਬ ਦਾ ਠੇਕਾ ਮਜ਼੍ਹਬੀਆਂ-ਵਿਹੜੇ ਸੀ। ਉਨ੍ਹਾਂ ਦੇ ਘਰ ਅਘੜੇ-ਦੁਘੜੇ ਜਿਹੇ ਬਣੇ ਹੋਏ ਸਨ। ਕੋਈ ਤਰਤੀਬ ਨਹੀਂ ਸੀ। ਗਲੀਆਂ ਬਹੁਤ ਤੰਗ ਸਨ ਤੇ ਸਿੱਧੀਆਂ ਨਹੀਂ ਸਨ। ਬਿਗਾਨੇ ਆਦਮੀ ਨੂੰ ਪਤਾ ਲਾਉਣਾ ਮੁਸ਼ਕਲ ਸੀ ਕਿ ਕੋਈ ਗਲੀ ਕਿਧਰ ਨੂੰ ਜਾਂਦੀ ਹੈ ਤੇ ਫਿਰ ਕਿੱਥੇ ਜਾ ਕੇ ਖ਼ਤਮ ਹੋ ਜਾਂਦੀ ਹੈ। ਅਗਾਂਹ ਕਿਸੇ ਰਾਹ 'ਤੇ ਨਿਕਲ ਵੀ ਜਾਂਦੀ ਹੈ ਜਾਂ ਘਰਾਂ ਵਿੱਚ ਜਾ ਕੇ ਬੰਦ ਹੋ ਜਾਂਦੀ ਹੈ।

ਅੱਗੇ-ਅੱਗੇ ਤਕਸੀਮ ਜਾ ਰਿਹਾ ਸੀ। ਪਿੱਛੇ-ਪਿੱਛੇ ਭਰਪੂਰ। ਭਰਪੂਰ ਕਹਿੰਦਾ ਜਾ ਰਿਹਾ ਸੀ, 'ਤੂੰ ਹੀ ਲੱਗੀ ਚੱਲ, ਯਾਰ, ਮੂਹਰੇ। ਤੂੰ ਤਾਂ ਸਿਆਣੂ ਐਂ ਠੇਕੇ ਦਾ। ਮੈਂ ਤਾਂ ਕਦੇ ਆਇਆ ਨਹੀਂ ਏਧਰ।'

ਇੱਕ ਗਲੀ ਦੇ ਮੋੜ 'ਤੇ ਜਾ ਕੇ ਤਕਸੀਮ ਅਗਾਂਹ ਲੰਘ ਗਿਆ ਤੇ ਭਰਪੂਰ ਪਿੱਛੇ ਰਹਿ ਗਿਆ। ਭਰਪੂਰ ਪਿੱਛੇ ਹੀ ਮੁੜ ਆਇਆ। ਬਹੁਤ ਤੇਜ਼ ਭੱਜ ਕੇ ਆਪਣੇ ਚੁਬਾਰੇ ਦੀਆਂ ਪੌੜੀਆਂ ਆ ਚੜ੍ਹਿਆ। ਚੁਬਾਰੇ ਅੱਗਿਓਂ ਆਪਣਾ ਬਿਸਤਰਾ ਨਹੀਂ ਚੁੱਕਿਆ। ਚੁਬਾਰੇ ਦੀ ਛੱਤ 'ਤੇ ਹਮੇਸ਼ਾ ਹੀ ਦੋ ਢਿਲਕੇ ਜਿਹੇ ਪੁਰਾਣੇ ਬਾਣ ਦੇ ਮੰਜੇ ਪਏ ਰਹਿੰਦੇ। ਨਾ ਤਾਂ ਉਨ੍ਹਾਂ ਨੂੰ ਮੀਂਹ-ਕਣੀ ਵਿੱਚ ਹੇਠ ਲਾਹਿਆ ਜਾਂਦਾ ਤੇ ਨਾ ਜੇਠ-ਹਾੜ੍ਹ ਦੀ ਧੁੱਪ ਵਿੱਚ। ਹਮੇਸ਼ਾ ਹੀ ਉਹ ਖੁੱਲ੍ਹੇ ਅਕਾਸ਼ ਹੇਠ ਤਪਦੇ-ਸੜਦੇ ਰਹਿੰਦੇ। ਕਦੇ ਕਿਸੇ ਨੇ ਚੁਬਾਰੇ 'ਤੇ ਸੌਣਾ ਹੁੰਦਾ ਤਾਂ ਸੌਂ ਜਾਂਦਾ। ਆਮ ਤੌਰ 'ਤੇ ਉਹ ਚੁਬਾਰੇ ਦੇ ਅੱਗੇ ਹੀ ਪੈਂਦੇ। ਬਹੁਤੀ ਗਰਮੀ ਹੁੰਦੀ ਤਾਂ ਸਟੂਲ ਰੱਖ ਕੇ ਟੇਬਲ-ਫੈਨ ਲਾ ਲੈਂਦੇ। ਸਾਰੀ ਰਾਤ ਹਵਾ ਦੇ ਫਰਾਟੇ ਚਾਰੇ ਮੰਜਿਆਂ ਦੇ ਉਤੋਂ ਦੀ ਗੁਜ਼ਰਦੇ ਰਹਿੰਦੇ। ਮੱਛਰ ਵੀ ਦੂਰ ਰਹਿੰਦਾ। ਭਰਪੂਰ ਨੇ ਇੱਕ ਚਾਦਰ ਲਈ ਤੇ ਉਸ ਨੂੰ ਚੁਬਾਰੇ ਦੀ ਛੱਤ 'ਤੇ ਪਏ ਇੱਕ ਮੰਜੇ ਉੱਤੇ ਵਿਛਾ ਕੇ ਅਰਾਮ ਨਾਲ ਸੌਂ ਗਿਆ।

ਕੋਈ ਇੱਕ ਘੰਟੇ ਬਾਅਦ ਤਕਸੀਮ ਦੀ ਪੈੜ-ਚਾਲ ਪੌੜੀਆਂ ਵਿੱਚ ਹੋਈ। ਚੁਬਾਰੇ ਅੱਗੇ ਪਏ ਤਿੰਨਾਂ ਵਿਚੋਂ ਕੋਈ ਨਾ ਕੁਸਕਿਆ।

'ਲਖਬੀਰ।' ਤਕਸੀਮ ਨੇ ਉੱਤੇ ਆ ਕੇ ਭਰੜਾਇਆ ਜਿਹਾ ਬੋਲ ਕੱਢਿਆ।

ਕੋਈ ਨਹੀਂ ਬੋਲਿਆ।

'ਲਖਬੀਰ, ਸੌਂ ਗਿਆ?' ਉਹ ਫਿਰ ਰੋਣ ਵਾਲਿਆਂ ਵਾਂਗ ਬੋਲਿਆ।

'ਕਿਉਂ। ਕੀਹ ਐ?'

'ਮੈਂ ਆਂ।'

'ਤਕਸੀਮ, ਸਾਲਿਆਂ ਐਨਾ ਚਿਰ? ਅਸੀਂ ਤਾਂ ਸੌਂ ਵੀ ਗਏ।' ਲਖਬੀਰ ਨੇ ਮੰਜੇ ਤੋਂ ਬੈਠਾ ਹੋ ਕੇ ਰੋਬ੍ਹ ਵਿੱਚ ਆਖਿਆ।

'ਯਾਰ, ਬੋਤਲ ਤਾਂ ਮੈਂ ਲੈ ਕੇ ਨਹੀਂ ਆਇਆ। ਭਰਪੂਰ ਨਹੀਂ ਉਪੜਿਆਂ?'

'ਭਰਪੂਰ? ਕਿੱਥੇ ਐ ਭਰਪੂਰ?'

'ਏਥੇ ਨਹੀਂ ਆਇਆ?'

'ਨਹੀਂ, ਏਥੇ ਕਿੱਥੇ ਐ?'

'ਤਾਂ ਫਿਰ?'

'ਤਾਂ ਫਿਰ ਕਿੱਧਰ ਛੱਡ ਆਇਆ ਤੂੰ ਉਸ ਨੂੰ?'

ਤਕਸੀਮ ਥਰ-ਥਰ ਕੰਬਣ ਲੱਗਿਆ।

'ਤੈਨੂੰ ਪਤੈ, ਉਸੇ ਮਜ਼੍ਹਬੀਆਂ-ਵਿਹੜੇ ਪਿਛਲੇ ਸਾਲ ਬੰਦਾ ਮਾਰ ਦਿੱਤਾ ਸੀ, ਭੁਲੇਖੇ ਵਿੱਚ ਹੀ। ਕਿਤੇ...?' ਲਖਬੀਰ ਉਸ ਦੇ ਬਹੁਤ ਕੋਲ ਆ ਕੇ ਪੁੱਛ ਰਿਹਾ ਸੀ।

ਤਕਸੀਮ ਚੁੱਪ ਖੜ੍ਹਾ ਤੇ ਕੰਬ ਰਿਹਾ ਸੀ।

'ਜਾਹ ਲਿਆ ਭਾਲ ਕੇ ਉਸ ਨੂੰ। ਬੰਦਾ ਗਲ ਪਵਾ ਲਏਂਗਾ। ਇਉਂ ਕਿਵੇਂ ਚਲਿਆ ਗਿਆ ਉਹ ਤੇਰੇ ਨਾਲੋਂ? ਕਿੱਧਰ ਗਿਆ?' ਲਖਬੀਰ ਨੇ ਗੰਭੀਰਤਾ ਦਾ ਪੱਲਾ ਬਹੁਤ ਘੁੱਟ ਕੇ ਫੜਿਆ ਹੋਇਆ ਸੀ।

'ਓਏ ਮੈਂ ਚੱਲਾਂ ਨਾਲ?' ਜਸਵਿੰਦਰ ਨੇ ਮੰਜੇ ਤੋਂ ਬੈਠਾ ਹੋ ਕੇ ਪੁੱਛਿਆ।

ਤਕਸੀਮ ਦੇ ਮੂੰਹ ਵਿੱਚ ਬੋਲ ਨਹੀਂ ਸੀ। ਦਸਾਂ ਦਾ ਨੋਟ, ਜਿਹੜਾ ਅਜੇ ਤੱਕ ਤਹਿ ਕਰਕੇ ਉਸ ਦੇ ਹੱਥ ਵਿੱਚ ਘੁਟਿਆ ਹੋਇਆ ਸੀ, ਉਹ ਹੁਣ ਉਸ ਨੇ ਆਪਣੀ ਜੇਬ੍ਹ ਵਿੱਚ ਪਾ ਲਿਆ।

'ਜਸਵਿੰਦਰ, ਜਾਹ ਯਾਰ। ਇਹ ਨੂੰ ਤਾਂ ਜੋ ਕੁਝ ਹੋਏਗਾ, ਸੋ ਹੋਏਗਾ ਹੀ, ਆਪਾਂ ਨੂੰ ਵੀ ਪੁਲਿਸ ਨਾ ਦਬੱਲੀ ਫਿਰੇ।' ਲਖਬੀਰ ਨੇ ਇਹ ਕਹਿ ਕੇ ਤਕਸੀਮ ਦੇ ਦਿਮਾਗ਼ ਵਿਚਲੇ ਬਿਖਰੇ-ਬਿਖਰੇ ਡਰ ਨੂੰ ਵੱਟ ਚਾੜ੍ਹ ਦਿੱਤਾ।

ਤਕਸੀਮ ਦਾ ਕਾਲਜਾ ਹੋਰ ਧੜਕਣ ਲੱਗਿਆ।

ਉਹ ਤੇ ਜਸਵਿੰਦਰ ਪੌੜੀਆਂ ਉਤਰ ਗਏ। ਮਜ਼੍ਹਬੀਆਂ-ਵਿਹੜੇ ਜਾ ਕੇ ਓਸੇ ਗਲੀ ਵਿੱਚ ਜਾ ਦਾਖ਼ਲ ਹੋਏ।

'ਉਹ ਤੇਰੇ ਨਾਲੋਂ ਕਿੱਥੇ ਜਿਹੇ ਨਿਖੜਿਆ ਸੀ?' ਜਸਵਿੰਦਰ ਨੇ ਪੁੱਛਿਆ।

ਉਸ ਮੋੜ 'ਤੇ ਆ ਕੇ ਤਕਸੀਮ ਨੇ ਕਿਹਾ, 'ਐਥੋਂ।'

ਉਹ ਹੋਰ ਅਗਾਂਹ ਤੁਰਦੇ ਗਏ। ਅੱਗੇ-ਅੱਗੇ ਤਕਸੀਮ ਤੇ ਉਸ ਤੋਂ ਦਸ ਕੁ ਕਦਮ ਪਿਛਾਂਹ ਜਸਵਿੰਦਰ। ਅਗਲਾ ਮੋੜ ਆਇਆ ਤਾਂ ਜਸਵਿੰਦਰ ਨੇ ਆਪਣੇ ਜੋੜੇ ਹੱਥਾਂ ਵਿੱਚ ਫੜੇ ਤੇ ਸਿਰ-ਮੁਧ ਪਿਛਾਂਹ ਨੂੰ ਭੱਜ ਕੇ ਚੁਬਾਰੇ ਦੀਆਂ ਪੌੜੀਆਂ ਆ ਚੜ੍ਹਿਆ। ਉਸ ਦਾ ਸਾਹ ਚੜ੍ਹਿਆ ਹੋਇਆ ਸੀ। ਭਰਪੂਰ ਨਾਲੋਂ ਉਹ ਬਹੁਤਾ ਤੇਜ਼ ਭੱਜ ਕੇ ਆਇਆ ਸੀ। ਪਹੁੰਚਿਆ ਤਾਂ ਚੁਬਾਰੇ ਉੱਤੋਂ ਭਰਪੂਰ ਵੀ ਹੱਸਣ ਲੱਗਿਆ।

‘ਓਏ ਹੌਲੀ ਹੱਸੋ। ਆ ਨਾ ਜਾਵੇ ਕਿਤੇ ਉਹ। ਭਰਪੂਰ, ਤੂੰ ਨਾ ਬੋਲ ਓਏ। ਜਸਵਿੰਦਰ ਤੂੰ ਜਾਹ ਉੱਤੇ। ਕੱਪੜਾ ਲੈ ਜਾ ਕੋਈ। ਪੈ ਜਾ ਬੱਸ।’ ਲਖਬੀਰ ਦੀ ਗੰਭੀਰਤਾ ਕਾਇਮ ਸੀ।

ਸਾਰੇ ਚੁੱਪ-ਚਾਪ ਪਏ ਹੋਏ ਸਨ।

ਇਸ ਵਾਰ ਦੋ ਘੰਟਿਆਂ ਬਾਅਦ ਤਕਸੀਮ ਦੀ ਪੈੜ-ਚਾਲ ਪੌੜੀਆਂ ਵਿੱਚ ਹੋਈ। ਬਹੁਤ ਧੀਮੀ-ਧੀਮੀ।

‘ਲਖਬੀਰ?’

ਉਹ ਬੋਲਿਆ ਨਹੀਂ।

‘ਲਖਬੀਰ , ਸੌਂ ਗਿਆ?’

‘ਤਕਸੀਮ? ਸਾਲਿਆ ਕਿੱਥੇ ਰਿਹਾ ਹੁਣ ਤਾਈਂ? ਜਸਵਿੰਦਰ?’ ਤਕਸੀਮ ਕੰਬ ਨਹੀਂ ਰਿਹਾ ਸੀ। ਸੁੰਨ ਖੜ੍ਹਾ ਸੀ।

‘ਓਏ, ਬੋਲਦਾ ਨਹੀਂ?’

‘ਜਸਵਿੰਦਰ ਨਹੀਂ ਆਇਆ?’ ਬਹੁਤ ਮੱਧਮ ਆਵਾਜ਼ ਵਿੱਚ ਤਕਸੀਮ ਨੇ ਪੁੱਛਿਆ।

‘ਏਥੇ ਕਿੱਥੇ ਐ?’

ਤਕਸੀਮ ਬੁੱਤ ਬਣਿਆ ਖੜ੍ਹਾ ਸੀ।

‘ਹੁਣ, ਦੋ ਖ਼ੂਨ ਗਲ ਪੈਣਗੇ, ਪੁੱਤ ਮੇਰਿਆ।

‘ਕਿਵੇਂ ਕਰੀਏ ਫੇਰ?’ ਤਕਸੀਮ ਦੀ ਅੱਧਮਰੀ ਆਵਾਜ਼ ਸੀ।

‘ਜਾਹ, ਜਿੰਨਾ ਚਿਰ ਪਤਾ ਨਾ ਲੱਗੇ, ਆਈ ਨਾ। ਇੱਥੇ ਦੱਸ ਕੀ ਲੈਣ ਆਇਆ ਐਂ?’

‘ਓਏ, ਮੈਂ ਚੱਲਾਂ?’ ਹਰਨੇਕ ਨੇ ਮੰਜੇ ਤੋਂ ਬੈਠਾ ਹੋ ਕੇ ਪੁੱਛਿਆ। ਬਹੁਤ ਗੰਭੀਰ ਆਵਾਜ਼ ਵਿੱਚ।

‘ਜਾਹ ਯਾਰ। ਲਿਆ ਭਲਵਾ ਕੇ। ਬੰਦੇ ਨੁਕਸਾਨੇ ਗਏ ਤਾਂ ਆਪਾਂ ਵੀ ਮਾਰੇ ਜਾਵਾਂਗੇ।’

ਉਹ ਪੌੜੀਆਂ ਉਤਰ ਗਏ। ਅੱਗੇ-ਅੱਗੇ ਤਕਸੀਮ, ਪਿੱਛੇ-ਪਿੱਛੇ ਹਰਨੇਕ। ਮਜ਼੍ਹਬੀਆਂ-ਵਿਹੜੇ ਜਾ ਕੇ ਉਹ ਉਸੇ ਗਲੀ ਅੰਦਰ ਦਾਖ਼ਲ ਹੋਏ। ਹਰਨੇਕ ਉਸ ਤੋਂ ਦਸ ਕਦਮ ਪਿਛਾਂਹ ਸੀ।

‘ਓਏ ਕਿੱਥੇ ਕੁ ਨਿੱਖੜਿਆ ਸੀ ਤੈਥੋਂ ਜਸਵਿੰਦਰ?’ ਉਸ ਮੋੜ ’ਤੇ ਆ ਕੇ ਤਕਸੀਮ ਨੇ ਕਿਹਾ, ‘ਐਥੇ!’ ਤੇ ਅਗਾਂਹ ਤੁਰਦਾ ਗਿਆ। ਪਿੱਛੇ-ਪਿੱਛੇ ਹਰਨੇਕ। ਉਸ ਤੋਂ ਅਗਲੇ ਮੋੜ ’ਤੇ ਤਕਸੀਮ ਅਗਾਂਹ ਹੋਇਆ ਤਾਂ ਹਰਨੇਕ ਨੇ ਵੀ ਜੋੜੇ ਲਾਹ ਲਏ।

ਤਕਸੀਮ ਪਤਾ ਨਹੀਂ, ਕਿੱਥੇ-ਕਿੱਥੇ ਭੌਂਕਦਾ ਰਿਹਾ ਹੋਵੇਗਾ। ਇਸ ਵਾਰ ਉਹ ਮੁੜਿਆ ਨਹੀਂ। ਕੋਈ ਤਿੰਨ ਘੰਟਿਆ ਬਾਅਦ ਉਹ ਚਾਰੇ ਮੰਜੇ ’ਤੇ ਬੈਠ ਕੇ ਉਸ ਦੀਆਂ ਗੱਲਾਂ ਕਰਨ ਲੱਗੇ। ਹੱਸਦੇ-ਹੱਸਦੇ ਗੰਭੀਰ ਹੋ ਗਏ ਤੇ ਫਿਰ ਚਾਰੇ ਜਣੇ ਉਸ ਨੂੰ ਲੱਭਣ ਲਈ ਮਜ਼੍ਹਬੀਆਂ ਵਿਹੜੇ ਨੂੰ ਤੁਰ ਪਏ।

ਉਹ ਆਪਣੇ ਘਰ ਵੀ ਨਹੀਂ ਸੀ।

ਪਹੁ ਫੁੱਟ ਰਹੀ ਸੀ। ਤਕਸੀਮ ਦਾ ਕੋਈ ਪਤਾ ਨਹੀਂ ਲੱਗ ਰਿਹਾ ਸੀ। ♦

# ਪਤੀ

ਉਹ ਉਸ ਦਿਨ ਫੇਰ ਪੀ ਕੇ ਆਇਆ ਸੀ। ਕਮਲਾ ਕਦੋਂ ਦੀ ਸੌਂ ਚੁੱਕੀ ਸੀ। ਆਥਣ ਦੀ ਰੋਟੀ ਬਣਾਈ। ਬੱਚਿਆਂ ਨੇ ਰੋਟੀ ਖਾ ਲਈ। ਫੇਰ ਉਸ ਨੇ ਆਪ ਵੀ ਖਾਧੀ। ਸਾਰਿਆਂ ਨੇ ਬੈਠ ਕੇ ਟੀ. ਵੀ. ਸੀਰੀਅਲ ਦੇਖਿਆ ਤੇ ਫੇਰ ਦੁੱਧ ਤੱਤਾ ਕਰਕੇ ਜੁਆਕਾਂ ਨੂੰ ਦੇਣ ਤੋਂ ਬਾਅਦ ਕਮਲਾ ਨੇ ਰਸੋਈ ਦੇ ਸਾਰੇ ਜੂਠੇ ਭਾਂਡੇ ਸਾਫ਼ ਕਰ ਲਏ। ਉਹ ਨਹੀਂ ਆਇਆ। ਉਹ ਏਵੇਂ ਹੀ ਕਰਦਾ। ਜਿਸ ਦਿਨ ਕਿਸੇ ਕੋਲ ਬੈਠ ਜਾਵੇ, ਬੱਸ ਫੇਰ ਉੱਥੇ ਹੀ ਅੱਧੀ ਰਾਤ ਕਰ ਦੇਵੇਗਾ। ਘਰ ਤਾਂ ਜਿਵੇਂ ਯਾਦ ਹੀ ਨਾ ਰਹਿ ਜਾਂਦਾ ਹੋਵੇ।

ਰਾਤ ਨੂੰ ਉਹ ਗੇਟ ਨੂੰ ਜਿੰਦਾ ਲਾ ਕੇ ਪੈਂਦੇ ਹਨ। ਜਿੰਦਾ ਲਾਉਣ ਦਾ ਕੰਮ ਉਹੀ ਕਰਦਾ ਹੈ। ਜਿਸ ਦਿਨ ਸਵੇਰ ਹੋ ਜਾਵੇ, ਗੇਟ ਬੱਸ ਝੰਬ ਦਿੱਤਾ ਜਾਂਦਾ ਹੈ। ਚਾਹੇ ਕੋਈ ਅੰਦਰ ਵੜ ਕੇ ਭਾਂਡਾ-ਟੀਂਡਾ ਸਭ ਲੈ ਜਾਵੇ। ਕਮਲਾ ਇੱਕ ਵਾਰ ਸੌਂ ਜਾਵੇ ਮੁੜ ਕੇ ਉਹਨੂੰ ਕੋਈ ਸੁਰਤ-ਬਿੜਕ ਨਹੀਂ ਰਹਿੰਦੀ।

ਜਿਸ ਦਿਨ ਉਹਦਾ ਪੀਣ ਦਾ ਪ੍ਰੋਗਰਾਮ ਹੋਵੇ, ਉਹ ਏਵੇਂ ਹੀ ਗਈ ਰਾਤ ਘਰ ਵੜਦਾ ਹੈ। ਹੌਲੀ ਦੇ ਕੇ ਗੇਟ ਖੋਲ੍ਹੇਗਾ। ਬਿਨਾਂ ਖੜਕੇ ਦੇ ਫਰਿੱਜ 'ਤੇ ਪਈ ਚਾਬੀ ਚੁੱਕ ਕੇ ਗੇਟ ਨੂੰ ਜਿੰਦਾ ਲਾ ਦੇਵੇਗਾ। ਫੇਰ ਰਸੋਈ ਵਿੱਚ ਜਾ ਕੇ ਗੈਸ ਜਲਾਏਗਾ। ਫਰਿੱਜ ਵਿਚੋਂ ਸਬਜ਼ੀ ਵਾਲਾ ਡੌਂਗਾ ਲੱਭ ਕੇ ਇੱਕ ਕੌਲੀ ਸਬਜ਼ੀ ਗਰਮ ਕਰ ਲਵੇਗਾ। ਥਰਮੋਵੇਅਰ ਵਿਚੋਂ ਰੋਟੀਆਂ ਕੱਢ ਕੇ ਹੱਥ 'ਤੇ ਹੀ ਧਰ ਲੈਂਦਾ ਹੈ। ਰਸੋਈ ਅੰਦਰ ਹੀ ਖੜ੍ਹਾ-ਖੜ੍ਹਾ ਰੋਟੀ ਨਿਗਲੇਗਾ। ਵਿੱਚ ਦੀ ਟੂਟੀ ਤੋਂ ਪਾਣੀ ਦਾ ਗਲਾਸ ਭਰ ਕੇ ਪੀ ਲਵੇਗਾ। ਸਭ ਕੁਝ ਹੌਲੀ-ਹੌਲੀ ਕਰਦਾ ਹੈ-ਬੇਅਵਾਜ਼। ਕਦੇ-ਕਦੇ ਕਮਲਾ ਜਾਗਦੀ ਹੁੰਦੀ ਹੈ। ਉਹਨੂੰ ਸਭ ਸੁਣ ਰਿਹਾ ਹੁੰਦਾ ਹੈ ਕਿ ਉਹ ਹੁਣ ਕੀ ਕਰ ਰਿਹਾ ਹੈ, ਹੁਣ ਕੀ ਕਰੇਗਾ ਤੇ ਫੇਰ ਉਹ ਚੁੱਪ-ਚਾਪ ਜਾ ਕੇ ਆਪਣੇ ਅਲੱਗ ਕਮਰੇ ਵਿੱਚ ਪੈ ਜਾਂਦਾ ਹੈ। ਸਵੇਰੇ ਚੁੱਪ-ਚਾਪ ਹੀ ਘਰ ਦਾ ਕਾਰ-ਵਿਹਾਰ ਤੁਰਨ ਲੱਗਦਾ ਹੈ। ਉਹਨੂੰ ਕੋਈ ਸ਼ਿਕਾਇਤ ਨਹੀਂ, ਕੋਈ ਸ਼ਿਕਵਾ ਨਹੀਂ। ਉਹਦੀ ਕੋਈ ਮੰਗ ਨਹੀਂ, ਕੋਈ ਫ਼ਰਮਾਇਸ਼ ਨਹੀਂ।

ਕਮਲਾ ਨੂੰ ਆਪਣੇ ਪਤੀ ਦੇ ਇਸ ਚੁੱਪ 'ਤੇ ਬਹੁਤ ਖਿਝ ਚੜ੍ਹਦੀ। ਉਹ ਤਾਂ ਕਦੇ ਕੋਈ ਰਸਮੀ ਜਿਹੀ ਸ਼ਿਕਾਇਤ ਵੀ ਨਹੀਂ ਕਰਦਾ। ਬੋਲਦਾ ਵੀ ਘੱਟ ਹੈ। ਪਤਾ ਨਹੀਂ ਉਹਦਾ ਦਿਮਾਗ਼ ਕਿੱਥੇ ਰਹਿੰਦਾ ਹੈ।

ਇਸ ਨਾਲੋਂ ਤਾਂ ਉਹਨੂੰ ਝਿੜਕਦਾ ਮਾਰਦਾ ਹੀ ਚੰਗਾ ਸੀ। ਉਹਦੀਆਂ ਝਿੜਕਾਂ ਵਿੱਚ ਇੱਕ ਅਪਣੱਤ ਹੁੰਦੀ। ਕਦੇ-ਕਦੇ ਬੈਠ ਕੇ ਉਹ ਮੋਹ ਭਿੱਜੀਆਂ ਗੱਲਾਂ ਵੀ ਕਰਦਾ।

ਜਦੋਂ ਚਾਹੁੰਦਾ, ਕਿੰਨਾ ਚਾਹੁੰਦਾ। ਜਿਵੇਂ ਕਮਲਾ ਕੋਈ ਖਿਡੌਣਾ ਹੋਵੇ। ਉਹ ਉਸ ਖਿਡੌਣੇ ਨਾਲ ਜੀ ਭਰ ਕੇ ਖੇਡਦਾ। ਉਹਨੂੰ ਉਛਾਲ ਦਿੰਦਾ। ਫੜਦਾ, ਫਿਰ ਪਰ੍ਹੇ ਰੱਖ ਦਿੰਦਾ। ਪਰ ਫੇਰ ਚੁੱਕ ਲੈਂਦਾ, ਜਿਵੇਂ ਖੇਡ-ਖੇਡ ਬੱਚੇ ਦਾ ਚਾਅ ਪੂਰਾ ਨਾ ਹੁੰਦਾ ਹੋਵੇ।

ਕਮਲਾ ਨੂੰ ਇਹ ਸਭ ਕਿੰਨਾ ਪਸੰਦ ਸੀ। ਕਮਲਾ ਨੂੰ ਯਾਦ ਹੈ, ਉਹਦੀ ਇਹ ਬੇਰੁਖ਼ੀ ਉਸੇ ਦਿਨ ਤੋਂ ਸ਼ੁਰੂ ਹੋ ਗਈ ਸੀ, ਜਿਸ ਦਿਨ ਉਹ ਮਾਸਟਰਾਣੀ ਇੱਥੇ ਉਨ੍ਹਾਂ ਦੇ ਘਰ ਆਈ ਸੀ। ਕਦੇ ਉਹ ਚਿੱਠੀਆਂ ਲਿਖਦੀ ਹੁੰਦੀ। ਬੇਸ਼ੁਮਾਰ ਚਿੱਠੀਆਂ ਲਿਖੀਆਂ। ਉਹ ਵੀ ਲਿਖਦਾ ਸੀ। ਉਦੋਂ ਉਹ ਕੰਵਾਰਾ ਸੀ। ਆਪ ਹੀ ਦੱਸਦਾ ਹੁੰਦਾ। ਕਮਲਾ ਨੇ ਕਿਹੜਾ ਦੇਖੀਆਂ ਸੀ, ਉਹ ਚਿੱਠੀਆਂ। ਉਹਨੇ ਤਾਂ ਇਹ ਵੀ ਕਦੇ ਨਹੀਂ ਪੁੱਛਿਆ ਸੀ ਕਿ ਉਹ ਚਿੱਠੀਆਂ ਵਿੱਚ ਕੀ ਗੱਲਾਂ ਲਿਖਦੇ ਹੁੰਦੇ। ਉਹਦੀ ਫ਼ੋਟੋ ਵੀ ਸੀ, ਉਨ੍ਹਾਂ ਦੇ ਘਰ ਸੰਭਾਲ ਕੇ ਰੱਖੀ ਹੋਈ। ਉਹ ਇਸ ਫ਼ੋਟੋ ਨੂੰ ਆਪਣੀ ਅਲਮਾਰੀ ਵਿੱਚ ਰੱਖਦਾ। ਨਿੱਕੇ ਸੁਨਹਿਰੀ ਫਰੇਮ ਵਿੱਚ ਜੜ ਕੇ ਰੱਖੀ ਹੋਈ ਫ਼ੋਟੋ। ਉਹ ਸੋਚਦੀ, ਵਿਆਹ ਤੋਂ ਪਹਿਲਾਂ ਮੁੰਡਿਆਂ-ਖੁੰਡਿਆਂ ਦੀਆਂ ਸੌ ਗੱਲਾਂ ਹੁੰਦੀਆਂ ਨੇ। ਹੋਵੇਗੀ ਇਹ ਕੋਈ ਕੁੜੀ। ਇਹ ਕੀ ਪਤਾ ਸੀ ਹੁਣ ਐਨੇ ਸਾਲਾਂ ਬਾਅਦ ਉਹੀ ਕੁੜੀ ਉਨ੍ਹਾਂ ਦੇ ਵਿਆਹੁਤਾ ਜੀਵਨ ਵਿੱਚ ਆ ਕੇ ਖਲਲ ਪਾ ਦੇਵੇਗੀ। ਉਹ ਪਤੀ ਨੂੰ ਖਾ ਹੀ ਜਾਵੇਗੀ। ਕਮਲਾ ਕੋਲੋਂ ਇਹ ਖਿਲਾਅ ਬਰਦਾਸ਼ਤ ਨਹੀਂ ਹੋ ਰਿਹਾ ਸੀ।

ਇਸ ਵੇਲੇ ਉਸ ਮਾਸਟਰਾਣੀ ਦੀ ਉਮਰ ਪੈਂਤੀ ਸਾਲ ਤੋਂ ਉੱਤੇ ਹੋਵੇਗੀ। ਸੁਣਿਆ ਹੈ ਅਜੇ ਵੀ ਉਹਦਾ ਵਿਆਹ ਨਹੀਂ ਹੋਇਆ। ਉਹ ਸੋਚਦੀ ਹੁਣ ਤੱਕ ਉਸ ਦਾ ਵਿਆਹ ਹੋ ਜਾਣਾ ਚਾਹੀਦਾ ਸੀ। ਵਿਆਹੀ ਹੁੰਦੀ ਤਾਂ ਹੁਣ ਨੂੰ ਉਹਦੀ ਗੋਦੀ ਚਾਰ ਜੁਆਕ ਹੁੰਦੇ। ਵਿਆਹ ਕਿਉਂ ਨਹੀਂ ਹੋਇਆ, ਸਾਫ਼ ਹੈ ਕਿਸੇ ਮੁੰਡੇ ਨੇ ਉਹਦੇ ਨਾਲ ਵਿਆਹ ਕਰਵਾਇਆ ਹੀ ਨਹੀਂ ਹੋਣਾ। ਅਜਿਹੀਆਂ ਕੁੜੀਆਂ ਦੇ ਝਾਂਸੇ ਵਿੱਚ ਕਿਹੜਾ ਮੁੰਡਾ ਆਵੇਗਾ? ਸਾਰੀ ਉਮਰ ਇਸ਼ਕ ਹੀ ਕੀਤੇ ਹੋਣਗੇ, ਵਿਆਹ ਵਾਲੀ ਗੱਲ ਦੂਰ ਜਾ ਖੜ੍ਹੀ। ਇੱਕ ਛੱਡ ਕੇ ਦੂਜੇ ਨੂੰ ਜਾ ਫੜਦੀ ਹੋਵੇਗੀ। ਹੁਣ ਹੋਰ ਕੋਈ ਨਾ ਰਹਿ ਗਿਆ ਤਾਂ ਇਹ ਆ ਦਬੋਚਿਆ, ਤਿੰਨ ਬੱਚਿਆਂ ਦਾ ਬਾਪ। ਇਹ ਭਲਾ ਕੋਈ ਉਮਰ ਐ ਇਹਦੀ, ਉੱਠ ਤੁਰਦੈ ਹੱਥ ਵਿੱਚ ਬੈਗ ਫੜ ਕੇ । ਦੋ-ਦੋ ਰਾਤਾਂ ਘਰ ਹੀ ਨਹੀਂ ਵੜਦਾ। ਦੋ ਵਾਰੀ ਤਾਂ ਉਹ ਵੀ ਵਹਿਚਰ ਏਥੇ ਰਾਤਾਂ ਕੱਟ ਕੇ ਗਈ ਹੈ। ਕਮਲਾ ਦਾ ਸਬਰ ਅੱਜ ਸਮਝਿਆ, ਕੱਲ੍ਹ ਸਮਝਿਆ। ਬੰਦਾ ਨ੍ਹਾਤਾ ਘੋੜਾ ਹੁੰਦੈ, ਪਰ ਕਾਹਨੂੰ। ਇੱਕ ਵੀ ਖਾਨੇ ਨਹੀਂ ਵੜਦੀ ਮੂਰਖ਼ ਦੇ।

ਕਮਲਾ ਨੂੰ ਉਹਦੇ ਪਤੀ ਦੀ ਨਿੱਤ ਦੀ ਝਿੜਕ ਝੰਬ ਬੁਰੀ ਲੱਗਦੀ ਹੁੰਦੀ। ਬੜਾ ਗੁਸੈਲ ਸੁਭਾਅ ਸੀ, ਉਹਦੇ ਪਤੀ ਦਾ। ਮਿੰਟ ਵਿੱਚ ਦੀ ਦੁੱਧ ਦੇ ਉਬਾਲ ਵਾਂਗ ਹੋਸ਼-ਹਵਾਸ ਦੇ ਕੰਢਿਆਂ ਤੋਂ ਬਾਹਰ ਹੋ ਜਾਂਦਾ। ਗੁੱਸੇ ਵਿੱਚ ਐਨਾ ਅੰਨ੍ਹਾ ਕਿ ਉਹ ਨੂੰ ਧੋਹ-ਧੋਹ ਕੁੱਟ ਸੁੱਟਦਾ। ਇਹ ਵੀ ਨਾ ਦੇਖਦਾ ਕਿ ਉਹਦੇ ਹੱਥ ਵਿੱਚ ਕੀ ਹੈ ਤੇ ਉਹ ਉਹਦੇ ਕਿੱਥੇ ਲੱਗਦੀ ਹੈ। ਗੁੱਸੇ ਦਾ ਉਬਾਲ ਠੰਡਾ ਹੋ ਕੇ ਥੱਲੇ ਬੈਠ ਜਾਂਦਾ ਤਾਂ ਫਿਰ ਪੁੱਚ-ਪੁੱਚ ਕਰਨ ਲੱਗਦਾ। ਜਿਵੇਂ ਆਪਣੀ ਭੁੱਲ ਬਖ਼ਸ਼ਾ ਰਿਹਾ ਹੋਵੇ। ਉਹ ਤਾਂ ਐਨਾ ਭੋਲਾ ਪਾਤਸ਼ਾਹ ਸੀ ਕਿ ਕਮਲਾ ਦਾ ਸਿਰ ਦੱਬਣ ਬੈਠ ਜਾਂਦਾ। ਕਦੇ-ਕਦੇ ਤਾਂ ਟੰਗਾਂ ਵੀ ਘੁੱਟ ਦਿੰਦਾ। ਉਹਨੂੰ ਉਹ ਚੰਗਾ-ਚੰਗਾ ਲੱਗਦਾ, ਪਰ ਕਦੇ-ਕਦੇ ਬਹੁਤ ਬੁਰਾ। ਉਹ ਧੀਰਜ ਧਰਦੀ,

ਜਿੱਥੇ ਦੋ ਭਾਂਡੇ ਹੋਣਗੇ, ਠਹਿਕਣਗੇ ਹੀ। ਘਰ-ਘਰ ਇਹੋ ਹਾਲ ਹੈ। ਔਰਤ-ਮਰਦ ਦੇ ਘਰੇਲੂ ਝਗੜੇ ਤਾਂ ਧੁਰ-ਦਰਗਾਹ ਤੋਂ ਬਣੇ ਆਏ ਨੇ।

ਪਰ ਇਹ ਕੀ, ਜਿਸ ਦਿਨ ਤੋਂ ਉਹ ਚੁੜੇਲ ਇਹਦੇ ਮਗਰ ਪਈ ਹੈ, ਉਹ ਘਰ ਵਿੱਚ ਚੁੱਪ-ਚਾਪ ਜਿਹਾ ਕਿਉਂ ਰਹਿੰਦਾ ਹੈ? ਨਾ ਕਿਸੇ ਗੱਲ 'ਤੇ ਗੁੱਸੇ ਹੁੰਦਾ ਹੈ ਤੇ ਨਾ ਹੀ ਮੋਹ-ਪਿਆਰ ਦੀ ਕੋਈ ਗੱਲ ਕਰਦਾ ਹੈ। ਜਿਵੇਂ ਇਸ ਘਰ ਨਾਲ ਉਹਦਾ ਰਿਸ਼ਤਾ ਹੀ ਕੋਈ ਨਾ ਰਹਿ ਗਿਆ ਹੋਵੇ। ਰੋਟੀ-ਪਾਣੀ ਖਾਣ-ਪੀਣ ਤੇ ਮਹਿਮਾਨਾਂ ਵਾਂਗ ਰਾਤ ਕੱਟਣ ਤੋਂ ਬਿਨਾ ਹੋਰ ਕੀ ਸਬੰਧ ਰਹਿ ਗਿਆ ਹੁਣ ਉਹਦਾ ਇਸ ਘਰ ਨਾਲ? ਬੱਚੇ ਉਹਦੇ ਮੂੰਹ ਵੱਲ ਡਰੇ-ਡਰੇ, ਸਹਿਮੇ-ਸਹਿਮੇ ਝਾਕਦੇ ਰਹਿੰਦੇ ਹਨ।

ਤਨਖ਼ਾਹ ਮਿਲਦੀ ਹੈ ਤਾਂ ਮਹੀਨੇ ਭਰ ਦਾ ਖ਼ਰਚ ਫੜਾ ਦੇਵੇਗਾ। ਪਹਿਲਾਂ ਵਾਂਗ ਆਪ ਕਿਉਂ ਨਹੀਂ ਲਿਆਉਂਦਾ ਚੀਜ਼ਾਂ ਖ਼ਰੀਦ-ਖ਼ਰੀਦ? ਸੱਤ ਬਿਗਾਨਿਆਂ ਵਾਂਗ ਆਪ ਹੀ ਰੋਟੀ ਚੁੱਕ ਕੇ ਖਾ ਲੈਣੀ, ਇਹ ਕੋਈ ਗੱਲ ਹੋਈ ਭਲਾ? ਕਦੇ ਵੀ ਕੋਈ ਸ਼ਿਕਾਇਤ ਨਹੀਂ ਕਰਦਾ। ਇਹਦਾ ਕੀ ਪਤਾ ਕਿਸੇ ਦਿਨ ਇੱਧਰ ਦਾ ਰਾਹ ਭੁੱਲ ਹੀ ਨਾ ਜਾਵੇ। ਬੰਦੇ ਦੇ ਮਨ ਦਾ ਕੀ ਬੁੱਝੀਏ ਹੁਣ? ਬਦਕਾਰ ਤੀਵੀਂ ਕੋਲ ਸੌ ਚਲਿੱਤਰ ਹੁੰਦੇ ਨੇ।

ਕਮਲਾ ਸੋਚਦੀ ਤੇ ਸੋਚਦੀ ਹੀ ਰਹਿੰਦੀ। ਚਿੰਤਾ ਉਹਦੇ ਦਿਮਾਗ਼ ਨੂੰ ਫੇਲ੍ਹ ਕਰ ਦਿੰਦੀ। ਫੇਰ ਉਹ ਕੁੱਝ ਵੀ ਨਾ ਸੋਚ ਸਕਦੀ। ਆਖਰ ਕੀ ਕਰੇ ਉਹ? ਉਹਨੇ ਕਿੰਨੀ ਵਾਰ ਹੀ ਮਿੱਠੀ-ਮਿੱਠੀ ਸ਼ਿਕਾਇਤ ਕੀਤੀ ਹੈ ਉਹਦੇ ਕੋਲ, ਉਹਦੀ ਇਸ ਬੇਰੁਖੀ ਬਾਰੇ। ਪਰ ਉਹ ਤਾਂ ਇੱਕ ਬੋਲ ਵੀ ਮੂੰਹੋਂ ਨਹੀਂ ਕੱਢਦਾ। ਕਮਲਾ ਨੇ ਕਦੇ ਭਰੇ ਗਲ ਨਾਲ ਔਖਾ ਬੋਲ ਕੱਢਿਆ, ਉਹ ਤਾਂ ਵੀ ਚੁੱਪ।

ਕਮਲਾ ਦਾ ਸਿਰ ਦੁਖਣ ਲੱਗਦਾ। ਪੁੜਪੁੜੀਆਂ ਫਟ ਫਟ ਜਾਂਦੀਆਂ। ਜਿਵੇਂ ਕਿਸੇ ਨੇ ਵਿੱਚ ਲੋਹੇ ਦੇ ਕਿੱਲ ਠੋਕ ਦਿੱਤੇ ਹੋਣ। ਉਹ ਪਿੰਡ ਦੀ ਜੰਮਪਲ ਹੈ। ਦੇਸੀ ਓਹੜ-ਪੋਹੜ ਕਰਦੀ। ਕਾਗਤੀ 'ਤੇ ਗਿੱਲਾ ਆਟਾ ਲਾ ਕੇ ਪੁੜਪੁੜੀ ਨਾਲ ਚਿਪਕਾ ਲੈਂਦੀ। ਆਟਾ ਸੁੱਕ ਜਾਂਦਾ ਤਾਂ ਨਾੜਾਂ ਨੂੰ ਕੱਸ ਪੈ ਕੇ ਪੁੜਪੁੜੀ ਦਾ ਦਰਦ ਘਟਣ ਲੱਗਦਾ। ਪਰ ਕਾਗਤੀਆਂ ਉਹਦੇ ਮਾਨਸਿਕ ਤਣਾਓ ਦਾ ਇਲਾਜ ਨਹੀਂ ਸਨ। ਕਾਗਤੀ ਉਹ ਦੇ ਮੱਥੇ ਦਾ ਨਸੀਬ ਬਣ ਗਈ ਹੋਵੇ ਜਿਵੇਂ। ਇੱਕ ਕਾਗਤੀ ਸੁੱਕ ਕੇ ਲਹਿ ਜਾਂਦੀ ਤਾਂ ਉਹ ਦੂਜੀ ਲਾ ਲੈਂਦੀ। ਉਹਦੇ ਢਿੱਡ ਦੀ ਭੁੱਖ ਦਾ ਆਟਾ ਕਾਗਤੀਆਂ ਦੀ ਖ਼ੁਰਾਕ ਬਣਦਾ ਰਹਿੰਦਾ। ਅਣਸਰਦੇ ਨੂੰ ਵੇਲੇ-ਕੁਵੇਲੇ ਇੱਕ ਰੋਟੀ ਉਹ ਸੰਘੋ ਥੱਲੇ ਸੁੱਟ ਲੈਂਦੀ ਸੀ।

ਉਸ ਦਿਨ ਉਹ ਫੇਰ ਪੀ ਕੇ ਆਇਆ ਸੀ। ਉਹਦੇ ਪੀਣ ਜਾਂ ਨਾ ਪੀਣ ਦਾ ਕਮਲਾ ਦੀ ਮਨੋਸਥਿਤੀ ਨਾਲ ਕੋਈ ਸਬੰਧ ਨਹੀਂ ਸੀ। ਪਰ ਫ਼ਰਕ ਇਹ ਸੀ ਕਿ ਉਸ ਰਾਤ ਉਹਨੇ ਗੇਟ ਖੋਲ੍ਹਿਆ, ਫਰਿੱਜ ਤੋਂ ਚਾਬੀ ਚੁੱਕੀ ਤੇ ਜਿੰਦਾ ਲਾ ਦਿੱਤਾ। ਫਿਰ ਵਿਹੜੇ ਵਿੱਚ ਖੜ੍ਹ ਕੇ ਹਾਕ ਮਾਰੀ-'ਕਮਲਾ।'

ਉਹ ਬੋਲੀ ਨਹੀਂ, ਜਾਗ ਨਹੀਂ ਆਈ ਹੋਵੇਗੀ। ਥਿੜਕਦੇ ਪੈਰਾਂ ਨਾਲ ਉਹ ਅੰਦਰ ਕਮਰੇ ਵਿੱਚ ਆਇਆ ਤੇ ਫੇਰ ਬੋਲਿਆ, 'ਕਮਲਾ।'

ਉਹਨੇ ਉੱਠ ਕੇ ਟਿਊਬ ਜਗਾਈ। ਦੇਖਿਆ, ਉਹ ਨਸ਼ੇ ਵਿੱਚ ਧੁੱਤ ਸੀ। ਖੜ੍ਹਾ ਹਾਥੀ ਵਾਂਗ ਝੂਲ ਰਿਹਾ ਸੀ। ਟੰਗਾਂ ਉਹਦਾ ਭਾਰ ਨਹੀਂ ਝੱਲ ਰਹੀਆਂ ਸਨ। ਉਹਦੇ ਹੱਥ

ਵਿੱਚ ਲਿਫ਼ਾਫ਼ਾ ਵੀ ਸੀ। ਲਿਫ਼ਾਫ਼ਾ ਉਹਨੇ ਕਮਲਾ ਵੱਲ ਕੀਤਾ। ਉਹਨੇ ਫੜ ਲਿਆ। ਦੇਖਿਆ ਅੰਬਾਂ ਦਾ ਭਰਿਆ ਹੋਇਆ।

'ਰੋਟੀ ਦੇਹ...' ਉਹ ਕੜਕਿਆ।

ਕਮਲਾ ਫਰਿੱਜ ਖੋਲ੍ਹਣ ਲੱਗੀ।

ਉਹ ਆਪਣੇ ਕਮਰੇ ਵਿੱਚ ਜਾ ਕੇ ਬੈਠ ਗਿਆ। ਬਿਜਲੀ ਦੀ ਟਿਊਬ ਜਗਾ ਕੇ ਪੱਖਾ ਛੱਡ ਲਿਆ ਸੀ। ਉਹ ਰੋਟੀ ਦੀਆਂ ਪਲੇਟਾਂ ਲੈ ਕੇ ਆਈ। ਉਹ ਨੇ ਦੇਖਿਆ, ਉਹ ਦੰਦ ਪੀਹ ਰਿਹਾ ਸੀ। ਫੇਰ ਉਹ ਗਾਲ੍ਹਾਂ ਕੱਢਣ ਲੱਗਿਆ..

ਇੱਕ ਬੁਰਕੀ ਮੂੰਹ ਵਿੱਚ ਪਾਈ ਤੇ ਕੜਕਿਆ, 'ਇਹ ਕੱਦੂ...ਸਾਡੇ ਵਾਸਤੇ ਹੋਰ ਸਬਜ਼ੀਆਂ..

ਉਹ ਉਹਦੇ ਜ਼ਰਾ ਨੇੜੇ ਹੋ ਕੇ ਬੈਠਣ ਲੱਗੀ ਤਾਂ ਉਹਨੇ ਉਸ ਦੇ ਮੋਢੇ 'ਤੇ ਧੱਫ਼ਾ ਦੇ ਮਾਰਿਆ।

ਪੰਜ-ਚਾਰ ਬੁਰਕੀਆਂ ਹੀ ਖਾਧੀਆਂ ਹੋਣਗੀਆਂ। ਪਾਣੀ ਪੀ ਕੇ ਬੈੱਡ 'ਤੇ ਟੇਢਾ ਹੋ ਗਿਆ। ਜਿਵੇਂ ਹਵਾ ਨੂੰ ਗਾਲ੍ਹਾਂ ਦੇ ਰਿਹਾ ਹੋਵੇ, 'ਉਹ ਕੁੱਤੀਏ, ਤੇਰਾ ਕਿਤੇ ਭਲਾ ਨ੍ਹੀਂ ਹੋਊਗਾ।'

'ਨਾ ਹੋਵੇ ਮੇਰਾ ਭਲਾ, ਥੋਡਾ ਭਲਾ ਕਰੇ ਰੱਬ।' ਭਾਂਡੇ ਚੁੱਕਣ ਲੱਗੀ ਉਹ ਆਖ ਰਹੀ ਸੀ।' ਅੱਗੇ ਉਹ ਤੋਂ ਬੋਲਿਆ ਨਹੀਂ ਗਿਆ। ਉਹਨੂੰ ਹਿੱਝਕੀ ਲੱਗੀ ਹੋਈ ਸੀ।

'ਓਏ ਤੈਨੂੰ ਨ੍ਹੀਂ ਆਖਦਾ ਮੈਂ, ਮੈਂ ਤਾਂ ਓਸ...।'

ਕਮਲਾ ਨੇ ਪਾਣੀ ਦਾ ਗਿਲਾਸ ਲਿਆਂਦਾ ਤੇ ਉਹਨੂੰ ਮੋਢੇ ਤੋਂ ਫੜ ਕੇ ਬੈਠਾ ਕਰ ਲਿਆ। ਗਲਾਸ ਉਹਦੇ ਮੂੰਹ ਨੂੰ ਲਾ ਦਿੱਤਾ। ਪਾਣੀ ਪੀ ਕੇ ਉਹ ਗਾਲ੍ਹਾਂ ਕੱਢਦਾ-ਕੱਢਦਾ ਸੌਂ ਗਿਆ ਤੇ ਫੇਰ ਘੁਰਾੜੇ ਮਾਰਨ ਲੱਗਿਆ।

ਕਮਲਾ ਨੇ ਕਾਫ਼ੀ ਕੁਝ ਸਮਝ ਲਿਆ ਸੀ। ਉਹਦੀ ਜੂਠੀ ਛੱਡੀ ਸਬਜ਼ੀ ਤੇ ਰੋਟੀਆਂ ਲੈ ਕੇ ਉਹ ਬੈਠ ਗਈ। ਆਪਣੇ ਕਮਰੇ ਵਿੱਚ ਰੋਟੀ ਖਾ ਰਹੀ ਕਮਲਾ ਦਿਮਾਗ਼ੀ ਤੌਰ 'ਤੇ ਹਲਕਾ-ਹਲਕਾ ਮਹਿਸੂਸ ਕਰ ਰਹੀ ਸੀ।

ਅਗਲੇ ਦਿਨ ਆਪਣੀ ਪੁੜਪੁੜੀ 'ਤੇ ਉਹਨੇ ਕਾਗਤੀ ਨਹੀਂ ਲਾਈ। ♦

# ਅਸਲੀ ਤੇ ਪੁਰਾਣੀ ਦੁਕਾਨ

ਉਸ ਸ਼ਹਿਰ ਵਿੱਚ ਮੇਰਾ ਦੋਸਤ ਪੰਦਰਾਂ ਵਰ੍ਹਿਆਂ ਤੋਂ ਸੀ। ਇਸ ਦੌਰਾਨ ਉਹਦੀ ਦੋ ਵਾਰ ਬਦਲੀ ਹੋਈ, ਪਰ ਉਹਨੂੰ ਸਭ ਢੰਗ-ਤਰੀਕੇ ਆਉਂਦੇ ਸਨ। ਅਫ਼ਸਰਾਂ-ਕਲਰਕਾਂ ਨੂੰ ਜਾ ਕੇ ਮਿਲ ਲੈਂਦਾ ਤੇ ਉਹਦੀ ਬਦਲੀ ਰੱਦ ਹੋ ਜਾਂਦੀ। ਉਸ ਸ਼ਹਿਰ ਵਿੱਚ ਹੀ ਉਹਦੀ ਨਿਯੁਕਤੀ ਹੋਈ ਸੀ। ਕਹਿੰਦਾ ਹੁੰਦਾ, 'ਹੁਣ ਤਾਂ ਏਥੋਂ ਹੀ ਸੇਵਾ-ਮੁਕਤ ਹੋਵਾਂਗਾ।' ਇਨ੍ਹਾਂ ਪੰਦਰਾਂ ਸਾਲਾਂ ਵਿੱਚ ਉਹਨੇ ਸ਼ਹਿਰ ਦੀ ਸਾਰੀ ਜਾਣਕਾਰੀ ਹਾਸਲ ਕਰ ਲਈ। ਸ਼ਹਿਰ ਦੇ ਲੋਕਾਂ ਨਾਲ ਨੇੜੇ ਦੇ ਸਬੰਧ ਪੈਦਾ ਕਰ ਲਏ। ਜਿਵੇਂ ਉਹ ਓਸੇ ਸ਼ਹਿਰ ਦਾ ਪੱਕਾ ਵਸਨੀਕ ਹੋਵੇ।

ਟ੍ਰੇਨਿੰਗ ਅਸੀਂ ਇਕੱਠਿਆਂ ਨੇ ਕੀਤੀ ਸੀ। ਇੱਕ ਸਾਲ ਵਿੱਚ ਹੀ ਸਾਡੀ ਗੂੜ੍ਹੀ ਮਿੱਤਰਤਾ ਬਣ ਗਈ। ਬਾਅਦ ਵਿੱਚ ਇੱਕ-ਦੂਜੇ ਨੂੰ ਲੰਬੇ-ਲੰਬੇ ਖ਼ਤ ਲਿਖਦੇ ਤੇ ਕਦੇ-ਕਦੇ ਮਿਲਦੇ ਵੀ। ਮਿਲੇਗਾ ਤਾਂ ਟ੍ਰੇਨਿੰਗ ਵੇਲੇ ਕੀਤੀਆਂ ਸ਼ਰਾਰਤਾਂ ਨੂੰ ਯਾਦ ਕਰਦੇ। ਇੰਞ ਕਰਨ ਨਾਲ ਹੁਣ ਦੀ ਬੇ-ਰਸ ਜ਼ਿੰਦਗੀ ਨੂੰ ਕੋਈ ਸਕੂਨ ਜਿਹਾ ਮਿਲਦਾ। ਇਹ ਨੌਕਰੀ ਦੀ ਜ਼ਿੰਦਗੀ ਤਾਂ ਇੱਕ ਬੋਝ ਬਣ ਕੇ ਰਹਿ ਗਈ ਸੀ।

ਪਹਿਲਾਂ ਇੱਕ-ਦੂਜੇ ਤੋਂ ਬਹੁਤ ਦੂਰ ਬੈਠੇ ਹੋਏ ਸਾਂ, ਫੇਰ ਮੇਰੀ ਬਦਲੀ ਉਹਦੇ ਸ਼ਹਿਰ ਨੇੜੇ ਹੋ ਗਈ। ਫੇਰ ਤਾਂ ਅਸੀਂ ਅਕਸਰ ਮਿਲਦੇ ਰਹਿੰਦੇ। ਕਿਸੇ ਸ਼ਨਿੱਚਰਵਾਰ ਉਹ ਮੇਰੇ ਕੋਲ ਹੁੰਦਾ ਤੇ ਕਿਸੇ ਸ਼ਨਿੱਚਰਵਾਰ ਮੈਂ ਉਹਦੇ ਕੋਲ। ਜਿੱਥੇ ਮੈਂ ਸਾਂ, ਉਹ ਇੱਕ ਛੋਟਾ ਕਸਬਾ ਸੀ। ਉੱਥੇ ਕੋਈ ਸਿਨੇਮਾ-ਘਰ ਨਹੀਂ ਸੀ। ਦੋਸਤ ਦੇ ਸ਼ਹਿਰ ਦੋ ਸਿਨੇਮੇ ਸਨ। ਜਦੋਂ ਵੀ ਮੈਂ ਉਹਦੇ ਸ਼ਹਿਰ ਜਾਂਦਾ, ਅਸੀਂ ਕੋਈ ਫ਼ਿਲਮ ਜ਼ਰੂਰ ਦੇਖਦੇ। ਚਾਹੇ ਕੋਈ ਫ਼ਿਲਮ ਹੁੰਦੀ, ਚੰਗੀ-ਮਾੜੀ, ਦੇਖਦੇ ਜ਼ਰੂਰ।

ਉਸ ਸ਼ਹਿਰ ਦੇ ਨਵੇਂ ਸਿਨਮਾ-ਘਰ ਵਿੱਚ ਸੀਟਾਂ ਦਾ ਪ੍ਰਬੰਧ ਚੰਗਾ ਸੀ। ਪੁਰਾਣੇ ਸਿਨਮਾ ਵਿੱਚ ਤਾਂ ਫੱਟੀਆਂ ਵਾਲੀਆਂ ਕੁਰਸੀਆਂ ਸਨ, ਉਹ ਵੀ ਉੱਖੜੀਆਂ ਤੇ ਟੁੱਟੀਆਂ। ਉਨ੍ਹਾਂ 'ਤੇ ਬੈਠ ਕੇ ਤਾਂ ਪਾਸੇ ਅੰਬ ਜਾਂਦੇ।

ਜਦੋਂ ਫ਼ਿਲਮ ਦਾ ਇੰਟਰਵਲ ਹੁੰਦਾ ਤਾਂ ਅਸੀਂ ਬਾਹਰ ਆ ਕੇ ਬੁੱਢੇ ਬਾਬੇ ਦੇ ਸਮੋਸੇ ਖਾਂਦੇ। ਕਮਾਲ ਦੇ ਸਮੋਸੇ ਬਣਾ ਕੇ ਲਿਆਉਂਦਾ ਉਹ। ਉਨ੍ਹਾਂ ਦਾ ਅਕਾਰ ਬਜ਼ਾਰ ਦੇ ਆਮ ਸਮੋਸਿਆਂ ਨਾਲੋਂ ਵੱਡਾ ਹੁੰਦਾ। ਉਨ੍ਹਾਂ ਵਿੱਚ ਮਟਰ ਤੇ ਹਰਾ ਧਣੀਆਂ, ਫੇਰ ਅਮਚੂਰ ਪਤਾ ਨਹੀਂ ਕੀ ਕੁਝ ਪਾ ਕੇ ਲਿਆਉਂਦਾ। ਉਹ ਸਮੋਸਾ ਖਾਣ ਬਾਅਦ ਵੀ ਮੂੰਹ ਦੇ ਪਚਾਕੇ ਵੱਜਦੇ ਰਹਿੰਦੇ। ਕਯਾ ਬਾਤ ਸੀ ਉਨ੍ਹਾਂ ਸਮੋਸਿਆਂ ਦੀ। ਜਿਵੇਂ ਫ਼ਿਲਮ ਦੇਖਣ ਨਹੀਂ, ਸਮੋਸੇ ਖਾਣ ਹੀ ਅਸੀਂ ਉਸ ਨਵੇਂ ਸਿਨਮਾ-ਘਰ ਜਾਂਦੇ ਹੋਈਏ।

ਬੁੱਢਾ ਬਾਬਾ ਉਮਰ ਦਾ ਕਾਫ਼ੀ ਬੁੱਢਾ ਲੱਗਦਾ। ਉਹਦੇ ਕੱਪੜੇ ਥੱਧੇ-ਥੱਧਾਰ ਹੁੰਦੇ। ਕੁੜਤਾ ਤੇ ਧੋਤੀ ਮੈਲ ਦੇ ਭਰੇ ਹੋਏ। ਸਿਰ ਦੀ ਪਗੜੀ ਵੀ ਜਿਵੇਂ ਨਵੀਂ ਖ਼ਰੀਦ ਕੇ ਬੰਨ੍ਹੀ ਮੁੜ ਕਦੇ ਨਾ ਧੋਤੀ ਹੋਵੇ। ਬੁੜ੍ਹੇ ਦੇ ਸਿਰ ਵਿੱਚ ਗੰਜ ਸੀ। ਪਗੜੀ ਵਿਚੋਂ ਗੰਜ ਵਾਲਾ ਸਿਰ ਦਾ ਹਿੱਸਾ ਸਾਫ਼ ਨੰਗਾ ਦਿਖਾਈ ਦਿੰਦਾ। ਬੁੱਢੇ ਬਾਬੇ ਦਾ ਰੰਗ ਗੋਰਾ ਸੀ। ਉਹਦੀਆਂ ਅੱਖਾਂ ਥੱਲੇ ਦਾਖ਼ੀ ਗੋਲ ਘੇਰੇ ਸੁੱਜੇ-ਸੁੱਜੇ ਲੱਗਦੇ। ਦਾੜ੍ਹੀ ਮੁੰਨੀ ਹੋਈ, ਪਰ ਕਰਚੇ ਖੜ੍ਹੇ ਦੇ ਖੜ੍ਹੇ। ਮੁੱਛਾਂ ਕੁੰਡਲਦਾਰ ਬਣਾ ਕੇ ਰੱਖੀਆਂ ਹੋਈਆਂ। ਕੁੜਤੇ ਹੇਠ ਮੈਲੇ ਲੱਠੇ ਦੀ ਝੱਗੀ ਪਾਉਂਦਾ। ਝੱਗੀ ਦੀਆਂ ਦੋਵੇਂ ਜੇਬ੍ਹਾਂ ਵਿੱਚ ਨੋਟਾਂ ਦੀਆਂ ਥਹੀਆਂ। ਪੈਰਾਂ ਭਾਰ ਬੈਠਾ ਉਹ ਬੜੀ ਫੁਰਤੀ ਨਾਲ ਗਾਹਕਾਂ ਨੂੰ ਭੁਗਤਾਉਂਦਾ। ਚਟਣੀ ਨਹੀਂ ਹੁੰਦੀ ਸੀ। ਚਟਣੀ ਦੀ ਤਾਂ ਲੋੜ ਹੀ ਨਾ ਰਹਿੰਦੀ। ਸੁੱਕੇ ਸਮੋਸਿਆ ਵਿੱਚ ਕੁੱਲ ਦੁਨੀਆਂ ਦਾ ਸੁਆਦ ਭਰਿਆ ਹੁੰਦਾ। ਰੱਦੀ ਕਾਗ਼ਜ਼ 'ਤੇ ਸਮੋਸਾ ਰੱਖ ਕੇ ਦਿੰਦਾ। ਇੱਕ ਵੀ ਸਮੋਸਾ ਉਹਦਾ ਮੁੜ ਕੇ ਨਾ ਜਾਂਦਾ। ਇੰਟਰਵਲ ਖ਼ਤਮ ਹੋਣ ਤੋਂ ਪਹਿਲਾਂ-ਪਹਿਲਾਂ ਸਾਰੇ ਸਮੋਸੇ ਵਿਕ ਜਾਂਦੇ। ਬੁੱਢੇ ਬਾਬੇ ਦੇ ਸਮੋਸਿਆਂ ਨੂੰ ਤਾਂ ਲੋਕ ਗਿਰਝਾਂ ਵਾਂਗ ਟੁੱਟ ਕੇ ਪੈ ਜਾਂਦੇ।

ਉਹ ਸ਼ਹਿਰ ਬੱਸ-ਅੱਡੇ 'ਤੇ ਜਾ ਕੇ ਮੈਂ ਉਤਰਦਾ ਤਾਂ ਰਿਕਸ਼ਾ ਲੈ ਕੇ ਘਰ ਨੂੰ ਜਾਂਦਿਆਂ ਬਿਜਲੀ-ਖੰਭੇ ਨਾਲ ਟੰਗਿਆ ਵੱਡਾ ਫੱਟਾ, ਜਿਹੜਾ ਸਭ ਤੋਂ ਪਹਿਲਾਂ ਦੇਖਣ ਨੂੰ ਮਿਲਦਾ, ਉਸ 'ਤੇ ਲਾਲ ਅੱਖਰਾਂ ਵਿੱਚ ਮੋਟਾ-ਮੋਟਾ ਕਰਕੇ ਲਿਖਿਆ ਹੁੰਦਾ, 'ਖੇਤਾ ਰਾਮ ਹਲਵਾਈ ਦੀ ਅਸਲੀ ਤੇ ਪੁਰਾਣੀ ਦੁਕਾਨ ਰੇਲਵੇ ਰੋਡ 'ਤੇ ਹੀ ਹੈ।'

ਅੱਗੇ ਜਾ ਕੇ ਨਾਕਾ-ਚੂੰਗੀ ਦੀ ਕੰਧ ਨਾਲ ਇੱਕ ਹੋਰ ਫੱਟਾ ਲਟਕ ਰਿਹਾ ਹੁੰਦਾ, ਬਿਲਕੁੱਲ ਓਸੇ ਸ਼ਕਲ ਦਾ ਫੱਟਾ ਓਹੀ ਲਾਲ ਅੱਖਰ-ਖੇਤਾ ਰਾਮ ਹਲਵਾਈ ਦੀ ਅਸਲੀ ਤੇ ਪੁਰਾਣੀ ਦੁਕਾਨ ਰੇਲਵੇ-ਰੋਡ ਤੋਂ ਹੁਣ ਗਊਸ਼ਾਲਾ ਰੋਡ 'ਤੇ ਆ ਗਈ ਹੈ।

ਸ਼ਹਿਰ ਵਿੱਚ ਅਨੇਕਾਂ ਥਾਂਵਾਂ 'ਤੇ ਅਜਿਹੇ ਹੋਰ ਕਈ ਫੱਟੇ ਲੱਗੇ ਹੋਏ ਸਨ-ਅਲੱਗ-ਅਲੱਗ ਇਬਾਰਤਾਂ ਵਾਲੇ।

'ਖੇਤਾ ਰਾਮ ਹਲਵਾਈ ਚਾਲ੍ਹੀ ਸਾਲਾ ਅਸਲੀ ਤੇ ਪੁਰਾਣੀ ਦੁਕਾਨ ਰੇਲਵੇ-ਰੋਡ 'ਤੇ ਪਹਿਲਾਂ ਵਾਲੀ ਜਗ੍ਹਾ ਉੱਤੇ ਹੀ ਹੈ।

'ਖੇਤਾ ਰਾਮ ਹਲਵਾਈ ਦੀ ਕੋਈ ਵੀ ਦੁਕਾਨ ਗਊਸ਼ਾਲਾ ਰੋਡ 'ਤੇ ਨਹੀਂ ਹੈ।'

'ਖੇਤਾ ਰਾਮ ਹਲਵਾਈ ਦੀ ਅਸਲੀ ਤੇ ਪੁਰਾਣੀ ਦੁਕਾਨ ਹੁਣ ਗਊਸ਼ਾਲਾ ਰੋਡ 'ਤੇ ਚੁੱਕ ਲਿਆਂਦੀ ਹੈ। ਚਾਹੇ ਆਪ ਆ ਕੇ ਦੇਖ ਲਵੋ।'

'ਖੇਤਾ ਰਾਮ ਹਲਵਾਈ ਦੀਆਂ ਦੇਸੀ ਘਿਓ ਦੀਆਂ ਜਲੇਬੀਆਂ ਰੇਲਵੇ-ਰੋਡ 'ਤੇ ਮਿਲਦੀਆਂ ਹਨ। ਖਾਓ ਤੇ ਮਜ਼ੇ ਲਓ।'

ਇੱਕ ਦਿਨ ਅਸੀਂ ਪਹਿਲਾਂ ਵਾਂਗ ਹੀ ਨਵੇਂ ਸਿਨਮਾ-ਘਰ ਫ਼ਿਲਮ ਦੇਖਣ ਗਏ। ਇੰਟਰਵਲ ਵਿੱਚ ਬੁੱਢੇ ਬਾਬੇ ਦੇ ਸਮੋਸੇ ਖਾਧੇ ਤੇ ਫ਼ਿਲਮ ਦੇਖ ਕੇ ਘਰ ਆ ਗਏ। ਉਸ ਦਿਨ ਮੇਰੇ ਦਿਮਾਗ਼ ਵਿੱਚ ਖੇਤਾ ਰਾਮ ਹਲਵਾਈ ਦੀ ਅਸਲੀ ਤੇ ਪੁਰਾਣੀ ਦੁਕਾਨ ਕੁਝ ਜ਼ਿਆਦਾ ਹੀ ਘੁੰਮ ਰਹੀ ਸੀ। ਰੋਟੀ ਖਾਣ ਬੈਠੇ ਤਾਂ ਮੈਂ ਗੱਲ ਛੇੜੀ, 'ਯਾਰ, ਇਹ ਖੇਤਾ ਰਾਮ ਹਲਵਾਈ ਅਸਲੀ ਤੇ ਪੁਰਾਣੀ ਦੁਕਾਨ ਵਾਲਾ ਕੀ ਚੱਕਰ ਹੈ? ਥਾਂ-ਥਾਂ ਫੱਟੇ..'

'ਇਹ ਕੋਈ ਚੱਕਰ ਨਹੀਂ, ਬੱਸ ਦੁਕਾਨਦਾਰੀ ਦੀਆਂ ਚਲਾਕੀਆਂ ਨੇ।' ਦੋਸਤ ਨੇ ਸਹਿਜ ਸੁਭਾਓ ਜਵਾਬ ਦਿੱਤਾ।

'ਫੇਰ ਵੀ ਇਹ ਕੌਣ ਐ, ਖੇਤਾ ਰਾਮ ਹਲਵਾਈ?'

ਦੋਸਤ ਮੁਸਕਰਾਇਆ। ਬੋਲਿਆ, 'ਤੂੰ ਚੰਗੀ ਤਰ੍ਹਾਂ ਜਾਣਦੈਂ ਖੇਤਾ ਰਾਮ ਹਲਵਾਈ ਨੂੰ।'

'ਮੈਂ ਜਾਣਦਾ? ਮੈਨੂੰ ਕੀ ਪਤਾ ਖੇਤਾ ਰਾਮ ਹਲਵਾਈ ਦਾ?'

'ਜਾਣਦੈ, ਜਾਣਦੈ, ਖ਼ੂਬ ਜਾਣਦੈਂ ਤੂੰ ਖੇਤਾ ਰਾਮ ਹਲਵਾਈ ਨੂੰ।'

'ਬਈ ਕਮਾਲ ਐ, ਮੈਂ ਤਾਂ ਸਗੋਂ ਤੈਨੂੰ ਪੁੱਛ ਰਿਹਾਂ, ਖੇਤਾ ਰਾਮ ਹਲਵਾਈ ਬਾਰੇ।'

'ਇਉਂ ਨਹੀਂ ਤੂੰ ਸਮਝੇਂਗਾ। ਪਹਿਲਾਂ ਸਾਰੀ ਗੱਲ ਸੁਣ।' ਅਸੀਂ ਰੋਟੀ ਸ਼ੁਰੂ ਕਰ ਲਈ ਸੀ। ਦੋਸਤ ਦੱਸਣ ਲੱਗਿਆ, 'ਖੇਤਾ ਰਾਮ ਹਲਵਾਈ ਦੀ ਅਸਲੀ ਤੇ ਪੁਰਾਣੀ ਦੁਕਾਨ ਅਸਲ ਵਿੱਚ ਰੇਲਵੇ ਰੋਡ 'ਤੇ ਹੀ ਹੈ। ਬਹੁਤ ਪੁਰਾਣੀ ਦੁਕਾਨ ਐ। ਓਥੇ ਅਸਲੀ ਦੇਸੀ ਘਿਓ ਦੀਆਂ ਜਲੇਬੀਆਂ ਪੱਕਦੀਆਂ ਨੇ। ਸਵੇਰ ਤੋਂ ਲੈ ਕੇ ਸ਼ਾਮ ਤੱਕ ਸਾਰਾ ਦਿਨ ਜਲੇਬੀਆਂ ਪੱਕਦੀਆਂ ਰਹਿੰਦੀਆਂ ਨੇ। ਨੇੜੇ-ਤੇੜੇ ਦੇ ਪਿੰਡਾਂ ਵਿੱਚ ਵੀ ਇਹ ਜਲੇਬੀਆਂ ਪਹੁੰਚਦੀਆਂ ਨੇ। ਗਰਮ-ਗਰਮ ਜਲੇਬੀਆਂ ਦੁਕਾਨ ਅੱਗੇ ਪਈ ਵੱਡੀ ਸਾਰੀ ਪਰਾਤ ਵਿੱਚ ਆ ਕੇ ਡਿੱਗਦੀਆਂ ਤੇ ਨਾਲ ਦੀ ਨਾਲ ਤੱਕੜੀ 'ਤੇ ਤੁਲ ਕੇ ਗਾਹਕਾਂ ਦੇ ਹੱਥਾਂ 'ਤੇ ਟਿਕਦੀਆਂ ਤੁਰੀਆਂ ਜਾਂਦੀਆਂ ਨੇ। ਬੋਹੜ ਦੇ ਹਰੇ ਪੱਤਿਆਂ 'ਤੇ ਧਰ ਕੇ ਜਲੇਬੀਆਂ ਦਿੱਤੀਆਂ ਜਾਂਦੀਆਂ। ਸੌ ਗ੍ਰਾਮ, ਦੋ ਸੌ ਗ੍ਰਾਮ, ਢਾਈ ਸੌ ਗ੍ਰਾਮ। ਅੱਧਾ ਕਿੱਲੋਂ ਤੇ ਕਿੱਲੋ ਜਲੇਬੀਆਂ ਲਈ ਲਿਫ਼ਾਫ਼ਾ ਹੁੰਦੈ। ਦੇਖਣ ਵਿੱਚ ਜਲੇਬੀ ਦੀਆਂ ਸਾਂਖਾਂ ਐਨੀਆਂ ਸੋਹਣੀਆਂ ਨਹੀਂ ਲੱਗਦੀਆਂ, ਉਂਗਲ ਜਿੰਨੀਆਂ ਮੋਟੀਆਂ-ਮੋਟੀਆਂ, ਪਰ ਵਿੱਚ ਉਨ੍ਹਾਂ ਦੇ ਰਸਾ ਕੋਰਾ ਅੰਮ੍ਰਿਤ ਹੁੰਦੈ, ਜਿਵੇਂ ਗਰਮ ਮਖਿਆਲ ਦੀਆਂ ਘੁੱਟਾਂ।'

'ਤੂੰ ਤਾਂ ਜਲੇਬੀਆਂ ਦੀ ਗੱਲ ਈ ਕਰੀ ਜਾਨੈਂ, ਜਿਵੇਂ ਖੇਤਾ ਰਾਮ ਦੀ ਦੁਕਾਨ ਦਾ ਕੋਈ ਏਜੰਟ ਹੋਵੇ ਤੂੰ, ਮੈਂ ਅਸਲੀ ਤੇ ਪੁਰਾਣੀ ਦੁਕਾਨ ਦੀ ਕਹਾਣੀ ਪੁੱਛੀ ਸੀ। ਮੈਂ ਟੋਕਿਆ।

'ਹਾਂ, ਠੀਕ ਐ। ਦੱਸਦਾ-ਖੇਤਾ ਰਾਮ ਦੇ ਦੋ ਮੁੰਡੇ ਨੇ। ਉਹ ਦਸ-ਦਸ ਜਮਾਤਾਂ ਪੜ੍ਹੇ ਤੇ ਪਿਓ ਦੀ ਦੁਕਾਨ 'ਤੇ ਈ ਬੈਠ ਗਏ। ਪੂਰੇ ਹਲਵਾਈ ਬਣ ਗਏ ਉਹ ਵੀ। ਵਿਆਹੇ ਗਏ, ਫੇਰ ਅੱਡ ਹੋ ਗਏ। ਮਾਂ ਮਰ ਚੁੱਕੀ ਸੀ। ਦੋਵਾਂ ਨੇ ਅੱਡ-ਅੱਡ ਮਕਾਨ ਬਣਾ ਲਏ। ਪਿਓ ਨੂੰ ਦੁਕਾਨ 'ਚੋਂ ਕੱਢ ਦਿੱਤਾ ਤੇ ਦੁਕਾਨ ਵੰਡ ਲਈ। ਵੱਡੇ ਮੁੰਡੇ ਨੇ ਅੱਧ ਦੇ ਪੈਸੇ ਦੇ ਕੇ ਰੇਲਵੇ ਰੋਡ ਵਾਲੀ ਅਸਲੀ ਦੁਕਾਨ ਸੰਭਾਲ ਲਈ। ਛੋਟੇ ਨੇ ਗਊਸ਼ਾਲਾ ਰੋਡ 'ਤੇ ਨਵੀਂ ਦੁਕਾਨ ਖੋਲ੍ਹ ਲਈ। ਇਹ ਫੱਟੇ ਲਿਖ ਕੇ ਲਾਉਣ ਦੀ ਇਸ਼ਤਿਹਾਰਬਾਜ਼ੀ ਪਹਿਲਾਂ ਛੋਟੇ ਮੁੰਡੇ ਨੇ ਹੀ ਸ਼ੁਰੂ ਕੀਤੀ ਸੀ। ਫੇਰ ਵੱਡਾ ਵੀ ਆਪਣਾ ਪ੍ਰਚਾਰ ਕਰਨ ਲੱਗਿਆ। ਉਂਝ ਦੋਵੇਂ ਦੁਕਾਨਾਂ ਇੱਕੋ ਜਿੰਨੀਆਂ ਮਸ਼ਹੂਰ ਨੇ।'

'ਨਹੀਂ, ਫ਼ਰਕ ਹੋਣੈ।' ਮੈਂ ਕਿਹਾ।

'ਇੱਕੋ ਪਿਓ ਦੇ ਪੁੱਤ ਨੇ, ਯਾਰ। ਜਲੇਬੀਆਂ 'ਚ ਭੋਰਾ ਵੀ ਫ਼ਰਕ ਨਹੀਂ। ਓਹੀ ਚੀਜ਼।'

'ਜਲੇਬੀਆਂ ਜ਼ਰੂਰ ਇੱਕੋ ਹੋਣਗੀਆਂ।'

'ਹੋਰ ਫੇਰ?'

'ਗਾਹਕ ਬਹੁਤੇ ਪੁਰਾਣੀ ਦੁਕਾਨ 'ਤੇ ਜਾਂਦੇ ਹੋਣਗੇ।' ਮੈਂ ਕਿਹਾ।

'ਹਾਂ, ਇਹ ਤਾਂ ਹੈ।' ਉਹ ਮੰਨ ਗਿਆ।

'ਇਹਦਾ ਮਤਲਬ ਪਿਓ ਨੂੰ ਕੱਢ ਕੇ ਮੁੰਡੇ ਪਿਓ ਦੇ ਨਾਉਂ ਦੀ ਹੀ ਖੱਟੀ ਖਾ ਰਹੇ ਨੇ।'

'ਹਾਂ, ਉਨ੍ਹਾਂ ਨੇ ਉਹਨੂੰ ਘਰੋਂ ਵੀ ਕੱਢ ਦਿੱਤਾ ਸੀ। ਪੁਰਾਣਾ ਘਰ ਮੁੰਡਿਆਂ ਦੀ ਮਾਂ ਦੇ ਨਾਉਂ ਸੀ। ਮਾਂ ਮਰੀ ਤਾਂ ਮਕਾਨ ਮੁੰਡਿਆਂ ਦੇ ਨਾਉਂ ਹੋ ਗਿਆ। ਬੁੜ੍ਹਾ ਗੈੱਟ-ਆਊਟ।'

'ਹੁਣ ਫੇਰ ਬੁੜ੍ਹਾ?' ਮੈਂ ਖੇਤਾ ਰਾਮ ਬਾਰੇ ਤਰਸ ਦੀ ਭਾਵਨਾ ਨਾਲ ਸੋਚਣ ਲੱਗਿਆ।

'ਤੂੰ ਜਾਣਦੈਂ ਖੇਤਾ ਰਾਮ ਨੂੰ। ਤੂੰ ਉਹਨੂੰ ਦੇਖਿਆ ਹੋਇਐ।' ਦੋਸਤ ਨੇ ਮੇਰਾ ਦਿਮਾਗ਼ ਚਕਰਾਉਣਾ ਚਾਹਿਆ।

'ਕਿਉਂ, ਬਕਵਾਸ ਮਾਰਦਾ ਹੁੰਨੈਂ, ਯਾਰ।'

'ਸ਼ਰਤ ਲਾ ਫੇਰ। ਤੂੰ ਮੰਨ ਜਾਣੈ।' ਉਹ ਨੇ ਮੇਰੇ ਹੱਥ 'ਤੇ ਹੱਥ ਮਾਰਿਆ।

'ਹਾਂ ਚੱਲ, ਰਹੀ ਫੇਰ।' ਮੈਂ ਵੀ ਦ੍ਰਿੜ੍ਹ ਸਾਂ। ਉਹ ਹੱਸਣ ਲੱਗਿਆ।

ਰੋਟੀ ਖਾ ਕੇ ਅਸੀਂ ਹੱਥ ਧੋਣ ਉੱਠੇ। ਦੋਸਤ ਗੰਭੀਰ ਹੋ ਕੇ ਦੱਸ ਰਿਹਾ ਸੀ, 'ਹੁਣ ਖੇਤਾ ਰਾਮ ਵਿਚਾਰਾ ਕਿਰਾਏ ਦੀ ਇੱਕ ਨਿੱਕੀ ਜਿਹੀ ਕੋਠੜੀ ਵਿੱਚ ਰਹਿੰਦੈ। ਉਹ ਹਨੇਰ-ਕੋਠੜੀ ਹੀ ਉਹਦਾ ਸੰਸਾਰ ਐ ਹੁਣ ਬੱਸ।'

'ਤਾਂ ਇਹ ਐਵੇਂ ਭਕਾਈ ਐ ਤੇਰੀ ਬਈ ਮੈਂ ਜਾਣਦਾ ਖੇਤਾ ਰਾਮ ਨੂੰ।' ਮੈਂ ਉਹਦੇ ਵੱਲ ਅੱਖਾਂ ਚੌੜੀਆਂ ਕਰਕੇ ਝੁਕ ਗਿਆ।

'ਨਵੇਂ ਸਿਨਮਾ-ਘਰ ਅੱਗੇ ਸਮੋਸੇ ਨਹੀਂ ਖਾਂਦੇ ਹੁੰਦੇ ਅਪਾਂ ਓਸ ਬੁੱਢੇ-ਬਾਬੇ ਤੋਂ, ਬੱਸ ਉਹੀ ਐ ਖੇਤਾ ਰਾਮ ਹਲਵਾਈ।' ਹੈਰਾਨੀ ਨਾਲ ਮੇਰੀਆਂ ਅੱਖਾਂ ਹੋਰ ਚੌੜੀਆਂ ਹੋ ਗਈਆਂ। ਦੋਸਤ ਚੁੱਪ ਸੀ। ਹੁਣ ਉਹਦੀ ਖ਼ਾਮੋਸ਼ੀ ਮੇਰੀ ਹੈਰਾਨੀ ਦਾ ਮਜ਼ਾਕ ਉਡਾ ਰਹੀ ਸੀ। ♦

# ਭਲੇ ਵੇਲਿਆਂ ਦੀ ਗੱਲ

ਉਹ ਪਿਛਲੇ ਪੰਜਾਂ ਦਿਨਾਂ ਤੋਂ ਹੀਰ ਗਾ ਰਹੇ ਸਨ। ਉਹ ਤਿੰਨ ਸਨ। ਇੱਕ ਸਾਰੰਗੀ ਵਾਲਾ, ਦੋ ਜਣੇ ਢੱਡਾਂ ਵਜਾਉਂਦੇ। ਸਾਰੰਗੀ ਵਾਲਾ ਕੁਝ ਉਤਾਰ ਉਮਰ ਦਾ ਸੀ। ਢੱਡਾਂ ਵਾਲੇ ਮੁੰਡੇ ਪੂਰੇ ਗੱਭਰੂ ਸਨ। ਤਿੰਨਾਂ ਦੇ ਚਿੱਟੇ ਕੱਪੜੇ, ਚਿੱਟੇ ਕੁੜਤੇ, ਚਿੱਟੇ ਚਾਦਰੇ ਤੇ ਚਿੱਟੇ ਹੀ ਸਾਫ਼ੇ-ਮਾਵਾ ਦੇ ਕੇ ਬੰਨ੍ਹੀਆਂ ਲੜ ਛੱਡਵੀਆਂ ਤੁਰਲੇ ਵਾਲੀਆਂ ਪੱਗਾਂ। ਪੈਰਾਂ ਵਿੱਚ ਨੋਕਦਾਰ ਦੁਖੱਲੀਆਂ ਜੁੱਤੀਆਂ-ਚਿੱਟੀ ਤੇ ਸੁਨਹਿਰੀ ਜ਼ਰੀ ਨਾਲ ਕੱਢੀਆਂ ਹੋਈਆਂ। ਮੁੰਡਿਆਂ ਦੇ ਨਿੱਕੀਆਂ-ਨਿੱਕੀਆਂ ਦਾੜ੍ਹੀਆਂ, ਮੁੱਛਾਂ ਦੇ ਕੁੰਡਲ ਛੋਟੇ-ਛੋਟੇ।

ਤਿੰਨਾਂ ਦੀਆਂ ਅੱਖਾਂ ਵਿੱਚ ਧਾਰੀਦਾਰ ਸੁਰਮਾ। ਅੱਖਾਂ ਵਿੱਚ ਜਿਵੇਂ ਲਾਲ ਡੋਰਿਆਂ ਦੀਆਂ ਲਾਟਾਂ ਨਿਕਲਦੀਆਂ ਹੋਣ। ਸਾਰੰਗੀ ਵਾਲਾ ਫੇਰ ਵੀ ਜਿਵੇਂ ਮੁੰਡਿਆਂ ਸਾਹਮਣੇ ਬਾਬਾ ਜਿਹਾ ਲੱਗਦਾ। ਪਰ ਉਹ ਦੀ ਸਾਰੰਗੀ ਕਦੇ ਵੈਣ ਪਾਉਂਦੀ, ਕਦੇ ਖੁੱਲ੍ਹਾ ਹੱਸਦੀ ਤੇ ਕਦੇ ਕਿਲਕਾਰੀਆਂ ਮਾਰਦੀ। ਸਾਰੰਗੀ ਵਾਲੇ ਦਾ ਨਾਉਂ ਮਹਿੰਗਾ ਸਿੰਘ ਸੀ। ਇੱਕ ਮੁੰਡੇ ਦਾ ਨਾਉਂ ਜਰਨੈਲ ਤੇ ਦੂਜੇ ਦਾ ਨਾਉਂ ਪਿਆਰਾ ਸਿੰਘ ਸੀ। ਸਾਰੰਗੀ ਵਾਲਾ ਉਹ ਨੂੰ ਪਿਆਰੂ ਆਖਦਾ। ਪਿਆਰੂ ਦੇਖਣ ਵਿੱਚ ਜਰਨੈਲ ਨਾਲੋਂ ਥੋੜ੍ਹਾ ਵੱਡਾ ਲੱਗਦਾ। ਉਹਦਾ ਰੰਗ ਵੀ ਮਾਮੂਲੀ ਜਿਹਾ ਕਣਕ-ਵੰਨਾ ਸੀ। ਜਰਨੈਲ ਗੋਰਾ ਨਿਛੋਹ।

ਇਹ ਉਨ੍ਹਾਂ ਦਿਨਾਂ ਦੀ ਗੱਲ ਹੈ, ਜਦੋਂ ਚਿੜੀ ਚੂਕਦੀ ਸੁਣ ਕੇ ਹੀ ਰਾਤ ਮੁੱਕੀ ਦਾ ਪਤਾ ਲੱਗਦਾ ਤੇ ਰਾਹੀ-ਪਾਂਧੀ ਆਪਣਾ ਸਫ਼ਰ ਸ਼ੁਰੂ ਕਰਦੇ। ਕਹਿੰਦੇ, ਉਦੋਂ ਤਾਂ ਪੰਛੀ ਵੀ ਭਾਖਿਆ ਦਿੰਦੇ ਸਨ।

ਢੱਡ-ਸਾਰੰਗੀ ਵਾਲਿਆਂ ਦਾ ਅਖਾੜਾ ਦਿਨ ਦੇ ਛਿਪਾਅ ਨਾਲ ਸ਼ੁਰੂ ਹੁੰਦਾ ਤੇ ਦੀਵੇ ਡੰਗਣ ਵੇਲੇ ਤੱਕ ਪੂਰਾ ਮਘ ਉੱਠਦਾ। ਮਜਾਲ ਹੈ, ਕੋਈ ਸੱਥ ਵਿੱਚ ਦੀ ਆਪਣਾ ਡੰਗਰ-ਪਸ਼ੂ ਲੰਘਾ ਲਵੇ, ਸਰੋਤਿਆਂ ਵਿੱਚ ਬੈਠਾ ਕੋਈ ਭੁੰਨ੍ਹੇ ਦਾਣੇ ਚੱਬਦਾ ਹੋਵੇ ਜਾਂ ਗਰ੍ਹਨਾ ਕੱਢਣ ਹੀ ਬੈਠ ਜਾਵੇ। ਦੂਜੇ ਦਿਨ ਗੱਲ ਕਰਨ ਵਾਲੇ ਨੂੰ ਵੀ ਕੋਲ ਬੈਠੇ ਬੰਦੇ ਬਾਹੋਂ ਫੜ ਕੇ ਖੜ੍ਹਾ ਕਰਦੇ ਤੇ ਘਰ ਨੂੰ ਤੋਰ ਦਿੰਦੇ। ਸਰੋਤਿਆਂ ਵਿੱਚ ਮੁਕੰਮਲ ਚੁੱਪ ਹੁੰਦੀ। ਢੱਡ-ਸਾਰੰਗੀ ਬੋਲਦੀ ਤੇ ਜਾ ਬੱਸ ਗਵੰਤਰੀਆਂ ਦੇ ਤਿੱਖੇ ਬੋਲ। ਪਿਆਰੂ ਵਖਿਆਲ ਕਰਦਾ। ਐਸੀ ਕਥਾ ਛੇੜਦਾ, ਜਿਵੇਂ ਸਭ ਕੁਝ ਅੱਖਾਂ ਸਾਹਮਣੇ ਵਾਪਰ ਰਿਹਾ ਹੋਵੇ। ਪੂਰਾ ਨਾਟਕੀ ਅੰਦਾਜ਼ ਹੁੰਦਾ, ਉਹਦੀ ਪੇਸ਼ਕਾਰੀ ਵਿੱਚ।

ਸੱਥ ਦਾ ਚੌਗਾਨ ਪੂਰਾ ਖੁੱਲ੍ਹ ਸੀ। ਇੱਕ ਪਾਸੇ ਹਥਾਈ ਦੀਆਂ ਚੌਕੜੀਆਂ, ਤਿੰਨ ਪਾਸੇ ਘਰ। ਸੱਥ ਵਿੱਚ ਤਿੰਨ ਬੀਹੀਆਂ ਆ ਕੇ ਰਲਦੀਆਂ। ਪਿੰਡ ਦੇ ਛਿਪਦੇ ਪਾਸੇ ਸੀ

ਇਹ ਸੱਥ। ਘਰਾਂ ਦੇ ਬਨੇਰੇ ਉੱਚੇ-ਉੱਚੇ ਸਨ। ਉਨ੍ਹਾਂ ਦਿਨਾਂ ਵਿੱਚ ਜੰਗਲਿਆਂ ਦਾ ਰਿਵਾਜ਼ ਨਹੀਂ ਸੀ। ਬਨੇਰਿਆਂ ਪਿੱਛੇ ਬੈਠ ਕੇ ਘਰਾਂ ਦੀਆਂ ਔਰਤਾਂ ਵੀ ਗੌਣ ਸੁਣਦੀਆਂ। ਗੌਣ ਵਿੱਚ ਕਿਹੜਾ ਕੋਈ ਮਾੜੀ ਗੱਲ ਹੁੰਦੀ। ਔਰਤਾਂ ਵੀ ਤਾਂ ਸੁਣ ਸਕਦੀਆਂ ਹਨ, ਪਰ ਉਹ ਕੋਠਿਆਂ 'ਤੇ ਹੀ ਸੁਣਦੀਆਂ। ਬੰਦੇ ਸੱਥ ਵਿੱਚ ਘੇਰਾ ਬੰਨ੍ਹ ਕੇ ਬੈਠੇ ਹੁੰਦੇ। ਕੋਈ ਇੱਕ-ਅੱਧ ਵੈਲੀ ਬੰਦਾ ਦਾਰੂ ਦੀ ਸ਼ੀਸ਼ੀ ਵੀ ਚੁੱਕ ਲਿਆਉਂਦਾ। ਪਾਣੀ ਦਾ ਗੜਵਾ ਤੇ ਕੌਲੀ ਵੀ। ਪਿਆਰੂ ਤੇ ਜਰਨੈਲ ਨਹੀਂ ਪੀਂਦੇ ਸਨ, ਪਰ ਸਾਰੰਗੀ-ਵਾਲਾ ਇੱਕ-ਦੋ ਕੌਲੀਆਂ ਛਕ ਲੈਂਦਾ। ਦਾਰੂ ਪੀ ਕੇ ਉਹ ਸਾਰੰਗੀ ਦੀਆਂ ਨਵੀਆਂ-ਨਵੀਆਂ ਧੁਨਾਂ ਕੱਢਣ ਲੱਗਦਾ।

ਬਨੇਰਿਆਂ ਪਿੱਛੇ ਬੁੜ੍ਹੀਆਂ ਨਾਲ ਕੋਈ ਬਹੂ ਵੀ ਘੁੰਡ ਕੱਢ ਕੇ ਬੈਠਦੀ। ਮੁਟਿਆਰ ਕੁੜੀਆਂ ਪਿੱਠ ਕਰਕੇ ਬੈਠਦੀਆਂ। ਕੰਨੇ ਰਸ ਤੋਂ ਥੱਲੇ ਬੈਠਿਆਂ ਨੂੰ ਕੋਈ ਸੁਰਤ ਨਾ ਰਹਿੰਦੀ ਕਿ ਕੋਠਿਆਂ 'ਤੇ ਕੀਹਦੀ ਬੁੜ੍ਹੀ ਬੈਠੀ ਹੈ, ਕੀਹਦੀ ਬਹੂ ਤੇ ਕੀਹਦੀ ਕੁੜੀ। ਪਰ ਕੀ ਪਤੈ, ਭਾਈ, ਦੇਖਣ ਵਾਲੇ ਤਾਂ ਫੇਰ ਵੀ ਦੇਖ ਜਾਂਦੇ ਹੋਣਗੇ। ਕੀ ਪਤੈ, ਕੋਈ ਇੱਕ ਥਾਂ ਹੀ ਨਿਗਾਹ ਗੱਡੀ ਬੈਠਾ ਰਹਿੰਦਾ ਹੋਵੇ। ਅਜਿਹੀ ਦਸ਼ਾ ਵਿੱਚ ਗੌਣ ਵੱਲ ਕਿਸੇ ਦਾ ਕੀ ਧਿਆਨ ਰਹਿੰਦਾ ਹੋਵੇਗਾ, ਪਰ ਉਹ ਸਤਿਜੁਗੀ ਜ਼ਮਾਨਾ ਸੀ, ਅੱਖ-ਸ਼ਰਮ ਬਹੁਤ ਵੱਡੀ ਗੱਲ ਹੁੰਦੀ।

ਰਾਪੁਰੀਆਂ ਦੀ ਬੁੜ੍ਹੀ ਨੰਦ ਕੁਰ ਨਿੱਤ ਆ ਕੇ ਕੋਠੇ 'ਤੇ ਬੈਠਦੀ। ਉਹਨੇ ਸਾਰਾ ਗੌਣ ਸੁਣਿਆ। ਸੋਟੀ ਫੜ ਕੇ ਤੁਰਦੀ, ਪਰ ਦੇਹ ਦੀ ਨਰੋਈ ਸੀ। ਪੂਰਾ ਡਾਂਡੇ-ਖਾਂਡੇ ਵਾਲਾ ਘਰ ਸੀ ਰਾਪੁਰੀਆਂ ਦਾ। ਨੰਦ ਕੁਰ ਦੇ ਤਿੰਨ ਮੁੰਡੇ ਸੀ। ਖੱਬੀ ਖਾਨ ਵਾਹੀ ਕਰਦੇ। ਛੱਤ ਨਾਲ ਬੋਰੀਆਂ ਲੱਗੀਆਂ ਰਹਿੰਦੀਆਂ। ਤਿੰਨਾਂ ਮੁੰਡਿਆਂ ਦੇ ਅਗਾਂਹ ਜੁਆਨ ਪੁੱਤ-ਧੀ। ਮੁੰਡਿਆਂ ਦਾ ਪਿਓ ਨਹੀਂ ਸੀ। ਇਕੱਠਾ ਟੱਬਰ ਸੀ। ਪੁੱਗਦੀ ਨੰਦ ਕੁਰ ਦੀ। ਪੰਜ ਕਰੇ, ਪੰਜਾਹ ਕਰੇ, ਮੁੰਡਾ-ਬਹੂ ਕਦੇ ਕੋਈ ਕੁਸਕਦਾ ਨਹੀਂ ਸੀ।

ਨੰਦ ਕੁਰ ਦੀ ਪੋਤੀ, ਵੱਡੇ ਮੁੰਡੇ ਦੀ ਧੀ ਨ੍ਹਾਮੋ ਵੀ ਆਥਣ ਵੇਲੇ ਗੌਣ ਸੁਣਦੀ। ਉਹ ਦਾਦੀ ਦੇ ਗੋਡੇ-ਮੁੱਢ ਲੱਗ ਕੇ ਬੈਠ ਜਾਂਦੀ ਤੇ ਮੰਤਰ ਮੁਗਧ ਹੋ ਕੇ ਸੁਣਦੀ ਰਹਿੰਦੀ। ਕਦੇ-ਕਦੇ ਅੱਖਾਂ ਪੁੱਟ ਕੇ ਗਾਉਣ ਵਾਲਿਆਂ ਵੱਲ ਝਾਕਦੀ। ਨਹੀਂ ਤਾਂ ਬੱਸ ਧਰਤੀ 'ਤੇ ਨਿਗਾਹ।

ਦਾਦੀ ਉਹ ਨੂੰ ਕਿਸੇ ਗੱਲੋਂ ਟੋਕਦੀ ਵਰਜਦੀ ਨਹੀਂ ਸੀ। ਉਹਨੂੰ ਕਦੇ ਨਹੀਂ ਆਖਿਆ ਸੀ ਕਿ ਉਹ ਹਥਾਈ ਵੱਲ ਪਿੱਠ ਕਰਕੇ ਬੈਠੇ। ਇੱਕ ਦਿਨ ਦੁਪਹਿਰ ਵੇਲੇ ਜਦੋਂ ਬੰਦੇ ਖੇਤਾਂ ਵਿੱਚ ਸਨ, ਔਰਤਾਂ ਆਪੋ-ਆਪਣੇ ਕੰਮੀਂ ਧੰਦੀਂ ਰੁੱਝੀਆਂ ਹੋਈਆਂ, ਛੋਟੇ ਜੁਆਕ ਵੀ ਘਰ ਨਹੀਂ ਸਨ ਤਾਂ ਦਾਦੀ-ਪੋਤੀ ਵਿਹੜੇ ਵਿੱਚ ਨਿੰਮ੍ਹ ਦੀ ਛਾਂ ਥੱਲੇ ਬੈਠੀਆਂ ਨਿੱਕੀਆਂ-ਨਿੱਕੀਆਂ ਗੱਲਾਂ ਕਰਨ ਲੱਗੀਆਂ। ਨ੍ਹਾਮੋ ਕਹਿ ਰਹੀ ਸੀ-'ਅੰਬੋ ਨੀ, ਉਹ ਕੀ ਸੁਹਣਾ ਬੋਲਦੈ, ਤੇ ਕਿੰਨਾ ਵਧੀਆ ਗਾਉਂਦੈ।'

'ਗਾਉਂਦੇ ਤਾਂ ਦੋਵੇਂ ਵਧੀਆਂ ਨੇ, ਤੂੰ ਕਿਹੜੇ ਦੀ ਗੱਲ ਕਰਦੀ ਐਂ?'

'ਉਹ ਜਿਹੜਾ ਊਂ ਵੀ ਬੋਲਦਾ ਹੁੰਦੈ। ਮੁਸ਼ਕੀ ਜ੍ਹਾ ਰੰਗ ਐ ਜੀਹਦਾ, ਉਹ। ਅੰਬੋ ਨੀ, ਉਹਦੇ ਤਾਂ ਪਤਾਸਿਆਂ ਵਰਗੇ ਬੋਲ ਨੇ।'

'ਇਹ ਕਲਾ ਐ ਧੀਏ। ਰੱਬ ਆਪ ਦਿੰਦੈ ਇਹ ਕਲਾ ਬੰਦੇ ਨੂੰ। ਦੋਵੇਂ ਮੁੰਡੇ ਗਾਉਣ ਦੀ ਕਲਾ ਦੇ ਧਨੀ ਨੇ। ਸੁਰਸਤੀ ਆਪ ਆ ਕੇ ਬਹਿੰਦੀ ਐ, ਉਨ੍ਹਾਂ ਦੇ ਮੂੰਹਾਂ 'ਤੇ। ਸਾਰੰਗੀ ਆਲਾ ਕਿਹੜਾ ਘੱਟ ਐ। ਉਹਦੇ ਹੱਥਾਂ 'ਚ ਕਲਾ ਐ।'

'ਨਹੀਂ ਅੰਬੋ, ਪਿਆਰੂ ਬਾਹਲਾ ਸੁਹਣਾ ਗਾਉਂਦੈ। ਬੁੜ੍ਹੀ ਮੂੰਹੋਂ ਕੁਝ ਨਹੀਂ ਬੋਲੀ। ਨੀਂਝ ਲਾ ਕੇ ਕੁੜੀ ਦੇ ਚਿਹਰੇ ਵੱਲ ਝਾਕਣ ਲੱਗੀ। ਤੇ ਫੇਰ ਪਤਾ ਨਹੀਂ ਕੀ ਸੋਚ ਕੇ ਨੀਵੀਂ ਪਾ ਗਈ। ਇੱਕ ਲੰਮਾ ਸਾਹ ਬੁੜ੍ਹੀ ਦੇ ਅੰਦਰ ਖਿੱਚਿਆ ਗਿਆ।

ਨ੍ਹਾਮੋ ਆਪਣੀ ਮਾਂ ਨਾਲ ਕੋਈ ਕੰਮ-ਧੰਦਾ ਕਰਾਉਣ ਲੱਗੀ। ਨੰਦ ਕੁਰ ਨਿੰਮ੍ਹ ਥੱਲਿਓਂ ਉੱਠ ਕੇ ਅੰਦਰ ਸਬਾਤ ਵਿੱਚ ਜਾ ਬੈਠੀ ਤੇ ਫੇਰ ਆਪਣਾ ਸੰਦੂਖ ਖੋਲ੍ਹ ਕੇ ਟੂਮਾਂ ਦੀ ਪੋਟਲੀ ਕੱਢ ਲਈ। ਤਿੰਨੇ ਬਹੂਆਂ ਦੀਆਂ ਟੂਮਾਂ ਉਹ ਆਪ ਸੰਭਾਲ ਕੇ ਰੱਖਦੀ। ਕਿਸੇ ਵਿਆਹ ਸ਼ਾਦੀ ਨੂੰ ਟੂਮਾਂ ਆਪ ਕੱਢ ਕੇ ਉਨ੍ਹਾਂ ਨੂੰ ਦਿੰਦੀ। ਬੁੜ੍ਹੀ ਦਾ ਪੂਰਾ ਤਪ-ਤੇਜ਼ ਸੀ। ਘਰ ਕੀ, ਸਾਰੇ ਅਗਵਾੜ ਵਿੱਚ ਨੰਦ ਕੁਰ-ਨੰਦ ਕੁਰ ਪਈ ਹੁੰਦੀ। ਹੋਰਾਂ ਘਰਾਂ ਦੀਆਂ ਤੀਵੀਆਂ ਉਹਨੂੰ ਘਰ ਲਿਜਾ ਕੇ ਨਿਆਂ ਨਿਬੜਾਉਂਦੀਆਂ।

ਟੂਮਾਂ ਵਿਚੋਂ ਕੰਠਾ ਕੱਢ ਕੇ ਉਹ ਕਿੰਨਾ ਚਿਰ ਉਹਦੇ ਮਣਕਿਆਂ ਨੂੰ ਪਲੋਸਦੀ ਰਹੀ। ਸੱਤ ਮਣਕਿਆਂ ਵਾਲਾ ਕੰਠਾ ਲਿਸ਼ਕਾ ਮਾਰਦਾ। ਇਹ ਕੰਠਾ ਉਹਨੇ ਚਾਰ ਵਰ੍ਹੇ ਪਹਿਲਾਂ ਬਣਵਾਇਆ ਸੀ, ਕਣਕ ਦੀ ਫ਼ਸਲ ਵੇਚ ਕੇ। ਉਹਦੀ ਵਿਉਂਤ ਸੀ ਕਿ ਜਿਹੜੀ ਵੀ ਪੋਤੀ ਦਾ ਪਹਿਲਾਂ ਵਿਆਹ ਹੋਇਆ, ਉਹ ਇਹ ਕੰਠਾ ਪਾਹੁਣੇ ਨੂੰ ਪਾਵੇਗੀ। ਸੁੱਚੇ ਸੁਨਿਆਰ ਨੇ ਇਹ ਨੂੰ ਬਣਾਇਆ ਵੀ ਬੜੀ ਪ੍ਰੀਤ ਲਾ ਕੇ ਸੀ। ਉਹਨੇ ਕੰਠਾ ਬਾਹਰ ਰੱਖ ਲਿਆ ਤੇ ਬਾਕੀ ਟੂਮਾਂ ਪੋਟਲੀ ਬੰਨ੍ਹ ਕੇ ਸੰਦੂਖ ਵਿੱਚ ਸੁੱਟ ਦਿੱਤੀਆਂ। ਕਰੋਸ਼ੀਏ ਦੇ ਇੱਕ ਰੁਮਾਲ ਵਿੱਚ ਕੰਠਾ ਵਲ੍ਹੇਟ ਕੇ ਸੰਦੂਖ ਦੇ ਹੀ ਅੰਦਰਲੇ ਰਖਣੇ ਵਿੱਚ ਰੱਖ ਦਿੱਤਾ।

ਗੌਣ ਦਾ ਬਾਰ੍ਹਵਾਂ ਦਿਨ ਸੀ। ਹੀਰ ਦੀ ਕਹਾਣੀ ਆਖ਼ਰੀ ਪੜਾਓ 'ਤੇ ਸੀ। ਰਾਂਝਾ ਰੰਗਪੁਰ ਤੋਂ ਹੀਰ ਨੂੰ ਲੈ ਕੇ ਨਿਕਲ ਜਾਂਦਾ ਹੈ। ਖੇੜੇ ਉਹਦਾ ਪਿੱਛਾ ਕਰਦੇ ਹਨ ਤੇ ਉਹਨੂੰ ਰਾਹ ਵਿੱਚ ਹੀ ਘੇਰ ਲੈਂਦੇ ਹਨ। ਅਦਲੀ ਰਾਜਾ ਇਨਸਾਫ਼ ਕਰਦਾ ਹੈ ਤੇ ਹੀਰ ਖੇੜਿਆਂ ਨੂੰ ਮੋੜ ਦਿੰਦਾ ਹੈ। ਸ਼ਹਿਰ ਨੂੰ ਅੱਗ ਲੱਗ ਜਾਂਦੀ ਹੈ। ਰਾਜੇ ਨੂੰ ਫ਼ਕੀਰ ਦੀ ਬਦ-ਦੁਆ ਦਾ ਗਿਆਨ ਹੁੰਦਾ ਹੈ ਤਾਂ ਉਹ ਖੇੜਿਆਂ ਨੂੰ ਵਾਪਸ ਬੁਲਾ ਕੇ ਹੀਰ, ਰਾਂਝੇ ਨੂੰ ਬਖ਼ਸ਼ ਦਿੰਦਾ ਹੈ।

ਤੇ ਫੇਰ ਜਿਸ ਦਿਨ ਅਖਾੜਾ ਸਮਾਪਤੀ 'ਤੇ ਆਇਆ, ਸੱਥ ਵਿੱਚ ਸਰੋਤੇ ਆਮ ਦਿਨਾਂ ਨਾਲੋਂ ਡੂਢੇ-ਸਵਾਏ ਹੋਣਗੇ। ਕੋਠਿਆਂ ਦੇ ਬਨੇਰਿਆਂ 'ਤੇ ਵੀ ਪਹਿਲਾਂ ਨਾਲੋਂ ਵੱਧ ਰੌਣਕਾਂ ਸਨ। ਰੁਪਈਏ ਤਾਂ ਲੋਕ ਪਹਿਲਾਂ ਵੀ ਦਿੰਦੇ ਸਨ, ਉਸ ਦਿਨ ਅਗਵਾੜ ਨੇ ਬਾਸ਼ ਪਾ ਕੇ ਰੁਪਈਏ ਇਕੱਠੇ ਕੀਤੇ। ਰੁਪਈਆਂ ਨਾਲ ਪੱਗਾਂ ਤੇ ਖੇਸ ਵੀ।

ਗਵੰਤਰੀਆਂ ਦਾ ਪੂਰਾ ਜ਼ੋਰ ਲੱਗਿਆ ਹੋਇਆ ਸੀ। ਪਿਆਰੂ ਤੇ ਜਰਨੈਲ ਪੱਬਾਂ ਭਾਰ ਹੋ ਕੇ ਉੱਚਾ ਬੋਲ ਕੱਢਦੇ। ਮਹਿੰਗਾ ਸਾਰੰਗੀ ਵਜਾਉਂਦਾ ਦੂਹਰਾ ਹੋ-ਹੋ ਜਾਂਦਾ।

ਕਿੰਨੇ ਦਿਨ ਹੋ ਗਏ ਸਨ ਗੌਣ ਨੂੰ, ਹੁਣ ਤੱਕ ਤਿੰਨਾਂ ਦਾ ਅੱਗਾ-ਪਿੱਛਾ ਅਗਵਾੜ ਦੇ ਘਰ-ਘਰ ਜਾ ਪਹੁੰਚਿਆ। ਮਹਿੰਗਾ ਜੁਆਕ-ਜੱਲਿਆਂ ਵਾਲਾ ਕਬੀਲਦਾਰ ਬੰਦਾ ਸੀ। ਜਰਨੈਲ ਵੀ ਸ਼ਾਦੀ-ਸ਼ੁਦਾ ਸੀ, ਉਹਦੀ ਵਾਹੁਟੀ ਕੋਲ ਮੁੰਡਾ ਸੀ। ਪਿਆਰੂ ਕੰਵਾਰਾ ਸੀ। ਜਰਨੈਲ ਨਾਲੋਂ ਉਹ ਉਮਰ ਵਿੱਚ ਵੱਡਾ ਸੀ, ਪਰ ਪਤਾ ਨਹੀਂ ਕਿਉਂ ਹਾਲੇ ਤੱਕ

ਉਹਨੇ ਵਿਆਹ ਨਹੀਂ ਕਰਵਾਇਆ ਸੀ। ਕੁਝ-ਕੁਝ ਫੱਕਰ ਕਿਸਮ ਦੀ ਤਬੀਅਤ ਸੀ ਉਹਦੀ। ਅੱਖਾਂ ਵਿੱਚ ਮਸਤੀ। ਚਿਹਰੇ 'ਤੇ ਗੰਭੀਰਤਾ। ਹੱਸਦਾ ਤਾਂ ਅੱਖਾਂ ਵਿੱਚ ਪਾਣੀ ਆ ਜਾਂਦਾ।

ਅਗਵਾੜ ਦੇ ਚੰਗੇ-ਚੰਗੇ ਘਰ ਗਵੰਤਰੀਆਂ ਨੂੰ ਰੋਟੀ ਕਰਦੇ। ਜਿਹੜਾ ਘਰ ਆਥਣ ਦੀ ਰੋਟੀ ਵਰਜਦਾ, ਉਹੀ ਘਰ ਅਗਲੇ ਦਿਨ ਸਵੇਰ ਦੀ ਹਾਜ਼ਰੀ ਤੇ ਦੁਪਹਿਰ ਦੀ ਰੋਟੀ ਖਵਾਉਂਦਾ। ਉਨ੍ਹਾਂ ਦਾ ਪੱਕਾ ਟਿਕਾਣਾ ਹਥਾਈ ਦੇ ਚੁਬਾਰੇ ਵਿੱਚ ਸੀ। ਹਥਾਈ ਦੇ ਵਿਹੜੇ ਵਿੱਚ ਪੰਪ ਸੀ। ਉੱਥੇ ਹੀ ਉਹ ਨ੍ਹਾਉਂਦੇ-ਧੋਂਦੇ ਤੇ ਸਵੇਰ ਦੀ ਹਾਜ਼ਰੀ ਖਾ ਕੇ ਆਏ ਗਏ ਨਾਲ ਗੱਲਾਂ ਮਾਰਦੇ। ਹਾਜ਼ਰੀ ਉਨ੍ਹਾਂ ਨੂੰ ਚੁਬਾਰੇ ਵਿੱਚ ਹੀ ਪਹੁੰਚ ਜਾਂਦੀ। ਦੁਪਹਿਰ ਦੀ ਤੇ ਰਾਤ ਦੀ ਰੋਟੀ ਅਗਲੇ ਦੇ ਘਰ ਜਾ ਕੇ ਖਾਂਦੇ। ਉਨ੍ਹਾਂ ਦਿਨਾਂ ਵਿੱਚ ਬਨਸਪਤੀ ਘਿਓ ਨੂੰ ਤਾਂ ਕੋਈ ਜਾਣਦਾ ਨਹੀਂ ਸੀ। ਹਰ ਘਰਾਂ ਵਿੱਚ ਦੁੱਧ ਦੇ ਲਵੇਰੇ ਸਨ। ਦੁੱਧ-ਲੱਸੀ ਆਮ ਰਹਿੰਦਾ। ਹਾਜ਼ਰੀ ਵਿੱਚ ਉਹ ਪਾਣੀ ਹੱਥ ਦੀ ਲੂਣ ਵਾਲੀ ਬੇਸਣੀ ਰੋਟੀ ਮਖਣੀ ਨਾਲ ਖਾਂਦੇ। ਅਚਾਰ ਨਹੀਂ ਖਾਂਦੇ ਸੀ। ਗਲੇ ਦਾ ਬਹੁਤ ਖਿਆਲ ਰੱਖਦੇ। ਅਲਮੀ-ਸਲਮੀ ਕੋਈ ਵੀ ਚੀਜ਼ ਮੂੰਹ 'ਤੇ ਨਹੀਂ ਧਰਦੇ ਸਨ। ਉਨ੍ਹਾਂ ਨੂੰ ਮੂੰਗੀ ਦੀ ਦਾਲ ਤੇ ਅਣਚੋਪੜਿਆ ਕਣਕ ਦਾ ਫੁਲਕਾ ਬਹੁਤ ਪਸੰਦ ਸੀ। ਘਿਓ ਪਾ ਕੇ ਸ਼ੱਕਰ ਜ਼ਰੂਰ ਖਾਂਦੇ।

ਨੰਦ ਕੁਰ ਉਨ੍ਹਾਂ ਨੂੰ ਤਿੰਨ ਵਾਰ ਘਰ ਬੁਲਾ ਚੁੱਕੀ ਸੀ। ਉਨ੍ਹਾਂ ਦੇ ਰੋਟੀ-ਟੁੱਕ ਦਾ ਸਾਰਾ ਕੰਮ ਨ੍ਹਾਮੋ ਕਰਦੀ। ਗਵੰਤਰੀਆਂ ਨੂੰ ਲੱਗਦਾ, ਜਿਵੇਂ ਨੰਦ ਕੁਰ ਦੇ ਘਰ ਆ ਕੇ ਉਹ ਨਿੱਤ ਨਾਲੋਂ ਵੱਧ ਰੋਟੀ ਖਾਂਦੇ ਹੋਣ। ਮਹਿੰਗਾ ਆਖਦਾ, 'ਕੁੜੀ ਸਹੁਰੀ ਦਾਲ ਪਤਾ ਨ੍ਹੀਂ ਵਿੱਚ ਕੀ ਪਾ ਕੇ ਬਣਾਉਂਦੀ ਐ, ਰੋਟੀਆਂ ਨਾਲ ਢਿੱਡ ਭਰ ਜਾਂਦੈ, ਨੀਤ ਨ੍ਹੀਂ ਭਰਦੀ।'

ਹਾਂ, ਉਹ ਅਖਾੜੇ ਦੀ ਆਖ਼ਰੀ ਸ਼ਾਮ ਸੀ। ਉਸ ਦਿਨ ਉਹ ਕੁਝ ਸਮਾਂ ਪਹਿਲਾਂ ਹੀ ਸੱਥ ਵਿੱਚ ਉਤਰ ਆਏ ਸਨ ਤੇ ਫੇਰ ਜਦੋਂ ਹੀਰ ਦੀ ਆਖ਼ਰੀ ਕਲੀ ਲਾਈ ਜਾ ਰਹੀ ਸੀ, ਤਾਰੇ ਨਿਕਲ ਆਏ। ਦੀਵੇ ਤਾਂ ਕਦੋਂ ਦੇ ਡੰਗੇ ਜਾ ਚੁੱਕੇ ਸਨ। ਸਰੋਤਿਆਂ ਨੂੰ ਘਰੀਂ ਜਾਣ ਦੀ ਕੋਈ ਕਾਹਲ ਨਹੀਂ ਸੀ। ਚਾਰ ਲਾਲਟੈਣਾਂ ਮਚਾ ਕੇ ਸੱਥ ਦੇ ਚਾਰੇ ਪਾਸੇ ਕੰਧਾਂ ਵਿੱਚ ਕਿੱਲੀਆਂ ਗੱਡ ਕੇ ਟੰਗ ਦਿੱਤੀਆਂ ਗਈਆਂ।

ਤੇ ਫੇਰ ਗਵੰਤਰੀਆਂ ਨੂੰ ਪੱਗਾਂ ਤੇ ਖੇਸ ਭੇਟ ਕੀਤੇ ਜਾਣ ਲੱਗੇ। ਅਗਵਾੜ ਦੀ ਬਾਸ਼ ਦੇ ਸਾਂਝੇ ਰੁਪਈਏ ਨੰਬਰਦਾਰ ਨੇ ਇੱਕ ਲਾਲ ਰੰਗ ਦੀ ਥੈਲੀ ਵਿੱਚ ਪਾਏ ਤੇ ਥੈਲੀ ਮਹਿੰਗਾ ਸਿੰਘ ਸਾਰੰਗੀ ਵਾਲੇ ਨੂੰ ਭੇਟ ਕਰ ਦਿੱਤੀ। ਅਸਲ ਵਿੱਚ ਉਹ ਥੈਲੀ ਸਾਰੰਗੀ ਦੀ ਭੇਟਾ ਸੀ।

ਸਾਰੰਗੀ ਹੁਣ ਚੁੱਪ ਸੀ। ਢੱਡਾਂ ਗਵੰਤਰੀ ਮੁੰਡਿਆਂ ਦੀਆਂ ਬਾਹਾਂ ਨਾਲ ਲਟਕ ਰਹੀਆਂ ਸਨ। ਉਹ ਹਰ ਇੱਕ ਦਾ ਧੰਨਵਾਦ ਕਰਦੇ। ਲਾਲਟੈਣਾਂ ਦੇ ਚਾਨਣ ਵਿੱਚ ਨੰਦ ਕੁਰ ਵੀ ਸੋਟੀ ਫੜ ਕੇ ਗਵੰਤਰੀਆਂ ਸਾਹਮਣੇ ਜਾ ਖੜ੍ਹੀ। ਸਿਰ ਵਾਲੀ ਚਾਦਰ ਦੀ ਝੋਲੀ ਵਿੱਚ ਉਹਨੇ ਪਤਾ ਨਹੀਂ ਕੀ ਛੁਪਾ ਕੇ ਰੱਖਿਆ ਸੀ। ਆਲੇ-ਦੁਆਲੇ ਬੈਠੇ ਲੋਕ ਹੈਰਾਨ ਸਨ, 'ਬੁੜ੍ਹੀ ਦਾ ਖਾੜੇ 'ਚ ਕੀ ਕੰਮ ਬਈ?'

ਉਹ ਪਿਆਰੂ ਦੇ ਮੂੰਹ ਵੱਲ ਝਾਕ ਰਹੀ ਸੀ। ਅਖਾੜੇ ਵਿੱਚ ਮੁਕੰਮਲ ਖ਼ਾਮੋਸ਼ੀ ਛਾ ਗਈ। ਉਹਨੇ ਚਾਦਰ ਦੀ ਝੋਲੀ ਵਿਚੋਂ ਅੱਗ ਵਾਂਗ ਦਗ਼ਦਾ ਕੰਠਾ ਕੱਢਿਆ ਤੇ ਪਿਆਰੂ ਦੇ ਗਲ ਵਿੱਚ ਪਾ ਦਿੱਤਾ। ਕਹਿੰਦੀ-'ਲੈ ਪੁੱਤ ਵੇ, ਮੈਂ ਤੈਨੂੰ ਆਵਦੀ ਨ੍ਹਾਮੋ ਦਿੱਤੀ।' ♦

# ਫ਼ਾਸਲੇ

ਬਹੂ-ਮੁੰਡੇ ਵਾਲੀ ਜੀਪ ਵਿਚ ਮੈਂ ਵੀ ਸਾਂ। ਦੋ ਬੰਦੇ ਹੋਰ ਸਨ। ਮੁੰਡੇ ਦਾ ਵਿਚੋਲਾ ਵੀ ਸੀ। ਮਾਮੀ ਵਿਚੋਲਣ ਬਣ ਕੇ ਨਾਲ ਆਈ ਸੀ। ਦੂਜਾ ਬੰਦਾ ਮੁੰਡੇ ਦੇ ਪਿਓ ਦਾ ਕੋਈ ਲਿਹਾਜ਼ੀ ਸੀ। ਸੀ ਬਜ਼ੁਰਗ।

ਸਾਬੋਕੀ ਤਲਵੰਡੀ ਆ ਕੇ ਜੀਪ ਰੁਕੀ। ਡਰਾਈਵਰ ਰੇਡੀਏਟਰ ਵਿੱਚ ਪਾਣੀ ਪਾਉਣ ਲੱਗਿਆ। ਮੁੰਡਾ, ਮੁੰਡੇ ਦਾ ਮਾਮਾ ਤੇ ਪਿਓ ਦਾ ਲਿਹਾਜ਼ੀ ਸ਼ਰਾਬ ਦੇ ਠੇਕੇ ਵੱਲ ਤੁਰ ਗਏ। ਮੈਂ ਇੱਕ ਚਾਹ ਦੀ ਦੁਕਾਨ ਤੋਂ ਪਾਣੀ ਦਾ ਡੱਬਾ ਲੈ ਕੇ ਓਕ ਨਾਲ ਪਾਣੀ ਪੀਣ ਲੱਗਿਆ।

'ਗਲਾਸ ਲੈ ਲਓ, ਭਾਈ ਸਾਅਬ।'

'ਨਹੀਂ, ਠੀਕ ਐ, ਗਲਾਸ ਨੂੰ ਕੀ ਐ।'

ਪਾਣੀ ਪੀ ਕੇ ਮੁੱਛਾਂ 'ਤੇ ਹੱਥ ਫੇਰਿਆ ਤੇ ਗਿੱਲੀਆਂ ਉਂਗਲਾਂ ਨਾਲ ਅੱਖਾਂ ਦੀਆਂ ਪਲਕਾਂ ਨੂੰ ਸਹਿਲਾਇਆ। ਦੂਰੋਂ ਖੜ੍ਹੇ ਨੇ ਮੈਂ ਜੀਪ ਵੱਲ ਨਜ਼ਰ ਮਾਰੀ, ਮੁੰਡੇ ਦੀ ਮਾਮੀ ਤੇ ਬਹੂ ਕਾਹਲ ਨਾਲ ਕੋਈ ਗੱਲ ਕਰ ਰਹੀਆਂ ਸਨ। ਇੱਕ ਬਿੰਦ ਮੇਰੇ ਬੁੱਲ੍ਹਾਂ 'ਤੇ ਮੁਸਕਾਨ ਆਈ-ਹੁਣ ਵਕਤ ਲੱਗਿਐ ਵਿਚਾਰੀ ਬਹੂ ਨੂੰ ਤਾਂ ਮੂੰਹ ਖੋਲ੍ਹਣ ਦਾ।

ਹਾੜ੍ਹਾਂ ਦੇ ਦਿਨ ਸਨ। ਕੁਝ ਦਿਨ ਹੋਏ, ਥੋੜ੍ਹਾ ਜਿਹਾ ਮੀਂਹ ਪਿਆ ਸੀ ਤੇ ਹੁਣ ਫੇਰ ਗਰਮੀ ਦੂਣ-ਸਵਾਈ ਹੋ ਚੱਲੀ ਸੀ। ਧਰਤੀ ਫਿਰ ਤਪਣ ਲੱਗ ਪਈ। ਹਨੇਰੀਆਂ ਫਿਰ ਉੱਠਣ ਲੱਗੀਆਂ। ਢਲੀ ਦੁਪਹਿਰ ਅਸੀਂ ਵਿਦਾ ਹੋਏ ਸਾਂ ਤੇ ਹੁਣ ਆਥਣ ਉਤਰਨ ਲੱਗੀ ਸੀ। ਸੜਕ 'ਤੇ ਇੱਕ ਨਿੰਮ੍ਹ ਦੀ ਛਾਂ ਥੱਲੇ ਜੀਪ ਖੜ੍ਹੀ ਸੀ। ਉਹ ਤਿੰਨੇ ਜਣੇ ਠੇਕੇ ਵਿਚੋਂ ਅਜੇ ਬਾਹਰ ਨਹੀਂ ਨਿਕਲੇ ਸਨ। ਸ਼ਾਇਦ ਉੱਥੇ ਹੀ ਪਾਣੀ ਦਾ ਡੱਬਾ ਤੇ ਗਲਾਸ ਲੈ ਕੇ ਪੀਣ ਬੈਠ ਗਏ ਹੋਣ। ਚਾਹ-ਸੋਢੇ ਦੀਆਂ ਦੁਕਾਨਾਂ ਵਿੱਚ ਤਾਂ ਪੂਰਾ ਹੁੰਮਸ ਸੀ। ਮੈਂ ਇੱਕ ਸੁੱਕੇ ਜਿਹੇ ਲਸੂੜੇ ਥੱਲੇ ਖੜ੍ਹਾ ਸਾਂ। ਲਸੂੜੇ ਦੀਆਂ ਵਿਰਲੀਆਂ ਟਹਿਣੀਆਂ 'ਤੇ ਕੋਈ-ਕੋਈ ਪੱਤਾ ਸੀ। ਏਧਰ-ਉੱਧਰ ਝਾਕ ਕੇ ਮੈਂ ਵਾਤਾਵਰਣ ਦਾ ਜਾਇਜ਼ਾ ਲੈ ਰਿਹਾ ਸਾਂ। ਸੋਚਿਆ, ਜੀਪ ਵਿਚ ਜਾ ਕੇ ਹੀ ਬੈਠ ਜਾਵਾਂ। ਇੱਕ ਪੈਰ ਪੁੱਟਿਆ, ਪਰ ਨਹੀਂ। ਕਰ ਲੈਣ ਦੇ ਗੱਲਾਂ ਵਿਚੋਲਣ ਨੂੰ। ਪਤਾ ਨਹੀਂ ਕੀ ਕੁਝ ਸਮਝਾ ਰਹੀ ਹੋਵੇਗੀ। ਬਹੂ ਪਤਾ ਨਹੀਂ ਕੀ ਕੁਝ ਪੁੱਛ ਰਹੀ ਹੋਵੇਗੀ। ਆਪਾਂ ਕਾਹਨੂੰ ਵਿਘਨ ਪਾਉਣਾ ਹੈ, ਉਨ੍ਹਾਂ ਦੀ ਗੱਲਬਾਤ 'ਚ ਤੇ ਨਾਲੇ ਪਤਾ ਨਹੀਂ ਕੀ ਮਹਿਸੂਸ ਕਰਨ, ਮੇਰੇ ਜਾਣ 'ਤੇ।

ਖਾ ਲੈ ਖ਼ਰਚ ਲੈ ਪੁੰਨ ਤੇ ਦਾਨ ਕਰ ਲੈ.....ਉੱਚੀ ਲੰਬੀ ਹੇਕ ਵਾਲੀ ਅਵਾਜ਼ ਮੇਰੇ ਕੰਨਾਂ ਵਿਚ ਪਈ।

ਤੇ ਫਿਰ...

ਮਾਇਆ ਵਿਚ ਜ਼ਮੀਨ ਦੇ ਪੜੀ ਰਹਿਣੀ।

ਏਧਰ-ਓਧਰ ਹੋ ਕੇ ਤੇ ਚਾਰ ਚੁਫ਼ੇਰੇ ਝਾਕ ਕੇ ਮੈਂ ਪਤਾ ਲਾਉਣਾ ਚਾਹਿਆ ਕੌਣ ਗਾ ਰਿਹਾ ਹੈ ਇਹ? ਵੀਹ-ਵੀਹ ਗਜ਼ ਦੀ ਵਿੱਥ 'ਤੇ ਹੀ ਕਿਤੋਂ ਅਵਾਜ਼ ਆ ਰਹੀ ਸੀ। ਇੱਕ ਛੱਪਰੀ ਜਿਹੀ ਵੱਲ ਮੈਂ ਤੁਰ ਪਿਆ। ਛੱਪਰੀ ਦੇ ਇੱਕ ਪਾਸੇ ਇੱਕ ਢਿਲਕੀ ਹੋਈ ਮੰਜੀ ਵਿਚ ਇੱਕ ਕਾਲਾ-ਕਲੂਟਾ ਆਦਮੀ ਪਿਆ ਸੀ। ਹੱਡੀਆਂ ਦੀ ਮੁੱਠੀ ਤੇ ਬੋਲ ਐਡਾ? ਮੈਂ ਹੈਰਾਨ ਰਹਿ ਗਿਆ। ਮੰਜੀ 'ਤੇ ਇੱਕ ਬਹੁਤ ਪੁਰਾਣਾ ਤੇ ਮੈਲਾ ਗਦੈਲਾ ਵਿਛਿਆ ਹੋਇਆ ਸੀ। ਉਸ ਨੇ ਆਪਣੀਆਂ ਲੱਤਾਂ ਇੱਕ ਬਾਹੀ 'ਤੋਂ ਦੀ ਥੱਲੇ ਲਮਕਾਈਆਂ ਹੋਈਆਂ ਸਨ ਤੇ ਸਿਰ ਦੂਜੀ ਬਾਹੀ ਨਾਲ ਲਾਇਆ ਹੋਇਆ ਸੀ। ਮੰਜੀ ਦੀ ਝੋਲੀ ਵਿੱਚ ਉਹ ਗੰਢ ਜਿਹੀ ਬਣਿਆ ਪਿਆ ਸੀ।

ਜਦ ਹੀ ਮੈਂ ਉਸ ਦੇ ਕੋਲ ਜਾ ਕੇ ਖੜ੍ਹਾ, ਉਸ ਨੇ। ਗਾਉਣਾ ਬੰਦ ਕਰ ਦਿੱਤਾ। ਸ਼ਾਇਦ ਉਸ ਨੇ ਮੇਰੇ ਪੈਰਾਂ ਦੀ ਅਵਾਜ਼ ਸੁਣ ਲਈ ਹੋਵੇ। ਮੈਨੂੰ ਦੇਖ ਕੇ ਦੋ-ਤਿੰਨ ਬੰਦੇ ਹੋਰ ਵੀ ਆ ਖੜ੍ਹੇ ਹੋਏ। 'ਆਓ ਭਗਤੋ' ਕਹਿ ਕੇ ਉਸ ਨੇ ਸਾਨੂੰ ਇਸ ਤਰ੍ਹਾਂ ਬੁਲਾਇਆ, ਜਿਵੇਂ ਅਸੀਂ ਉਸ ਨੂੰ ਸਾਮਰਤੱਖ ਦਿੱਸ ਰਹੇ ਹੋਈਏ। ਪਰ ਉਹ ਤਾਂ ਅੰਨ੍ਹਾ ਸੀ।

'ਬੱਸ ਤੇਰਾ ਬੋਲ ਸੁਣ ਕੇ ਆ ਗਏ ਭਰਾਵਾ।' ਮੈਂ ਕਿਹਾ। 'ਤੂੰ ਚੁੱਪ ਕਿਉਂ ਹੋ ਗਿਆ ਸਾਡੇ ਆਇਆਂ ਤੋਂ?'

'ਦੋ ਬੋਲ ਕੱਢ ਕੇ ਕਦੇ-ਕਦੇ ਚਿੱਤ ਪਰਚਾ ਲਈਦੈ, ਮਿੱਤਰ ਜਨਾ। ਗੌਣ ਨੂੰ ਹੁਣ ਕੀ ਐ, ਬੱਸ ਐਨਾ ਈ ਐ, ਬੋਲ ਸੁਣ ਕੇ ਥੋਡੇ ਵਰਗੇ ਸੱਜਣ ਲੋਕ ਹਾਲ-ਚਾਲ ਪੁੱਛ ਜਾਂਦੇ ਨੇ।' ਉਹ ਪੂਰਾ ਜ਼ੋਰ ਲਾ ਕੇ ਬੋਲ ਰਿਹਾ ਸੀ। ਉਸ ਦਾ ਬੋਲ ਨਰੋਆ ਸੀ। ਜਦ ਉਹ ਆਵਾਜ਼ ਕੱਢਦਾ, ਉਸ ਦੀ ਛਾਤੀ ਫੁੱਲ ਜਾਂਦੀ। ਪੁੜਪੜੀਆਂ ਦੀਆਂ ਨਾੜਾਂ ਖੜ੍ਹੀਆਂ ਹੋ ਜਾਂਦੀਆਂ। ਢਿੱਡ ਅੰਦਰ ਨੂੰ ਹੋਰ ਧਸ ਜਾਂਦਾ। ਉਸ ਨੇ ਤੇੜ ਸਿਰਫ਼ ਇੱਕ ਲਾਲ ਦੁਪੱਟਾ ਲਪੇਟਿਆ ਹੋਇਆ ਸੀ। ਸਰੀਰ 'ਤੇ ਹੋਰ ਕੋਈ ਕੱਪੜਾ ਨਹੀਂ ਸੀ। ਸਿਰ ਅੱਧਾ ਗੰਜਾ ਤੇ ਅੱਧੇ ਉੱਤੇ ਗਿੱਚੀ ਵੱਲ ਲੂਈਂ ਜਿਹੀ ਸੀ। ਦਾੜ੍ਹੀ ਦੇ ਚੀਚੀ-ਚੀਚੀ ਕਰਚੇ ਅੱਧੇ ਕਾਲੇ, ਅੱਧੇ ਚਿੱਟੇ ਸਨ। ਪੈਰਾਂ ਦੀਆਂ ਪਾਤਲੀਆਂ ਦੱਸ ਰਹੀਆਂ ਸਨ ਕਿ ਉਹ ਧਰਤੀ 'ਤੇ ਕਦੇ ਨਹੀਂ ਲੱਗੀਆਂ ਹੋਈਆਂ।

'ਤੁਰ ਫਿਰ ਲੈਨੈ ਮਾੜਾ-ਮੋਟਾ?' ਕੋਲ ਖੜ੍ਹੇ ਇੱਕ ਨੇ ਪੁੱਛਿਆ। ਉਹ ਹੱਸਿਆ। ਉਸ ਦੇ ਖੁੱਲ੍ਹ ਕੇ ਹੱਸਣ ਨਾਲ ਕੀਤੇ ਹੋਏ ਸਵਾਲ ਦਾ ਮਖੌਲ ਜਿਹਾ ਉੱਡਦਾ ਮੈਨੂੰ ਮਹਿਸੂਸ ਹੋਇਆ।

'ਤੁਰਨਾ-ਫਿਰਨਾ ਕਾਹਦਾ ਚੋਬਰਾ, (ਸਵਾਲ ਕਰਨ ਵਾਲੇ ਦੀ ਉਮਰ ਵੀ ਸ਼ਾਇਦ ਉਸ ਨੇ ਭਾਂਪ ਲਈ ਸੀ) ਆਹ ਕੋਲੇ ਜਿਹੜਾ ਖ਼ਾਲੀ ਮੰਜਾ ਪਿਐ, ਦਿੱਸਦੈ, ਵਿਚਾਲਿਓਂ ਵੱਢਿਆ ਹੋਇਆ, ਘੇਗਰਾ ਕੀਤਾ ਹੋਇਆ? ਆਹ ਹੋਟਲ ਵਾਲੇ, ਜਦ ਕਹਾਂ-ਇੱਕ ਜਣਾ ਡੌਲਿਆ ਤੋਂ ਫੜਦੈ, ਇੱਕ ਜਣਾ ਗੋਡਿਆ ਤੋਂ-ਚੱਕ ਕੇ ਏਸ ਮੰਜੇ 'ਤੇ ਪਾ ਦਿੰਦੇ ਨੇ। ਬਾਹਾਂ ਮੇਰੀਆਂ ਕੰਮ ਕਰਦੀਆਂ ਨੇ। ਪਸ਼ਾਬ ਕਰਨਾ ਹੋਵੇ ਤਾਂ ਐਸੇ ਡੱਬੇ 'ਚ ਕਰਕੇ ਰੱਖ ਲੈਨਾਂ-ਹਸਪਤਾਲ ਵਾਲੀ ਭੰਗਣ ਜਦ ਔਂਦੀ ਐ, ਚੱਕ ਕੇ ਡੋਲ੍ਹ ਔਂਦੀ ਐ।'

'ਤੂੰ ਬਚਪਨ ਤੋਂ ਈ ਐਂ ਏਸ ਤਰ੍ਹਾਂ ਭਰਾਵਾ ਕਿ ਮਗਰੋਂ ਕਦੇ ਹੋ ਗਿਆ ਸੀ?' ਮੈਂ ਪੁੱਛਿਆ।

'ਇਹ ਤਾਂ ਲੰਮੀ ਕਹਾਣੀ ਐ ਦੋਸਤਾ' ਉਸ ਨੇ ਖੰਘਾਰ ਕੇ ਆਪਣਾ ਗਲ ਸਾਫ਼ ਕੀਤਾ ਤੇ ਪੈਂਦਾ ਵਾਲੇ ਪਾਸੇ ਜ਼ੋਰ ਨਾਲ ਥੁੱਕ ਦਿੱਤਾ। ਉੱਧਰ ਕੋਈ ਖੜ੍ਹਾ ਨਹੀਂ ਸੀ।

ਉਸ ਨੇ ਦੱਸਿਆ ਕਿ ਅੰਨ੍ਹਾ ਤਾਂ ਉਹ ਜਨਮ ਤੋਂ ਹੀ ਸੀ। ਇੱਕ ਸਾਧ ਕੋਲ ਰਹਿੰਦਾ ਹੁੰਦਾ। ਸਾਧ ਨੇ ਉਸ ਨੂੰ ਗੁਰਬਾਣੀ ਯਾਦ ਕਰਵਾਈ ਤੇ ਗਾਉਣ ਦਾ ਅਭਿਆਸ ਵੀ। ਸਾਧ ਕੋਲ ਇੱਕ ਗਵੱਈਆ ਆਉਂਦਾ ਹੁੰਦਾ। ਉਸ ਨੇ ਉਸ ਨੂੰ ਇਕਤਾਰੀਅ ਵਜਾਉਣਾ ਸਿਖਾ ਦਿੱਤਾ। ਫਿਰ ਤਾਂ ਉਹ ਸੱਜੇ ਹੱਥ ਨਾਲ ਇਕਤਾਰੀਆ ਵਜਾਉਂਦਾ ਤੇ ਖੱਬੇ ਹੱਥ ਨਾਲ ਇਕਤਾਰੀਏ ਦੇ ਕੱਦੂ 'ਤੇ ਠੀਕਰੀ ਦੀ ਤਾਲ ਦਿੰਦਾ। ਸਾਧ ਨੇ ਤੇ ਉਸ ਗਵੱਈਏ ਨੇ ਉਸ ਨੂੰ ਕਿੰਨੇ ਹੀ ਗਾਉਣ ਸਿਖਾ ਦਿੱਤੇ ਸਨ। ਉਹ ਇੱਥੇ ਹੀ ਬੱਸ ਅੱਡੇ 'ਤੇ ਆ ਕੇ ਇਕਤਾਰਾ ਵਜਾਉਂਦਾ ਤੇ ਗਾਉਂਦਾ। ਉਸ ਤੇ ਖ਼ੁਸ਼ ਹੋ ਕੇ ਜਾ ਤਰਸ ਕਰਕੇ ਲੋਕ ਉਹਦੇ ਸਿਲਵਰ ਦੇ ਕੌਲੇ ਵਿੱਚ ਪੈਸੇ ਸੁੱਟ ਜਾਂਦੇ। ਇਸ ਤਰ੍ਹਾਂ ਪੰਜ-ਪੰਜ, ਸੱਤ-ਸੱਤ ਰੁਪਏ ਉਹ ਨਿੱਤ ਬਣਾ ਲੈਂਦਾ। ਕਦੇ-ਕਦੇ ਤਾਂ ਦਸ ਵੀ। ਉਸ ਦੀ ਇਸ ਕਮਾਈ ਨੂੰ ਦੇਖ ਕੇ ਇੱਕ ਵੱਖਰੀ ਕੁੱਲੀ ਉਸ ਵਾਸਤੇ ਪਾ ਦਿੱਤੀ ਤੇ ਆਪਣੀ ਕੁੜੀ ਉਸ ਕੁੱਲੀ ਵਿੱਚ ਭੇਜ ਦਿੱਤੀ। ਵਿਆਹ ਦੀ ਰਸਮ ਬੱਸ ਇਹੀ ਸੀ। ਉਹ ਬੰਦਾ ਬੱਸ ਅੱਡੇ 'ਤੇ ਜੁੱਤੀਆਂ ਗੰਢਣ ਦਾ ਕੰਮ ਕਰਦਾ ਹੁੰਦਾ। ਇੱਕ ਉਸ ਦੀ ਘਰਵਾਲੀ ਸੀ ਤੇ ਇੱਕ ਬੱਸ ਇਹ ਕੁੜੀ।

ਮੇਰੇ ਨਾਲ ਦੇ ਤਿੰਨੇ ਜਣੇ ਅਜੇ ਠੇਕੇ ਵਿਚੋਂ ਬਾਹਰ ਨਹੀਂ ਆਏ ਸਨ। ਮੈਂ ਦੇਖਿਆ, ਵਿਚੋਲਣ ਬਹੂ ਨੂੰ ਸੰਭਾਲ ਕੇ ਮੋਢਿਆ ਤੋਂ ਫੜੀ ਕਿਤੇ ਪਰ੍ਹੇ ਲਿਜਾ ਰਹੀ ਸੀ। ਸ਼ਾਇਦ ਪਿਸ਼ਾਬ ਕਰਵਾਉਣ ਲਿਜਾ ਰਹੀ ਹੋਵੇ। ਮੁੰਡੇ ਦੇ ਮਾਮੇ ਨੇ ਆ ਕੇ ਮੇਰੀ ਬਾਂਹ ਫੜੀ ਤੇ ਸ਼ਰਾਬੀ ਸ਼ਬਦਾਂ ਵਿੱਚ ਕਹਿਣ ਲੱਗਿਆ, 'ਓਏ ਤੂੰ ਭਾਈ ਸੁੱਕਾ ਈ ਰਹੇਂਗਾ ਹੁਣ? ਅਸੀਂ ਤਾਂ ਆਖਿਆ, ਆਪੇ ਈ ਆਜੇਂਗਾ। ਆਜਾ ਤੂੰ ਵੀ।'

'ਨਾ ਮਾਮਾ, ਮੈਂ ਤਾਂ ਅਹਿਆ ਜ੍ਹਾ ਕੰਮ ਕਦੇ ਕੀਤਾ ਨ੍ਹੀ।'

'ਓਏ, ਤੂੰ ਆ ਵੀ।'

'ਨਾ-ਨਾ, ਮਖਿਆ ਜਮਾਂ ਈ ਨ੍ਹੀ।' ਕਹਿ ਕੇ ਮੈਂ ਉਸ ਤੋਂ ਹੱਥ ਛੁਡਾ ਲਿਆ। ਉਹ ਪਤੌੜਾਂ ਵਾਲੀ ਇੱਕ ਦੁਕਾਨ 'ਤੇ ਗਿਆ ਤੇ ਇੱਕ ਰੁਪਿਆ ਦੇਣ ਲੱਗਿਆ।

'ਇਹ ਕੌਣ ਸੀ, ਭਾਈ?'

'ਮੇਰੇ ਨਾਲ ਦਾ ਈ ਐ। ਮੁੰਡਾ ਵਿਆਹ ਕੇ ਲਿਆਏ ਆਂ ਅਸੀਂ।' ਮੈਂ ਕਿਹਾ। 'ਤੂੰ ਅਗਾਂਹ ਸੁਣਾ, ਆਪਣੀ ਗੱਲ।'

'ਅੱਛਿਆ ਭਾਈ, ਵਕਤ ਲੰਘਦਾ ਗਿਆ। ਬਥੇਰਾ ਕੁੱਛ ਦੇਖਿਆ। ਦੋ ਕਾਕੇ ਵੀ ਹੋਏ, ਪਰ ਦੋਵੇਂ ਈ ਪਰਮਾਤਮਾ ਨੂੰ ਪਿਆਰੇ ਹੋ ਗਏ। ਓਸੇ ਨੇ ਦਿੱਤੇ ਸੀ, ਓਹੀ ਲੈ ਗਿਆ। ਉਸ ਦੀ ਲੀਲ੍ਹਾ ਸੀ।' ਉਸ ਦੀ ਅਵਾਜ਼ ਭਾਰੀ ਹੋ ਗਈ।

ਫਿਰ ਉਸ ਨੇ ਦੱਸਿਆ ਕਿ ਉਸ ਦੀ ਘਰਵਾਲੀ ਦਾ ਪਿਓ ਮਰ ਗਿਆ ਤੇ ਮਾਂ ਵੀ। ਉਸ ਦੇ ਇੱਕ ਕੁੜੀ ਹੋਰ ਹੋਈ ਫੇਰ। ਉਹ ਉਸੇ ਤਰ੍ਹਾਂ ਬੱਸ ਅੱਡੇ 'ਤੇ ਆ ਕੇ ਗਾਉਂਦਾ। ਪੈਸੇ ਕਮਾ ਕੇ ਘਰ ਲਿਜਾਂਦਾ ਤੇ ਆਪਣੀ ਔਰਤ ਨੂੰ ਦਿੰਦਾ।

ਉਹ ਕਦੇ-ਕਦੇ ਸੁੱਖੇ ਵਾਲੇ ਪਤੌੜ ਖਾ ਲੈਂਦਾ। ਇੱਕ ਦਿਨ ਕੁਝ ਬਹੁਤੇ ਖਾ ਗਿਆ। ਬੱਸ ਅੱਡੇ 'ਤੇ ਹੀ ਪਿਆ ਰਿਹਾ। ਗਰਮੀਆਂ ਦੇ ਦਿਨ ਸਨ। ਬਹੁਤ ਹਨੇਰੀ ਚੱਲ ਵਗੀ। ਉਸ ਦੇ ਸਾਰੇ ਸਰੀਰ ਨੂੰ ਮੁੜ੍ਹਕਾ ਆਇਆ ਹੋਇਆ ਸੀ। ਲੱਤਾਂ ਨੂੰ ਤਾਂ ਬਹੁਤਾ ਹੀ। ਹਨੇਰੀ ਤੋਂ ਬਾਅਦ ਮੀਂਹ ਪਿਆ। ਮੀਂਹ ਵੀ ਉਸ ਦੇ ਉੱਤੇ ਹੀ ਵਰ੍ਹਿਆ। ਜਦ ਉਸ ਨੂੰ ਸੁਰਤ ਆਈ, ਉਸ ਦੀਆਂ ਲੱਤਾਂ ਕੰਮ ਨਹੀਂ ਕਰ ਰਹੀਆਂ ਸਨ। ਦੋ ਬੰਦਿਆਂ ਨੇ ਉਸ ਨੂੰ ਚੁੱਕ ਕੇ ਉਸ ਦੀ ਕੁੱਲੀ ਵਿੱਚ ਲਿਆਂਦਾ। ਲੱਤਾਂ ਜੁੜ ਗਈਆਂ। ਸੁਕੜੰਜਾ ਤੇ ਗਮੋੜੇ ਜਿਹੇ ਵੀ ਨਿਕਲ ਆਏ। ਗ਼ਰੀਬਾਂ ਦੀ ਦਾਰੂ ਬੂਟੀ ਵੀ ਕੋਈ ਨਹੀਂ ਕਰਦਾ ਹੁੰਦਾ। ਘਰਵਾਲੀ ਕੁਝ ਕਰਨ ਵਾਲੀ ਨਹੀਂ ਸੀ। ਕੀ ਕਰਦੀ ਉਹ? ਕੀ ਸੀ ਉਸ ਕੋਲ? ਕੁਝ ਦਿਨਾਂ ਬਾਅਦ ਲੱਤਾਂ ਦੇ ਫੋੜੇ ਤਾਂ ਆਪ ਹੀ ਹਟ ਗਏ। ਪਰ ਉਸ ਤੋਂ ਤੁਰਿਆ ਨਹੀਂ ਜਾ ਰਿਹਾ ਸੀ। ਇਕਤਾਰੀਏ ਦੀ ਕਮਾਈ ਬੰਦ ਹੋ ਗਈ।

ਇੱਕ ਦਿਨ ਉਸ ਦਾ ਛੋਟਾ ਭਾਈ ਬਠਿੰਡਿਓਂ ਆਇਆ। ਉੱਥੇ ਉਹ ਇੱਕ ਸਰਦਾਰ ਦੀ ਕੋਠੀ ਵਿੱਚ ਮਾਲੀ ਦਾ ਕੰਮ ਕਰਦਾ ਸੀ। ਉਸ ਨੇ ਛੋਟੇ ਭਾਈ ਨੂੰ ਕਿਹਾ ਕਿ ਉਹ ਉਸ ਦੀ ਘਰਵਾਲੀ ਨੂੰ ਲੈ ਜਾਵੇ। ਆਪਣੇ ਘਰ ਵਸਾ ਲਵੇ। ਨਹੀਂ ਤਾਂ ਵਗ ਇਸ ਨੇ ਉਂਝ ਵੀ ਜਾਣਾ ਹੈ। 'ਮੈਂ ਤਾਂ ਕੁਛ ਕਰਨ ਜੋਗਾ ਨਹੀਂ। ਇਹ ਹੁਣ ਖਾਊ ਕਿੱਥੋਂ ? ਮੈਂ ਸਰੀਰੋਂ ਵੀ ਆਰੀ ਹੋ ਗਿਆ। ਤੂੰ ਹੀ ਲੈ ਜਾ ਹੁਣ ਇਹਨੂੰ ।' ਉਹ ਦੱਸ ਰਿਹਾ ਸੀ-'ਉਹਨੂੰ ਤਾਂ ਉਹ ਲੈ ਗਿਆ। ਮੈਨੂੰ ਵੀ ਕਹਿੰਦਾ ਸੀ, ਤੂੰ ਵੀ ਚੱਲ ਬਠਿੰਡੇ। ਮੈਂ ਤਾਂ ਨ੍ਹੀਂ ਗਿਆ। ਮੈਂ ਐਥੇ ਹੀ ਰਿਹਾ। ਹੁਣ ਉਹ ਐਥੇ ਆ ਕੇ ਵਰ੍ਹੇ ਛਮਾਹੀ ਮੈਨੂੰ ਮਿਲ ਜਾਂਦੇ ਨੇ। ਸੁੱਖ ਨਾਲ ਦੋ ਮੁੰਡੇ ਨੇ। ਕੁੜੀ ਜਿਹੜੀ ਮੇਰੀ, ਵਿਆਹ 'ਤੀ ਉਨ੍ਹਾਂ ਨੇ। ਮੌਜਾਂ ਕਰਦੇ ਨੇ, ਬੁੱਲੇ ਵੱਢਦੇ ਨੇ। ਮੇਰਾ ਐਥੇ ਅਨੰਦ-ਮੰਗਲ ਬਣਿਆ ਹੋਇਆ। ਜਿਉਂਦੇ ਰਹਿਣ ਇਹ ਵਿਚਾਰੇ ਅੱਡੇ ਵਾਲੇ ਲੋਕ।'

ਕੋਲ ਖੜ੍ਹੇ ਇੱਕ ਬੰਦੇ ਨੇ ਆਪਣੀ ਜੇਬ੍ਹ ਵਿੱਚੋਂ ਦਸੀ ਦਾ ਸਿੱਕਾ ਕੱਢਿਆ ਤੇ ਉਸ ਨੂੰ ਕਿਹਾ, 'ਲੈ...'

'ਕੀ ਐ, ਭਗਤਾ ?'

'ਪੈਸੇ...ਕਾਹਦੇ 'ਚ ਪਾਵਾਂ ?'

'ਪੈਸਿਆਂ ਦੀ ਤਾਂ ਭਗਤਾ ਕੋਈ ਲੋੜ ਨ੍ਹੀਂ। ਰੋਟੀ-ਚਾਹ ਮਿਲ ਜਾਂਦੀ ਐ। ਹੋਰ ਕਾਸੇ ਦੀ ਤਲਬ ਈ ਨ੍ਹੀਂ।'

'ਨਹੀਂ ਕੰਮ ਆ ਜਾਣਗੇ ਤੇਰੇ।'

ਖੱਬੇ ਪਾਸੇ ਹੱਥ ਮਾਰ ਕੇ ਉਸ ਨੇ ਸਿਰਹਾਣਾ ਟੋਹਿਆ ਤੇ ਫੇਰ ਪਾਵੇ ਕੋਲੋਂ ਟੀਨ ਦਾ ਡੱਬਾ ਚੁੱਕ ਕੇ ਉਸ ਬੰਦੇ ਵੱਲ ਕਰ ਦਿੱਤਾ-ਲੈ ਜੁਆਨਾ, ਤੂੰ ਆਪ ਦਾ ਚਾਅ ਪੂਰਾ ਕਰ ਲੈ। 'ਦੋ-ਤਿੰਨ ਬੰਦਿਆਂ ਨੇ ਵੀ ਡੱਬੇ ਵਿਚ ਪੈਸੇ ਸੁੱਟੇ। ਮੇਰਾ ਜੀਅ ਕਰਦਾ ਸੀ, ਇੱਕ ਰੁਪਏ ਦਾ ਨੋਟ ਡੱਬੇ ਵਿਚ ਪਾ ਦਿਆਂ। ਪਰ ਸੋਚਿਆ, ਰੁਪਿਆ ਦੇ ਕੇ ਇਸ ਦੀ ਜ਼ਿੰਦਗੀ ਤਾਂ ਨਹੀਂ ਬਦਲ ਦਿਆਂਗਾ?'

'ਚਾਹ ਪੀਣੀ ਐ, ਭਰਾਵਾ?' ਮੈਂ ਪੁੱਛਿਆ।

'ਚਾਹ, ਤੂੰ ਦੱਸ ਚੋਬਰਾ। ਮੈਂ ਤਾਂ ਪੀਈਂ ਬੈਠਾਂ। ਤੂੰ ਕਹੇਂ ਤਾਂ ਕਰਵਾ ਦਿੰਨਾ ਕੱਪ, ਵਾਜ ਮਾਰ ਕੇ।'

ਮੈਨੂੰ ਕੋਈ ਜਵਾਬ ਨਾ ਔੜਿਆ। 'ਜਿਉਂਦਾ ਰਹਿ ਭਰਾਵਾ, ਬੱਸ।' ਮੈਂ ਐਨਾ ਹੀ ਕਹਿ ਸਕਿਆ। ਉਸ ਨੂੰ 'ਜਿਉਂਦਾ ਰਹਿ' ਕਹਿਣ 'ਤੇ ਵੀ ਮੈਨੂੰ ਸਗੋਂ ਸ਼ਰਮ ਆਈ।

ਤਿੰਨੇ ਜਣੇ ਠੇਕੇ 'ਚੋਂ ਨਿਕਲ ਕੇ ਜੀਪ ਵੱਲ ਜਾ ਰਹੇ ਸਨ। ਮਾਮੇ ਦਾ ਚਾਦਰਾ ਗਿੱਟਿਆਂ ਵਿਚ ਅੜ੍ਹਕ-ਅੜ੍ਹਕ ਪੈ ਰਿਹਾ ਸੀ। ਉਹ ਆਪਣੀ ਪੱਗ ਨੂੰ ਢਾਹ ਕੇ ਦੁਬਾਰਾ ਬੰਨ੍ਹਦਾ ਤੁਰਿਆ ਜਾ ਰਿਹਾ ਸੀ। ਕਮਲੇ ਜਿਹੇ ਲੜ ਵਲ੍ਹੇਟਦਾ। ਮੁੰਡੇ ਦੇ ਪਿਓ ਦਾ ਲਿਹਾਜ਼ੀ ਬੋਲਾ ਜਿਹਾ ਬਣਿਆ ਸੰਭਲ-ਸੰਭਲ ਕੇ ਪੈਰ ਧਰਦਾ। ਮੁੰਡੇ ਦੇ ਡੱਬ ਵਿੱਚੋਂ ਪੌਣੀ ਬੋਤਲ ਥੱਲੇ ਡਿੱਗ ਪਈ। ਉਸ ਨੇ ਬੋਤਲ ਨੂੰ ਗਾਲ੍ਹ ਕੱਢੀ ਤੇ ਉਸ ਨੂੰ ਫਿਰ ਡੱਬ ਵਿਚ ਅੜੁੰਗ ਕੇ ਜੀਪ ਵਿੱਚ ਜਾ ਬੈਠਾ। ਨੇੜੇ ਦੀ ਦੁਕਾਨ ਤੋਂ ਚਾਹ ਪੀਣ ਬਾਅਦ ਮੁਚਿਆ-ਘਸਿਆ ਅਖ਼ਬਾਰ ਪੜ੍ਹ ਰਿਹਾ ਡਰਾਈਵਰ ਉਨ੍ਹਾਂ ਨੂੰ ਜੀਪ ਵੱਲ ਜਾਂਦੇ ਦੇਖ ਕੇ ਓਧਰ ਨੂੰ ਅਹੁਲਿਆਂ। ਮੈਂ ਵੀ ਜੀਪ ਵੱਲ ਤੁਰ ਪਿਆ।

'ਡਰੇਵਲਾ' ਤੈਨੂੰ ਪਿੰਡ ਚੱਲ ਕੇ ਖ਼ੁਸ਼ ਕਰਾਂਗੇ, ਬਾਈ।' ਮਾਮੇ ਨੇ ਕਿਹਾ। ਆਥਣ ਘੁਸਮੁਸੀ ਹੋਣ ਲੱਗੀ ਸੀ। ਕੱਚੇ ਰਾਹ ਪਈ ਜੀਪ ਵੱਖੀਆਂ ਭੰਨ੍ਹਦੀ ਜਾ ਰਹੀ ਸੀ। ਮੈਂ ਆਪਣੇ ਮਨ ਵਿਚ ਬੱਸ-ਅੱਡੇ ਦੇ ਉਸ ਅਮਰ-ਪਾਤਰ ਨਾਲ ਗੱਲਾਂ ਕਰ ਰਿਹਾ ਸਾਂ। ♦

# ਸੰਦੂਕੜੀ

ਬਿਰਜੂ ਬਾਣੀਏ ਦੇ ਨਾਂ ਨੂੰ ਪਿੰਡ ਵਿਚ ਸਾਰੇ ਜਾਣਦੇ ਸਨ। ਉਹ ਇਕੱਲਾ ਸੀ। ਕਦੇ ਉਹ ਟੱਬਰ ਵਾਲਾ ਵੀ ਹੁੰਦਾ ਸੀ। ਪਰ ਇੱਕ-ਇੱਕ ਕਰਕੇ ਸਭ ਮਰ ਗਏ ਸਨ, ਉਸ ਦੇ ਮਾਂ-ਪਿਓ ਤਾਂ ਉਸ ਦੇ ਵਿਆਹ ਤੋਂ ਦੋ ਕੁ ਸਾਲਾਂ ਬਾਅਦ ਹੀ ਮਰੇ ਸਨ। ਉਸ ਦੀ ਘਰਵਾਲੀ ਦੇ ਇੱਕ ਮੁੰਡਾ ਹੋਇਆ ਸੀ। ਉਹ ਮੁੰਡਾ ਅਜੇ ਡੇਢ-ਪੌਣੇ ਦੋ ਸਾਲ ਦਾ ਸੀ, ਉਸ ਦੀ ਘਰਵਾਲੀ ਇੱਕ ਹੋਰ ਜਵਾਕ ਜੰਮਣ ਸਾਰ ਮਰ ਗਈ ਸੀ ਤੇ ਦੋ-ਤਿੰਨ ਦਿਨਾਂ ਬਾਅਦ ਉਹ ਜਵਾਕ ਵੀ। ਡੇਢ-ਪੌਣੇ ਦੋ ਸਾਲ ਦੇ ਮੁੰਡੇ ਨੂੰ ਬਾਂਦਰੀ ਦੇ ਬੱਚੇ ਵਾਂਗ ਬਿਰਜੂ ਹਿੱਕ ਨਾਲ ਲਾਈ ਰੱਖਦਾ। ਉਦੋਂ ਤਾਂ ਉਹ ਦੁਕਾਨ ਵੀ ਕਰਦਾ ਹੁੰਦਾ ਸੀ, ਦੁਕਾਨ ਵਿੱਚ ਬੈਠਾ ਉਹ ਮੁੰਡੇ ਨੂੰ ਬੁੱਕਲ ਵਿਚ ਰੱਖਦਾ ਤੇ ਸੌਦਾ ਵੀ, ਤੋਲਦਾ ਰਹਿੰਦਾ। ਮੁੰਡਾ ਰੋਂਦਾ ਬਹੁਤ ਸੀ। ਕਿਲਕਾਰੀਆਂ ਮਾਰਦਾ। ਫਿਰ ਉਸ ਨੂੰ ਹਰੇ ਦਸਤ ਲੱਗ ਗਏ ਸਨ। ਬਿਰਜੂ ਨੇ ਦਵਾਈ-ਬੂਟੀ ਬਹੁਤ ਕੀਤੀ, ਪਰ ਮੁੰਡਾ ਬਚ ਨਾ ਸਕਿਆ। ਫਿਰ ਉਹ ਇਕੱਲਾ ਰਹਿ ਗਿਆ ਸੀ। ਬਿਲਕੁੱਲ ਇਕੱਲਾ। ਹੋਰ ਵਿਆਹ ਵੀ ਨਹੀਂ ਸੀ ਹੋਇਆ। ਦੁਕਾਨ ਕਰਨੀ ਵੀ ਉਸ ਨੇ ਛੱਡ ਦਿੱਤੀ ਸੀ। ਦੁਕਾਨ ਚੱਲਦੀ ਹੀ ਨਹੀਂ ਸੀ। ਕੋਈ ਸੌਦਾ ਲੈਣ ਹੀ ਨਹੀਂ ਸੀ ਆਉਂਦਾ। ਜੋ ਕੋਈ ਕਿਸੇ ਸੌਦੇ ਨੂੰ ਆਉਂਦਾ ਵੀ ਤਾਂ ਉਹ ਸੌਦਾ ਉਸ ਕੋਲ ਹੁੰਦਾ ਨਹੀਂ ਸੀ। ਅਗਲਾ ਪੁੱਛਦਾ, 'ਮੂੰਗੀ ਦੀ ਦਾਲ।' ਉਹ ਜਵਾਬ ਦਿੰਦਾ, 'ਮੂੰਗੀ ਦੀ ਦਾਲ ਤਾਂ ਹੈ ਨ੍ਹੀਂ, ਮਿਰਚਾਂ ਲੈ ਜਾ।' ਲੋਕ ਉਸ ਨੂੰ ਮਖੌਲ ਕਰਨ ਲੱਗ ਪਏ ਸਨ। ਜਦ ਕੋਈ ਸੌਦਾ ਲੈਣ ਹੀ ਨਹੀਂ ਸੀ ਆਉਂਦਾ, ਦੁਕਾਨ ਆਪਣੇ-ਆਪ ਹੀ ਬੰਦ ਹੋ ਗਈ ਸੀ।

ਦੁਕਾਨ ਦੇ ਨਾਲ ਰਿਹਾਇਸ਼ ਵਾਸਤੇ ਦੋ ਕਮਰੇ, ਜਿਹੜੇ ਉਸ ਨੇ ਆਪਣੇ ਵਿਆਹ ਵੇਲੇ ਛੱਤੇ ਸਨ, ਬਹੁਤੇ ਮੀਂਹਾਂ ਵੇਲੇ ਢਹਿ ਗਏ ਸਨ। ਉਹ ਦੁਕਾਨ ਵਿੱਚ ਹੀ ਰਹਿਣ ਲੱਗ ਪਿਆ ਸੀ।

ਉਸ ਕੋਲ ਇੱਕ ਘੋੜੀ ਸੀ। ਮਧਰੇ ਕੱਦ ਵਾਲੀ ਮਾੜਚੂ ਹਾਰੀ ਹੋਈ, ਟੁੱਟੀ ਜਿਹੀ। ਉਸ ਦੇ ਬੰਨ੍ਹਣ ਵਾਸਤੇ ਉਸ ਨੇ ਦੋ ਕੰਧਾਂ ਕੱਢ ਕੇ ਇੱਕ ਛਤਨਾ ਬਣਾਇਆ ਹੋਇਆ ਸੀ। ਛਤਨੇ ਦੀ ਤੀਜੀ ਕੰਧ ਦੁਕਾਨ ਵਾਲੀ ਸੀ। ਸਰਦੀਆਂ ਵਿੱਚ ਛਤਨੇ ਦੇ ਬਾਰ ਮੂਹਰੇ ਉਹ ਸਰਕੜੇ ਦਾ ਫਿੜਕਾ ਲਾ ਰੱਖਦਾ ਸੀ।

ਬਿਰਜੂ ਦੀ ਉਮਰ ਸੱਠ ਤੋਂ ਉੱਤੇ ਹੋ ਚੱਲੀ ਸੀ। ਪਰ ਹੱਡਾਂ-ਪੈਰਾਂ ਦਾ ਅਜੇ ਉਹ ਤਕੜਾ ਸੀ। ਘੋੜੀ ਲੈ ਕੇ ਨਿੱਤ ਉਹ ਤੜਕੇ ਹੀ ਖੇਤਾਂ ਵਿਚ ਜਾਇਆ ਕਰਦਾ। ਵਾੜਾਂ ਤੋਂ ਪੁਰਾਣੀਆ ਮੋੜ੍ਹੀਆਂ ਇਕੱਠੀਆਂ ਕਰਦਾ। ਇੱਕ ਮੋੜ੍ਹੀ ਕਿਤੋਂ, ਇੱਕ ਕਿਤੋਂ। ਕੁਹਾੜੀ

ਨਾਲ ਵੱਢ ਕੇ ਉਨ੍ਹਾਂ ਦੇ ਦੋ-ਦੋ ਗਿੱਠ ਲੰਬੇ ਟੋਟੇ ਬਣਾਉਂਦਾ। ਕੁਹਾੜੀ ਦੇ ਪੀਨ ਦੀਆਂ ਸੱਟਾਂ ਮਾਰ-ਮਾਰ ਉਨ੍ਹਾਂ ਦੇ ਕੰਡਿਆਂ ਨੂੰ ਝਾੜ ਦਿੰਦਾ। ਨਿੱਕੀਆਂ-ਨਿੱਕੀਆਂ ਥੱਬੀਆਂ ਬਣਾ ਕੇ ਉਨ੍ਹਾਂ ਨੂੰ ਦੋ-ਦੋ ਥਾਵਾਂ ਤੋਂ ਸੀੜ ਦੀਆਂ ਰੱਸੀਆਂ ਨਾਲ ਬੰਨ੍ਹ ਲੈਂਦਾ। ਚੰਗੀ ਤਰ੍ਹਾਂ ਬੰਨ੍ਹਦਾ, ਜਿਵੇਂ ਖਿੱਦੋ ਮੜ੍ਹੀ ਹੋਵੇ। ਇਸ ਤਰ੍ਹਾਂ ਮੋੜ੍ਹੀਆਂ ਦੀਆਂ ਥੱਬੀਆਂ ਉਸ ਘੋੜੀ ਦੀ ਖੁਰਜੀ ਵਿੱਚ ਪਾਉਂਦਾ ਰਹਿੰਦਾ। ਪੰਜ ਕੁ ਥੱਬੀਆਂ ਉਸ ਪਾਸੇ, ਪੰਜ ਕੁ ਉਸ ਪਾਸੇ ਘੋੜੀ ਦਾ ਕੰਡਿਆਲ ਫੜ ਕੇ ਫਿਰ ਉਹ ਪਿੰਡ ਆ ਜਾਂਦਾ। ਜਾਂਦਾ ਹੋਇਆ ਘੋੜੀ ਦੇ ਉੱਤੇ ਬਹਿੰਦਾ, ਆਉਂਦਾ ਹੋਇਆ ਘੋੜੀ ਦੇ ਇੱਕ ਥੱਬੀ। ਫਿਰ ਥੋੜ੍ਹੀਆਂ ਜਿਹੀਆਂ ਕੀਮਤਾਂ ਚੜ੍ਹੀਆਂ ਸਨ ਤਾਂ ਉਸ ਨੇ ਪੰਦਰਾਂ ਪੈਸੇ ਥੱਬੀ ਕਰ ਦਿੱਤੀ ਸੀ ਤੇ ਫਿਰ ਵੀਹ ਪੈਸੇ। ਉਸ ਤੋਂ ਬਾਅਦ ਤੀਹ ਪੈਸੇ ਵੀ। ਹੁਣ ਤਾਂ ਉਹ ਪੰਜਾਹ ਪੈਸੇ ਵੀ ਥੱਬੀ ਵੇਚ ਕੇ ਆਉਂਦਾ ਸੀ। ਬਿਰਜੂ ਦੀਆਂ ਪੁਰਾਣੀ ਵਾੜ ਦੀਆਂ ਕੁੱਟੀਆਂ-ਝੰਬੀਆਂ ਮੋੜ੍ਹੀਆਂ ਲਟ-ਲਟ ਬਲਦੀਆਂ ਸਨ। ਮਿੱਟੀ ਦਾ ਤੇਲ ਪਾਉਣ ਦੀ ਲੋੜ ਨਹੀਂ, ਸੀਖ਼ ਘਸਾ ਕੇ ਲਾਓ, ਫੱਟ ਲਾਟ ਨਿਕਲਦੀ ਸੀ।

ਸ਼ਹਿਰ ਉਸ ਦੇ ਪਿੰਡ ਤੋਂ ਦੋ-ਢਾਈ ਮੀਲ ਹੀ ਸੀ। ਇਹ ਕੰਮ ਉਹ ਪਿਛਲੇ ਚੌਂਦਾ-ਪੰਦਰਾਂ ਸਾਲਾਂ ਤੋਂ ਕਰ ਰਿਹਾ ਸੀ। ਪਹਿਲੀ ਘੋੜੀ ਜਦ ਉਸ ਦੀ ਮਰ ਗਈ ਸੀ ਤਾਂ ਉਸ ਨੇ ਬਿਲਕੁੱਲ ਉਹੋ ਜਿਹੀ ਹੀ ਇੱਕ ਹੋਰ ਘੋੜੀ ਇੱਕ ਤੁਰਦੇ-ਫਿਰਦੇ ਮਿਰਾਸੀ ਤੋਂ ਡੇਢ ਸੌ ਰੁਪਏ ਦੀ ਖਰੀਦ ਲਈ ਸੀ।

ਇੱਕ-ਇੱਕ, ਦੋ-ਦੋ, ਪੰਜਾਂ-ਪੰਜਾਂ ਤੇ ਦਸਾਂ-ਦਸਾਂ ਦੇ ਨੋਟ ਉਹ ਇੱਕ ਲੱਕੜ ਦੀ ਸੰਦੂਕੜੀ ਵਿੱਚ ਸੁੱਟਦਾ ਰਹਿੰਦਾ। ਸੰਦੂਕੜੀ ਦੀ ਲੱਕੜ ਦੋ ਇੰਚ ਮੋਟੀ ਸੀ। ਕਿਤੇ ਵੀ ਉਸ ਦੇ ਕੋਈ ਮੋਰੀ ਜਾਂ ਤੇੜ ਨਹੀਂ ਸੀ। ਜਿਸ ਕਰਕੇ ਚੂਹੇ ਚਿੜੇ ਦਾ ਕੋਈ ਡਰ ਨਹੀਂ ਸੀ। ਸੰਦੂਕੜੀ ਨੂੰ ਉਹ ਵਧੀਆਂ ਜਿਹੀ ਜਿੰਦੀ ਲਾ ਕੇ ਰੱਖਦਾ। ਜਿਹੜੀ ਉਸੇ ਕੁੰਜੀ ਨਾਲ ਖੁੱਲ੍ਹਦੀ। ਕਿਸੇ ਤੋੜ ਸੂਏ ਨਾਲ ਨਹੀਂ ਸੀ ਖੁੱਲ੍ਹ ਸਕਦੀ। ਤੀਜੇ ਦਿਨ ਉਹ ਸ਼ਹਿਰ ਜਾਂਦਾ, ਤੀਜੇ ਦਿਨ ਉਹ ਸੰਦੂਕੜੀ ਨੂੰ ਖੋਲ੍ਹਦਾ। ਜਿੰਦਾ ਲਾ ਕੇ ਉਸ 'ਤੇ ਖੰਡ ਵਾਲੀ ਪੀਪੀ ਰੱਖ ਦਿੰਦਾ ਤੇ ਫਿਰ ਪੀਪੀ 'ਤੇ ਚਾਹ ਵਾਲਾ ਡੱਬਾ। ਕਿਸੇ ਨੂੰ ਕੋਈ ਪਤਾ ਨਹੀਂ ਸੀ ਕਿ ਉਸ ਸੰਦੂਕੜੀ ਵਿੱਚ ਕੀ ਹੈ, ਕਿਸੇ ਨੂੰ ਕੀ ਪਤਾ ਹੁੰਦਾ? ਕੋਈ ਉਸ ਦੀ ਦੁਕਾਨ ਵਿੱਚ ਆਉਂਦਾ ਹੀ ਨਹੀਂ ਸੀ। ਕੀ ਲੈਣ ਆਉਣਾ ਸੀ ਕਿਸੇ ਨੇ? ਬਿਰਜੂ ਪਰ ਉਸ ਸੰਦੂਕੜੀ ਦਾ ਵਿਸਾਹ ਨਹੀਂ ਸੀ ਕਰਦਾ, ਹਮੇਸ਼ਾ ਹੀ ਉਸ ਦੇ ਕੋਲ ਰਹਿੰਦਾ। ਹਾੜ੍ਹਾਂ ਵਿੱਚ ਜਦ ਉਹ ਦੁਕਾਨ ਤੋਂ ਬਾਹਰ ਰਾਤ ਨੂੰ ਪੈਂਦਾ ਤਾਂ ਦੁਕਾਨ ਨੂੰ ਦੇਹਲੀ ਜਿੰਦਾ ਲਾ ਦਿੰਦਾ। ਦੇਹਲੀ ਜਿੰਦੇ ਦੀ ਕੁੰਜੀ ਧੋਤੀ ਦੇ ਲੜ ਬੰਨ੍ਹ ਕੇ ਡੱਬ ਵਿੱਚ ਦੇ ਲੈਂਦਾ। ਸ਼ਹਿਰ ਜਾਣ ਵੇਲੇ ਤੇ ਖੇਤਾਂ ਵਿੱਚ ਜਾਣ ਵੇਲੇ ਵੀ ਉਹ ਦੇਹਲੀ ਜਿੰਦਾ ਹੀ ਲਾਉਂਦਾ।

ਇੱਕ ਵੇਲੇ ਉਹ ਮੂੰਗੀ ਦੀ ਦਾਲ ਰਿੰਨ੍ਹਦਾ। ਦੂਜੇ ਵੇਲੇ ਓਸੇ ਨਾਲ ਰੋਟੀ ਖਾ ਲੈਂਦਾ। ਬੇਹੀ-ਤਬੇਹੀ ਚੀਜ਼ ਨੂੰ ਉਹ ਗੌਲ਼ਦਾ ਨਹੀਂ ਸੀ। ਦੇਸੀ ਘਿਓ ਕਦੇ ਸੁੰਘ ਕੇ ਵੀ ਨਹੀਂ ਸੀ ਦੇਖਿਆ। ਦਸੌਰੀ ਘਿਓ ਨਾਲ ਉਹ ਸਿਰਫ਼ ਰੋਟੀਆਂ ਚੋਪੜਦਾ। ਦਾਲ ਨੂੰ ਤੜਕਾ ਕਦੇ ਨਹੀਂ ਸੀ ਲਾਇਆ। ਨਾ ਗਠਾ, ਨਾ ਲਸਣ, ਮਿਰਚ, ਲੂਣ, ਵਸਾਰ ਤੇ ਧਣੀਆ, ਜ਼ੀਰਾ ਵਰਤ ਲੈਂਦਾ ਸੀ, ਪਰ ਨਾ ਮਾਤਰ ਹੀ।

ਨ੍ਹਾਉਂਦਾ ਤਾਂ ਉਹ ਵਰ੍ਹੇ-ਛਮਾਹੀ ਸੀ। ਇਸ ਕਰਕੇ ਸਾਬਣ-ਤੇਲ ਦਾ ਸਵਾਲ ਹੀ ਨਹੀਂ ਸੀ। ਕੁੜਤਾ ਇੱਕ ਵਾਰੀ ਜੋ ਪਾ ਲੈਂਦਾ, ਜਿੰਨਾ ਚਿਰ ਉਹ ਪਾਟ ਨਾ ਜਾਂਦਾ, ਉਸ ਨੂੰ ਗਲੋਂ ਨਹੀਂ ਸੀ ਲਾਹੁੰਦਾ। ਇਹੀ ਹਾਲ ਧੋਤੀ ਸਾਫ਼ੇ ਦਾ ਸੀ। ਉਸ ਦੇ ਕੱਪੜਿਆਂ ਵਿਚੋਂ ਹਮੇਸ਼ਾਂ ਹੀ ਬੁੱਢੇ ਬੋਕ ਵਰਗਾ ਮੁਸ਼ਕ ਮਾਰਦਾ।

ਘਰ ਆ ਕੇ ਘੋੜੀ ਨੂੰ ਕੱਖ ਉਸ ਨੇ ਕਦੇ ਨਹੀਂ ਸੀ ਪਾਏ। ਮੋੜ੍ਹੀਆਂ ਲੈਣ ਖੇਤਾਂ ਵਿੱਚ ਜਾਂਦਾ ਤਾਂ ਘੋੜੀ ਨੂੰ ਓਥੋਂ ਹੀ ਖਾਲ਼ਾਂ 'ਤੇ ਜਾਂ ਵੱਢਾਂ ਵਿੱਚ ਚਾਰ ਲਿਆਉਂਦਾ। ਸ਼ਹਿਰ ਜਾਂਦਾ ਤਾਂ ਵੀ ਰਾਹ ਵਿੱਚ ਕਿਤੋਂ ਨਾ ਕਿਤੋਂ ਘੋੜੀ ਦਾ ਘਰ ਪੂਰਾ ਕਰ ਲੈਂਦਾ ਸੀ। ਪਾਣੀ ਵੀ ਉਹ ਤਾਂ ਉਸ ਨੂੰ ਡੇਰੇ ਵਾਲੀ ਹਲਟੀ ਦੇ ਖੇਲ ਤੋਂ ਪਿਆ ਲੈਂਦਾ ਸੀ।

ਨਾ ਉਸ ਨੂੰ ਖਾਣ-ਪੀਣ ਦਾ ਕੋਈ ਲਾਲਚ ਸੀ ਤੇ ਨਾ ਪਹਿਨਣ ਦਾ। ਘੋੜੀ ਦਾ ਵੀ ਕੋਈ ਤਰਸ ਨਹੀਂ ਸੀ। ਲੱਕੜ ਦੀ ਸੰਦੂਕੜੀ ਜਦ ਉਹ ਖੋਲ੍ਹਦਾ ਤੇ ਉਸ ਵਿਚਲੇ ਨੋਟਾਂ ਨੂੰ ਥੱਲੇ ਦੱਬਦਾ ਤੇ ਨੋਟ ਜਦ ਉਸ ਨੂੰ ਅੱਗੇ ਨਾਲੋਂ ਕੁਝ ਬਹੁਤੇ ਲੱਗਦੇ ਤਾਂ ਉਸ ਦਾ ਹੌਸਲਾ ਵਧ ਜਾਂਦਾ। ਇਸ ਹੌਸਲੇ ਸਹਾਰੇ ਹੀ ਉਹ ਜਿਉਂ ਰਿਹਾ ਸੀ। ਇਹ ਹੌਸਲਾ ਉਸ ਨੇ ਕਿਸ ਅਰਥ ਲਾਉਣਾ ਸੀ, ਇਹ ਓਹੀ ਜਾਣਦਾ ਸੀ।

ਗਰਮੀਆਂ ਦੇ ਦਿਨ ਸਨ।

ਅੱਜ ਉਹ ਸਦੇਹਾਂ ਨਹੀਂ ਸੀ ਉੱਠਿਆ। ਵਿਹੜੇ ਵਿੱਚ ਓਵੇਂ ਜਿਵੇਂ ਪਿਆ ਸੀ। ਢਿਲਕੀ ਜਿਹੀ ਮੰਜੀ ਵਿੱਚ ਮੈਲੀ-ਮੈਲੀ ਦਰੀ 'ਤੇ ਮੈਲਾ-ਮੈਲਾ ਖੇਸ ਤਾਣੀ। ਖੇਸ ਤੇ ਦਰੀ 'ਤੇ ਮੱਖੀਆਂ ਭਿਣਕ ਰਹੀਆਂ ਸਨ। ਇਸ ਵੇਲੇ ਨੂੰ ਤਾਂ ਉਹ ਕਦੋਂ ਦਾ ਉੱਠ ਖੜ੍ਹਦਾ ਸੀ, ਸੂਰਜ ਨਿਕਲ ਆਇਆ ਸੀ। ਲੋਕ ਕਦੋਂ ਦੇ ਖੇਤਾਂ ਨੂੰ ਜਾ ਕੇ ਚੁੱਕੇ ਸਨ। ਤੀਵੀਆਂ ਉਸ ਦੇ ਬਾਰ ਮੂਹਰ ਦੀ ਲੰਘ ਰਹੀਆਂ ਸਨ। ਉਸ ਦੇ ਵਿਹੜੇ ਵੱਲ ਗੁਟਰ-ਗੁਟਰ ਝਾਕਦੀਆਂ। ਉਹ ਅਜੇ ਵੀ ਪਿਆ ਸੀ, ਲੰਮੀਆਂ ਤਾਣੀ। ਘੋੜੀ ਦੋ-ਤਿੰਨ ਵਾਰ ਹਿਣਕੀ। ਬਿਰਜੂ ਤਾਂ ਊਂਗਮ੍ਹਾਂ ਹੀ ਨਹੀਂ ਸੀ ਕਰ ਰਿਹਾ, ਉੱਠਣ ਦਾ। ਦੁਕਾਨ ਦਾ ਬਾਰ ਅੱਧ ਖੁੱਲ੍ਹਾ ਰਿਹਾ ਸੀ। ਜਿਵੇਂ ਉਂਝ ਹੀ ਭੇੜਿਆ ਹੋਇਆ ਹੋਵੇ।

ਕਦੇ-ਕਦੇ ਉਹਦੇ ਕੋਲ ਹਮੀਦੂ ਅਰਾਈਂ ਆਉਂਦਾ ਹੁੰਦਾ। ਹਮੀਦੂ ਉਸ ਦਾ ਬਚਪਨ ਦਾ ਸਾਥੀ ਸੀ। ਫ਼ਸਾਦਾਂ ਵੇਲੇ ਹਮੀਦੂ ਦਾ ਪੁੱਤ ਮਾਰ ਦਿੱਤਾ ਗਿਆ ਸੀ, ਉਸ ਦੀ ਨੂੰਹ ਨੂੰ ਲੈ ਗਏ ਸਨ। ਉਸ ਦੇ ਦੋ ਪੋਤੇ ਤੇ ਉਹ ਆਪ ਭੱਜ ਕੇ ਜਾਨ ਬਚਾ ਗਏ ਸਨ ਤੇ ਪਾਕਿਸਤਾਨ ਜਾ ਪਹੁੰਚੇ ਸਨ। ਉੱਥੇ ਉਨ੍ਹਾਂ ਦਾ ਦਿਲ ਨਹੀਂ ਸੀ ਲੱਗਿਆ। ਜਦੋਂ ਕੁਝ ਟਿਕ ਟਿਕਾਅ ਹੋਇਆ ਸੀ, ਉਹ ਪਾਕਿਸਤਾਨ 'ਚੋਂ ਆ ਗਏ ਸਨ। ਬਾਅਦ ਵਿੱਚ ਪੋਤੇ ਵਿਆਹੇ ਗਏ ਸਨ। ਹੁਣ ਉਹ ਜੱਟਾਂ ਦੇ ਸੀਰੀ ਰਲਦੇ ਸਨ। ਪੋਤਿਆਂ ਦੇ ਅਗਾਂਹ ਪੁੱਤ ਸਨ, ਧੀਆਂ ਸਨ। ਹਮੀਦੂ ਦੇ ਮਨ ਨੂੰ ਜਿਵੇਂ ਕੁਝ-ਕੁਝ ਅਰਾਮ ਹੋਵੇ। ਆਪਣੇ ਹਾਣੀ ਬੁੜ੍ਹਿਆਂ ਨਾਲ ਉਹ ਉਨ੍ਹਾਂ ਦੇ ਘਰੀਂ ਜਾ ਕੇ ਪੁਰਾਣੀਆਂ ਗੱਲਾਂ ਕਰਦਾ ਰਹਿੰਦਾ। ਇਸ ਤਰ੍ਹਾਂ ਨਾਲ ਹੀ ਉਸ ਦਾ ਦਿਨ ਲੰਘ ਜਾਂਦਾ। ਇਸ ਤਰ੍ਹਾਂ ਹੀ ਕਦੇ-ਕਦੇ ਉਹ ਬਿਰਜੂ ਕੋਲ ਆ ਜਾਂਦਾ।

ਬਿਰਜੂ ਦੀ ਮੰਜੀ ਕੋਲ ਖੜ੍ਹ ਕੇ ਹਮੀਦੂ ਨੇ ਖੰਘੂਰ ਮਾਰੀ। ਬਿਰਜੂ ਤਾਂ ਕੁਸਕਿਆਂ ਵੀ ਨਾ। ਖੇਸ ਦੀ ਕੰਨੀ ਖਿੱਚੀ। ਫੇਰ ਵੀ ਨਾ ਬੋਲਿਆ। ਮੋਢਾ ਝੰਜੋੜਿਆ। ਬਿਰਜੂ ਨੇ

ਅੱਖਾਂ ਝਮਕੀਆਂ। ਮਸ੍ਹਾਂ ਕਿਤੇ ਉਹ ਬੈਠਾ ਹੋਇਆ। ਅੱਧ-ਮਰਿਆ ਜਿਹਾ। ਹਮੀਦੂ ਪੈਂਦਾ 'ਤੇ ਬੈਠ ਗਿਆ।' ਕਿਵੇਂ ਸ਼ਾਹਾ, ਗੱਡੀ ਢਿੱਲੀ ਐ ਕੁਸ?' ਹਮੀਦੂ ਨੇ ਆਪਣੀ ਸੋਟੀ ਦਾ ਸਹਾਰਾ ਛੱਡ ਕੇ ਪੁੱਛਿਆ।

ਬਿਰਜੂ ਮੂੰਹੋਂ ਕੁਝ ਨਾ ਬੋਲਿਆ। ਅੱਖਾਂ ਮੀਚ ਕੇ ਸਿਰਫ਼ ਅਸਮਾਨ ਵੱਲ ਹੀ ਹੱਥ ਕਰ ਦਿੱਤਾ।

'ਮੂੰਹੋਂ ਵੀ ਬੋਲ, ਸਿਓਨਾ ਪਾਇਆ ਹੋਇਐ?' ਹਮੀਦੂ ਹੱਸਿਆ।' ਅੰਦਰ ਜਾ ਕੇ ਦੇਖ ਲੈ।' ਬਿਰਜੂ ਨੇ ਕਿਹਾ ਤੇ ਫਿਰ ਮੰਜੀ 'ਤੇ ਲੇਟ ਗਿਆ। ਘੋੜੀ ਹਿਣਕੀ ਭੁੱਖੀ ਤਿਹਾਈ।

ਹਮੀਦੂ ਨੇ ਦੁਕਾਨ ਦਾ ਬਾਰ ਖੋਲ੍ਹ ਕੇ ਦੇਖਿਆ, ਪਿਛਲੀ ਕੰਧ ਵਿੱਚ ਪਾੜ ਲੱਗਿਆ ਹੋਇਆ ਸੀ। ਪੀਪੀਆਂ, ਕੁੱਜੇ, ਡੱਬੇ ਤੇ ਤੌੜੇ ਏਧਰ-ਉਧਰ ਖਿੰਡੇ ਪਏ ਸਨ। ਕਈ ਤਾਂ ਮੂਧੇ ਵੱਜੇ ਹੋਏ ਸਨ। ਲੱਕੜ ਦੀ ਸੰਦੂਕੜੀ ਜਿਸ 'ਤੇ ਖੰਡ ਵਾਲੀ ਪੀਪੀ ਪਈ ਹੁੰਦੀ ਸੀ, ਬਿਲਕੁਲ ਹੀ ਗਾਇਬ ਸੀ। ਬਿਰਜੂ ਕੋਲ ਬੈਠਣ-ਉੱਠਣ ਕਰਕੇ ਹਮੀਦੂ ਨੂੰ ਐਨਾ ਕੁ ਪਤਾ ਤਾਂ ਜ਼ਰੂਰ ਸੀ ਕਿ ਐਥੇ ਇੱਕ ਲੱਕੜ ਦੀ ਸੰਦੂਕੜੀ ਵੀ ਹੁੰਦੀ ਸੀ। ਪਰ ਉਸ ਨੂੰ ਇਹ ਪਤਾ ਨਹੀਂ ਸੀ ਕਿ ਬਿਰਜੂ ਦੀ ਐਨੇ ਸਾਲਾਂ ਦੀ ਕਠਿਨ ਕਮਾਈ ਵੀ ਓਸੇ ਵਿੱਚ ਸੀ। ਉਹ ਤਾਂ ਸਮਝਦਾ ਸੀ ਜਿਵੇਂ ਪੀਪੀਆਂ, ਡੱਬੇ, ਕੁੱਜੇ ਤੇ ਤੌੜੀਆਂ ਵਿੱਚ ਕਿਸੇ 'ਚ ਖੰਡ, ਕਿਸੇ 'ਚ ਤਮਾਖੂ, ਕਿਸੇ 'ਚ ਗੁੜ, ਕਿਸੇ 'ਚ ਚਾਹ, ਮਿਰਚਾਂ, ਲੂਣ ਹੈ। ਉਵੇਂ ਜਿਵੇਂ ਲੱਕੜ ਦੀ ਸੰਦੂਕੜੀ ਵਿੱਚ ਕੋਈ ਚੀਜ਼ ਹੋਵੇਗੀ। ਉਹ ਧਰਤੀ 'ਤੇ ਹੌਲੀ-ਹੌਲੀ ਆਪਣੀ ਸੋਟੀ ਠੋਹਰਦਾਰ ਬਿਰਜੂ ਦੀ ਮੰਜੀ ਕੋਲ ਮੁੜ ਆਇਆ, ਪੁੱਛਣ ਲੱਗਿਆ, ਇਹ ਕੀ ਭਾਣਾ ਬੀਤ ਗਿਆ, ਬਿਰਜੂ ਲਾਲਾ?'

ਬਿਰਜੂ ਚੁੱਪ ਹੀ ਪਿਆ ਰਿਹਾ।

'ਓਏ ਦੱਸ, ਕੋਈ ਵੱਡਾ ਨੁਕਸਾਨ ਤਾਂ ਨ੍ਹੀ ਹੋ ਗਿਆ? ਪੱਟਿਆ ਗਿਆ, ਤੂੰ ਬੋਲਦਾ ਕਿਉਂ ਨ੍ਹੀਂ?' ਹਮੀਦੂ ਉਸ ਦੇ ਸਿਰਹਾਣੇ ਖੜ੍ਹਾ ਪੁੱਛ ਰਿਹਾ ਸੀ।

'ਮ੍ਹੀਦਿਆ, ਮੇਰਾ ਤਾਂ ਰਿਹਾ ਹੀ ਕੱਖ ਨ੍ਹੀ। ਲੱਕੜ ਦੀ ਸੰਦੂਕੜੀ.....' ਬੋਲ ਸੰਘ ਵਿੱਚ ਹੀ ਅਟਕ ਗਿਆ। ਜਿਵੇਂ ਦੌਰਾ ਪੈ ਗਿਆ ਹੋਵੇ।

'ਲੱਕੜ ਦੀ ਸੰਦੂਕੜੀ 'ਚ ਕੀ ਸੀ?' ਉਸ ਨੇ ਪੁੱਛਿਆ।

ਉਹ ਚੁੱਪ ਸੀ।

'ਕਿਉਂ ਬਿਰਜ ਲਾਲਾ....' ਹੁਣ ਹਮੀਦੂ ਮੰਜੀ ਦੀ ਬਾਹੀ 'ਤੇ ਬੈਠਾ ਹੋਇਆ ਸੀ।

ਉਸ ਨੇ ਅੱਖਾਂ ਪੁੱਟੀਆਂ ਤੇ ਕਹਿਣ ਲੱਗਿਆ, 'ਓਸੇ ਵਿੱਚ ਤਾਂ ਸੀ ਸਭ ਕੁਸ। ਪਤਾ ਨ੍ਹੀਂ ਦੋ ਹਜ਼ਾਰ ਸੀ, ਪਤਾ ਨ੍ਹੀਂ ਤਿੰਨ ਹਜ਼ਾਰ ਸੀ। ਕਿਹੜਾ ਗਿਣਿਆ ਸੀ। ਸਭ ਕੁਸ ਲੈ ਗਿਆ ਕੋਈ। ਖਬਰੈ, ਕੀਹਦੀ ਬੇੜੀ ਬਹਿਗੀ?'

'ਪੱਟਿਆ ਗਿਆ, ਐਨੇ ਪੈਸੇ, ਐਥੇ, ਇਓਂ ਕਾਹਨੂੰ ਰੱਖਣੇ ਸੀ? ਮੰਡੀ 'ਚ ਕਿਸੇ ਆੜ੍ਹਤੀਏ ਨੂੰ ਫੜਾ ਔਂਦਾ। ਬੈਂਕ 'ਚ ਜਾਂ ਡਾਕਖ਼ਾਨੇ 'ਚ ਜਮ੍ਹਾਂ ਕਰਵਾ ਦਿੰਦਾ।' ਹਮੀਦੂ ਝੋਰਾ ਕਰ ਰਿਹਾ ਸੀ।

'ਮੇਰਾ ਕਰਮ...' ਕਹਿ ਕੇ ਬਿਰਜੂ ਨੇ ਵੱਡਾ ਸਾਰਾ ਹਉਕਾ ਲਿਆ। ਤੇ ਫਿਰ ਉਸ ਨੂੰ ਕੋਈ ਲੰਬੀ ਖੰਘ ਛਿੜ ਪਈ।

'ਚੰਗਾ ਖਾਧਾ ਤੈਂ ਨ੍ਹੀਂ, ਪਹਿਨਿਆਂ ਤੈਂ ਨ੍ਹੀਂ, ਨਾ ਕੁਸ ਹੋਰ ਕਰ ਕੇ ਦੇਖਿਆ। ਨਾਲ ਦੀ ਨਾਲ ਖ਼ਰਚਦਾ ਰਹਿੰਦਾ, ਵਰਤਦਾ ਰਹਿੰਦਾ ਤਾਂ ਕਾਹਨੂੰ ਪਹੁੰਚਦਾ ਐਸ ਮੁਸੀਬਤ ਨੂੰ?' ਹਮੀਦੂ ਨੇ ਕਿਹਾ ਤੇ ਫਿਰ ਆਖਿਆ, 'ਪੰਚੈਤ ਨੂੰ ਪਤਾ ਕਰਦੇ, ਚੌਕੀਦਾਰ ਨੂੰ ਮੌਕਾ ਦਿਖਾ ਦੇ। ਪੁਲਿਸ ਆਊ ਹੁਣ, ਆਪ ਕੱਢੂ ਚੋਰੀ?'

ਹਮੀਦੂ ਹੌਲੀ-ਹੌਲੀ ਖੰਘਦਾ, ਥੁੱਕਦਾ, ਮੋਢੇ 'ਤੇ ਰੱਖੇ ਸਮੋਸੇ ਨਾਲ ਮੂੰਹ ਪੂੰਝਦਾ ਬਿਰਜੂ ਦੇ ਵਿਹੜੇ 'ਚੋਂ ਬਾਹਰ ਜਾ ਰਿਹਾ ਸੀ।

ਥੋੜ੍ਹੇ ਚਿਰ ਬਾਅਦ ਬਿਰਜੂ ਹੌਲੀ-ਹੌਲੀ ਉੱਠਿਆ ਬਿਸਤਰਾ ਇਕੱਠਾ ਕੀਤਾ ਤੇ ਦੁਕਾਨ ਵਿੱਚ ਲਿਆ ਕੇ ਵਿਛੀ ਪਈ ਪਾਟੀ ਪੁਰਾਣੀ ਤੱਪੜੀ 'ਤੇ ਰੱਖ ਦਿੱਤਾ। ਮੰਜੀ ਚੁੱਕ ਕੇ ਵੀ ਅੰਦਰ ਲੈ ਆਇਆ। ਉਸ ਦੇ ਮਨ ਵਿੱਚ ਇੱਕ ਵਾਰ ਓਹੀ ਖ਼ਿਆਲ ਆਇਆ, ਜਿਹੜਾ ਖ਼ਿਆਲ ਅੱਜ ਤੜਕੇ ਦੇਹਲੀ ਜਿੰਦਾ ਖੋਲ੍ਹ ਕੇ ਦੁਕਾਨ ਦੇ ਅੰਦਰ ਵੜਨ ਵੇਲੇ ਤੇ ਫਿਰ ਪਿਛਲੀ ਕੰਧ ਵਿੱਚ ਪਾੜ ਲੱਗਿਆ ਦੇਖ ਕੇ ਉਸ ਦੇ ਮਨ ਵਿੱਚ ਆਇਆ ਸੀ। ਬਿਰਜੂ ਚੁੱਪ-ਚਾਪ ਬਿਸਤਰੇ ਕੋਲ ਤੱਪੜੀ 'ਤੇ ਬੈਠਾ ਸੀ ਤੇ ਕੰਧ ਵਿਚਾਲੇ ਪਾੜ ਨੂੰ ਗਹੁ ਨਾਲ ਦੇਖ ਰਿਹਾ ਸੀ। ਉਹ ਸੋਚ ਰਿਹਾ ਸੀ ਕਿ ਪੰਚੈਤ ਨੂੰ ਪਤਾ ਕਰੇ ਜਾਂ ਨਾ ਕਰੇ? ਪੰਚੈਤ ਨੂੰ ਪਤਾ ਕਰ ਦਿੱਤਾ ਤਾਂ ਪੁਲਿਸ ਨੂੰ ਵੀ ਪਤਾ ਕਰਨਾ ਹੀ ਪਵੇਗਾ। ਪੁਲਿਸ ਨੂੰ ਇਤਲਾਹ ਦਿੱਤੀ ਤਾਂ ਪੁਲਿਸ ਆਵੇਗੀ ਵੀ ਜ਼ਰੂਰ। ਪੁਲਿਸ ਕਹੇਗੀ, 'ਨਾਂ ਧਰ ਕਿਸੇ ਦਾ।' ਕੀਹਦਾ ਨਾਂ ਲਵਾਂਗਾ? ਕਿਤੇ ਐਵੇਂ ਹੀ ਨਾਂ ਕੋਈ ਕੁੱਟਿਆ ਜਾਵੇ। ਸਾਰੀ ਉਮਰ ਦੀ ਬੈਂਸ ਪੈ ਜਾਵੇਗੀ। ਉਸ ਨੇ ਕਾਫ਼ੀ ਦੇਰ ਬਾਅਦ ਇਹੀ ਫ਼ੈਸਲਾ ਕੀਤਾ ਕਿ ਉਹ ਪੰਚੈਤ ਨੂੰ ਇਤਲਾਹ ਨਾ ਹੀ ਦੇਵੇ ਤਾਂ ਚੰਗਾ ਹੈ। ਪੁਲਿਸ ਆਵੇਗੀ। ਖੇਹ ਖ਼ਰਾਬ ਹੋਵੇਗਾ। ਪੈਸੇ ਤਾਂ ਮੁੜਨੋਂ ਰਹੇ। ਚੋਰ ਦਾ ਪਤਾ ਜੇ ਲੱਗ ਵੀ ਗਿਆ ਤਾਂ ਪੈਸੇ ਉਂਝ ਹੀ ਖੁਰਦ-ਬੁਰਦ ਹੋ ਜਾਣਗੇ। ਪੁਲਿਸ ਕਿਧਰੋਂ ਦੁੱਧ-ਧੋਤੀ ਹੁੰਦੀ ਐ। ਪੁਲਿਸ ਤਾਂ ਆਪ ਚੋਰਾਂ ਡਾਕੂਆਂ ਦੀ ਭਾਈਵਾਲ ਹੁੰਦੀ ਹੈ।

ਦੁੱਲਾ ਸਿੰਘ ਕੇ ਘਰੋਂ ਕਹੀ ਲਿਆ ਕੇ ਆਪਣੇ ਵਿਹੜੇ ਵਿੱਚ ਉਸ ਨੇ ਇੱਕ ਟੋਆ ਪੁੱਟਿਆ। ਗਵਾਂਢ ਵਿੱਚ ਖੇਤੇ ਕੇ ਪੰਪ ਤੋਂ ਪਾਣੀ ਦੀਆਂ ਬਾਲਟੀਆਂ ਲਿਆ ਕੇ ਉਸ ਨੇ ਟੋਏ ਵਿੱਚ ਗਾਰਾ ਬਣਾ ਲਿਆ। ਔਖਾ-ਸੁਖਾਲਾ ਹੋ ਕੇ ਉਨ੍ਹਾਂ ਹੀ ਇੱਟਾਂ ਨਾਲ ਉਸ ਨੇ ਕੰਧ ਵਿਚਲਾ ਪਾੜ ਆਪ ਹੀ ਬੰਦ ਕਰ ਲਿਆ। ਪਾੜ ਵਾਲੀ ਥਾਂ 'ਤੇ ਪਤਲੀ-ਪਤਲੀ ਮਿੱਟੀ ਵੀ ਲਿੱਪ ਦਿੱਤੀ। ਦੁਕਾਨ ਦੀ ਪਿਛਲੀ ਕੰਧ ਇੱਕ ਖੋਲ਼ੇ ਨਾਲ ਲੱਗਦੀ ਸੀ, ਜਿਸ ਕਰਕੇ ਕਿਸੇ ਬੰਦੇ ਨੇ ਪਾੜ ਨੂੰ ਦੇਖਿਆ ਨਹੀਂ ਸੀ ਤੇ ਨਾ ਕਿਸੇ ਨੂੰ ਇਹ ਪਤਾ ਲੱਗਿਆ ਕਿ ਬਿਰਜੂ ਨੇ ਆਪ ਹੀ ਪਾੜ ਨੂੰ ਬੰਦ ਕੀਤਾ ਹੈ। ਚੁੱਪ-ਗੜੁੱਪ ਵਿੱਚ ਹੀ ਸਭ ਕੁਝ ਹੋ ਗਿਆ ਸੀ।

ਉਸ ਦਿਨ ਉਸ ਨੇ ਨਾ ਰੋਟੀ ਪਕਾਈ ਤੇ ਨਾ ਚਾਹ ਕੀਤੀ। ਦੁਕਾਨ ਨੂੰ ਦੇਹਲੀ ਜਿੰਦਾ ਵੀ ਨਾ ਲਾਇਆ। ਕੁੰਡਾ ਹੀ ਲਾ ਛੱਡਿਆ। ਡੇਰੇ ਵਾਲੀ ਨਿੰਮ੍ਹ ਥੱਲੇ ਬਾਬਾ ਨਰਾਇਣ ਦਾਸ ਤੋਂ ਇੱਕ ਉੱਖੜੀ ਜਿਹੀ ਮੰਜੀ ਲੈ ਕੇ ਪੈ ਰਿਹਾ। ਘੋੜੀ ਟੋਭੇ ਤੋਂ ਪਰਲੇ ਪਾਰ ਸਿਵਿਆਂ ਵਾਲੇ ਕਰੀਰਾਂ ਦੀਆਂ ਜੜ੍ਹਾਂ ਵਿੱਚ ਉੱਗੇ ਘਾਹ ਨੂੰ ਮੂੰਹ ਮਾਰਦੀ ਰਹੀ। ਪਿਛਲੇ ਪਹਿਰ ਉਹ ਹਮੀਦੂ ਕੇ ਘਰ ਆ ਗਿਆ। ਉਸ ਨੂੰ ਕਹਿਣ ਲੱਗਿਆ, 'ਗਾਹਾਂ ਕਰਨ ਵਾਲੀ ਗੱਲ ਨ੍ਹੀਂ ਇਹ, ਮ੍ਹੀਦਿਆ। ਤੂੰ ਢਿੱਡ 'ਚ ਈ ਰੱਖੀਂ ਆਪਣੇ।'

ਚੋਰੀ ਤੋਂ ਦੂਜੇ ਜਾਂ ਸ਼ਾਇਦ ਤੀਜੇ ਦਿਨ ਹੀ ਉਸ ਨੇ ਆਪਣੀ ਘੋੜੀ ਫੱਤੂ ਘੁਮਿਆਰ ਨੂੰ ਨੱਥੇ ਰੁਪਿਆਂ ਦੀ ਵੇਚ ਦਿੱਤੀ। ਆਪ ਉਹ ਆਪਣੀ ਭਾਣਜੀ ਦੇ ਘਰ ਚਲਿਆ ਗਿਆ, ਉੱਥੇ ਹੀ ਰਹਿਣ ਲੱਗਿਆ। ਕੰਮ ਨਾ ਉਸ ਤੋਂ ਹੁਣ ਕੋਈ ਹੁੰਦਾ ਸੀ ਤੇ ਨਾ ਹੀ ਕਰਨਾ ਚਾਹੁੰਦਾ ਸੀ। ਭਾਣਜ-ਜਵਾਈ ਪਿੰਡ ਵਿੱਚ ਹੀ ਬਜਾਜੀ ਦੀ ਦੁਕਾਨ ਕਰਦਾ ਸੀ, ਬਿਰਜੂ ਦੁਕਾਨ ’ਤੇ ਹੀ ਸਾਰਾ ਦਿਨ ਬੈਠਾ ਰਹਿੰਦਾ। ਹੁੱਕਾ ਪੀਂਦਾ ਰਹਿੰਦਾ। ਸਾਲ ਕੁ ਭਰ ਕੱਟਿਆ ਤੇ ਫਿਰ ਉੱਥੇ ਹੀ ਮਰ ਗਿਆ। ਮੋਮੀ ਕਾਗਜ਼ ਵਿੱਚ ਵਲ੍ਹੇਟੇ ਹੋਏ ਨੱਥੇ ਰੁਪਏ ਉਸ ਦੇ ਕੁੜਤੇ ਦੀ ਅੰਦਰਲੀ ਜੇਬ੍ਹ ਵਿਚੋਂ ਨਿਕਲੇ। ਕੁੜਤਾ ਜਿਹੜਾ ਮੁੜ੍ਹਕੇ ਤੇ ਮੈਲ ਨਾਲ ਚੰਮ ਬਣ ਕੇ ਉਸ ਦੇ ਪਿੰਡੇ ਨਾਲ ਚਿਪਕਿਆ ਹੋਇਆ ਸੀ। ♦

# ਮਨਹੂਸ

ਤੇ ਮਿਸਿਜ਼ ਮਹਾਜਨ ਨੇ ਨਵੀਂ ਨੌਕਰਾਣੀ ਰੱਖ ਲਈ ਸੀ। ਉਹ ਦੀ ਪਹਿਲੀ ਨੌਕਰਾਣੀ ਜਮਨਾ ਬੜੀ ਚੰਗੀ ਸੀ, ਬੜੀ ਸਿਆਣੀ, ਵਧੀਆ ਸਿਹਤ ਵਾਲੀ, ਬਹੁਤ ਜ਼ਿਆਦਾ ਕੰਮ ਕਰਦੀ। ਉਹਨੂੰ ਚੋਰੀ ਵਰਗੀ ਵੀ ਕੋਈ ਆਦਤ ਨਹੀਂ ਸੀ। ਸਵੇਰੇ ਹੀ ਆ ਜਾਂਦੀ। ਆਉਣ ਸਾਰ ਪਹਿਲਾਂ ਰਾਤ ਦੇ ਬਰਤਨ ਸਾਫ਼ ਕਰਦੀ, ਫੇਰ ਕੋਠੀ ਦੇ ਸਾਰੇ ਕਮਰੇ ਸੁੰਭਰ ਕੇ ਕੁਰਸੀਆਂ, ਮੇਜ਼ਾਂ ਨੂੰ ਝਾੜ-ਪੂੰਝ ਦਿੰਦੀ ਤੇ ਫੇਰ ਕੱਪੜੇ ਧੋਣ ਬੈਠ ਜਾਂਦੀ। ਪਿਛਲੇ ਪਹਿਰ ਆ ਕੇ ਦੁਪਹਿਰ ਦੇ ਬਰਤਨ ਸਾਫ਼ ਕਰਦੀ। ਮਿਸਿਜ਼ ਮਹਾਜਨ ਦੇ ਸਿਰ ਵਿੱਚ ਤੇਲ ਝੱਸ ਜਾਂਦੀ। ਉਹਦੀਆਂ ਪਿੰਜਣੀਆਂ ਦੱਬ ਦਿੰਦੀ ਤੇ ਹੋਰ ਕਿੰਨੇ ਹੀ ਨਿੱਕੇ-ਮੋਟੇ ਕੰਮ। ਕੰਮ ਕਰਦੀ ਉਹ ਮਿਸਿਜ਼ ਮਹਾਜਨ ਨਾਲ ਗੱਲਾਂ ਵੀ ਕਰਦੀ ਰਹਿੰਦੀ। ਪਿਛਲੇ ਘਰਾਂ ਦੀਆਂ ਗੱਲਾਂ, ਜਿਨ੍ਹਾਂ ਵਿੱਚ ਉਹ ਪਹਿਲਾਂ ਕੰਮ ਕਰਦੀ ਹੁੰਦੀ, ਦੂਜੀਆਂ ਨੌਕਰਾਣੀਆਂ ਤੋਂ ਸੁਣੀਆਂ ਉਨ੍ਹਾਂ ਦੀਆਂ ਮਾਲਕਣਾਂ ਦੀਆਂ ਗੱਲਾਂ, ਆਪਣੇ ਵੱਡੇ ਮੁੰਡੇ ਦੀਆਂ ਗੱਲਾਂ, ਜੋ ਅਵਾਰਾ ਨਿਕਲ ਗਿਆ ਸੀ ਤੇ ਸਭ ਤੋਂ ਛੋਟੇ ਗੋਦੀ ਵਾਲੇ ਮੁੰਡੇ ਦੀਆਂ ਗੱਲਾਂ ਉਹ ਕਰਦੀ ਰਹਿੰਦੀ, ਜਿਸ ਨੂੰ ਉਹਦੀ ਛੋਟੀ ਕੁੜੀ ਸੰਭਾਲਦੀ, ਜਦੋਂ ਕਿ ਉਹ ਕੰਮ 'ਤੇ ਆਈ ਹੁੰਦੀ। ਆਪਣੇ ਸ਼ਰਾਬੀ ਪਤੀ ਦੀਆਂ ਗੱਲਾਂ ਉਹਦੇ ਕੋਲ ਲੈ ਬੈਠਦੀ। ਗੱਲਾਂ ਕਰਦਿਆਂ ਉਹ ਤਾਂ ਇਉਂ ਲੱਗਦੀਆਂ, ਜਿਵੇਂ ਸਹੇਲੀਆਂ ਹੋਣ। ਅਜਿਹੇ ਸਮੇਂ ਮਾਲਕਣ-ਨੌਕਰਾਣੀ ਵਾਲੀ ਗੱਲ ਤਾਂ ਉਨ੍ਹਾਂ ਵਿੱਚ ਰਹਿ ਹੀ ਨਹੀਂ ਜਾਂਦੀ ਸੀ। ਮਿਸਿਜ਼ ਮਹਾਜਨ ਨੂੰ ਜਮਨਾ ਚੰਗੀ-ਚੰਗੀ ਲੱਗਦੀ। ਮਹੀਨਾ ਚੜ੍ਹਨ ਤੋਂ ਪਹਿਲਾਂ ਹੀ ਉਹ ਕਦੇ ਦੋ-ਚਾਰ ਰੁਪਏ ਉਹਤੋਂ ਮੰਗਦੀ ਤਾਂ ਮਿਸਿਜ਼ ਮਹਾਜਨ ਇਨਕਾਰ ਨਾ ਕਰਦੀ। ਕਦੇ-ਕਦੇ ਤਾਂ ਉਹ ਇਹ ਪੈਸੇ ਉਹ ਦੀ ਤਨਖ਼ਾਹ ਵਿਚੋਂ ਕੱਟਦੀ ਵੀ ਨਾ। 'ਚੱਲ, ਤੂੰ ਵੀ ਬੱਚਿਆਂ ਵਾਲੀ ਐਂ। ਤੇਰਾ ਤਾਂ ਪੁੰਨ ਈ ਐ।' ਮਿਸਿਜ਼ ਮਹਾਜਨ ਗੌਰਵ ਪ੍ਰਾਪਤ ਕਦਰੀ।

ਤੇ ਫਿਰ ਇੱਕ ਸਵੇਰ ਜਮਨਾ ਆਈ ਨਾ। ਸ਼ਾਮ ਨੂੰ ਵੀ ਨਹੀਂ। ਮਿਸਿਜ਼ ਮਹਾਜਨ ਖ਼ੁਦ ਘਰ ਦੇ ਸਾਰੇ ਕੰਮ ਕਰਦੀ ਕਿੰਨੀ ਔਖੀ ਹੋਈ ਸੀ। ਪਹਿਲਾਂ ਤਾਂ ਜਮਨਾ ਨੇ ਇੰਝ ਕਦੇ ਕੀਤਾ ਨਹੀਂ ਸੀ। ਉਹਨੇ ਨਾ ਆਉਣਾ ਹੁੰਦਾ ਤਾਂ ਉਹ ਆਪਣੀ ਵੱਡੀ ਕੁੜੀ ਨੂੰ ਭੇਜ ਦਿੰਦੀ ਸੀ। ਵੱਡੀ ਕੁੜੀ ਭਾਵੇਂ ਅਜੇ ਐਨੀ ਤਕੜੀ ਨਹੀਂ ਸੀ ਹੋਈ ਕਿ ਇਹ ਸਾਰਾ ਕੰਮ ਅਸਾਨੀ ਨਾਲ ਕਰ ਸਕਦੀ। ਕਰ ਸਕਦੀ ਹੁੰਦੀ ਤਾਂ ਉਹ ਵੀ ਕਿਸੇ ਦੇ ਘਰ ਪੂਰੀ ਨੌਕਰਾਣੀ ਬਣ ਕੇ ਕੰਮ ਕਰ ਰਹੀ ਹੁੰਦੀ। ਬੱਸ ਉਹ ਤਾਂ ਕਦੇ-ਕਦੇ ਇੰਝ ਅਰਥ ਜਿਹਾ ਸਾਰਨ ਆ ਜਾਂਦੀ ਹੁੰਦੀ ਸੀ। ਉਸ ਦਿਨ ਤਾਂ ਉਹਨੇ ਆਪਣੀ ਵੱਡੀ ਕੁੜੀ ਵੀ ਨਾ

ਭੇਜੀ। ਦੂਜੇ ਦਿਨ ਵੀ ਨਹੀਂ। ਸਵੇਰੇ-ਸਵੇਰੇ ਕੰਮ ਕਰਦੀ ਮਿਸਿਜ਼ ਮਹਾਜਨ ਜਮਨਾ ਨੂੰ ਗਾਲ੍ਹਾਂ ਕੱਢਦੀ ਰਹੀ। ਪਰ ਕਦੇ-ਕਦੇ ਉਹ ਸੋਚ ਜਾਂਦੀ, ਜ਼ਰੂਰ ਕੋਈ ਮਾੜੀ ਘਟਨਾ ਵਾਪਰ ਗਈ ਹੈ, ਨਹੀਂ ਤਾਂ ਇੰਝ ਕਰਨ ਵਾਲੀ ਜਮਨਾ ਹੈ ਹੀ ਨਹੀਂ। ਸ਼ਾਮ ਦਾ ਕੰਮ ਵੀ ਮਿਸਿਜ਼ ਮਹਾਜਨ ਨੇ ਖ਼ੁਦ ਹੀ ਬੁੜ-ਬੁੜ ਕਰਦੀ ਨੇ ਕੀਤਾ। ਰਾਤ ਦੇ ਖਾਣੇ ਤੋਂ ਬਾਅਦ ਉਹਨੇ ਗਲੀ ਵਿੱਚ ਹੀ ਕੰਮ ਕਰਦਾ ਆਪਣਾ ਧੋਬੀ ਬੁਲਾਇਆ ਤੇ ਉਹਨੂੰ ਕਿਹਾ ਕਿ ਉਹ ਕਿਸੇ ਨਵੀਂ ਨੌਕਰਾਣੀ ਨੂੰ ਲੱਭ ਕੇ ਲਿਆਵੇ, ਜਿਹੜੀ ਕੱਲ੍ਹ ਸਵੇਰ ਤੋਂ ਹੀ ਉਹਦੇ ਘਰ ਕੰਮ ਕਰਨ ਆ ਜਾਵੇ ਤੇ ਅਗਲੀ ਸਵੇਰ ਮਿਸਿਜ਼ ਮਹਾਜਨ ਦੇ ਘਰ ਨਵੀਂ ਨੌਕਰਾਣੀ ਆ ਗਈ ਸੀ।

ਪਿਛਲੇ ਪਹਿਰ ਜਮਨਾ ਦੀ ਵੱਡੀ ਕੁੜੀ ਆਈ। ਨਵੀਂ ਨੌਕਰਾਣੀ ਨੂੰ ਕੰਮ ਕਰਦੀ ਦੇਖ ਕੇ ਚੁੱਪ ਕੀਤੀ ਖੜ੍ਹੀ ਰਹੀ। ਮਿਸਿਜ਼ ਮਹਾਜਨ ਨੇ ਉਹਨੂੰ ਬੁਲਾਇਆ ਤੱਕ ਨਹੀਂ ਤੇ ਫੇਰ ਕੁੜੀ ਨੇ ਖ਼ੁਦ ਹੀ ਬੁੱਲ੍ਹ ਹਿਲਾਏ, 'ਬੀਬੀ ਜੀ, ਮੈਂ ਤਾਂ ਕੰਮ 'ਤੇ ਆਈ ਸਾਂ।'

'ਮਾਂ ਤਾਂ...' ਕੁੜੀ ਮਸ੍ਹਾਂ ਹੀ ਮੂੰਹੋਂ ਬੋਲ ਕੱਢ ਰਹੀ ਸੀ।

'ਬਾਪੂ...' ਕੁੜੀ ਦੀਆਂ ਅੱਖਾਂ ਵਿਚ ਪਾਣੀ ਸੀ।

'ਕੀ ਹੋ ਗਿਆ ਤੇਰੀ ਮਾਂ ਨੂੰ ?'

'ਬਾਪੂ ਕੀ ?'

'ਬਾਪੂ ਨੇ ਸ਼ਰਾਬ ਬਹੁਤ ਪੀਤੀ ਹੋਈ ਸੀ। ਇੱਕ ਟਰੱਕ ਨਾਲ ਉਹਦੇ ਸਾਇਕਲ ਦੀ ਟੱਕਰ ਹੋ ਗਈ। ਕੰਮ ਤੋਂ ਵਾਪਸ ਆ ਰਿਹਾ ਸੀ, ਚੌਥੇ ਆਥਣੇ।'

'ਫੇਰ ?' ਕੁੜੀ ਦੀਆਂ ਅੱਖਾਂ ਦਾ ਪਾਣੀ ਟੱਪ-ਟੱਪ ਕਰਕੇ ਗੱਲ੍ਹਾਂ 'ਤੇ ਵਗ ਤੁਰਿਆ।

'ਮਰ ਗਿਆ ?' ਮਿਸਿਜ਼ ਮਹਾਜਨ ਨੇ ਬੇਕਿਰਕ ਹੋ ਕੇ ਪੁੱਛਿਆ।

ਕੁੜੀ ਨੇ ਸਿਰ ਨੀਵਾਂ ਕਰ ਦਿੱਤਾ।

ਤੇ ਫਿਰ ਮਿਸਿਜ਼ ਮਹਾਜਨ ਵੀ ਚੁੱਪ ਖੜ੍ਹੀ ਕੁੜੀ ਦੇ ਚਿਹਰੇ ਵੱਲ ਦੇਖਦੀ ਰਹੀ। ਤੇ ਆਖਿਆ, 'ਨੌਕਰਾਣੀ ਤਾਂ, ਤੇਰੀ ਮਾਂ ਨੂੰ ਉਡੀਕ-ਉਡੀਕ ਭਾਈ ਮੈਂ ਨਵੀਂ ਰੱਖ ਲਈ।'

ਕੁੜੀ ਚਲੀ ਗਈ।

ਮਿਸਿਜ਼ ਮਹਾਜਨ ਦੂਰ ਸ਼ਹਿਰ ਵਿਚ ਡਾਕਟਰੀ ਦੀ ਪੜ੍ਹਾਈ ਕਰਦੇ ਆਪਣੇ ਇਕਲੌਤੇ ਪੁੱਤਰ ਨੂੰ ਚਿੱਠੀ ਲਿਖਣ ਲੱਗ ਪਈ।

ਜਮਨਾ ਦਾ ਪਤੀ ਦਿਹਾੜੀ 'ਤੇ ਮਜ਼ਦੂਰੀ ਕਰਨ ਜਾਇਆ ਕਰਦਾ ਸੀ। ਕਿਤੇ ਕੋਈ ਨਵਾਂ ਮਕਾਨ ਬਣਦਾ ਹੁੰਦਾ, ਕਿਤੇ ਕਿਸੇ ਸੜਕ ਜਾਂ ਕਿਸੇ ਪੁਲ ਜਾਂ ਕਿਤੇ ਵੀ ਉਹਨੂੰ ਇਕੱਠਾ ਕਈ ਦਿਨਾਂ ਦਾ ਕੰਮ ਮਿਲਦਾ, ਉਹ ਲੱਗ ਜਾਂਦਾ। ਉਹਨੂੰ ਸ਼ਰਾਬ ਪੀਣ ਦੀ ਬੁਰੀ ਆਦਤ ਸੀ। ਉਹ ਹਰ ਰੋਜ਼ ਨਹੀਂ ਪੀਂਦਾ ਹੁੰਦਾ ਸੀ। ਜਿਸ ਦਿਨ ਵੀ ਉਬਾਲ ਉੱਠਦਾ, ਉਹ ਠੇਕੇ 'ਤੇ ਜਾਂਦਾ ਤੇ ਉਸ ਦਿਨ ਦਿਹਾੜੀ ਦੇ ਮਿਲੇ ਪੈਸਿਆਂ ਦੀ ਸ਼ਰਾਬ ਖਰੀਦ ਲੈਂਦਾ ਤੇ ਠੇਕੇ ਦੇ ਅਹਾਤੇ ਵਿਚ ਪੀ ਕੇ ਹੀ ਘਰ ਮੁੜਦਾ।

ਜਮਨਾ ਦੇ ਤਿੰਨ ਮੁੰਡੇ ਸਨ, ਦੋ ਕੁੜੀਆਂ। ਵੱਡਾ ਮੁੰਡਾ ਪੜ੍ਹਨ ਲਾਇਆ, ਅੱਠਵੀਂ ਜਮਾਤ ਵਿਚੋਂ ਫੇਲ੍ਹ ਹੋ ਕੇ ਅਵਾਰਾ ਹੋ ਗਿਆ। ਕਿਸੇ ਕੰਮ 'ਤੇ ਵੀ ਨਹੀਂ ਜਾਂਦਾ ਸੀ। ਘਰ ਵਿੱਚੋਂ ਪੈਸੇ ਚੋਰੀ ਕਰਕੇ ਜਾਂ ਜੂਆ ਖੇਡ ਕੇ ਸਿਨਮਾ ਦੇਖਦਾ। ਪਿਉ ਦੇ ਸਾਹਮਣੇ ਨਹੀਂ

ਹੁੰਦਾ ਸੀ। ਮਾਂ ਨੂੰ ਗਾਲ੍ਹਾਂ ਕੱਢਦਾ ਸੀ। ਵਿਚਕਾਰਲਾ ਪੜ੍ਹਿਆ ਨਹੀਂ ਸੀ, ਕਿਰਾਏ ’ਤੇ ਰਿਕਸ਼ਾ ਲੈ ਕੇ ਸਾਰਾ ਦਿਨ ਚਲਾਉਂਦਾ। ਦੋਵਾਂ ਮੁੰਡਿਆਂ ਤੋਂ ਛੋਟੀਆਂ ਦੋ ਕੁੜੀਆਂ ਸਨ। ਵੱਡੀ ਕੁੜੀ ਨੂੰ ਕੰਮ ਮਿਲਦਾ ਸੀ ਤਾਂ ਬੱਸ ਕਿਸੇ ਦਾ ਬੱਚਾ ਖਿਡਾਉਣ ਦਾ। ਉਹ ਵੀ ਬਹੁਤੇ ਦਿਨਾਂ ਲਈ ਨਹੀਂ। ਕਿਤੇ ਮਹੀਨੇ ਲਈ, ਕਿਤੇ ਵੀਹ ਦਿਨਾਂ ਲਈ। ਵਿਚਕਾਰਲੇ ਮੁੰਡੇ ਤੇ ਕੁੜੀ ਦਰਮਿਆਨ ਹੋਏ ਦੋ ਬੱਚੇ, ਇੱਕ ਮੁੰਡਾ ਤੇ ਇੱਕ ਕੁੜੀ ਮਰ ਗਏ ਸਨ। ਹੁਣ ਜਮਨਾ ਸੋਚਦੀ, ਉਹਦਾ ਗੋਦੀ ਵਾਲਾ ਮੁੰਡਾ ਤੇ ਛੋਟੀ ਕੁੜੀ ਜੇ ਨਾ ਹੁੰਦੇ ਤਾਂ ਚੰਗਾ ਸੀ। ਮਰ ਗਏ ਮੁੰਡਾ ਕੁੜੀ ਜਿਉਂਦੇ ਰਹਿ ਜਾਂਦੇ ਤਾਂ ਕੋਈ ਕੰਮ ਤਾਂ ਕਰਦੇ। ਹੁਣ ਰਿਕਸ਼ਾ ਚਲਾਉਣ ਵਾਲੇ ਮੁੰਡੇ ਦੀ ਕਮਾਈ ’ਤੇ ਉਹ ਸਾਰੇ ਟੱਬਰ ਦਾ ਖ਼ਰਚ ਨਹੀਂ ਚਲਾ ਸਕੇਗੀ। ਅਵਾਰਾ ਹੋ ਗਏ ਮੁੰਡੇ ਨੂੰ, ਉਹ ਸੋਚਦੀ, ਹੁਣ ਸਮਝਾ ਕੇ ਦੇਖੇਗੀ। ਨਾ ਸਮਝਿਆ ਤਾਂ ਉਹਨੂੰ ਵੀ ਮਰਿਆ ਹੀ ਸਮਝ ਲਵੇਗੀ।

ਪਤੀ ਦੀਆਂ ਅੰਤਮ ਰਸਮਾਂ ਤੋਂ ਬਾਅਦ ਉਹ ਮਿਸਿਜ਼ ਮਹਾਜਨ ਦੇ ਘਰ ਗਈ। ਉਹ ਸੋਚਦੀ ਸੀ, ਉਹਦੀ ਮਾਲਕਣ ਨੇ ਕੁਝ ਦਿਨਾਂ ਲਈ ਨਵੀਂ ਨੌਕਰਾਣੀ ਰੱਖੀ ਹੋਵੇਗੀ। ਉਹਦਾ ਵਾਹ ਤਾਂ ਮਿਸਿਜ਼ ਮਾਹਾਜਨ ਦੇ ਘਰ ਨਾਲ ਕਿੰਨੇ ਹੀ ਸਾਲ ਪੁਰਾਣਾ ਹੈ। ਉਹ ਉਸ ਨੂੰ ਦੁਬਾਰਾ ਕੰਮ ’ਤੇ ਲਾ ਲਵੇਗੀ। ਕਿਵੇਂ ਨਹੀਂ ਲਾਵੇਗੀ ? ਉਹਦੇ ਕੰਮ ’ਤੇ ਉਹ ਖ਼ੁਸ਼ ਹੀ ਬੜੀ ਹੈ। ਉਹ ਦੇ ਕੰਮ ਤੋਂ ਬਾਅਦ ਨਵੀਂ ਨੌਕਰਾਣੀ ਦਾ ਕੰਮ ਤਾਂ ਮਿਸਿਜ਼ ਮਹਾਜਨ ਨੂੰ ਪਸੰਦ ਹੀ ਨਹੀਂ ਆਇਆ ਹੋਵੇਗਾ। ਮਿਸਿਜ਼ ਮਹਾਜਨ ਦੇ ਘਰ ਕਰਕੇ ਜਮਨਾ ਆਪ ਵੀ ਬਹੁਮ ਖ਼ੁਸ਼ ਸੀ। ਉਸ ਨੇ ਮਨ ਨੂੰ ਸਮਝਾ ਲਿਆ ਕਿ ਰਿਕਸ਼ੇ ਵਾਲੇ ਮੁੰਡੇ ਦੀ ਕਮਾਈ ਤੇ ਉਸ ਦੀ ਕਮਾਈ ਨਾਲ ਉਹ ਬੱਚਿਆਂ ਨੂੰ ਪਾਲੇਗੀ। ਕਿਵੇਂ ਵੀ ਉਹ ਨੂੰ ਵੱਡੇ ਮੁੰਡੇ ਦੇ ਸੁਧਰ ਜਾਣ ਦੀ ਕੋਈ ਆਸ ਨਹੀਂ ਸੀ। ਉਹ ਤਾਂ ਪਿਓ ’ਤੇ ਗਿਆ, ਉਹ ਸਮਝ ਰਹੀ ਸੀ।

ਕੋਠੀ ਦੇ ਅੰਦਰ ਉਹਨੇ ਪੈਰ ਰੱਖਿਆ ਤਾਂ ਮਿਸਿਜ਼ ਮਹਾਜਨ, ਦੂਰੋਂ ਹੀ ਝਿੜਕਣ ਵਾਂਗ ਬੋਲੀ, ‘ਜਮਨਾ, ਬਾਹਰ ਈ ਖੜ੍ਹ। ਤੈਂ ਅੰਦਰ ਨ੍ਹੀਂ ਔਣਾ।’

ਜਮਨਾ ਠਠੰਬਰ ਕੇ ਥਾਂ ਹੀ ਖੜ੍ਹੀ ਰਹੀ। ਉਹਨੂੰ ਸ਼ਾਇਦ ਸਮਝ ਨਹੀਂ ਆਈ ਹੋਵੇਗੀ ਕਿ ਮਿਸਿਜ਼ ਮਹਾਜਨ ਉਹਨੂੰ ਕੀ ਕਹਿ ਰਹੀ ਹੈ। ਮਿਸਿਜ਼ ਮਹਾਜਨ ਦੇ ਮੂੰਹੋਂ ਨਿਕਲੇ ਅਜਿਹੇ ਸ਼ਬਦਾਂ ਦੀ ਤਾਂ ਉਹਨੂੰ ਆਸ ਤੱਕ ਵੀ ਨਹੀਂ ਹੋਵੇਗੀ।

‘ਮੈਂ ਕਹਿਨੀ ਆਂ, ਜਮਨਾ ਬਾਹਰ ਖੜ੍ਹ ਜਾ ਕੇ।’

ਜਮਨਾ ਗੇਟ ਤੋਂ ਬਾਹਰ ਜਾ ਖੜ੍ਹੀ।

‘ਹਾਂ, ਦੱਸ ਕਹਿ ਐ ?’ ਮਿਸਿਜ਼ ਮਹਾਜਨ ਨੇ ਉਹਦੇ ਨੇੜੇ ਹੋ ਕੇ ਪੁੱਛਿਆ।

ਦੁਪਹਿਰ ਦਾ ਸਮਾਂ ਸੀ। ਸਰਦੀ ਦੀ ਰੁੱਤ। ਨਵੀਂ ਨੌਕਰਾਣੀ ਸਵੇਰ ਦਾ ਕੰਮ ਕਰਕੇ ਕਦੋਂ ਦੀ ਜਾ ਚੁੱਕੀ ਸੀ।

‘ਮੈਂ ਤਾਂ ਕੰਮ ’ਤੇ ਆਈ ਆਂ ਬੀਬੀ ਜੀ।’ ਜਮਨਾ ਨੇ ਬੁੱਲ੍ਹ ਹਿਲਾਏ।

‘ਦੱਸਿਆ ਨਹੀਂ, ਤੇਰੀ ਕੁੜੀ ਨੇ, ਅਸੀਂ ਨਵੀਂ ਨੌਕਰਾਣੀ ਰੱਖ ਲਈ ਐ ?’ ਮਿਸਿਜ਼ ਮਹਾਜਨ ਦੇ ਬੋਲਾਂ ਵਿਚ ਭੋਰਾ ਵੀ ਹਮਦਰਦੀ ਨਹੀਂ ਸੀ।

‘ਬੱਸ, ਤੂੰ ਜਾਹ। ਤੂੰ ਮਨਹੂਸ ਐ, ਜਮਨਾ। ਮੱਥੇ ਕਾਹਨੂੰ ਲੱਗਣਾ ਸੀ ਮੇਰੇ ਇੱਥੇ ਆ ਕੇ ? ਸਵਾ ਮਹੀਨਾ ਤਾਂ ਪੂਰਾ ਕਰ ਲੈਂਦੀ। ਜਾਹ ਬੱਸ।’ ਮਿਸਿਜ਼ ਮਹਾਜਨ ਜਦ ਇਹ ਸਭ

ਕਹਿ ਰਹੀ ਸੀ, ਜਮਨਾ ਚਿਹਰਾ ਲਟਕਾਈ ਖੜ੍ਹੀ ਸੀ ਤੇ ਟੁੱਟੀ ਚੱਪਲੀ ਵਿਚੋਂ ਆਪਣਾ ਪੈਰ ਕੱਢ ਕੇ ਗੂਠੇ ਨੂੰ ਗਲੀ ਦੀ ਘਸੀ ਸੜਕ 'ਤੇ ਰਗੜ ਰਹੀ ਸੀ। ਗਵਾਂਢ ਵਿੱਚ ਛੋਟੇ ਘਰਾਂ ਦੀਆਂ ਔਰਤਾਂ ਉਨ੍ਹਾਂ ਦੀਆਂ ਗੱਲਾਂ ਧਿਆਨ ਨਾਲ ਸੁਣ ਰਹੀਆਂ ਸੀ। ਜਮਨਾ ਗੇਟ ਅੱਗਿਓਂ ਤੁਰੀ ਤਾਂ ਮਿਸਿਜ਼ ਮਹਾਜਨ ਨੇ ਖੜਾਕ ਨਾਲ ਦਰਵਾਜ਼ਾ ਬੰਦ ਕਰ ਦਿੱਤਾ। ਜਮਨਾ ਥੋੜ੍ਹਾ ਜਿਹਾ ਅਗਾਂਹ ਹੋਈ ਤਾਂ ਛੋਟੇ ਘਰਾਂ ਦੀਆਂ ਔਰਤਾਂ ਉਹਦੇ ਉਦਾਲੇ ਇਕੱਠੀਆਂ ਹੋ ਗਈਆਂ ਤੇ ਉਹਦੇ ਪਤੀ ਦੀ ਮੌਤ ਬਾਰੇ ਪੁੱਛਣ ਲੱਗੀਆਂ।

'ਕੋਠੀ ਵਾਲੀ ਇਹ ਬੜੀ ਹੈਂਸਿਆਰੀ ਐ। ਜੇ ਇਹਦਾ ਆਬਦਾ ਆਦਮੀ ਮਰ ਜਾਏ ਤਾਂ ਇਹਨੂੰ ਨਾ ਲਾਵੇ ਕੋਈ ਮੱਥੇ?' ਕੋਈ ਕਹਿ ਰਹੀ ਸੀ।

'ਕੁੜੇ ਛੱਡ, ਇਹਨੂੰ ਤਾਂ ਉਈਂ ਮੱਥੇ ਲਾਉਣਾ ਮਾੜੈ। ਕੁੜਮੀ ਐ। ਪੁੱਤਾਂ ਪਿੱਟੀ ਨੇ ਐਂ ਨ੍ਹੀਂ ਸੋਚਿਆ, ਬਈ ਇੱਕ ਤਾਂ ਇਹਦਾ ਆਦਮੀ ਨਹੀਂ ਰਿਹਾ, ਇੱਕ ਤੂੰ ਅੱਗਿਓਂ ਕੰਮ ਤੋਂ ਜਵਾਬ ਦਿਨੀਂ ਐਂ। ਕੋਈ ਹੋਰ ਬਹੁਤ ਹੀ ਹਰਖੀ ਹੋਈ ਲੱਗਦੀ ਸੀ।

'ਜਮਨਾ ਤਾਂ ਕਈ ਵਰ੍ਹਿਆਂ ਤੋਂ ਇਨ੍ਹਾਂ ਦੇ ਔਂਦੀ ਐ।' ਕੋਈ ਸਿਆਣੀ ਬੁੜ੍ਹੀ ਕਹਿ ਰਹੀ ਸੀ।

'ਆਹੋ, ਆਹ ਦੇਖ ਕੀ ਆਖ ਤਾ ਅਖੇ-ਤੂੰ ਮਨਹੂਸ ਐਂ। ਮੇਰੇ ਮੱਥੇ ਨਾ ਲੱਗ।'

ਜਮਨਾ ਕੁਝ ਨਹੀਂ ਬੋਲੀ। ਰੋਂਦੀ ਤੇ ਚੁੰਨੀ ਦੇ ਮੈਲੇ ਪੱਲੇ ਨਾਲ ਅੱਖਾਂ ਪੂੰਝਦੀ ਉਹ ਉਨ੍ਹਾਂ ਕੋਲੋਂ ਚਲੀ ਗਈ।

ਡਾਕਟਰ ਮਹਾਜਨ ਫ਼ੌਜ ਵਿਚੋਂ ਰਿਟਾਇਰ ਹੋ ਕੇ ਆਇਆ ਹੋਇਆ ਸੀ। ਹੁਣ ਸ਼ਹਿਰ ਦੇ ਗਾਂਧੀ ਚੌਂਕ ਵਿੱਚ ਉਹਦੀ ਦੁਕਾਨ ਸੀ। ਦੋ ਕੰਪਾਊਂਡਰ ਤੇ ਇੱਕ ਨਰਸ ਰੱਖ ਕੇ ਉਹ ਮਰੀਜ਼ਾਂ ਦਾ ਇਲਾਜ ਕਰਦਾ। ਬਹੁਤ ਸਾਰੇ ਲੋਕ ਉਹਦੀ ਦੁਕਾਨ 'ਤੇ ਆਉਂਦੇ। ਕਿੰਨੇ ਹੀ ਘਰਾਂ ਦਾ ਉਹ ਫੈਮਿਲੀ ਡਾਕਟਰ ਸੀ। ਪਰ ਉਹਦੀ ਆਪਣੀ ਸਿਹਤ ਐਨੀ ਚੰਗੀ ਨਹੀਂ ਸੀ। ਉਹਨੂੰ ਖ਼ੁਦ ਗੁਰਦਿਆਂ ਦੀ ਬਿਮਾਰੀ ਸੀ। ਨਿੱਕੇ-ਮੋਟੇ ਮਰੀਜ਼ਾਂ ਨੂੰ ਤਾਂ ਉਹੀ ਸੰਭਾਲੀ ਜਾਂਦੇ। ਬਹੁਤ ਵਿਗੜਿਆ ਕੇਸ ਹੁੰਦਾ ਤਾਂ ਡਾਕਟਰ ਮਹਾਜਨ ਉਸ ਨੂੰ ਵੱਡੇ ਹਸਪਤਾਲ ਭਿਜਵਾ ਦਿੰਦਾ।

ਹੌਲੀ-ਹੌਲੀ ਉਹਦੀ ਸਿਹਤ ਵਿਗੜਦੀ ਜਾ ਰਹੀ ਸੀ। ਹੌਲੀ-ਹੌਲੀ ਉਹ ਆਪਣਾ ਕੰਮ ਘੱਟ ਕਰਦਾ ਜਾ ਰਿਹਾ ਸੀ। ਬਹੁਤ ਪੈਸਾ ਕਮਾ ਲਿਆ ਹੋਇਆ ਸੀ। ਮੁੰਡਾ ਡਾਕਟਰੀ ਵਿੱਚ ਪੜ੍ਹਦਾ ਸੀ। ਵੱਡੀਆਂ ਦੋ ਕੁੜੀਆਂ ਗ੍ਰੈਜੂਏਸ਼ਨ ਕਰਵਾ ਕੇ ਵਿਆਹ ਦਿੱਤੀਆਂ ਸਨ।

ਸਾਲ ਭਰ ਜਮਨਾ ਨੇ ਗਲੀ ਵਿੱਚ ਆਪਣੀ ਸ਼ਕਲ ਨਹੀਂ ਦਿਖਾਈ। ਗਲੀ ਦੀਆਂ ਔਰਤਾਂ ਉਹਦੇ ਚੰਗੇ ਸੁਭਾਅ ਦੀਆ ਗੱਲਾਂ ਕਰਦੀਆਂ। ਪਤਾ ਨਹੀਂ ਵਿਚਾਰੀ ਨੂੰ ਕੀਹਦੇ ਘਰ ਜਾ ਕੇ ਕੰਮ ਮਿਲਿਆ ਹੋਵੇਗਾ? ਇਹ ਕੀ ਪਤਾ, ਕੰਮ ਮਿਲ ਵੀ ਗਿਆ ਹੋਵੇਗਾ ਜਾਂ ਨਹੀਂ? ਪਤਾ ਨਹੀਂ ਸਾਰੇ ਜਵਾਕਾਂ ਦਾ ਢਿੱਡ ਕਿਵੇਂ ਪਾਲਦੀ ਹੋਵੇਗੀ? ਗਲੀ ਦੀਆਂ ਔਰਤਾਂ ਨੇ ਮਿਸਿਜ਼ ਮਹਾਜਨ ਦੇ ਉੱਚਾ ਰੋਣ ਦੀ ਅਵਾਜ਼ ਸੁਣੀ। ਪਹਿਲਾਂ ਤਾਂ ਸਭ ਨੇ ਉਹਦਾ ਰੋਣਾ ਸੁਣਿਆ ਤੇ ਆਪਣੇ-ਆਪਣੇ ਘਰਾਂ ਵਿੱਚ ਦੜ ਵੱਟ ਕੇ ਬੈਠੀਆਂ ਰਹੀਆਂ। ਕੋਠੀ ਅੰਦਰ ਜਾਣ ਨੂੰ ਕਿਸੇ ਦਾ ਵੀ ਜੀਅ ਨਹੀਂ ਕਰਦਾ ਹੋਵੇਗਾ।

ਤੇ ਫੇਰ ਪਤਾ ਨਹੀਂ ਕਿਹੜੇ ਵੇਲੇ, ਇੱਕ ਬੁੜ੍ਹੀ ਖੂੰਡੀ ਫੜ ਕੇ, ਜੋ ਹਰ ਇੱਕ ਦੇ ਦੁੱਖ-ਸੁੱਖ ਵਿੱਚ ਬਿਨ੍ਹਾਂ ਕਿਸੇ ਵੈਰ-ਵਿਰੋਧ ਜਾਇਆ ਕਰਦੀ ਸੀ, ਕੋਠੀ ਅੰਦਰ ਦਾਖ਼ਲ ਹੋ ਗਈ। ਜਾ ਕੇ ਉਹਨੇ ਮਿਸਿਜ਼ ਮਹਾਜਨ ਨੂੰ ਚੁੱਪ ਕਰਵਾਇਆ। ਉਹਨੂੰ ਦੇਖ ਕੇ ਦੋ ਬੁੜ੍ਹੀਆਂ ਹੋਰ ਅੰਦਰ ਚਲੀਆਂ ਗਈਆਂ ਤੇ ਫੇਰ ਚਾਰ ਜਵਾਨ ਔਰਤਾਂ ਵੀ। ਸਭ ਨੇ ਦੇਖਿਆ, ਡਾਕਟਰ ਮਹਾਜਨ ਬਿਨਾਂ ਕਿਸੇ ਹਿਲ-ਜੁਲ ਤੋਂ ਸ਼ਾਂਤ ਚਿਹਰੇ ਨਾਲ ਪਲੰਘ 'ਤੇ ਸਿੱਧਾ ਪਿਆ ਹੋਇਆ ਹੈ। ਜਿਵੇਂ ਘੂਕ ਸੁੱਤਾ ਪਿਆ ਹੋਵੇ। ਗਵਾਂਢ ਵਿਚੋਂ ਹੀ ਦੋ ਆਦਮੀ ਆਏ। ਡਾਕਟਰ ਮਹਾਜਨ ਨੂੰ ਫ਼ਰਸ਼ 'ਤੇ ਉਤਾਰ ਲਿਆ ਗਿਆ। ਫੇਰ ਤਾਂ ਜਿਵੇਂ ਸਾਰੀ ਗਲੀ ਕੋਠੀ ਅੰਦਰ ਆ ਬੈਠੀ ਹੋਵੇ।

ਮਿਸਿਜ਼ ਮਹਾਜਨ ਹੰਝੂ ਡੋਲ੍ਹਦੀ ਥਾਂ ਟਿਕਾਣਾ ਦੱਸ ਕੇ ਸੁਨੇਹੇ ਦੇ ਰਹੀ ਸੀ...

ਕੋਈ ਸਾਈਕਲ ਲੈ ਕੇ ਦੌੜ ਗਿਆ ਸੀ, ਕੋਈ ਰਿਕਸ਼ਾ ਉੱਤੇ, ਕੋਈ ਪੈਦਲ ਹੀ। ਇੱਕ ਘੰਟੇ ਦੇ ਅੰਦਰ-ਅੰਦਰ ਸ਼ਹਿਰ ਵਿਚੋਂ ਡਾਕਟਰ ਮਹਾਜਨ ਦੇ ਦੋਸਤ, ਰਿਸ਼ਤੇਦਾਰ ਤੇ ਵਾਕਫ ਲੋਕ ਆ ਗਏ ਸਨ। ਡਾਕਟਰ ਸਾਹਿਬ ਦਾ ਦਾਹ-ਸਸਕਾਰ ਕਰ ਦਿੱਤਾ ਗਿਆ।

ਭੋਗ ਪੈਣ ਤੱਕ ਗਲੀ-ਮੁਹੱਲੇ ਦੀਆਂ ਔਰਤਾਂ ਮਿਸਿਜ਼ ਮਹਾਜਨ ਕੋਲ ਆਉਂਦੀਆਂ ਤੇ ਡਾਕਟਰ ਸਾਹਿਬ ਦਾ ਅਫ਼ਸੋਸ ਕਰਦੀਆਂ ਰਹੀਆਂ।

ਭੋਗ ਤੋਂ ਬਾਅਦ ਵੀ ਗਲੀ ਦੀਆਂ ਕੁਝ ਔਰਤਾਂ ਉਹਦੀ ਕੋਠੀ ਆਉਂਦੀਆਂ ਤੇ ਦੁੱਖ-ਸੁੱਖ ਕਰਕੇ ਜਾਂਦੀਆਂ। ਮਿਸਿਜ਼ ਮਹਾਜਨ ਨੂੰ ਜਮਨਾ ਯਾਦ ਆਉਂਦੀ। ਕਦੇ ਉਹ ਸੋਚਦੀ, ਜਮਨਾ ਉਹਦੇ ਮੱਥੇ ਲੱਗੀ, ਤਦ ਹੀ ਉਹ ਦਾ ਪਤੀ ਸਾਲ ਦੇ ਅੰਦਰ-ਅੰਦਰ ਉਹਦੇ ਕੋਲੋਂ ਖੁੱਸ ਗਿਆ। ਪਰ ਇੱਕ ਸ਼ਿੰਦਤ ਨਾਲ ਮਹਿਸੂਸ ਕਰਦੀ, ਹੁਣ ਤਾਂ ਉਹ ਖ਼ੁਦ ਵੀ ਮਨਹੂਸ ਔਰਤ ਹੈ, ਮਨਹੂਸ ਔਰਤ ਲੋਕਾਂ ਤੋਂ ਆਪਣਾ ਚਿਹਰਾ ਛੁਪਾ ਕੇ ਰੱਖਣ ਵਾਲੀ। ਪਰ ਉਹ ਸੋਚਦੀ, ਉਸ ਨੂੰ ਹੋਰ ਕਿਸੇ ਨੇ ਤਾਂ ਮਨਹੂਸ ਨਹੀਂ ਸਮਝਿਆ ਹੈ। ਉਹ ਦਾ ਪਤੀ ਗੁਜ਼ਰ ਗਿਆ ਤਾਂ ਗਲੀ ਦੀਆਂ ਸਭ ਔਰਤਾਂ ਉਹ ਦੇ ਘਰ ਭੱਜੀਆਂ ਆਈਆਂ। ਉਨ੍ਹਾਂ ਨੇ ਹੀ ਅਜਿਹੇ ਕਹਿਰ ਦੇ ਮੌਕੇ ਉਹ ਦੇ ਘਰ ਨੂੰ ਸੰਭਾਲਿਆ। ਭੋਗ ਤੋਂ ਬਾਅਦ ਉਹ ਉਹਦੇ ਕੋਲ ਆਉਂਦੀਆਂ ਰਹੀਆਂ, ਆਉਂਦੀਆਂ ਰਹਿੰਦੀਆਂ। ਉਹਨੂੰ ਆਪਣੇ-ਆਪ ਨਾਲ ਗਿਲਾਨੀ ਹੋਣ ਲੱਗਦੀ, ਜਦੋਂ ਉਹ ਸੋਚਦੀ, ਛੋਟੇ ਲੋਕ ਕਿੰਨੇ ਖੁੱਲ੍ਹੇ ਦਿਲੇ ਹੁੰਦੇ ਹਨ। ਗਲੀ ਦੀ ਕਿਸੇ ਵੀ ਔਰਤ ਨੇ ਉਹਨੂੰ ਮਨਹੂਸ ਨਹੀਂ ਕਿਹਾ, ਮਨਹੂਸ ਨਹੀਂ ਸਮਝਿਆ। ਉਹ ਸੋਚਣ ਲੱਗੀ, ਨਾ ਤਾਂ ਜਮਨਾ ਮਨਹੂਸ ਸੀ ਤੇ ਨਾ ਹੁਣ ਉਹ ਆਪ। ਮਨਹੂਸ ਤਾਂ ਬੰਦੇ ਦਾ ਮਨ ਹੁੰਦਾ ਹੈ, ਜੋ ਦੂਜੇ ਬਾਰੇ ਸੋਚਦਾ ਹੈ।

ਦਿਨ-ਰਾਤ ਇੱਕ ਗੱਲ ਉਹਦੇ ਮਨ ਨੂੰ ਕੁਤਰਦੀ ਰਹਿੰਦੀ, ਉਹਦੇ ਕਾਲਜੇ ਨੂੰ ਕੱਟਦੀ ਰਹਿੰਦੀ ਕਿ ਉਹ ਸੱਚਮੁੱਚ ਹੀ ਭੈੜੀ ਹੈ, ਜਿਸ ਨੇ ਜਮਨਾ ਨੂੰ ਮਨਹੂਸ ਸਮਝ ਕੇ ਕੰਮ ਤੋਂ ਜਵਾਬ ਦਿੱਤਾ। ਹੁਣ ਮਿਸਿਜ਼ ਮਹਾਜਨ ਨੂੰ ਆਪਣਾ ਅੰਦਰ ਮਨਹੂਸ ਜਾਪਦਾ।

ਇੱਕ ਦਿਨ ਉਹਨੇ ਆਪਣੇ ਧੋਬੀ ਨੂੰ ਜਮਨਾ ਦੇ ਘਰ ਭੇਜਿਆ। ਉਹ ਚਾਹੁੰਦੀ ਸੀ ਕਿ ਜਮਨਾ ਮੁੜ ਕੇ ਉਹ ਦੇ ਘਰ ਕੰਮ 'ਤੇ ਆ ਲੱਗੇ। ਉਹ ਉਹਦੇ ਨਾਲ ਗੱਲਾਂ ਕਰਿਆ ਕਰੇ। ਉਹਦੇ ਦਿਨ ਸੁਖ਼ਾਲੇ ਨਿਕਲਣ ਲੱਗਣ। ਇੱਕ ਸਾਲ ਨੂੰ ਮੁੰਡਾ ਡਾਕਟਰੀ ਕਰਕੇ

ਘਰ ਆ ਜਾਵੇਗਾ। ਉਹ ਉਸ ਨੂੰ ਨੌਕਰੀ ਕਰਨ ਨਹੀਂ ਦੇਵੇਗੀ। ਉਹਨੂੰ ਕਹੇਗੀ, ਉਹ ਪਿਤਾ ਵਾਲੀ ਦੁਕਾਨ 'ਤੇ ਹੀ ਕੰਮ ਕਰੇ। ਉਹਨੂੰ ਵਿਆਹ ਲਵੇਗੀ ਅਤੇ ਆਪਣੀ ਨੂੰਹ ਨਾਲ ਚੰਗੇ ਦਿਨ ਬਿਤਾਵੇਗੀ।

ਧੋਬੀ ਨੇ ਆ ਕੇ ਜਵਾਬ ਦਿੱਤਾ, 'ਜਮਨਾ ਤਾਂ ਕਿਸੇ ਹੋਰ ਘਰ ਕੰਮ 'ਤੇ ਜਾਂਦੀ ਐ। ਇੱਥੇ ਔਣਾ ਨਹੀਂ ਚਾਹੁੰਦੀ।' ਤੇ ਧੋਬੀ ਨੇ ਇਹ ਵੀ ਦੱਸਿਆ ਕਿ ਉਹ ਮਿਸਿਜ਼ ਮਹਾਜਨ ਤੋਂ ਹੁਣ ਡਰਦੀ ਵੀ ਹੈ। ♦

# ਜਵਾਰਭਾਟਾ

‘ਵਾਰ-ਵਾਰ ਸ਼ੀਸ਼ਾ ਦੇਖਣਾ ਵੀ ਖ਼ੁਜਲੀ ਕਰਨ ਵਰਗੀ ਆਦਤ ਐ।’

‘ਆਦਤ?’

‘ਆਦਤ ਨਹੀਂ, ਸਗੋਂ ਬਿਮਾਰੀ।’

ਪਤਨੀ ਸ਼ੀਸ਼ੇ ਨੂੰ ਮੇਜ਼ ’ਤੇ ਪਟਕ ਦਿੰਦੀ ਹੈ। ਖਿਝ ਕੇ ਬੋਲਦੀ ਹੈ, ‘ਸ਼ੀਸ਼ਾ ਦੇਖਣ ਨੂੰ ਹੁਣ ਕੀ ਰਹਿ ਗਿਆ ਮੇਰੇ ਵਿੱਚ? ਜਵਾਨੀ ਤਾਂ ਤੁਹਾਡੇ ਏਸ ਚੰਦਰੇ ਘਰ ਵਿੱਚ ਪਤਾ ਈ ਨਹੀਂ ਕਦੋਂ ਲੰਘ ਗਈ। ਕੀ ਖਾ-ਹੰਢਾ ਲਿਆ ਮੈਂ?’

‘ਹਰ ਘਰ ਵਿੱਚ ਇਹੋ ਗੱਲ ਐ। ਹਰ ਕਿਸੇ ਨੂੰ ਘਰ ਦੀ ਕਬੀਲਦਾਰੀ ਦਾ ਸਾਹਮਣਾ ਕਰਨਾ ਪੈਂਦਾ। ਤੂੰ ਕੋਈ ਅਸਮਾਨੋਂ ਉਤਰੀ ਹੋਈ ਐਂ?’

‘ਤੇ ਹੋਰ, ਤੁਹਾਡੇ ਏਸ ਚੰਦਰੇ ਘਰ ਵਿੱਚ ਹੈ ਈ ਕੀ? ਸਾਰੀ ਉਮਰ ਤੁਹਾਡਾ ਦੇਣਾ-ਲੈਣਾ ਨਹੀਂ ਮੁੱਕਿਆ। ਅਜਿਹਾ ਮਹੀਨਾ ਹੈ ਕੋਈ, ਜਦੋਂ ਤੁਸੀਂ ਕਿਸੇ ਦਾ ਉਧਾਰ ਨਾ ਦੇਣਾ ਹੋਵੇ?’

‘ਉਧਾਰ ਘਰ ਵਿੱਚ ਈ ਆਉਂਦੈ। ਮੈਂ ਸ਼ਰਾਬ ਤਾਂ ਨ੍ਹੀਂ ਪੀਂਦਾ, ਜੂਆ ਤਾਂ ਨ੍ਹੀਂ ਖੇਡਦਾ, ਹੋਰ ਦੱਸ ਕੀ ਲੱਡੂ ਲੈ-ਲੈ ਖਾਨਾਂ ਮੈਂ?’

‘ਮੈਨੂੰ ਕੀ ਪਤੈ, ਕੀ ਕਰਦੇ ਓ ਤੁਸੀਂ? ਮੰਗਤਿਆਂ ਵਰਗੀ ਜ਼ਿੰਦਗੀ ਜਿਉਂ ਰਹੇ ਆਂ।’

‘ਚੰਗਾ, ਬਕ ਨਾ ਬਹੁਤਾ ਕੋਈ ਕੰਮ ਕਰ ਜਾ ਕੇ।’ ਪਤੀ ਦੇ ਮੱਥੇ ਦੀਆਂ ਰੇਖਾਵਾਂ ਉੱਭਰ ਆਈਆਂ ਹਨ।

‘ਕੰਮ ਦਾ ਫੂਕਣਾ ਈ ਫੂਕਣੈ ਸਾਰੀ ਉਮਰ।’ ਡਿੱਗ ਰਹੀ ਵਾਲਾਂ ਦੀ ਇੱਕ ਨਿੱਟ ਸਿਰ ਦੇ ਝਟਕੇ ਨਾਲ ਪਿਛਾਂਹ ਨੂੰ ਛੱਡ ਕੇ ਪਤਨੀ ਕਮਰੇ ਵਿਚੋਂ ਬਾਹਰ ਨਿਕਲ ਗਈ ਹੈ। ਰਸੋਈ ਦੇ ਕਿਸੇ ਕੰਮ ਵਿੱਚ ਜਾ ਲੱਗੀ ਐਹ।

ਪਤੀ ਅਖ਼ਬਾਰ ਪੜ੍ਹਨ ਲੱਗ ਪਿਆ ਹੈ। ਪਤਨੀ ਦੀਆਂ ਤੇਜ਼-ਤਰਾਰ ਗੱਲਾਂ ਸੁਣ ਕੇ ਉਹਦਾ ਮਾਨਸਿਕ ਸੰਤੁਲਨ ਹਿੱਲ ਗਿਆ ਹੈ। ਖ਼ਬਰ ਉਹਦੀ ਸਮਝ ਵਿੱਚ ਨਹੀਂ ਆ ਰਹੀ। ਪੜ੍ਹੀ ਖ਼ਬਰ ਨੂੰ ਦੁਬਾਰਾ ਪੜ੍ਹਦਾ ਹੈ।

ਅੱਜ ਮਹੀਨੇ ਦੀ ਤਿੰਨ ਤਾਰੀਖ਼ ਹੈ ਤੇ ਦਿਨ ਐਤਵਾਰ। ਉਸ ਦੀ ਇੱਕ ਮਹੀਨੇ ਦੀ ਤਨਖ਼ਾਹ ਐਨੀ ਹੈ, ਜਿੰਨੀ ਉਹਦੀ ਹੁਣ ਦੀ ਆਪਣੀ ਉਮਰ ’ਚ ਜਦੋਂ ਉਹਦਾ ਬਾਪ ਸੀ, ਇੱਕ ਕੁੜੀ ਦਾ ਵਿਆਹ ਕੀਤਾ ਜਾ ਸਕਦਾ ਸੀ। ਪਰ ਇੱਕ ਤਾਰੀਖ਼ ਉਹਨੂੰ

ਤਨਖ਼ਾਹ ਮਿਲਦੀ ਹੈ, ਸ਼ਾਮ ਤੱਕ ਸਾਰਾ ਬਟੂਆ ਖ਼ਾਲੀ ਹੋ ਜਾਂਦਾ ਹੈ। ਕੁਝ ਰੁਪਏ ਉਹ ਬਚਾ ਕੇ ਵੀ ਰੱਖਦਾ ਹੈ। ਬਟੂਏ ਦੇ ਚੋਰਖ਼ਾਨੇ 'ਚ ਪਾ ਕੇ ਤਾਂ ਕਿ ਜੇ ਉਹਦੀ ਪਤਨੀ ਬਟੂਆ ਵੇਖਣ ਲੱਗੇ ਤਾਂ ਉਹਨੂੰ ਪਤਾ ਨਾ ਲੱਗੇ। ਉਹ ਸੋਚਦਾ ਹੈ, ਇਨ੍ਹਾਂ ਪੈਸਿਆਂ ਨਾਲ ਉਹ ਮਹੀਨਾ ਭਰ ਲੰਘਾ ਲਵੇਗਾ। ਸਬਜ਼ੀ ਦਾ ਖ਼ਰਚ, ਕਿਸੇ-ਕਿਸੇ ਦਿਨ ਬੱਚਿਆਂ ਲਈ ਮੌਸਮੀ ਫ਼ਲ, ਬਜ਼ਾਰ ਵਿੱਚ ਮਿਲੇ ਕਿਸੇ ਪਿਆਰੇ ਦੋਸਤ ਲਈ ਚਾਹ। ਚਾਹੇ ਉਹ ਤਨਖ਼ਾਹ ਮਿਲਣ ਤੋਂ ਇੱਕ ਦਿਨ ਪਹਿਲਾਂ ਲਿਸਟ ਬਣਾ ਲੈਂਦਾ ਹੈ ਕਿ ਕੱਲ੍ਹ ਨੂੰ ਇਹ-ਇਹ ਚੀਜ਼ਾਂ ਘਰ ਵਾਸਤੇ ਲੈਣੀਆਂ ਹਨ ਤੇ ਇਨ੍ਹਾਂ-ਇਨ੍ਹਾਂ ਲੋਕਾਂ ਤੇ ਦੁਕਾਨਾਂ ਦਾ ਉਧਾਰ ਮੋੜਨਾ ਹੈ, ਫੇਰ ਵੀ ਦੋ ਤਰੀਕ ਨੂੰ ਅਜਿਹੀਆਂ ਦੋ-ਤਿੰਨ ਮੱਦਾਂ ਆਪਣੇ-ਆਪ ਹੀ ਉੱਠ ਖੜ੍ਹੀਆਂ ਹੁੰਦੀਆਂ ਹਨ ਕਿ ਉਹਦਾ ਛੁਪਾ ਕੇ ਰੱਖਿਆ ਕਾਲਾ-ਧਨ ਚੁੱਪ ਕੀਤਾ ਹੀ ਚਲਾ ਜਾਂਦਾ ਹੈ। ਤੇ ਫੇਰ ਦੋ ਤਰੀਕ ਤੋਂ ਉਹ ਅਗਲੇ ਮਹੀਨੇ ਦੀ ਤਨਖ਼ਾਹ ਉਡੀਕਣ ਲੱਗਦਾ ਹੈ। ਤਿੰਨ ਤਰੀਕ ਤੋਂ ਉਧਾਰ ਦਾ ਚੱਕਰ ਸ਼ੁਰੂ ਹੋ ਜਾਂਦਾ ਹੈ।

ਰਸੂਲ ਹਮਜ਼ਾਤੋਵ ਨੇ ਇੱਕ ਥਾਂ ਕਿੰਨਾ ਵਧੀਆ ਲਿਖਿਆ ਹੈ ਕਿ ਜੇ ਚਾਲ੍ਹੀਆਂ ਸਾਲਾਂ ਦੇ ਹੋ ਕੇ ਤੁਹਾਡੇ ਕੋਲ ਪੈਸੇ ਨਹੀਂ ਤਾਂ ਆਸ ਹੀ ਨਾ ਰੱਖੋ ਕਿ ਇਹ ਆਉਣਗੇ, ਕਿਉਂਕਿ ਇਹ ਨਹੀਂ ਆਉਣਗੇ। ਪਰ ਉਹ ਸੋਚਦਾ ਹੈ ਕਿ ਰਸੂਲ ਨੇ ਇਹ ਗ਼ਲਤ ਲਿਖ ਦਿੱਤਾ ਹੋਵੇਗਾ। ਪੈਸੇ ਤਾਂ ਕਦੇ ਵੀ ਜੁੜ ਸਕਦੇ ਹਨ। ਮੌਕਾ ਮਿਲਣ ਦੀ ਗੱਲ ਹੈ। ਦਿਨ ਫਿਰਨ ਦਾ ਕੋਈ ਪਤਾ ਨਹੀਂ ਹੁੰਦਾ। ਚਾਲ੍ਹੀਆਂ ਦੀ ਉਮਰ ਨੂੰ ਤਾਂ ਉਹ ਕਦੋਂ ਦਾ ਟੱਪ ਚੁੱਕਿਆ ਹੈ। ਉਹਦੇ ਅਸਮਾਨ ਵਿਚੋਂ ਹਵਾਈ ਕਿਲੇ ਅਜੇ ਮੁੱਕੇ ਨਹੀਂ। ਉਹਦੀਆਂ ਯੋਜਨਾਵਾਂ ਬਣਦੀਆਂ ਰਹਿੰਦੀਆਂ ਹਨ, ਮਿਟਦੀਆਂ ਰਹਿੰਦੀਆਂ ਹਨ। ਕਦੇ ਵੀ ਕੋਈ ਯੋਜਨਾ ਸਿਰੇ ਨਹੀਂ ਲੱਗੀ। ਫੇਰ ਵੀ ਉਹ ਕਿੰਨਾ ਦਲੇਰ ਹੈ ਕਿ ਹਾਰਦਾ ਨਹੀਂ। ਨਾ-ਮੁਕੰਮਲ ਜਿਹੇ ਕਮਰੇ ਵਿੱਚ ਬੈਠਾ ਪਤਨੀ ਨਾਲ ਸਾਂਝ-ਮੋਰਚਾ ਬਣਾ ਕੇ ਜਦੋਂ ਉਹ ਹਵਾਈ ਐਲਾਨ ਛੱਡ ਰਿਹਾ ਹੁੰਦਾ ਹੈ ਤਾਂ ਕੋਈ ਦੇਖਣ ਵਾਲਾ ਹੋਵੇ ਉਹਨੂੰ। ਇਸ ਕਮਰੇ ਵਿੱਚ ਸੋਫ਼ਾ ਰੱਖਾਂਗੇ। ਇੱਥੇ ਇਸ ਖੂੰਜੇ ਵਿੱਚ ਟੀ. ਵੀ. ਸੈੱਟ ਹੋਵੇਗਾ। ਰਸੋਈ ਕਿੱਡੀ ਵੱਡੀ ਹੋਵੇਗੀ। ਫਰਿੱਜ ਤਾਂ ਰਸੋਈ ਵਿੱਚ ਹੀ ਠੀਕ ਰਹੇਗਾ। ਸਕੂਟਰ ਨਹੀਂ ਲੈਂਦੇ। ਐਕਸੀਡੈਂਟ ਹੋਇਆ ਹੀ ਰਹਿੰਦਾ ਹੈ। ਕਾਰ ਲਵਾਂਗੇ। ਔਧਰ ਗਲੀ ਦੀ ਕੰਧ ਨੂੰ ਸਿਰੇ ਤੋਂ ਢਾਹ ਕੇ ਲੋਹੇ ਦਾ ਗੇਟ ਲਾਵਾਂਗੇ। ਚੌੜਾ ਸਾਰਾ। ਓਥੇ ਇੱਕ ਪਾਸੇ ਕਮਰਾ ਹੋਰ ਪਾ ਕੇ ਗੇਟ ਦੇ ਸਾਹਮਣੇ ਪੋਰਚ ਬਣਾ ਦਿਆਂਗੇ। ਕਾਰ ਖੜ੍ਹੀ ਰਿਹਾ ਕਰੇਗੀ।

ਪਤਨੀ ਦਾ ਯੋਗਦਾਨ-ਮੈਂ ਘਰ ਵਿੱਚ ਵੀ ਬਰਤਨ ਚੀਨੀ ਜਾਂ ਪਿੱਤਲ ਦਾ ਨਹੀਂ ਰਹਿਣ ਦੇਣਾ। ਕੱਚ ਦਾ ਭਾਂਡਾ ਨਵਾਂ ਕੋਈ ਨਹੀਂ ਲੈਣਾ। ਨਿੱਕੇ ਚਮਚੇ ਤੋਂ ਲੈ ਕੇ ਪਾਣੀ ਤੱਤਾ ਕਰਨ ਵਾਲੀ ਟੋਕਣੀ ਤੱਕ ਵੀ ਸਭ ਸਟੀਲ ਦੇ ਭਾਂਡੇ ਹੋਣਗੇ। ਹਾਂ, ਵੱਡਾ ਸਾਰਾ ਡਾਈਨਿੰਗ ਟੇਬਲ ਤੇ ਛੇ ਕੁਰਸੀਆਂ। ਮਕਾਨ ਬਣੇ ਨੂੰ ਸੱਤ ਸਾਲ ਹੋ ਗਏ, ਅਲਮਾਰੀ ਇੱਕ ਦੇ ਵੀ ਤਖ਼ਤੇ ਚੁਗਾਠ ਨਹੀਂ ਲਗਵਾਈ ਤੁਸੀਂ। ਇਹ ਤਾਂ ਐਤਕੀਂ ਕਰ ਹੀ ਲਓ। ਇੱਕ ਅਲਮਾਰੀ 'ਤੇ ਤਾ ਮੇਰਾ ਕਬਜ਼ਾ ਰਹੇਗਾ। ਸਟੀਲ ਦਾ ਸਾਰਾ ਡਾਈਨਿੰਗ ਸੈੱਟ ਮੈਂ ਅਲਮਾਰੀ ਵਿੱਚ ਜਿੰਦਰਾ ਮਾਰ ਕੇ ਰੱਖਿਆ ਕਰਾਂਗੀ। ਮਹਿਮਾਨ ਆਉਣਗੇ, ਤਦ ਹੀ ਅਲਮਾਰੀ ਖੋਲ੍ਹਣੀ ਹੈ।

ਇਸ ਤਰ੍ਹਾਂ ਦੇ ਹਵਾਈ-ਬੁਰਜਾਂ ਵਿੱਚ ਬੈਠੇ ਉਹ ਆਪਣੇ-ਆਪ ਨੂੰ ਦੁਨੀਆ ਦੇ ਵਧੀਆ ਤੇ ਅਮੀਰ ਇਨਸਾਨ ਅਨੁਭਵ ਕਰ ਰਹੇ ਹੁੰਦੇ ਹਨ ਤਾਂ ਪਤਨੀ ਇਕਦਮ ਹੀ ਚਹਿਕ ਉੱਠਦੀ ਹੈ-'ਏ ਜੀ?'

ਪਤੀ ਦੇ ਵਜੂਦ ਨਾਲੋਂ ਕੋਈ ਇੱਕ ਚਿੱਪਰ ਜਿਹੀ ਲਹਿ ਜਾਂਦੀ ਹੈ। ਉਹ ਕੋਈ ਮੰਗ ਪੇਸ਼ ਕਰੇਗੀ। ਪਤੀ ਦੀ ਚੁੱਪ ਉਹਦਾ ਹੁੰਗਾਰਾ ਸਮਝ ਲਿਆ ਜਾਂਦਾ ਹੈ। ਪਤਨੀ ਫ਼ਰਮਾਇਸ਼ ਕਰਦੀ ਹੈ, 'ਮੈਨੂੰ ਅਗਲੀ ਤਨਖ਼ਾਹ 'ਤੇ ਚਾਂਦੀ ਦਾ ਸੈੱਟ ਲੈ ਦਿਓਂਗੇ। ਲੈ ਦਿਓਂਗੇ ਨਾ? ਗਲੀ ਦੀਆਂ ਸਾਰੀਆਂ ਔਰਤਾਂ ਲੈ ਆਈਆਂ ਨੇ।'

'ਕੀ ਚੀਜ਼ ਹੁੰਦੀ ਐ ਉਹ?'

ਪਤੀ ਠਰ੍ਹੰਮੇ ਨਾਲ ਪੁੱਛਦਾ ਹੈ।

ਪਤਨੀ ਸਮਝਦੀ ਹੈ ਕਿ ਉਹ ਮੰਨ ਜਾਏਗਾ। ਬਣਾ ਸੰਵਾਰ ਕੇ ਦੱਸਦੀ ਹੈ, 'ਸੋਨੇ ਦਾ ਭਾਅ ਮਹਿੰਗਾ ਹੋ ਗਿਐ ਨਾ। ਆਪਾਂ ਲੋਕ ਤਾਂ ਹੁਣ ਇਹ ਪਹਿਨ ਨ੍ਹੀਂ ਸਕਦੇ। ਲੋਕਾਂ ਨੇ ਹੁਣ ਚਾਂਦੀ ਸ਼ੁਰੂ ਕਰ ਦਿੱਤੀ ਐ। ਚਾਂਦੀ ਸੈੱਟ ਵਿੱਚ ਕੰਨਾਂ ਦੇ, ਗਲ ਦੇ ਤੇ ਅੰਗੂਠੀ ਹੁੰਦੀ ਐ। ਲੈ ਦਿਓਂਗੇ ਨਾ? ਬੱਸ ਦੋ ਪੱਤੇ ਸੌ-ਸੌ ਦੇ।'

ਪਤੀ ਚੁੱਪ ਹੈ। ਹੁਣ ਉਹਦੀ ਚੁੱਪ ਹੁੰਗਾਰਾ ਨਹੀਂ, ਨਾਂਹ ਹੈ। ਪਤਨੀ ਫੇਰ ਲੇਲ੍ਹੜੀ ਕੱਢਦੀ ਹੈ, 'ਦੱਸੋ ਵੀ।' ਉਹ ਪਤੀ ਦੇ ਗਲ ਲੱਗਣ ਦੀ ਕੋਸ਼ਿਸ਼ ਕਰਦੀ ਹੈ।

ਪਤੀ ਉਸ ਨੂੰ ਪਰ੍ਹਾਂ ਧੱਕ ਦਿੰਦਾ ਹੈ ਤੇ ਕਹਿੰਦਾ ਹੈ, 'ਚਾਂਦੀ ਦੇ ਗਹਿਣੇ ਤਾਂ ਮੁਸਲਮਾਨ ਔਰਤਾਂ ਪਹਿਨਦੀਆਂ ਨੇ। ਆਪਾਂ ਕਿਤੇ ਮੁਸਲਮਾਨ ਆਂ?'

ਉਹ ਹੱਸਣ ਲੱਗਦੀ ਹੈ, 'ਲਓ ਜੀ, ਤੁਹਾਨੂੰ ਨਹੀਂ ਪਤਾ? ਹੁਣ ਤਾਂ ਹਰ ਕੋਈ ਔਰਤ ਚਾਂਦੀ ਪਹਿਨਣ ਲੱਗ ਪਈ ਐ। ਦੱਸਿਆ ਤਾਂ ਹੈ, ਗਲੀ ਦੀਆਂ ਸਾਰੀਆਂ ਔਰਤਾਂ...।

ਪਤੀ ਕਮਰੇ ਵਿਚੋਂ ਉੱਠਦਾ ਹੈ ਤੇ ਇਹ ਕਹਿ ਕੇ ਗੁਸਲਖ਼ਾਨੇ ਵਿੱਚ ਚਲਿਆ ਜਾਂਦਾ ਹੈ, 'ਬਜਟ ਦੇਖਾਂਗੇ, ਕੀ ਕਹਿੰਦੈ।'

ਪਤਨੀ ਦੇ ਸਾਰੇ ਹਵਾਈ ਮਹਿਲ ਦਾੜ ਦੇ ਕੇ ਭੁੰਜੇ ਆ ਡਿੱਗਦੇ ਹਨ।

ਉਹ ਕਿੰਨੇ ਹੀ ਦਿਨਾਂ ਤੋਂ ਕਹਿ ਰਹੀ ਹੈ ਕਿ ਉਹਦਾ ਪਤੀ ਉਹਨੂੰ ਕੋਈ ਪਿਕਚਰ ਦਿਖਾ ਦੇਵੇ। ਪਰ ਉਹ ਹਰ ਵਾਰ ਟਾਲ ਜਾਂਦਾ ਰਿਹਾ ਹੈ, 'ਪਿਕਚਰ ਚੰਗੀ ਨਹੀਂ ਲੱਗੀ ਹੋਈ।'

ਅੱਜ ਪਤਨੀ ਨੇ ਸਵੇਰੇ-ਸਵੇਰੇ ਹੀ ਸਿਰ ਦੇ ਵਾਲ ਧੋ ਲਏ ਹਨ। ਰੋਟੀ-ਟੁੱਕ ਦਾ ਕੰਮ ਨਿਬੇੜ ਲਿਆ ਹੈ। ਇੱਕ ਦਾ ਵਕਤ ਹੋ ਗਿਆ ਹੈ। ਪਤਨੀ ਨੇ ਆਪਣਾ ਨਵਾਂ ਸੂਟ ਪਹਿਨ ਲਿਆ ਹੈ। ਪਤੀ ਸੌਣ ਦੀ ਕੋਸ਼ਿਸ਼ ਕਰਨ ਲੱਗਾ ਹੈ। ਰੇਡੀਓ 'ਤੇ ਗਾਣੇ ਚੱਲ ਰਹੇ ਹਨ। ਪਤਨੀ ਉਹਦੇ ਮੰਜੇ ਕੋਲ ਆਈ ਹੈ ਤੇ ਬਾਹੀ ਉੱਤੇ ਬੈਠ ਗਈ ਹੈ। ਅੱਖਾਂ ਵਿੱਚ ਮੋਹ ਜਿਹਾ ਭਰ ਕੇ ਪਤੀ ਦੇ ਮੱਥੇ ਨੂੰ ਸਹਿਲਾਉਣ ਲੱਗੀ ਹੈ। ਪੁੱਛਦੀ ਹੈ, 'ਨੀਂਦ ਆ ਰਹੀ ਹੈ?'

ਉਹ ਬੋਲਦਾ ਨਹੀਂ। ਪਾਸਾ ਮਾਰ ਕੇ ਦੂਜੇ ਪਾਸੇ ਮੂੰਹ ਕਰ ਲੈਂਦਾ ਹੈ।

ਪਤਨੀ ਉਹਦੇ ਮੋਢੇ 'ਤੇ ਹੱਥ ਰੱਖ ਕੇ ਕਹਿੰਦੀ ਹੈ, 'ਏ ਜੀ?'

ਉਹ ਮਨ ਵਿੱਚ ਹੀ ਸਹਿਮ ਗਿਆ ਹੈ। ਪਤਾ ਨਹੀਂ ਕੀ ਕਹੇਗੀ?

ਪਤਨੀ ਨੇ ਉਹਦੀ ਹਿੱਪ ਪਾਕਿਟ ਨੂੰ ਹੱਥ ਮਾਰਿਆ ਹੈ।

'ਕੀ ਕਰਦੀ ਐ?' ਪਤੀ ਉੱਚਾ ਬੋਲ ਉੱਠਿਆ ਹੈ।

'ਤੁਹਾਡਾ ਪਰਸ ਦੇਖਾਂ?'

'ਕੀ ਮਤਲਬ?'

'ਦਿਖਾਓ ਤਾਂ ਸਹੀ। ਕਿੰਨੇ ਪੈਸੇ ਨੇ ਤੁਹਾਡੇ ਕੋਲ?'

'ਇੱਕ ਰੁਪਇਆ ਵੀ ਨ੍ਹੀਂ। ਕੀ ਕਰਨੈ ਤੂੰ ਰੁਪਈਆ ਦਾ?'

'ਪਹਿਲਾਂ ਪਰਸ ਦਿਖਾਓ।'

'ਨਹੀਂ, ਪਰ੍ਹੇ ਹੋ ਕੇ ਬੈਠ। ਮੇਰੇ ਕੋਲ ਕੁੱਛ ਨਹੀਂ।'

'ਜ਼ਰੂਰ ਹੋਣਗੇ। ਏਸੇ ਕਰਕੇ ਤਾਂ ਹੱਥ ਨ੍ਹੀਂ ਲਾਉਣ ਦਿੰਦੇ ਪਰਸ ਨੂੰ।' ਤੇ ਫੇਰ ਉਹ ਆਪਣੀ ਥਾਂ ਬੈਠੀ ਹੀ ਕਹਿਣ ਲੱਗਦੀ ਹੈ। 'ਤੁਹਾਨੂੰ ਆਪਣਾ ਵਾਅਦਾ ਯਾਦ ਐ।'

'ਕੀ'

'ਪਿਕਚਰ ਰ ਰ ਰ...' ਉਹ ਲਾਚੜ ਕੇ ਪਿਕਚਰ ਸ਼ਬਦ ਨੂੰ ਬੱਸ ਕੰਡਕਟਰ ਦੀ ਲੰਬੀ ਵਿਸਲ ਵਾਂਗ ਹਵਾ ਵਿੱਚ ਛੱਡ ਦਿੰਦੀ ਹੈ। ਤੇ ਫੇਰ ਯਾਦ ਕਰਵਾਉਂਦੀ ਹੈ, 'ਪਿਛਲੀ ਵਾਰ ਤੁਸੀਂ ਵਾਅਦਾ ਕੀਤਾ ਸੀ, ਅਗਲੇ ਮਹੀਨੇ ਦੇ ਪਹਿਲੇ ਐਤਵਾਰ ਪਿਕਚਰ ਦੇਖਣ ਚੱਲਾਂਗੇ। ਚਾਹੇ ਕੋਈ ਪਿਕਚਰ ਲੱਗੀ ਹੋਵੇ। ਹੁਣ ਤੁਹਾਡਾ ਇਹ ਬਹਾਨਾ ਨ੍ਹੀਂ ਚੱਲਦਾ, ਬਈ ਪਿਕਚਰ ਚੰਗੀ ਨ੍ਹੀਂ। ਪਤੈ ਛੇ ਮਹੀਨੇ ਹੋ ਗਏ ਸਿਨੇਮਾ ਗਿਆਂ ਨੂੰ। ਇੱਕ-ਅੱਧ ਵਾਰ ਤਾਂ ਮਨੋਰੰਜਨ ਕਰ ਲੈਣਾ ਚਾਹੀਦੈ। ਦਿਖਾਓ ਪਰਸ।' ਉਹ ਪਤੀ ਦੀ ਹਿੱਪ ਪਾਕਿਟ 'ਤੇ ਝਪਟ ਪਈ ਹੈ।

ਪਤੀ ਨੇ ਖ਼ੁਦ ਹੀ ਹਿੱਪ ਪਾਕਿਟ ਦਾ ਬਟਨ ਖੋਲ੍ਹ ਦਿੱਤਾ ਹੈ ਤੇ ਬਟੂਆ ਕੱਢ ਕੇ ਪਤਨੀ ਨੂੰ ਦੇ ਦਿੱਤਾ ਹੈ। ਉਹ ਫਟਾ ਫੱਟ ਬਟੂਏ ਦੀਆਂ ਸਾਰੀਆਂ ਤਹਿਆਂ ਫਰੋਲਦੀ ਹੈ। ਨੋਟ ਪਾ ਕੇ ਰੱਖਣ ਵਾਲੀ ਤਹਿ ਵਿੱਚ ਇੱਕ ਫਟਿਆ ਹੋਇਆ ਨੋਟ ਹੈ। ਦੂਜੀ ਤਹਿ ਵਿੱਚ ਤਿੰਨ ਬਿੱਲ ਹਨ-ਇੱਕ ਅਖ਼ਬਾਰ ਦਾ, ਇੱਕ ਬਿਜਲੀ ਦਾ ਤੇ ਤੀਜਾ ਪਾਣੀ ਦਾ ਬਿੱਲ।

'ਇਹ ਬਿੱਲ?' ਉਹ ਪੁੱਛਦੀ ਹੈ।

'ਹਾਂ, ਇਹ ਦੇਣੇ ਨੇ ਅਜੇ।'

'ਫੇਰ, ਕਿਵੇਂ ਕਰੋਗੇ?' ਪਤਨੀ ਦੀਆਂ ਅੱਖਾਂ ਵਿੱਚ ਨਿਰਾਸ਼ਾ ਉਤਰਨ ਲੱਗੀ ਹੈ।

'ਕਰਨਾ ਕੀ ਸੀ, ਅਖ਼ਬਾਰ ਵਾਲੇ ਨੂੰ ਤਾਂ ਅਗਲੇ ਮਹੀਨੇ ਦੋ ਮਹੀਨਿਆਂ ਦੀ ਇਕੱਠੀ ਪੇਮੈਂਟ ਕਰ ਦਿਆਂਗੇ। ਪਾਣੀ ਦਾ ਬਿੱਲ ਕੱਲ੍ਹ ਨੂੰ ਮੁਕਾ ਦਿਆਂਗੇ। ਐਨੇ ਕੁ ਤਾਂ ਹੈਗੇ ਮੇਰੇ ਕੋਲ। ਬਿਜਲੀ ਦੇ ਬਿੱਲ ਵਾਸਤੇ ਕਿਸੇ ਕੁਲੀਗ ਤੋਂ ਉਧਾਰ ਪੁੱਛਾਂਗਾ।

'ਪਾਣੀ ਦਾ ਕਿੰਨਾ ਬਿੱਲ ਐ?'

'ਦੇਖ ਲੈ।'

'ਚੌਦਾਂ ਰੁਪਏ। ਇਹ ਚੌਦਾਂ ਹਨ ਤਾਂ ਤੁਹਾਡੇ ਕੋਲ?'

'ਹਾਂ।' ਉਹ ਪਤਨੀ ਹੱਥੋਂ ਬਟੂਆਂ ਫੜਦਾ ਹੈ ਤੇ ਚੋਰਖ਼ਾਨੇ ਵਿਚੋਂ ਵੀਹ ਦਾ ਨੋਟ ਕੱਢ ਕੇ ਦਿਖਾਉਂਦਾ ਹੈ।

ਪਤਨੀ ਦੀਆਂ ਅੱਖਾਂ ਵਿਚਲੀ ਨਿਰਾਸ਼ਾ ਦੂਰ ਹੋਣ ਲੱਗਦੀ ਹੈ, 'ਚੰਗਾ, ਚੌਦਾਂ ਇਹ ਦੇ ਵਿਚੋਂ ਅੱਡ ਰੱਖ ਲਓ ਤੁਸੀਂ। ਬਾਕੀ ਦੇ ਪੈਸੇ ਮੈਂ ਪਾਉਣੀ ਆਂ। ਉੱਠੋ, ਤਿਆਰ ਹੋ ਜਾਓ। ਢਾਈ, ਹੋਣ ਵਾਲੇ ਨੇ।'

'ਤੇਰੇ ਕੋਲ ਕਿੱਥੋਂ ਆ ਗਏ ਪੈਸੇ?'

'ਲਓ ਜੀ, ਮੈਂ ਕੋਈ ਨੰਗ ਆਂ ਤੁਹਾਡੇ ਵਰਗੀ? ਮੇਰੇ ਕੋਲ ਹੈਗੇ ਪੈਸੇ।'

'ਕਿੱਥੋਂ ਲਏ ਨੇ?'

'ਕਿਤੋਂ ਵੀ ਲਏ ਹੋਣ।'

'ਨਾ ਦੱਸ ਵੀ , ਕਿੰਨੇ ਨੇ ਤੇਰੇ ਕੋਲ?'

'ਕਿੰਨੇ ਵੀ ਹੋਣ, ਬਾਕੀ ਦੇ ਮੈਂ ਪਾ ਦਿਉਂਗੀ।'

'ਅਖ਼ਬਾਰਾਂ-ਰਸਾਲਿਆਂ ਦੀ ਰੱਦੀ ਵੇਚੀ, ਬੂਰਾ-ਸੂੜ੍ਹਾ ਤੇ ਰੋਟੀਆਂ।'

'ਰੋਟੀਆਂ?'

'ਹਾਂ, ਜਿਹੜੀਆਂ ਰੋਟੀਆਂ ਬਚ ਰਹਿੰਦੀਆਂ ਨੇ, ਉਹ ਮੈਂ ਸੁਕਾ ਲੈਨੀ ਆਂ ਤੇ ਫੇਰ ਮਹੀਨੇ ਪਿੱਛੋਂ ਵੇਚ ਦਿੰਨੀ ਆਂ।'

'ਵੱਧ ਰੋਟੀਆਂ ਨਾ ਪਕਾਇਆ ਕਰ।'

'ਕਿਉਂ, ਸਰਦਾ ਵੀ ਐ। ਵੱਧ ਨਾ ਪਕਾਵਾਂ ਤਾਂ ਬਾਕੀ ਇੱਕ ਵੀ ਨ੍ਹੀਂ ਬਚਦੀ ਤੇ ਫੇਰ ਜਵਾਕ ਪਿੱਟਣਾ ਪਾ ਕੇ ਬਹਿ ਜਾਂਦੇ ਨੇ। ਕੀ ਦੇਵਾਂ ਉਨ੍ਹਾਂ ਨੂੰ ਖਾਣ ਨੂੰ?'

'ਪਿਕਚਰ ਰਹਿਣ ਦੇ।'

'ਕਿਉਂ?'

'ਤੇਰੇ ਕੋਲ ਜਿਹੜੇ ਪੈਸੇ ਨੇ ਉਹ ਤੂੰ ਸੰਭਾਲ ਕੇ ਰੱਖ। ਸਬਜ਼ੀ ਦੇ ਕੰਮ ਆਉਣਗੇ।'

'ਸਬਜ਼ੀ ਮੈਂ ਕਿਉਂ ਲਿਆਵਾਂ, ਤੁਸੀਂ ਲਿਆ ਕੇ ਦਿਓ। ਇਨ੍ਹਾਂ ਵਿਚੋਂ ਤਾਂ ਮੈਂ ਇੱਕ ਦਸੀ ਵੀ ਨ੍ਹੀਂ ਖ਼ਰਚ ਕਰਨੀ ਘਰ 'ਚ।'

'ਘਰ ਕੀਹਦਾ ਐ?'

'ਹੋਊਗਾ ਤੁਹਾਡਾ। ਮੈਂ ਕੀ ਘਰ ਦੇ ਵਿੱਚ ਮੱਚਣੈ।' ਉਹ ਅੱਖਾਂ ਭਰ ਲੈਂਦੀ ਹੈ ਤੇ ਉੱਠ ਕੇ ਦੂਜੇ ਕਮਰੇ ਵਿੱਚ ਚਲੀ ਜਾਂਦੀ ਹੈ।

ਪਤੀ ਦਾ ਚੈਨ ਉਖੜ ਗਿਆ ਹੈ। ਉਹ ਉੱਚੀ-ਉੱਚੀ ਹਾਕਾਂ ਮਾਰ ਕੇ ਪਤਨੀ ਨੂੰ ਬੁਲਾ ਰਿਹਾ ਹੈ। ਉਹ ਨਹੀਂ ਬੋਲ ਰਹੀ। ਇੱਕ ਚੀਖ਼ ਵਰਗੀ ਕੁਰੱਖ਼ਤ ਅਵਾਜ਼ ਵਿੱਚ ਉਹ ਪਤਨੀ ਦਾ ਨਾਉਂ ਲੈਂਦਾ ਹੈ।

'ਓਏ ਕੀਹ ਐ। ਨਹੀਂ ਬੋਲਦੀ ਮੈਂ। ਸੌਂ ਜਾਓ ਬੱਸ।' ਉਹ ਕੜਕੀ ਹੈ।

ਪਤੀ ਸ਼ਾਂਤ ਹੋ ਗਿਆ ਹੈ ਤੇ ਫੇਰ ਸੌਣ ਦੀ ਕੋਸ਼ਿਸ਼ ਕਰਨ ਲੱਗਿਆ ਹੈ।

ਐਤਵਾਰ ਹੈ। ਕੋਈ ਨਾ ਕੋਈ ਮਹਿਮਾਨ ਆਇਆ ਹੀ ਰਹਿੰਦਾ ਹੈ। ਤੇ ਇੱਕ ਮਹਿਮਾਨ ਆ ਗਿਆ ਹੈ। ਪਤਨੀ ਚਾਹ ਬਣਾਉਣ ਲੱਗਦੀ ਹੈ।

ਪਤੀ ਉੱਠ ਕੇ ਬੈਠ ਗਿਆ ਹੈ ਤੇ ਮਹਿਮਾਨ ਨਾਲ ਗੱਲਾਂ ਕਰਨ ਲੱਗਦਾ ਹੈ।

ਚਾਹ ਪੀ ਕੇ ਮਹਿਮਾਨ ਚਲਿਆ ਜਾਂਦਾ ਹੈ।

ਪਤਨੀ ਦਾ ਚਿਹਰਾ ਹੁਣ ਨਾਰਮਲ ਹੈ। ਪਤੀ ਪੁੱਛਦਾ ਹੈ, 'ਤੂੰ ਗੁੱਸੇ ਕਿਉਂ ਹੋ ਗਈ ਸੀ?'

'ਗੁੱਸੇ ਹੋਣ ਨੂੰ ਕੀਹ ਐ? ਇੱਥੇ ਤਾਂ ਇਹੀ ਨ੍ਹੇਰਾ ਢੋਣੈ।' ਉਹ ਫੇਰ ਗੰਭੀਰ ਹੋਣ ਲੱਗੀ ਹੈ।

ਪਤੀ ਛੇੜਦਾ ਹੈ, 'ਤੂੰ ਇਸ ਤਰ੍ਹਾਂ ਮੂੰਹ ਨਾ ਬਣਾਇਆ ਕਰ, ਮੇਰੀ ਜਾਨ। ਤੂੰ ਕਹੇਂ ਤਾਂ ਮੈਂ ਤੈਨੂੰ ਅਕਾਸ਼ ਵਿੱਚ ਉਡਾ ਕੇ ਲਿਜਾ ਸਕਦਾਂ।'

'ਸਿਨਮਾ ਤਾਂ ਲਿਜਾ ਨਾ ਸਕੇ, ਅਕਾਸ਼ ਵਿੱਚ ਕਿੱਥੋਂ ਲੈ ਕੇ ਜਾਓਂਗੇ?'

ਉਹਦੀ ਗੱਲ ਸੁਣ ਕੇ ਪਤੀ ਆਪਣੇ-ਆਪ 'ਤੇ ਹੀ ਹੱਸਣ ਲੱਗਦਾ ਹੈ। ਪਤਨੀ ਦੀ ਗੰਭੀਰਤਾ ਨਹੀਂ ਟੁੱਟੀ। ਉਹ ਉੱਠੀ ਹੈ ਤੇ ਦੂਜੇ ਕਮਰੇ ਵਿੱਚ ਮੰਜੇ 'ਤੇ ਜਾ ਪਈ। ਪਤੀ ਸੌਂ ਗਿਆ ਹੈ।

ਸ਼ਾਮ ਦੇ ਪੰਜ ਵੱਜੇ ਹਨ। ਝਿਊਰੀ ਨੇ ਭੱਠੀ ਚੜ੍ਹਾ ਲਈ ਹੋਵੇਗੀ। ਪਤਨੀ ਮੱਕੀ ਦੇ ਦਾਣੇ ਭੁੰਨਾਉਣ ਚਲੀ ਗਈ ਹੈ।

ਛੋਟਾ ਮੁੰਡਾ ਫਟੇ ਨੋਟ ਦਾ ਗੁੜ ਲੈ ਆਉਂਦਾ ਹੈ।

ਸਾਰਾ ਟੱਬਰ ਗੁੜ ਨਾਲ ਮੱਕੀ ਦੇ ਦਾਣੇ ਚੱਬਣ ਲੱਗਦਾ ਹੈ। ਸਾਰੇ ਹੀ ਹੱਸ-ਹੱਸ ਗੱਲਾਂ ਕਰ ਰਹੇ ਹਨ। ਗੁੜ ਨਾਲ ਮੱਕੀ ਦੇ ਦਾਣੇ ਬਹੁਤ ਸੁਆਦ ਲੱਗਦੇ ਹਨ।

✪✪✪